*ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਾਲ : ਪੰਦਰਾਂ** **ਪੂ : ਲੜੀ : ਸੱਠ ਅਕਤੂਬਰ-ਦਸੰਬਰ,** 2012

*ਸੰਪਾਦਕ*

**ਜਿੰਦਰ**

984, Model House,
Near Surinder Welding Works, Jalandhar-144003
Mobile : 98148 03254
Email : saifsm20@yahoo.com

*ਸੰਪਾਦਕੀ ਮੰਡਲ*

**ਹਰਜੀਤ ਅਟਵਾਲ**

Email: harjeetatwal@yahoo.co.uk
Mobile : 00447782-265726

**ਹਰਮਹਿੰਦਰ ਚਹਿਲ**

Email : Chahals57@Yahoo.com
Ph. 001-703-362-3239

**ਪ੍ਰੇਮ ਮਾਨ**

Ph. 001-860-983-5002
Email:premmann@yahoo.com

*Managing Editor*

**Shiv, Vinod Kumar**

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
984, Model House,
Near Surinder Welding Works, Jalandhar-144003

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ :*** 160 ਰੁ: ਸਾਲਾਨਾ, 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

## ਮੇਰਾ ਪੰਨਾ

ਕਿਸੇ ਵੀ ਭਾਸ਼ਾ ਦੇ ਲੇਖਕ ਲਈ ਜਿਥੇ ਉਸ ਦੀ ਭਾਸ਼ਾ 'ਚ ਲਿਖੇ ਜਾ ਰਹੇ ਸਾਹਿਤ ਨੂੰ ਪੜ੍ਹਨਾ ਤੇ ਸਮਝਣਾ ਜ਼ਰੂਰੀ ਹੁੰਦਾ ਹੈ, ਉਥੇ ਨਾਲ ਦੀ ਨਾਲ ਦੂਜੀਆਂ ਭਾਸ਼ਾਵਾਂ ਦੇ ਸਾਹਿਤ ਨੂੰ ਅਨੁਵਾਦ ਦੇ ਰੂਪ 'ਚ ਪੜ੍ਹਨਾ ਚਾਹੀਦਾ ਹੈ।'ਖੂਹ ਦਾ ਡੱਡੂ' ਬਣਨ ਤੋਂ ਬਚਣ ਲਈ ਇਹ ਅਤੀ ਜ਼ਰੂਰੀ ਹੈ। ਇਸ ਨਾਲ ਕਿਸੇ ਵੀ ਲੇਖਕ ਦੇ ਅਨੁਭਵ, ਤਜ਼ਰਬੇ, ਕਲਾ, ਸ਼ੈਲੀ ਤੇ ਜ਼ਿੰਦਗੀ ਨੂੰ ਸਮਝਣ ਦੀ ਦ੍ਰਿਸ਼ਟੀ 'ਚ ਵਾਧਾ ਹੁੰਦਾ ਹੈ। ਦੂਜੀਆਂ ਭਾਸ਼ਾਵਾਂ 'ਚ ਕੀ ਲਿਖਿਆ ਜਾ ਰਿਹਾ ਹੈ ਜਾਂ ਕੀ ਲਿਖਿਆ ਗਿਆ ਹੈ, ਉਨ੍ਹਾਂ ਦੇ ਮੁਕਾਬਲੇ 'ਚ ਲੇਖਕ ਦੀ ਆਪਣੀ ਭਾਸ਼ਾ 'ਚ ਕੀ-ਕੀ ਲਿਖਿਆ ਗਿਆ ਹੈ, ਇਸ ਵਿਚਕਾਰ ਤੁਲਨਾਤਮਕ ਅਧਿਐਨ ਹੁੰਦਾ ਹੈ।

ਰੂਸੀ ਸਾਹਿਤ ਦੇ ਪੰਜਾਬੀ 'ਚ ਹੋਏ ਅਨੁਵਾਦ ਨੇ ਸਾਨੂੰ ਰੂਸ ਦੇ ਕਲਾਸੀਕਲ ਸਾਹਿਤ ਤੋਂ ਜਾਣੂ ਕਰਵਾਇਆ ਹੈ। ਟਾਲਸਟਾਏ, ਗੋਰਖੀ, ਚੈਖੋਵ, ਤੁਰਗਨੇਵ, ਦਾਸਤੋਵਸਕੀ ਆਦਿ ਲੇਖਕਾਂ ਦੀਆਂ ਰਚਨਾਵਾਂ ਨੇ ਪੰਜਾਬੀ ਸਾਹਿਤ ਨੂੰ ਪ੍ਰਭਾਵਿਤ ਕੀਤਾ ਹੈ। ਅਜੇ ਵੀ ਕਰ ਰਹੇ ਹਨ। ਟਾਲਸਟਾਏ ਦੇ ਨਾਵਲ ਤੇ ਚੈਖੋਵ ਦੀਆਂ ਕਹਾਣੀਆਂ ਸਾਡੇ ਸਾਹਮਣੇ ਸਾਹਿਤ ਦੇ ਮੀਲ-ਪੱਥਰ ਹਨ। ਇਨ੍ਹਾਂ ਦਾ ਵੱਡਾ ਪਾਠਕ ਵਰਗ ਹੈ। ਇਨ੍ਹਾਂ ਦਾ ਸਾਹਿਤ ਅਨੁਵਾਦ ਦੇ ਰੂਪ 'ਚ ਪੜ੍ਹਣ ਲਈ ਉਪਲਬਧ ਹੈ-ਇਸੇ ਕਰਕੇ ਪੜ੍ਹਿਆ ਜਾ ਰਿਹਾ ਹੈ। ਇਸੇ ਤਰ੍ਹਾਂ ਅੰਗਰੇਜ਼ੀ, ਫਰੈਂਚ, ਜਰਮਨੀ, ਚੀਨੀ, ਅਰਬ, ਅਮਰੀਕਾ ਤੇ ਅਫ਼ਰੀਕਾ ਦੇ ਲੇਖਕਾਂ ਦੇ ਅਨੁਵਾਦ ਵੀ ਸਹਿਜੇ ਮਿਲ ਜਾਂਦੇ ਹਨ। ਜੇ ਇਹ ਅਨੁਵਾਦ ਪੰਜਾਬੀ 'ਚ ਨਹੀਂ ਮਿਲਦੇ ਤਾਂ ਹਿੰਦੀ ਜਾਂ ਅੰਗਰੇਜ਼ੀ 'ਚ ਅਸਾਨੀ ਨਾਲ ਪ੍ਰਾਪਤ ਹੋ ਜਾਂਦੇ ਹਨ।

ਅਨੁਵਾਦ ਵੀ ਇਕ ਕਲਾ ਹੈ। ਇਹ ਜਣੇ-ਖਣੇ ਦੇ ਵੱਸ ਦੀ ਗੱਲ ਨਹੀਂ ਹੈ। ਅਨੁਵਾਦਕ ਦਾ ਕੰਮ ਮੱਖੀ ਤੇ ਮੱਖੀ ਮਾਰਨਾ ਨਹੀਂ ਹੁੰਦਾ-ਸਗੋਂ ਦੂਜੀ ਭਾਸ਼ਾ ਦੇ ਸਾਹਿਤ ਨੂੰ ਇਸ ਰੂਪ 'ਚ ਅਨੁਵਾਦ ਕਰਨਾ ਹੁੰਦਾ ਹੈ ਕਿ ਜਦੋਂ ਕੋਈ ਪਾਠਕ ਕੋਈ ਰਚਨਾ ਪੜ੍ਹੇ ਤਾਂ ਉਸ ਨੂੰ ਮਹਿਸੂਸ ਹੀ ਨਾ ਹੋਵੇ ਕਿ ਉਹ ਕਿਸੇ ਦੂਜੀ ਭਾਸ਼ਾ ਦੇ ਸਾਹਿਤ ਨੂੰ ਪੜ੍ਹ ਰਿਹਾ ਹੈ। ਇਹੀ ਕਿਸੇ ਅਨੁਵਾਦਕ ਦੀ ਸ਼ਕਤੀ ਹੁੰਦੀ ਹੈ। ਮਾੜਾ ਅਨੁਵਾਦ ਪਾਠਕ ਨੂੰ ਨਿਰਉਤਸਹਿਤ ਕਰਦਾ ਹੈ। ਔਖੇ ਤੇ ਜਿਉਂ ਦੇ ਤਿਉਂ ਰੱਖੇ ਗਏ ਸ਼ਬਦ ਦਾਲ 'ਚ ਪਏ ਕੋਰੜੂਆਂ ਵਾਂਗ ਮਹਿਸੂਸ ਹੁੰਦੇ ਹਨ। ਨਾਂ ਜਾਂ ਥਾਂ ਤਾਂ ਜਿਵੇਂ ਕਿਸੇ ਲੇਖਕ ਨੇ ਲਿਖੇ ਹੁੰਦੇ ਹਨ, ਉਹੀ ਰਹਿੰਦੇ ਹਨ ਪਰ ਬਿਰਤਾਂਤ ਨੂੰ ਅਨੁਵਾਦਕ ਆਪਣੀ ਭਾਸ਼ਾ ਦੇ ਅਨੁਸਾਰ ਢਾਲ ਲੈਂਦਾ ਹੈ। ਕਹਾਣੀ, ਨਾਵਲ ਜਾਂ ਕਵਿਤਾ ਤਾਂ ਉਹੀ ਹੁੰਦੀ ਹੈ-ਉਸ ਦੇ ਭਾਵ-ਅਰਥ ਵੀ ਉਹੀ ਹੁੰਦੇ ਹਨ-ਬੱਸ ਸ਼ਬਦਾਂ ਦਾ ਜਾਮਾ ਪਹਿਨਾਉਣ ਵੇਲੇ ਅਨੁਵਾਦ ਦੀ ਕਾਰਜ-ਕੁਸ਼ਲਤਾ ਆਪਣੇ ਜੌਹਰ ਦਿਖਾਉਂਦੀ ਹੈ। ਜਿਵੇਂ ਰੂਸੀ ਸਾਹਿਤ ਅਨੁਵਾਦ ਕਰਨ ਵੇਲੇ ਕਰਨਜੀਤ ਸਿੰਘ, ਦਰਸ਼ਨ ਸਿੰਘ, ਗੁਰਬਖ਼ਸ਼ ਸਿੰਘ ਫਰੈਂਕ, ਪਿਆਰਾ ਸਿੰਘ ਸਹਿਰਾਈ, ਐਮ. ਐਸ. ਸੇਠੀ ਨੇ ਆਪਣੀ ਅਨੁਵਾਦ-ਸ਼ਕਤੀ ਦੇ ਦਰਸ਼ਨ ਕਰਵਾਏ ਹਨ।

ਆਪਣੀ ਭਾਸ਼ਾ 'ਚ ਲਿਖੇ ਜਾ ਰਹੇ ਸਾਹਿਤ ਨੂੰ ਦੂਜੀ ਭਾਸ਼ਾ ਜਾਂ ਭਾਸ਼ਾਵਾਂ 'ਚ ਅਨੁਵਾਦ ਕਰਨ ਨਾਲ ਸਾਹਿਤ ਨੂੰ ਵਧੇਰੇ ਮਾਨਤਾ ਮਿਲਦੀ ਹੈ। ਇਸ ਨਾਲ ਦੂਜੀਆਂ ਭਾਸ਼ਾਵਾਂ ਦੇ ਪਾਠਕ ਜੁੜਦੇ ਹਨ। ਕਈ ਵਾਰ ਇਕ ਤੋਂ ਵਧੇਰੇ ਭਾਸ਼ਾਵਾਂ ਦੇ ਸਾਹਿਤ ਨਾਲ ਰੂ-ਬ-ਰੂ ਹੁੰਦਾ ਹੈ। ਚੰਗੇ-ਮਾੜੇ ਸਾਹਿਤ ਦੀ ਪਛਾਣ ਹੁੰਦੀ ਹੈ। ਆਪਣੀ ਭਾਸ਼ਾ 'ਚ ਲਿਖੇ ਗਏ ਸਾਹਿਤ ਨੂੰ ਫੁਲੀਆਂ ਪਾਉਣ ਵਾਲੇ

ਬਹੁਤ ਸਾਰੇ ਮਿਲ ਜਾਂਦੇ ਹਨ। ਕਈ ਵਾਰ ਇਹ ਦੇਖਣ 'ਚ ਵੀ ਆਇਆ ਕਿ ਮਾੜੀਆਂ ਰਚਨਾਵਾਂ ਦੇ ਅਨੁਵਾਦ ਹੁੰਦੇ ਹਨ ਤੇ ਇਹ ਕਿਸੇ ਵੀ ਭਾਸ਼ਾ ਦੇ ਸਾਹਿਤ ਲਈ ਚੰਗਾ ਨਹੀਂ ਹੁੰਦਾ। ਇਕ ਸਮਾਂ ਹੁੰਦਾ ਸੀ ਕਿ ਫੂਲਚੰਦ ਮਾਨਵ ਗੁਰਪਾਲ ਲਿਟ ਦੀਆਂ ਕਹਾਣੀਆਂ ਨੂੰ ਅਨੁਵਾਦ ਕਰਕੇ ਧਰਮਯੁਗ, ਸਪਤਾਹਿਕ ਹਿੰਦੋਸਤਾਨ ਤੇ ਸਾਰਿਕਾ ਆਦਿ ਬਹੁ-ਚਰਚਿਤ ਮੈਗਜ਼ੀਨਾਂ 'ਚ ਛਪਾਉਂਦਾ ਹੁੰਦਾ ਸੀ। ਇਸੇ ਸਮੇਂ 'ਸਾਰਿਕਾ' 'ਚ ਰਾਮਸਰੂਪ ਅਣਖੀ ਤੇ ਜਸਵੰਤ ਸਿੰਘ ਵਿਰਦੀ ਦੀਆਂ ਕਹਾਣੀਆਂ ਵੀ ਛਪਦੀਆਂ ਹੁੰਦੀਆਂ ਹਨ। ਇਹ ਦੋਵੇਂ ਲੇਖਕ ਆਪਣੀਆਂ ਕਹਾਣੀਆਂ ਆਪ ਅਨੁਵਾਦ ਕਰਦੇ ਸਨ ਪਰ ਇਨ੍ਹਾਂ ਦੋਹਾਂ ਨੂੰ ਹਿੰਦੀ ਸਾਹਿਤ ਨੇ ਬਤੌਰ ਹਿੰਦੀ ਲੇਖਕ ਕਦੇ ਵੀ ਮਾਣਤਾ ਨਹੀਂ ਦਿੱਤੀ। ਜਿਥੇ ਗੁਰਪਾਲ ਲਿੱਟ ਦੀਆਂ ਕਹਾਣੀਆਂ 'ਚ ਸ਼ਕਤੀ ਸੀ, ਉਥੇ ਫੂਲਚੰਦ ਮਾਨਵ ਨੂੰ ਬਤੌਰ ਪੰਜਾਬੀ ਤੋਂ ਹਿੰਦੀ ਅਨੁਵਾਦਕ ਵਜੋਂ ਮਾਣਤਾ ਮਿਲ ਚੁੱਕੀ ਸੀ।

ਪੰਜਾਬੀ ਸਾਹਿਤ ਨੂੰ ਹਿੰਦੀ 'ਚ ਅਨੁਵਾਦ ਕਰਨ ਲਈ ਸੁਭਾਸ਼ ਨੀਰਵ, ਜਸਵਿੰਦਰ ਕੌਰ ਬਿੰਦਰਾ, ਘਨਸ਼ਾਮ ਰੰਜਨ, ਫੂਲਚੰਦ ਮਾਨਵ, ਰਾਮ ਸਿੰਘ ਚਾਹਿਲ, ਰਾਜਿੰਦਰ ਤਿਵਾੜੀ ਨੇ ਨਿੱਠ ਕੇ ਕੰਮ ਕੀਤਾ ਹੈ। ਕੁਝ ਕੰਮ ਅਮਰਜੀਤ ਕੌਂਕੇ, ਤਰਸੇਮ ਨੇ ਕੀਤੇ ਹਨ। ਸੁਭਾਸ਼ ਨੀਰਵ, ਘਨਸ਼ਾਮ ਰੰਜਨ ਤੇ ਫੂਲਚੰਦ ਮਾਨਵ ਮੂਲ ਰੂਪ 'ਚ ਹਿੰਦੀ ਲੇਖਕ ਹਨ-ਇਸੇ ਲਈ ਇਨ੍ਹਾਂ ਦੇ ਅਨੁਵਾਦ 'ਚ ਵਧੇਰੇ ਮੌਲਿਕਤਾ ਹੈ। ਘਨਸ਼ਾਮ ਰੰਜਨ ਨੇ ਕੁਝ ਮਾੜੀਆਂ ਰਚਨਾਵਾਂ ਦੇ ਅਨੁਵਾਦ ਵੀ ਕੀਤੇ ਹਨ ਪਰ ਉਸ ਦੀ ਸਮੁੱਚੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ। ਉਸ ਵਲੋਂ ਹਿੰਦੀ 'ਚ ਕੁਝ ਕਹਾਣੀ ਸੰਗ੍ਰਹਿ ਵੀ ਅਨੁਵਾਦ ਕੀਤੇ ਗਏ ਹਨ। ਕੁਝ ਪ੍ਰਤਿਕਾਵਾਂ ਦੇ ਵਿਸ਼ੇਸ਼ ਅੰਕ ਵੀ ਸੰਪਾਦਤ ਕੀਤੇ ਗਏ ਹਨ।

****

ਡਾ. ਬਲਕਾਰ ਸਿੰਘ ਦੀ ਇਕ ਕਾਰ ਐਕਸੀਡੈਂਟ 'ਚ ਹੋਈ ਦਰਦਨਾਕ ਮੌਤ ਜਿੱਥੇ ਉਸ ਦੇ ਦੋਸਤਾਂ ਲਈ ਅਸਹਿ ਸਦਮਾ ਹੈ, ਉਥੇ ਪੰਜਾਬੀ ਸਾਹਿਤ ਨੇ ਡਾ. ਜੋਗਿੰਦਰ ਸਿੰਘ ਰਾਹੀ ਤੋਂ ਬਾਅਦ ਇਕ ਹੋਰ ਗਲਪ ਆਲੋਚਕ ਗੁਆ ਲਿਆ ਹੈ। ਡਾ. ਬਲਕਾਰ ਜਿੱਥੇ ਇਕ ਪ੍ਰਬੁੱਧ ਅਧਿਆਪਕ ਸੀ, ਉਥੇ ਉਹ ਇਕ ਪ੍ਰਬੁੱਧ ਆਲੋਚਕ ਸੀ। ਉਸ ਦਾ ਕਿਸੇ ਵਿਸ਼ੇਸ਼ ਧੜੇ ਨਾਲ ਕੋਈ ਸੰਬੰਧ ਨਹੀਂ ਸੀ। ਉਸ ਦੀ ਆਲੋਚਨਾ 'ਚ ਤਾਜ਼ਗੀ ਸੀ। ਉਹ ਭਾਵੁਕ ਹੋ ਕੇ ਆਲੋਚਨਾ ਨਹੀਂ ਕਰਦਾ ਸੀ, ਆਪਣੀ ਸੂਝ-ਬੂਝ, ਸਿਆਣਪ ਤੋਂ ਕੰਮ ਲੈਂਦਾ ਸੀ। ਅਸੀਂ ਸਮੇਂ-ਸਮੇਂ ਉਹਦੇ ਲਿਖੇ ਹੋਏ ਪੇਪਰ 'ਸ਼ਬਦ' 'ਚ ਛਾਪਦੇ ਰਹੇ ਹਾਂ। ਸਾਨੂੰ ਉਸ ਦਾ ਹਮੇਸ਼ਾ ਹੀ ਸਹਿਯੋਗ ਮਿਲਦਾ ਰਿਹਾ ਹੈ। ਸਾਡੇ ਕੋਲ ਸ਼ਬਦ ਨਹੀਂ ਹਨ ਜਿਸ ਨਾਲ ਅਸੀਂ ਉਸ ਦੀ ਪਤਨੀ ਗੁਰਬੰਸ ਕੌਰ ਤੇ ਬੇਟੀ ਅਮਿਤੋਜ ਨੂੰ ਦਿਲਾਸਾ ਦੇ ਸਕੀਏ।...ਹੁਣ ਉਸ ਦੇ ਦੋਸਤਾਂ ਦੀ ਇਹ ਜ਼ੁੰਮੇਵਾਰੀ ਬਣਦੀ ਹੈ ਕਿ ਉਸ ਦੇ ਲਿਖੇ/ਪੜ੍ਹੇ ਪੇਪਰਾਂ ਨੂੰ ਕਿਤਾਬੀ ਰੂਪ ਦੇਣ।

ਇਸ ਅੰਕ 'ਚ ਅਸੀਂ ਹਰਮਹਿੰਦਰ ਚਹਿਲ ਦੀ ਆਫੀਆ ਸਦੀਕੀ ਬਾਰੇ ਲਿਖੀ ਗਈ ਜੀਵਨੀ ਛਾਪ ਰਹੇ ਹਾਂ। ਆਫੀਆ ਸਦੀਕੀ ਦੇ ਪਰਿਵਾਰ ਦਾ ਸੰਬੰਧ ਕਰਾਚੀ ਦੀ ਉੱਚ ਕਲਾਸ ਨਾਲ ਸੀ ਤੇ ਉਹ ਨਿਊਯਾਰਕ ਤੇ ਬੋਲਟਨ 'ਚ ਪੜ੍ਹੀ ਸੀ। ਬੁੱਧੀਮਾਨ ਸੀ ਪਰ ਇਸਲਾਮ ਪ੍ਰਤੀ ਉਸ ਦੇ ਜਨੂੰਨ ਨੇ ਉਸ ਨੂੰ ਜਿਹਾਦ ਨਾਲ ਜੋੜ ਦਿੱਤਾ। ਇਹ ਜਨੂੰਨ ਕੁਦਰਤੀ ਵਰਤਾਰਾ ਹੈ। ਕਿਉਂ ਤੇ ਕਿਵੇਂ ਪੈਦਾ ਹੋ ਜਾਂਦਾ ਹੈ, ਇਸ ਬਾਰੇ ਨਿੱਠ ਕੇ ਕੁਝ ਨਹੀਂ ਕਿਹਾ ਜਾ ਸਕਦਾ।

**-ਜਿੰਦਰ**





## ਜੀਵਨੀ

# ਤਾਲਿਬਾਨ, ਜਿਹਾਦ ਅਤੇ ਆਫੀਆ ਸਦੀਕੀ

**-ਹਰਮਹਿੰਦਰ ਚਹਿਲ**

ਅਫਗਾਨਿਸਤਾਨ ਦਾ ਗਜ਼ਨੀ ਸ਼ਹਿਰ। ਦੋ ਹਜ਼ਾਰ ਅੱਠ ਦਾ ਸਾਲ ਅਤੇ ਜੁਲਾਈ ਦਾ ਮਹੀਨਾ ਸੀ। ਗਰਮੀ ਭਰਿਆ ਲੰਬਾ ਦਿਨ ਗੁਜ਼ਰ ਗਿਆ ਸੀ। ਸੂਰਜ ਛੁਪਣ ਹੀ ਵਾਲਾ ਸੀ ਜਦੋਂ ਥਾਣੇਦਾਰ ਗਨੀ ਖਾਂ ਗਸ਼ਤ 'ਤੇ ਨਿਕਲਿਆ। ਉਸ ਕੋਲ ਪਿਕਅੱਪ ਟਰੱਕ ਸੀ ਤੇ ਨਾਲ ਤਿੰਨ ਪੁਲਿਸ ਵਾਲੇ ਸਨ। ਬਾਜ਼ਾਰ 'ਚੋਂ ਲੰਘਦਾ ਉਹ ਇੱਕ ਗਲੀ ਦਾ ਮੋੜ ਮੁੜਨ ਲੱਗਿਆ ਤਾਂ ਉਸਨੇ ਸਾਹਮਣੇ ਬੰਦ ਪਈ ਦੁਕਾਨ ਮੂਹਰੇ ਬੁਰਕੇ 'ਚ ਢਕੀ ਔਰਤ ਵੱਲ ਵੇਖਿਆ। ਉਹ ਔਰਤ ਭੁੰਝੇ ਬੈਠੀ ਸੀ ਤੇ ਉਸਦੇ ਨਾਲ ਬਾਰਾਂ ਕੁ ਸਾਲ ਦਾ ਮੁੰਡਾ ਸੀ। ਗਨੀ ਖਾਂ ਦੇ ਖਿਆਲ 'ਚ ਆਇਆ ਕਿ ਅੱਜ ਕੱਲ੍ਹ ਹਰ ਪਾਸੇ ਮੰਗਤੇ ਘੁੰਮਣ ਲੱਗੇ ਹਨ। ਮੋੜ ਮੁੜਦਿਆਂ ਪਿੱਕ ਅੱਪ ਟਰੱਕ ਕੋਲ ਦੀ ਲੰਘਿਆ ਤਾਂ ਉਸਨੇ ਨੇੜਿਉਂ ਧਿਆਨ ਨਾਲ ਉਸ ਔਰਤ ਵੱਲ ਵੇਖਿਆ। ਔਰਤ ਨੇ ਕੋਲ ਰੱਖੇ ਕਾਲੇ ਰੰਗ ਦੇ ਵੱਡੇ ਬੈਗ ਨੂੰ ਹੱਥ ਪਾਇਆ ਹੋਇਆ ਸੀ। ਉਦੋਂ ਹੀ ਗਨੀ ਖਾਂ ਦਾ ਪੁਲਸੀਆ ਦਿਮਾਗ ਹਰਕਤ 'ਚ ਆ ਗਿਆ। ਉਸਨੇ ਸੋਚਿਆ ਕਿ ਇਹ ਐਡਾ ਵੱਡਾ ਬੈਗ ਕਿਉਂ ਚੁੱਕੀ ਫਿਰਦੀ ਹੈ। ਉਸਨੂੰ ਸ਼ੱਕ ਹੋਇਆ ਤਾਂ ਉਸਨੇ ਟਰੱਕ ਰੁਕਵਾ ਲਿਆ ਤੇ ਹੇਠਾਂ ਉਤਰਦਾ ਔਰਤ ਦੇ ਕੋਲ ਗਿਆ। ਇੱਕ ਪੈਰ ਚਬੂਤਰੇ 'ਤੇ ਰੱਖਦਿਆਂ ਹਥਲਾ ਡੰਡਾ ਔਰਤ ਵੱਲ ਕਰਕੇ ਉਸਨੇ ਪੁੱਛਿਆ, "ਉਏ ਬੀਬੀ, ਕੌਣ ਐਂ ਤੂੰ ?"

"ਮੈਂ ਤਾਂ ਇੱਕ ਗਰੀਬ ਔਰਤ ਆਂ। ਆਪਣੇ ਪਤੀ ਨੂੰ ਲੱਭਦੀ ਫਿਰਦੀ ਆਂ ਜੋ ਲੜਾਈ ਵਿੱਚ ਪਤਾ ਨਹੀਂ ਕਿੱਧਰ ਚਲਾ ਗਿਆ।" ਇੰਨਾ ਕਹਿੰਦਿਆਂ ਉਹ ਖੜ੍ਹੀ ਹੋ ਗਈ ਤੇ ਉਸਨੇ ਕੋਲ ਪਿਆ ਬੈਗ ਚੁੱਕ ਲਿਆ। ਉਸਨੇ ਉਰਦੂ 'ਚ ਜੁਆਬ ਦਿੱਤਾ ਸੀ।

"ਇਹ ਮੁੰਡਾ ਕੌਣ ਐ ?"

"ਇਹ ਤਾਂ ਕੋਈ ਅਨਾਥ ਐ। ਭੁਚਾਲ ਵੇਲੇ ਇਸਦੇ ਮਾਂ ਪਿਉ ਮਾਰੇ ਗਏ। ਮੈਂ ਇਸਨੂੰ ਨਾਲ ਲੈ ਆਈ।" ਇੰਨਾ ਕਹਿ ਕੇ ਉਹ ਉੱਠੀ, ਬੈਗ ਗਲ ਪਾਇਆ ਤੇ ਮੁੰਡੇ ਦੀ ਉਂਗਲ ਫੜ੍ਹੀ ਤੁਰ ਚੱਲੀ।

"ਉਹ ਬੀਬੀ ਰੁਕ।" ਗਨੀ ਖਾਂ ਨੇ ਅਗਾਂਹ ਹੋ ਕੇ ਰਸਤਾ ਰੋਕ ਲਿਆ। ਔਰਤ ਦੇ ਹਾਵ ਭਾਵ ਅਤੇ ਉਸਦੇ ਉਰਦੂ ਬੋਲਣ ਦੇ ਢੰਗ ਨੇ ਉਸਦਾ ਸ਼ੱਕ ਹੋਰ ਵਧਾ ਦਿੱਤਾ। ਉਸਨੂੰ ਇਹ ਵੀ ਖਿਆਲ ਆਇਆ ਕਿ ਪਿਛਲੇ ਦਿਨੀਂ ਰਿਪੋਰਟਾਂ ਮਿਲੀਆਂ ਸਨ ਕਿ ਕੋਈ ਔਰਤ ਇੱਥੋਂ ਦੇ ਗਵਰਨਰ 'ਤੇ ਆਤਮਘਾਤੀ ਹਮਲਾ ਕਰਨ ਦੀ ਤਾਕ ਵਿੱਚ ਹੈ। ਇੰਨੇ ਨੂੰ ਉਸਦੇ ਨਾਲ ਦੇ ਪੁਲਿਸ ਵਾਲਿਆਂ ਨੇ ਔਰਤ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਇੱਕ ਨੇ ਅਗਾਂਹ ਹੋ ਕੇ ਉਸ ਤੋਂ ਬੈਗ ਫੜ੍ਹਿਆ ਤੇ ਉਸ 'ਚ ਉਰਾ ਪੁਰਾ ਵੇਖਣ ਲੱਗਿਆ। ਕੁਝ ਕਾਗਜ਼ ਬਾਹਰ ਕੱਢੇ। ਗਨੀ ਖਾਂ ਨੇ ਕਾਗਜ਼ਾਂ ਨੂੰ ਧਿਆਨ ਨਾਲ ਵੇਖਿਆ ਤਾਂ ਉਹ ਬਹੁਤ ਹੀ ਹੈਰਾਨ ਹੋਇਆ। ਇਹ ਨਕਸ਼ੇ ਬਗੈਰਾ ਸਨ। ਉਸਦੇ ਕਹਿਣ 'ਤੇ ਪੁਲਿਸ ਵਾਲਿਆਂ ਨੇ ਔਰਤ ਨੂੰ ਬੱਚੇ ਸਮੇਤ ਟਰੱਕ 'ਚ ਬੈਠਾ ਲਿਆ ਤੇ ਥਾਣੇ ਲੈ ਚੱਲੇ। ਥਾਣੇ ਜਾ ਕੇ ਉਸਦੇ ਬੈਗ ਦੀ ਚੰਗੀ ਤਰ੍ਹਾਂ ਤਲਾਸ਼ੀ ਲਈ ਗਈ। ਹੋਰ ਵੀ ਹੈਰਾਨ ਕਰਨ ਵਾਲੀਆਂ ਚੀਜ਼ਾਂ ਬੈਗ 'ਚੋਂ ਮਿਲੀਆਂ। ਦੋ ਬੋਤਲਾਂ ਵਿੱਚ ਕੋਈ ਖਤਰਨਾਕ ਕੈਮੀਕਲ ਸਨ ਜਿਹੜੇ ਕਿ ਕਿਸੇ ਬੰਬ ਬਣਾਉਣ ਦਾ ਮਸਾਲਾ ਜਾਪਦੇ ਸਨ। ਇਸ ਤੋਂ ਬਿਨਾਂ ਦੋ ਕਿਲੋ ਦੇ ਲੱਗਭੱਗ ਸੋਡੀਅਮ ਸਾਈਨਾਈਡ ਮਿਲਿਆ। ਬਾਕੀ ਹਜ਼ਾਰਾਂ ਹੱਥ ਲਿਖੇ ਕਾਗਜ਼ ਮਿਲੇ ਜਿਹੜੇ ਕਿ ਜ਼ਿਆਦਾ ਅੰਗਰੇਜ਼ੀ 'ਚ ਸਨ। ਕਾਫੀ ਸਾਰੇ

ਨਕਸ਼ੇ ਮਿਲੇ ਜਿਹਨਾਂ ਵਿੱਚ ਇਕ ਇੱਥੋ ਦੇ ਗਵਰਨਰ ਦੇ ਘਰ ਦਾ ਨਕਸ਼ਾ ਸੀ। ਉਸ ਔਰਤ ਨੇ ਆਪਣਾ ਨਾਂ ਸਲੀਹਾ ਦੱਸਿਆ। ਗਨੀ ਖਾਂ ਨੂੰ ਪੂਰਾ ਯਕੀਨ ਹੋ ਚੁੱਕਿਆ ਸੀ ਕਿ ਇਹ ਔਰਤ ਕਿਸੇ ਅੱਤਵਾਦੀ ਜਥੇਬੰਦੀ ਦੀ ਖਤਰਨਾਕ ਮੈਂਬਰ ਹੈ ਅਤੇ ਹੋ ਸਕਦਾ ਹੈ ਕਿ ਇੱਥੋਂ ਦੇ ਗਵਰਨਰ ਨੂੰ ਆਮਤਘਾਤੀ ਹਮਲੇ 'ਚ ਮਾਰਨ ਨਿਕਲੀ ਹੋਵੇ। ਉਸਨੇ ਤੁਰੰਤ ਗਵਰਨਰ ਦਫਤਰ ਨੂੰ ਖ਼ਬਰ ਕੀਤੀ। ਉਨ੍ਹਾਂ ਅੱਗੇ ਅਮਰੀਕਾ ਦੇ ਬੈਗਰਾਮ ਏਅਰਪੋਰਟ ਬੇਸ ਨੂੰ ਇਤਲਾਹ ਦਿੱਤੀ। ਇਸ ਵਿਚਕਾਰ ਰਾਤ ਨੂੰ ਔਰਤ ਦੀ ਕੁੱਟਮਾਰ ਵੀ ਹੋਈ ਪਰ ਉਸਨੇ ਮੂੰਹ ਨਾ ਖੋਲ੍ਹਿਆ। ਉਸ ਨਾਲ ਫੜ੍ਹੇ ਗਏ ਮੁੰਡੇ ਨੂੰ ਵੱਖਰਾ ਕਰ ਦਿੱਤਾ ਗਿਆ ਸੀ। ਅਗਲੇ ਦਿਨ ਸਵੇਰੇ ਹੀ ਅਮਰੀਕਣ ਫੌਜ ਦਾ ਕੈਪਟਨ ਥਰੈੱਡਕਰਾਫਟ ਆਪਣੀ ਟੁਕੜੀ ਲੈ ਕੇ ਗਜ਼ਨੀ ਥਾਣੇ ਵੱਲ ਚੱਲ ਪਿਆ। ਉਦੋਂ ਨੂੰ ਉਸ ਔਰਤ ਨੂੰ ਥਾਣੇ 'ਚੋਂ ਕੱਢ ਕੇ ਨੇੜਲੀ ਇਮਾਰਤ ਦੇ ਵੱਡੇ ਕਮਰੇ 'ਚ ਬਿਠਾਇਆ ਹੋਇਆ ਸੀ। ਕਾਬਲ ਤੋਂ ਅਫਗਾਨ ਸਰਕਾਰ ਦੇ ਕੁਝ ਵੱਡੇ ਅਧਿਕਾਰੀ ਵੀ ਉਸ ਨਾਲ ਗੱਲਬਾਤ ਕਰਨ ਲਈ ਪਹੁੰਚੇ ਹੋਏ ਸਨ। ਜਦੋਂ ਕੈਪਟਨ ਥਰੈੱਡਕਰਾਫਟ ਕੁਝ ਸਿਪਾਹੀਆਂ ਅਤੇ ਵਾਰੰਟ ਅਫਸਰ ਨੂੰ ਨਾਲ ਲੈ ਕੇ ਉਥੇ ਆਇਆ ਤਾਂ ਇਮਾਰਤ ਨੂੰ ਲੋਕਲ ਅਫਗਾਨੀਆਂ ਨੇ ਘੇਰਿਆ ਹੋਇਆ ਸੀ। ਉਹ ਹਥਿਆਰਬੰਦ ਸਨ ਕਿਉਂਕਿ ਉੱਥੇ ਗੱਲ ਫੈਲ ਚੁੱਕੀ ਸੀ ਕਿ ਥਾਣੇ ਵਾਲੇ ਕਿਸੇ ਬੇਕਸੂਰ ਔਰਤ ਨੂੰ ਅਮਰੀਕਣਾਂ ਦੇ ਹਵਾਲੇ ਕਰਨ ਲੱਗੇ ਹਨ। ਦੋ ਜਣਿਆਂ ਨੂੰ ਬਾਹਰ ਪਹਿਰੇ 'ਤੇ ਬੈਠਾ ਕੇ ਕੈਪਟਨ ਅਤੇ ਵਰੰਟ ਅਫਸਰ ਅੰਦਰ ਚਲੇ ਗਏ। ਉਨ੍ਹਾਂ ਵੇਖਿਆ ਕਿ ਅੰਦਰ ਕੁਝ ਅਫਗਾਨੀ ਪੁਲੀਸ ਦੇ ਅਫਸਰ ਬੈਠੇ ਸਨ ਅਤੇ ਗ੍ਰਿਫਤਾਰ ਕੀਤੀ ਔਰਤ, ਪਰਦੇ ਦੇ ਪਿੱਛੇ ਬਿਠਾਈ ਹੋਈ ਸੀ। ਉਨ੍ਹਾਂ ਅਜੇ ਗੱਲਬਾਤ ਸ਼ੁਰੂ ਕੀਤੀ ਹੀ ਸੀ ਕਿ ਉੱਥੇ ਗੋਲੀ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਇਹ ਆਵਾਜ਼ ਸੁਣਦਿਆਂ ਹੀ ਵਾਰੰਟ ਅਫਸਰ ਨੇ ਆਪਣਾਂ ਪਿਸਤੌਲ ਕੱਢ ਕੇ ਗੋਲੀ ਚਲਾ ਦਿੱਤੀ ਜੋ ਕਿ ਪਰਦੇ ਪਿੱਛੇ ਬੈਠੀ ਔਰਤ ਦੇ ਪੇਟ 'ਚ ਲੱਗੀ। ਜਦੋਂ ਪਤਾ ਲੱਗਿਆ ਕਿ ਔਰਤ ਜ਼ਖ਼ਮੀ ਹੋ ਚੁੱਕੀ ਹੈ ਤਾਂ ਕੈਪਟਨ ਨੇ ਆਪਣੇ ਬੰਦਿਆਂ ਨੂੰ ਆਵਾਜ਼ ਦਿੱਤੀ। ਸਾਰਿਆਂ ਨੇ ਫਟਾਫਟ ਔਰਤ ਨੂੰ ਸਟਰੈਚਰ 'ਤੇ ਪਾਇਆ ਅਤੇ ਪਿਛਲੇ ਦਰਵਾਜ਼ੇ ਰਾਹੀਂ ਆਪਣੇ ਟਰੱਕ ਤੱਕ ਪਹੁੰਚੇ। ਉੱਥੋਂ ਜ਼ਖ਼ਮੀ ਹੋਈ ਔਰਤ ਨੂੰ ਨਾਲ ਲੈ ਕੇ ਉਹ ਏਅਰਫੋਰਸ ਬੇਸ ਨੂੰ ਚੱਲ ਪਏ। ਉੱਥੇ ਉਸਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਨਾਲ ਹੀ ਉਸਦੀ ਅਸਲੀ ਪਛਾਣ ਲੱਭਣ ਲਈ ਫਿੰਗਰ ਪਰਿੰਟ ਲਏ ਗਏ। ਦੋ ਘੰਟਿਆਂ ਪਿੱਛੋਂ ਐਫ ਬੀ ਆਈ ਦੇ ਦਫਤਰੋਂ ਉਸਦੀ ਸਹੀ ਪਛਾਣ ਦੀ ਰਿਪੋਰਟ ਆਈ। ਜਦੋਂ ਸਾਰੇ ਮਹਿਕਮਿਆਂ 'ਚ ਉਸਦੇ ਅਸਲੀ ਨਾਂ ਦਾ ਪਤਾ ਲੱਗਿਆ ਤਾਂ ਹਰ ਪਾਸੇ ਤਹਿਲਕਾ ਮੱਚ ਗਿਆ। ਉਹ ਕੋਈ ਆਮ ਔਰਤ ਨਹੀਂ ਸੀ। ਉਸਦਾ ਨਾਂ ਆਫੀਆ ਸਦੀਕੀ ਸੀ ਜੋ ਕਿ ਪਿਛਲੇ ਪੰਜ ਸਾਲਾਂ ਤੋਂ ਅਮਰੀਕਣ ਐਫ. ਬੀ. ਆਈ. ਨੇ ਦੁਨੀਆਂ ਦੀ ਸਭ ਤੋਂ ਵੱਧ ਲੋੜੀਂਦੀ ਔਰਤ ਐਲਾਨੀ ਕੀਤੀ ਹੋਈ ਸੀ। ਅਮਰੀਕਾ ਨੇ ਉਸਨੂੰ ਲੱਭਦਿਆਂ ਸਾਰੀ ਦੁਨੀਆਂ ਛਾਣ ਮਾਰੀ ਸੀ ਪਰ ਅੱਜ ਉਹ ਮਿਲੀ ਤਾਂ ਆਮ ਜਿਹੇ ਹਾਲਤਾਂ ਵਿੱਚ ਹੀ ਮਿਲ ਗਈ। ਕੌਣ ਸੀ ਆਫੀਆ ਸਦੀਕੀ ? ਕਿਉਂ ਅਮਰੀਕਣ ਸਰਕਾਰ ਉਸਨੂੰ ਇੰਨੀ ਤੀਬਰਤਾ ਨਾਲ ਲੱਭ ਰਹੀ ਸੀ ਅਤੇ ਉਹ ਇੰਨੇ ਸਾਲਾਂ ਤੋਂ ਕਿੱਥੇ ਲੁਕੀ ਹੋਈ ਸੀ ਇਨ੍ਹਾਂ ਸਾਰੇ ਸੁਆਲਾਂ ਦੇ ਜੁਆਬ ਲੱਭਣ ਲਈ ਆਫੀਆ ਸਦੀਕੀ ਦੀ ਜ਼ਿੰਦਗੀ ਵਿੱਚੋਂ ਗੁਜ਼ਰਨਾ ਪਵੇਗਾ।

ਆਫੀਆ ਦੀ ਮਾਂ ਇਸਮਤ ਜੇਹਾਨ, ਵੰਡ ਤੋਂ ਪਹਿਲਾਂ 1939 'ਚ ਬੁਲੰਦ ਸ਼ਹਿਰ 'ਚ ਜੰਮੀ ਸੀ। ਵੰਡ ਤੋਂ ਬਾਅਦ ਉਸਦਾ ਪਰਿਵਾਰ ਪਾਕਿਸਤਾਨ ਚਲਾ ਆਇਆ। ਇੱਥੇ ਹੀ ਇਸਮਤ ਦੀ ਸ਼ਾਦੀ ਮੁਹੰਮਦ ਸੁਲੇਹ ਸਦੀਕੀ ਨਾਲ ਹੋਈ ਜੋ ਕਿ ਇੱਕ ਡਾਕਟਰ ਸੀ। ਵਿਆਹ ਤੋਂ ਕੁਝ ਦੇਰ ਪਿੱਛੋਂ ਹੀ ਇਹ ਜੋੜਾ ਇੰਗਲੈਂਡ ਚਲਿਆ ਗਿਆ ਜਿੱਥੇ ਕਿ ਮੁਹੰਮਦ ਸੁਲੇਹ ਸਦੀਕੀ ਨੈਰੋਸਰਜਰੀ ਦੀ ਪੜ੍ਹਾਈ ਕਰਨ ਲੱਗਿਆ। ਉਨ੍ਹਾਂ ਦਾ ਪਹਿਲਾ ਬੱਚਾ ਮੁਹੰਮਦ ਅਲੀ 1961 'ਚ ਜੰਮਿਆਂ। ਦੂਸਰੀ ਲੜਕੀ ਫੌਜ਼ੀਆ ਦਾ ਜਨਮ 1966 'ਚ ਹੋਇਆ। ਉਦੋਂ ਉਹ ਪਾਕਿਸਤਾਨ ਵਾਪਸ ਮੁੜ ਆਏ ਸਨ ਜਦੋਂ



ਸਾਰਿਆਂ ਤੋਂ ਛੋਟੀ ਆਫੀਆ, 1972 'ਚ ਜਨਮੀ। ਉਹ ਛੋਟੀ ਹੋਣ ਕਰਕੇ ਪਰਿਵਾਰ ਦੀ ਲਾਡਲੀ ਸੀ। ਘਰ 'ਚ ਪੂਰਾ ਧਾਰਮਿਕ ਮਾਹੌਲ ਸੀ। ਪਰਿਵਾਰ ਬਹੁਤ ਹੀ ਜ਼ਿਆਦਾ ਧਾਰਮਿਕ ਅਤੇ ਅਸੂਲਾਂ ਵਾਲਾ ਸੀ। ਆਫੀਆ ਸੱਤ ਸਾਲ ਦੀ ਸੀ ਜਦੋਂ ਉਹ ਪੰਜੇ ਵਕਤ ਦੀ ਨਮਾਜ ਪੜ੍ਹਨ ਲੱਗ ਪਈ ਸੀ। ਉਹ ਅਜੇ ਬੱਚੀ ਹੀ ਸੀ ਜਦੋਂ ਮੁਹੰਮਦ ਸੁਲੇਹ ਸਦੀਕੀ ਨੇ ਅਫਰੀਕਾ ਜਾਣ ਦਾ ਪ੍ਰੋਗਰਾਮ ਬਣਾ ਲਿਆ। ਇਸ ਵੇਲੇ ਪਾਕਿਸਤਾਨ ਵਿੱਚ ਅਫਰਾ ਤਫਰੀ ਮੱਚੀ ਹੋਈ ਸੀ। ਪਾਕਿਸਤਾਨ ਦੋ ਭਾਗਾਂ ਵਿੱਚ ਵੰਡਿਆ ਜਾ ਚੁੱਕਿਆ ਸੀ। ਬੰਗਲਾ ਦੇਸ਼ ਹੋਂਦ ਵਿੱਚ ਆ ਗਿਆ ਸੀ। ਇਸ ਨਾਲ ਉਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਸੀ ਜੋ ਇੱਕ ਇਸਲਾਮਿਕ ਰਾਜ ਦੇ ਸੁਪਨੇ ਸਜੋਈ ਪਾਕਿਸਤਾਨ ਆਏ ਸਨ। ਖੈਰ 1972 'ਚ ਸੁਲੇਹ ਸਦੀਕੀ ਅਫਰੀਕਾ ਚਲਿਆ ਗਿਆ ਤੇ ਉੱਥ ਉਸਨੂੰ ਜੈਮਬੀਆ ਦੀ ਰਾਜਧਾਨੀ ਲੌਅਸਕਾ ਦੀ ਯੂਨੀਵਰਸਿਟੀ 'ਚ ਨੌਕਰੀ ਮਿਲ ਗਈ। ਇੱਥੇ ਆ ਕੇ ਪਰਿਵਾਰ ਚੰਗੇ ਢੰਗ ਨਾਲ ਸੈੱਟ ਹੋ ਗਿਆ। ਆਫੀਆ ਦੀ ਮਾਂ, ਇਸਮਤ ਇੱਥੇ ਧਾਰਮਿਕ ਖੇਤਰ ਵਿੱਚ ਕਾਫੀ ਸਰਗਰਮ ਹੋ ਗਈ। ਉਸਨੇ ਔਰਤਾਂ ਲਈ ਧਾਰਮਿਕ ਕਲਾਸਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਕਲਾਸਾਂ ਵਿੱਚ ਉਹ ਛੋਟੀ ਜਿਹੀ ਆਫੀਆ ਨੂੰ ਵੀ ਨਾਲ ਹੀ ਲੈ ਜਾਂਦੀ ਹੁੰਦੀ ਸੀ। ਉਸਦੀ ਮਾਂ ਨੇ ਯੂ. ਆਈ. ਓ. ਜਾਣੀ ਕਿ ਯੁਨਾਈਟਡ ਇਸਲਾਮਿਕ ਆਰਗੇਨਾਈਜੇਸ਼ਨ ਬਣਾ ਲਈ। ਇਸ ਤਰ੍ਹਾਂ ਉਹ ਧਾਰਮਿਕ ਖੇਤਰ ਵਿੱਚ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਲੱਗੀ। ਕਈ ਸਾਲ ਇੱਥੇ ਰਹਿਣ ਪਿੱਛੋਂ ਇਹ ਪਰਿਵਾਰ 1980 ਵਿੱਚ ਪਾਕਿਸਤਾਨ ਮੁੜ ਗਿਆ। ਇਸ ਵੇਲੇ ਵੀ ਪਾਕਿਸਤਾਨ ਅਤੇ ਇਸਦੇ ਆਂਢ ਗੁਆਂਢ 'ਚ ਉਥਲ ਪੁਥਲ ਹੋ ਰਹੀ ਸੀ। ਇਰਾਨ ਵਿੱਚ ਖੋਮੀਨੀ ਦੀ ਰੈਵੋਲਿਸ਼ਨਰੀ ਇਸਲਾਮਿਸਟ ਗੌਰਮਿੰਟ ਨੇ ਪਾਵਰ ਸੰਭਾਲ ਲਈ ਸੀ। ਪਾਕਿਸਤਾਨ ਵਿੱਚ ਵੀ ਜਿਆ ਉਲ ਹੱਕ ਦੀ ਕਮਾਂਡ ਹੇਠ ਡਿਕਟੇਟਰਸ਼ਿਪ ਕਾਇਮ ਹੋ ਚੁੱਕੀ ਸੀ। ਜਿਆ ਉਲ ਹੱਕ ਤੋਂ ਪਹਿਲਾਂ ਪ੍ਰਧਾਨ ਮੰਤਰੀ ਜ਼ੁਲਫਕਾਰ ਅਲੀ ਭੁੱਟੋ, ਜੋ ਕਿ ਬਹੁਤ ਅਮੀਰ ਵਿਅਕਤੀ ਸੀ, ਮੁਲਕ ਨੂੰ ਧਾਰਮਿਕ ਗਲਬੇ ਤੋਂ ਉੱਪਰ ਚੁੱਕ ਕੇ ਮਜ਼ਬੂਤ ਡੈਮੋਕਰੇਟਿਕ ਮੁਲਕ ਬਣਾਉਣਾ ਚਾਹੁੰਦਾ ਸੀ। ਇਸ ਨਾਲ ਧਾਰਮਿਕ ਵਿਅਕਤੀ ਜਾਣੀ ਕਿ ਮੁਲਾਣੇ ਬਗੈਰਾ ਉਸਤੋਂ ਬਹੁਤ ਨਾਰਾਜ਼ ਸਨ। ਜਿਆ ਉਲ ਹੱਕ ਦੇ ਆਉਂਦਿਆਂ ਹੀ ਮੁਲਾਣਿਆਂ ਦੀ ਚੰਗੀ ਸੁਣਵਾਈ ਹੋਣ ਲੱਗੀ ਕਿਉਂਕਿ ਜਿਆ ਉਲ ਹੱਕ ਨੇ ਮੁਲਕ ਨੂੰ ਧਾਰਮਿਕ ਰੰਗ ਵਿੱਚ ਰੰਗਣਾ ਸ਼ੁਰੂ ਕਰ ਦਿੱਤਾ ਸੀ। ਉਸਨੇ ਧਾਰਮਿਕ ਅਸੂਲਾਂ ਨੂੰ ਲਾਗੂ ਕਰਨ ਲਈ ਕੌਂਸਿਲ ਆਫ ਇਸਲਾਮਿਕ ਆਈਡੀਆਲੋਜੀ ਕਾਇਮ ਕੀਤੀ। ਅਜਿਹੀਆਂ ਧਾਰਮਿਕ ਜਥੇਬੰਦੀਆਂ ਦੀ ਮੱਦਦ ਨਾਲ ਜਿਆ ਉਲ ਹੱਕ ਨੇ ਪਾਕਿਸਤਾਨ ਨੂੰ ਧਾਰਮਿਕ ਸਟੇਟ ਬਣਾਉਣ ਲਈ ਪੂਰੇ ਜਤਨ ਸ਼ੁਰੂ ਕਰ ਦਿੱਤੇ। ਉਸਦਾ ਪਹਿਲਾ ਕਦਮ ਸੀ ਔਰਤਾਂ ਨੂੰ ਪਰਦੇ ਅਤੇ ਚਾਰਦਿਵਾਰੀ ਵਿੱਚ ਬੰਦ ਕਰਨਾ। ਕਿੰਨੇ ਹੀ ਨਵੇਂ ਧਾਰਮਿਕ ਰੰਗ ਵਾਲੇ ਕਾਨੂੰਨ ਬਣਾ ਕੇ ਜਿਆ ਉਲ ਹੱਕ ਨੇ ਮੁਲਕ ਦੇ ਧਾਰਮਿਕ ਲੀਡਰਾਂ ਦਾ ਵਿਸ਼ਵਾਸ ਜਿੱਤ ਲਿਆ। ਹਰ ਪਾਸੇ ਧਾਰਮਿਕ ਰੰਗ ਉੱਭਰ ਰਿਹਾ ਸੀ ਜੋ ਕਿ ਪੱਛਮ ਦੇ ਵੀ ਖਿਲਾਫ ਸੀ। ਪੱਛਮ ਦੇ ਖਿਲਾਫ ਜੋਰ-ਸ਼ੋਰ ਨਾਲ ਪ੍ਰਚਾਰ ਹੋ ਰਿਹਾ ਸੀ। ਇਰਾਨ ਵਿੱਚ ਅਮਰੀਕਣ ਅੰਬੈਸੀ ਦੇ ਸਟਾਫ ਨੂੰ ਕੈਦ ਕਰ ਲਿਆ ਗਿਆ। ਸਾਉਦੀ ਅਰਬ 'ਚ ਰੈਡੀਕਲ ਇਸਲਾਮਿਸਟਾਂ ਨੇ ਮੱਕੇ ਦੀ ਪਵਿੱਤਰ ਵੱਡੀ ਮਸਜਦ ਵਿੱਚ ਕਾਬਾ 'ਤੇ ਕਬਜ਼ਾ ਕਰ ਲਿਆ। ਪਾਕਿਸਤਾਨ ਵਿੱਚ ਰੈਡੀਕਲਜ਼ ਨੇ ਅਮਰੀਕਾ ਦੀ ਇਸਲਾਮਾਬਾਦ ਵਿਚਲੀ ਅੰਬੈਸੀ ਅੱਗ ਲਾ ਕੇ ਸਾੜ ਦਿੱਤੀ। ਪੱਛਮ ਖਿਲਾਫ ਹਰ ਥਾਂ ਗੁੱਸਾ ਭੜਕ ਰਿਹਾ ਸੀ ਜਦੋਂ ਦਸੰਬਰ 1979 ਨੂੰ ਸੋਵੀਅਤ ਯੂਨੀਅਨ ਦੀਆਂ ਫੌਜਾਂ ਅਫਗਾਨਿਸਤਾਨ ਵਿੱਚ ਦਾਖਲ ਹੋਈਆਂ। ਇਸ ਘਟਨਾ ਨੇ ਸਭ ਕੁਝ ਬਦਲ ਦਿੱਤਾ। ਅਮਰੀਕਾ, ਜੋ ਹੁਣ ਤੱਕ ਜਿਉ ਉਲ ਹੱਕ ਦੀਆਂ ਕਾਰਵਾਈਆਂ ਕਾਰਨ ਬਹੁਤ ਗੁੱਸੇ ਵਿੱਚ ਸੀ, ਉਸਨੂੰ ਹੁਣ ਜਿਆ ਉਲ ਹੱਕ ਦੀ ਲੋੜ ਮਹਿਸੂਸ ਹੋਈ। ਸੋਵੀਅਤ ਯੂਨੀਅਨ ਨੂੰ ਟੱਕਰ ਦੇਣ ਲਈ ਉਹ ਜਿਸ ਨੇੜਲੀ ਸ਼ਕਤੀ ਨੂੰ ਲੱਭ ਰਹੇ ਸਨ,

ਜਿਆ ਉਲ ਹੱਕ ਉਸਦੇ ਬਿਲਕੁਲ ਫਿਟ ਆਉਂਦਾ ਸੀ। ਸਾਊਦੀ ਅਰਬ ਅਤੇ ਅਮਰੀਕਾ ਨੇ ਮਿਲ ਕੇ ਅਫਗਾਨਿਸਤਾਨ ਵਿੱਚ ਸੋਵੀਅਤ ਯੂਨੀਅਨ ਖਿਲਾਫ ਲੜਨ ਦੀ ਪਲੈਨ ਬਣਾਈ ਜਿਸ ਵਿੱਚ ਉਸਨੇ ਜਿਆ ਉਲ ਹੱਕ ਨੂੰ ਮੂਹਰੇ ਲਾ ਲਿਆ। ਜਿਆ ਨੇ ਪਾਕਿਸਤਾਨ ਦੀ ਖੁਫੀਆ ਏਜੈਂਸੀ, ਆਈ. ਐਸ. ਆਈ. ਨੂੰ ਇਸਦੀ ਕਮਾਂਡ ਸੰਭਾਲ ਦਿੱਤੀ। ਉਨ੍ਹਾਂ ਹੀ ਦਿਨ੍ਹਾਂ 'ਚ ਅਫਰੀਕਾ ਤੋਂ ਵਾਪਸ ਆ ਕੇ ਡਾਕਟਰ ਮੁਹੰਮਦ ਸਦੀਕੀ ਨੇ ਇੱਕ ਹਾਈ ਸੁਸਾਇਟੀ 'ਗੁਲਸ਼ਨੇ ਇਕਬਾਲ' ਵਿੱਚ ਬੰਗਲਾ ਲੈ ਲਿਆ ਜਿੱਥੇ ਕਿ ਵੱਡੇ ਵੱਡੇ ਅਫਸਰ ਅਤੇ ਹੋਰ ਅਸਰ ਰਸੂਖ ਵਾਲੇ ਲੋਕ ਰਹਿੰਦੇ ਸਨ। ਜਿਆ ਉਲ ਹੱਕ ਦੇ ਚੀਫ ਆਫ ਸਟਾਫ ਮਿਰਜ਼ਾ ਅਸਲਮ ਬੇਗ ਦਾ ਪਰਿਵਾਰ, ਸਦੀਕੀ ਦਾ ਗੁਆਂਢੀ ਸੀ। ਇਸ ਤਰ੍ਹਾਂ ਇਹ ਪਰਿਵਾਰ ਪਾਕਿਸਤਾਨ 'ਤੇ ਰਾਜ ਕਰਨ ਵਾਲੇ ਗਰੁੱਪ ਦੇ ਬਿਲਕੁਲ ਨੇੜੇ ਆ ਗਿਆ।

ਇਸ ਵੇਲੇ ਆਫੀਆ ਆਪਣੇ ਬਚਪਨ ਦਾ ਆਨੰਦ ਮਾਣ ਰਹੀ ਸੀ ਜਦੋਂ ਕਿ ਉਸਦੀ ਮਾਂ ਆਪਣੀ ਧਾਰਮਿਕ ਜਥੇਬੰਦੀ ਯੂ. ਆਈ. ਓ. ਲਈ ਵੱਧ ਤੋਂ ਵੱਧ ਕੰਮ ਕਰ ਰਹੀ ਸੀ। ਇਸਮਤ ਸਦੀਕੀ ਬਹੁਤ ਪਾਪੂਲਰ ਹੋ ਰਹੀ ਸੀ। ਇੱਥੋਂ ਤੱਕ ਕਿ ਜਿਉ ਉਲ ਹੱਕ ਦੀ ਆਪਣੀ ਬੇਗਮ, ਸ਼ੈਫੀਕ ਵੀ ਉਸਦੇ ਪ੍ਰਭਾਵ ਹੇਠ ਸੀ ਤੇ ਉਸਦੀਆਂ ਧਾਰਮਿਕ ਕਲਾਸਾਂ ਲੈ ਰਹੀ ਸੀ। ਉਸ ਵੇਲੇ ਤੱਕ ਇਸਮਤ ਉੱਚੀ ਸੁਸਾਇਟੀ ਵਿੱਚ ਇੱਕ ਬਹੁਤ ਹੀ ਇੱਜ਼ਤਦਾਰ ਮੁਕਾਮ ਹਾਸਲ ਕਰ ਚੁੱਕੀ ਸੀ। ਜਿਉ ਉਲ ਹੱਕ ਖੁਦ ਉਸਤੋਂ ਪ੍ਰਭਾਵਤ ਸੀ। ਜਿਆ, ਇਸਮਤ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਉਸਨੇ ਉਸਨੂੰ ਉਸ ਬੋਰਡ ਦੀ ਮੈਂਬਰ ਬਣਾ ਦਿੱਤਾ ਜੋ ਕਿ ਕੁਰਾਨ ਮੁਤਾਬਕ ਜ਼ਕਤ ਜਾਣੀ ਕਿ ਚੈਰਿਟੀ ਇਕੱਠੀ ਕਰਨ ਅਤੇ ਇਸਨੂੰ ਖਰਚਣ ਦਾ ਇੰਤਜ਼ਾਮ ਕਰਦਾ ਸੀ। ਇਸ ਬੋਰਡ ਵਿੱਚ ਆਉਂਦਿਆਂ ਇਸਮਤ ਦਾ ਹੋਰ ਬਹੁਤ ਵੱਡੀਆਂ ਵੱਡੀਆਂ ਜਥੇਬੰਦੀਆਂ ਨਾਲ ਸੰਪਰਕ ਹੋਇਆ ਜੋ ਕਿ ਕਿਸੇ ਨਾ ਕਿਸੇ ਢੰਗ ਨਾਲ ਅਫਗਾਨਿਸਤਾਨ ਵਿੱਚ ਚੱਲ ਰਹੇ ਜਿਹਾਦ ਨਾਲ ਜੁੜੀਆਂ ਹੋਈਆਂ ਸਨ।

ਛੋਟੀ ਉਮਰ ਵਿੱਚ ਹੀ ਆਫੀਆ ਜਿਹਾਦ ਬਾਰੇ ਸੁਣਨ ਲੱਗੀ। ਇੰਨਾ ਹੀ ਨਹੀਂ ਸਗੋਂ ਉਸਦਾ ਜਿਹਾਦ ਪ੍ਰਤੀ ਲਗਾਉ ਹੋਣ ਲੱਗਿਆ। ਆਫੀਆ ਉਦੋਂ ਗੁਲਸ਼ਨੇ ਇਕਬਾਲ ਵਿੱਚ ਲੋਕਲ ਇੰਗਲਿਸ਼ 'ਚ ਸਕੂਲ ਸੀ। ਉਹ ਸਕੂਲ ਵਿੱਚ ਇੰਗਲਿਸ਼, ਮੈਥ, ਸਾਇੰਸ, ਕੁਰਾਨ ਅਤੇ ਸੁੰਨਾ ਪੜ੍ਹ ਰਹੀ ਸੀ। ਆਪਣੀ ਮਾਂ ਦੇ ਅਸਰ ਹੇਠ ਉਹ ਵੀ ਬਹੁਤ ਧਾਰਮਿਕ ਹੁੰਦੀ ਜਾ ਰਹੀ ਸੀ। ਆਪਣੀ ਮਾਂ ਦੀ ਵਾਂਗ ਉਸਨੇ ਵੀ ਸਕੂਲ ਵਿੱਚ ਛੋਟੇ ਬੱਚਿਆਂ ਸਾਹਮਣੇ ਲੈਕਚਰ ਦੇਣੇ ਸ਼ੁਰੂ ਕਰ ਦਿੱਤੇ ਸਨ। ਅਫਗਾਨਿਸਤਾਨ ਵਿੱਚ ਜਹਾਦੀਆਂ ਦੀਆਂ ਸਾਰੀਆਂ ਕਾਰਵਾਈਆਂ ਆਫੀਆ ਨੇ ਆਪਣੇ ਘਰ ਵਿੱਚ ਸੁਣੀਆਂ। ਜਦੋਂ ਸੋਵੀਅਤ ਯੂਨੀਅਨ ਅਫਗਾਨਿਸਤਾਨ 'ਚੋਂ ਨਿਕਲਿਆ ਤਾਂ ਆਫੀਆ ਨੇ ਵੀ ਹੋਰਨਾਂ ਵਾਂਗ ਜਸ਼ਨ ਦੇ ਪ੍ਰੋਗਰਾਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ। ਪਾਕਿਸਤਾਨ ਨੇ ਸੋਵੀਅਤ ਯੂਨੀਅਨ ਦੀ ਹਾਰ ਨੂੰ ਕਿਸੇ ਹੋਰ ਰੂਪ 'ਚ ਵੇਖਿਆ। ਉਸ ਨੇ ਇਹ ਭੁਲੇਖਾ ਪਾਲ ਲਿਆ ਕਿ ਇਹ ਸਭ ਕੁਝ ਪਾਕਿਸਤਾਨ ਦੀ ਵਜ੍ਹਾ ਨਾਲ ਹੋਇਆ ਹੈ। ਇਸ ਸੋਚ ਨੂੰ ਅੱਗੇ ਤੋਰਦਿਆਂ, ਇਸਲਾਮ ਫੈਲਾਉਣ ਲਈ ਪਾਕਿਸਤਾਨ ਨੇ ਹੋਰ ਪਾਸਿਆਂ ਵੱਲ ਵੇਖਣਾ ਸ਼ੁਰੂ ਕਰ ਦਿੱਤਾ। ਇਸ ਵਿੱਚ ਸਭ ਤੋਂ ਪਹਿਲਾਂ ਹਿੰਦੁਸਤਾਨੀ ਕਸ਼ਮੀਰ ਆਉਂਦਾ ਸੀ। ਉਸ ਵੇਲੇ ਦੇ ਆਈ. ਐਸ. ਆਈ. ਦੇ ਚੀਫ, ਹਮੀਦ ਗੁੱਲ ਨੇ ਆਪਣਾ ਏਜੰਡਾ ਅਗਾਂਹ ਵਧਾਉਂਦਿਆਂ ਕਸ਼ਮੀਰ ਨੂੰ ਸਭ ਤੋਂ ਪਹਿਲੇ ਨੰਬਰ 'ਤੇ ਰੱਖ ਲਿਆ। ਆਫੀਆ ਉਸ ਵੇਲੇ ਕਰਾਂਚੀ ਦੇ ਸਭ ਤੋਂ ਵੱਧ ਉੱਚੇ ਰੁਤਬੇ ਵਾਲੇ ਸੇਂਟ ਜੋਸਿਫ ਕਾਲਜ 'ਚ ਪੜ੍ਹ ਰਹੀ ਸੀ। ਉਦੋਂ ਹੀ ਪਾਕਿਸਤਾਨ ਵਿੱਚ ਵੱਡਾ ਦੁਖਾਂਤ ਵਾਪਰਿਆ ਜੋ ਸਦੀਕੀ ਪਰਿਵਾਰ ਲਈ ਵੱਡੀ ਮਾਨਸਿਕ ਸੱਟ ਸੀ। ਜ਼ਿਆ ਉਲ ਹੱਕ ਹੈਲੀਕਾਪਟਰ ਹਾਦਸੇ 'ਚ ਮਾਰਿਆ ਗਿਆ। ਇਸ ਤੋਂ ਅਗਲੇ ਸਾਲ ਉੱਥੇ ਇਲੈਕਸ਼ਨ ਹੋਏ ਤਾਂ ਸਭ ਕੁਝ ਬਦਲ ਗਿਆ। ਨਵੀਂ ਸੋਚ ਅਤੇ ਨਵੀਂ ਉਮਰ ਦੀ ਬੇਨਜ਼ੀਰ ਭੁੱਟੋ ਪ੍ਰਧਾਨ ਮੰਤਰੀ ਬਣ ਗਈ। ਧਾਰਮਿਕ ਗਲਬੇ ਹੇਠਾਂ ਆ ਚੁੱਕਿਆ ਪਾਕਿਸਤਾਨ, ਇੱਕ ਦਮ ਘੁਟਣ 'ਚੋਂ ਬਾਹਰ ਆ ਗਿਆ।



ਇਸ ਤਬਦੀਲੀ ਨੂੰ, ਇਸਮਤ ਨੇ ਨਵੇਂ ਨਜ਼ਰੀਏ ਤੋਂ ਵੇਖਿਆ। ਉਸਨੇ ਸੋਚਿਆ ਕਿ ਜੇ ਭੁੱਟੋ ਰਾਜਨੀਤੀ ਵਿੱਚ ਅੱਗੇ ਵਧ ਰਹੀ ਹੈ ਤਾਂ ਆਫੀਆ ਕਿਉਂ ਨਹੀਂ। ਪਰ ਇਸ ਵਿੱਚ ਇੱਕ ਅੜਚਣ ਹੋਰ ਆ ਰਹੀ ਸੀ, ਉਹ ਇਹ ਸੀ ਕਿ ਪਾਕਿਸਤਾਨ ਵਿੱਚ ਰਹਿੰਦਿਆਂ ਆਫੀਆ ਦੀ ਛੇਤੀ ਹੀ ਸ਼ਾਦੀ ਹੋ ਜਾਣੀ ਸੀ। ਉਹ ਹੁਣ ਸਤਾਰਾਂ ਦੀ ਹੋ ਚੁੱਕੀ ਸੀ। ਉਸਨੇ ਮੁਢਲੀ ਪੜ੍ਹਾਈ ਵੀ ਪੂਰੀ ਕਰ ਲਈ ਸੀ। ਪੜ੍ਹਾਈ ਵਿੱਚ ਉਹ ਬਹੁਤ ਚੰਗੀ ਸੀ। ਵੇਖਣ ਨੂੰ ਵੀ ਉਹ ਬਹੁਤ ਖੂਬਸੂਰਤ ਸੀ। ਕੱਦ ਭਾਵੇਂ ਉਸਦਾ ਛੋਟਾ ਜਾਣੀ ਕਿ ਪੰਜ ਫੁੱਟ ਤਿੰਨ ਇੰਚ ਹੀ ਸੀ ਪਰ ਉਸਦੀ ਦਿੱਖ ਬਹੁਤ ਹੀ ਪ੍ਰਭਾਵਸ਼ਾਲੀ ਸੀ। ਉਸਦੀ ਮਾਂ ਨੇ ਸੋਚ ਸੋਚ ਕੇ ਇਹ ਨਤੀਜਾ ਕੱਢਿਆ ਕਿ ਜੇਕਰ ਇਸਨੂੰ ਪੜ੍ਹਨ ਲਈ ਵਿਦੇਸ਼ ਭੇਜ ਦਿੱਤਾ ਜਾਵੇ ਤਾਂ ਇਹ ਬਹੁਤ ਅੱਗੇ ਵਧ ਸਕਦੀ ਹੈ। ਆਫੀਆ ਦਾ ਭਰਾ ਅਲੀ, ਪਹਿਲਾਂ ਹੀ ਪੜ੍ਹਾਈ ਲਈ ਅਮਰੀਕਾ ਜਾ ਚੁੱਕਿਆ ਸੀ। ਆਖਰ ਆਫੀਆ ਅਮਰੀਕਾ ਰਵਾਨਾ ਹੋ ਗਈ। ਉੱਥੇ ਉਹ ਸਾਲ ਕੁ ਹੂਸਟਨ, ਟੈਕਸਾਸ 'ਚ ਆਪਦੇ ਭਰਾ ਕੋਲ ਰਹਿੰਦੀ ਹੋਈ ਪੜ੍ਹੀ। ਉਸੇ ਦੌਰਾਨ ਹੀ ਇਰਾਕ ਦੀ ਪਹਿਲੀ ਲੜਾਈ ਸ਼ੁਰੂ ਹੋਈ। ਭਾਵੇਂ ਮੁਸਲਮਾਨਾਂ ਵਿੱਚ ਸਦਾਮ ਹੁਸੈਨ ਇੱਕ ਬੁੱਚੜ ਕਰਕੇ ਜਾਣਿਆਂ ਜਾਂਦਾ ਸੀ ਪਰ ਜਦੋਂ ਉਸ ਨੂੰ ਕੁਵੈਤ 'ਚੋਂ ਕੱਢਣ ਲਈ ਅਮਰੀਕਣ ਫੌਜਾਂ ਸਾਉਦੀ ਅਰਬ 'ਚ ਉਤਰਨੀਆਂ ਸ਼ੁਰੂ ਹੋਈਆਂ ਤਾਂ ਮੁਸਲਮਾਨ ਵਿਦਿਆਰਥੀਆਂ ਦੇ ਇਹ ਗੱਲ ਗਲੇ ਨਾ ਉੱਤਰੀ। ਉਨ੍ਹਾਂ ਵਿੱਚ ਰੋਸ ਫੈਲ ਗਿਆ। ਇਨ੍ਹਾਂ 'ਚ ਆਫੀਆ ਵੀ ਸੀ। ਹੂਸਟਨ ਵਿੱਚ ਮੁਸਲਮਾਨ ਸਟੂਡੈਂਟਸ ਦੀ ਬਹੁਤ ਵੱਡੀ ਜਥੇਬੰਦੀ ਸੀ ਜਿੱਥੇ ਕਿ ਹਰ ਵਕਤ ਇਸ ਲੜਾਈ ਬਾਰੇ ਬਹਿਸ ਚੱਲਦੀ ਰਹਿੰਦੀ ਸੀ। ਚੌਵੀ ਘੰਟੇ ਟੀਵੀ ਉੱਤੇ ਵਿਖਾਈ ਜਾ ਰਹੀ ਲੜਾਈ ਕਾਰਨ ਇਹ ਰੋਸ ਵੱਧਦਾ ਹੀ ਗਿਆ। ਆਖਰ ਵਿੱਚ ਜਦੋਂ ਇਰਾਕੀ ਫੌਜਾਂ ਕੁਵੈਤ ਵਿੱਚੋਂ ਨਿਕਲੀਆਂ ਤਾਂ ਡੈੱਥ ਹਾਈ ਵੇ 'ਤੇ (ਇਹ ਉਹ ਰਸਤਾ ਸੀ ਜੋ ਕਿ ਕੁਵੈਤ ਤੋਂ ਇਰਾਕ ਨੂੰ ਜਾਂਦਾ ਸੀ। ਲੜਾਈ ਬੰਦ ਹੋਣ ਉਪਰੰਤ ਜਦੋਂ ਇਰਾਕੀ ਫੌਜਾਂ ਇਸ ਰਸਤੇ ਵਾਪਸ ਇਰਾਕ ਮੁੜ ਰਹੀਆਂ ਸਨ ਤਾਂ ਕਿਹਾ ਜਾਂਦਾ ਹੈ ਕਿ ਅਮਰੀਕਣ ਜਹਾਜ਼ਾਂ ਨੇ ਲਗਾਤਾਰ ਬੰਬਾਰੀ ਕਰਦਿਆਂ ਇਨ੍ਹਾਂ 'ਚੋਂ ਲੱਖਾਂ ਫੌਜੀ ਮਾਰ ਮੁਕਾਏ ਸਨ। ਇਸੇ ਕਰਕੇ ਮੀਡੀਆ ਇਸਨੂੰ ਡੈੱਥ ਹਾਈਵੇ ਕਹਿਣ ਲੱਗਿਆ।) ਜੋ ਵੀ ਵਾਪਰਿਆ ਉਸਨੇ ਮੁਸਲਮਾਨ ਵਿਦਿਆਰਥੀਆਂ ਦੇ ਦਿਲਾਂ ਨੂੰ ਡੂੰਘੀ ਸੱਟ ਮਾਰੀ। ਆਫੀਆ ਨੂੰ ਵੀ ਬਹੁਤ ਮਾਨਸਿਕ ਠੇਸ ਪਹੁੰਚੀ। ਆਖਰ ਉਸਨੇ ਇਹ ਇਲਾਕਾ ਛੱਡਣ ਦਾ ਵਿਚਾਰ ਬਣਾ ਲਿਆ। ਉਸਨੇ ਮੈਸਾਚੂਸਸ ਦੀ ਯੂਨੀਵਰਸਿਟੀ 'ਮੈਸਾਚੂਸਸ ਇੰਸਟੀਚਿਊਟ ਆਫ ਟੈਕਨਾਲੋਜੀ' ਜਾਣੀ ਕਿ ਐਮ ਆਈ ਟੀ ਵਿੱਚ ਦਾਖਲਾ ਭੇਜ ਦਿੱਤਾ। ਉੱਥੇ ਉਸਨੂੰ ਸਿਰਫ ਦਾਖਲ ਹੀ ਨਹੀਂ ਕੀਤਾ ਗਿਆ ਸਗੋਂ ਉਸਨੂੰ ਸਕਾਲਰਸ਼ਿਪ ਵੀ ਮਿਲਿਆ। ਉਹ ਆਪਣਾ ਸਾਮਾਨ ਪੈਕ ਕਰਦੀ ਬਾਸਟਨ ਲਈ ਚੱਲ ਪਈ।

## 2

ਮੈਸਾਚੂਸਸ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਔਰਤਾਂ ਵਾਲੇ ਹੋਸਟਲ 'ਚ ਆਫੀਆ ਨੂੰ ਸੌਖਿਆਂ ਹੀ ਥਾਂ ਮਿਲ ਗਈ। ਉਸਦੇ ਘਰ ਦੇ ਚਾਹੁੰਦੇ ਸਨ ਕਿ ਉਹ ਡਾਕਟਰ ਬਣੇ ਪਰ ਉਸਨੇ ਅਜੇ ਸਾਇੰਸ ਅਤੇ ਮੈਥ ਵਰਗੀਆਂ ਕਲਾਸਾਂ ਹੀ ਚੁਣੀਆਂ। ਉਸਨੇ ਹਾਈ ਸਕੂਲ ਵਿੱਚ ਵੀ ਪ੍ਰੀ-ਇੰਜੀਨੀਅਰਿੰਗ ਹੀ ਪੜ੍ਹੀ ਸੀ। ਪੜ੍ਹਾਈ ਵਿੱਚ ਆਫੀਆ ਬਹੁਤ ਹੀ ਤੇਜ਼ ਸੀ। ਇਸ ਤੋਂ ਇਲਾਵਾ ਉਸ ਵਿੱਚ ਆਪਣੀ ਮਾਂ ਵਾਲੇ ਗੁਣ ਜਾਣੀ ਕਿ ਸਮਾਜ ਸੇਵਾ ਬਗੈਰਾ ਕੁੱਟ ਕੁੱਟ ਕੇ ਭਰੇ ਹੋਏ ਸਨ। ਧਰਮ ਦੇ ਮਾਮਲੇ 'ਚ ਵੀ ਉਹ ਬਹੁਤ ਸਖਤ ਸੀ। ਉਸਦੇ ਅਸੂਲਾਂ ਦਾ ਉਦੋਂ ਪਤਾ ਲੱਗਦਾ ਸੀ ਜਦੋਂ ਉਹ ਆਪਣਿਆਂ, ਮਤਲਬ ਮੁਸਲਮ ਦੋਸਤਾਂ ਵਿੱਚ ਹੁੰਦੀ ਸੀ। ਇੱਥੇ ਉਹ ਸਭ ਨੂੰ ਇਸ ਅਸੂਲ 'ਤੇ ਪਹਿਰਾ ਦੇਣ ਲਈ ਜ਼ੋਰ ਪਾਉਂਦੀ ਸੀ ਕਿ ਗੈਰ-ਮੁਸਲਮਾਨਾਂ ਨਾਲ ਦੋਸਤੀ ਵੀ ਨਾ ਕਰੋ। ਉਨ੍ਹਾਂ ਨਾਲ ਉਤਨੀ ਕੁ ਵਰਤੋਂ ਰੱਖੋ ਜਿਸ ਬਿਨਾਂ ਸਰਦਾ ਨਾ ਹੋਵੇ। ਇੱਕ ਹੋਰ ਗੱਲ ਬਾਰੇ ਉਹ ਬੜੇ ਹੀ ਧਿਆਨ ਨਾਲ ਸੋਚਦੀ

ਸੀ। ਉਹ ਇਹ ਸੀ ਕਿ ਜੇਕਰ ਕਿਸੇ ਦੂਸਰੇ ਧਰਮ ਦੇ ਮੰਨਣ ਵਾਲੇ ਨੂੰ ਉਹ ਧਰਮ ਤਬਦੀਲ ਕਰਾ ਕੇ ਮੁਸਲਮ ਧਰਮ ਵਿੱਚ ਲੈ ਆਵੇ ਤਾਂ ਇਹ ਉਸਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਕੰਮ ਹੋਵੇਗਾ। ਸਮਾਜ ਸੇਵਾ ਦੀ ਗੱਲ ਕਰੀਏ ਤਾਂ ਐਮ ਆਈ ਟੀ ਦੇ ਵਿਭਾਗ ਨੇ ਉਸਨੂੰ ਖੇਡ ਮੈਦਾਨਾਂ ਦੀ ਸਫਾਈ ਲਈ ਅਵਾਰਡ ਦਿੱਤਾ। ਉਸਨੂੰ ਛੋਟੇ ਸਕੂਲਾਂ 'ਚ ਜਾ ਕੇ ਸਾਇੰਸ ਫੇਅਰ ਅਤੇ ਡਿਸਕਵਰੀ ਕਲੱਬ ਬਗੈਰਾ ਲਾਉਣ ਲਈ ਸਕਾਲਰਸ਼ਿਪ ਮਿਲਿਆ। ਉਹ ਹਰ ਹਫਤੇ ਚਾਲੀ ਘੰਟੇ ਦੀ ਫਰੀ ਪਬਲਿਕ ਸਰਵਿਸ ਕਰਦੀ ਸੀ। ਇਸ ਤੋਂ ਇਲਾਵਾ ਉਹ ਲੋੜਵੰਦਾਂ ਦੀ ਹਰ ਸੰਭਵ ਮੱਦਦ ਕਰਦੀ ਸੀ। ਕੰਪਿਊਟਰ 'ਚ ਉਹ ਹੱਦੋਂ ਵੱਧ ਜੀਨੀਅਸ ਸੀ। ਕਈ ਵਾਰੀ ਤਾਂ ਉਸਦੇ ਟੀਚਰ ਵੀ ਉਸ ਤੋਂ ਮੱਦਦ ਲੈਣ ਪਹੁੰਚ ਜਾਂਦੇ ਸਨ। ਸਭ ਤੋਂ ਵੱਧ ਕੰਮ ਉਹ ਐਮ. ਐਸ. ਏ. ਲਈ ਕਰਦੀ ਸੀ। ਮਤਲਬ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਲਈ। ਉਸ ਨੇ ਆਪਣੇ ਅਸਰ ਰਸੂਖ ਅਤੇ ਬੋਲਣ ਦੇ ਵਧੀਆ ਢੰਗ ਕਰਕੇ, ਯੂਨੀਵਰਸਿਟੀ 'ਚ ਮੁਸਲਿਮ ਵਿਦਿਆਰਥੀਆਂ ਲਈ ਨਮਾਜ ਪੜ੍ਹਨ ਲਈ ਵੱਖਰੇ ਥਾਂ ਬਣਵਾਏ। ਕੈਫੇਟੇਰੀਏ 'ਚ ਉਨ੍ਹਾਂ ਲਈ ਵੱਖਰੀਆਂ ਥਾਵਾਂ ਬਣਵਾਈਆਂ। ਇਸੇ ਯੂਨੀਵਰਸਿਟੀ ਵਿੱਚ ਉਸਨੂੰ ਆਪਣੀ ਹੀ ਧਾਰਮਿਕ ਸ਼ਾਖਾ, ਡੀਓਬੰਦੀ ਦਾ ਇੱਕ ਵਿਦਿਆਰਥੀ ਸੁਹੇਲ ਲੈਹਰ ਮਿਲਿਆ ਜੋ ਆਫੀਆ ਤੋਂ ਬਹੁਤ ਪ੍ਰਭਾਵ ਹੋਇਆ। ਉਸਨੇ ਆਫੀਆ ਨਾਲ ਮਿਲ ਕੇ ਐਮ. ਐਸ. ਏ. ਲਈ ਬਹੁਤ ਕੰਮ ਕੀਤਾ। 1992 'ਚ ਆਫੀਆ ਨੇ ਇੱਕ ਪਰਚਾ ਲਿਖਿਆ 'ਇਸਲਾਮੀਜੇਸ਼ਨ ਇਨ ਪਾਕਿਸਤਾਨ ਐਂਡ ਇਟਸ ਅਫੈਕਟਸ ਆਨ ਵੁਮੈੱਨ'। ਇਸੇ ਪਰਚੇ ਕਾਰਨ ਐਮ ਆਈ ਟੀ ਨੇ ਉਸਨੂੰ ਪੰਜ ਹਜ਼ਾਰ ਡਾਲਰ ਦਾ ਇਨਾਮ ਦਿੱਤਾ। ਇਸ ਤੋਂ ਪਤਾ ਲੱਗਦਾ ਹੈ ਕਿ ਉਹ ਕਿੰਨੀ ਜੀਨੀਅਸ ਸੀ। ਇਹ ਇਨਾਮ ਮਿਲਣ ਪਿੱਛੋਂ ਉਹ ਘੁੰਮਣ ਲਈ ਵਾਪਸ ਪਾਕਿਸਤਾਨ ਚਲੀ ਗਈ। ਕੁਝ ਦੇਰ ਦੀਆਂ ਛੁੱਟੀਆਂ ਮਨਾ ਕੇ ਉਹ ਵਾਪਸ ਆਈ ਤਾਂ ਹੋਰ ਵੀ ਧਾਰਮਿਕ ਅਤੇ ਜਿਹਾਦ ਵੱਲ ਉਲਾਰ ਹੋ ਗਈ ਸੀ। ਇਸ ਵੇਲੇ ਬਾਸਨੀਆਂ ਵਿੱਚ ਜਿਹਾਦੀ ਗਰੁੱਪ ਲੜ ਰਹੇ ਸਨ। ਅੱਤਵਾਦੀ ਜਥੇਬੰਦੀਆਂ ਇਨ੍ਹਾਂ ਨੂੰ ਥਾਂ ਥਾਂ ਟਰੇਨਿੰਗ ਦੇ ਰਹੀਆਂ ਸਨ। ਜਦੋਂ ਉਹ ਵਾਪਸ ਅਮਰੀਕਾ ਮੁੜੀ ਤਾਂ ਇਕ ਹੋਰ ਜਥੇਬੰਦੀ ਅਲ ਕੀਫਾ ਉੱਭਰ ਰਹੀ ਸੀ। ਇਸਦਾ ਮੁੱਖ ਕੇਂਦਰ ਬਰੁੱਕਲਿਨ, ਨਿਊਯਾਰਕ ਸੀ। ਅਲ ਕੀਫਾ ਦੀ ਇੱਕ ਸ਼ਾਖਾ ਬਾਸਟਨ ਵਿੱਚ ਵੀ ਸੀ। ਰਮਜੀ ਯੂਸਫ, ਇਸੇ ਜਥੇਬੰਦੀ ਦਾ ਕਾਰਕੁਨ ਸੀ ਜੋ ਕਿ ਵਰਲਡ ਟਰੇਡ ਸੈਂਟਰ ਦੇ ਪਹਿਲੇ ਹਮਲੇ ਦਾ ਜ਼ਿੰਮੇਵਾਰ ਸੀ। ਇਹ ਰਮਜੀ ਯੂਸਫ ਉਸੇ ਖਾਲਿਦ ਸ਼ੇਖ ਮੁਹੰਮਦ ਜਿਸਨੂੰ ਕਿ 'ਕੇ ਐਸ ਐਮ' ਦੇ ਨਾਂ ਨਾਲ ਜਾਣਿਆਂ ਜਾਂਦਾ ਸੀ, ਦਾ ਭਤੀਜਾ ਸੀ। ਇਹ ਚਾਚਾ ਭਤੀਜਾ ਇੱਕ ਮਸ਼ਹੂਰ ਪਾਕਿਸਤਾਨੀ ਪਰਿਵਾਰ 'ਅਲ ਬਲੋਚੀ' ਨਾਲ ਸੰਬੰਧਤ ਸਨ ਜੋ ਕਿ ਪਹਿਲਾਂ ਪਾਕਿਸਤਾਨ ਤੋਂ ਕੁਵੈਤ ਜਾ ਕੇ ਰਹਿਣ ਲੱਗ ਪਿਆ ਸੀ ਪਰ ਬਾਅਦ ਵਿੱਚ ਫਿਰ ਪਾਕਿਸਤਾਨ ਆ ਗਿਆ। ਉਸ ਵੇਲੇ ਓਸਾਮਾ ਬਿਨ ਲਾਦਿਨ ਵੀ ਉੱਭਰ ਰਿਹਾ ਸੀ। ਅਫਗਾਨਿਸਤਾਨ ਵਿੱਚ ਜਿੱਤ ਦੀ ਵਜ੍ਹਾ ਕਰਕੇ ਇਨ੍ਹਾਂ ਲੋਕਾਂ ਨੂੰ ਲੱਗਦਾ ਸੀ ਕਿ ਹੁਣ ਵੇਲਾ ਹੈ ਕਿ ਮੁਸਲਿਮ ਜਿਹਾਦ ਨੂੰ, ਗੈਰ ਮੁਸਲਮਾਨਾਂ ਦੇ ਖਿਲਾਫ ਵਧਾਇਆ ਜਾਵੇ।

ਪਹਿਲਾਂ ਪਹਿਲਾਂ ਆਫੀਆ ਨੂੰ ਅਲ ਕੀਫਾ ਅਜ਼ੀਬ ਜਿਹੀ ਜਥੇਬੰਦੀ ਲੱਗਦੀ ਸੀ। ਉਸਨੂੰ ਲੱਗਦਾ ਸੀ ਕਿ ਇਹ ਜਥੇਬੰਦੀ ਸ਼ਾਇਦ ਜਿਹਾਦ ਲਈ ਉਤਨੀ ਕੁਮਿੱਟਡ ਨਹੀਂ ਹੈ। ਪਰ ਉਦੋਂ ਉਸਨੂੰ ਇਹ ਨਹੀਂ ਸੀ ਪਤਾ ਕਿ ਇਸੇ ਅਲ ਕੀਫਾ ਦਾ ਡਾਇਰੈਕਟਰ, ਮੁਸਤਫਾ ਸ਼ਾਲੇਬੀ, ਮਿਸਰ ਦੇ ਮਸ਼ਹੂਰ ਮੌਲਵੀ, ਸ਼ੇਖ ਓਮਰ ਅਬਦਲ ਰਹਿਮਾਨ ਨੂੰ ਅਮਰੀਕਾ ਲੈ ਕੇ ਆਇਆ ਸੀ ਤਾਂ ਕਿ ਜਿਹਾਦ ਨੂੰ ਜ਼ੋਰਦਾਰ ਢੰਗ ਨਾਲ ਫੈਲਾਇਆ ਜਾਵੇ। ਇਹ ਸ਼ੇਖ ਬਚਪਨ ਤੋਂ ਹੀ ਅੰਨਾ ਸੀ। ਉਸਦਾ ਇੱਕੋ ਹੀ ਨਾਅਰਾ ਸੀ ਕਿ ਗੈਰ-ਮੁਸਲਮਾਨਾਂ ਨੂੰ ਜਿੱਥੇ ਵੀ ਮੌਕਾ ਮਿਲੇ ਸਖਤੀ ਨਾਲ ਕੁਚਲ ਦਿਉ। ਅਲ ਕੀਫਾ ਦੇ ਇਲ ਸਈਅਦ ਨਾਸੇਰ ਨੇ 1990 ਵਿੱਚ ਐਂਟੀ ਅਰਬ ਜਿਊਇਸ਼ ਲੀਗ ਦੇ ਰਬੀ ਨੂੰ ਨਿਊਯਾਰਕ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਸੀ। ਥੋੜ੍ਹੀ ਦੇਰ ਪਿੱਛੋਂ ਹੀ ਅਲ ਕੀਫਾ ਦਾ ਡਾਇਰੈਕਟਰ ਮੁਸਤਫਾ



ਸ਼ਾਲੇਬੀ ਵੀ ਕਿਸੇ ਵੱਲੋਂ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਇਸ ਕਤਲ ਦਾ ਕਾਰਨ ਜਥੇਬੰਦੀ ਕੋਲ ਪਿਆ ਬਿਲੀਅਨ ਡਾਲਰਾਂ ਦਾ ਫੰਡ ਜਾਪਦਾ ਸੀ। ਉਂਝ ਇਹ ਬਹੁਤ ਹੀ ਭਿਆਨਕ, ਕਤਲੋ ਗਾਰਦ ਕਰਨ ਵਾਲੀ ਜਥੇਬੰਦੀ ਮੰਨੀ ਗਈ ਸੀ। ਬਾਸਟਨ ਵਿੱਚ ਆਫੀਆ ਦਾ ਦੋਸਤ ਸੁਹੇਲ ਲੈਹਰ ਇਸ ਜਥੇਬੰਦੀ ਨਾਲ ਜੁੜਿਆ ਹੋਇਆ ਸੀ। ਉਂਝ ਅਫਗਾਨਿਸਤਾਨ ਦਾ ਗੁਲਬਦਨ ਹੇਕਮਤਿਆਰ ਇਸਦਾ ਮੋਢੀ ਮੰਨਿਆਂ ਜਾਂਦਾ ਸੀ। ਇੱਥੇ ਹੀ ਆਫੀਆ ਇੱਕ ਹੋਰ ਜੋੜੇ ਦੇ ਸੰਪਰਕ ਵਿੱਚ ਆਈ। ਇਹ ਸੀ ਬਸਮ ਕੰਜ ਅਤੇ ਉਸਦੀ ਪਤਨੀ ਮਾਰਲੇਨ। ਕੰਜ ਜਿਹਾਦੀ ਸੀ ਜੋ ਕਿ ਅਫਗਾਨਿਸਤਾਨ ਵਿੱਚ ਲੜਨ ਗਿਆ ਸੀ। ਉੱਥੇ ਉਹ ਜ਼ਖ਼ਮੀ ਹੋ ਗਿਆ ਤੇ ਉਹ ਦੋਨੋਂ ਮੀਆਂ ਬੀਵੀ ਵਾਪਸ ਅਮਰੀਕਾ ਆ ਗਏ। ਆਪਣਾ ਇਲਾਜ ਕਰਵਾ ਕੇ ਕੰਜ, ਫਿਰ ਜਿਹਾਦ ਲਈ ਵਾਪਸ ਮੁੜ ਗਿਆ। ਪਹਿਲਾਂ ਉਹ ਲਿਬਨਾਨ ਵਿੱਚ ਰਿਹਾ ਤੇ ਇਸ ਪਿੱਛੋਂ ਉਹ ਬਾਸਨੀਆਂ ਚਲਿਆ ਗਿਆ। ਮਾਰਲੇਨ ਆਫੀਆ ਦੀ ਬਹੁਤ ਚੰਗੀ ਦੋਸਤ ਬਣ ਗਈ ਸੀ। ਇਸ ਸਮੇਂ ਦੌਰਾਨ ਬਾਸਨੀਆਂ ਵਿੱਚ ਮੁਸਲਮ ਲੋਕਾਂ ਨੂੰ ਮੱਦਦ ਦੀ ਲੋੜ ਸੀ। ਕਈ ਧਾਰਮਿਕ ਜਥੇਬੰਦੀਆਂ ਇਸ ਪਾਸੇ ਲੱਗੀਆਂ ਹੋਈਆਂ ਸਨ। ਆਫੀਆ ਵੀ ਅਲ ਕੀਫਾ ਦੇ ਨਾਮ ਹੇਠ ਫੰਡ ਇੱਕਠਾ ਕਰਨ ਲੱਗੀ ਜੋ ਕਿ ਜਿਹਾਦ ਵਿੱਚ ਮਾਰੇ ਜਾ ਰਹੇ ਜਿਹਾਦੀਆਂ ਦੇ ਬੱਚਿਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਵਿੱਚ ਵੰਡਿਆ ਜਾਂਦਾ ਸੀ। ਇੱਧਰ ਆਫੀਆ, ਅਲ ਕੀਫਾ ਲਈ ਫੰਡ ਇਕੱਠਾ ਕਰ ਰਹੀ ਸੀ ਉੱਧਰ ਜਰਸੀ ਸਿਟੀ ਜਿੱਥੇ ਕਿ ਸ਼ੇਖ ਅਬਦਲ ਰਹਮਾਨ ਉਮਰ ਰਹਿੰਦਾ ਸੀ ਇੱਕ ਹੋਰ ਕਾਰਵਾਈ ਚੱਲ ਰਹੀ ਸੀ। ਸ਼ੇਖ ਉਮਰ ਦੀ ਦੇਖ ਰੇਖ ਹੇਠਾਂ ਰਮਜੀ ਯੂਸਫ ਇੱਕ ਵੱਡਾ ਬੰਬ ਤਿਆਰ ਕਰ ਰਿਹਾ ਸੀ। ਰਮਜੀ ਯੂਸਫ ਦਾ ਚਾਚਾ, ਕੇ ਐਸ ਐਮ ਉਸ ਵੇਲੇ ਬਾਸਨੀਆਂ 'ਚ ਜਿਹਾਦ ਦੀ ਅਗਵਾਈ ਕਰ ਰਿਹਾ ਸੀ। ਭਾਵੇਂ ਆਫੀਆ ਅਤੇ ਰਾਮਜੀ ਵਿਚਕਾਰ ਕਦੇ ਮੁਲਾਕਾਤ ਨਹੀਂ ਹੋਈ ਸੀ ਪਰ ਉਂਝ ਦੋਨੋਂ ਇੱਕੋ ਹੀ ਸਰਕਲ ਵਿੱਚ ਵਿਚਰ ਰਹੇ ਸਨ। ਬੰਬ ਤਿਆਰ ਹੋਣ ਤੋਂ ਬਾਅਦ ਸ਼ੇਖ ਅਬਦਲ ਰਹਮਾਨ ਉਮਰ ਨੇ ਢਾਈ ਲੱਖ ਅਮਰੀਕਣਾਂ ਨੂੰ ਮਾਰਨ ਦਾ ਫਤਵਾ ਜਾਰੀ ਕਰ ਦਿੱਤਾ। ਰਮਜੀ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਦਾ ਜਿੰਮਾ ਓਟ ਲਿਆ। ਫਰਵਰੀ 23, 1992 ਨੂੰ ਦੁਪਹਿਰ ਵੇਲੇ ਰਮਜੀ ਯੂਸਫ ਨੇ ਆਪਣੇ ਦੋਸਤ ਦੀ ਮੱਦਦ ਨਾਲ ਇੱਕ ਪਿੱਕ ਅੱਪ ਟਰੱਕ ਕਿਰਾਏ 'ਤੇ ਲਿਆ ਅਤੇ ਇਸ ਵਿੱਚ ਬੰਬ ਰੱਖ ਲਿਆ। ਬੰਬ ਪੰਦਰਾਂ ਸੌ ਪੌਂਡ ਭਾਰਾ ਸੀ। ਰਮਜੀ ਹੋਰਾਂ ਦੀ ਸੋਚ ਇਹ ਸੀ ਕਿ ਇਹ ਬੰਬ ਜਦੋਂ ਚੱਲਿਆ ਤਾਂ ਨਾਰਥ ਟਾਵਰ ਹੇਠਾਂ ਆ ਡਿੱਗੇਗਾ। ਇਸ ਤੋਂ ਇਲਾਵਾ ਇਹ ਡਿੱਗਦਾ ਹੋਇਆ ਟਾਵਰ ਨਾਲ ਹੀ ਸਾਊਥ ਟਾਵਰ ਨੂੰ ਵੀ ਡੇਗਣ ਵਿੱਚ ਕਾਮਯਾਬ ਹੋ ਜਾਵੇਗਾ। ਇਸ ਤਰ੍ਹਾਂ ਇਨ੍ਹਾਂ ਟਾਵਰਾਂ ਵਿਚਲੇ ਸਾਰੇ ਲੋਕ ਮਾਰੇ ਜਾਣਗੇ। ਉਨ੍ਹਾਂ ਬੰਬ ਲੱਦਿਆ ਟਰੱਕ, ਨਾਰਥ ਟਾਵਰ ਦੇ ਹੇਠਾਂ ਬਣੇ ਪਾਰਕਿੰਗ ਲਾਟ ਦੇ ਬਲਾਕ ਬੀ ਵਿੱਚ ਖੜ੍ਹਾ ਕਰਕੇ ਦੂਰੋਂ ਰਿਮੋਟ ਨਾਲ ਇਸ ਨੂੰ ਚਲਾ ਦਿੱਤਾ ਤੇ ਭੱਜ ਨਿਕਲੇ। ਬੰਬ ਫਟ ਗਿਆ ਪਰ ਇਸਨੇ ਉਨ੍ਹਾਂ ਦੀ ਸੋਚ ਦੇ ਉਲਟ ਬਹੁਤ ਥੋੜ੍ਹਾ ਨੁਕਸਾਨ ਕੀਤਾ। ਇਸ ਵਿੱਚ ਕੁੱਲ ਛੇ ਮੌਤਾਂ ਹੋਈਆਂ। ਇਸ ਪਿੱਛੋਂ ਰਮਜੀ ਯੂਸਫ ਫਲਾਈਟ ਲੈ ਕੇ ਪਾਕਿਸਤਾਨ ਭੱਜ ਗਿਆ। ਚਾਰ ਮਾਰਚ ਨੂੰ ਉਹ ਬੰਦਾ ਫੜ੍ਹਿਆ ਗਿਆ ਜਿਸਦੇ ਨਾਂ 'ਤੇ ਟਰੱਕ ਕਿਰਾਏ ਉੱਪਰ ਲਿਆ ਗਿਆ ਸੀ। ਇਸ ਨਾਲ ਹੋਰ ਗ੍ਰਿਫਤਾਰੀ ਸ਼ੁਰੂ ਹੋ ਗਈਆਂ। ਉਂਝ ਇਸ ਬੰਬ ਧਮਾਕੇ ਨੇ ਅਮਰੀਕਾ ਦੀਆਂ ਖੁਫੀਆ ਏਜੈਂਸੀਆਂ ਵਿੱਚ ਤਹਿਲਕਾ ਮਚਾ ਦਿੱਤਾ। ਅਮਰੀਕਾ ਦੀ ਧਰਤੀ 'ਤੇ ਦੁਸ਼ਮਣਾਂ ਰਾਹੀਂ ਇਸ ਤਰ੍ਹਾਂ ਦਾ ਕੰਮ ਇਸ ਤੋਂ ਪਹਿਲਾਂ 1812 ਵਿੱਚ ਹੋਇਆ ਸੀ। ਆਫੀਆ ਨੇ ਅਲ ਕੀਫਾ ਦੇ ਪਰਚੇ ਵਿੱਚ ਇਹ ਕੰਮ ਕਰਨ ਵਾਲਿਆਂ ਦੀ ਪ੍ਰਸੰਸਾ ਕੀਤੀ ਅਤੇ ਹੋਰ ਲੋਕਾਂ ਨੂੰ ਜਿਹਾਦ ਵਿੱਚ ਭਰਤੀ ਹੋਣ ਦੀ ਅਪੀਲ ਕੀਤੀ। ਉੱਧਰ ਐਫ. ਬੀ. ਆਈ. ਇਸ ਯੋਜਨਾ ਦੀ ਤਹਿ ਤੱਕ ਪਹੁੰਚ ਗਈ। ਅੰਨਾ ਸ਼ੇਖ ਅਬਦਲ ਰਹਮਾਨ ਉਮਰ, ਗ੍ਰਿਫਤਾਰ ਕਰ ਲਿਆ ਗਿਆ ਅਤੇ ਮੁੱਖ ਦੋਸ਼ੀ ਰਮਜੀ ਯੂਸਫ ਨੂੰ ਮੋਸਟ ਵਾਂਟਡ ਲਿਸਟ 'ਤੇ ਪਾ ਦਿੱਤਾ। ਐਫ. ਬੀ. ਆਈ. ਇਸ ਸਾਜਿਸ਼ ਦੀਆਂ ਪਰਤਾਂ ਖੋਲ੍ਹਦਿਆਂ ਬਰੁੱਕਲਿਨ

ਦੇ ਅਲ ਕੀਫ਼ਾ ਦਫਤਰ ਤੱਕ ਜਾ ਪਹੁੰਚੀ। ਉਦੋਂ ਨੂੰ ਅਲ ਕੀਫਾ ਵਾਲਿਆਂ ਨੇ ਇਸਦੇ ਦਫਤਰ ਬਗੈਰਾ ਬੰਦ ਕਰ ਦਿੱਤੇ। ਆਫੀਆ ਅਤੇ ਉਸਦੇ ਦੋਸਤਾਂ ਨੇ ਅਲ ਕੀਫਾ ਦੀ ਥਾਂ 'ਤੇ ਕੇਅਰ ਇੰਟਰਨੈਸ਼ਨਲ ਜਥੇਬੰਦੀ ਤਿਆਰ ਕਰ ਲਈ। ਉਨ੍ਹਾਂ ਇਸ ਨਾਂ ਥੱਲੇ ਫੰਡ ਬਗੈਰਾ ਇਕੱਠੇ ਕਰਨੇ ਜਾਰੀ ਰੱਖੇ।

ਐਫ. ਬੀ. ਆਈ., ਰਮਜੀ ਯੂਸਫ ਦਾ ਪਿੱਛਾ ਕਰਦਿਆਂ ਪਿਸ਼ਾਵਰ ਜਾ ਪਹੁੰਚੀ। ਉੱਥੋਂ ਅੱਗੇ ਕੁਇਟਾ ਤੱਕ ਚਲੀ ਗਈ। ਅੱਗੇ ਪਾਕਿਸਤਾਨੀ ਪੁਲਿਸ ਦੀ ਮੱਦਦ ਨਾਲ ਉਨ੍ਹਾਂ ਰਮਜੀ ਦੇ ਚਾਚੇ ਦੇ ਘਰ ਛਾਪਾ ਮਾਰਿਆ ਪਰ ਉਦੋਂ ਤੱਕ ਰਮਜੀ ਯੂਸਫ ਉੱਥੋਂ ਵੀ ਭੱਜ ਗਿਆ ਸੀ। ਪਾਕਿਸਤਾਨੀ ਪੁਲੀਸ ਨੇ ਐਫ. ਬੀ. ਆਈ. ਨੂੰ ਦੱਸਿਆ ਕਿ ਰਮਜੀ ਯੂਸਫ ਦੇ ਸ਼ਾਇਦ ਆਈ ਐਸ ਆਈ ਦੇ ਅੰਦਰ ਤੱਕ ਲਿੰਕ ਹਨ, ਨਹੀਂ ਤਾਂ ਉਹ ਇੰਨੇ ਜ਼ਬਰਦਸਤ ਘੇਰੇ 'ਚੋਂ ਨਿਕਲ ਨਹੀਂ ਸੀ ਸਕਦਾ। ਇੱਥੇ ਹੀ ਐਫ. ਬੀ. ਆਈ. ਨੂੰ ਪਤਾ ਲੱਗਿਆ ਕਿ ਰਮਜੀ ਯੂਸਫ ਦਾ ਅਸਲੀ ਨਾਂ ਅਬਦੁਲ ਬਸਤ ਕਰੀਮ ਹੈ। ਇਸ ਨਾਲ ਇਨਵੈਸਟੀਗੇਸ਼ਨ ਟੀਮ ਹੋਰ ਵੀ ਸ਼ਸ਼ੋਪੰਜ ਵਿੱਚ ਪੈ ਗਈ। ਖੈਰ ਰਮਜੀ ਯੂਸਫ ਐਫ. ਬੀ. ਆਈ. ਦੇ ਹੱਥ ਨਾ ਆਇਆ।

ਇੱਧਰ ਬਾਸਟਨ ਮੈਸਾਚੂਸਸ ਵਿੱਚ ਕੇਅਰ ਇੰਟਰਨੈਸ਼ਨਲ ਧੜੱਲੇ ਨਾਲ ਕੰਮ ਕਰਨ ਲੱਗੀ। ਲੱਖਾਂ ਡਾਲਰਾਂ ਦਾ ਫੰਡ ਆ ਰਿਹਾ ਸੀ। ਅਲ ਕੀਫਾ ਦਾ ਜੋ ਪ੍ਰਚਾਰ ਕਰਨ ਦਾ ਕੰਮ ਸੀ ਉਹ ਵੀ ਕੇਅਰ ਇੰਟਰਨੈਸ਼ਨਲ ਨੇ ਸੰਭਾਲ ਲਿਆ। ਆਫੀਆ ਇਸ ਜਥੇਬੰਦੀ ਦੀ ਆਲ ਇਨ ਆਲ ਬਣਦੀ ਜਾ ਰਹੀ ਸੀ। ਉਹ ਹਰ ਵੇਲੇ ਜਿਹਾਦ ਦੀ ਗੱਲ ਕਰਦੀ। ਹਰ ਰੋਜ਼ ਫੰਡ ਇਕੱਠਾ ਕਰਨ ਲਈ ਮੀਟਿੰਗਾਂ ਸੱਦਦੀ। ਬਾਸਨੀਆਂ ਵਿੱਚ ਹੋ ਰਹੀਆਂ ਘਟਨਾਵਾਂ ਨੂੰ ਵਧਾ ਚੜ੍ਹਾ ਕੇ ਦੱਸਦਿਆਂ ਉਹ ਮੁਸਲਿਮ ਭਾਈਚਾਰੇ ਨੂੰ ਭੜਕਾਉਣ ਦਾ ਕੰਮ ਕਰਦੀ। ਉੱਥੇ ਹੋ ਰਹੇ ਜ਼ੁਲਮਾਂ ਦਾ ਬਦਲਾ ਲੈਣ ਲਈ ਉਹ ਮੁਸਲਮਾਨ ਨੌਜਵਾਨਾਂ ਨੂੰ ਵੰਗਾਰ ਕੇ ਜਿਹਾਦ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਤ ਕਰਦੀ। ਉਹ ਹਰ ਤਰ੍ਹਾਂ ਦਾ ਪਰਾਪੇਗੰਡਾ ਕਰ ਰਹੀ ਸੀ। ਉਸਦਾ ਪ੍ਰਭਾਵਸ਼ਾਲੀ ਬੁਲਾਰੀ ਹੋਣਾ, ਲੋਕਾਂ 'ਤੇ ਬਹੁਤ ਅਸਰ ਪਾਉਂਦਾ ਸੀ। ਇਸੇ ਦੌਰਾਨ ਬਾਸਨੀਆਂ 'ਚੋਂ ਮੁਸਲਮਾਨ ਲੋਕਾਂ 'ਤੇ ਹੋ ਰਹੇ ਅੱਤਿਆਚਾਰਾਂ ਦੀਆਂ ਕੈਸਿਟਾਂ ਆਉਣ ਲੱਗੀਆਂ। ਕੁਝ ਲੋਕ ਇਸਨੂੰ ਮਨਘੜਤ ਵੀ ਮੰਨਦੇ ਸਨ ਪਰ ਆਫੀਆ ਲਈ ਇਹ ਹਥਿਆਰ ਹੋਰ ਵੀ ਕਾਰਗਾਰ ਸਾਬਤ ਹੋਇਆ। ਇਸੇ ਦੌਰਾਨ ਉਹ ਛੁੱਟੀਆਂ ਮਨਾਉਣ ਲਈ ਪਾਕਿਸਤਾਨ ਚਲੀ ਗਈ। ਉੱਥੇ ਉਸਦੀ ਮਾਂ ਉਸਦੀ ਕਾਰਗੁਜ਼ਾਰੀ ਤੋਂ ਬਹੁਤ ਖੁਸ਼ ਸੀ। ਉਸਨੇ ਆਫੀਆ ਦੇ ਕਈ ਥਾਈਂ ਭਾਸ਼ਨ ਕਰਵਾਏ ਜੋ ਕਿ ਬੜੇ ਪ੍ਰਭਾਵਸ਼ਾਲੀ ਰਹੇ। ਇਸੇ ਦੌਰਾਨ ਇੱਕ ਜਾਹਿਰਾ ਖਾਨ ਨਾਂ ਦੀ ਅਮੀਰ ਔਰਤ ਨੇ ਆਫੀਆ ਨੂੰ ਆਪਣੇ ਕਿਸੇ ਗਰੁੱਪ ਵਿੱਚ ਲੈਕਚਰ ਦੇਣ ਦਾ ਸੱਦਾ ਦਿੱਤਾ। ਆਫੀਆ ਨੇ ਇਹ ਕੰਮ ਖੁਸ਼ੀ ਖੁਸ਼ੀ ਕੀਤਾ। ਜਾਹਿਰਾ ਖਾਨ ਦਾ ਅਸਲੀ ਮਕਸਦ ਹੋਰ ਸੀ। ਉਹ ਆਪਣੇ ਡਾਕਟਰੀ ਪੜ੍ਹ ਰਹੇ ਪੁੱਤਰ, ਅਮਜਦ ਲਈ ਲਾੜੀ ਭਾਲ ਰਹੀ ਸੀ। ਉਸਨੂੰ ਆਪਣੇ ਪੁੱਤਰ ਲਈ ਆਫੀਆ ਦਾ ਰਿਸ਼ਤਾ ਬਹੁਤ ਢੁੱਕਵਾਂ ਲੱਗਿਆ। ਉਸਨੇ ਇਸ ਲਈ ਆਫੀਆ ਦੀ ਮਾਂ ਇਸਮਤ ਨਾਲ ਗੱਲਬਾਤ ਕੀਤੀ। ਆਫੀਆ ਦੀ ਮਾਂ ਨੂੰ ਇਹ ਰਿਸ਼ਤਾ ਪਸੰਦ ਆਇਆ। ਪਰ ਜਦੋਂ ਅਮਜਦ ਨਾਲ ਗੱਲ ਕੀਤੀ ਗਈ ਤਾਂ ਉਸਨੇ ਕਿਹਾ ਕਿ ਆਫੀਆ ਤਾਂ ਉਸਨੂੰ ਬਹੁਤ ਪਸੰਦ ਹੈ ਪਰ ਉਸਦਾ ਕੰਮ ਉਸਨੂੰ ਜ਼ਿਆਦਾ ਪਸੰਦ ਨਹੀਂ। ਉਹ ਆਫੀਆ ਵਰਗਾ ਕੱਟੜ ਧਾਰਮਿਕ ਨਹੀਂ ਸੀ। ਆਫੀਆ ਜੋ ਲੈਕਚਰ ਦੇ ਰਹੀ ਸੀ ਉਹ ਵੀ ਅਮਜਦ ਨੂੰ ਸਚਾਈ ਤੋਂ ਕੋਰੇ ਲੱਗੇ। ਪਰ ਉਸਨੇ ਆਪਣੀ ਮਾਂ ਨੂੰ ਸਿੱਧਾ ਜੁਆਬ ਦੇਣ ਦੀ ਥਾਂ ਕੁਝ ਦੇਰ ਰੁਕਣ ਦੀ ਸਲਾਹ ਦਿੱਤੀ। ਆਫੀਆ ਛੁੱਟੀਆਂ ਬਿਤਾ ਕੇ ਵਾਪਸ ਅਮਰੀਕਾ ਮੁੜ ਆਈ। ਇਸ ਵਾਰ ਆਫੀਆ ਜਦੋਂ ਵਾਪਸ ਅਮਰੀਕਾ ਪਹੁੰਚੀ ਤਾਂ ਉਹ ਬਹੁਤ ਹੀ ਉਤਸ਼ਾਹ ਵਿੱਚ ਸੀ। ਉਸਦੇ ਅੰਦਰ ਜਿਹਾਦ ਪ੍ਰਤੀ ਜੋਸ਼ ਠਾਠਾਂ ਮਾਰ ਰਿਹਾ ਸੀ। ਉਸਨੇ ਪੂਰੇ ਜ਼ੋਰ ਨਾਲ ਸਾਰੇ ਕੰਮ ਆਰੰਭ ਦਿੱਤੇ। ਇਨ੍ਹੀਂ ਦਿਨੀਂ ਉਸਨੇ ਨਵੀਂ ਪੀੜ੍ਹੀ ਦੇ ਮੁਸਲਿਮ ਬੁੱਧੀਜੀਵੀ ਸਲਮਨ ਅਲ ਓਦਾ ਦੀ ਲਿਖੀ ਕਿਤਾਬ



ਪੜ੍ਹੀ ਜਿਸਦਾ ਨਾਂ ਸੀ 'ਦਾ ਐਂਡ ਆਫ ਹਿਸਟਰੀ'। ਇਹ ਬੁੱਧੀਜੀਵੀ ਉਸ ਮੌਲਵੀ ਦਾ ਵਿਦਿਆਰਥੀ ਸੀ ਜਿਸਨੂੰ ਉਸਾਮਾ ਬਿਨ ਲਾਦਿਨ ਆਪਣਾ ਧਾਰਮਿਕ ਗੁਰੂ ਮੰਨਦਾ ਸੀ। ਇਸ ਕਿਤਾਬ ਵਿੱਚ ਉਸਨੇ ਲਿਖਿਆ ਹੈ ਕਿ ਮੌਜੂਦਾ ਲਿਬਰਲ ਡੈਮੋਕਰੇਸੀ ਅਸਲੀ ਇਨਸਾਨੀ ਗੌਰਮਿੰਟ ਤੋਂ ਕੋਹਾਂ ਦੂਰ ਹੈ। ਉਸ ਮੁਤਾਬਕ ਇਹ ਡੈਮੋਕਰੇਸੀ ਛੇਤੀ ਹੀ ਢਹਿ ਢੇਰੀ ਹੋ ਜਾਵੇਗੀ। ਉਸਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਡੈਮੋਕਰੇਸੀ ਖਤਮ ਹੋਣ ਨਾਲ ਹੀ ਮੁਸਲਿਮ ਕੌਮ 'ਤੇ ਹੋ ਰਹੇ ਅੱਤਿਆਚਾਰ ਬੰਦ ਹੋਣਗੇ ਅਤੇ ਸੱਚੇ ਰੂਪ ਵਿੱਚ ਮੁਸਲਿਮ ਰਾਜ ਸਥਾਪਤ ਹੋਵੇਗਾ। ਉਸਨੇ ਇਸ 'ਐਂਡ ਆਫ ਹਿਸਟਰੀ 'ਚ ਇੱਥੋਂ ਤੱਕ ਕਿਹਾ ਕਿ ਇਸ ਤਰ੍ਹਾਂ ਦੀ ਡੈਮੋਕਰੇਸੀ ਨੂੰ ਖਤਮ ਕਰਨ ਵਿੱਚ ਹਰ ਇੱਕ ਨੂੰ ਹਿੱਸਾ ਪਾਉਣਾ ਚਾਹੀਦਾ ਹੈ ਅਤੇ ਇਸਨੂੰ ਖਤਮ ਕਰਨ ਲਈ ਇੱਕੋ ਹੀ ਤਰੀਕਾ ਹੈ 'ਜਿਹਾਦ'। ਉਸਨੇ ਜ਼ੋਰ ਦੇ ਕੇ ਕਿਹਾ ਕਿ ਕੋਈ ਵੀ ਮੁਸਲਮਾਨ ਭਾਵੇਂ ਕਿਤੇ ਵੀ ਹੈ, ਜਿਹਾਦ ਵਿੱਚ ਹਿੱਸਾ ਪਾਉਣਾ ਉਸਦਾ ਪਹਿਲਾ ਕਰਤੱਵ ਹੈ। ਅਜਿਹੇ ਸਕਾਲਰਾਂ ਦੀ ਥਿਊਰੀ, ਆਫੀਆ ਆਪਣੇ ਹਰ ਲੈਕਚਰ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕਰਦੀ ਸੀ। ਗੈਰ-ਮੁਸਲਮਾਨਾਂ ਨੇ ਇਸ ਤਰ੍ਹਾਂ ਦੇ ਨਫਰਤ ਭਰੇ ਲੈਕਚਰ ਕਦੇ ਨਹੀਂ ਸੁਣੇ ਸਨ। ਜਦੋਂ ਹੀ ਕੁਝ ਕੁ ਅਜਿਹੇ ਲੋਕਾਂ ਨੇ ਆਫੀਆ ਵਰਗਿਆਂ ਦੇ ਅਜਿਹੇ ਲੈਕਚਰ ਸੁਣੇ ਤਾਂ ਉਹ ਹੈਰਾਨ ਰਹਿ ਗਏ ਕਿ ਇਨ੍ਹਾਂ ਵਿੱਚ ਜਹੂਦੀਆਂ ਅਤੇ ਖਾਸਕਰ ਪੱਛਮ ਪ੍ਰਤੀ ਇੰਨੀ ਨਫਰਤ ਭਰੀ ਹੋਈ ਹੈ। ਇੱਥੇ ਇਹ ਵੀ ਗੱਲ ਖਾਸ ਧਿਆਨ ਦੇਣ ਵਾਲੀ ਸੀ ਕਿ ਜਦੋਂ ਵੱਡੇ ਵੱਡੇ ਮੁਸਲਿਮ ਸਕਾਲਰ ਆਪਣੇ ਭਾਸ਼ਨਾਂ 'ਚ ਔਰਤ ਦਾ ਦਰਜ਼ਾ ਆਦਮੀ ਤੋਂ ਥੱਲੇ ਦੱਸਦੇ ਸਨ ਜਾਂ ਔਰਤਾਂ ਨੂੰ ਪਰਦੇ ਪਿੱਛੇ ਰੱਖਣ ਦੀ ਗੱਲ ਕਰਦੇ ਸਨ ਤਾਂ ਉਹ ਆਫੀਆ ਵਰਗੀਆਂ ਲੜਕੀਆਂ ਨੂੰ ਮੁਸਲਿਮ ਸਮਾਜ ਦੀਆਂ ਟਰੂ-ਸਿਸਟਰਜ਼ ਕਹਿੰਦੇ ਸਨ। ਆਫੀਆ ਵਰਗੀਆਂ ਵੀ ਉਨ੍ਹਾਂ ਦੇ ਔਰਤਾਂ ਪ੍ਰਤੀ ਵੱਖਰੇ ਵਤੀਰੇ ਨਾਲ ਸਹਿਮਤ ਹੁੰਦੀਆਂ ਇਸੇ ਸੋਚ ਦੀ ਧਾਰਨੀ ਬਣਦੀਆਂ ਸਨ ਕਿ ਔਰਤ ਪਰਦੇ ਪਿੱਛੇ ਰਹਿ ਕੇ ਅਤੇ ਆਦਮੀ ਨੂੰ ਆਪਣਾ ਮਾਲਕ ਮੰਨ ਕੇ ਹੀ ਸਹੀ ਰੂਪ 'ਚ ਧਰਮ ਦੀ ਪਾਲਣਾ ਕਰ ਸਕਦੀ ਹੈ। ਇੱਥੇ ਕੁ ਆ ਕੇ ਆਫੀਆ ਨੇ ਇੱਕ ਹੋਰ ਗਰੁੱਪ ਕਾਇਮ ਕਰ ਲਿਆ ਜਿਸਦਾ ਨਾਂ ਸੀ 'ਦਵਾਹ ਰੀਸੋਰਸਜ਼ ਸੈਂਟਰ'। ਇਸ ਵਿੱਚ ਉਸਨੇ ਕੱਟੜ ਬੁਲਾਰੇ ਮੈਂਬਰ ਬਣਾਏ ਜਿਹੜੇ ਕਿ ਖਾਸ ਕੁਮਿੱਟਡ ਲੋਕਾਂ ਮੂਹਰੇ ਹੀ ਭਾਸ਼ਣ ਦਿੰਦੇ ਸਨ ਜਾਂ ਅਜਿਹਿਆਂ ਨਾਲ ਹੀ ਗੱਲਬਾਤ ਕਰਦੇ ਸਨ। ਆਫੀਆ ਬਾਹਰੋਂ ਵੀ ਇਸ ਗਰੁੱਪ ਰਾਹੀਂ ਅਜਿਹੇ ਬੁਲਾਰਿਆਂ ਨੂੰ ਬੁਲਾਉਂਦੀ ਸੀ ਜੋ ਕਿ ਮੁਸਲਿਮ ਸਮਾਜ ਵਿੱਚ ਜਾਣੇ ਪਹਿਚਾਣੇ ਨਾਂ ਸਨ ਅਤੇ ਜਿਹੜੇ ਖੁੱਲ੍ਹਮ ਖੁੱਲ੍ਹਾ ਅਮਰੀਕਾ ਦਾ ਵਿਰੋਧ ਕਰਦੇ ਸਨ। ਉਸਨੇ ਬਾਸਟਨ ਵਿੱਚ ਹੀ ਇੱਕ ਅਜਿਹਾ ਇਮਾਮ ਲੱਭ ਲਿਆ ਜੋ ਕਿ ਜੇਲ੍ਹ ਮੈਨੂਅਲ ਮੁਤਾਬਕ ਹਰ ਹਫਤੇ ਜੇਲ੍ਹ 'ਚ ਜਾ ਕੇ ਮੁਸਲਿਮ ਕੈਦੀਆਂ ਨੂੰ ਧਾਰਮਿਕ ਸਿਖਿਆ ਦਿੰਦਾ ਮੌਲਵੀ ਦਾ ਕਰਤੱਵ ਨਿਭਾਉਂਦਾ ਸੀ। ਇਸਦੇ ਰਾਹੀਂ ਉਸਨੇ ਜੇਲ੍ਹਾਂ 'ਚ ਬੰਦ ਮੁਸਲਿਮ ਕੈਦੀਆਂ ਨੂੰ ਖਾਸ ਕਿਤਾਬਾਂ ਪਹੁੰਚਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਅਜਿਹੀਆਂ ਕਿਤਾਬਾਂ ਸਨ ਜੋ ਕਿ ਗੈਰ ਮੁਸਲਮਾਨਾਂ ਦੇ ਲਹੂ ਦੀਆਂ ਨਦੀਆਂ ਵਹਾਉਣ ਦੀਆਂ ਗੱਲਾਂ ਕਰਦੀਆਂ ਸਨ। ਉਹ ਅਮਰੀਕਾ ਦੇ ਪੁਰਾਣੇ ਬੁੱਕ ਸਟੋਰਾਂ ਤੋਂ ਯੂ ਐਸ ਮਿਲਟਰੀ ਮੈਨੂਅਲ ਵਰਗੀਆਂ ਕਿਤਾਬਾਂ ਖਰੀਦਣ ਲੱਗੀ ਜੋ ਕਿ ਉਹ ਅਗਾਂਹ ਜਿਹਾਦੀਆਂ ਤੱਕ ਪਹੁੰਚਾਉਂਦੀ ਸੀ। ਉਸਨੇ ਆਪ ਵੀ ਸੈਲਿਫ ਡਿਫੈਂਸ ਵਰਗੀਆਂ ਅਤੇ ਰਾਈਫਲ ਪਿਸਟਲ ਚਲਾਉਣ ਜਿਹੀਆਂ ਕਲਾਸਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ। 1993 ਦੀਆਂ ਗਰਮੀਆਂ 'ਚ ਅਮਰੀਕਣ ਗੌਰਮਿੰਟ ਨੇ ਇੱਕ ਹੋਰ ਸਾਜਿਸ਼ ਦੀ ਪੋਲ ਖੋਲ੍ਹ ਲਈ। ਇਹ ਸੀ ਜਿਹਾਦੀਆਂ ਦੁਆਰਾ ਯੂ. ਐਨ. ਓ. ਦੀ ਬਿਲਡਿੰਗ ਅਤੇ ਨਿਊਯਾਰਕ ਸ਼ਹਿਰ ਦੀਆਂ ਟਨਲਾਂ ਨੂੰ ਬੰਬਾਂ ਨਾਲ ਉਡਾਉਣ ਦੀ ਸਾਜਿਸ਼। ਇਸ ਸਾਜਿਸ਼ ਵਿੱਚ ਫੜ੍ਹੇ ਗਏ ਬੰਦੇ, ਅੰਡਰ ਗਰਾਊਂਡ ਚਲੀ ਗਈ ਜਥੇਬੰਦੀ ਅਲ ਕੀਫਾ ਦੇ ਮੈਂਬਰ ਸਨ। ਅਵੱਸ਼ ਹੀ ਇਸ ਸਾਜਿਸ਼ ਬਾਰੇ ਆਫੀਆ ਨੂੰ ਪਤਾ ਸੀ। ਇੱਕ ਪਾਸੇ ਉਹ ਇੰਨੀ ਵਾਇਲੈਂਟ ਚੱਲ ਰਹੀ ਸੀ ਪਰ ਦੂਜੇ ਪਾਸੇ ਇਹਨੀਂ ਦਿਨੀਂ ਆਪਦੇ ਘਰ ਇੱਕ ਨਵੀਂ ਲਿਖੀ

ਕਵਿਤਾ ਭੇਜੀ ਜਿਸ ਵਿੱਚ ਉਸਨੇ ਬਾਸਟਨ ਅਤੇ ਅਮਰੀਕਾ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕੀਤਾ ਸੀ ਪਰ ਆਖਰ ਵਿੱਚ ਲਿਖਿਆ ਸੀ ਕਿ ਹੁਣ ਉਹ ਦਿਨ ਦੂਰ ਨਹੀਂ ਹੈ, ਜਦੋਂ ਕਿ ਸਮੁੱਚਾ ਅਮਰੀਕਾ ਮੁਸਲਿਮ ਬਣ ਜਾਵੇਗਾ। ਇਸ ਤੋਂ ਉਸਦੇ ਅੰਦਰਲੇ ਮਨੋਭਾਵਾਂ ਦਾ ਪਤਾ ਲੱਗਦਾ ਹੈ।

3

1994 ਦੇ ਸ਼ੁਰੂ 'ਚ ਆਫੀਆ ਬਾਸਟਨ ਵਿੱਚ ਦੋ ਨਵੀਆਂ ਜਥੇਬੰਦੀਆਂ ਲਈ ਮੀਟਿੰਗਾਂ ਦਾ ਪ੍ਰਬੰਧ ਕਰ ਰਹੀ ਸੀ। ਇਹ ਦੋਨੋਂ ਕੇਅਰ ਇੰਟਰਨੈਸ਼ਨਲ ਤੋਂ ਵੱਖਰੀਆਂ ਸਨ। ਇੱਕ ਸੀ ਗਲੋਬਲ ਰਿਲੀਫ ਫਾਉਂਡੇਸ਼ਨ ਅਤੇ ਦੂਸਰੀ ਦਾ ਨਾਂ ਸੀ ਬੈਨੇਵੋਲੈਂਸ ਇੰਟਰਨੈਸ਼ਨਲ ਫਾਉਂਡੇਸ਼ਨ। ਉਹ ਵਿਖਾਵਾ ਇਹ ਕਰ ਰਹੀ ਸੀ ਕਿ ਇਹ ਜਥੇਬੰਦੀਆਂ ਗਰੀਬਾਂ ਦੀ ਮੱਦਦ ਲਈ ਫੰਡ ਇਕੱਠਾ ਕਰਨ ਵਾਲੀਆਂ ਹਨ। ਪਰ ਅਸਲ ਵਿੱਚ ਇਹ ਦੋਨੋਂ ਹੀ ਅਲ ਕਾਇਦਾ ਨਾਲ ਜੁੜੀਆਂ ਹੋਈਆਂ ਸਨ। ਬੈਨੇਵੋਲੈਂਸ ਇੰਟਰਨੈਸ਼ਨਲ ਦਾ ਡਾਇਰੈਕਟਰ, ਇੱਕ ਛੱਬੀ ਸਾਲਾ, ਸੁਲੇਮਾਨ ਐਹਮਰ ਨਾਮੀ ਪਾਕਿਸਤਾਨੀ ਸੀ ਜੋ ਕਿ ਆਫੀਆ ਵਾਂਗੂੰ ਹੀ ਜਿਹਾਦ ਨਾਲ ਜੁੜਿਆ ਹੋਇਆ ਸੀ। ਉਹ ਬਾਸਨੀਆਂ ਵਿੱਚ ਵੀ ਰਹਿ ਚੁੱਕਿਆ ਸੀ। ਉਹ ਵੀ ਆਫੀਆ ਤੋਂ ਬਹੁਤ ਪ੍ਰਭਾਵਤ ਸੀ, ਖਾਸਕਰ ਉਸਦੇ ਲੈਕਚਰ ਦੇਣ ਦੇ ਲਹਿਜ਼ੇ ਤੋਂ। ਸੁਲੇਮਾਨ ਨੇ ਆਫੀਆ ਨੂੰ ਬਾਸਨੀਆਂ ਵਿੱਚ ਲੜ੍ਹ ਰਹੀ ਇੱਕ ਜਿਹਾਦੀ ਲੜਕੀ, ਕਾਮੀਲਾ ਦੀ ਕਹਾਣੀ ਸੁਣਾਈ। ਜਿਸ ਦੇ ਕਾਰਨਾਮੇ ਬੜੇ ਬਹਾਦਰੀ ਭਰੇ ਸਨ। ਸਭ ਜਿਹਾਦੀ ਉਸਦੀ ਤਾਰੀਫ ਕਰਦੇ ਸਨ। ਉਹ ਬੰਦੂਕ ਲੈ ਕੇ ਘਰਵਾਲੇ ਦੇ ਨਾਲ ਲੜਾਈ ਵਿੱਚ ਹਿੱਸਾ ਲੈਂਦੀ ਸੀ। ਇਥੋਂ ਹੀ ਆਫੀਆ ਦੇ ਦਿਮਾਗ 'ਚ ਸੱਚਮੁੱਚ ਲੜਾਈ ਦੇ ਮੈਦਾਨ ਵਿੱਚ ਜਾਣ ਦਾ ਵਿਚਾਰ ਆਇਆ। ਪਰ ਉਹ ਇਸ ਗੱਲ ਨਾਲ ਵੀ ਸਹਿਮਤ ਸੀ ਕਿ ਇਸਲਾਮਿਕ ਅਸੂਲਾਂ ਮੁਤਾਬਕ ਉਹ ਵੀ ਘਰਵਾਲੇ ਜਾਂ ਕਿਸੇ ਪਰਿਵਾਰਕ ਮੈਂਬਰ ਬਿਨਾਂ ਜਿਹਾਦ ਵਿੱਚ ਨਹੀਂ ਜਾ ਸਕਦੀ। ਫਿਰ ਆਫੀਆ ਦੇ ਦਿਮਾਗ 'ਚ ਇਹ ਖਿਆਲ ਆਇਆ ਕਿ ਉਹ ਕਿਸੇ ਅਜਿਹੇ ਬੰਦੇ ਨਾਲ ਵਿਆਹ ਕਰਵਾਏ ਜੋ ਕਿ ਉਸ ਨਾਲ ਜਿਹਾਦ 'ਚ ਜਾਣ ਲਈ ਤਿਆਰ ਹੋਵੇ। ਉਸਦੀਆਂ ਕੁਝ ਸਹੇਲੀਆਂ ਵੀ ਸਨ ਜਿਨ੍ਹਾਂ ਦੇ ਪਤੀ ਕਿਤੇ ਨਾ ਕਿਤੇ ਜਿਹਾਦੀ ਵਜੋਂ ਲੜ੍ਹ ਰਹੇ ਸਨ ਅਤੇ ਉਹ ਇਸ ਗੱਲ ਦਾ ਫ਼ਖ਼ਰ ਮਹਿਸੂਸ ਕਰਦੀਆਂ ਸਨ। ਇਨ੍ਹਾਂ ਸਭ ਗੱਲਾਂ ਨੇ ਆਫੀਆ ਦਾ ਇਰਾਦਾ ਹੋਰ ਪੱਕਾ ਕਰ ਦਿੱਤਾ। ਉਸਦੇ ਘਰਦਿਆਂ ਕੋਲ ਆਫੀਆ ਲਈ ਰਿਸ਼ਤੇ ਤਾਂ ਆ ਰਹੇ ਸਨ ਪਰ ਉਨ੍ਹਾਂ ਨੇ ਅਜੇ ਤੱਕ ਕੋਈ ਕਬੂਲਿਆ ਨਹੀਂ ਸੀ। ਇਸ ਵਿਚਕਾਰ ਜਦੋਂ ਉਸਦੇ ਪਰਿਵਾਰ ਵਾਲੇ 1995 ਵਿੱਚ ਉਸਦੀ ਗਰੈਜੂਏਸ਼ਨ ਵੇਲੇ ਅਮਰੀਕਾ ਆਏ ਤਾਂ ਉਨ੍ਹਾਂ ਆਫੀਆ ਨੂੰ ਦੱਸਿਆ ਕਿ ਦੋ ਸਾਲ ਪਹਿਲਾਂ ਖਾਨ ਪਰਿਵਾਰ ਦੇ ਜਿਸ ਲੜਕੇ ਅਹਿਮਦ ਨਾਲ ਉਸਦੇ ਵਿਆਹ ਦੀ ਗੱਲ ਚੱਲੀ ਸੀ ਉਨ੍ਹਾਂ ਨੇ ਫਿਰ ਤੋਂ ਵਿਆਹ ਦਾ ਪੈਗਾਮ ਭਿਜਵਾਇਆ ਹੈ। ਉਨ੍ਹਾਂ ਦੱਸਿਆ ਕਿ ਅਮਜਦ, ਪੜ੍ਹਾਈ ਲਿਖਾਈ 'ਚ ਇੱਕ ਹੁਸ਼ਿਆਰ ਮੁੰਡਾ ਹੈ, ਜੋ ਉਸੇ ਸਾਲ ਆਗਾ ਖਾਂ ਯੂਨੀਵਰਸਿਟੀ ਤੋਂ ਮੈਡੀਕਲ ਦੀ ਗਰੈਜੂਏਸ਼ਨ ਮੁਕੰਮਲ ਕਰ ਰਿਹਾ ਸੀ। ਇਸ ਪਿੱਛੋਂ ਉਹ ਮੈਸਾਚੂਸਸ ਦੇ ਜਨਰਲ ਹੋਸਪਿਟਲ 'ਚ ਅਨੈਸਥੈਸੀਆਲੋਜੀ ਵਿੱਚ ਰੈਜ਼ੀਡੈਂਸੀ ਕਰਨ ਆ ਰਿਹਾ ਹੈ। ਸਦੀਕੀ ਪਰਿਵਾਰ ਨੂੰ ਇਹ ਰਿਸ਼ਤਾ ਚੰਗਾ ਲੱਗਿਆ ਅਤੇ ਆਫੀਆ ਦੇ ਪਿਉ ਡਾਕਟਰ ਸਦੀਕੀ ਨੇ ਇਸ ਲਈ ਆਪਣੀ ਸਹਿਮਤੀ ਪ੍ਰਗਟਾਈ। ਪੜ੍ਹਾਈ 'ਚ ਆਫੀਆ ਵੀ ਬਹੁਤ ਹੁਸ਼ਿਆਰ ਸੀ। ਇਸ ਗਰੈਜੂਏਸ਼ਨ ਵਿੱਚ ਉਸਦਾ ਗਰੇਡ ਏ ਅਤੇ ਉਸਦਾ ਜੀ ਪੀ ਏ ਲੈਵਲ 4.4 ਸੀ। ਆਫੀਆ ਵੀ ਇਸ ਰਿਸ਼ਤੇ ਤੋਂ ਖੁਸ਼ ਸੀ ਪਰ ਉਸਨੇ ਆਪਣੀ ਮਾਂ ਨੂੰ ਆਪਣੇ ਮਨ ਦੀ ਖੁਆਹਿਸ਼ ਦੱਸ ਦਿੱਤੀ। ਪਰ ਨਾ ਹੀ ਮਾਂ ਪਿਉ ਨੂੰ ਪਤਾ ਸੀ ਕਿ ਆਫੀਆ ਪੜ੍ਹਾਈ ਤੋਂ ਬਿਨਾਂ ਕੀ ਕਰ ਰਹੀ ਹੈ ਤੇ ਨਾ ਹੀ ਆਫੀਆ ਖੁਦ ਉਨ੍ਹਾਂ ਨੂੰ ਇਸ ਬਾਰੇ ਪਤਾ ਲੱਗਣ ਦੇਣਾ ਚਾਹੁੰਦੀ ਸੀ। ਸੋ ਉਸਨੇ ਢੰਗ ਤਰੀਕੇ ਨਾਲ ਆਪਦੀ ਮਾਂ ਨੂੰ ਇਹ ਕਿਹਾ ਕਿ ਜੇਕਰ



ਕਦੇ ਲੋੜ ਪਵੇ ਤਾਂ ਉਹ ਚਾਹੇਗੀ ਕਿ ਉਸਦਾ ਪਤੀ ਜਿਹਾਦ ਲਈ ਲੜੇ। ਮਾਂ ਨੇ ਇਹ ਗੱਲ ਮੰਨ ਲਈ। ਉੱਧਰ ਸਦੀਕੀ ਪਰਿਵਾਰ ਨੂੰ ਵੀ ਇਹ ਜਾਣ ਕੇ ਖੁਸ਼ੀ ਹੋਈ ਕਿ ਆਫੀਆ ਰਿਸ਼ਤੇ ਲਈ ਮੰਨ ਗਈ ਹੈ। ਇਸਮਤ ਸਦੀਕੀ ਨੇ ਆਫੀਆ ਦੀ ਕਹੀ ਹੋਈ ਗੱਲ ਕਰਨ ਲਈ ਇੱਕ ਧਾਰਮਿਕ ਆਗੂ ਨੂੰ ਵਿੱਚ ਪਾਇਆ। ਇਸ ਆਗੂ ਨੇ ਅਮਜਦ ਨੂੰ ਬੁਲਾਇਆ ਤੇ ਹੋਰ ਗੱਲਾਂ ਕਰਦਿਆਂ ਉਸ ਨੂੰ ਪੁੱਛਿਆ, "ਬੇਟਾ ਜੇ ਲੋੜ ਪਵੇ ਤਾਂ ਕੀ ਤੂੰ ਜਿਹਾਦ ਵਿੱਚ ਜਾਵੇਂਗਾ ?"

ਉਸਦੀ ਗੱਲ ਸੁਣ ਕੇ ਪਹਿਲਾਂ ਤਾਂ ਅਮਜਦ ਹੈਰਾਨ ਹੋਇਆ। ਉਸਨੇ ਸੋਚਿਆ ਕਿ ਉਹ ਇੱਕ ਡਾਕਟਰ ਹੈ ਨਾ ਕਿ ਕੋਈ ਫੌਜੀ। ਪਰ ਫਿਰ ਉਸਨੂੰ ਲੱਗਿਆ ਕਿ ਧਾਰਮਿਕ ਆਗੂ ਵੱਲੋਂ ਅਜਿਹਾ ਸੁਆਲ ਪੁੱਛਣਾਂ ਸੁਭਾਵਕ ਹੈ। ਜੁਆਬ 'ਚ ਉਹ ਬੋਲਿਆ, "ਜੀ ਇੰਸ਼ਾ ਅੱਲਾ ਅਗਰ ਵਕਤ ਦੀ ਮੰਗ ਹੋਈ ਤਾਂ ਉਹ ਉਹ ਕੰਮ ਜ਼ਰੂਰ ਕਰੂਗਾ।"

ਇਸ ਪਿੱਛੋਂ ਇਹ ਗੱਲ ਤਕਰੀਬਨ ਸਿਰੇ ਲੱਗ ਗਈ। ਉੱਧਰ ਆਫੀਆ ਨੇ ਐਮ. ਆਈ. ਟੀ. ਵਿੱਚ ਪਾਰਟ ਟਾਈਮ ਕੰਪਿਊਟਰ ਦੀ ਨੌਕਰੀ ਕਰ ਲਈ ਸੀ। ਪਰ ਇਹਨੀਂ ਦਿਨੀਂ ਉਸਨੂੰ ਅਹਿਸਾਸ ਹੋਇਆ ਕਿ ਜਿਵੇਂ ਉਸਦਾ ਪਿੱਛਾ ਕੀਤਾ ਜਾ ਰਿਹਾ ਹੋਵੇ। ਉਸਨੂੰ ਪਤਾ ਸੀ ਕਿ ਕੇਅਰ ਇੰਟਰਨੈਸ਼ਨਲ ਵਰਗੀਆਂ ਜਥੇਬੰਦੀਆਂ, ਐਫ. ਬੀ. ਆਈ. ਦੇ ਨਿਸ਼ਾਨੇ 'ਤੇ ਹਨ ਅਤੇ ਹੋ ਸਕਦਾ ਹੈ ਕਿ ਉੱਥੇ ਦੇ ਫੋਨ ਵੀ ਟੇਪ ਬਗੈਰਾ ਕੀਤੇ ਜਾਂਦੇ ਹੋਣ। ਪਰ ਆਪਦੇ ਬਾਰੇ ਉਸਨੂੰ ਪਹਿਲੀ ਵਾਰ ਮਹਿਸੂਸ ਹੋਇਆ ਸੀ ਕਿ ਸ਼ਾਇਦ ਉਸਦੇ ਪਿੱਛੇ ਵੀ ਕੋਈ ਏਜੰਸੀ ਘੁੰਮਦੀ ਹੈ। ਇਸ ਪਿੱਛੋਂ ਆਫੀਆ ਸਾਵਧਾਨ ਰਹਿਣ ਲੱਗੀ।

ਆਫੀਆ ਅਤੇ ਉਸਦੇ ਸਾਰੇ ਦੋਸਤ ਉਸ ਵੇਲੇ ਹੈਰਾਨ ਰਹਿ ਗਏ ਜਦੋਂ ਇਹ ਖ਼ਬਰ ਆਈ ਕਿ ਨਾਰਥ ਟਾਵਰ ਦੇ ਪਾਰਕਿੰਗ ਲਾਟ ਵਿੱਚ ਬੰਬ ਧਮਾਕਾ ਕਰਨ ਵਾਲਾ ਰਮਜੀ ਯੂਸਫ, ਪਾਕਿਸਤਾਨ ਵਿੱਚ ਫੜਿਆ ਗਿਆ। ਇੰਨਾ ਹੀ ਨਹੀਂ ਸਗੋਂ ਗ੍ਰਿਫਤਾਰ ਕਰਦਿਆਂ ਸਾਰ ਉਸਨੂੰ ਅਮਰੀਕਾ ਵੀ ਲੈ ਆਏ। ਹੋਇਆ ਇਸ ਤਰ੍ਹਾਂ ਕਿ ਜਿਉਂ ਹੀ ਬੇਨਜ਼ੀਰ ਭੁੱਟੋ ਦੂਸਰੀ ਵਾਰ ਪ੍ਰਧਾਨ ਮੰਤਰੀ ਬਣੀ ਤਾਂ ਉਸਨੇ ਪਹਿਲਾ ਕੰਮ ਅੱਤਵਾਦੀਆਂ ਨੂੰ ਦਬੋਚਣ ਦਾ ਕੀਤਾ। ਸਭ ਤੋਂ ਪਹਿਲੀਆਂ 'ਚ ਹੀ ਉਸਨੇ ਬਹੁਤ ਮੁਸ਼ਕਲ ਨਾਲ ਰਮਜੀ ਯੂਸਫ ਨੂੰ ਫੜਿਆ ਸੀ। ਇਸਦੇ ਕੁਝ ਹਫਤੇ ਬਾਅਦ ਹੀ ਅਮਰੀਕਾ ਦੇ ਆਕਲੋਹਾਮਾ ਸਿਟੀ ਦੀ ਮੁਰਾ ਫੈਡਰਲ ਬਿਲਡਿੰਗ ਵਿੱਚ ਬੰਬ ਧਮਾਕਾ ਹੋਇਆ। ਇਸ ਵਿੱਚ 168 ਵਿਅਕਤੀ ਮਾਰੇ ਗਏ ਅਤੇ ਸੈਂਕੜੇ ਜ਼ਖ਼ਮੀ ਹੋ ਗਏ। ਇਹ ਬੰਬ ਧਮਾਕਾ ਕਰਨ ਵਾਲਾ ਬਾਅਦ ਵਿੱਚ ਭਾਵੇਂ ਇੱਕ ਅਜਿਹਾ ਅਮਰੀਕੀ ਨਿਕਲਿਆ ਜਿਸਦਾ ਜਿਹਾਦ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਪਰ ਉਸਦੇ ਬੰਬ ਬਣਾਉਣ, ਰੱਖਣ ਅਤੇ ਚਲਾਉਣ ਦੇ ਕਾਫੀ ਢੰਗ ਤਰੀਕੇ ਉਹੀ ਸਨ ਜੋ ਕਦੇ ਰਮਜੀ ਯੂਸਫ ਨੇ ਵਰਲਡ ਟਰੇਡ ਸੈਂਟਰ ਦੇ ਬੰਬ ਧਮਾਕੇ ਵੇਲੇ ਵਰਤੇ ਸਨ। ਇਸ ਕਰਕੇ ਸ਼ੁਰੂ ਵਿੱਚ ਐਫ. ਬੀ. ਆਈ. ਕੇਅਰਇੰਟਰਨੈਸ਼ਨਲ ਮਗਰ ਪੈ ਗਈ। ਆਫੀਆ ਦੇ ਸਾਰੇ ਗਰੁੱਪ ਵਿੱਚ ਭੱਜ-ਦੌੜ ਮੱਚ ਗਈ। ਇੱਕ ਦਿਨ ਉਹ ਐਮ. ਆਈ. ਟੀ. ਵਿਚਲੀ ਕੰਪਿਊਟਰ ਦੀ ਜਾਬ 'ਤੇ ਗਈ ਤਾਂ ਉਸਦਾ ਸੁਪਰਵਾਈਜ਼ਰ ਉਸ ਵੱਲ ਗੁਹ ਨਾਲ ਵੇਖਦਾ ਬੋਲਿਆ,

"ਮਿਸ ਆਫੀਆ ਤੈਨੂੰ ਐਫ. ਬੀ. ਆਈ. ਲੱਭਦੀ ਫਿਰਦੀ ਐ।"

ਆਫੀਆ ਉਸੇ ਵੇਲੇ ਘਰ ਮੁੜ ਆਈ ਅਤੇ ਮੁੜ ਕੇ ਕੰਮ 'ਤੇ ਨਾ ਗਈ। ਉਸਨੇ ਆਪਣੇ ਕੋਲ ਪਿਆ ਸ਼ੱਕੀ ਸਮਾਨ ਜਿਵੇਂ ਕਿ ਯੂ. ਐਸ. ਮਿਲਟਰੀ ਮੈਨੂਅਲ ਦੀਆਂ ਕਿਤਾਬਾਂ ਬਗੈਰਾ ਸਭ ਕੁਝ ਇਕੱਠਾ ਕਰਕੇ ਪਾਕਿਸਤਾਨ ਆਪਦੇ ਘਰ ਮੇਲ ਕਰ ਦਿੱਤਾ। ਆਪ ਹੋਸਟਲ ਛੱਡ ਕੇ ਕਿਧਰੇ ਬਾਹਰ ਰਹਿਣ ਲੱਗੀ। ਉਦੋਂ ਹੀ ਵਰਲਡ ਟਰੇਡ ਸੈਂਟਰ ਦੇ ਪਾਰਕਿੰਗ ਲਾਟ ਵਿੱਚ ਕੀਤੇ ਧਮਾਕੇ ਵਾਲੇ ਕੇਸ ਵਿੱਚ ਰਮਜੀ ਯੂਸਫ, ਮਿਸਰ ਦਾ ਅੰਨਾ ਸ਼ੇਖ ਉਮਰ ਰਹਿਮਾਨ ਅਤੇ ਹੋਰ ਦੋਸ਼ੀ ਪਾਏ ਗਏ ਅਤੇ ਉਨ੍ਹਾਂ ਨੂੰ ਸਜ਼ਾਵਾਂ ਸੁਣਾਈਆਂ ਗਈਆਂ। ਕੁਝ ਦੇਰ ਬਾਅਦ ਜਦੋਂ ਆਕਲੋਹਾਮਾ ਬੰਬ ਧਮਾਕੇ ਦੇ ਮੁੱਖ ਦੋਸ਼ੀ ਦੇ

ਅਮਰੀਕਣ ਗੋਰੇ ਮੁੰਡੇ ਫੜ੍ਹੇ ਗਏ ਤਾਂ ਮੁੜ ਕੇ ਐਫ. ਬੀ. ਆਈ. ਆਫੀਆ ਨੂੰ ਭਾਲਣ ਨਾ ਆਈ। ਫਿਰ ਆਫੀਆ ਕੁਝ ਦੇਰ ਲਈ ਆਪਦੀ ਭੈਣ, ਫੌਜ਼ੀਆ ਕੋਲ ਚਿਕਾਗੋ ਚਲੀ ਗਈ ਜਿਸਨੇ ਕਿ ਪਾਕਿਸਤਾਨ ਦੇ ਕਿਸੇ ਮੈਡੀਕਲ ਕਾਲਜ ਤੋਂ ਗਰੇਜੂਏਸ਼ਨ ਕੀਤੀ ਸੀ ਤੇ ਇੱਥੇ ਆਪਣੀ ਇਨਟਰਨਸ਼ਿਪ ਕਰਨ ਆਈ ਸੀ। ਇੱਥੇ ਹੀ ਆਫੀਆ ਨੇ ਵਿਆਹ ਦਾ ਪੱਕਾ ਫੈਸਲਾ ਕਰ ਲਿਆ ਅਤੇ ਇਸ ਬਾਰੇ ਆਪਦੇ ਘਰਦਿਆਂ ਨੂੰ ਦੱਸ ਦਿੱਤਾ। ਉਨ੍ਹਾਂ ਅੱਗੇ ਅਮਜਦ ਦੇ ਘਰਦਿਆਂ ਜਾਣੀ ਕਿ ਖਾਨ ਪਰਿਵਾਰ ਨੂੰ ਸੁਨੇਹਾ ਦੇ ਦਿੱਤਾ। ਅਕਤੂਬਰ 2, 1995 ਨੂੰ ਚਿਕਾਗੋ ਦੇ ਕਿਸੇ ਹੋਟਲ ਵਿੱਚ ਇਹ ਨਿਕਾਹ ਸੈਰੇਮਨੀ ਹੋਈ। ਇਹ ਨਿਕਾਹ ਫੋਨ ਉੱਪਰ ਹੋਇਆ ਸੀ। ਅਮਜਦ ਉਸ ਵੇਲੇ ਪਾਕਿਸਤਾਨ ਵਿੱਚ ਸੀ। ਨਿਕਾਹ ਦੇ ਅਗਲੇ ਹਫਤੇ ਅਮਜਦ ਫਲਾਈਟ ਲੈ ਕੇ, ਆਪਣੀ ਨਵੀਂ ਨਵੇਲੀ ਦੁਲਹਨ ਆਫੀਆ ਕੋਲ ਚਿਕਾਗੋ ਚਲਾ ਆਇਆ। ਕੁਝ ਦਿਨ ਚਿਕਾਗੋ 'ਚ ਬਿਤਾ ਕੇ ਇਹ ਜੋੜਾ ਬਾਸਟਨ ਚਲਾ ਗਿਆ। ਉੱਥੇ ਜਾ ਕੇ ਉਨ੍ਹਾਂ ਛੋਟਾ ਜਿਹਾ ਅਪਾਰਟਮੈਂਟ ਲੈ ਲਿਆ। ਸ਼ੁਰੂ 'ਚ ਉਨ੍ਹਾਂ ਵਿੱਚ ਚੰਗੀ ਬਣਨ ਲੱਗੀ। ਅਮਜਦ ਵੇਖ ਰਿਹਾ ਸੀ ਕਿ ਆਫੀਆ ਹੱਦ ਦਰਜੇ ਤੱਕ ਧਾਰਮਿਕ ਸੀ। ਜਦੋਂ ਕਿ ਉਹ ਆਪ ਨਮਾਜ਼ ਪੜ੍ਹਦਾ ਸੀ, ਰੋਜ਼ੇ ਵੀ ਰੱਖਦਾ ਸੀ ਪਰ ਹੱਠ ਧਰਮੀ ਕੱਟੜ ਨਹੀਂ ਸੀ। ਪਰ ਆਫੀਆ ਦੇ ਜ਼ਿਆਦਾ ਧਾਰਮਿਕ ਹੋਣ ਨੇ ਉਸਨੂੰ ਕੋਈ ਪਰੇਸ਼ਾਨੀ ਨਾ ਦਿੱਤੀ। ਉਸਨੇ ਸੋਚਿਆ ਕਿ ਇਹ ਤਾਂ ਧਰਮ ਨੂੰ ਮੰਨਣ ਦਾ ਆਪੋ ਆਪਣਾ ਢੰਗ ਹੈ। ਇੱਕ ਦਿਨ ਦੋਨੋਂ ਜਣੇ ਬੈਠੇ ਟੀਵੀ ਵੇਖ ਰਹੇ ਸਨ ਕਿ ਆਵਾਜ਼ ਘਟਾਉਂਦਿਆਂ ਆਫੀਆ ਨੇ ਅਮਜਦ ਵੱਲ ਧਿਆਨ ਨਾਲ ਵੇਖਿਆ ਤੇ ਬੋਲੀ,

"ਅਮਜਦ ਕੁਝ ਮਹੀਨੇ ਪਹਿਲਾਂ ਮੈਨੂੰ ਐਫ. ਬੀ. ਆਈ. ਵਾਲੇ ਲੱਭ ਰਹੇ ਸਨ।"

"ਕਿਉਂ ? ਮੇਰਾ ਮਤਲਬ ਕਿਸ ਗੱਲ ਦੇ ਸਿਲਸਲੇ 'ਚ ?"

"ਇਹ ਤਾਂ ਮੈਨੂੰ ਪਤਾ ਨ੍ਹੀਂ।" ਇੰਨਾ ਕਹਿੰਦਿਆਂ ਆਫੀਆ ਫਿਰ ਟੀਵੀ ਵੇਖਣ ਲੱਗੀ ਪਰ ਅਮਜਦ ਚਿੰਤਾਗ੍ਰਸਤ ਹੋ ਗਿਆ। ਉਸਨੇ ਸੋਚਿਆ ਕਿ ਇਹ ਇੱਕ ਸਟੂਡੈਂਟ ਹੈ ਪਰ ਐਫ. ਬੀ. ਆਈ. ਇਸਨੂੰ ਕਿਉਂ ਲੱਭ ਰਹੀ ਹੋਈ। ਫਿਰ ਉਸਨੂੰ ਖਿਆਲ ਆਇਆ ਕਿ ਆਫੀਆ ਦੇ ਦੋਸਤਾਂ ਦੇ ਸਰਕਲ ਵਿੱਚ ਬੜੇ ਹੀ ਅਜੀਬ ਜਿਹੇ ਲੋਕ ਹਨ। ਲੰਬੀਆਂ ਦਾੜੀਆਂ ਵਾਲੇ, ਸਲਵਾਰਾਂ ਕਮੀਜਾਂ ਵਾਲੇ ਅਤੇ ਖਾਮੋਸ਼ ਜਿਹੇ ਦਿਸਦੇ ਲੋਕ। ਇਸ ਗੱਲ ਨੂੰ ਕੁਝ ਹੀ ਦਿਨ ਬੀਤੇ ਸਨ ਕਿ ਆਫੀਆ ਨੇ ਅਮਜਦ ਨੂੰ ਕਿਹਾ ਕਿ ਉਹ ਦਾਹੜੀ ਵਧਾ ਲਵੇ। ਅਮਜਦ ਨੇ ਹੈਰਾਨੀ ਨਾਲ ਆਫੀਆ ਵੱਲ ਵੇਖਿਆ। ਉਂਝ ਪਾਕਿਸਤਾਨ ਵਿੱਚ ਰਹਿੰਦਿਆਂ ਉਹ ਭਾਵੇਂ ਸ਼ੇਵ ਨਹੀਂ ਕਰਦਾ ਸੀ ਪਰ ਦਾਹੜੀ ਟਰਿਮ ਕਰਕੇ ਰੱਖਦਾ ਸੀ ਤੇ ਇੱਥੇ ਆਉਣ ਤੋਂ ਪਹਿਲਾਂ ਉਸਨੇ ਸ਼ੇਵ ਇਸੇ ਲਈ ਸ਼ੁਰੂ ਕੀਤੀ ਸੀ ਕਿਉਂਕਿ ਉਹ ਸੁਣਦਾ ਰਹਿੰਦਾ ਸੀ ਕਿ ਅਮਰੀਕਾ 'ਚ ਦਾੜੀ ਰੱਖੇ ਮੁਸਲਮਾਨਾਂ ਨੂੰ ਲੋਕ ਵੱਖਰੀਆਂ ਨਿਗਾਹਾਂ ਨਾਲ ਵੇਖਦੇ ਹਨ। ਪਰ ਹੁਣ ਆਫੀਆ ਉਸ 'ਤੇ ਦਾਹੜੀ ਰੱਖਣ ਲਈ ਜ਼ੋਰ ਪਾਉਣ ਲੱਗੀ। ਪਹਿਲਾਂ ਤਾਂ ਉਸਨੇ ਪਰਵਾਹ ਨਾ ਮੰਨੀ। ਫਿਰ ਜਦੋਂ ਆਫੀਆ ਨੇ ਜ਼ਿਆਦਾ ਹੀ ਦਬਾਅ ਪਾਇਆ ਤਾਂ ਉਸਨੇ ਸਿਰਫ ਉਸਨੂੰ ਖੁਸ਼ ਕਰਨ ਲਈ ਦਾਹੜੀ ਵਧਾ ਲਈ। ਇਸਦੇ ਕੁਝ ਦਿਨਾਂ ਬਾਅਦ ਹੀ ਆਫੀਆ ਇੱਕ ਹੋਰ ਸਕੀਮ ਲੈ ਕੇ ਘਰ ਆਈ।

"ਅਮਜਦ ਮੈਂ ਚਾਹੁੰਨੀ ਆਂ ਕਿ ਆਪਾਂ ਬਾਸਨੀਆਂ ਵਿੱਚ ਚੱਲ ਰਹੇ ਜਿਹਾਦ 'ਚ ਲੋਕਾਂ ਦੀ ਸੇਵਾ ਕਰਨ ਚੱਲੀਏ।"

ਆਫੀਆ ਦੀ ਇਸ ਗੱਲ ਨੇ ਅਮਜਦ ਨੂੰ ਜਮਾਂ ਸੁੰਨ ਹੀ ਕਰ ਦਿੱਤਾ। ਪਲ ਦੀ ਪਲ ਤਾਂ ਉਸਨੂੰ ਕੋਈ ਗੱਲ ਹੀ ਨਾ ਔੜੀ। ਫਿਰ ਉਸਨੇ ਹੌਲੀ ਜਿਹੀ ਕਿਹਾ, "ਉੱਥੇ ਤਾਂ ਹੁਣ ਸ਼ਾਂਤੀ ਹੋ ਚੁੱਕੀ ਐ। ਪਿਛਲੇ ਮਹੀਨੇ ਹੀ ਕੋਈ ਸਮਝੌਤਾ ਲਾਗੂ ਹੋਇਆ ਹੈ।"

"ਫਿਰ ਕੀ ਹੋਇਆ ਜੇ ਸ਼ਾਂਤੀ ਹੋ ਗਈ ਤਾਂ। ਮੈਂ ਉੱਥੇ ਜਾ ਕੇ ਲੜਾਈ ਵਿੱਚ ਸ਼ਹੀਦ ਹੋਏ



ਜਿਹਾਦੀਆਂ ਦੇ ਬੱਚਿਆਂ ਲਈ ਸਕੂਲ ਖੋਲ੍ਹ ਲਊਂਗੀ ਤੇ ਤੂੰ ਕੋਈ ਹਸਪਤਾਲ ਸ਼ੁਰੂ ਕਰ ਲਈਂ।"

ਆਫੀਆ ਦੀ ਇਹ ਗੱਲ ਸੁਣ ਕੇ ਅਮਜਦ ਨੂੰ ਲੱਗਿਆ ਕਿ ਕਿਤੇ ਇਹ ਮਜ਼ਾਕ ਤਾਂ ਨਹੀਂ ਕਰ ਰਹੀ। ਪਰ ਉਸਦੇ ਚਿਹਰੇ ਵੱਲ ਵੇਖਦਿਆਂ ਉਹ ਸਮਝ ਗਿਆ ਕਿ ਅਜਿਹੀ ਗੱਲ ਨਹੀਂ ਹੈ। ਲੰਬਾ ਸਾਹ ਲੈਂਦਿਆਂ ਉਹ ਬੋਲਿਆ, "ਵੇਖ ਆਫੀਆ, ਮੇਰਾ ਅਮਰੀਕਾ ਆਉਣ ਦਾ ਇੱਕੋ ਈ ਮਕਸਦ ਐ, ਆਪਣੀ ਪੜ੍ਹਾਈ ਪੂਰੀ ਕਰਨੀ। ਮੈਨੂੰ ਤੇਰੇ ਇਸ ਜਿਹਾਦ ਦੇ ਕੰਮਾਂ 'ਚ ਕੋਈ ਦਿਲਚਸਪੀ ਨ੍ਹੀਂ ਹੈ।"

"ਕਿਸ ਤਰ੍ਹਾਂ ਦਾ ਮੁਸਲਮਾਨ ਐਂ ਤੂੰ ? ਤੈਨੂੰ ਇਹ ਵੀ ਨ੍ਹੀਂ ਪਤਾ ਕਿ ਜਿਹਾਦ ਦਾ ਕੰਮ ਸਭ ਤੋਂ ਪਹਿਲਾਂ ਐ। ਇਸੇ ਲਈ ਤਾਂ ਮੈਂ ਵਿਆਹ ਤੋਂ ਪਹਿਲਾਂ ਤੇਰੇ ਤੋਂ ਇਹ ਗੱਲ ਪੁਛਵਾਈ ਸੀ। ਜੇਕਰ ਤੂੰ ਜਿਹਾਦ ਵਿੱਚ ਹਿੱਸਾ ਹੀ ਨ੍ਹੀਂ ਲੈਣਾ ਤਾਂ ਉਦੋਂ ਹਾਂ ਕਿਉਂ ਕਹੀ ?"

ਇਸ ਪਿੱਛੋਂ ਉਨ੍ਹਾਂ ਵਿਚਕਾਰ ਤਕਰਾਰ ਸ਼ੁਰੂ ਹੋ ਗਈ। ਅਮਜਦ ਨੂੰ ਹੁਣ ਉਹ ਗੱਲ ਸਮਝ ਵਿੱਚ ਆਈ ਕਿ ਉਦੋਂ ਧਾਰਮਿਕ ਆਗੂ ਨੇ ਉਸਨੂੰ ਜਿਹਾਦ ਵਿੱਚ ਹਿੱਸਾ ਲੈਣ ਵਾਲੀ ਗੱਲ ਕਿਉਂ ਪੁੱਛੀ ਸੀ। ਆਫੀਆ ਉਸ ਨਾਲ ਖਫਾ ਹੋ ਚੁੱਕੀ ਸੀ। ਪਰ ਅਗਲੇ ਹੀ ਦਿਨ ਉਸਨੂੰ ਪਤਾ ਲੱਗਿਆ ਕਿ ਉਹ ਪਰੈਗਨੈਂਟ ਹੈ। ਇਸ ਗੱਲ ਨੇ ਉਨ੍ਹਾਂ ਵਿਚਕਾਰ ਕੁੜੱਤਣ ਖਤਮ ਕਰ ਦਿੱਤੀ ਅਤੇ ਬਾਸਨੀਆਂ ਜਾਣ ਦੀ ਗੱਲ ਵੀ ਟਲ ਗਈ। ਉਸਦੇ ਘਰਦਿਆਂ ਨੇ ਉਸਨੂੰ ਅੱਗੇ ਪੜ੍ਹਾਈ ਕਰਨ 'ਤੇ ਜ਼ੋਰ ਪਾਇਆ ਤਾਂ ਆਫੀਆ ਨੇ ਨਿਊਰੋਸਾਇੰਸ ਵਿੱਚ ਪੀ ਐੱਚ ਡੀ ਕਰਨ ਲਈ ਬਰੈਂਡੀਜ਼ ਯੂਨੀਵਰਸਿਟੀ ਵਿੱਚ ਅਪਲਾਈ ਕਰ ਦਿੱਤਾ। ਉੱਥੇ ਉਸਨੂੰ ਦਾਖਲਾ ਵੀ ਮਿਲ ਗਿਆ। ਉਸ ਵੇਲੇ ਉਸ ਸੱਤ ਮਹੀਨਿਆਂ ਦੀ ਪਰੈੱਗਨੈਂਟ ਸੀ ਜਦੋਂ ਉਸਨੇ ਇਹ ਪੜ੍ਹਾਈ ਸ਼ੁਰੂ ਕੀਤੀ। ਪਰ ਉਸਨੂੰ ਅਜੇ ਵੀ ਅੰਦਰੇ ਅੰਦਰ ਇਹ ਝੋਰਾ ਸੀ ਕਿ ਅਮਜਦ ਬਾਸਨੀਆਂ ਜਾਣ ਲਈ ਨਹੀਂ ਮੰਨਿਆ ਸੀ। ਬਰੈਂਡੀਜ਼ ਯੂਨੀਵਰਸਿਟੀ ਜਹੂਦੀਆਂ ਵੱਲੋਂ ਸ਼ੁਰੂ ਕੀਤੀ ਗਈ ਸੀ। ਪਰ ਇਨ੍ਹਾਂ ਦਾ ਨਿਸ਼ਾਨਾ ਸੀ ਕਿ ਧਰਮ ਦੇ ਅਧਾਰ 'ਤੇ ਕਿਸੇ ਵਿਦਿਆਰਥੀ ਨਾਲ ਭੇਦ ਭਾਵ ਨਹੀਂ ਕਰਨਾ। ਇੱਥੇ ਆਉਂਦਿਆਂ ਹੀ ਆਫੀਆ, ਇਜ਼ਰਾਇਲ ਦੀ ਏਜੈਂਸੀ ਮੁਸਾਦ ਬਾਰੇ ਜਾਣਕਾਰੀ ਇਕੱਠੀ ਕਰਨ ਲੱਗੀ। ਇੰਨਾ ਹੀ ਨਹੀਂ ਸਗੋਂ ਉਸਨੇ ਸਗੋਂ ਯੂਨੀਵਰਸਿਟੀ ਦੇ ਸੈਕੂਲਰਿਜ਼ਮ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ। ਉਸਨੇ ਆਪਣੀ ਡਰੈੱਸ ਬਿਲਕੁਲ ਮੁਸਲਿਮ ਬਣਾ ਲਈ। ਅਤੇ ਆਪਣੇ ਅੰਦਰ ਧਾਰਮਿਕ ਮਾਹੌਲ ਸਿਰਜਣਾਂ ਸ਼ੁਰੂ ਕਰ ਦਿੱਤਾ। ਆਮ ਵੇਖਿਆ ਗਿਆ ਹੈ ਕਿ ਸਾਇੰਟਿਸਟ, ਸਾਇੰਸ ਨੂੰ ਇਸ ਤਰ੍ਹਾਂ ਲੈਂਦੇ ਹਨ ਕਿ ਕਿਸੇ ਖਾਸ ਕਿਸਮ ਦੀ ਸਚਾਈ ਨੂੰ ਸਿਰਫ ਕਾਰਨਾਂ ਅਤੇ ਹਾਲਾਤਾਂ ਨਾਲ ਹੀ ਸਿੱਧ ਕਰਨਾ ਹੈ। ਪਰ ਆਫੀਆ ਨੇ ਇੱਥੇ ਆ ਕੇ ਸਾਇੰਸ ਨੂੰ ਆਪਣੇ ਧਰਮ ਨੂੰ ਫੈਲਾਉਣ ਦਾ ਟੂਲ ਬਣਾ ਲਿਆ। ਉਸਦੇ ਗਾਈਡ ਨੇ ਉਸਨੂੰ ਇੱਕ ਦਿਨ ਸੁਆਲ ਕੀਤਾ, "ਮਿਸ ਆਫੀਆ ਤੂੰ ਪੀ ਐੱਚ ਡੀ ਤੋਂ ਬਾਅਦ ਕਿਸ ਤਰ੍ਹਾਂ ਦਾ ਕੰਮ ਕਰਨਾ ਚਾਹੇਂਗੀ ?"

"ਮੈਂ ਪਾਕਿਸਤਾਨ ਵਿੱਚ ਇੱਕ ਇਸਲਾਮਿਕ ਯੂਨੀਵਰਸਿਟੀ ਖੋਲ੍ਹਣਾ ਚਾਹੁੰਗੀ ਜਿੱਥੇ ਕਿ ਕੁਰਾਨ ਮੁਤਾਬਕ ਪੜ੍ਹਾਈ ਕਰਵਾਈ ਜਾ ਸਕੇ।"

ਗਾਈਡ ਉਸਦੀ ਇਹ ਗੱਲ ਸੁਣ ਕੇ ਬੜਾ ਹੈਰਾਨ ਹੋਇਆ ਕਿ ਇੱਕ ਹੋਣ ਵਾਲੀ ਸਾਇੰਸਟਿਸਟ ਇਸ ਤਰ੍ਹਾਂ ਸੋਚਦੀ ਹੈ। ਫਿਰ ਇੱਕ ਸੈਮੀਨਾਰ ਵਿੱਚ ਉਸਨੇ ਇੱਕ ਪਰਚਾ ਪੜ੍ਹਿਆ ਜਿਸਦਾ ਵਿਸ਼ਾ ਸੀ 'ਸ਼ਰਾਬ ਅਤੇ ਪਰੈੱਗਨੈਟ ਵੋਮੈਨ'। ਹਾਲਾਂ ਕਿ ਇਹ ਪਰਚਾ ਉਸਨੇ ਬਹੁਤ ਹੀ ਮਿਹਨਤ ਨਾਲ ਤਿਆਰ ਕੀਤਾ ਸੀ ਜਿਸ ਵਿੱਚ ਉਸਨੇ ਸਬੂਤਾਂ ਸਮੇਤ ਦੱਸਿਆ ਸੀ ਕਿ ਸ਼ਰਾਬ ਕਿਵੇਂ ਹੋਣ ਵਾਲੇ ਬੱਚੇ ਦੀ ਸਿਹਤ 'ਤੇ ਅਸਰ ਪਾਉਂਦੀ ਹੈ। ਪਰ ਪਰਚੇ ਦੇ ਆਖਰ 'ਚ ਉਸਨੇ ਇਹ ਕਹਿੰਦਿਆਂ ਸਭ ਨੂੰ ਹੈਰਾਨ ਕਰ ਦਿੱਤਾ ਕਿ ਤਾਹੀਂ ਤਾਂ ਕੁਰਾਨ ਵਿੱਚ ਸ਼ਰਾਬ ਦੀ ਮਨਾਹੀ ਕੀਤੀ ਗਈ ਹੈ। ਆਫੀਆ ਦੇ ਟੀਚਰਾਂ ਨੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਵਿੱਚ ਧਰਮ ਦੀ ਕੋਈ ਗੱਲ

ਨਹੀਂ ਹੈ ਪਰ ਉਸਨੇ ਉਲਟਾ ਉਨ੍ਹਾਂ ਨੂੰ ਹੀ ਆਪਣੀਆਂ ਦਲੀਲਾਂ ਵਿੱਚ ਉਲਝਾ ਲਿਆ। ਇਸ ਪਿੱਛੋਂ ਵੀ ਮੌਕਾ ਮਿਲਦਿਆਂ ਹੀ ਉਹ ਕੁਰਾਨ ਜਾਂ ਧਰਮ ਨੂੰ ਆਪਣੇ ਲੇਖਾਂ ਵਿੱਚ ਵਰਤਦੀ ਰਹਿੰਦੀ ਸੀ। ਆਖਰ ਵਿੱਚ ਯੂਨੀਵਰਸਿਟੀ ਨੇ ਉਸਨੂੰ ਨੋਟਿਸ ਦੇ ਦਿੱਤਾ ਕਿ ਇਹ ਸਾਇੰਸ ਦਾ ਫੀਲਡ ਹੈ ਤੇ ਉਹ ਇਸ ਵਿੱਚ ਧਰਮ ਨੂੰ ਨਹੀਂ ਘਸੀਟ ਸਕਦੀ। ਇਸ ਨਾਲ ਉਹ ਹੋਰ ਵੀ ਗੁੱਸੇ 'ਚ ਆ ਗਈ। ਆਖਰ ਡੀਨ ਨੇ ਉਸਨੂੰ ਦਫਤਰ ਬੁਲਾਇਆ ਕਿਉਂਕਿ ਇਹ ਯੂਨੀਵਰਸਿਟੀ ਦੀ ਇੱਜ਼ਤ ਦਾ ਸੁਆਲ ਸੀ। ਆਫੀਆ ਨੇ ਡੀਨ ਨੂੰ ਕਿਹਾ ਕਿ ਜੇਕਰ ਉਹ ਚਾਹੁੰਦੇ ਹਨ ਕਿ ਚੁੱਪ ਚਾਪ ਗਰੈਜੂਏਸ਼ਨ ਕਰ ਲਵੇ ਤਾਂ ਉਨ੍ਹਾਂ ਨੂੰ ਉਸਨੂੰ ਪਰੇਸ਼ਾਨ ਕਰਨਾ ਬੰਦ ਕਰਨਾ ਪਵੇਗਾ। ਕੁਝ ਗੱਲਾਂ ਉਸਨੇ ਵੀ ਡੀਨ ਦੀਆਂ ਮੰਨ ਲਈਆਂ ਤੇ ਉਸਨੇ ਆਪਣਾ ਕੰਮ ਘਟਾ ਲਿਆ। ਪਰ ਯੂਨੀਵਰਸਿਟੀ ਤੋਂ ਬਾਹਰ ਉਹ ਉਵੇਂ ਹੀ ਗੈਰ ਮੁਸਲਮਾਨਾਂ ਨੂੰ ਇੱਥੇ ਖਾਸਕਰ ਅਮਕੀਰਣ ਜਹੂਦੀਆਂ ਨੂੰ ਉਵੇਂ ਹੀ ਨਿੰਦਦੀ ਰਹੀ। ਇਸੇ ਵਿਚਕਾਰ ਆਫੀਆ ਅਤੇ ਅਮਜਦ ਨੇ ਅਪਾਰਟਮੈਂਟ ਬਦਲ ਲਿਆ। ਉਨ੍ਹਾਂ ਦਾ ਨਵਾਂ ਅਪਾਰਟਮੈਂਟ ਆਫੀਆ ਦੀ ਯੂਨੀਵਰਸਿਟੀ ਦੇ ਨੇੜੇ ਸੀ। ਅਮਜਦ ਵੀ ਇਸ ਵੇਲੇ ਆਪਣੀ ਰੈਸੀਡੈਂਸੀ ਦੀ ਪੜ੍ਹਾਈ ਵਿੱਚ ਪੂਰੀ ਤਰ੍ਹਾਂ ਰੁਝਿਆ ਹੋਇਆ ਸੀ। ਉੱਧਰ ਆਫੀਆ ਵੀ ਇਵੇਂ ਹੀ ਆਪਣੀ ਗਰੈਜੂਏਸ਼ਨ ਲਈ ਸਿਰ ਤੋੜ ਮਿਹਨਤ ਕਰ ਰਹੀ ਸੀ। ਇਸੇ ਵਿਚਾਕਰ ਆਫੀਆ ਨੇ ਨਵੰਬਰ 1996 ਵਿੱਚ ਪੁੱਤਰ ਨੂੰ ਜਨਮ ਦਿੱਤਾ ਜਿਸਦਾ ਨਾਂ, ਉਨ੍ਹਾਂ ਮੁਹੰਮਦ ਅਹਿਮਦ ਰੱਖਿਆ। ਇਸ ਵੇਲੇ ਉਸਦੀ ਮਾਂ ਇਸਮਤ ਸਦੀਕੀ ਵੀ ਉਨ੍ਹਾਂ ਕੋਲ ਆ ਗਈ। ਉਸਨੇ ਲੰਮਾ ਸਮਾਂ ਰਹਿਣ ਲਈ ਗਰੀਨ ਕਾਰਡ ਲਈ ਅਪਲਾਈ ਕਰ ਦਿੱਤਾ। ਮਾਂ ਦੇ ਆਉਣ ਨਾਲ ਆਫੀਆ ਦੀਆਂ ਬਹੁਤ ਸਾਰੀਆਂ ਸਿਰਦਰਦੀਆਂ ਘਟ ਗਈਆਂ। ਆਫੀਆ ਨੇ ਆਪਣੀ ਪੜ੍ਹਾਈ ਵਿੱਚ ਮਾਸਟਰ ਡਿਗਰੀ ਦੀ ਪੜ੍ਹਾਈ ਪੂਰੀ ਕਰ ਲਈ ਸੀ। ਹੁਣ ਉਸਨੇ ਸਿਰਫ ਲੈਬ ਵਰਕ ਕਰਨਾ ਸੀ। ਉਸਨੇ ਘਰੇਲੂ ਕੰਮਾਂ ਵਿੱਚ ਰੁਝੇ ਹੋਣ ਦਾ ਕਹਿ ਕੇ ਟੀਚਰਾਂ ਤੋਂ ਰਾਤਾਂ ਨੂੰ ਅਤੇ ਵੀਕ ਐਂਡ 'ਤੇ ਲੈਬ ਵਰਕ ਕਰਨ ਦੀ ਇਜਾਜ਼ਤ ਲੈ ਲਈ। ਪਰ ਆਫੀਆ ਲੈਬ 'ਚ ਕਦੇ ਹੀ ਆਉਂਦੀ ਸੀ।

1997 ਦੀਆਂ ਗਰਮੀਆਂ 'ਚ ਆਫੀਆ ਅਤੇ ਅਮਜਦ ਇੱਥੋਂ ਵੀ ਮੂਵ ਹੋ ਗਏ। ਉਨ੍ਹਾਂ ਨਵਾਂ ਅਪਾਰਟਮੈਂਟ, ਬਾਸਟਨ ਤੋਂ ਚਾਲੀ ਮੀਲ ਦੂਰ ਵੋਰੈਸਟਰ 'ਚ ਲੈ ਲਿਆ। ਉੱਥੇ ਅਮਜਦ ਨੇ ਨੇੜਲੇ ਸੈਂਟ ਵਿਨਸੈਂਟ ਹਸਪਤਾਲ ਵਿੱਚ ਨਵੀਂ ਇਨਟਰਨਰਸ਼ਿਪ ਸ਼ੁਰੂ ਕਰ ਦਿੱਤੀ। ਇਸ ਸ਼ਹਿਰ 'ਚ ਕੇਅਰ ਇੰਟਰਨੈਸ਼ਨਲ ਜਥੇਬੰਦੀ ਜਿਸ ਨੂੰ ਆਮ ਤੌਰ 'ਤੇ ਕੇਅਰ ਬਰਦਰਜ਼ ਕਿਹਾ ਜਾਂਦਾ ਸੀ, ਕਾਫੀ ਸਰਗਰਮ ਸੀ। ਇਸਦੇ ਦੇ ਪਰੈਜ਼ੀਡੈਂਟ ਇਮਾਮਦੀਨ ਮੁਨਸਤਾਰ ਦਾ ਇੱਥੇ ਲੋਗਨ ਫਰਨੀਚਰ ਸਟੋਰ ਨਾਂ ਦਾ ਬਿਜ਼ਨਸ ਸੀ। ਪਾਕਿਸਤਾਨੀ ਜਥੇਬੰਦੀ ਲਸ਼ਕਰੇ ਤੁਏਬਾ ਦੇ ਇੱਕ ਲੀਡਰ ਦਾ ਭਰਾ ਮੁਹੰਮਦ ਮਾਸੂਦ ਇੱਥੇ ਦੀ ਮਸਜਦ ਦਾ ਮੌਲਵੀ ਸੀ। ਇਨ੍ਹਾਂ ਕਾਰਨਾਂ ਕਰਕੇ ਆਫੀਆ ਨੂੰ ਇਹ ਸ਼ਹਿਰ ਬਹੁਤ ਪਸੰਦ ਆਇਆ। ਕੁਝ ਮਹੀਨੇ ਪਹਿਲਾਂ ਹੀ ਸਾਊਥ ਅਫਗਾਨਿਸਤਾਨ 'ਚ ਤਾਲੀਬਾਨਾਂ ਦਾ ਕਬਜ਼ਾ ਹੋ ਚੁੱਕਿਆ ਸੀ। ਉਨ੍ਹਾਂ ਨੇ 1992 ਤੋਂ ਰਾਜ ਕਰ ਰਹੇ ਵਾਰ ਲੌਰਡਾਂ ਨੂੰ ਉੱਥੋਂ ਖਦੇੜ ਦਿੱਤਾ ਸੀ। ਪਾਕਿਸਤਾਨ ਦੇ ਦਿਉਬੰਦੀ ਮਦਰੱਸਿਆਂ ਨੇ ਆਪਣੇ ਵਿਦਿਆਰਥੀਆਂ ਨੂੰ ਅਫਗਾਨਿਸਤਾਨ 'ਚ ਤਾਲੀਬਾਨਾਂ ਦੀ ਮੱਦਦ ਲਈ ਭੇਜਣਾ ਸ਼ੁਰੂ ਕੀਤਾ ਹੋਇਆ ਸੀ। ਉੱਥੇ ਤਾਲੀਬਾਨਾਂ ਦੇ ਲੀਡਰ, ਮੁੱਲਾ ਉਮਰ ਨੇ ਔਰਤਾਂ ਦੀ ਆਜ਼ਾਦੀ ਨੂੰ ਪੂਰੇ ਜ਼ੋਰ ਨਾਲ ਦਬਾਉਣ ਦੀ ਮੁਹਿਮ ਚਲਾਈ ਹੋਈ ਸੀ। ਉਸਦੀ ਧਾਰਮਿਕ ਪੁਲੀਸ ਨੇ ਨਵੇਂ ਰੂਲ ਲਾਗੂ ਕਰ ਦਿੱਤੇ ਸਨ। ਇੱਕਲੀ ਔਰਤ ਦਾ ਘਰੋਂ ਨਿਕਲਣਾ ਬੰਦ ਕਰ ਦਿੱਤਾ ਗਿਆ ਸੀ। ਇਸ ਤੋਂ ਬਿਨਾਂ ਔਰਤਾਂ ਦੇ ਕੰਮ ਕਰਨ 'ਤੇ ਪਾਬੰਦੀ, ਕੁੜੀਆਂ ਦੇ ਸਕੂਲ ਕਾਲਜ ਬੰਦ, ਬਿਊਟੀ ਪਾਰਲਰ ਬੰਦ, ਹਾਰ ਸ਼ਿੰਗਾਰ 'ਤੇ ਪਾਬੰਦੀ ਅਤੇ ਮਿਊਜ਼ਕ ਬਗੈਰਾ 'ਤੇ ਬੈਨ ਲਾ ਦਿੱਤਾ ਗਿਆ ਸੀ। ਇੱਥੋਂ ਤੱਕ ਕਿ ਲੋਕਾਂ ਨੂੰ ਹੁਕਮ ਕਰ ਦਿੱਤੇ ਗਏ ਸਨ ਕਿ ਉਹ ਆਪਣੇ ਘਰਾਂ ਦੇ ਹੇਠਲੇ ਲੈਵਲਾਂ 'ਤੇ ਘਰਾਂ ਦੀਆਂ ਖਿੜਕੀਆਂ ਸ਼ੀਸ਼ੇ ਆਦਿ ਉੱਪਰ ਰੰਗ ਕਰ ਦੇਣ ਤਾਂ ਕਿ ਬਾਹਰੋਂ, ਅੰਦਰ



ਫਿਰਦੀ ਕਿਸੇ ਔਰਤ 'ਤੇ ਨਜ਼ਰ ਨਾ ਪਵੇ। ਸੰਯੁਕਤ ਰਾਸ਼ਟਰ ਨੇ ਔਰਤਾਂ ਦੀ ਆਜ਼ਾਦੀ ਖਤਮ ਕਰਨ ਦੇ ਮੁੱਦੇ ਨੂੰ ਲੈ ਕੇ ਤਾਲੀਬਾਨ ਅਫਗਾਨ ਗੌਰਮਿੰਟ ਨੂੰ ਡਿਵੈਲਿਪਮੰਡ ਫੰਡ ਦੇਣ 'ਤੇ ਪਾਬੰਦੀ ਲਾ ਦਿੱਤੀ। ਇਸ ਤੋਂ ਚਿੜ੍ਹ ਕੇ ਪਾਕਿਸਤਾਨ ਦੀ ਦਿਉਬੰਦੀ ਲੀਡਰਸ਼ਿਪ ਨੇ ਇੱਕ ਹੋਰ ਜਥੇਬੰਦੀ ਕਾਇਮ ਕਰ ਲਈ ਜਿਸਦਾ ਨਾਂ ਸੀ, ਅਲ ਰਾਸ਼ੀਦ। ਅਲ ਰਾਸ਼ੀਦ, ਚੈਰਿਟੀ ਇੱਕਠੀ ਕਰਨ ਦੇ ਬਹਾਨੇ, ਤਾਲੀਬਾਨਾਂ ਲਈ ਫੰਡ ਇਕੱਠਾ ਕਰਨ ਲੱਗੀ। ਇਸਨੇ ਇੱਕ ਅਖ਼ਬਾਰ ਵੀ ਕੱਢਿਆ ਜਿਸਦਾ ਨਾਂ ਸੀ, ਜ਼ਰਬੇ ਮੋਮਨਜ਼। ਇਹ ਅਖ਼ਬਾਰ ਆਪਣੇ ਮੁਢਲੇ ਕੰਮ ਤੋਂ ਹੱਟ ਕੇ ਜਹੂਦੀਆਂ, ਕਰੂਸੇਡਰਜ਼ ਅਤੇ ਹਿੰਦੂਆਂ ਨੂੰ ਰੱਜ ਕੇ ਭੰਡਦਾ ਸੀ। ਇਹ ਅਮਰੀਕਾ 'ਤੇ ਵੀ ਰੱਜ ਕੇ ਵਰਦਾ ਸੀ। ਆਫੀਆ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਸਨੇ ਇਸਦੀ ਸਰਾਹਣਾ ਕੀਤੀ। ਨਾਲ ਹੀ ਉਸਨੇ ਇਸੇ ਅਖ਼ਬਾਰ ਰਾਹੀਂ ਪੜ੍ਹੀ ਉਸ ਖ਼ਬਰ ਨੂੰ ਸਰਾਹਿਆ ਜਿਸ 'ਚ ਕਿਹਾ ਗਿਆ ਸੀ ਕਿ ਤਾਲੀਬਾਨਾਂ ਨੇ ਉਸਾਮਾ ਬਿਨ ਲਾਦਿਨ ਨੂੰ ਇੱਥੇ ਆ ਕੇ ਆਪਣਾ ਜਿਹਾਦ ਚਾਲੂ ਰੱਖਣ ਲਈ ਕਿਹਾ ਹੈ। ਅਮਰੀਕੀ ਗੌਰਮਿੰਟ ਨੇ ਪਹਿਲੀ ਵਾਰ ਉਸਾਮਾ ਬਿਨ ਲਾਦਿਨ 'ਤੇ ਧਿਆਨ ਉਦੋਂ ਦਿੱਤਾ ਸੀ ਜਦੋਂ 1993 ਵਿੱਚ ਨਾਰਥ ਟਾਵਰ ਦੀ ਪਾਰਕਿੰਗ ਵਿੱਚ ਅਲ ਕੀਦਾ ਨੇ ਬੰਬ ਧਮਾਕਾ ਕਰਵਾਇਆ ਸੀ। ਪਿੱਛੋਂ ਜਦੋਂ ਇਸ ਧਮਾਕੇ ਦਾ ਮੁੱਖ ਦੋਸ਼ੀ, ਰਮਜੀ ਯੂਸਫ ਫੜਿਆ ਗਿਆ ਤਾਂ ਉਸ ਨੇ ਮੰਨਿਆ ਸੀ ਕਿ ਆਪਣੇ ਰੂਪੋਸ਼ ਸਮੇਂ ਦੌਰਾਨ, ਉਹ ਲਦਿਨ ਦੇ ਗੈਸਟ ਹਾਊਸ ਵਿੱਚ ਠਹਿਰਦਾ ਰਿਹਾ ਸੀ। ਇਸ ਪਿੱਛੋਂ ਹੀ ਅਮਰੀਕਣ ਸੀ. ਆਈ. ਏ. ਨੇ ਉਸਾਮਾ ਬਿਨ ਲਾਦਿਨ ਦੀਆਂ ਕਾਰਗੁਜ਼ਾਰੀਆਂ 'ਤੇ ਅੱਖ ਰੱਖਣੀ ਸ਼ੁਰੂ ਕੀਤੀ ਸੀ। ਆਫੀਆ ਲਈ ਉਸਾਮਾ ਬਿਨ ਲਾਦਿਨ, ਹਜ਼ਰਤ ਮੁਹੰਮਦ ਤੋਂ ਬਾਅਦ ਇਸਲਾਮ ਦਾ ਸਭ ਤੋਂ ਵੱਡਾ ਹੀਰੋ ਸੀ। ਉਸ ਦੇ ਭਾਸ਼ਣਾਂ ਅਤੇ ਰਹਿਣ ਸਹਿਣ ਦੇ ਢੰਗ ਤੋਂ ਆਫੀਆ ਬਹੁਤ ਜ਼ਿਆਦਾ ਪ੍ਰਭਾਵਤ ਸੀ। ਇਸ ਸਭ ਦੇ ਚੱਲਦਿਆਂ, ਪੜ੍ਹਾਈ ਵਿੱਚ ਪੂਰਾ ਵਕਤ ਦੇਣ ਦੇ ਬਾਵਜੂਦ ਉਹ ਧਾਰਮਿਕ ਕੰਮਾਂ ਵਿੱਚ ਪੂਰੀ ਸਰਗਰਮ ਸੀ। ਉਹ ਹਰ ਰੋਜ਼ ਪੰਜੇ ਨਮਾਜ਼ਾਂ ਬੜੀ ਬਾਕਾਇਦਗੀ ਨਾਲ ਪੂਰੀਆਂ ਕਰਦੀ। ਇਸ ਤੋਂ ਇਲਾਵਾ ਉਹ ਧਰਮ ਦੇ ਦੂਸਰੇ ਅਕੀਦੇ, ਰੋਜ਼ੇ ਆਦਿ ਵਿੱਚ ਬੜੀ ਪੱਰਪੱਕ ਸੀ। ਉਦੋਂ ਜਿਹੇ ਹੀ ਬਾਸਨੀਆਂ 'ਚ ਲੜਾਈ ਪੂਰੀ ਤਰ੍ਹਾਂ ਬੰਦ ਹੋ ਗਈ ਪਰ ਇਸੇ ਵੇਲੇ ਚੇਚਨੀਆਂ ਅਤੇ ਕਸੋਵੋ ਵਿੱਚ ਲੜਾਈ ਸ਼ੁਰੂ ਹੋ ਚੁੱਕੀ ਸੀ। ਹੁਣ ਆਫੀਆ ਇਸ ਪਾਸੇ ਕੰਮ ਕਰਨ ਲੱਗੀ। ਉਹ ਜ਼ਿਆਦਾ ਵਕਤ ਚੈਰਿਟੀ ਇਕੱਠੀ ਕਰਨ 'ਚ ਲਾਉਂਦੀ ਸੀ। ਉਹ ਇਸ ਕੰਮ ਵਿੱਚ ਬਹੁਤ ਜ਼ਿਆਦਾ ਮਾਹਰ ਹੋ ਚੁੱਕੀ ਸੀ। ਸਾਰੇ ਲੀਡਰ ਉਸਦੀ ਫੰਡ ਇਕੱਠਾ ਕਰਨ ਦੀ ਸਮੱਰਥਾ ਦੀ ਦਾਦ ਦਿੰਦੇ ਸਨ। ਚੌਵੀ ਘੰਟੇ ਉਹ ਬਾਹਰ ਦੇ ਕੰਮਾਂ 'ਚ ਮਸ਼ਰੂਫ ਰਹਿੰਦੀ ਸੀ। ਕਿਉਂਕਿ ਘਰੇ ਉਸਦੀ ਮਾਂ ਸੀ ਜੋ ਉਸਦੇ ਪੁੱਤਰ ਅਤੇ ਘਰ ਨੂੰ ਸੰਭਾਲਦੀ ਸੀ। ਪਰ ਜਦੋਂ ਇਸਮਤ ਸਦੀਕੀ ਵਾਪਸ ਪਾਕਿਸਤਾਨ ਚਲੀ ਗਈ ਤਾਂ ਬੱਚੇ ਨੂੰ ਸੰਭਾਲਣ ਦਾ ਔਖਾ ਹੋ ਗਿਆ। ਇੱਕ ਦਿਨ ਅਮਜਦ ਕੰਮ ਤੋਂ ਆਇਆ ਤਾਂ ਮੁੰਡਾ ਬੈਠਾ ਰੋ ਰਿਹਾ ਸੀ ਤੇ ਆਫੀਆ ਕੰਪਿਊਟਰ 'ਤੇ ਕਿਸੇ ਨਾਲ ਚੈਟਿੰਗ 'ਚ ਬਿਜ਼ੀ ਸੀ। ਅਮਜਦ ਖਿਝਦਾ ਹੋਇਆ ਬੋਲਿਆ,

"ਆਫੀਆ ਤੇਰਾ ਪਹਿਲਾ ਕੰਮ ਬੱਚਾ ਤੇ ਘਰ ਸੰਭਾਲਣ ਦਾ ਐ। ਪਰ ਤੈਨੂੰ ਇਸਦਾ ਕੋਈ ਫਿਕਰ ਨ੍ਹੀਂ ਐ।"

"ਇਹ ਕੰਮ ਤੂੰ ਵੀ ਕਰ ਸਕਦਾ ਐਂ। ਤੈਨੂੰ ਪਤਾ ਐ ਕਿ ਮੈਂ ਚੈਰਿਟੀ ਦੇ ਕੰਮ ਵਿੱਚ ਕਿੰਨੀ ਵਿਅਸਤ ਆਂ।"

"ਮੇਰੀ ਜਿਹੜੀ ਜ਼ਿੰਮੇਵਾਰੀ ਐ ਘਰ ਚਲਾਉਣ ਲਈ ਕਮਾਈ ਕਰਨ ਦੀ ਉਹ ਮੈਂ ਕਰੀ ਜਾ ਰਿਹਾ ਆਂ। ਪਰ ਤੂੰ ਹੀ ਆਪਣੀਆਂ ਜ਼ਿੰਮੇਵਾਰੀਆਂ ਨ੍ਹੀਂ ਸਮਝਦੀ।"

"ਤੂੰ ਕਿੰਨਾ ਕੁ ਜ਼ਿੰਮੇਵਾਰ ਐਂ ਮੈਂ ਜਾਣਦੀ ਆਂ। ਕੇਅਰ ਬਰਦਰਜ਼ ਦੀਆਂ ਮੀਟਿੰਗਾਂ 'ਚ ਤੂੰ ਮੇਰੇ ਨਾਲ ਨ੍ਹੀਂ ਜਾਂਦਾ। ਕਈ ਇਕੱਠਾਂ ਵਿੱਚ ਮੈਂ ਸਿਰਫ ਇਸੇ ਕਰਕੇ ਨ੍ਹੀਂ ਜਾ ਸਕਦੀ ਕਿ ਉੱਥੇ

ਮੁਸਲਮਾਨ ਔਰਤ ਹੋਣ ਦੇ ਨਾਤੇ ਘਰਵਾਲੇ ਦਾ ਨਾਲ ਹੋਣਾਂ ਜ਼ਰੂਰੀ ਹੁੰਦਾ ਐ।"

"ਉਹ ਕਮ ਆਨ ਆਫੀਆ ਇਹ ਅਮਰੀਕਾ ਐ। ਤੂੰ ਇਹ ਦਕੀਆਨੂਸੀ ਗੱਲਾਂ ਬੰਦ ਕਰ।"

"ਅਮਜਦ ਮੈਨੂੰ ਤੇਰੇ ਵੱਲ ਵੇਖ ਕੇ ਹੈਰਾਨੀ ਹੁੰਦੀ ਐ। ਕਿਹੋ ਜਿਹਾ ਮੁਸਲਮਾਨ ਐਂ ਤੂੰ। ਤੈਨੂੰ ਧਰਮ ਦੀ ਜ਼ਰਾ ਵੀ ਪ੍ਰਵਾਹ ਨ੍ਹੀਂ ਐ। ਤੈਨੂੰ ਅਮਰੀਕੀ ਢੰਗ ਨਾਲ ਜ਼ਿੰਦਗੀ ਬਿਤਾਉਂਦੇ ਨੂੰ ਸ਼ਰਮ ਆਉਣੀ ਚਾਹੀਦੀ ਐ। ਜਦੋਂ ਕਿ ਸਾਡੇ ਮੁਸਲਮਾਨ ਭਰਾ ਜਿਹਾਦ 'ਚ ਸ਼ਹੀਦ ਹੋਈ ਜਾ ਰਹੇ ਨੇ।"

ਇਸ ਪਿੱਛੋਂ ਦੋਨਾਂ 'ਚ ਤਕਰਾਰ ਵਧਦਾ ਗਿਆ। ਆਖਰ ਆਫੀਆ ਭੜਕ ਉੱਠੀ ਤੇ ਉਹ ਅਮਜਦ ਦੇ ਮਾਰਨ ਨੂੰ ਆਹੁਲੀ। ਅਮਜਦ ਬਚਾ ਕਰਦਾ ਉੱਠ ਕੇ ਬਾਹਰ ਚਲਾ ਗਿਆ। ਅਗਲੇ ਦਿਨ ਆਫੀਆ ਨੇ ਭਾਵੇਂ ਬੱਚੇ ਨੂੰ ਸੰਭਾਲਣ ਲਈ ਇਕ ਮੁਸਲਮਾਨ ਕੁੜੀ ਦਾ ਪ੍ਰਬੰਧ ਕਰ ਲਿਆ ਪਰ ਦੋਨਾਂ ਵਿਚਕਾਰ ਫਿੱਕ ਪੈਣੀ ਸ਼ੁਰੂ ਹੋ ਚੁੱਕੀ ਸੀ। ਅਗਲੇ ਕਈ ਦਿਨ ਆਫੀਆ ਨੇ ਉਸ ਨਾਲ ਗੱਲ ਨਾ ਕੀਤੀ। ਭਾਵੇਂ ਅਮਜਦ ਨੂੰ ਪਤਾ ਸੀ ਕਿ ਆਫੀਆ ਜਿਹਾਦ ਪ੍ਰਤੀ ਬਹੁਤ ਉਲਾਰ ਹੈ ਪਰ ਉਹ ਅਸਲ ਵਿੱਚ ਇਹੀ ਸਮਝਦਾ ਰਿਹਾ ਕਿ ਇਹ ਸਿਰਫ ਚੈਰਿਟੀ ਬਗੈਰਾ ਇਕੱਠਾ ਕਰਨ ਦਾ ਕੰਮ ਕਰਦੀ ਹੈ। ਇਹ ਉਸਦੇ ਖਿਆਲ ਵਿੱਚ ਕਦੇ ਵੀ ਨਹੀਂ ਆਇਆ ਕਿ ਇਹ ਤਾਂ ਤਨੋ ਮਨੋ ਜਿਹਾਦ ਨੂੰ ਸਮਰਪਤ ਹੈ, ਜਾਂ ਇਸਦੀ ਜ਼ਿੰਦਗੀ ਦਾ ਨਿਸ਼ਾਨਾ ਹੀ ਜਿਹਾਦ ਹੈ ਅਤੇ ਇਸਨੂੰ ਘਰ ਪਰਿਵਾਰ ਵਿੱਚ ਕੋਈ ਦਿਲਚਸਪੀ ਨਹੀਂ। ਨਾ ਹੀ ਕਦੇ ਆਫੀਆ ਨੇ ਉਸਨੂੰ ਆਪਦੇ ਅਸਲ ਕੰਮਾਂ ਦੀ ਭਿਣਕ ਲੱਗਣ ਦਿੱਤੀ। ਇਸੇ ਦੌਰਾਨ 1998 'ਚ ਉਨ੍ਹਾਂ ਦੇ ਘਰ ਦੂਸਰੇ ਬੱਚੇ ਜਾਣੀ ਕਿ ਲੜਕੀ ਦਾ ਜਨਮ ਹੋਇਆ। ਜਿਸਦਾ ਨਾਂ ਉਨ੍ਹਾਂ ਨੇ ਮਿਰੀਅਮ ਬਿੰਤ ਮੁਹੰਮਦ ਰੱਖਿਆ।

4

ਬੀਹਵੀਂ ਸਦੀ ਦਾ ਅਖੀਰ ਨੇੜੇ ਆ ਰਿਹਾ ਸੀ ਜੋ ਕਿ ਆਫੀਆ ਵਰਗੇ ਜਿਹਾਦੀਆਂ ਲਈ ਬੜਾ ਉਤਸ਼ਾਹ ਭਰਿਆ ਸੀ। ਉਨ੍ਹਾਂ ਮੁਤਾਬਕ, ਨਵਾਂ ਕਰਿਸਚੀਅਨ ਕੈਲੈਂਡਰ ਕਰਿਸ਼ੀਅਨਜ਼ ਦਾ ਅੰਤ ਲੈ ਕੇ ਆ ਰਿਹਾ ਸੀ। ਜੋ ਕਿ ਇਹ ਇਸਲਾਮ ਦੀ ਸਾਰੇ ਸੰਸਾਰ ਉੱਪਰ ਚੜਤ ਕਰ ਦੇਵੇਗਾ। ਨਵੇਂ ਸਾਲ 'ਚ ਆਫੀਆ ਦੀ ਸਹੇਲੀ ਮਾਰਲੇਨ ਦੇ ਘਰਵਾਲਾ, ਬਸਮ ਕੰਜ ਲਿਬਨਾਨ 'ਚ ਲੜਾਈ ਦੌਰਾਨ ਮਾਰਿਆ ਗਿਆ। ਸਭ ਜਿਹਾਦੀਆਂ ਲਈ ਉਹ ਇੱਕ ਸ਼ਹੀਦ ਬਣ ਗਿਆ। ਇਸ ਬਾਰੇ ਕੇਅਰ ਬਰਦਰਜ਼ ਨੇ ਖਾਸ ਮੀਟਿੰਗ ਕੀਤੀ। ਉੱਧਰ ਐਫ. ਬੀ. ਆਈ. ਨਾਲ ਦੀ ਨਾਲ ਅਜਿਹੀਆਂ ਮੀਟਿੰਗਾਂ ਰਿਕਾਰਡ ਕਰਦੀ ਰਹਿੰਦੀ ਸੀ। ਇਸ ਮੀਟਿੰਗ 'ਚ ਉਨ੍ਹਾਂ ਗੱਲਾਂ ਕੀਤੀਆਂ ਕਿ ਕੰਜ, ਜਿਹਾਦ ਦੌਰਾਨ ਸ਼ਹੀਦ ਹੋਇਆ ਹੈ ਇਸ ਲਈ ਉਹ ਸਿੱਧਾ ਸਵਰਗ ਵਿੱਚ ਜਾਵੇਗਾ। ਇੰਨਾ ਹੀ ਨਹੀਂ ਬਲਕਿ ਉਸਦੀ ਘਰਵਾਲੀ ਮਾਰਲੇਨ ਲਈ ਵੀ ਸਵਰਗ ਦੇ ਦਰਵਾਜ਼ੇ ਖੁੱਲ੍ਹ ਗਏ ਹਨ। ਆਫੀਆ ਮਾਰਲੇਨ ਨਾਲ ਹਮਦਰਦੀ ਤਾਂ ਵਿਖਾ ਹੀ ਰਹੀ ਸੀ ਪਰ ਨਾਲ ਉਹ ਇਹ ਵੀ ਮਹਿਸੂਸ ਕਰ ਰਹੀ ਸੀ ਕਿ ਇਹ ਕਿੰਨੀ ਕਿਸਮਤ ਵਾਲੀ ਹੈ ਕਿ ਇਸਦੇ ਘਰਵਾਲਾ ਜਿਹਾਦ ਦੌਰਾਨ ਸ਼ਹੀਦ ਹੋਇਆ ਹੈ। ਉਦੋਂ ਹੀ ਉਸਦੇ ਖਿਆਲ 'ਚ ਅਮਜਦ ਆਇਆ ਤਾਂ ਉਸਦਾ ਮੂੰਹ ਕੁੜੱਤਣ ਨਾਲ ਭਰ ਗਿਆ। ਇਸ ਪਿੱਛੋਂ ਕੇਅਰ ਬਰਦਰਜ਼ ਨੇ ਛੇਤੀ ਹੀ ਮਾਰਲੇਨ ਦੀ ਇੱਕ ਸਾਊਦੀ ਅਰਬ ਦੇ, ਅਨਵਰ ਅਲ ਮਿਰਾਬੀ ਨਾਂ ਦੇ ਜਿਹਾਦੀ ਨਾਲ ਸ਼ਾਦੀ ਕਰਵਾ ਦਿੱਤੀ। ਫਿਰ ਮਾਰਲੇਨ ਆਪਣੇ ਬੱਚਿਆਂ ਨੂੰ ਲੈ ਕੇ ਟੈਕਸਾਸ, ਆਪਣੇ ਨਵੇਂ ਘਰਵਾਲੇ ਕੋਲ ਚਲੀ ਗਈ। ਇਸ ਵਿਚਕਾਰ ਹੀ ਫਰਵਰੀ 2001 'ਚ ਆਫੀਆ ਨੇ ਥੀਸਸ ਪੂਰਾ ਕਰ ਲਿਆ। ਉਸਨੇ ਆਪਣੀ ਮਾਸਟਰ ਡਿਗਰੀ ਅਤੇ ਪੀ ਐੱਚ ਡੀ ਲਈ ਸਾਰੀ ਪੜ੍ਹਾਈ ਬਗੈਰਾ ਮੁਕੰਮਲ ਕਰ ਲਈ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਉਸਨੇ ਇਹ ਲੋੜੀਂਦੇ ਸਮੇਂ ਜਾਣੀ ਕਿ ਚਾਰ



ਸਾਲ ਤੋਂ ਪਹਿਲਾਂ ਹੀ ਮੁਕਾ ਲਈ ਜਦੋਂ ਕਿ ਇਸ ਵਿਚਕਾਰ ਉਸਨੇ ਦੋ ਬੱਚਿਆਂ ਨੂੰ ਜਨਮ ਦਿੱਤਾ ਅਤੇ ਨਾਲ ਹੀ ਚੌਵੀ ਘੰਟੇ ਧਾਰਮਿਕ ਅਤੇ ਜਿਹਾਦੀ ਕਰਵਾਈਆਂ ਵਿੱਚ ਰੁਝੀ ਰਹੀ। ਇੱਥੋਂ ਪਤਾ ਲੱਗਦਾ ਹੈ ਕਿ ਉਹ ਕਿੰਨੀ ਇੰਟੈਲੀਜੈਂਟ ਸੀ। ਉਸ ਨੂੰ ਯੂਨੀਵਰਸਿਟੀ ਵਾਲਿਆਂ ਪੁੱਛਿਆ ਕਿ ਉਸਦੇ ਭਵਿੱਖ ਦੇ ਕੀ ਪਲੈਨ ਹਨ ਤਾਂ ਉਸਦਾ ਉੱਤਰ ਸੀ ਕਿ ਹਾਲ ਦੀ ਘੜੀ ਉਸਨੇ ਧਾਰਮਿਕ ਕੰਮ ਕਰਨਾ ਹੈ। ਪੜ੍ਹਾਈ ਖਤਮ ਹੋ ਜਾਣ ਪਿੱਛੋਂ ਆਫੀਆ ਇੱਕ ਕਿਸਮ ਦੀ ਬੰਧਨ ਤੋਂ ਮੁਕਤ ਹੋ ਗਈ। ਹੁਣ ਉਹ ਪੂਰੇ ਜੋਸ਼ੋ ਖਰੋਸ਼ ਨਾਲ ਜਿਹਾਦ ਲਈ ਕੰਮ ਕਰਨਾ ਚਾਹੁੰਦੀ ਸੀ। ਉੱਧਰ ਅਮਜਦ ਵੀ ਆਪਣੀ ਪੜ੍ਹਾਈ ਦੇ ਖਾਤਮੇ ਵੱਲ ਵਧ ਰਿਹਾ ਸੀ। ਉਸਨੇ ਅਨੈਸਥੀਸਿਆਲੋਜੀ ਦੀ ਰੈਜ਼ੀਡੈਂਟੀ ਵਿੱਚ ਗਰੈਜੂਏਟ ਮੁਕੰਮਲ ਕਰਦਿਆਂ ਆਪਣੀ ਕਲਾਸ ਵਿੱਚ ਟਾਪ ਕੀਤਾ ਸੀ। ਇਸ ਪਿੱਛੋਂ ਅਮੈਰਿਕਨ ਐਸੋਸੀਏਸ਼ਨ ਆਫ ਅਨੈਸਥੀਸਿਆਲੋਜੀ ਨੇ ਉਸਨੂੰ ਆਪਣੇ ਨਿਊਸਲੈਟਰ ਦਾ ਆਡੀਟਰ ਨਿਯੁਕਤ ਕਰ ਦਿੱਤਾ ਜੋ ਉਸ ਲਈ ਬੜੇ ਮਾਣ ਵਾਲੀ ਗੱਲ ਸੀ। ਦਿਨੋ ਦਿਨ ਉਸਦਾ ਅਮਰੀਕਣ ਸਿਸਟਮ ਵਿੱਚ ਭਰੋਸਾ ਵਧਦਾ ਜਾ ਰਿਹਾ ਸੀ। ਇਸ ਦੇ ਬਾਅਦ ਉਸਨੇ ਪਬਲਿਕ ਹੈਲਥ ਵਿੱਚ ਮਾਸਟਰ ਕਰਨ ਲਈ ਹਾਵਰਡ ਯੂਨੀਵਰਸਿਟੀ ਵਿੱਚ ਦਾਖਲਾ ਲੈ ਲਿਆ। ਪਰ ਆਫੀਆ ਇਸ ਨਾਲ ਖੁਸ਼ ਨਾ ਹੋਈ। ਥੋੜ੍ਹੇ ਚਿਰ ਲਈ ਉਸਨੂੰ ਖੁਸ਼ ਕਰਨ ਵਾਸਤੇ ਤਾਂ ਅਮਜਦ ਨੇ ਦਾਹੜੀ ਵੀ ਵਧਾ ਲਈ। ਉਹ ਕਿਸੇ ਨਾ ਕਿਸੇ ਤਰ੍ਹਾਂ ਪਰਿਵਾਰਕ ਮਾਹੌਲ ਨੂੰ ਬਿਹਤਰ ਬਣਾਉਣਾ ਚਾਹੁੰਦਾ ਸੀ। ਪਰ ਉਸਨੂੰ ਪਤਾ ਨਹੀਂ ਸੀ ਕਿ ਆਫੀਆ ਆਪਣੇ ਮਿਸ਼ਨ ਵਿੱਚ ਕਿੰਨੀ ਡੂੰਘੀ ਉੱਤਰ ਚੁੱਕੀ ਹੈ। ਪੜ੍ਹਾਈ ਵੱਲੋਂ ਵਿਹਲੀ ਹੋਣ ਮਗਰੋਂ ਉਸਨੇ ਅਬਦੁੱਲਾ ਅਜ਼ਾਮ, ਜਿਸਨੂੰ ਕਿ ਜਿਹਾਦ ਦਾ ਗਾਡਫਾਦਰ ਸਮਝਿਆ ਜਾਂਦਾ ਹੈ, ਉਸਦੀ ਮਸ਼ਹੂਰ ਕਿਤਾਬ 'ਦਾ ਲਵਰਜ਼ ਆਫ ਦਾ ਪੈਰਾਡਾਈਜ਼ ਮੈਡਨਸ' ਅੰਗਰੇਜ਼ੀ ਵਿੱਚ ਅਨੁਵਾਦ ਕਰਨੀ ਸ਼ੁਰੂ ਕਰ ਦਿੱਤੀ। ਨਾਲ ਦੀ ਨਾਲ ਉਹ ਇਸਦੇ ਚੈਪਟਰ ਜਿਹਾਦੀ ਵੈੱਬ ਸਾਈਟ 'ਤੇ ਪਾਉਣ ਲੱਗੀ। ਇਸ ਕਿਤਾਬ 'ਚ ਉਨ੍ਹਾਂ 150 ਜਿਹਦੀਆਂ ਦੀ ਬਾਇਉਗਰਾਫੀ ਵੀ ਸੀ ਜੋ ਅਫਗਾਨਿਸਤਾਨ ਵਿੱਚ ਸ਼ਹੀਦ ਹੋਏ ਸਨ। ਇਸ ਤੋਂ ਇਲਾਵਾ ਆਫੀਆ ਇੰਟਰਨੈੱਟ 'ਤੇ ਇਸਲਾਮਿਕ ਡਿਸਕਸ਼ਨ ਗਰੁੱਪ ਨਾਲ ਵੀ ਹਿੱਸਾ ਲੈਣ ਲੱਗੀ। ਕਈ ਵਾਰੀ ਉਹ ਉਦੋਂ ਬਹੁਤ ਜ਼ਿਆਦਾ ਪਰੇਸ਼ਾਨ ਹੋ ਜਾਂਦੀ ਜਦੋਂ ਇਸ ਡਿਸਕਸ਼ਨ ਵਿੱਚ ਕਈ ਇਹ ਕਹਿੰਦੇ ਕਿ ਇਸਲਾਮ ਇਹ ਸਿਖਾਉਂਦਾ ਹੈ ਕਿ ਇਸ ਨੂੰ ਮੰਨਣ ਵਾਲਿਆਂ ਨੂੰ ਗੈਰ ਮੁਸਲਮਾਨਾਂ ਨਾਲ ਸ਼ਾਂਤੀ ਨਾਲ ਰਹਿਣਾ ਚਾਹੀਦਾ ਹੈ। ਉਦੋਂ ਉਹ ਇਹੀ ਸੋਚਦੀ ਕਿ ਅਜਿਹੇ ਆਦਮੀ ਸ਼ਾਇਦ ਅਮਰੀਕਣ ਏਜੈਂਟ ਹੋਣ। ਦਿਨੋ ਦਿਨ ਉਹ ਕੱਟੜ ਹੁੰਦੀ ਜਾ ਰਹੀ ਸੀ। ਇਨ੍ਹੀਂ ਦਿਨੀਂ ਅਮਜਦ ਦੇ ਪਰਿਵਾਰ ਵਾਲੇ ਉਨ੍ਹਾਂ ਨੂੰ ਮਿਲਣ ਆਏ ਤਾਂ ਉਹ ਇੱਕ ਸਾਇੰਸ ਮਿਊਜ਼ੀਅਮ ਵੇਖਣ ਚਲੇ ਗਏ। ਪਿੱਛੇ ਬੈਕਗਰਾਊਂਡ ਮਿਊਜ਼ਕ ਚੱਲ ਰਿਹਾ ਸੀ। ਆਫੀਆ ਨਾਰਾਜ਼ ਹੋਈ ਉੱਥੋਂ ਇਹ ਕਹਿੰਦਿਆਂ ਬਾਹਰ ਨਿਕਲ ਆਈ ਕਿ ਇਸਲਾਮ ਵਿੱਚ ਮਿਊਜ਼ਿਕ ਹਰਾਮ ਹੈ।

ਇਸੇ ਦੌਰਾਨ 2001 ਦੀਆਂ ਗਰਮੀਆਂ 'ਚ ਆਫੀਆ ਨੇ ਆਪਣੀ ਸਹੇਲੀ ਸਲਮਾ ਕਾਜ਼ਮੀ ਨੂੰ ਈਮੇਲ ਭੇਜੀ ਕਿ ਉਹ ਗਰਮੀਆਂ ਵਿੱਚ ਬੱਚਿਆਂ ਲਈ ਪਲੇਅ ਗਰੁੱਪ ਦਾ ਪ੍ਰਬੰਧ ਕਰ ਰਹੀ ਹੈ। ਸਲਮਾ ਨੇ ਆਫੀਆ ਦੇ ਅਪਾਰਟਮੈਂਟ ਦੇ ਨੇੜੇ ਹੀ ਅਪਾਰਟਮੈਂਟ ਲੈ ਲਿਆ। ਉਦੋਂ ਹੀ ਆਫੀਆ ਦੀ ਭੈਣ ਫੌਜ਼ੀਆ ਵੀ ਆਪਣੇ ਬੱਚਿਆਂ ਨੂੰ ਲੈ ਕੇ ਉਸ ਕੋਲ ਆ ਗਈ। ਫੌਜ਼ੀਆ, ਬਾਸਟਨ ਦੇ ਕਿਸੇ ਕਾਲਜ ਵਿੱਚ ਨਰਾਲੋਜੀ ਦੀ ਫੈਲੋਸ਼ਿਪ ਕਰ ਰਹੀ ਸੀ। ਫੌਜ਼ੀਆ ਨੇ ਆ ਕੇ ਵੇਖਿਆ ਕਿ ਆਫੀਆ ਪਹਿਲਾਂ ਵਾਲੀ ਆਫੀਆ ਨਹੀਂ ਰਹੀ। ਉਹ ਉਸਨੂੰ ਬਹੁਤ ਅੱਪਸੈੱਟ ਲੱਗੀ। ਇਸਦਾ ਸਾਰਾ ਦੋਸ਼ ਉਸਨੇ ਅਮਜਦ ਦੇ ਸਿਰ ਲਾਇਆ ਕਿ ਉਹ ਉਸਨੂੰ ਦੁੱਖ ਦਿੰਦਾ ਹੈ। ਜਦੋਂ ਕਿ ਅਮਜਦ ਦਾ ਕਹਿਣਾਂ ਸੀ ਕਿ ਫੌਜ਼ੀਆ ਨੇ ਪਹਿਲਾਂ ਹੀ ਉਸਦੇ ਘਰ ਵਿੱਚ ਚੱਲ ਰਹੀ ਸਮੱਸਿਆ ਨੂੰ ਚਿੰਗਾੜੀ ਦੇ ਦਿੱਤੀ। ਬੱਚਿਆਂ ਨੂੰ ਉਹ ਹੋਰ ਕੁਝ ਨਹੀਂ ਬਲਕਿ ਕੁਰਾਨ ਪੜ੍ਹਾ ਰਹੀ ਸੀ। ਇਨ੍ਹਾਂ ਹੀ ਦਿਨਾਂ 'ਚ ਕਿਸੇ ਚੈਰਿਟੀ ਦੇ ਇਕੱਠ

ਵੇਲੇ, ਆਫੀਆ ਨੇ ਆਪਣੇ ਪਹਿਨੀ ਹੋਈ ਕੀਮਤੀ ਅੰਗੂਠੀ ਦਾਨ ਕਰ ਦਿੱਤੀ। ਇਸ ਗੱਲ ਨੇ ਅਮਜਦ ਨੂੰ ਬਹੁਤ ਪਰੇਸ਼ਾਨ ਕਰ ਦਿੱਤਾ। ਉਦੋਂ ਹੀ ਬੱਚੇ ਘਰ ਜਾਣ ਦੀ ਜ਼ਿਦ ਕਰਨ ਲੱਗੇ ਤਾਂ ਅਮਜਦ ਨੇ ਆਫੀਆ ਨੂੰ ਤੁਰਨ ਲਈ ਕਿਹਾ। ਉਹ ਜਾਣ ਲਈ ਤਿਆਰ ਨਾ ਹੋਈ ਤਾਂ ਅਮਜਦ ਬੱਚਿਆਂ ਨੂੰ ਲੈ ਕੇ ਕਾਰ ਵੱਲ ਤੁਰ ਪਿਆ। ਚੁੱਪ ਜਿਹੀ ਕੀਤੀ ਤੇ ਭਰੀ ਪੀਤੀ ਆਫੀਆ ਵੀ ਪਿੱਛੇ ਤੁਰ ਪਈ। ਘਰ ਤੱਕ ਉਹ ਸਾਰੇ ਰਾਹ ਬਹਿਸ ਕਰਦੇ ਆਏ। ਆਫੀਆ ਦਾ ਕਹਿਣਾ ਸੀ ਕਿ ਅਮਜਦ ਉਸਨੂੰ ਅੰਗੂਠੀ ਦਾਨ ਕਰ ਦੇਣ ਲਈ ਸ਼ਾਬਾਸ਼ ਦੇਣ ਦੀ ਬਜਾਇ ਉਸ 'ਤੇ ਔਖਾ ਹੈ। ਘਰ ਆ ਕੇ ਵੀ ਇਹ ਬਹਿਸ ਜਾਰੀ ਰਹੀ। ਆਪਸ ਵਿੱਚ ਦੂਰਮ ਦੂਰੀ ਹੁੰਦਿਆਂ ਅਮਜਦ ਤੋਂ ਬੱਚੀ ਨੂੰ ਦੁੱਧ ਪਿਲਾਉਣ ਵਾਲੀ ਬੋਤਲ ਆਫੀਆ ਦੇ ਮੱਥੇ ਵਿੱਚ ਵੱਜ ਗਈ ਜਿਸ ਨਾਲ ਉਸਦੇ ਜ਼ਖ਼ਮ ਹੋ ਗਿਆ। ਉਹ ਉਸਨੂੰ ਉਸੇ ਵੇਲੇ ਹਸਪਤਾਲ ਲਿਜਾ ਕੇ ਟੰਕੇ ਲਗਵਾ ਲਿਆਇਆ। ਘਰੇ ਆ ਕੇ ਉਸਨੇ ਆਫੀਆ ਤੋਂ ਮੁਆਫੀ ਮੰਗੀ ਤਾਂ ਗੱਲ ਮੁੱਕ ਗਈ। ਪਰ ਜਦੋਂ ਅਗਲੇ ਦਿਨ ਫੌਜ਼ੀਆ, ਆਪਣੇ ਬੱਚਿਆਂ ਨੂੰ ਆਫੀਆ ਕੋਲ ਛੱਡਣ ਆਈ ਤਾਂ ਉਸ ਨੇ ਗੱਲ ਨੂੰ ਤੂਲ ਦੇ ਕੇ ਆਫੀਆ ਨੂੰ ਭੜਕਾ ਦਿੱਤਾ। ਨਤੀਜਾ ਇਹ ਹੋਇਆ ਕਿ ਜਦੋਂ ਸ਼ਾਮ ਵੇਲੇ ਅਮਜਦ ਘਰ ਆਇਆ ਤਾਂ ਉਸਨੇ ਵੇਖਿਆ ਕਿ ਆਫੀਆ ਬੱਚਿਆਂ ਸਮੇਤ ਫੌਜ਼ੀਆ ਦੇ ਘਰ ਜਾ ਚੁੱਕੀ ਸੀ। ਉਸਨੇ ਉੱਥੇ ਜਾ ਕੇ ਉਸਨੂੰ ਮਨਾਉਣਾ ਚਾਹਿਆ ਪਰ ਫੌਜ਼ੀਆ ਨੇ ਦਰਵਾਜ਼ਾ ਨਾ ਖੋਲ੍ਹਿਆ। ਪਰ ਚਾਰ ਕੁ ਦਿਨਾਂ ਪਿੱਛੋਂ ਆਫੀਆ ਆਪਣੇ ਆਪ ਹੀ ਘਰ ਮੁੜ ਆਈ। ਫੌਜ਼ੀਆ ਨੇ ਇੱਕ ਹੋਰ ਸ਼ੈਤਾਨੀ ਖੇਡੀ ਕਿ ਆਫੀਆ ਦੇ ਮੂੰਹ 'ਤੇ ਲੱਗੇ ਜ਼ਖ਼ਮਾਂ ਦੀ ਫੋਟੋ ਲੈ ਲਈ ਤੇ ਅਮਜਦ ਨੂੰ ਧਮਕੀ ਦਿੱਤੀ ਕਿ ਜੇਕਰ ਉਸਨੇ ਕਦੇ ਵੀ ਆਫੀਆ ਨੂੰ ਤੰਗ ਪਰੇਸ਼ਾਨ ਕੀਤਾ ਤਾਂ ਉਹ ਇਹ ਫੋਟੋ ਪੁਲੀਸ ਕੋਲ ਲੈ ਜਾਵੇਗੀ। ਇਸ ਘਟਨਾ ਨਾਲ ਉਨ੍ਹਾਂ ਵਿਚਕਾਰ ਪਈ ਦਰਾੜ ਹੋਰ ਡੂੰਘੀ ਹੋ ਗਈ। ਅਮਜਦ ਨੇ ਸੋਚਿਆ ਕਿ ਆਫੀਆ ਨੂੰ ਕਿਵੇਂ ਠੀਕ ਕੀਤਾ ਜਾਵੇ। ਉਸਨੇ ਦੂਰ ਖੁੱਲ੍ਹੇ ਇਲਾਕੇ ਵਿੱਚ ਵੱਡਾ ਅਪਾਰਟਮੈਂਟ ਲੈ ਲਿਆ। ਜੂਨ 'ਚ ਉਹ ਇਸ ਨਵੇਂ ਦੋ ਮੰਜ਼ਲੇ ਅਪਾਰਟਮੈਂਟ 'ਚ ਮੂਵ ਹੋ ਗਏ। ਇਸਦਾ ਇੱਕ ਕਮਰਾ ਉਨ੍ਹਾਂ ਇੱਕ ਸਾਊਦੀ ਅਰਬ ਦੇ ਕਿਸੇ ਆਦਮੀ ਨੂੰ ਕਿਰਾਏ 'ਤੇ ਦੇ ਦਿੱਤਾ ਜੋ ਕਿ ਅਮਜਦ ਨੂੰ ਹਸਪਤਾਲ ਕਰਕੇ ਜਾਣਦਾ ਸੀ।

ਇਸਦੇ ਹਫਤਾ ਕੁ ਬਾਅਦ ਇੰਟਰਨੈੱਟ 'ਤੇ ਇੱਕ ਵੀਡੀਉ ਘੁੰਮਣ ਲੱਗੀ। ਇਹ ਦੋ ਘੰਟਿਆਂ ਦੀ ਲੰਬੀ ਵੀਡੀਉ, ਉਸਾਮਾ ਬਿਨ ਲਾਦਿਨ ਦੇ ਭਾਸ਼ਣ ਦੀ ਸੀ ਜਿਸ 'ਚ ਇਜ਼ਰਾਇਲ ਵਿੱਚ ਮੁਸਲਮਾਨਾਂ 'ਤੇ ਹੁੰਦੇ ਅੱਤਿਆਚਾਰ ਵਿਖਾਏ ਗਏ ਸਨ। ਇਸ ਤਰ੍ਹਾਂ ਇਹ ਇੱਕ ਪਰਾਪੇਗੰਡਾ ਵੀਡੀਉ ਸੀ। ਇਸ ਵਿੱਚ ਲਾਦਿਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਦੁਨੀਆਂ 'ਚ ਮੁਸਲਮਾਨਾਂ 'ਤੇ ਹੋ ਰਹੇ ਅੱਤਿਆਚਾਰਾਂ ਲਈ ਸਿੱਧੇ ਤੌਰ 'ਤੇ ਅਮਰੀਕਾ ਅਤੇ ਲੁਕਵੇਂ ਢੰਗ ਨਾਲ ਜਹੂਦੀ ਜ਼ਿੰਮੇਵਾਰ ਹਨ। ਕਿਉਂਕਿ ਉਸ ਮੁਤਾਬਕ, ਅਮਰੀਕਾ ਦੇ ਹਰ ਮਹਿਕਮੇ 'ਚ ਜਹੂਦੀ ਉੱਚੇ ਅਹੁਦਿਆਂ 'ਤੇ ਤੈਨਾਤ ਹਨ। ਉਦਾਹਰਣ ਦੇ ਤੌਰ 'ਤੇ ਉਹ ਇਸ ਵੀਡੀਉ ਵਿੱਚ ਕਹਿ ਰਿਹਾ ਸੀ ਕਿ ਪੈਂਟਾਗਾਨ ਦਾ ਸਾਰਾ ਵੱਡਾ ਅਮਲਾ ਜਹੂਦੀ ਹੈ। ਪਹਿਲੀ ਵਾਰ ਵੀਡੀਉ ਰਾਹੀਂ ਐਡਾ ਵੱਡਾ ਪਰਾਪੇਗੰਡਾ ਵੇਖ ਕੇ ਅਮਰੀਕਾ ਚਿੰਤਤ ਹੋਇਆ। ਇੱਥੋਂ ਤੱਕ ਕਿ ਅਲ ਕੀਫਾ ਵਰਗੀਆਂ ਜਥੇਬੰਦੀਆਂ ਨੂੰ ਵੀ ਇਹ ਵੀਡੀਉ ਕਿਸੇ ਖਾਸ ਮੌਕੇ ਆਈ ਲੱਗਦੀ ਸੀ। ਉਨ੍ਹਾਂ ਨੂੰ ਥੋੜ੍ਹਾ ਅੰਦਾਜ਼ਾ ਹੋਣ ਲੱਗਿਆ ਕਿ ਕੁਝ ਨਾ ਕੁਝ ਵੱਡਾ ਹੋਣ ਵਾਲਾ ਹੈ। ਇਨ੍ਹਾਂ ਹੀ ਦਿਨਾਂ 'ਚ ਆਫੀਆ ਦੀ ਸਹੇਲੀ ਮਾਰਲੇਨ ਅਤੇ ਉਸਦੇ ਘਰਵਾਲਾ ਮੀਰਾਬੀ, ਟੈਕਸਾਸ ਤੋਂ ਕਾਰ ਰਾਹੀਂ ਬਾਸਟਨ ਪਹੁੰਚੇ। ਉਂਝ ਉਸ ਵੇਲੇ ਉਹ ਪਰੈਗਨੈਂਟ ਸੀ ਤੇ ਸਫਰ ਕਰਨ ਦੀ ਹਾਲਤ 'ਚ ਨਹੀਂ ਸੀ। ਪੁਰਾਣੇ ਦੋਸਤਾਂ ਨੇ ਉਸਦੇ ਲਈ ਚੰਗੀ ਰਿਸੈਪਸ਼ਨਿਸਟ ਪਾਰਟੀ ਦਾ ਇੰਤਜ਼ਾਮ ਕੀਤਾ। ਇਸ 'ਚ ਆਫੀਆ ਖਾਸ ਤੌਰ 'ਤੇ ਸ਼ਾਮਲ ਹੋਈ। ਉਦੋਂ ਅਮਜਦ ਨੂੰ ਕੋਈ ਇਲਮ ਨਾ ਹੋਇਆ। ਪਰ ਬਹੁਤ ਪਿੱਛੋਂ ਉਸਨੂੰ ਪਤਾ ਲੱਗਿਆ ਕਿ ਉਹ ਤਾਂ ਆਉਣ ਵਾਲੇ ਵੱਡੇ ਤੂਫਾਨ ਬਾਰੇ



ਸਲਾਹ ਮਸ਼ਵਰਾ ਕਰਨ ਆਏ ਸਨ। ਅਮਜਦ ਦੇ ਤਾਂ ਉਦੋਂ ਚਿੱਤ ਚੇਤਿਆਂ ਵਿੱਚ ਵੀ ਨਹੀਂ ਸੀ ਕਿ ਆਫੀਆ ਅਸਲ 'ਚ ਅਜਿਹੀ ਕਿਸੇ ਵੱਡੀ ਕਾਰਵਾਈ ਬਾਰੇ ਜਾਣਦੀ ਹੈ। ਜਾਂ ਉਸ ਬਾਰੇ ਹੋਣ ਵਾਲੀਆਂ ਮੀਟਿੰਗਾਂ ਵਿੱਚ ਹਿੱਸਾ ਲੈ ਰਹੀ ਹੈ।

ਸਤੰਬਰ ਗਿਆਰਾਂ ਦੋ ਹਜ਼ਾਰ ਇੱਕ ਦੇ ਦਿਨ ਸਵੇਰ ਵੇਲੇ, 8.46 'ਤੇ ਅਮਰੀਕਣ ਏਅਰਲਾਈਨਜ਼ ਨੰਬਰ ਗਿਆਰਾਂ ਵਰਲਡ ਟਰੇਡ ਸੈਂਟਰ ਨਾਰਥ ਟਾਵਰ ਨਾਲ ਟਕਰਾਈ। ਪੂਰੇ ਸਤਾਰਾਂ ਮਿੰਟ ਪਿੱਛੋਂ ਯੂਨਾਈਟਡ ਏਅਰਲਾਈਨਜ਼ ਦੀ ਫਲਾਈਟ ਨੰਬਰ 175, ਸਾਊਥ ਟਾਵਰ ਨਾਲ ਟਕਰਾ ਗਈ। ਦੋ ਹੋਰ ਫਲਾਈਟਾਂ ਹਾਈਜੈਕ ਹੋਈਆਂ ਜਿਹਨਾਂ 'ਚੋਂ ਇੱਕ ਪੈਂਟਾਗਾਨ ਨਾਲ ਟਕਰਾਈ ਤੇ ਦੂਸਰੀ ਪੈਨਸਲਵੇਨੀਆਂ ਦੇ ਖੇਤਾਂ ਵਿੱਚ ਕਰੈਸ਼ ਹੋਈ। ਇਸ ਘਟਨਾ ਦੇ ਕੁਝ ਘੰਟਿਆਂ ਪਿੱਛੋਂ ਹੀ ਬਾਸਟਨ ਗਲੋਬ ਪੇਪਰ ਨੇ ਰਿਪੋਰਟ ਛਾਪੀ ਕਿ ਗੌਰਮਿੰਟ, ਉਸਾਮਾ ਬਿਨ ਲਾਦਿਨ ਦੇ ਬਾਸਟਨ ਵਿਚਲੇ ਨੈੱਟ ਵਰਕ ਦੇ ਮੈਂਬਰਾਂ ਅਤੇ ਇਸਦੇ ਹਮਦਰਦਾਂ ਨੂੰ ਲੱਭ ਰਹੀ ਹੈ। ਉਨ੍ਹੀਂ ਦਿਨੀਂ ਅਮਜਦ ਹਾਵਰਡ ਵਿਖੇ ਆਪਣੀ ਪਬਲਿਕ ਹੈਲਥ ਦੀ ਪੜ੍ਹਾਈ ਸ਼ੁਰੂ ਕਰਨ ਵਾਲਾ ਸੀ। ਜਿਉਂ ਹੀ ਆਫੀਆ ਨੇ ਨਿਊਯਾਰਕ ਵਿੱਚ ਹੋਏ ਵਰਲਡ ਟਰੇਡ ਸੈਂਟਰ ਦੇ ਟਾਵਰਾਂ 'ਤੇ ਹੋਏ ਹਮਲਿਆਂ ਬਾਰੇ ਸੁਣਿਆ ਤਾਂ ਉਹ ਬਹੁਤ ਘਬਰਾ ਗਈ। ਫਿਕਰਮੰਦ ਹੋਈ ਉਹ ਕਦੇ ਕਿਸੇ ਦੋਸਤ ਨੂੰ ਫੋਨ ਕਰਦੀ ਤੇ ਕਦੇ ਕਿਸੇ ਨੂੰ। ਉਸਨੂੰ ਚੈਨ ਨਹੀਂ ਆ ਰਿਹਾ ਸੀ। ਸ਼ਾਮ ਵੇਲੇ ਜਦੋਂ ਅਮਜਦ ਘਰ ਆਇਆ ਤਾਂ ਉਹ ਡਰੀ ਹੋਈ ਕਦੇ ਕਿਸੇ ਕਮਰੇ ਵਿੱਚ ਜਾਂਦੀ ਸੀ ਤੇ ਕਦੇ ਕਿਸੇ 'ਚ। ਅਮਜਦ ਦੇ ਅੰਦਰ ਆਉਂਦਿਆਂ ਹੀ ਉਹ ਬੋਲੀ, "ਅਮਜਦ ਆਪਾਂ ਨੂੰ ਤੁਰੰਤ ਪਾਕਿਸਤਾਨ ਚਲੇ ਜਾਣਾਂ ਚਾਹੀਦਾ ਐ।"

"ਕਿਉਂ ਅਜਿਹੀ ਕੀ ਗੱਲ ਹੋ ਗਈ ?"

"ਤੈਨੂੰ ਨ੍ਹੀਂ ਪਤਾ ਕਿ ਅੱਜ ਕੀ ਹੋਇਆ ਐ ?"

"ਪਤੈ ਮੈਨੂੰ। ਅੱਜ ਅਮਰੀਕਾ 'ਚ ਅੱਤਵਾਦੀਆਂ ਨੇ ਬਹੁਤ ਵੱਡੀ ਤਬਾਹੀ ਮਚਾਈ ਐ। ਪਰ ਆਪਾਂ ਪਾਕਿਸਤਾਨ ਕਿਉਂ ਭੱਜ ਚੱਲੀਏ ?"

"ਕਿਉਂਕਿ ਆਪਣੇ ਪਰਿਵਾਰ ਨੂੰ ਹੁਣ ਇੱਥੇ ਖਤਰਾ ਐ।"

"ਨ੍ਹੀਂ ਤੈਨੂੰ ਐਵੇਂ ਭੁਲੇਖਾ ਲੱਗਦਾ ਐ। ਅਜਿਹੀ ਕੋਈ ਗੱਲ ਨ੍ਹੀਂ ਐ।"

"ਤੂੰ ਮੇਰੀ ਗੱਲ ਸਮਝਦਾ ਕਿਉਂ ਨ੍ਹੀਂ ਐਂ। ਮੈਂ ਤੈਨੂੰ ਦੱਸੀ ਜਾ ਰਹੀ ਆਂ ਕਿ ਆਪਾਂ ਨੂੰ ਇੱਥੇ ਖਤਰਾ ਐ।" ਉਹ ਭੜਕਦੀ ਹੋਈ ਉੱਚੀ ਬੋਲੀ।

"ਵੇਖ ਆਫੀਆ ਕੁਛ ਹੀ ਮਹੀਨਿਆਂ ਪਿੱਛੋਂ ਮੇਰੇ ਐਗਜ਼ਾਮ ਹੋ ਜਾਣੇ ਨੇ। ਆਪਾਂ ਉਸ ਪਿੱਛੋਂ ਚਲਦੇ ਰਹਾਂਗੇ।"

"ਤੂੰ ਨ੍ਹੀਂ ਜਾਣਾਂ ਤਾਂ ਨਾ ਜਾ ਪਰ ਮੈਂ ਹੁਣ ਇੱਥੇ ਨ੍ਹੀਂ ਰਹਿ ਸਕਦੀ।" ਪੈਰ ਪਟਕਦੀ ਆਫੀਆ ਬੈੱਡ ਰੂਮ ਨੂੰ ਚਲੀ ਗਈ।

ਸ਼ਾਮ ਤੱਕ ਪੁਲੀਸ ਨੇ ਬਾਸਟਨ ਸ਼ਹਿਰ 'ਚ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ। ਪੁਲੀਸ ਵਾਲੇ, ਨਾਬਿਲ ਉਲ ਮਾਰਵਾ ਨਾਂ ਦੇ ਇੱਕ ਟੈਕਸੀ ਡਰਾਈਵਰ ਨੂੰ ਵੀ ਲੱਭ ਰਹੇ ਸਨ ਜੋ ਕਿ ਬਸਮ ਕੰਜ ਨਾਲ ਕੰਮ ਕਰਦਾ ਰਿਹਾ ਸੀ। ( ਉਹੀ ਬਾਸਾਮ ਕੰਜ ਜੋ ਕਿ ਆਫੀਆ ਦੀ ਸਹੇਲੀ ਮਾਰਲੇਨ ਦਾ ਪਹਿਲਾ ਪਤੀ ਸੀ ਜੋ ਲਿਬਨਾਨ ਵਿੱਚ ਜਿਹਾਦ ਦੌਰਾਨ ਮਾਰਿਆ ਗਿਆ ਸੀ।) ਇਹ ਟੈਕਸੀ ਡਰਾਈਵਰ ਅੰਡਰਗਰਾਊਂਡ ਹੋ ਚੁੱਕਿਆ ਸੀ। ਪੁਲੀਸ ਨੇ ਟੈਕਸਾਸ ਦੇ ਉਸ ਮੌਲਵੀ ਨੂੰ ਵੀ ਫੜ੍ਹ ਲਿਆ ਜੋ ਕਿ ਮਾਰਲੇਨ ਅਤੇ ਉਸਦੇ ਘਰਵਾਲੇ ਦਾ ਗਾਈਡ ਸੀ। ਤੇਰਾਂ ਸਤੰਬਰ ਨੂੰ ਮਾਰਲੇਨ ਦੇ ਘਰਵਾਲਾ ਅਨਵਰ ਅਲ ਮੀਰਾਬੀ ਫੜ੍ਹ ਲਿਆ ਗਿਆ। ਬਾਸਟਨ 'ਚ ਆਫੀਆ ਦੇ ਇੱਕ ਕੇਅਰ ਬਰਦਰਜ਼ ਨੂੰ ਵੀ ਪੁੱਛ ਗਿੱਛ ਲਈ ਪੁਲੀਸ ਫੜ੍ਹ ਕੇ ਲੈ ਗਈ। ਅਜਿਹੀਆਂ ਖ਼ਬਰਾਂ ਨੇ ਆਫੀਆ ਨੂੰ ਹੋਰ ਵੀ ਫਿਕਰਾਂ ਵਿੱਚ

ਪਾ ਦਿੱਤਾ। ਉਸਨੇ ਇੱਥੋਂ ਚਲੇ ਜਾਣ ਲਈ ਜ਼ਿਆਦਾ ਜ਼ੋਰ ਪਾਉਣਾ ਸ਼ੁਰੂ ਕੀਤਾ ਤਾਂ ਅੱਕਿਆ ਹੋਇਆ ਅਮਜਦ ਬੋਲਿਆ, "ਆਫੀਆ ਤੂੰ ਮੈਨੂੰ ਇਹ ਦੱਸ ਕਿ ਅਜਿਹੀ ਕਿਹੜੀ ਗੱਲ ਐ ਜਿਸ ਤੋਂ ਤੂੰ ਇੰਨਾ ਡਰ ਰਹੀ ਐਂ ?"

"ਮੈਨੂੰ ਪਤਾ ਲੱਗਿਐ ਕਿ ਅਮਰੀਕਨ, ਮੁਸਲਮਾਨਾਂ ਦੇ ਬੱਚੇ ਅਗਵਾ ਕਰ ਰਹੇ ਨੇ।"

"ਕੀ ਬਕਵਾਸ ਗੱਲ ਕਰ ਰਹੀ ਐਂ ਤੂੰ, ਮੈਂ ਤਾਂ ਅਜਿਹੀ ਕੋਈ ਗੱਲ ਸੁਣੀ ਨ੍ਹੀਂ ?"

"ਪਤਾ ਤੈਨੂੰ ਕਿਸੇ ਗੱਲ ਦਾ ਹੈ ਨ੍ਹੀਂ ਤਾਹੀਂ ਮੇਰੀ ਗੱਲ ਨੂੰ ਬਕਵਾਸ ਕਹਿ ਰਿਹਾ ਐਂ।"

ਆਫੀਆ ਦੀ ਹਾਲਤ ਵੇਖ ਕੇ ਅਮਜਦ ਨੂੰ ਲੱਗਿਆ ਕਿ ਸ਼ਾਇਦ ਇਹ ਵਰਲਡ ਟਰੇਡ ਸੈਂਟਰ 'ਤੇ ਹੋਏ ਹਮਲਿਆਂ ਤੋਂ ਬਹੁਤ ਜ਼ਿਆਦਾ ਘਬਰਾ ਗਈ ਹੈ ਇਸੇ ਲਈ ਊਟ ਪਟਾਂਗ ਗੱਲਾਂ ਕਰੀ ਜਾ ਰਹੀ ਹੈ। ਉਹ ਕੁਝ ਨਰਮ ਹੁੰਦਾ ਬੋਲਿਆ,

"ਵੇਖ ਆਫੀਆ, ਕੁਛ ਹੀ ਮਹੀਨਿਆਂ ਦੀ ਗੱਲ ਐ। ਜੇਕਰ ਮੈਂ ਵਿਚਕਾਰੋਂ ਪੜ੍ਹਾਈ ਛੱਡ ਕੇ ਚਲਿਆ ਗਿਆ ਤਾਂ ਮੇਰੀ ਹੁਣ ਤੱਕ ਦੀ ਮਿਹਨਤ ਬਰਬਾਦ ਹੋ ਜਾਵੇਗੀ। ਤੂੰ ਕੁਝ ਦੇਰ....।"

"ਜੇਕਰ ਬਾਹਰ ਰਿਹਾ ਤਾਂ ਹੀ ਪੜ੍ਹਾਈ ਪੂਰੀ ਕਰੇਂਗਾ ਨਾ। ਤੂੰ ਨ੍ਹੀਂ ਜਾਣਦਾ ਕਿ ਤੈਨੂੰ ਤਾਂ ਜੇਲ੍ਹ ਉਡੀਕ ਰਹੀ ਐ।" ਆਫੀਆ ਉਸਦੀ ਗੱਲ ਕੱਟਦੀ ਬੋਲੀ।

"ਜੇਲ੍ਹ ! ? ਮੈਨੂੰ ਜੇਲ੍ਹ ਕਿਉਂ ਉਡੀਕ ਰਹੀ ਐ। ਮੈਂ ਕੀ ਮਾੜਾ ਕਰ ਦਿੱਤਾ ?"

"ਇਹ ਪਤਾ ਵੀ ਲੱਗਜੂਗਾ।"

ਇਸ ਪਿੱਛੋਂ ਆਫੀਆ ਉਸ ਨਾਲ ਬਹਿਸ ਬੰਦ ਕਰਦੀ ਆਪਣਾ ਸਾਮਾਨ ਬੰਨਣ ਲੱਗ ਪਈ। ਉਸ ਵੇਲੇ ਅਮਰੀਕਨ ਏਅਰਸਪੇਸ ਬੰਦ ਪਿਆ ਸੀ। ਫਿਰ ਪਤਾ ਨਹੀਂ ਕਿਹੜੇ ਵੇਲੇ ਉਸ ਨੇ ਟਿਕਟਾਂ ਬਗੈਰਾ ਦਾ ਪ੍ਰਬੰਧ ਕੀਤਾ ਕਿ ਉਨੀ ਸਤੰਬਰ ਨੂੰ ਏਅਰਪੋਰਟ ਦੁਬਾਰਾ ਖੁੱਲ੍ਹੇ ਤਾਂ ਉਹ ਬੱਚਿਆਂ ਸਮੇਤ ਪਹਿਲੀ ਫਲਾਈਟ 'ਤੇ ਸਵਾਰ ਹੁੰਦਿਆਂ ਪਾਕਿਸਤਾਨ ਚਲੀ ਗਈ। ਜਾਣ ਤੋਂ ਪਹਿਲਾਂ ਉਸਨੇ ਖਾਸ ਸਹੇਲੀਆਂ ਨੂੰ ਫੋਨ ਕੀਤੇ ਤੇ ਆਖਰੀ ਸੁਨੇਹੇ ਵਜੋਂ ਸਭ ਨੂੰ ਕਿਹਾ ਕਿ ਹੁਣ ਅਗਲੀ ਮੁਲਾਕਾਤ ਸਵਰਗਾਂ ਵਿੱਚ ਹੀ ਹੋਵੇਗੀ। ਉਸ ਮੁਤਾਬਕ ਉਹ ਦਿਨ ਸ਼ੁਰੂ ਹੋ ਚੁੱਕਿਆ ਸੀ ਜਿਸ ਬਾਰੇ ਜਿਹਾਦੀ ਲੀਡਰ ਕਿਹਾ ਕਰਦੇ ਸਨ ਕਿ ਆਖਰੀ ਲੜਾਈ ਸ਼ੁਰੂ ਹੋਣ ਵਾਲੀ ਹੈ ਜਿਸ ਵਿੱਚ ਇਸਲਾਮ ਨੂੰ ਛੱਡ ਕੇ ਬਾਕੀ ਸਭ ਕੁਝ ਖਤਮ ਹੋ ਜਾਵੇਗਾ। ਪਰ ਜਦੋਂ ਉਹ ਪਾਕਿਸਤਾਨ ਪਹੁੰਚੀ ਤਾਂ ਬਹੁਤ ਹੀ ਹੈਰਾਨ ਹੋਈ ਕਿਉਂਕਿ ਉੱਥੇ ਦੇ ਲੋਕ ਤਾਂ ਆਪਣੇ ਨਿੱਤ ਦੇ ਰੁਝੇਵਿਆਂ ਵਿੱਚ ਆਮ ਦੀ ਤਰ੍ਹਾਂ ਰੁਝੇ ਹੋਏ ਸਨ। ਕਿਸੇ ਨੂੰ ਅਮਰੀਕਾ ਵਿੱਚ ਹੋਏ ਹਮਲਿਆਂ ਬਾਰੇ ਜਾਂ ਆਖਰੀ ਲੜਾਈ ਬਾਰੇ ਕੋਈ ਚਿੰਤਾ ਨਹੀਂ ਸੀ। ਉਸਦਾ ਆਪਣਾਂ ਸਾਹੁਰਾ ਪਰਿਵਾਰ ਉਸਨੂੰ ਇਸ ਤਰ੍ਹਾਂ ਆਈ ਨੂੰ ਵੇਖ ਕੇ ਬਹੁਤ ਹੈਰਾਨ ਹੋਇਆ। ਉਹ ਕਦੋਂ ਦੇ ਕਹਿੰਦੇ ਆ ਰਹੇ ਸਨ ਕਿ ਇੱਕ ਵਾਰ ਅਮਜਦ ਅਤੇ ਆਫੀਆ ਬੱਚਿਆਂ ਸਮੇਤ ਆ ਕੇ ਮਿਲ ਜਾਣ ਪਰ ਉਨ੍ਹਾਂ ਕਦੇ ਇਸ ਪਾਸੇ ਧਿਆਨ ਹੀ ਨਹੀਂ ਦਿੱਤਾ ਸੀ। ਪਰ ਅੱਜ ਅਚਾਨਕ ਹੀ ਉਨ੍ਹਾਂ ਦੀ ਬਹੂ ਬਿਨਾਂ ਕਿਸੇ ਸੂਚਨਾ ਦੇ ਘਰ ਆ ਪਹੁੰਚੀ। ਉਹ ਵੀ ਜੋ ਕੁਝ ਹੋਇਆ ਸੀ ਇਸ ਬਾਰੇ ਸੁਣ ਚੁੱਕੇ ਸਨ। ਉਨ੍ਹਾਂ ਅਮਰੀਕਾ ਦੀ ਉਹ ਧਮਕੀ ਵੀ ਸੁਣੀ ਸੀ ਜੋ ਉਸਨੇ ਮੁੱਲਾ ਉਮਰ ਨੂੰ ਦਿੱਤੀ ਸੀ ਕਿ ਜਾਂ ਤਾਂ ਉਹ ਲਾਦਿਨ ਨੂੰ ਅਮਰੀਕਾ ਦੇ ਹਵਾਲੇ ਕਰੇ ਤੇ ਜਾਂ ਫਿਰ ਨਤੀਜੇ ਭੁਗਤਣ ਲਈ ਤਿਆਰ ਰਹੇ। ਸਭ ਨੂੰ ਪਤਾ ਸੀ ਕਿ ਅਮਰੀਕਾ, ਅਫਗਾਨਿਸਤਾਨ 'ਤੇ ਹਮਲਾ ਕਰਨ ਵਾਲਾ ਹੀ ਹੈ। ਮੁਸ਼ੱਰਫ ਦਾ ਉਹ ਬਿਆਨ ਵੀ ਸਾਰਿਆਂ ਨੇ ਸੁਣਿਆ ਸੀ ਕਿ ਪਾਕਿਸਤਾਨ ਅਮਰੀਕਾ ਦੀ ਇਸ ਮਾਮਲੇ ਵਿੱਚ ਬਿਨਾਂ ਸ਼ਰਤ ਮੱਦਦ ਕਰੇਗਾ। ਇਨ੍ਹਾਂ ਸਭ ਮਾਮਲਿਆਂ ਬਾਰੇ ਖਾਨ ਪਰਿਵਾਰ ਨੂੰ ਚੰਗੀ ਤਰ੍ਹਾਂ ਪਤਾ ਸੀ ਪਰ ਉਨ੍ਹਾਂ ਨੂੰ ਇਹ ਸਮਝ ਨਹੀਂ ਆ ਰਿਹਾ ਸੀ ਕਿ ਇਸ ਸਭ ਦਾ ਉਨ੍ਹਾਂ ਦੇ ਪੁੱਤਰ ਅਤੇ ਨੂੰਹ ਆਫੀਆ ਨਾਲ ਕੀ ਲੈਣਾ ਦੇਣਾ ਹੈ। ਉਨ੍ਹਾਂ ਨੇ ਇਹੀ ਗੱਲ ਆਫੀਆ ਨੂੰ ਕਹੀ ਤਾਂ ਉਹ ਬੋਲੀ,



"ਤੁਸੀਂ ਅਮਜਦ ਨੂੰ ਕਹੋ ਕਿ ਜਿੰਨੀ ਛੇਤੀ ਹੋ ਸਕਦਾ ਐ ਉਹ ਵੀ ਇੱਥੇ ਆ ਜਾਵੇ। ਅਮਰੀਕਾ 'ਚ ਉਸਦੀ ਜ਼ਿੰਦਗੀ ਨੂੰ ਖਤਰਾ ਐ। ਉੱਥੇ ਮੁਸਲਮਾਨਾਂ ਦੇ ਬੱਚੇ ਅਗਵਾ ਕੀਤੇ ਜਾ ਰਹੇ ਨੇ।"

ਘਰ ਵਾਲੇ ਸੋਚਣ ਲੱਗੇ ਕਿ ਸ਼ਾਇਦ ਆਫੀਆ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਦੇ ਹਮਲਿਆਂ ਕਾਰਨ ਘਬਰਾ ਗਈ ਹੈ ਇਸੇ ਕਰਕੇ ਬਹੁਤ ਡਰੀ ਹੋਈ ਹੈ। ਹੋ ਸਕਦਾ ਹੈ ਕਿ ਇੱਕ ਅੱਧ ਦਿਨ ਵਿੱਚ ਠੀਕ ਹੋ ਜਾਵੇਗੀ। ਪਰ ਆਫੀਆ ਠੀਕ ਹੋਣ ਦੀ ਬਜਾਇ ਹੋਰ ਹੋਰ ਹੀ ਗੱਲਾਂ ਕਰੀ ਜਾ ਰਹੀ ਸੀ। ਉਸਨੇ ਲੰਬਾ ਬੁਰਕਾ ਪਹਿਨਿਆ ਹੋਇਆ ਸੀ। ਇਹ ਗੱਲ ਵੀ ਖਾਨ ਪਰਿਵਾਰ ਨੂੰ ਪਰੇਸ਼ਾਨ ਕਰ ਰਹੀ ਸੀ ਕਿ ਇਹ ਅਮਰੀਕਾ ਰਹਿੰਦਿਆਂ ਵੀ ਇਨ੍ਹਾਂ ਗੱਲ੍ਹਾਂ ਨੂੰ ਇੰਨਾ ਮਹੱਤਵ ਦੇ ਰਹੀ ਹੈ। ਖਾਣੇ ਦੀ ਮੇਜ਼ 'ਤੇ ਬੈਠੇ ਤਾਂ ਉਸਨੇ ਬੁਰਕਾ ਪਾਸੇ ਨਾ ਹਟਾਇਆ। ਉਸਦੀ ਸੱਸ ਨੇ ਕਿਹਾ ਕਿ ਇੱਥੇ ਉਹ ਬੁਰਕਾ ਪਾਸੇ ਹਟਾ ਕੇ ਖਾਣਾ ਖਾ ਸਕਦੀ ਹੈ ਪਰ ਅੱਗੋਂ ਆਫੀਆ ਨੇ ਇਹ ਕਹਿ ਕੇ ਬੁਰਕਾ ਹਟਾਉਣ ਤੋਂ ਇਨਕਾਰ ਕਰ ਦਿੱਤਾ ਕਿ ਧਰਮ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ। ਅਮਜਦ ਦਾ ਵੱਡਾ ਭਰਾ ਬੜਾ ਹੈਰਾਨ ਸੀ। ਉਸਨੇ ਤਾਂ ਸੁਣਿਆ ਹੋਇਆ ਸੀ ਕਿ ਆਫੀਆ ਬਹੁਤ ਹੀ ਜੀਨੀਅਸ ਹੈ ਪਰ ਉਹ ਲੱਗ ਕੁਝ ਹੋਰ ਹੀ ਰਹੀ ਸੀ। ਉਸਨੇ ਬੱਚੇ ਕਿੱਡਨੈਪ ਕਰ ਦੇਣ ਵਾਲੀ ਗੱਲ ਛੇੜ ਲਈ। ਉਸਨੇ ਦੱਸਿਆ ਕਿ ਉਸਨੇ ਕਈਆਂ ਨਾਲ ਗੱਲ ਕੀਤੀ ਹੈ ਪਰ ਉਸਨੂੰ ਕਿਤੋਂ ਵੀ ਇਹ ਖ਼ਬਰ ਨਹੀਂ ਮਿਲੀ ਕਿ ਅਮਰੀਕਾ ਨੇ ਅਜੇ ਤੱਕ ਇੱਕ ਵੀ ਬੱਚਾ ਕਿੱਡਨੈਪ ਕੀਤਾ ਹੋਵੇ। ਉਸਨੇ ਇਸ ਬਾਰੇ ਆਫੀਆ ਨੂੰ ਪੁੱਛਿਆ ਤਾਂ ਉਹ ਬੋਲੀ, "ਤੁਹਾਨੂੰ ਉੱਥੇ ਬਾਰੇ ਕੁਝ ਵੀ ਪਤਾ ਨ੍ਹੀਂ ਐ। ਜੋ ਮੈਂ ਕਹਿ ਰਹੀ ਆਂ ਇਹ ਸੱਚ ਐ।"

"ਪਰ ਆਫੀਆ ਤੇਰੇ ਆਪਣੇ ਭਤੀਜੇ ਭਤੀਜੀਆਂ ਤੇ ਭਾਣਜੇ ਭਾਣਜੀਆਂ ਵੀ ਤਾਂ ਉੱਥੇ ਈ ਨੇ। ਉਨ੍ਹਾਂ ਬਾਰੇ ਤਾਂ ਤੂੰ ਫਿਕਰ ਕਰ ਨ੍ਹੀਂ ਰਹੀ ?"

ਉਸਦੀ ਇਹ ਗੱਲ ਸੁਣਦਿਆਂ ਸਾਰ ਆਫੀਆ ਨੇ ਹੱਥਲੀ ਰੋਟੀ ਚਲਾ ਕੇ ਮਾਰੀ ਤੇ ਆਪਦੇ ਬੈੱਡ-ਰੂਮ ਦੀਆਂ ਪੌੜੀਆਂ ਚੜ੍ਹ ਗਈ। ਉਸਦੀ ਸੱਸ ਉਸਦੇ ਮਗਰੇ ਗਈ। ਉਸਨੇ ਉਸਨੂੰ ਸਮਝਾਉਣਾਂ ਚਾਹਿਆ ਤਾਂ ਉਹ ਗੁੱਸੇ 'ਚ ਬੋਲੀ, "ਤੁਸੀਂ ਸਾਰੇ ਮੇਰੇ ਵਿੱਚ ਹੀ ਖੋਟ ਕੱਢ ਰਹੇ ਓਂ।"

"ਆਫੀਆ ਅਜਿਹੀ ਤਾਂ ਕੋਈ ਗੱਲ ਨ੍ਹੀਂ ਐ। ਤੂੰ ਖਾਣਾ ਵਿਚਕਾਰ ਨਾ ਛੱਡ। ਇਸ ਤਰ੍ਹਾਂ ਨਾਰਾਜ਼ ਨਾ ਹੋ। ਆ ਮੇਰੇ ਨਾਲ ਹੇਠਾਂ ਚੱਲ।"

ਕਿਸੇ ਤਰ੍ਹਾਂ ਸਮਝਾ ਬੁਝਾ ਕੇ ਸੱਸ ਉਸਨੂੰ ਹੇਠਾਂ ਲੈ ਆਈ। ਉਹ ਟੇਬਲ 'ਤੇ ਆ ਕੇ ਬੈਠ ਤਾਂ ਗਈ ਪਰ ਹੁਣ ਉਸਨੇ ਲੈਕਚਰ ਦੇਣਾਂ ਸ਼ੁਰੂ ਕਰ ਦਿੱਤਾ ਕਿ ਕਿਵੇਂ ਕੁਝ ਮੁਸਲਮ, ਧਰਮ ਨੂੰ ਠੇਸ ਲਾ ਰਹੇ ਹਨ। ਉਸਦਾ ਇਸ਼ਾਰਾ ਆਪਣੇ ਆਲੇ ਦੁਆਲੇ ਬੈਠੇ ਸਹੁਰੇ ਪਰਿਵਾਰ ਦੇ ਮੈਂਬਰਾਂ ਵੱਲ ਹੀ ਸੀ। ਉਸਦੇ ਸਹੁਰੇ ਨੂੰ ਗੁੱਸਾ ਤਾਂ ਬਹੁਤ ਆਇਆ ਕਿ ਕਿਵੇਂ ਕੱਲ੍ਹ ਦੀ ਛੋਕਰੀ ਉਸਨੂੰ ਧਰਮ ਬਾਰੇ ਸਿੱਖਿਆ ਦੇ ਰਹੀ ਹੈ। ਖੈਰ ਉਸ ਵੇਲੇ ਉਹ ਚੁੱਪ ਹੀ ਰਿਹਾ ਪਰ ਰਾਤ ਨੂੰ ਉਸਨੇ ਅਮਜਦ ਨੂੰ ਅਮਰੀਕਾ ਫੋਨ ਕਰਦਿਆਂ ਕਿਹਾ, "ਅਮਜਦ ਬੇਟਾ ਤੂੰ ਛੇਤੀ ਵਾਪਸ ਆ ਅਤੇ ਆ ਕੇ ਆਪਣੀ ਬੇਗਮ ਨੂੰ ਸੰਭਾਲ।"

ਅਮਜਦ ਨੇ ਪਿਉ ਨਾਲ ਗੱਲ ਕਰਕੇ ਫੋਨ ਰੱਖਿਆ ਹੀ ਸੀ ਕਿ ਉਦੋਂ ਹੀ ਆਫੀਆ ਦਾ ਫੋਨ ਆ ਗਿਆ।

"ਅਮਜਦ ਤੂੰ ਹੁਣ ਫੈਸਲਾ ਕਰ ਲੈ ਕਿ ਤੂੰ ਅੱਲਾ ਦੇ ਬੰਦਿਆਂ ਨਾਲ ਰਹਿਣਾ ਐਂ ਜਾਂ ਸ਼ੈਤਾਨ ਲੋਕਾਂ ਨਾਲ।"

ਅਮਜਦ ਨੇ ਫਿਰ ਉਹੀ ਗੱਲ ਦੁਹਰਾਈ ਕਿ ਕੁਝ ਮਹੀਨਿਆਂ ਦੀ ਗੱਲ ਹੈ। ਨਹੀਂ ਤਾਂ ਉਸਦਾ ਹੁਣ ਤੱਕ ਦਾ ਕੀਤਾ ਕਰਾਇਆ ਖੂਹ 'ਚ ਪੈ ਜਾਵੇਗਾ। ਪਰ ਜਦੋਂ ਵਾਰ ਵਾਰ ਉਸਨੂੰ ਘਰੋਂ ਫੋਨ

ਜਾਣ ਲੱਗੇ ਤਾਂ ਉਸਨੇ ਯੂਨੀਵਰਸਿਟੀ ਤੋਂ ਇੱਕ ਮਹੀਨੇ ਦੀ ਛੁੱਟੀ ਲਈ ਇਜਾਜ਼ਤ ਮੰਗੀ। ਉਸਨੂੰ ਇਜਾਜ਼ਤ ਮਿਲ ਗਈ ਤੇ ਉਹ ਨਵੰਬਰ 'ਚ ਪਾਕਿਸਤਾਨ ਆ ਗਿਆ। ਉਸਦੇ ਆ ਜਾਣ ਨਾਲ ਆਫੀਆ ਹੱਦੋਂ ਵੱਧ ਖੁਸ਼ ਹੋਈ। ਕੁਝ ਮਹੀਨੇ ਪਹਿਲਾਂ ਹੀ ਆਫੀਆ ਦਾ ਦੋਸਤ ਸੁਲੇਮਾਨ ਐਹਮਰ ਪਾਕਿਸਤਾਨ ਵਾਪਸ ਆ ਗਿਆ ਸੀ ਤੇ ਉਸਨੇ ਇੱਥੇ ਚੈਰਟੀ ਸਥਾਪਤ ਕੀਤੀ ਹੋਈ ਸੀ। ਇਸ ਚੈਰਟੀ ਦੀ ਆੜ 'ਚ ਉਹ ਖੁੱਲ੍ਹ ਕੇ ਤਾਲੀਬਾਨਾਂ ਦੀ ਮੱਦਦ ਕਰ ਰਿਹਾ ਸੀ। ਉਸੇ ਰਾਤ ਆਫੀਆ ਨੇ ਅਮਜਦ ਨੂੰ ਹੌਲੀ ਜਿਹੀ ਪਰ ਕਠੋਰ ਆਵਾਜ਼ 'ਚ ਕਿਹਾ, "ਅਮਜਦ ਤੂੰ ਕੱਲ੍ਹ ਨੂੰ ਈ ਕੁਏਟਾ ਚਲਿਆ ਜਾ। ਫਿਰ ਅੱਗੇ ਅਫਗਾਨਿਸਤਾਨ ਦੇ ਕਲਟ ਸ਼ਹਿਰ ਜਾਈਂ। ਉੱਥੇ ਇੱਕ ਇਸਲਾਮਿਕ ਗਰੁੱਪ ਨੇ ਹਸਪਤਾਲ ਖੋਲ੍ਹਿਆ ਹੋਇਆ ਹੈ। ਤੂੰ ਉੱਥੇ ਜਾ ਕੇ ਕੰਮ ਕਰਨਾ ਹੋਊਗਾ।"

"ਕੀ ਮਤਲਬ ?" ਅਮਜਦ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ।

"ਕਿਉਂਕਿ ਇਹ ਜਿਹਾਦ ਲਈ ਬਹੁਤ ਵੱਡੀ ਸੇਵਾ ਐ।"

"ਤੂੰ ਮੈਨੂੰ ਇਸੇ ਲਈ ਇੱਥੇ ਸੱਦਿਐ ?"

"ਹਾਂ, ਮੈਂ ਚਾਹੁੰਨੀ ਆਂ ਕਿ ਤੂੰ ਜਿਹਾਦ 'ਚ ਹਿੱਸਾ ਲਵੇਂ।"

"ਤੂੰ ਹਰ ਵਕਤ ਜਿਹਾਦ ਦੀਆਂ ਗੱਲਾਂ ਕਰਦੀ ਤਾਂ ਰਹਿੰਨੀ ਐਂ ਪਰ ਤੈਨੂੰ ਪਤਾ ਵੀ ਐ ਕਿ ਜਿਹਾਦ ਹੁੰਦਾ ਕੀ ਐ ?"

"ਤੂੰ ਦੱਸਦੇ ਕੀ ਹੁੰਦਾ ਐ ਜਿਹਾਦ ?" ਆਫੀਆ ਤਨਜ਼ 'ਚ ਬੋਲੀ।

"ਵੇਖ ਆਫੀਆ, ਇਹ ਗੱਲ ਮੈਨੂੰ ਵੀ ਪਤਾ ਐ ਕਿ ਮੁਸਲਿਮ ਧਰਮ ਵਿੱਚ ਜਿਹਾਦ ਸਭ ਤੋਂ ਵੱਡਾ ਕਾਰਜ ਐ। ਪਰ ਮੈਂ ਜੋ ਵੀ ਜਿਹਾਦ ਬਾਰੇ ਜਾਣਿਆਂ ਸੁਣਿਐਂ ਉਸ ਦੇ ਮਾਅਨੇ ਕੁਝ ਹੋਰ ਨੇ।"

"ਉਹ ਕੀ ?"

"ਹਰ ਸੱਚੇ ਮੁਸਲਮਾਨ ਨੂੰ ਪਹਿਲਾਂ ਨੌਂ ਜਿਹਾਦ, ਆਪਣੇ ਆਪ ਨਾਲ ਲੜਨੇ ਚਾਹੀਦੇ ਨੇ। ਇਹ ਹਨ ਕਾਮ, ਕਰੋਧ, ਝੂਠ, ਲੋਭ, ਮੋਹ, ਹੰਕਾਰ ਤੇ ਗੁੱਸਾ ਬਗੈਰਾ। ਜਿਸ ਨੇ ਇਨ੍ਹਾਂ ਨੌਂ ਜਿਹਾਦਾਂ ਮਤਲਬ ਕਿ ਮਾਨਸਿਕ ਦੁਸ਼ਮਣਾਂ 'ਤੇ ਫਤਹਿ ਪ੍ਰਾਪਤ ਕੀਤੀ ਹੋਈ ਐ ਉਹ ਹੀ ਦਸਵਾਂ ਜਿਹਾਦ ਜਾਣੀ ਕਿ ਹੋਰਨਾਂ ਨੂੰ ਮਾਰਨ ਵਾਲਾ ਜਿਹਾਦ ਲੜ ਸਕਦਾ ਐ। ਇਹੀ ਕੁਝ ਮੁਹੰਮਦ ਸਾਹਿਬ ਨੇ ਫੁਰਮਾਇਐ। ਜਿਸਨੇ ਇਨ੍ਹਾਂ ਨੌਂ ਵਕਾਰਾਂ ਨੂੰ ਜਿੱਤ ਲਿਆ ਉਸਨੂੰ ਕਿਸੇ ਹੋਰ ਨਾਲ ਲੜਨ ਦੀ ਲੋੜ ਹੀ ਨ੍ਹੀਂ ਰਹਿ ਜਾਂਦੀ।"

"ਹੂੰ....।" ਆਫੀਆ ਨੇ ਪੈਰ ਪਟਕੇ।

"ਕੀ ਤੂੰ ਸਮਝਦੀ ਐਂ ਕਿ ਆਪਾਂ ਇਨ੍ਹਾਂ ਨੌਂ ਵਕਾਰਾਂ 'ਤੇ ਫਤਹਿ ਪਾ ਲਈ ਐ ?"

"ਤੂੰ ਮੈਨੂੰ ਭਾਸ਼ਣ ਨਾ ਦੇਹ। ਤੂੰ ਇਹ ਗੱਲਾਂ ਨ੍ਹੀਂ ਸਮਝ ਸਕਦਾ। ਤੈਨੂੰ ਮੇਰਾ ਕਹਿਣਾ ਮੰਨਣਾ ਪਊਗਾ।"

ਅਮਜਦ ਚੁੱਪ ਰਿਹਾ। ਉਸਨੂੰ ਸਮਝ ਨਾ ਆਈ ਕਿ ਉਹ ਕੀ ਕਰੇ। ਫਿਰ ਉਸਨੂੰ ਖਿਆਲ ਆਇਆ ਕਿ ਧਰਮ ਇਹ ਵੀ ਕਹਿੰਦਾ ਹੈ ਕਿ ਹਰ ਔਖ 'ਚ ਤੁਹਾਨੂੰ ਆਪਣੇ ਮਾਪਿਆਂ ਦੀ ਸਲਾਹ ਲੈਣੀ ਚਾਹੀਦੀ ਹੈ। ਪਰ ਆਫੀਆ ਉਸਨੂੰ ਕਹਿ ਰਹੀ ਸੀ ਕਿ ਉਹ ਮਾਪਿਆਂ ਤੋਂ ਚੋਰੀਉਂ ਹੀ ਜਿਹਾਦੀ ਬਣ ਜਾਵੇ। ਉਸਨੇ ਚੁਪਕੇ ਜਿਹੇ ਪਹਿਲਾਂ ਆਪਣੇ ਵੱਡੇ ਭਰਾ ਨਾਲ ਗੱਲ ਕੀਤੀ। ਉਸਦਾ ਭਰਾ ਤਾਂ ਇਹ ਸਭ ਸੁਣ ਕੇ ਹੈਰਾਨ ਹੀ ਰਹਿ ਗਿਆ ਕਿ ਇਹ ਅਮਰੀਕਾ 'ਚ ਰਹਿ ਕੇ ਅਣਪੜ੍ਹਾਂ ਵਾਂਗੂੰ ਸੋਚਦੇ ਹਨ। ਅਸਲ ਵਿੱਚ ਉਸਦਾ ਪਰਿਵਾਰ ਤਾਂ ਅਫਗਾਨਿਸਤਾਨ ਅੰਦਰ ਚੱਲ ਰਹੀ ਲੜਾਈ ਨੂੰ ਜਿਹਾਦ ਸਮਝਦਾ ਹੀ ਨਹੀਂ ਸੀ। ਉਹ ਤਾਂ ਸਗੋਂ ਤਾਲੀਬਾਨਾਂ ਦੇ ਉਲਟ ਸਨ ਜਿਹਨਾਂ ਨੇ ਗਰੀਬ ਜਨਤਾ ਦਾ ਜੀਉਣਾ ਦੁੱਭਰ ਕੀਤਾ ਹੋਇਆ ਸੀ। ਇਹ ਪਰਿਵਾਰ ਉਸਾਮਾ ਬਿਨ ਲਾਦਿਨ ਨੂੰ ਵੀ ਦੋਸ਼ੀ ਮੰਨਦਾ ਸੀ।



ਨਾਲ ਹੀ ਤਾਲੀਬਾਨਾਂ ਨੂੰ ਜਿਨ੍ਹਾਂ ਨੇ ਉਸਨੂੰ ਆਪਣੇ ਮੁਲਕ 'ਚ ਪਨਾਹ ਦੇ ਕੇ ਅਮਰੀਕਾ ਦਾ ਪ੍ਰਕੋਪ ਸਹੇੜ ਲਿਆ। ਜਦੋਂ ਅਮਜਦ ਨੇ ਆਪਦੇ ਭਰਾ ਨੂੰ ਦੱਸਿਆ ਕਿ ਆਫੀਆ ਤਾਂ ਉਸ ਲਈ ਟਿਕਟ ਬਗੈਰਾ ਵੀ ਖਰੀਦੀ ਬੈਠੀ ਹੈ ਤਾਂ ਵੱਡਾ ਭਰਾ ਸਿੱਧਾ ਆਪਦੇ ਪਿਉ ਕੋਲ ਗਿਆ। ਅੱਗੋਂ ਪਿਉ ਇਹ ਸੁਣ ਕੇ ਭੜਕ ਉੱਠਿਆ, "ਅਮਜਦ, ਇਹ ਕੀ ਬਦਤਮੀਜ਼ੀ ਐ ?"

"ਅੱਬੂ ਮੈਂ ਤਾਂ ਵਿੱਚ ਵਿਚਾਲੇ ਫਸ ਗਿਆ ਆਂ। ਕੁਛ ਸਮਝ ਨ੍ਹੀਂ ਆਉਂਦਾ ਕੀ ਕਰਾਂ।"

"ਜੇ ਤੈਨੂੰ ਖੁਦ ਨੂੰ ਸਮਝ ਨ੍ਹੀਂ ਆਉਂਦੀ ਤਾਂ ਉਹ ਕਰ ਜੋ ਤੇਰੇ ਵਾਲੀਦਾਨ ਕਹਿ ਰਹੇ ਨੇ।"

"ਤੈਨੂੰ ਵਾਲੀਦਾਨ ਦੀ ਨ੍ਹੀਂ ਬਲਕਿ ਆਪਣੀ ਘਰਵਾਲੀ ਦੀ ਗੱਲ ਮੰਨਣੀ ਪਊਗੀ।" ਇੱਕ ਪਾਸਿਉਂ ਦਹਾੜਦੀ ਹੋਈ ਆਫੀਆ ਉਨ੍ਹਾਂ ਦੇ ਸਾਹਮਣੇ ਆ ਖੜੋਤੀ। ਉਸਦੀ ਗੱਲ ਸੁਣ ਕੇ ਅਮਜਦ ਦੇ ਪਿਉ ਦਾ ਪਾਰਾ ਸੱਤਵੇਂ ਅਸਮਾਨ 'ਤੇ ਜਾ ਚੜ੍ਹਿਆ। ਉਹ ਗੁੱਸੇ ਨਾਲ ਕੰਬਦਾ ਹੋਇਆ ਬੋਲਿਆ, "ਜੇ ਤੂੰ ਕੁਛ ਐਸਾ ਵੈਸਾ ਕੀਤਾ ਤਾਂ ਸਮਝ ਲਈਂ ਇਸ ਘਰ ਦੇ ਬੂਹੇ ਤੇਰੇ ਵਾਸਤੇ ਸਦਾ ਲਈ ਬੰਦ ਹੋ ਜਾਣਗੇ।"

"ਇਹ ਜਿਹਾਦ ਐ ਤੇ....।"

"ਉਏ ਬੀਬੀ, ਕਿਸ ਜਿਹਾਦ ਦੀ ਗੱਲ ਕਰ ਰਹੀ ਐਂ ਤੂੰ....।" ਆਫੀਆ ਦੀ ਗੱਲ ਵਿਚਾਲੇ ਕੱਟਦਿਆਂ ਅਮਜਦ ਦੇ ਪਿਉ ਨੇ ਗੁੱਸੇ ਨਾਲ ਉਸ ਵੱਲ ਵੇਖਿਆ। ਗੱਲ ਅੱਗੇ ਚਾਲੂ ਰਖਦਿਆਂ ਉਹ ਫਿਰ ਬੋਲਿਆ, "ਮੈਂ ਤਾਂ ਜਿਆ ਉਲ ਹੱਕ ਵੇਲੇ ਤੋਂ ਈ ਕਹਿੰਦਾ ਆ ਰਿਹਾ ਆਂ ਕਿ ਇਹ ਇੱਕ ਰਾਜਨੀਤਕ ਖੇਡ ਹੈ। ਜੋ ਰਾਜਨੀਤਕ ਲੋਕ, ਨੌਜਵਾਨਾਂ ਨੂੰ ਮੂਹਰੇ ਲਾ ਕੇ ਜਿਹਾਦ ਦੇ ਨਾਂ 'ਤੇ ਮਰਵਾਈ ਜਾ ਰਹੇ ਨੇ।"

"ਮੈਂ ਇਨ੍ਹਾਂ ਗੱਲਾਂ 'ਚ ਨ੍ਹੀਂ ਪੈਂਦੀ। ਅਮਜਦ ਤੈਨੂੰ ਮੇਰੀ ਗੱਲ ਮੰਨਦਿਆਂ ਜਿਹਾਦ ਵਿੱਚ ਜਾਣਾਂ ਪਊਗਾ।" ਆਫੀਆ ਇੱਕ ਪਾਸੇ ਖੜ੍ਹੀ ਬੋਲੀ।

"ਜੇ ਇਹ ਨਾ ਜਾਵੇ ਤਾਂ ? ਅਮਜਦ ਦੇ ਪਿਉ ਨੇ ਗੁੱਸੇ 'ਚ ਆਫੀਆ ਨੂੰ ਪੁੱਛਿਆ।

"ਤਾਂ ਫਿਰ ਮੈਨੂੰ ਤਲਾਕ ਦੇ ਦੇਵੇ। ਮੈਂ ਨ੍ਹੀਂ ਇਹੋ ਜਿਹੇ ਆਦਮੀ ਨਾਲ ਰਹਿਣਾ ਜੋ ਬੀਵੀ ਦੀ ਗੱਲ ਨ੍ਹੀਂ ਮੰਨ ਸਕਦਾ।"

ਆਫੀਆ ਦੀ ਇਹ ਗੱਲ ਸੁਣ ਕੇ ਸਾਰੇ ਸੁੰਨ ਹੋ ਗਏ। ਅਮਜਦ ਨੇ ਸੋਚਿਆ ਕਿ ਜੇ ਉਹ ਦੋ ਚਾਰ ਦਿਨ ਇੱਥੇ ਹੋਰ ਰਿਹਾ ਤਾਂ ਵਾਕਿਆ ਹੀ ਉਸਦਾ ਤਲਾਕ ਹੋ ਜਾਵੇਗਾ। ਉਸਨੂੰ ਆਪਦੀ ਪਰਿਵਾਰਕ ਜ਼ਿੰਦਗੀ ਦਾ ਫਿਕਰ ਹੋਇਆ ਤੇ ਉਹ ਆਫੀਆ ਨੂੰ ਬੱਚਿਆਂ ਸਮੇਤ ਲੈ ਕੇ ਆਫੀਆ ਦੇ ਚਾਚੇ ਐੱਸ ਐੱਸ ਫਾਰੂਕੀ ਦੇ ਘਰ ਚਲਾ ਗਿਆ ਜੋ ਕਿ ਇਸਲਾਮਾਬਾਦ ਤੋਂ ਬਾਹਰ ਰਹਿੰਦਾ ਸੀ। ਪਤੀ ਪਤਨੀ ਵਿਚਕਾਰ ਇੱਕ ਵਾਰ ਤਾਂ ਸ਼ਾਂਤੀ ਹੋ ਗਈ ਪਰ ਦੋ ਕੁ ਦਿਨਾਂ ਬਾਅਦ ਹੀ ਆਫੀਆ ਇੱਕ ਨਵੀਂ ਸਕੀਮ ਲੈ ਆਈ। ਉਹ ਅਮਜਦ ਦੇ ਸਾਹਮਣੇ ਬਹਿੰਦਿਆਂ ਬੋਲੀ, "ਅਮਜਦ ਆਪਾਂ ਨੂੰ ਜੈਸ਼ੇ ਮੁਹੰਮਦ ਦੇ ਕੈਂਪ 'ਚ ਚਲੇ ਜਾਣਾਂ ਚਾਹੀਦਾ ਐ। ਉੱਥੇ ਮੈਂ ਬੱਚਿਆਂ ਲਈ ਸਕੂਲ ਖੋਲ੍ਹ ਲਊਂਗੀ ਤੇ ਤੂੰ ਹਸਪਤਾਲ ਚਲਾਈਂ।"

ਜੈਸ਼ੇ ਮੁਹੰਮਦ ਦਾ ਕੈਂਪ, ਕਸ਼ਮੀਰ ਅਤੇ ਅਫਗਾਨਿਸਤਾਨ ਦੀਆਂ ਪਹਾੜੀਆਂ ਵਿਚਕਾਰ ਬਾਲਕੋਟ ਸ਼ਹਿਰ ਵਿੱਚ ਸੀ। ਜੈਸ਼ੇ ਮੁਹੰਮਦ ਜਥੇਬੰਦੀ ਕੁਝ ਦੇਰ ਪਹਿਲਾਂ ਹੀ ਬਣੀ ਸੀ। ਕੁਝ ਜਿਹਾਦੀ, ਦਸੰਬਰ 1999 ਵਿੱਚ, ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਅਗਵਾ ਕਰਕੇ ਕਾਬੁਲ ਲੈ ਗਏ ਸਨ। ਇਸ ਬਦਲੇ ਉਨ੍ਹਾਂ ਆਪਣੇ ਸਾਥੀ ਮੌਲਾਨਾ ਮਸੂਦ ਅਜਹਰ ਨੂੰ ਛੁਡਾ ਲਿਆ। ਮੌਲਾਨਾ ਮਸੂਦ ਨੇ ਵਾਪਸ ਪਾਕਿਸਤਾਨ ਵਿੱਚ ਜਾ ਕੇ ਜੈਸ਼ੇ ਮੁਹੰਮਦ ਜਥੇਬੰਦੀ ਬਣਾ ਲਈ। ਇਸਨੂੰ ਆਈ. ਐਸ. ਆਈ. ਦਾ ਆਸ਼ੀਰਬਾਦ ਪ੍ਰਾਪਤ ਸੀ। ਅਸਲ ਵਿੱਚ ਇਹ ਅਲ ਕਾਇਦਾ ਦੀ ਹੀ ਇੱਕ ਬਰਾਂਚ ਸੀ।

ਇਨ੍ਹਾਂ ਦੀ ਇੱਕ ਔਰਤਾਂ ਦਾ ਵਿੰਗ ਵੀ ਸੀ ਜਿਸਦਾ ਨਾਂ ਬੈਨਾਤ ਏ ਆਇਸ਼ਾ ਸੀ। ਆਫੀਆ ਇਸ ਵਿੱਚ ਸ਼ਾਮਲ ਹੋਣ ਨੂੰ ਫਿਰਦੀ ਸੀ। ਜੈਸ਼ੇ ਮੁਹੰਮਦ ਦੇ ਕੈਂਪਾਂ ਵਿੱਚ ਜਿਹਾਦੀ ਪਰਿਵਾਰਾਂ ਸਮੇਤ ਰਹਿੰਦੇ ਸਨ। ਇਸਦਾ ਹੱਲ ਅਮਜਦ ਨੇ ਕੁਝ ਹੋਰ ਸੋਚਿਆ। ਉਸਨੇ ਆਫੀਆ ਨੂੰ ਪਰਚਾਉਣ ਅਤੇ ਉਸਦੀ ਗੱਲ ਰੱਖਣ ਦੀ ਇੱਕ ਸਕੀਮ ਸੋਚਦਿਆਂ ਕਿਹਾ, "ਆਫੀਆ ਕਿਉਂ ਨਾ ਆਪਾਂ ਐਬਟਾਬਾਦ ਚਲੇ ਚੱਲੀਏ। ਉੱਥੇ ਮੈਂ ਹਸਪਤਾਲ 'ਚ ਨੌਕਰੀ ਕਰ ਲਊਂਗਾ। ਆਪਣੇ ਬੱਚਿਆਂ ਨੂੰ ਉੱਥੇ ਦੇ ਮਿਸ਼ਨਰੀ ਸਕੂਲਾਂ 'ਚ ਪੜ੍ਹਨ ਲਾ ਦਿਆਂਗੇ। ਬਾਲਕੋਟ ਉੱਥੋਂ ਨੇੜੇ ਈ ਐ। ਐਤਵਾਰ ਨੂੰ ਆਪਾਂ ਜੈਸ਼ੇ ਮੁਹੰਮਦ ਦੇ ਪ੍ਰੋਗਰਾਮਾਂ 'ਚ ਹਿੱਸਾ ਵੀ ਲੈ ਲਿਆ ਕਰਾਂਗੇ।"

ਆਫੀਆ ਨੇ ਕੁਝ ਦੇਰ ਸੋਚਿਆ ਤੇ ਫਿਰ ਅਣਮੰਨੇ ਜਿਹੇ ਮਨ ਨਾਲ ਉਸਨੇ ਹਾਂ ਕਹਿ ਦਿੱਤੀ। ਅਗਲੇ ਹੀ ਦਿਨ ਉਹ ਉੱਧਰ ਨੂੰ ਚੱਲ ਪਏ। ਉੱਥੇ ਪਹੁੰਚ ਕੇ ਉਹ ਰਾਤ ਕਿਸੇ ਹੋਟਲ 'ਚ ਰਹੇ। ਪਰ ਅਗਲੇ ਹੀ ਦਿਨ ਆਫੀਆ ਨੇ ਆਪਦੇ ਬੱਚਿਆਂ ਨੂੰ ਕ੍ਰਿਸ਼ੀਅਨ ਮਿਸ਼ਨਰੀ ਸਕੂਲਾਂ 'ਚ ਪੜ੍ਹਾਉਣ ਤੋਂ ਨਾਂਹ ਕਹਿ ਦਿੱਤੀ। ਨਾਲ ਹੀ ਉਸਦੇ ਅੰਦਰ ਅਫਸੋਸ ਪ੍ਰਗਟ ਹੋਣ ਲੱਗਿਆ ਕਿ ਇੱਥੋਂ ਥੋੜ੍ਹੀ ਦੂਰ ਬਾਰਡਰ ਪਾਰ ਹੀ ਜਿਹਾਦ ਚੱਲ ਰਿਹਾ ਹੈ ਤੇ ਉਹ ਉਸਦਾ ਹਿੱਸਾ ਨਹੀਂ ਬਣ ਰਹੀ। ਦੋਨਾਂ ਵਿਚਕਾਰ ਫਿਰ ਤੋਂ ਝਗੜਾ ਹੋਣ ਲੱਗਿਆ। ਅਮਜਦ ਨੇ ਸੋਚਿਆ ਕਿ ਉਹ ਕਿਤੇ ਵੀ ਚਲਾ ਜਾਵੇ ਅਤੇ ਕੁਝ ਵੀ ਕਰ ਲਵੇ ਪਰ ਆਫੀਆ ਨੇ ਉਦੋਂ ਤੱਕ ਨਹੀਂ ਮੰਨਣਾ ਜਦੋਂ ਤੱਕ ਉਹ ਜਿਹਾਦ ਵਿੱਚ ਸ਼ਾਮਲ ਨਹੀਂ ਹੋ ਜਾਂਦਾ। ਇਹ ਕੰਮ ਉਸਨੇ ਕਿਸੇ ਵੀ ਕੀਮਤ 'ਤੇ ਨਹੀਂ ਸੀ ਕਰਨਾ। ਉਹ ਵਾਪਸ ਮੁੜ ਪਿਆ। ਘਰੇ ਪਹੁੰਚਿਆ ਤਾਂ ਆਫੀਆ ਦੀ ਜੈਸ਼ੇ ਮੁਹੰਮਦ ਵਾਲੀ ਗੱਲ ਸੁਣ ਕੇ ਉਸਦੇ ਘਰ ਦੇ ਹੋਰ ਵੀ ਪਰੇਸ਼ਾਨ ਹੋ ਗਏ। ਉਸਦੇ ਪਿਉ ਨਈਮ ਖਾਨ ਨੇ ਉਸਨੂੰ ਹੁਕਮ ਦਿੱਤਾ ਕਿ ਉਹ ਅਗਲੇ ਦਿਨ ਹੀ ਸਭ ਕੁਝ ਭੁੱਲ ਕੇ ਵਾਪਸ ਅਮਰੀਕਾ ਚਲਾ ਜਾਵੇ ਤੇ ਉੱਥੇ ਜਾ ਕੇ ਆਪਦੀ ਪੜ੍ਹਾਈ ਪੂਰੀ ਕਰੇ। ਦੋ ਦਿਨਾਂ ਬਾਅਦ ਸੜੀ ਬਲੀ ਆਫੀਆ, ਅਮਜਦ ਨੂੰ ਕਰਾਂਚੀ ਏਅਰਪੋਰਟ ਤੋਂ ਅਮਰੀਕਾ ਲਈ ਵਿਦਾਅ ਕਰਕੇ ਆਪਦੇ ਪੇਕਿਆਂ ਦੇ ਘਰ ਚਲੀ ਗਈ।

5

ਅਮਜਦ ਦੀ ਮਾਂ ਜਾਹਿਰਾ ਖਾਂ ਆਪਣੇ ਆਪ ਨੂੰ ਪੁੱਤ ਦੀ ਦੋਸ਼ਣ ਮੰਨ ਰਹੀ ਸੀ ਕਿਉਂਕਿ ਆਫੀਆ ਉਸੇ ਦੀ ਪਸੰਦ ਸੀ। ਉਹ ਅੰਦਰੇ ਅੰਦਰ ਘੁਟ ਰਹੀ ਸੀ। ਇੱਕ ਦਿਨ ਉਸਨੇ ਅਮਜਦ ਨੂੰ ਫੋਨ ਕਰਕੇ ਕਿਹਾ ਕਿ ਉਹ ਆਫੀਆ ਨਾਲ ਗੁੱਸੇ ਸ਼ਿਕਵੇ ਦੂਰ ਕਰਕੇ ਆਪਦੀ ਗ੍ਰਹਿਸਥੀ ਬਚਾਵੇ। ਮਾਂ ਦਾ ਫੋਨ ਰੱਖਦਿਆਂ ਹੀ ਅਮਜਦ ਦੇ ਮਨ 'ਚ ਖਿਆਲ ਆਇਆ ਕਿ ਅੰਮੀ, ਆਫੀਆ ਨੂੰ ਪੂਰੀ ਤਰ੍ਹਾਂ ਜਾਣਦੀ ਨਹੀਂ, ਜੇ ਜਾਣਦੀ ਹੁੰਦੀ ਤਾਂ ਇਹ ਗੱਲ ਨਾ ਆਖਦੀ। ਉਹ ਖਿਆਲਾਂ 'ਚ ਗੁੰਮ ਹੋਇਆ ਤਾਂ ਉਸਨੇ ਆਪਣੇ ਆਪ ਨੂੰ ਕਿਹਾ, 'ਪੂਰੀ ਤਰ੍ਹਾਂ ਤਾਂ ਮੈਨੂੰ ਲੱਗਦਾ ਐ ਕਿ ਮੈਂ ਵੀ ਨ੍ਹੀਂ ਉਸਨੂੰ ਜਾਣਦਾ। ਉਦਾਹਰਣ ਦੇ ਤੌਰ 'ਤੇ ਮੈਨੂੰ ਅਜੇ ਤੱਕ ਇਹ ਗੱਲ ਸਮਝ ਨ੍ਹੀਂ ਆਈ ਕਿ ਆਫੀਆ ਨਾਈਨ ਅਲੈਵਨ ਤੋਂ ਪਿੱਛੋਂ ਇਕਦਮ ਇੰਨੀ ਕਿਉਂ ਡਰ ਗਈ ਸੀ। ਜਿਹੜਾ ਉਹ ਕਹਿ ਰਹੀ ਸੀ ਕਿ ਅਮਰੀਕਣ, ਮੁਸਲਮਾਨਾਂ ਦੇ ਬੱਚਿਆਂ ਨੂੰ ਅਗਵਾ ਕਰਨਗੇ ਉਹ ਤਾਂ ਇੱਕ ਬਹਾਨਾ ਲੱਗਦਾ ਹੈ। ਉਸਨੂੰ ਕਿਸ ਤੋਂ ਡਰ ਹੋ ਸਕਦਾ ਹੈ। ਉਹ ਤਾਂ ਕੇਅਰਇੰਟਰਨੈਸ਼ਨਲ ਜਥੇਬੰਦੀ 'ਚ ਸਿਰਫ ਚੈਰਿਟੀ ਇਕੱਠੀ ਕਰਨ ਦਾ ਕੰਮ ਕਰਦੀ ਸੀ। ਇਹ ਤਾਂ ਕੋਈ ਅਜਿਹੀ ਗੱਲ ਨ੍ਹੀਂ ਕਿ ਇੰਨਾ ਡਰਿਆ ਜਾਵੇ। ਇਸ ਗੱਲ ਦਾ ਨਾਈਨ ਅਲੈਵਨ ਨਾਲ ਕੋਈ ਲੈਣਾ ਦੇਣਾ ਨ੍ਹੀਂ ਹੈ।' ਸੋਚਾਂ ਸੋਚਦੇ ਨੂੰ ਉਸਨੂੰ ਵਿਚਾਰ ਆਇਆ ਕਿ ਆਫੀਆ ਉਸ ਲਈ ਅਜਿਹੀਆਂ ਸਥਿਤੀਆਂ ਕਿਉਂ ਪੈਦਾ ਕਰ ਰਹੀ ਹੈ ਜੋ ਉਸ ਲਈ ਨਿਭਾਉਣੀਆਂ ਮੁਸ਼ਕਲ ਹੀ ਨਹੀਂ ਸਗੋਂ ਨਾ ਮੁਮਕਿਨ ਹਨ। ਉਸਨੂੰ ਲੱਗਿਆ ਕਿ ਕਿਧਰੇ, ਆਫੀਆ ਇਹ ਬਹਾਨੇ ਉਸ



ਨਾਲ ਸਿਰਫ ਮੈਰਿਜ ਤੋੜਨ ਲਈ ਤਾਂ ਨਹੀਂ ਕਰ ਰਹੀ। ਕੁਝ ਵੀ ਸੀ ਆਖਰ ਉਸਨੇ ਆਫੀਆ ਨੂੰ ਫੋਨ ਕਰਕੇ ਕਿਹਾ ਕਿ ਉਹ ਉਸ ਕੋਲ ਚਲੀ ਆਵੇ। ਆਫੀਆ ਜੋ ਹੁਣ ਤੱਕ ਕੁਝ ਠੰਢੀ ਹੋ ਗਈ ਸੀ ਉਸ ਨੇ ਇਸ ਫੋਨ ਬਾਰੇ ਆਪਦੇ ਪਿਉ ਨੂੰ ਦੱਸਿਆ। ਪਿਉ ਨੇ ਉਸਨੂੰ ਕਿਹਾ ਕਿ ਇੱਕ ਸੱਚੀ ਮੁਸਲਮਾਨ ਦਾ ਪਹਿਲਾ ਧਰਮ ਆਪਣੀ ਸ਼ਾਦੀ ਬਚਾਉਣਾਂ ਹੈ।

ਇੱਧਰ ਅਫਗਾਨਿਸਤਾਨ ਵਿੱਚ, ਅਮਰੀਕਾ ਦੀ ਲੜਾਈ ਲੰਬੀ ਖਿੱਚ ਰਹੀ ਲੱਗਦੀ ਸੀ। ਭਾਵੇਂ ਤਾਲੀਬਾਨ ਗੌਰਮਿੰਟ ਤਾਂ ਸ਼ੁਰੂ ਵਿੱਚ ਹੀ ਢਹਿ ਢੇਰੀ ਹੋ ਗਈ ਸੀ ਪਰ ਉਸਾਮਾ ਬਿਨ ਲਾਦਿਨ ਆਪਣੇ ਅਲ ਕਾਇਦਾ ਦੇ ਮੈਂਬਰਾਂ ਸਮੇਤ ਪਾਕਿਸਤਾਨ ਭੱਜ ਨਿਕਲਿਆ ਸੀ। ਉੱਥੇ ਰਮਜੀ ਯੂਸਫ ਦਾ ਚਾਚਾ ਖਾਲਿਦ ਸ਼ੇਖ ਮੁਹੰਮਦ ਜਿਸਨੂੰ ਕੇ. ਐਸ. ਐਮ. ਕਰਕੇ ਵੀ ਜਾਣਿਆ ਜਾਂਦਾ ਸੀ, ਸਾਰੇ ਅਲ ਕਾਇਦਾ ਮੈਂਬਰਾਂ ਨੂੰ ਸੰਭਾਲਣ 'ਤੇ ਲੱਗਿਆ ਹੋਇਆ ਸੀ। ਇਸ ਤੋਂ ਇਲਾਵਾ ਔਰਤਾਂ ਦੀ ਜਥੇਬੰਦੀ ਜਮਾਇਤੇ ਇਸਲਾਮੀ ਵੀ ਉਨ੍ਹਾਂ ਲਈ ਘਰ, ਠਿਕਾਣੇ ਆਦਿ ਲੱਭਣ 'ਚ ਮੱਦਦ ਕਰ ਰਹੀ ਸੀ। ਆਫੀਆ ਦੀ ਮਾਂ ਇਸਮਤ ਸਦੀਕੀ ਇਸ ਜਥੇਬੰਦੀ ਦੀ ਸਰਗਰਮ ਮੈਂਬਰ ਸੀ। ਉੱਧਰ ਅਮਰੀਕਾ ਲਈ ਇੱਕ ਹੋਰ ਮੁਸ਼ਕਲ ਸੀ। ਉਸਨੇ ਅਜੇ ਤੱਕ ਇਹ ਨਹੀਂ ਜਾਣਿਆਂ ਸੀ ਕਿ ਇਹੀ ਕੇ. ਐਸ. ਐਮ. ਹੀ ਨਾਈਨ ਅਲੈਵਨ ਦਾ ਅਸਲ ਦੋਸ਼ੀ ਹੈ ਜਿਸਨੇ ਸਾਰੀ ਸਕੀਮ ਬਣਾਈ ਸੀ। ਅਮਰੀਕਾ ਲੜਾਈ ਦਾ ਮੂੰਹ ਇਰਾਕ ਵੱਲ ਮੋੜਨ ਲਈ ਤਿਆਰ ਹੋ ਰਿਹਾ ਸੀ ਤੇ ਇੱਧਰ ਸਾਰੇ ਅਲਕਾਇਦਾ ਵਾਲੇ ਪਾਕਿਸਤਾਨ ਵਿੱਚ ਅੱਡੇ ਜਮਾਉਣ 'ਚ ਮਸ਼ਰੂਫ ਸਨ। ਕੇ. ਐਸ. ਐਮ. ਉਸ ਬਲੋਚੀ ਪਰਿਵਾਰ ਦਾ ਮੋਢੀ ਸੀ ਜੋ ਕਿ ਪਹਿਲਾਂ ਕੁਵੈਤ ਚਲਿਆ ਗਿਆ ਤੇ ਫਿਰ ਪਾਕਿਸਤਾਨ ਆ ਗਿਆ ਸੀ। ਇਸ ਪਰਿਵਾਰ ਦਾ ਆਈ. ਐਸ. ਆਈ. ਵਿੱਚ ਬਹੁਤ ਅਸਰ ਰਸੂਖ ਸੀ। ਜਦੋਂ ਨਾਈਨ ਅਲੈਵਨ ਤੋਂ ਪਿੱਛੋਂ ਅਲ ਕਾਇਦਾ ਅਤੇ ਕੇ. ਐਸ. ਐਮ. ਵਰਗੇ ਕਰਾਂਚੀ ਸ਼ਹਿਰ ਵਿੱਚ ਅੱਡੇ ਜਮਾਉਣ ਵਿੱਚ ਮਸ਼ਰੂਫ ਸਨ ਤਾਂ ਉਦੋਂ ਆਫੀਆ ਅਜੇ ਉੱਥੇ ਹੀ ਸੀ। ਪਰ ਅਮਜਦ ਦਾ ਫੋਨ ਆਉਣ ਪਿੱਛੋਂ, ਆਪਣੇ ਪਿਉ ਦੀ ਸਲਾਹ 'ਤੇ ਉਹ ਬੱਚਿਆਂ ਨੂੰ ਲੈ ਕੇ 5 ਜਨਵਰੀ, 2002 ਨੂੰ ਵਾਪਸ ਅਮਜਦ ਕੋਲ ਬਾਸਟਨ ਚਲੀ ਗਈ।

ਇਸ ਵਾਰ ਆਫੀਆ ਆ ਤਾਂ ਗਈ ਪਰ ਪਹਿਲੇ ਦਿਨ ਤੋਂ ਹੀ ਉਹ ਖੁਸ਼ ਵਿਖਾਈ ਨਾ ਦਿੱਤੀ। ਉਦੋਂ ਹੀ ਉਸਨੂੰ ਪਤਾ ਲੱਗਿਆ ਕਿ ਉਹ ਫਿਰ ਤੋਂ ਪਰੈੱਗਨੈਂਟ ਹੈ। ਉਹ ਘਰ ਵੱਲ ਜਾਂ ਬੱਚਿਆਂ ਵੱਲ ਘੱਟ ਹੀ ਧਿਆਨ ਦਿੰਦੀ ਸੀ। ਸਾਰਾ ਦਿਨ ਇੰਟਰਨੈੱਟ 'ਤੇ ਬੈਠੀ ਕਿਸੇ ਨਾ ਕਿਸੇ ਨਾਲ ਗੱਲ ਕਰ ਰਹੀ ਹੁੰਦੀ ਜਾਂ ਫਿਰ ਅਫਗਾਨਿਸਤਾਨ ਵਿੱਚ ਚੱਲ ਰਹੀ ਲੜਾਈ ਦੀਆਂ ਵੀਡੀਉ ਵੇਖ ਰਹੀ ਹੁੰਦੀ। ਉਸਨੇ ਆਪਣੇ ਬੱਚੇ ਵੀ ਸਕੂਲ ਵਿੱਚ ਦਾਖਲ ਨਾ ਕਰਵਾਏ। ਉਹ ਉਨ੍ਹਾਂ ਨੂੰ ਘਰੇ ਹੀ ਪੜ੍ਹਾਉਂਦੀ। ਜਿਹਾਦ ਬਾਰੇ ਗੱਲ ਕਰਦਿਆਂ ਹੀ ਮੀਆਂ ਬੀਵੀ ਦਰਮਿਆਨ ਤਕਰਾਰ ਸ਼ੁਰੂ ਹੋ ਜਾਂਦਾ। ਆਖਰ ਅਮਜਦ ਨੇ ਇਸਦਾ ਇੱਕ ਹੱਲ ਕੱਢਿਆ ਤੇ ਉਹ ਕਹਿਣ ਲੱਗ ਪਿਆ ਕਿ ਅਜੇ ਤਾਂ ਉਹ ਜਿਹਾਦ ਬਾਰੇ ਇੱਧਰੋਂ ਉੱਧਰੋਂ ਸੁਣ ਕੇ ਟਰੇਨਿੰਗ ਲੈ ਰਿਹਾ ਹੈ। ਪਰ ਉਸਨੇ ਵਾਅਦਾ ਕੀਤਾ ਕਿ ਇਮਤਿਹਾਨ ਖਤਮ ਹੁੰਦਿਆਂ ਹੀ ਉਹ ਇਸ ਵਿੱਚ ਸ਼ਾਮਲ ਹੋਣ ਬਾਰੇ ਸੋਚੇਗਾ। ਆਫੀਆ ਨੂੰ ਮਾੜਾ ਮੋਟਾ ਭਰੋਸਾ ਹੋਇਆ। ਇਨ੍ਹਾਂ ਦਿਨਾਂ ਵਿੱਚ ਹੀ ਇਰਾਕ ਉੱਪਰ ਹਮਲੇ ਦੀਆਂ ਗੱਲਾਂ ਹੋਣ ਲੱਗ ਪਈਆਂ ਸਨ। ਆਫੀਆ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਹ ਅਮਰੀਕਾ ਦੀ ਇੱਕ ਚਾਲ ਹੈ ਇਜ਼ਰਾਇਲ ਨੂੰ ਅੱਗੇ ਵਧਾਉਣ ਦੀ। ਉਹ ਉਹੀ ਗੱਲਾਂ ਕਹਿੰਦੀ ਜੋ ਸਾਰਾ ਦਿਨ ਇੰਟਰਨੈੱਟ 'ਤੇ ਬੈਠੀ ਇਸਲਾਮਿਕ ਕੱਟੜ ਜਿਹਾਦੀਆਂ ਨਾਲ ਕਰਦੀ ਰਹਿੰਦੀ ਸੀ।

ਮਾਰਚ 2002 ਵਿੱਚ ਅਮਰੀਕਣ ਫੋਰਸ ਨੇ ਅਲ ਕਾਇਦਾ ਦਾ ਇੱਕ ਮਸ਼ਹੂਰ ਮੈਂਬਰ, ਅਬੂ ਜ਼ੁਬੇਦ ਫੜ੍ਹ ਲਿਆ। ਉਸੇ ਤੋਂ ਹੀ ਪਤਾ ਚੱਲਿਆ ਕਿ ਨਾਈਨ ਅਲੈਵਨ ਦਾ ਅਸਲੀ ਮਾਸਟਰ ਮਾਈਂਡ ਖਾਲਿਦ ਸ਼ੇਖ ਮੁਹੰਮਦ (ਕੇ. ਐਸ. ਐਮ.) ਹੈ। ਇਸ ਦੇ ਨਾਲ ਹੀ ਅਮਰੀਕਣਾਂ ਨੂੰ ਇਹ ਵੀ

ਪਹਿਲੀ ਵਾਰ ਪਤਾ ਲੱਗਿਆ ਕਿ 1993 'ਚ ਨਾਰਥ ਟਾਵਰ ਦੇ ਪਾਰਕਿੰਗ ਲਾਟ ਵਿੱਚ ਬੰਬ ਧਮਾਕਾ ਕਰਨ ਵਾਲਾ ਰਮਜੀ ਯੂਸਫ ਇਸੇ ਕੇ. ਐਸ. ਐਮ. ਦਾ ਹੀ ਭਤੀਜਾ ਹੈ। ਇਸ ਪਿੱਛੋਂ ਤਾਂ ਸਾਰੀ ਬਲੋਚੀ ਫੈਮਿਲੀ ਦਾ ਹੀ ਭੇਤ ਖੁੱਲ੍ਹ ਗਿਆ। ਇਹ ਵੀ ਪਤਾ ਲੱਗ ਗਿਆ ਕਿ ਇਸ ਪਰਿਵਾਰ ਨੂੰ ਪਾਕਿਸਤਾਨ ਦੀ ਆਈ. ਐਸ. ਆਈ. ਦੀ ਸਰਪ੍ਰਸਤੀ ਹਾਸਲ ਹੈ। ਅਬੂ ਜ਼ੁਬੇਦ ਨੇ, ਕੇ. ਐਸ. ਐਮ. ਦੀਆਂ ਅੱਗੇ ਦੀਆਂ ਸਕੀਮ ਬਾਰੇ ਦੱਸਿਆ ਕਿ ਉਹ ਅਮਰੀਕਾ ਉੱਪਰ ਹੋਰ ਵੱਡੇ ਹਮਲੇ ਕਰਨ ਦੀਆਂ ਵਿਉਂਤ ਬਣਾ ਰਿਹਾ ਹੈ। ਉਸੇ ਤੋਂ ਗੌਰਮਿੰਟ ਨੂੰ ਹੋਜ਼ੇ ਪਦੀਲਾ ਅਤੇ ਅਦਨਾਨ ਸ਼ੁਕਰੀਜੁਮਾ ਵਰਗੇ ਲੋਕਾਂ ਦਾ ਪਤਾ ਲੱਗਿਆ। ਇਸ ਤੋਂ ਐਫ ਬੀ ਆਈ ਨੂੰ ਬਾਸਟਨ ਦੇ ਸੈੱਲ ਮੈਂਬਰਾਂ ਬਾਰੇ ਵੀ ਪਤਾ ਚੱਲ ਗਿਆ। ਇਸ ਗੱਲ ਦੇ ਕੁਝ ਹਫਤੇ ਪਿੱਛੋਂ ਹੀ ਐਫ. ਬੀ. ਆਈ. ਵਾਲੇ ਆਫੀਆ ਦੇ ਕਈ ਪ੍ਰੋਫੈਸਰਾਂ ਅਤੇ ਉਸਦੇ ਐਮ. ਟੀ. ਆਈ. ਦੇ ਹੋਰ ਦੋਸਤਾਂ ਨਾਲ ਗੱਲਬਾਤ ਕਰਨ ਲੱਗੇ। ਉਦੋਂ ਤੱਕ ਅਮਜਦ ਨੇ ਆਪਣਾ ਇਮਤਿਹਾਨ ਪਾਸ ਕਰ ਲਿਆ ਸੀ। ਉਸਨੂੰ ਯੂਨੀਵਰਸਿਟੀ ਵਾਲਿਆਂ ਨੇ ਉੱਥੇ ਹੀ ਅਸਿਸਟੈਂਟ ਪ੍ਰੋਫੈਸਰ ਦੀ ਨੌਕਰੀ ਦੇ ਦਿੱਤੀ। ਇਸ ਪਿੱਛੋਂ ਅਮਜਦ ਦਾ ਪੜ੍ਹਾਈ ਦਾ ਬੋਝ ਘਟ ਗਿਆ ਤਾਂ ਉਹ ਵੀਕ ਐਂਡ 'ਤੇ ਆਫੀਆ ਅਤੇ ਬੱਚਿਆਂ ਨੂੰ ਬਾਹਰ ਘੁੰਮਾਉਣ ਲੈ ਜਾਣ ਲੱਗਿਆ। ਪਾਕਿਸਤਾਨ 'ਚ ਉਸਦਾ ਪਰਿਵਾਰ ਇੱਕ ਉੱਚਾ ਸਰਦਾਰੀ ਖਾਨਦਾਨ ਸੀ ਜਿਸਨੂੰ ਸ਼ਿਕਾਰ ਵਰਗੇ ਸ਼ੌਂਕ ਸਨ। ਅਮਜਦ ਵੀ ਆਪਣੇ ਬੱਚਿਆਂ ਨੂੰ ਸ਼ਿਕਾਰ ਬਗੈਰਾ ਦੇ ਟਰਿੱਪ ਲਵਾਉਣ ਲੱਗਿਆ। ਇਸ ਗੱਲ ਨੂੰ ਆਫੀਆ ਨੇ ਹੋਰ ਢੰਗ ਨਾਲ ਲਿਆ। ਉਹ ਇਸਨੂੰ ਹਥਿਆਰ ਬਗੈਰਾ ਦੀ ਟਰੇਨਿੰਗ ਦੇ ਤੌਰ 'ਤੇ ਲੈਣ ਲੱਗੀ। ਇਸਦਾ ਫਾਇਦਾ ਵੀ ਉਠਾਉਣ ਲੱਗੀ। ਇੱਕ ਵਾਰ ਅਮਜਦ ਸ਼ਿਕਾਰ ਖੇਡਣ ਜਾਣ ਦੇ ਮਕਸਦ ਨਾਲ ਬਾਸਟਨ ਦੇ ਅਜਿਹੇ ਸਟੋਰ 'ਤੇ ਗਿਆ ਜਿੱਥੇ ਕਿ ਸ਼ਿਕਾਰ ਬਗੈਰਾ ਦਾ ਸਾਰਾ ਸਾਮਾਨ ਵੇਚਿਆ ਜਾਂਦਾ ਸੀ। ਇੱਥੋਂ ਅਮਜਦ ਨੇ ਨਾਈਟ ਵਿਜ਼ਨ ਡਿਵਾਈਸ, ਸਰਵਾਈਵਲ ਗਾਈਡ ਅਤੇ ਬੁਲਟ ਪਰੂਫ ਜੈਕਟ ਵਰਗਾ ਸਾਮਾਨ ਖਰੀਦਿਆ। ਪਰ ਉਸਦਾ ਅੱਗੇ ਦਾ ਪ੍ਰੋਗਰਾਮ ਉਚੇਰੀ ਪੜ੍ਹਾਈ ਕਰਨ ਦਾ ਸੀ। ਉਸ ਨੂੰ ਇਸ ਸ਼ਿਕਾਰ ਵਾਲੇ ਸਾਮਾਨ ਦੇ ਸਟੋਰ 'ਤੇ ਗਿਆਂ ਚਾਰ ਕੁ ਹਫਤੇ ਬੀਤੇ ਸਨ ਤੇ ਉਸ ਦਿਨ ਅਮਜਦ ਆਪਣੇ ਕੰਮ 'ਤੇ ਸੀ। ਉਦੋਂ ਹੀ ਉਸਨੂੰ ਆਫੀਆ ਦਾ ਘਰੋਂ ਫੋਨ ਆਇਆ। ਅਮਜਦ ਨੇ ਫੋਨ 'ਚੋਂ ਉਸਦੀ ਡਰੀ ਆਵਾਜ਼ ਸੁਣੀ,

"ਅਮਜਦ!?"

"ਹਾਂ ਬੋਲ ਆਫੀਆ?"

"ਕੰਮ ਤਾਂ ਬਹੁਤ ਹੀ ਖਰਾਬ ਹੋ ਗਿਐ....।"

"ਪਰ ਹੋਇਆ ਕੀ ਐ? ਤੂੰ ਇਉਂ ਘਬਰਾਈ ਹੋਈ ਕਿਉਂ ਐਂ?"

"ਆਪਣੇ ਦਰਵਾਜ਼ੇ 'ਤੇ ਐਫ. ਬੀ. ਆਈ. ਵਾਲੇ ਖੜ੍ਹੇ ਨੇ।"

"ਹੈਂ! ਐਫ. ਬੀ. ਆਈ.? ਪਰ ਇਹ ਕਹਿੰਦੇ ਕੀ ਨੇ?"

"ਪਤਾ ਨ੍ਹੀਂ ਕੀ ਕਹਿੰਦੇ ਐ।"

"ਤੂੰ ਦਰਵਾਜ਼ਾ ਖੋਲ੍ਹ ਕੇ ਪੁੱਛ ਨਾ ਕਿ ਕੀ ਗੱਲ ਐ।"

"ਨ੍ਹੀਂ ਮੈਂ ਦਰਵਾਜ਼ਾ ਨ੍ਹੀਂ ਖੋਲ੍ਹਣਾਂ।"

"ਪਰ ਕਿਉਂ?"

"ਮੈਨੂੰ ਬੜਾ ਡਰ ਲੱਗ ਰਿਹਾ ਐ। ਕੁਝ ਵੀ ਹੋ ਜਾਵੇ ਮੈਂ ਦਰਵਾਜ਼ਾ ਨ੍ਹੀਂ ਖੋਲ੍ਹਣਾਂ।" ਇੰਨਾ ਕਹਿੰਦਿਆਂ ਆਫੀਆ ਨੇ ਫੋਨ ਕੱਟ ਦਿੱਤਾ। ਉੱਧਰ ਅਮਜਦ ਨੇ ਫੋਨ ਰੱਖਦਿਆਂ ਹੀ ਵੇਖਿਆ ਕਿ ਉਸਦੇ ਦਫਤਰ 'ਚ ਵੀ ਐਫ. ਬੀ. ਆਈ. ਦੇ ਦੋ ਏਜੈਂਟ ਪਹੁੰਚ ਚੁੱਕੇ ਸਨ। ਉਹ ਉੱਠ ਕੇ ਉਨ੍ਹਾਂ ਨੂੰ ਮਿਲਿਆ। ਉਨ੍ਹਾਂ ਨੇ ਕਿਹਾ ਕਿ ਉਹ ਇਕਾਂਤ ਵਿੱਚ ਉਸ ਨਾਲ ਗੱਲ ਕਰਨਾ ਚਾਹੁੰਦੇ ਹਨ। ਅਮਜਦ



ਦਫਤਰ 'ਚੋਂ ਉੱਠ ਕੇ ਉਨ੍ਹਾਂ ਨਾਲ ਤੁਰ ਪਿਆ। ਉਹ ਬਾਹਰ ਪਾਰਕ ਵਿੱਚ ਬੈਠ ਗਏ। ਆਮ ਜਿਹੀਆਂ ਗੱਲਾਂ ਕਰਦਿਆਂ ਇੱਕ ਏਜੈਂਟ ਨੇ ਅਮਜਦ ਦੀਆਂ ਅੱਖਾਂ 'ਚ ਅੱਖਾਂ ਪਾਉਂਦਿਆਂ ਕਿਹਾ, "ਮਿਸਟਰ ਅਮਜਦ ਕੀ ਤੈਨੂੰ ਪਤਾ ਹੈ ਕਿ ਨਾਈਨ ਅਲੈਵਨ ਦਾ ਕਾਰਾ ਕਰਨ ਵਾਲੇ ਹਾਈਜੈਕਰ ਤੇਰੀ ਅਪਾਰਟਮੈਂਟ ਬਿਲਡਿੰਗ ਵਿੱਚ ਆਉਂਦੇ ਰਹੇ ਸਨ।"

"ਨੋ ਸਰ। ਮੈਨੂੰ ਇਸ ਗੱਲ ਬਾਰੇ ਕੋਈ ਇਲਮ ਨ੍ਹੀਂ ਐ।" ਇੰਨਾ ਭਿਆਨਕ ਸੁਆਲ ਸੁਣ ਕੇ ਉਸਦੇ ਹੋਸ਼ ਉੱਡ ਗਏ।

"ਕੀ ਉਹ ਤੈਨੂੰ ਜਾਂ ਤੇਰੀ ਘਰਵਾਲੀ ਨੂੰ ਕਦੇ ਮਿਲੇ ਸਨ?"

"ਨ੍ਹੀਂ ਮੈਨੂੰ ਕਦੇ ਕੋਈ ਨ੍ਹੀਂ ਮਿਲਿਆ ਅਤੇ ਮੇਰਾ ਪੱਕਾ ਖਿਆਲ ਐ ਕਿ ਮੇਰੀ ਘਰਵਾਲੀ ਨੂੰ ਵੀ ਕੋਈ ਨ੍ਹੀਂ ਮਿਲਿਆ ਹੋਵੇਗਾ।"

"ਕੀ ਤੇਰਾ ਜਾਂ ਤੇਰੀ ਘਰਵਾਲੀ ਦਾ ਕਿਸੇ ਹਾਈਜੈਕਰ ਨਾਲ ਕੋਈ ਤੁਅੱਲਕਾਤ ਰਿਹਾ ਐ?"

"ਨ੍ਹੀਂ ਸਰ। ਸਾਡਾ ਅਜਿਹੇ ਲੋਕਾਂ ਨਾਲ ਕੋਈ ਲੈਣਾ ਦੇਣਾ ਨ੍ਹੀਂ ਐ।"

"ਓਕੇ ਮਿਸਟਰ ਅਮਜਦ। ਅੱਜ ਤਾਂ ਅਸੀਂ ਸਿਰਫ ਮੁਲਾਕਾਤ ਕਰਨ ਹੀ ਆਏ ਸਾਂ। ਪਰ ਹੁਣ ਤੁਹਾਡੀ ਅਸਲੀ ਇੰਟਰਵਿਊ ਹੋਵੇਗੀ। ਉਸ ਵਿੱਚ ਤੇਰੀ ਘਰਵਾਲੀ ਦਾ ਹੋਣਾ ਬਹੁਤ ਜ਼ਰੂਰੀ ਐ। ਅਸੀਂ ਛੇਤੀ ਹੀ ਤੁਹਾਨੂੰ ਉਸ ਇੰਟਰਵਿਊ ਦੀ ਤਾਰੀਖ ਬਾਰੇ ਦੱਸ ਦਿਆਂਗੇ।"

"ਜੀ ਸਰ....।"

"ਪਰ ਮਿਸਟਰ ਅਮਜਦ, ਇੱਕ ਗੱਲ ਯਾਦ ਰਹੇ ਕਿ ਜਦੋਂ ਤੱਕ ਤੁਹਾਡੀ ਇੰਟਰਵਿਊ ਨ੍ਹੀਂ ਹੋ ਜਾਂਦੀ ਤੁਸੀਂ ਇੱਥੇ ਈ ਰਹਿਣਾ ਐਂ। ਮਤਲਬ ਤੁਸੀਂ ਉਦੋਂ ਤੱਕ ਇਹ ਸ਼ਹਿਰ ਛੱਡ ਕੇ ਕਿਧਰੇ ਨ੍ਹੀਂ ਜਾ ਸਕਦੇ। ਇਹ ਇੱਕ ਹੁਕਮ ਐਂ।"

"ਠੀਕ ਐ ਸਰ।" ਇਸ ਪਿੱਛੋਂ ਐਫ. ਬੀ. ਆਈ. ਵਾਲੇ ਤਾਂ ਚਲੇ ਗਏ ਪਰ ਅਮਜਦ ਦੀ ਜਾਨ ਸੂਲੀ 'ਤੇ ਟੰਗੀ ਗਈ। ਉਸਨੇ ਤਾਂ ਕਦੇ ਸੋਚਿਆ ਹੀ ਨਹੀਂ ਸੀ ਕਿ ਉਸ ਮਗਰ ਐਫ. ਬੀ. ਆਈ. ਕਦੇ ਇਉਂ ਪੈ ਜਾਵੇਗੀ। ਹੌਲੀ ਹੌਲੀ ਉਹ ਇਸ ਗੱਲ ਬਾਰੇ ਸੋਚਦਾ ਰਿਹਾ ਤਾਂ ਉਸਨੂੰ ਖਿਆਲ ਆਇਆ ਕਿ ਪਿਛਲੇ ਮਹੀਨੇ ਉਸਨੇ ਜੋ ਸ਼ਿਕਾਰ ਦਾ ਸਾਮਾਨ ਖਰੀਦਿਆ ਸੀ ਸ਼ਾਇਦ ਉਸੇ ਕਰਕੇ ਹੀ ਐਫ. ਬੀ. ਆਈ. ਵਾਲਿਆਂ ਨੂੰ ਕਿਸੇ ਕਿਸਮ ਦਾ ਸ਼ੱਕ ਹੋ ਗਿਆ ਹੋਵੇਗਾ। ਇਹ ਗੱਲ ਧਿਆਨ 'ਚ ਆਉਂਦਿਆਂ ਉਸਦਾ ਡਰ ਕਾਫੀ ਹੱਦ ਤੱਕ ਘਟ ਗਿਆ। ਪਰ ਐਫ. ਬੀ. ਆਈ. ਦਾ ਉਸਦੇ ਪਿੱਛੇ ਪੈਣਾ ਅਸਲ 'ਚ ਕਿਸੇ ਹੋਰ ਗੱਲ ਕਰਕੇ ਸੀ। ਪਿਛਲੇ ਦਿਨੀਂ, ਹੋਜ਼ੇ ਪਦੀਲਾ ਨਾਂ ਦਾ ਅੱਤਵਾਦੀ ਪਾਕਿਸਤਾਨ ਤੋਂ ਅਮਰੀਕਾ ਦੇ ਸ਼ਿਕਾਗੋ ਏਅਰਪੋਰਟ 'ਤੇ ਉਤਰਦਾ ਹੀ ਫੜ੍ਹ ਲਿਆ ਗਿਆ। ਉਸ ਕੋਲੋਂ ਅਮਰੀਕਾ ਵਿੱਚ ਰਹਿ ਰਹੇ ਕਈ ਅੱਤਵਾਦੀਆਂ ਦੇ ਏਮੇਲ ਪਤੇ ਬਗੈਰਾ ਮਿਲੇ। ਇਨ੍ਹਾਂ ਅੱਤਵਾਦੀਆਂ ਵਿੱਚੋਂ ਹੀ ਕਿਸੇ ਇੱਕ, ਅਦਨਾਨ ਸ਼ੁਕਰੀਜੁਮਾ ਨਾਂ ਦੇ ਅੱਤਵਾਦੀ ਨਾਲ ਆਫੀਆ ਏਮੇਲ 'ਤੇ ਗੱਲਾਂਬਾਤਾਂ ਕਰਦੀ ਰਹਿੰਦੀ ਸੀ। ਐਫ. ਬੀ. ਆਈ. ਨੂੰ ਪੂਰਾ ਯਕੀਨ ਸੀ ਕਿ ਦੋਨੋਂ ਕਿਸੇ ਗੁਪਤ ਮਿਸ਼ਨ ਬਾਰੇ ਸਲਾਹ ਮਸ਼ਵਰਾ ਕਰਦੇ ਹਨ। ਖੈਰ ਜਦੋਂ ਅਮਜਦ ਘਰੇ ਆਇਆ ਤਾਂ ਆਫੀਆ ਡਰ ਨਾਲ ਕੰਬੀ ਜਾ ਰਹੀ ਸੀ। ਉਸਦੇ ਅੰਦਰ ਆਉਂਦਿਆਂ ਹੀ ਉਹ ਬੋਲੀ, "ਅਮਜਦ ਤੂੰ ਮੇਰੀ ਗੱਲ ਸੁਣ ਲੈ। ਆਪਾਂ ਨੂੰ ਅੱਜ ਹੀ ਪਾਕਿਸਤਾਨ ਚਲੇ ਜਾਣਾਂ ਚਾਹੀਦਾ ਐ।"

"ਕਿਉਂ ਆਪਾਂ ਕੀ ਕੋਈ ਗਲਤ ਕੰਮ ਕੀਤਾ ਐ ਕਿ ਇਉਂ ਭੱਜੀਏ?"

"ਬਸ ਮੈਂ ਕਹਿਤਾ ਕਿ ਆਪਾਂ ਇੱਥੇ ਨ੍ਹੀਂ ਰਹਿਣਾਂ।"

ਆਫੀਆ ਇੱਕੋ ਗੱਲ 'ਤੇ ਅੜੀ ਹੋਈ ਸੀ। ਪਰ ਅਮਜਦ ਨੇ ਉਸਨੂੰ ਠੰਢਿਆਂ ਕੀਤਾ।

ਫਿਰ ਉਸਨੇ ਕਈ ਅਜਿਹੇ ਸਥਾਨਕ ਬੰਦਿਆਂ ਨੂੰ ਫੋਨ ਕੀਤੇ ਜਿਨ੍ਹਾਂ ਨਾਲ ਐਫ. ਬੀ. ਆਈ. ਇਸੇ ਤਰ੍ਹਾਂ ਦੀ ਇੰਟਰਵਿਊ ਕਰ ਚੁੱਕੀ ਸੀ। ਸਭ ਨੇ ਉਸਨੂੰ ਕਿਹਾ ਕਿ ਇਸ ਵਿੱਚ ਘਬਰਾਉਣ ਵਾਲੀ ਕੋਈ ਗੱਲ ਨਹੀਂ ਹੈ। ਉਹ ਗੱਲਾਂਬਾਤਾਂ ਪੁੱਛਣਗੇ। ਜਦੋਂ ਤੁਹਾਡਾ ਕਿਸੇ ਗੱਲ ਨਾਲ ਕੋਈ ਲੈਣਾ ਦੇਣਾ ਹੀ ਨਹੀਂ ਹੈ ਤਾਂ ਉਨ੍ਹਾਂ ਨੇ ਕੀ ਕਹਿਣਾ ਹੈ। ਸਭ ਦਾ ਕਹਿਣਾ ਸੀ ਕਿ ਇਹ ਇੱਕ ਰੁਟੀਨ ਕੰਮ ਹੈ। ਕਈਆਂ ਨੇ ਤਾਂ ਇਹ ਵੀ ਕਿਹਾ ਕਿ ਭਾਵੇਂ ਹਾਈਜੈਕਰ ਉਸਦੀ ਅਪਾਰਟਮੈਂਟ ਬਿਲਡਿੰਗ ਵਿੱਚ ਆਉਂਦੇ ਵੀ ਰਹੇ ਹੋਣ ਤਾਂ ਵੀ ਉਨ੍ਹਾਂ ਨੂੰ ਡਰਨ ਦੀ ਲੋੜ ਨਹੀਂ ਹੈ। ਅਮਜਦ ਦਾ ਡਰ ਤਾਂ ਜਾਂਦਾ ਰਿਹਾ ਪਰ ਉਹ ਆਫੀਆ ਦਾ ਕੀ ਕਰੇ। ਉਸਨੇ ਇੱਥੋਂ ਭੱਜ ਜਾਣ ਲਈ ਧਰਤੀ ਪੱਟੀ ਹੋਈ ਸੀ। ਆਖਰ ਅਮਜਦ ਨੇ ਆਫੀਆ ਦੇ ਭਰਾ ਨੂੰ ਟੈਕਸਾਸ ਵਿੱਚ ਫੋਨ ਕਰਕੇ ਸਾਰੀ ਸਥਿਤੀ ਦੱਸੀ ਤੇ ਕਿਹਾ ਕਿ ਉਹ ਆਫੀਆ ਨੂੰ ਸਮਝਾਵੇ। ਭਰਾ ਦੇ ਜ਼ੋਰ ਪਾਉਣ 'ਤੇ ਆਫੀਆ ਚੁੱਪ ਕਰ ਗਈ। ਅਗਲੇ ਦਿਨ ਅਮਜਦ ਨੇ ਇੱਕ ਵਕੀਲ ਦੀ ਸਲਾਹ ਲਈ। ਵਕੀਲ ਦੇ ਸੁਝਾਅ ਮੁਤਾਬਕ ਉਸਨੇ ਆਪ ਹੀ ਐਫ. ਬੀ. ਆਈ. ਵਾਲਿਆਂ ਨਾਲ ਅਗਲੀ ਇੰਟਰਵਿਊ ਦੀ ਤਾਰੀਖ ਪੱਕੀ ਕਰ ਲਈ। ਮਿੱਥੀ ਤਾਰੀਖ 'ਤੇ ਦੋਨੋਂ ਪਤੀ ਪਤਨੀ ਵਕੀਲ ਦੇ ਦਫਤਰ ਪਹੁੰਚ ਗਏ। ਐਫ. ਬੀ. ਆਈ. ਦੇ ਦੋ ਏਜੈਂਟ ਵੀ ਉੱਥੇ ਹੀ ਆ ਗਏ। ਸਾਧਾਰਣ ਜਿਹੇ ਢੰਗ ਨਾਲ ਇੰਟਰਵਿਊ ਸ਼ੁਰੂ ਕਰਦੇ ਏਜੈਂਟ ਸੁਆਲ ਕਰਨ ਲੱਗੇ, "ਮਿਸਟਰ ਅਮਜਦ ਤੇਰੇ ਘਰ ਕੋਈ ਅਰਬੀ ਬੰਦਾ ਰਹਿੰਦਾ ਰਿਹਾ ਐ ਉਹ ਕੌਣ ਸੀ ?"

"ਉਹ ਮੈਨੂੰ ਹਸਪਤਾਲ 'ਚ ਮਿਲਿਆ ਸੀ। ਮੈਂ ਆਪਦੇ ਘਰ ਦਾ ਇੱਕ ਕਮਰਾ ਉਸਨੂੰ ਕਿਰਾਏ 'ਤੇ ਦਿੱਤਾ ਹੋਇਆ ਸੀ।" ਅਮਜਦ ਨੇ ਸੰਖੇਪ ਜਿਹਾ ਉੱਤਰ ਦਿੱਤਾ।

"ਤੁਸੀਂ ਪਿਛਲੇ ਦਿਨੀਂ ਅਸਲੇ ਦੀ ਦੁਕਾਨ ਤੋਂ ਕਾਫੀ ਸਾਮਾਨ ਖਰੀਦਿਆ ਹੈ, ਉਹ ਕਿਸ ਲਈ ?"

"ਮੇਰੇ ਪਰਿਵਾਰ ਵਿੱਚ ਸ਼ਿਕਾਰ ਦਾ ਸ਼ੌਂਕ ਰਿਹਾ ਐ। ਮੈਂ ਆਪਦੇ ਬੱਚਿਆਂ ਨੂੰ ਉਸੇ ਪਰਿਵਾਰਕ ਪ੍ਰੰਪਰਾ ਤੋਂ ਜਾਣੂ ਕਰਵਾਉਣ ਲਈ ਉਨ੍ਹਾਂ ਨੂੰ ਸ਼ਿਕਾਰ 'ਤੇ ਲੈ ਗਿਆ ਸੀ।"

ਫਿਰ ਏਜੈਂਟ ਪਲ ਭਰ ਉਸ ਵੱਲ ਝਾਕਿਆ ਤੇ ਬੋਲਿਆ, "ਕੀ ਤੂੰ ਕਦੇ ਉਸਾਮਾ ਬਿਨ ਲਾਦਿਨ ਨੂੰ ਮਿਲਿਐਂ ?"

"ਨ੍ਹੀਂ ਮੈਂ ਉਸਨੂੰ ਕਦੇ ਨ੍ਹੀਂ ਮਿਲਿਆ।" ਉੱਤਰ ਦਿੰਦਿਆਂ ਅਮਜਦ ਅੰਦਰ ਤੱਕ ਕੰਬ ਗਿਆ। ਉਸਨੂੰ ਲੱਗਿਆ ਕਿ ਇਹ ਤਾਂ ਕੋਈ ਡੂੰਘੀ ਗੱਲ ਲੱਗਦੀ ਹੈ। ਫਿਰ ਇਹੀ ਸੁਆਲ ਆਫੀਆ ਨੂੰ ਪੁੱਛਿਆ ਗਿਆ ਤਾਂ ਉਸਨੇ ਵੀ ਨਾਂਹ 'ਚ ਸਿਰ ਮਾਰਿਆ। ਅਗਲਾ ਸੁਆਲ ਆਫੀਆ ਨੂੰ ਕਰਦਾ ਹੋਇਆ ਏਜੈਂਟ ਬੋਲਿਆ, "ਮੈਮ, ਤੂੰ ਬੈਨੇਵੋਲੈਂਸ ਇੰਟਰਨੈਸ਼ਨਲ ਫਾਊਂਡੇਸ਼ਨ ਤੇ ਗਲੋਬਲ ਰਿਲੀਫ ਫਾਊਂਡੇਸ਼ਨ ਵਰਗੀਆਂ ਜਥੇਬੰਦੀਆਂ ਨੂੰ ਬਹੁਤ ਡੋਨੇਸ਼ਨ ਦਿੱਤੀ ਹੈ ਉਸਦਾ ਕੀ ਕਾਰਨ ਐ ?"

"ਥੋਨੂੰ ਕੀ ਪਤਾ ਐ ਕਿ ਮੈਂ ਅਜਿਹੀ ਕੋਈ ਡੋਨੇਸ਼ਨ ਦਿੱਤੀ ਐ ?" ਉਲਟਾ ਆਫੀਆ ਨੇ ਉਸਨੂੰ ਸੁਆਲ ਕੀਤਾ।

"ਆਹ ਵੇਖ।" ਇੰਨਾ ਕਹਿੰਦਿਆਂ ਏਜੈਂਟ ਨੇ ਉਸਦੇ ਸਾਹਮਣੇ ਉਸਦੇ ਬੈਂਕ ਦੀਆਂ ਸਟੇਟਮੈਂਟਾਂ ਰੱਖ ਦਿੱਤੀਆਂ। ਇਨ੍ਹਾਂ ਵੱਲ ਵੇਖਦੀ ਆਫੀਆ ਹੌਲੀ ਜਿਹੀ ਬੋਲੀ, "ਇੱਕ ਮੁਸਲਮਾਨ ਹੋਣ ਦੇ ਨਾਤੇ ਮੈਂ ਇਹ ਚੈਰਿਟੀ ਦਿੱਤੀ ਐ।"

ਫਿਰ ਏਜੈਂਟ ਨੇ ਕੇਅਰਇੰਟਰਨੈਸ਼ਨਲ ਦੇ ਕਈ ਕਰਿੰਦਿਆਂ ਦੇ ਨਾਂ ਲਏ ਕਿ ਕੀ ਆਫੀਆ ਉਨ੍ਹਾਂ ਨੂੰ ਜਾਣਦੀ ਹੈ। ਉਸਨੇ ਕਿਹਾ ਕਿ ਹਾਂ ਉਹ ਜਾਣਦੀ ਹੈ। ਕਿਉਂਕਿ ਉਹ ਆਮ ਇਕੱਠਾਂ ਵਿੱਚ ਮਿਲਦੇ ਰਹਿੰਦੇ ਹਨ। ਫਿਰ ਪਲ ਭਰ ਚੁੱਪ ਰਹਿੰਦਾ ਏਜੈਂਟ ਬੋਲਿਆ, "ਮੈਮ ਕੀ ਤੂੰ ਅਦਨਾਨ ਸ਼ੁਕਰੀਜੁਮਾ ਨਾਂ ਦੇ ਵਿਅਕਤੀ ਨੂੰ ਜਾਣਦੀ ਐਂ ?"



"ਨ੍ਹੀਂ ਮੈਂ ਕਿਸੇ ਅਜਿਹੇ ਬੰਦੇ ਨੂੰ ਨ੍ਹੀਂ ਜਾਣਦੀ।"

"ਪੱਕੀ ਗੱਲ ਐ ਕਿ ਤੂੰ ਇਸ ਬੰਦੇ ਨੂੰ ਨ੍ਹੀਂ ਜਾਣਦੀ ?"

"ਕਹਿ ਤਾਂ ਦਿੱਤਾ ਕਿ ਨ੍ਹੀਂ ਜਾਣਦੀ।" ਆਫੀਆ ਰੁੱਖਾ ਬੋਲਦੀ ਏਜੈਂਟ ਵੱਲ ਕੌੜ ਝਾਕੀ। ਪਰ ਏਜੈਂਟ ਉਸਦੀਆਂ ਅੱਖਾਂ 'ਚ ਵੇਖਦਾ ਰਿਹਾ। ਡਰ ਜਿਹੇ ਨਾਲ ਆਫੀਆ ਨੇ ਨੀਵੀਂ ਪਾ ਲਈ ਤਾਂ ਏਜੈਂਟ ਸਖਤ ਆਵਾਜ਼ 'ਚ ਬੋਲਿਆ, "ਜੇ ਤੂੰ ਉਸਨੂੰ ਜਾਣਦੀ ਈ ਨ੍ਹੀਂ ਤਾਂ ਫਿਰ ਤੂੰ ਉਸਨੂੰ ਏਮੇਲਾਂ ਕਿਉਂ ਕਰਦੀ ਰਹੀ ਐਂ ?"

"ਮੈਂ....ਮੈਂ....ਉਸਨੂੰ.... ਮੇਰਾ ਮਤਲਬ....।" ਆਫੀਆ ਨੂੰ ਕੋਈ ਢੰਗ ਦਾ ਜੁਆਬ ਨਾ ਆਇਆ ਤਾਂ ਉਸਨੇ ਫਿਰ ਨੀਵੀਂ ਪਾ ਲਈ। ਇਸੇ ਦੌਰਾਨ ਵਕੀਲ ਉਸਦਾ ਬਚਾਅ ਕਰਦਾ ਬੋਲਿਆ, "ਕੀ ਮੈਂ ਉਹ ਏਮੇਲਾਂ ਵੇਖ ਸਕਦਾ ਆਂ ?"

"ਨ੍ਹੀਂ, ਇਸ ਮੌਕੇ ਅਸੀਂ ਉਹ ਈਮੇਲਾਂ ਨ੍ਹੀਂ ਵਿਖਾ ਸਕਦੇ। ਕਿਉਂਕਿ ਉਨ੍ਹਾਂ ਵਿੱਚ ਬਹੁਤ ਹੀ ਖਤਰਨਾਕ ਤੇ ਭੇਦ ਭਰੀ ਜਾਣਕਾਰੀ ਐ। ਇਸ ਲਈ ਉਹ ਗੁਪਤ ਰੱਖੀਆਂ ਗਈਆਂ ਨੇ। ਪਰ ਮੌਕਾ ਆਉਣ 'ਤੇ ਸਭ ਕੁਝ ਦਿਖਾ ਦਿੱਤਾ ਜਾਵੇਗਾ।"

ਉਸਦੀ ਗੱਲ ਸੁਣ ਕੇ ਵਕੀਲ ਵੀ ਚੁੱਪ ਹੋ ਗਿਆ। ਪਰ ਇਸ ਪਿੱਛੋਂ ਏਜੈਂਟ ਨੇ ਇਹ ਸਵਾਲ ਨਾ ਛੇੜਿਆ। ਪਰ ਉਸਨੇ ਕਿੰਨੇ ਹੀ ਹੋਰ ਅਜਿਹੇ ਨਾਂ ਗਿਣਾਏ ਜਿਹੜੇ ਅਮਜਦ ਨੇ ਕਦੇ ਸੁਣੇ ਵੀ ਨਹੀਂ ਸਨ। ਏਜੈਂਟ ਆਫੀਆ ਨੂੰ ਪੁੱਛ ਰਿਹਾ ਸੀ ਉਹ ਇਨ੍ਹਾਂ ਲੋਕਾਂ ਨਾਲ ਕੀ ਗੱਲਾਂ ਕਰਦੀ ਹੈ। ਵਕੀਲ ਨੇ ਵਿੱਚ ਪੈਂਦਿਆਂ ਫਿਰ ਪੁੱਛਿਆ ਕਿ ਇਹ ਲੋਕ ਕੌਣ ਹਨ। ਏਜੈਂਟ ਨੇ ਕਿਹਾ ਕਿ ਇਹ ਸਭ ਖਤਰਨਾਕ ਅੱਤਵਾਦੀ ਹਨ। ਆਖਰ ਇੰਟਰਵਿਊ ਖਤਮ ਹੋ ਗਈ। ਪਰ ਏਜੈਂਟਾਂ ਨੇ ਜਾਣ ਤੋਂ ਪਹਿਲਾਂ ਉਨ੍ਹਾਂ ਦੇ ਇੱਕ ਕਾਗਜ਼ 'ਤੇ ਦਸਤਖਤ ਲੈ ਕੇ ਅਤੇ ਇਸਦੀ ਇੱਕ ਕਾਪੀ ਉਨ੍ਹਾਂ ਨੂੰ ਦਿੰਦਿਆਂ ਕਿਹਾ, "ਤੁਹਾਡੀ ਇੱਕ ਇੰਟਰਵਿਊ ਹੋਰ ਹੋਵੇਗੀ। ਇਹ ਅਗਲੇ ਮਹੀਨੇ ਦੀ ਉਨੀ ਤਾਰੀਖ ਐ। ਤੁਹਾਨੂੰ ਉਸ ਆਰਡਰ ਦੀ ਕਾਪੀ ਦੇ ਦਿੱਤੀ ਗਈ ਐ। ਤੁਹਾਡਾ ਉਸ ਇੰਟਰਵਿਊ ਵਿੱਚ ਸ਼ਾਮਲ ਹੋਣਾਂ ਅਤੀ ਜ਼ਰੂਰੀ ਐ। ਇਹ ਗੌਰਮਿੰਟ ਦਾ ਆਰਡਰ ਐ।"

ਇਸ ਪਿੱਛੋਂ ਅਮਜਦ ਅਤੇ ਆਫੀਆ ਘਰ ਨੂੰ ਮੁੜ ਪਏ। ਅਮਜਦ ਨੇ ਕਈ ਦੋਸਤਾਂ ਨੂੰ ਫੋਨ ਕਰਕੇ ਅੱਜ ਦੀ ਇੰਟਰਵਿਊ ਦੀ ਕਾਰਗੁਜ਼ਾਰੀ ਬਾਰੇ ਦੱਸਿਆ। ਸਭ ਨੇ ਕਿਹਾ ਕਿ ਅਜਿਹੇ ਸੁਆਲ ਪੁੱਛੇ ਜਾਣਾ ਆਮ ਗੱਲ ਹੈ। ਉਨ੍ਹਾਂ ਲਈ ਘਬਾਰਉਣ ਵਾਲੀ ਕੋਈ ਗੱਲ ਨਹੀਂ ਹੈ। ਅਮਜਦ ਨੂੰ ਲੱਗਿਆ ਕਿ ਇੰਟਰਵਿਊ ਠੀਕ ਹੀ ਰਹੀ ਤੇ ਉਸਨੇ ਸੋਚਿਆ ਕਿ ਅਗਲੀ ਇੰਟਰਵਿਊ ਪਿੱਛੋਂ ਉਨ੍ਹਾਂ ਦੇ ਐਫ. ਬੀ. ਆਈ. ਦੇ ਲਫੜਿਆਂ ਤੋਂ ਖਹਿੜਾ ਛੁੱਟ ਜਾਵੇਗਾ। ਪਰ ਜਦੋਂ ਉਹ ਘਰ ਪਹੁੰਚੇ ਤਾਂ ਆਫੀਆ ਨੇ ਬਾਵੇਲਾ ਖੜ੍ਹਾ ਕਰ ਦਿੱਤਾ।

"ਅਮਜਦ ਮੇਰੀ ਗੱਲ ਸੁਣ, ਆਪਾਂ ਨੂੰ ਕੱਲ੍ਹ ਨੂੰ ਹੀ ਬੱਚਿਆਂ ਨੂੰ ਲੈ ਕੇ ਪਾਕਿਸਤਾਨ ਚਲੇ ਜਾਣਾ ਚਾਹੀਦਾ ਐ।"

"ਪਰ ਕਿਉਂ ? ਮੇਰਾ ਮਤਲਬ ਆਪਣੀ ਇੰਟਰਵਿਊ ਤਾਂ ਠੀਕ ਈ ਰਹੀ ਐ।"

"ਤੈਨੂੰ ਲੱਗਦਾ ਐ ਕਿ ਠੀਕ ਰਹੀ ਐ। ਪਰ ਤੂੰ ਨ੍ਹੀਂ ਜਾਣਦਾ ਕਿ....ਬੱਸ ਮੈਂ ਤੈਨੂੰ ਕਹਿ ਰਹੀ ਆਂ ਕਿ ਆਪਾਂ ਇੱਥੋਂ ਨਿਕਲਣ ਵਾਲੇ ਬਣੀਏ।"

"ਤੂੰ ਪੂਰੀ ਗੱਲ ਦੱਸ ਕਿ ਮੈਂ ਕੀ ਨ੍ਹੀਂ ਜਾਣਦਾ। ਮੈਨੂੰ ਵੀ ਤਾਂ ਪਤਾ ਲੱਗੇ ਨਾ ਕਿ ਤੈਨੂੰ ਕਿਹੜੀ ਗੱਲ ਦਾ ਡਰ ਸਤਾ ਰਿਹਾ ਐ ?"

"ਕਿਉਂ ਸਾਰੀ ਗੱਲ ਦੱਸਣੀ ਜ਼ਰੂਰੀ ਐ।" ਆਫੀਆ ਗੁੱਸੇ 'ਚ ਭੜਕ ਉੱਠੀ।

"ਹਾਂ ਜ਼ਰੂਰੀ ਐ। ਤੂੰ ਹੀ ਦੱਸ ਕਿ ਉਹ ਅਦਨਾਨ ਸ਼ੁਕਰੀਜੁਮਾ ਕੌਣ ਐਂ ?"

"ਤੂੰ ਉਸ ਤੋਂ ਕੀ ਲੈਣਾ ਐਂ ?"

"ਮੈਂ ਉਸ ਬਾਰੇ ਸਭ ਕੁਛ ਜਾਣਨਾ ਚਾਹੁੰਨਾ ਆਂ। ਸਿਰਫ ਉਹੀ ਨ੍ਹੀਂ ਹੋਰ ਬਹੁਤ ਸਾਰੇ ਲੋਕ ਨੇ ਜਿਨ੍ਹਾਂ ਦੇ ਐਫ. ਬੀ. ਆਈ. ਵਾਲਿਆਂ ਨੇ ਨਾਮ ਲਏ ਸਨ। ਮੈਂ ਅਜਿਹੇ ਬੰਦਿਆਂ ਦਾ ਪਹਿਲਾਂ ਕਦੇ ਜ਼ਿਕਰ ਵੀ ਨ੍ਹੀਂ ਸੁਣਿਆਂ ਤੇ ਤੂੰ ਉਨ੍ਹਾਂ ਨਾਲ ਮਿਲ ਕੇ ਪਤਾ ਨ੍ਹੀਂ ਕੀ ਕੰਮ ਕਰਦੀ ਰਹੀ ਐਂ। ਕੌਣ ਨੇ ਇਹ ਸਭ ਲੋਕ ? ਤੂੰ ਉਨ੍ਹਾਂ ਨੂੰ ਕਿਵੇਂ ਜਾਣਦੀ ਐਂ ? ਮੈਨੂੰ ਸਭ ਕੁਛ ਦੱਸ।" ਅਮਜਦ ਗੁੱਸੇ 'ਚ ਆ ਗਿਆ।

"ਮੈਂ ਇਨ੍ਹਾਂ ਗੱਲਾਂ 'ਤੇ ਕੋਈ ਚਰਚਾ ਨ੍ਹੀਂ ਕਰਨੀ। ਪਰ ਤੂੰ ਮੇਰੀ ਗੱਲ 'ਤੇ ਧਿਆਨ ਦੇ ਤੇ ਆਪਾਂ ਵਾਪਸ ਚੱਲੀਏ। ਇੱਥੇ ਮੇਰੀ ਜਾਨ ਨੂੰ ਖਤਰਾ ਐ।"

"ਆਫੀਆ ਮੇਰੀ ਗੱਲ ਸੁਣ ਲੈ ਚੰਗੀ ਤਰ੍ਹਾਂ। ਮੈਨੂੰ ਲੱਗਦਾ ਐ ਕਿ ਤੂੰ ਦੂਹਰੀ ਜ਼ਿੰਦਗੀ ਜਿਉਂ ਰਹੀ ਐਂ। ਜੋ ਮੇਰੇ ਸਾਹਮਣੇ ਦਿਸ ਰਹੀ ਐਂ ਇਸ ਤੋਂ ਬਿਨਾਂ ਇੱਕ ਆਫੀਆ ਹੋਰ ਐ, ਜਿਸਦੀ ਨਿੱਜੀ ਜ਼ਿੰਦਗੀ ਪਤਾ ਨ੍ਹੀਂ ਕੀ ਐ। ਤੈਨੂੰ ਅੱਜ ਸਭ ਕੁਛ ਦੱਸਣਾ ਪਊ।"

ਅਮਜਦ ਨੇ ਗੱਲ ਖਤਮ ਕੀਤੀ ਤਾਂ ਆਫੀਆ ਚੁੱਪ ਬੈਠੀ ਸੋਚਾਂ 'ਚ ਗੁੰਮ ਸੀ। ਅਚਾਨਕ ਉਸਨੇ ਚਿਹਰੇ 'ਤੇ ਬਣਾਵਟੀ ਮੁਸਕਾਨ ਲਿਆਂਦੀ ਤੇ ਅਮਜਦ ਦੇ ਨੇੜੇ ਆ ਗਈ। ਅਮਜਦ ਉਸਦੇ ਬਣਾਵਟੀਪਣ ਨੂੰ ਨਾ ਸਮਝ ਸਕਿਆ। ਉਹ ਉਸ ਦੁਆਲੇ ਬਾਂਹ ਵਲਦੀ ਬੋਲੀ, "ਅਮਜਦ ਇੰਨਾ ਫਿਕਰਮੰਦ ਨਾ ਹੋ। ਅਜਿਹੀ ਕੋਈ ਗੱਲ ਨ੍ਹੀਂ ਹੈ। ਇਹ ਸਭ ਲੋਕ ਚੈਰਿਟੀ ਦਾ ਕੰਮ ਕਰਦੇ ਨੇ ਅਤੇ ਮੈਨੂੰ ਉੱਥੇ ਈ ਮਿਲਦੇ ਰਹੇ ਨੇ। ਜਿਹੜਾ ਉਹ ਅਦਨਾਨ ਸ਼ੁਕਰੀਜੁਮਾ ਦਾ ਜ਼ਿਕਰ ਕਰ ਰਹੇ ਨੇ ਉਸ ਨਾਲ ਵੀ ਮੇਰੀਆਂ ਚੈਰਿਟੀ ਬਾਬਤ ਹੀ ਈਮੇਲਾਂ ਹੋਈਆਂ ਨੇ। ਹੋਰ ਉਸ ਬਾਰੇ ਮੈਨੂੰ ਕੁਛ ਪਤਾ ਨ੍ਹੀ ਐ।"

"ਫਿਰ ਤੂੰ ਇੰਨਾ ਘਬਰਾ ਕਿਉਂ ਰਹੀ ਐਂ ?"

"ਮੈਂ ਤਾਂ ਇਹ ਸੋਚਦੀ ਆਂ ਕਿ ਜੇਕਰ ਇੱਥੇ ਐਫ. ਬੀ. ਆਈ. ਵਾਲਿਆਂ ਨੇ ਇੱਕ ਵਾਰ ਕਿਸੇ ਚੱਕਰ ਵਿੱਚ ਫਸਾ ਲਏ ਤਾਂ ਮੁੜ ਕੇ ਖਹਿੜਾ ਨ੍ਹੀਂ ਛੁੱਟਣਾਂ। ਆਪਦਾ ਮੁਲਕ ਆਪਦਾ ਈ ਹੁੰਦਾ ਐ। ਮੈਂ ਤਾਂ ਸਿਰਫ ਇਸੇ ਕਰਕੇ ਕਹਿ ਰਹੀ ਆਂ। ਜੇ ਨ੍ਹੀਂ ਜਾਣਾਂ ਤਾਂ ਕੋਈ ਗੱਲ ਨ੍ਹੀਂ ਤੂੰ ਗੁੱਸੇ ਨਾ ਹੋ।" ਆਫੀਆ ਨੇ ਉਸ ਵੇਲੇ ਅਮਜਦ ਨੂੰ ਠੰਢਾ ਕਰ ਲਿਆ। ਅਮਜਦ ਨੂੰ ਵੀ ਉਸ ਦੀ ਗੱਲ 'ਤੇ ਯਕੀਨ ਆ ਗਿਆ।

ਅਗਲੇ ਦਿਨ ਅਮਜਦ ਸੁੱਤਾ ਉੱਠਿਆ ਤਾਂ ਉਸਨੇ ਵੇਖਿਆ ਕਿ ਆਫੀਆ ਆਪਣਾ ਸਾਮਾਨ ਬੰਨ ਰਹੀ ਸੀ। ਉਸਨੂੰ ਇਸ ਤਰ੍ਹਾਂ ਤਿਆਰੀ ਕਰਦੀ ਵੇਖ ਕੇ ਉਹ ਹੈਰਾਨ ਹੁੰਦਾ ਬੋਲਿਆ, "ਆਫੀਆ ਇਹ ਕੀ ? ਰਾਤ ਆਪਣੀ ਗੱਲ ਮੁੱਕ ਗਈ ਸੀ ਕਿ ਆਪਾਂ ਕਿਧਰੇ ਨ੍ਹੀਂ ਜਾ ਰਹੇ।"

"ਅਮਜਦ ਮੈਂ ਘਰੇ ਫੋਨ ਕੀਤਾ ਸੀ। ਅੱਬੂ ਦੀ ਸਿਹਤ ਖਰਾਬ ਐ। ਮੈਂ ਚਾਹੁੰਨੀ ਆਂ ਕਿ ਛੇਤੀ ਜਾ ਕੇ ਉਨ੍ਹਾਂ ਦਾ ਪਤਾ ਲਵਾਂ।"

"ਪਰ ਚਾਰ ਦਿਨ ਪਹਿਲਾਂ ਈ ਤਾਂ ਆਪਣੀ ਗੱਲ ਹੋਈ ਸੀ। ਉਦੋਂ ਤਾਂ ਉਹ ਠੀਕ ਸਨ।"

"ਤੈਨੂੰ ਪਤਾ ਐ ਕਿ ਉਹ ਦਿਲ ਦੇ ਮਰੀਜ਼ ਨੇ। ਜੇ ਮੈਂ ਹੁਣ ਨਾ ਜਾ ਸਕੀ ਤਾਂ ਮੁੜ ਕੇ ਕਈ ਮਹੀਨੇ ਨ੍ਹੀਂ ਜਾ ਸਕਾਂਗੀ। ਤੈਨੂੰ ਪਤਾ ਈ ਐ ਇਸ ਵੇਲੇ ਮੈਂ ਸੱਤ ਮਹੀਨਿਆਂ ਦੀ ਪਰੈੱਗਨੈਂਟ ਆਂ।" ਆਫੀਆ ਨੇ ਬੈਗ ਤਿਆਰ ਕਰਨੇ ਜਾਰੀ ਰੱਖੇ ਤਾਂ ਅਮਜਦ ਨੇ ਅੰਦਰੇ ਅੰਦਰੇ ਗੁੱਸੇ ਹੁੰਦੇ ਨੇ ਮਨ 'ਚ ਸੋਚਿਆ ਕਿ ਅੱਬੂ ਬਿਮਾਰ ਦਾ ਇਹ ਸਿਰਫ ਬਹਾਨਾ ਬਣਾ ਰਹੀ ਹੈ। ਕੁਝ ਸੋਚਦਾ ਉਹ ਬੋਲਿਆ, "ਪਰ ਤੈਨੂੰ ਪਤਾ ਈ ਐ ਕਿ ਆਪਾਂ ਨੂੰ ਐਫ ਬੀ ਆਈ ਨੇ ਹਿਦਾਇਤ ਕੀਤੀ ਹੋਈ ਐ ਕਿ ਆਪਾਂ ਉਨ੍ਹਾਂ ਦੀ ਇੰਟਰਵਿਊ ਪੂਰੀ ਕੀਤੇ ਬਿਨਾਂ ਕਿਧਰੇ ਨ੍ਹੀਂ ਜਾ ਸਕਦੇ।"

"ਢੱਠੇ ਖੂਹ 'ਚ ਪਵੇ ਤੇਰੀ ਐਫ. ਬੀ. ਆਈ.। ਮੈਂ ਇੱਥੇ ਹੁਣ ਇੱਕ ਪਲ ਵੀ ਨ੍ਹੀਂ ਰੁਕਣਾਂ।"



ਆਫੀਆ ਗੁੱਸੇ 'ਚ ਪੈਰ ਪਟਕਦੀ ਬੋਲੀ।

ਉਸਦੀ ਗੱਲ ਸੁਣ ਕੇ ਅਮਜਦ ਨੂੰ ਗੁੱਸਾ ਤਾਂ ਬਹੁਤ ਆਇਆ ਪਰ ਇਸ ਵੇਲੇ ਉਹ ਮਜ਼ਬੂਰ ਸੀ। ਆਫੀਆ ਦੀ ਪਰੈਗਨੈਂਸੀ ਕਰਕੇ ਉਹ ਉਸ ਨਾਲ ਕੋਈ ਝਗੜਾ ਖੜ੍ਹਾ ਨਹੀਂ ਕਰਨਾ ਚਾਹੁੰਦਾ ਸੀ। ਪਰ ਆਫੀਆ ਉਸਦੀ ਕੋਈ ਗੱਲ ਨਹੀਂ ਮੰਨ ਰਹੀ ਸੀ। ਉਸਨੇ ਆਪਦੇ ਵਕੀਲ ਨੂੰ ਫੋਨ ਕਰਕੇ ਦੱਸਿਆ ਕਿ ਆਫੀਆ ਦੇ ਡੈਡ ਬਿਮਾਰ ਹੈ ਇਸ ਕਰਕੇ ਇਸ ਵੇਲੇ ਉਨ੍ਹਾਂ ਦਾ ਪਾਕਿਸਤਾਨ ਜਾਣਾ ਬਹੁਤ ਜ਼ਰੂਰੀ ਹੈ। ਉਸਨੇ ਪੁੱਛਿਆ ਕਿ ਕੀ ਇਹ ਇੰਟਰਵਿਊ ਅਗਾਂਹ ਹੋ ਸਕਦੀ ਹੈ। ਵਕੀਲ ਨੇ ਮਸ਼ਵਰਾ ਦਿੰਦਿਆਂ ਕਿਹਾ, "ਮਿਸਟਰ ਅਮਜਦ, ਇਸ ਤਰ੍ਹਾਂ ਇੰਟਰਵਿਊ ਵਿਚਾਲੇ ਛੱਡ ਕੇ ਜਾਣਾਂ ਠੀਕ ਨ੍ਹੀਂ ਐ। ਤੁਹਾਡਾ ਕੇਸ ਖੁੱਲ੍ਹਾ ਈ ਰਹਿ ਜਾਵੇਗਾ ਜਿਹੜਾ ਕਿ ਤੁਹਾਨੂੰ ਵਾਪਸ ਮੁੜਨ ਵੇਲੇ ਮੁਸ਼ਕਲ ਖੜ੍ਹੀ ਕਰ ਦੇਵੇਗਾ। ਚੰਗਾ ਇਹੀ ਐ ਕਿ ਤੁਸੀਂ ਆਪਣੀ ਅਪਾਇੰਟਮੈਂਟ ਭੁਗਤਾ ਕੇ ਜਾਵੋ।"

"ਸਰ ਇਸ ਵੇਲੇ ਮੇਰੇ ਕੋਲ ਹੋਰ ਕੋਈ ਚਾਰਾ ਨ੍ਹੀਂ ਐ। ਵਾਪਸ ਆ ਕੇ ਦੁਬਾਰਾ ਇੰਟਰਵਿਊ ਦੀ ਤਾਰੀਖ ਲੈ ਲਵਾਂਗੇ।"

"ਮਿਸਟਰ ਅਮਜਦ ਇੰਟਰਵਿਊ ਤਾਂ ਮੈਂ ਕੈਂਸਲ ਕਰਵਾ ਦਿੰਦਾ ਹਾਂ ਪਰ ਇਸ ਤਰ੍ਹਾਂ ਤੁਸੀਂ ਸ਼ੱਕ ਦੇ ਘੇਰੇ 'ਚ ਆਉਗੇ।"

ਅਮਜਦ ਨੇ ਦੁਬਾਰਾ ਫੋਨ ਕਰਨ ਦਾ ਕਹਿ ਕੇ ਆਫੀਆ ਨੂੰ ਵਕੀਲ ਨਾਲ ਹੋਈ ਗੱਲ ਦੱਸੀ ਤਾਂ ਆਫੀਆ ਭੜਕਦੀ ਹੋਈ ਬੋਲੀ, "ਜੇ ਤੂੰ ਚਾਹੁੰਨਾ ਐਂ ਕਿ ਮੈਂ ਮਾਰੀ ਜਾਵਾਂ ਤਾਂ ਜਾਣ ਦਾ ਰਹਿਣ ਦਿੰਦੇ ਆਂ।"

"ਇਹ ਤੂੰ ਕੀ ਗੱਲ ਕਰਦੀ ਐਂ, ਮੈਨੂੰ ਕੁਝ ਸਮਝ ਵਿੱਚ ਨ੍ਹੀਂ ਆ ਰਿਹਾ।" ਅਮਜਦ ਆਫੀਆ ਵੱਲ ਵੇਖਦਾ ਸੋਚਣ ਲੱਗਿਆ ਕਿ ਕੋਈ ਨਾ ਕੋਈ ਗੱਲ ਜ਼ਰੂਰ ਹੈ ਜੋ ਇਹ ਇੱਥੋਂ ਭੱਜਣ ਲਈ ਕਾਹਲੀ ਪਈ ਹੋਈ ਹੈ। ਆਫੀਆ ਦੀਆਂ ਹਰਕਤਾਂ ਨੇ ਉਸਦਾ ਇਹ ਸ਼ੱਕ ਪੱਕਾ ਕਰ ਦਿੱਤਾ ਕਿ ਉਹ ਵਾਕਿਆ ਹੀ ਨਾਈਨ ਅਲੈਵਨ ਬਾਰੇ ਕੁਝ ਨਾ ਕੁਝ ਜਾਣਦੀ ਹੈ। ਪਰ ਉਸ ਨੇ ਇੱਕ ਵਾਰ ਹੋਰ ਉਸਨੂੰ ਸਮਝਾਉਣਾ ਚਾਹਿਆ ਤਾਂ ਉਵੇਂ ਹੀ ਗੁੱਸੇ 'ਚ ਚੀਕੀ, "ਓਕੇ ਠੀਕ ਐ। ਤੂੰ ਆਪਣੀ ਮਰਜ਼ੀ ਕਰ। ਪਰ ਮੈਂ ਆਪਦੇ ਬੱਚਿਆਂ ਨੂੰ ਲੈ ਕੇ ਅੱਜ ਹੀ ਜਾ ਰਹੀ ਆਂ।"

ਫਿਰ ਅਮਜਦ ਨੇ ਵਕੀਲ ਨੂੰ ਦੁਬਾਰਾ ਫੋਨ ਕਰਕੇ ਕਿਹਾ ਕਿ ਉਸਨੂੰ ਜਾਣਾ ਹੀ ਪਵੇਗਾ। ਵਕੀਲ ਨੇ ਐਫ. ਬੀ. ਆਈ. ਦੇ ਦਫਤਰ ਫੋਨ ਕਰਕੇ ਦੱਸ ਦਿੱਤਾ ਕਿ ਉਸਦੇ ਕਲਾਇੰਟ ਮਿੱਥੀ ਹੋਈ ਤਾਰੀਖ 'ਤੇ ਨਹੀਂ ਪਹੁੰਚ ਸਕਣਗੇ।

ਅਗਲੇ ਦਿਨ ਅਮਜਦ ਨੇ ਆਪਣੇ ਕੰਮ ਤੋਂ ਇੱਕ ਸਾਲ ਦੀ ਛੁੱਟੀ ਲੈ ਲਈ। ਦੋ ਦਿਨਾਂ ਪਿੱਛੋਂ 26 ਜੂਨ, 2002 ਨੂੰ ਉਹ ਬੱਚਿਆਂ ਨੂੰ ਨਾਲ ਲੈ ਕੇ ਕਰਾਚੀ ਲਈ ਰਵਾਨਾ ਹੋ ਗਏ। ਜਦੋਂ ਅਮਜਦ, ਆਫੀਆ ਨੂੰ ਲੈ ਕੇ ਆਪਣੇ ਘਰ ਪਹੁੰਚਿਆ ਤਾਂ ਉਸਦੇ ਘਰ ਦੇ ਆਫੀਆ 'ਤੇ ਬਹੁਤ ਖਫ਼ਾ ਸਨ। ਉਹ ਸੋਚ ਰਹੇ ਸਨ ਕਿ ਇਸ ਔਰਤ ਨੇ ਉਨ੍ਹਾਂ ਦੇ ਪੁੱਤਰ ਦਾ ਕੈਰੀਅਰ ਤਬਾਹ ਕਰ ਦਿੱਤਾ। ਦੋ ਕੁ ਦਿਨਾਂ ਪਿੱਛੋਂ ਅਮਜਦ ਆਫੀਆ ਨਾਲ ਆਪਣੇ ਸਹੁਰੇ ਘਰ ਚਲਾ ਗਿਆ। ਹੁਣ ਆਫੀਆ ਉਸ 'ਤੇ ਜ਼ੋਰ ਪਾ ਰਹੀ ਸੀ ਕਿ ਜਾਂ ਤਾਂ ਉਹ ਆਪਦੇ ਮਾਂ ਪਿਉ ਨੂੰ ਛੱਡ ਦੇਵੇ ਤੇ ਜਾਂ ਉਸਨੂੰ। ਅਮਜਦ ਨੂੰ ਆਫੀਆ ਨਾਲ ਅਤੇ ਬੱਚਿਆਂ ਨਾਲ ਬਹੁਤ ਲਗਾਉ ਸੀ ਪਰ ਉਹ ਉਸਦੇ ਵਰਤਾਅ ਤੋਂ ਤੰਗ ਆ ਚੁੱਕਾ ਸੀ। ਹੁਣ ਉਸਦੇ ਸ਼ੱਕ ਪੁਖਤਾ ਹੁੰਦੇ ਜਾ ਰਹੇ ਸਨ ਕਿ ਇਹ ਅਜਿਹਾ ਕੁਝ ਕਰਦੀ ਰਹੀ ਹੈ ਜੋ ਕਿ ਸਹੀ ਨਹੀਂ ਹੋਣਾਂ। ਅਤੇ ਉਸਨੇ ਇਹ ਸਭ ਕੀਤਾ ਵੀ ਉਸ ਤੋਂ ਚੋਰੀਉਂ ਹੈ। ਆਫੀਆ ਦਾ ਉਸ 'ਤੇ ਦਬਾਅ ਵਧਦਾ ਜਾ ਰਿਹਾ ਸੀ, ਨਾਲ ਹੀ ਉਹ ਇਹ ਜ਼ੋਰ ਵੀ ਪਾ ਰਹੀ ਸੀ ਕਿ ਹੁਣ ਮੌਕਾ ਆ ਗਿਆ ਹੈ ਕਿ ਉਨ੍ਹਾਂ ਨੂੰ ਜਿਹਾਦ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਖਾਸ ਤੌਰ 'ਤੇ ਉਹ ਜੈਸ਼ੇ ਮੁਹੰਮਦ ਕੈਂਪ

’ਚ ਜਾਣ ਲਈ ਕਹਿ ਰਹੀ ਸੀ। ਅਮਜਦ ਇੰਨਾ ਅੱਕ ਗਿਆ ਕਿ ਉਸਨੇ ਕਿਸੇ ਧਾਰਮਿਕ ਰਹਿਨੁਮਾ ਦੀ ਸਲਾਹ ਲੈਣੀ ਚਾਹੀ। ਉਹ ਆਫੀਆ ਨੂੰ ਲੈ ਕੇ ਪਾਕਿਸਤਾਨ ਦੇ ਦਿਉਬੰਦੀ ਸੈਕਟ ਦੇ ਸਭ ਤੋਂ ਵੱਡੇ ਇਮਾਮ ਕੋਲ ਚਲਾ ਗਿਆ। ਇਹ ਇਮਾਮ ਦੋਨਾਂ ਦੇ ਪਰਿਵਾਰਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਇਮਾਮ ਨੇ ਦੋਨਾਂ ਦੀਆਂ ਗੱਲਾਂ ਸੁਣੀਆਂ। ਉਸਨੇ ਆਫੀਆ ਦਾ ਜਿਹਾਦ ਵਿੱਚ ਸ਼ਾਮਲ ਹੋਣ ਦਾ ਨੁਕਤਾ ਬੜੇ ਧਿਆਨ ਨਾਲ ਵਾਚਦਿਆਂ ਉਸਨੂੰ ਪੁੱਛਿਆ, “ਆਫੀਆ ਬੇਟੀ ਤੂੰ ਬੱਚਿਆਂ ਅਤੇ ਘਰ ਵਾਲੇ ਸਮੇਤ, ਜੈਸ਼ੇ ਮੁਹੰਮਦ ਦੇ ਕੈਂਪ ਵਿੱਚ ਜਾ ਕੇ ਕਿਉਂ ਰਹਿਣਾ ਚਾਹ ਰਹੀ ਐਂ ?”

“ਕੈਂਪ ’ਚ ਰਹਿੰਦਿਆਂ ਮੈਂ ਯਤੀਮ ਬੱਚਿਆਂ ਨੂੰ ਪੜ੍ਹਾਊਂਗੀ ਤੇ ਅਮਜਦ ਉੱਥੇ ਗਰੀਬਾਂ ਲਈ ਹਸਪਤਾਲ ਚਲਾਏਗਾ।”

“ਵੇਖ ਬੇਟੀ, ਅੱਜ ਕੱਲ੍ਹ ਜ਼ਮਾਨਾ ਬਦਲ ਗਿਆ ਐ। ਗਰੀਬਾਂ ਦੀ ਸੇਵਾ ਲਈ ਤੁਹਾਨੂੰ ਉਜਾੜ ਥਾਵਾਂ ’ਤੇ ਜਾਣ ਦੀ ਲੋੜ ਨ੍ਹੀਂ ਐ। ਤੁਸੀਂ ਇੱਥੇ ਕਰਾਚੀ ’ਚ ਰਹਿੰਦੇ ਹੋਏ, ਸਮਾਜ ਸੇਵਾ ਦੇ ਇਹ ਸਾਰੇ ਕੰਮ ਕਰ ਸਕਦੇ ਓਂ। ਸਗੋਂ ਮੈਂ ਤਾਂ ਇਹ ਕਹੂੰਗਾ ਕਿ ਤੁਸੀਂ ਜੋ ਅਮਰੀਕਾ ’ਚ ਰਹਿ ਕੇ ਉੱਚੀ ਤਾਲੀਮ ਹਾਸਿਲ ਕੀਤੀ ਐ ਉਸ ਨੂੰ ਲੋਕਾਂ ਵਿੱਚ ਵੰਡੋ। ਇਹੀ ਸਭ ਤੋਂ ਵੱਡਾ ਧਰਮ ਦਾ ਕੰਮ ਐ।”

“ਤਾਂ ਫਿਰ ਜਿਹਾਦ ਕੌਣ ਲੜੂਗਾ ?” ਭੜਕਦੀ ਹੋਈ ਆਫੀਆ ਉੱਚੀ ਬੋਲੀ ਤਾਂ ਇਮਾਮ ਹੈਰਾਨ ਰਹਿ ਗਿਆ। ਅੱਜ ਤੱਕ ਕਿਸੇ ਨੇ ਉਸ ਨਾਲ ਇਸ ਤਰ੍ਹਾਂ ਗੱਲ ਨਹੀਂ ਕੀਤੀ ਸੀ। ਪਰ ਉਹ ਫਿਰ ਵੀ ਸ਼ਾਂਤ ਰਹਿੰਦਾ ਹੋਇਆਂ ਆਫੀਆ ਨੂੰ ਮੁਖਾਬਤ ਹੋਇਆ, “ਆਫੀਆ ਬੇਟੀ, ਮੈਂ ਇੱਕ ਵਾਰ ਫਿਰ ਕਹੂੰਗਾ ਕਿ ਤੁਹਾਡਾ ਪਹਿਲਾ ਕੰਮ ਆਪਣਾਂ ਪਰਿਵਾਰ ਸੰਭਾਲਣਾ ਐ। ਇਸ ਤੋਂ ਪਿੱਛੋਂ ਜੇਕਰ ਤੁਹਾਡੇ ਕੋਲ ਵਕਤ ਬਚਦਾ ਹੈ ਤਾਂ ਉਹ ਤੁਸੀਂ ਸਮਾਜ ਸੇਵਾ ਲਈ ਵਰਤ ਸਕਦੇ ਓਂ। ਜੇ ਤੁਹਾਡੇ ਕੋਲ ਵਾਧੂ ਪੈਸਾ ਐ ਤਾਂ ਉਹ ਤੁਸੀਂ ਧਾਰਮਿਕ ਕੰਮਾਂ ਵਿੱਚ ਦਾਨ ਕਰ ਸਕਦੇ ਓਂ।”

ਇਸ ਪਿੱਛੋਂ ਇਮਾਮ ਨੇ ਗੱਲਬਾਤ ਬਰਖਾਸਤ ਕਰ ਦਿੱਤੀ। ਅਮਜਦ ਅਤੇ ਆਫੀਆ ਘਰ ਆ ਗਏ। ਇਸ ਗੱਲ ਦੇ ਹਫਤਾ ਕੁ ਪਿੱਛੋਂ ਇੱਕ ਦਿਨ ਅਮਜਦ ਨੇ ਵੇਖਿਆ ਕਿ ਉਸਦੇ ਬੈਂਕ ਵਿੱਚ ਅੱਠ ਹਜ਼ਾਰ ਡਾਲਰ ਘਟਦੇ ਹਨ। ਉਸਨੇ ਆਫੀਆ ਨਾਲ ਗੱਲ ਕੀਤੀ ਤਾਂ ਥੋੜ੍ਹੀ ਨਾਂਹ ਨੁੱਕਰ ਤੋਂ ਬਾਅਦ ਉਹ ਮੰਨ ਗਈ ਕਿ ਪੈਸੇ ਉਸਨੇ ਕਢਵਾਏ ਸਨ। ਅਮਜਦ ਨੇ ਪੁੱਛਿਆ ਕਿ ਉਸਨੇ ਇਹ ਪੈਸੇ ਕਿੱਥੇ ਵਰਤੇ ਹਨ। ਜੁਆਬ ਦੇਣ ਦੀ ਬਜਾਇ ਆਫੀਆ ਨੇ ਉਸ ਨਾਲ ਝਗੜਾ ਸ਼ੁਰੂ ਕਰ ਦਿੱਤਾ। ਦੋਨਾਂ ਵਿਚਕਾਰ ਰੱਜ ਕੇ ਲੜਾਈ ਹੋਈ। ਅਗਲੇ ਦਿਨ ਅਮਜਦ ਆਪਣੇ ਘਰ ਮੁੜ ਆਇਆ। ਘਰ ਵਾਲਿਆਂ ਨੂੰ ਅਮਜਦ ਨੇ ਜਦੋਂ ਐਫ. ਬੀ. ਆਈ. ਬਗੈਰਾ ਦੀਆਂ ਸਾਰੀਆਂ ਗੱਲਾਂ ਦੱਸੀਆਂ ਤਾਂ ਉਹ ਬਹੁਤ ਹੀ ਹੈਰਾਨ ਹੋਏ। ਪਰੇਸ਼ਾਨ ਹੋਏ ਪਰਿਵਾਰ ਨੂੰ ਫਿਕਰ ਸਤਾਉਣ ਲੱਗਿਆ ਬਈ ਕਿਤੇ ਅਜਿਹਾ ਨਾ ਹੋਵੇ ਕਿ ਆਫੀਆ, ਉਨ੍ਹਾਂ ਦੇ ਪੁੱਤਰ ’ਤੇ ਦਬਾਅ ਪਾ ਕੇ ਨਾਲ ਲੈ ਤੁਰੇ ਤੇ ਪਤਾ ਉਦੋਂ ਹੀ ਲੱਗੇ ਜਦੋਂ ਉਹ ਕਿਸੇ ਅੱਤਵਾਦੀ ਗਰੁੱਪ ਨਾਲ ਜਾ ਮਿਲਣ। ਉਨ੍ਹਾਂ ਨੇ ਅਮਜਦ ਨੂੰ ਸੁਝਾਅ ਦਿੱਤਾ ਕਿ ਉਹ ਤਲਾਕ ਲੈ ਲਵੇ ਅਤੇ ਉਹ ਉਸਦੀ ਦੂਸਰੀ ਸ਼ਾਦੀ ਕਰਵਾਉਣ ਲਈ ਤਿਆਰ ਹਨ। ਪਰ ਅਮਜਦ ਨੇ ਉਨ੍ਹਾਂ ਨੂੰ ਅਜੇ ਅਜਿਹਾ ਕਰਨ ਤੋਂ ਰੋਕ ਦਿੱਤਾ। ਇਸ ਵਿਚਕਾਰ ਹੀ ਦੋਨਾਂ ਧਿਰਾਂ ਦੇ ਵਡੇਰੇ ਇਕੱਠੇ ਹੋਏ ਅਤੇ ਉਨ੍ਹਾਂ ਨੇ ਸੁਝਾਅ ਇਹ ਕੱਢਿਆ ਕਿ ਅਮਜਦ ਅਤੇ ਆਫੀਆ ਆਪਣੇ ਪਰਿਵਾਰਾਂ ਤੋਂ ਦੂਰ ਰਹਿਣ ਤਾਂ ਸ਼ਾਇਦ ਉਨ੍ਹਾਂ ਵਿਚਕਾਰ ਸ਼ਾਂਤੀ ਹੋ ਜਾਵੇ। ਇਸ ਲਈ ਅਮਜਦ ਨੇ ਕਿਧਰੇ ਦੂਰ ਅਪਾਰਟਮੈਂਟ ਲੈ ਲਿਆ। ਉਹ ਉੱਥੇ ਮੂਵ ਹੋ ਗਏ। ਪਰ ਕੁਝ ਦਿਨ ਹੀ ਆਰਾਮ ਨਾਲ ਗੁਜ਼ਰੇ ਕਿ ਫਿਰ ਤੋਂ ਲੜਾਈ ਸ਼ੁਰੂ ਹੋ ਗਈ। ਆਫੀਆ ਬੱਚਿਆਂ ਨੂੰ ਲੈ ਕੇ ਆਪਣੇ ਪੇਕੇ ਚਲੀ ਗਈ। ਇਸ ਪਿੱਛੋਂ ਖਾਨ ਪਰਿਵਾਰ ਨੇ ਫਿਰ ਤੋਂ ਵਡੇਰਿਆਂ ਦੀ ਬੈਠਕ ਬੁਲਾਉਣੀ ਚਾਹੀ ਪਰ ਆਫੀਆ ਦੇ ਪਰਿਵਾਰ ਵਾਲਿਆਂ ਉਨ੍ਹਾਂ ਨਾਲ ਗੱਲ ਕਰਨੀ ਬੰਦ ਕਰ ਦਿੱਤੀ। ਉਨ੍ਹਾਂ ਨੇ ਖਾਨ ਪਰਿਵਾਰ ਦਾ ਫੋਨ ਹੀ ਚੁੱਕਣਾ ਹੀ ਬੰਦ ਕਰ ਦਿੱਤਾ।



ਉਂਝ ਤਾਂ ਅਮਜਦ ਤਿੰਨ ਵਾਰੀ ਤਲਾਕ ਕਹਿ ਕੇ ਤਲਾਕ ਲੈ ਸਕਦਾ ਸੀ ਪਰ ਹੁਣ ਸਦੀਕੀ ਪਰਿਵਾਰ ਉਸਦਾ ਫੋਨ ਹੀ ਨਹੀਂ ਚੁੱਕਦਾ ਸੀ ਤੇ ਆਫੀਆ ਨਾਲ ਗੱਲ ਹੋਣੀ ਤਾਂ ਦੂਰ ਦੀ ਗੱਲ। ਫਿਰ ਉਸਨੇ ਚਿੱਠੀ ਲਿਖ ਕੇ ਤਲਾਕ ਮੰਗ ਲਿਆ। ਇਸੇ ਵਿਚਕਾਰ ਹੀ ਆਫੀਆ ਦਾ ਪਿਉ ਸਦੀਕੀ ਸਵਰਗਵਾਸ ਹੋ ਗਿਆ। ਭਾਵੇਂ ਸਦੀਕੀ ਪਰਿਵਾਰ ਵਾਲੇ ਅਮਜਦ ਨੂੰ ਆਫੀਆ ਦੇ ਪਿਉ ਦੀ ਮੌਤ ਦਾ ਜ਼ਿੰਮੇਵਾਰ ਠਹਿਰਾ ਰਹੇ ਸਨ ਪਰ ਸਭ ਨੂੰ ਪਤਾ ਸੀ ਕਿ ਉਹ ਇੱਕ ਚੰਗਾ ਬੰਦਾ ਸੀ ਜੋ ਕਿ ਸ਼ਾਇਦ ਆਫੀਆ ਅਤੇ ਅਮਜਦ ਵਿੱਚ ਇੱਕ ਸਮਝੌਤਾ ਹੋਰ ਕਰਵਾ ਸਕਦਾ ਸੀ। ਪਰ ਜਦੋਂ ਉਹ ਨਾ ਰਿਹਾ ਤਾਂ ਸਭ ਉਮੀਦਾਂ ਖਤਮ ਹੋ ਗਈਆਂ। ਉਦੋਂ ਜਿਹੇ ਹੀ ਆਫੀਆ ਨੇ ਹਸਪਤਾਲ ਵਿੱਚ ਮੁੰਡੇ ਨੂੰ ਜਨਮ ਦਿੱਤਾ। ਪਰ ਉਸਨੇ ਜਾਂ ਉਸਦੇ ਪਰਿਵਾਰ ਵਾਲਿਆਂ ਨੇ ਅਮਜਦ ਨੂੰ ਇਸ ਬੱਚੇ ਬਾਰੇ ਭਿਣਕ ਨਾ ਪੈਣ ਦਿੱਤੀ। ਨਾ ਹੀ ਉਨ੍ਹਾਂ ਮੁੜ ਕੇ ਅਮਜਦ ਨੂੰ ਦੂਸਰੇ ਬੱਚਿਆਂ ਨੂੰ ਮਿਲਣ ਦਿੱਤਾ। ਇਸੇ ਵਿਚਕਾਰ ਹੀ ਸਰਕਾਰੀ ਕਰਿੰਦੇ ਤਲਾਕ ਵਾਲਾ ਕਾਗਜ਼ ਲੈ ਕੇ ਆਫੀਆ ਕੋਲ ਗਏ ਤਾਂ ਉਸਨੇ ਇਸ ’ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਇਹੀ ਵੇਲਾ ਸੀ ਜਦੋਂ ਅਮਜਦ ਨੇ ਆਪਦੇ ਘਰ ਵਾਲਿਆਂ ਨੂੰ ਦੂਸਰੀ ਸ਼ਾਦੀ ਲਈ ਹਾਂ ਕਹਿ ਦਿੱਤੀ। ਛੇਤੀ ਹੀ ਉਸ ਲਈ ਇੱਕ ਚੰਗੀ ਲੜਕੀ ਲੱਭ ਕੇ ਉਸਦੀ ਮੰਗਣੀ ਕਰ ਦਿੱਤੀ ਗਈ। ਅਮਜਦ ਕਰਾਚੀ ਹਸਪਤਾਲ ’ਚ ਨੌਕਰੀ ਕਰਨ ਲੱਗ ਪਿਆ ਸੀ। ਇੱਕ ਸ਼ਾਮ ਆਫੀਆ ਉਸਦੇ ਕੰਮ ’ਤੇ ਆ ਪਹੁੰਚੀ। ਆਫੀਆ ਨੂੰ ਵੇਖ ਕੇ ਅਮਜਦ ਹੱਦੋਂ ਵੱਧ ਹੈਰਾਨ ਹੋਇਆ। ਉਹ ਉਸ ਵੱਲ ਵੇਖ ਹੀ ਰਿਹਾ ਸੀ ਕਿ ਆਫੀਆ ਬੋਲ ਪਈ, “ਕੀ ਮੈਂ ਉਮੀਦ ਕਰ ਸਕਦੀ ਆਂ ਕਿ ਤੂੰ ਮੈਨੂੰ ਅੱਜ ਸ਼ਾਮ ਕਿਧਰੇ ਖਾਣਾ ਖੁਆਏਂਗਾ ?”

“ਓਹ ! ਤੂੰ ਤਾਂ ਮੈਨੂੰ ਸ਼ਰਮਿੰਦਾ ਕਰ ਰਹੀ ਐਂ।”

ਉਸ ਸ਼ਾਮ ਅਮਜਦ ਨੇ ਆਫੀਆ ਨੂੰ ਕਿਸੇ ਮਹਿੰਗੇ ਹੋਟਲ ਵਿੱਚ ਡਿੰਨਰ ਕਰਵਾਇਆ। ਖਾਣੇ ਪਿੱਛੋਂ ਰੁਖਸਤ ਹੋਣ ਲੱਗਿਆਂ ਆਫੀਆ ਬੋਲੀ, “ਅਮਜਦ ਤੈਨੂੰ ਬੱਚੇ ਬੜਾ ਯਾਦ ਕਰਦੇ ਨੇ। ਕੱਲ੍ਹ ਨੂੰ ਘਰ ਆ ਜਾਵੀਂ ਨਾਲੇ ਆਪਦੇ ਨਵ ਜਨਮੇ ਪੁੱਤਰ ਨੂੰ ਮਿਲ ਲਵੀਂ।”

“ਆਫੀਆ ਆਪਾਂ ਇਉਂ ਕਰਦੇ ਆਂ ਕਿ ਬਾਹਰ ਹੀ ਕਿਧਰੇ ਮਿਲ ਲਵਾਂਗੇ। ਤੂੰ ਬੱਚਿਆਂ ਨੂੰ ਨਾਲ ਲੈਂਦੀ ਆਵੀਂ।”

“ਨ੍ਹੀਂ ਅਮਜਦ ਜੇ ਬੱਚਿਆਂ ਨੂੰ ਮਿਲਣਾ ਐ ਤਾਂ ਤੈਨੂੰ ਮੇਰੇ ਘਰ ਹੀ ਆਉਣਾਂ ਪਊਗਾ।”

ਅਮਜਦ ਸਮਝ ਗਿਆ ਕਿ ਇਹ ਸੁਲਹ ਕਰਨੀ ਤਾਂ ਚਾਹੁੰਦੀ ਹੈ ਪਰ ਆਪਣੀਆਂ ਸ਼ਰਤਾਂ ਮੁਤਾਬਕ। ਫਿਰ ਉਸਨੂੰ ਖਿਆਲ ਆਇਆ ਕਿ ਪਹਿਲਾਂ ਵੀ ਤਾਂ ਕਿੰਨੀ ਵਾਰ ਉਨ੍ਹਾਂ ਵਿਚਕਾਰ ਸੁਲਹ ਹੋ ਚੁੱਕੀ ਹੈ ਪਰ ਹੁਣ ਵੇਲਾ ਲੰਘ ਗਿਆ ਹੈ ਤੇ ਉਹ ਇਕੱਠੇ ਨਹੀਂ ਰਹਿ ਸਕਦੇ। ਦਿਲੋਂ ਭਾਵੇਂ ਉਹ ਅਜੇ ਵੀ ਆਫੀਆ ਨੂੰ ਮੁਹੱਬਤ ਕਰਦਾ ਸੀ ਪਰ ਹੁਣ ਗੱਲ ਕਾਫੀ ਅੱਗੇ ਨਿਕਲ ਗਈ ਸੀ। ਉਸਦੀ ਨਵੀਂ ਸ਼ਾਦੀ ਹੋਣ ਜਾ ਰਹੀ ਸੀ।

“ਕਿਉਂ ਬੋਲਿਆ ਨ੍ਹੀਂ ਫਿਰ ?” ਉਸਨੂੰ ਚੁੱਪ ਵੇਖ ਕੇ ਆਫੀਆ ਨੇ ਉਸਦੀ ਸੁਰਤੀ ਭੰਗ ਕੀਤੀ।

“ਨ੍ਹੀਂ ਆਫੀਆ ਇਹ ਨ੍ਹੀਂ ਹੋ ਸਕਦਾ।”

“ਤਾਂ ਫਿਰ ਸਭ ਗੱਲਾਂ ਬੇਕਾਰ ਨੇ। ਚੰਗਾ ਐ ਕਿ ਆਪਾਂ ਅੱਜ ਹੀ ਤਲਾਕ ਲੈ ਲਈਏ।” ਆਫੀਆ ਇੰਨਾ ਕਹਿੰਦਿਆਂ ਤੁਰ ਪਈ। ਅਮਜਦ ਨੇ ਦੋ-ਚਾਰ ਥਾਈਂ ਫੋਨ ਕਰਦਿਆਂ ਯਕਦਮ ਹੀ ਪ੍ਰਬੰਧ ਕੀਤਾ ਤੇ ਵਕੀਲ ਦੇ ਪਹੁੰਚ ਗਏ। ਉੱਥੇ ਜਾ ਕੇ ਦੋਨਾਂ ਨੇ ਤਲਾਕ ਪੇਪਰ ’ਤੇ ਦਸਤਖਤ ਕਰ ਦਿੱਤੇ। ਉਦੋਂ ਅਮਜਦ ਨੂੰ ਨਹੀਂ ਪਤਾ ਸੀ ਕਿ ਉਹ ਅੱਜ ਆਫੀਆ ਨੂੰ ਆਖਰੀ ਵਾਰ ਮਿਲ ਰਿਹਾ ਹੈ। ਇਸ ਪਿੱਛੋਂ ਨਾ ਹੀ ਉਸਨੂੰ ਉਸਦੇ ਬੱਚਿਆਂ ਨੂੰ ਮਿਲਣ ਦਿੱਤਾ ਗਿਆ। ਅਮਜਦ ਨੇ ਸ਼ਹਿਰ ਦੀ

ਯੂਨੀਅਨ ਕੌਂਸਿਲ ਵਿੱਚ ਕੇਸ ਕਰ ਦਿੱਤਾ। ਪਰ ਉੱਥੇ ਆਫੀਆ ਦੀ ਮਾਂ ਨੇ ਅਮਜਦ 'ਤੇ ਅਜਿਹੇ ਇਲਜ਼ਾਮ ਲਾਏ ਕਿ ਕੌਂਸਲ ਨੇ ਬੱਚਿਆਂ ਦੀ ਕਸਟਡੀ ਆਫੀਆ ਨੂੰ ਸੌਂਪ ਦਿੱਤੀ। ਇਸ ਵਿਚਕਾਰ ਅਮਜਦ ਦੀ ਨਵੀਂ ਸ਼ਾਦੀ ਹੋ ਚੁੱਕੀ ਸੀ।

## 6

ਬਚਪਨ ਤੋਂ ਲੈ ਕੇ ਅੱਜ ਤੱਕ ਆਫੀਆ ਨੇ ਬੜੀਆਂ ਮਾਰਾਂ ਮਾਰੀਆਂ ਸਨ। ਕੀ ਪੜ੍ਹਾਈ ਦਾ ਖੇਤਰ, ਕੀ ਧਰਮ ਦਾ ਖੇਤਰ ਜਾਂ ਫਿਰ ਚੈਰਿਟੀ ਬਗੈਰਾ ਦਾ। ਹਰ ਕੋਈ ਉਸਦਾ ਲੋਹਾ ਮੰਨਦਾ ਸੀ। ਸਭ ਨੂੰ ਪਤਾ ਸੀ ਕਿ ਆਫੀਆ ਇੱਕ ਬਹੁਤ ਹੀ ਜੀਨੀਅਸ ਪਰਸਨੈਲਿਟੀ ਹੈ। ਇਸ ਸਭ ਦੇ ਬਾਵਜੂਦ ਅੱਜ ਉਹ ਇਕੱਤੀ ਸਾਲ ਦੀ ਉਮਰ 'ਚ ਇਕੱਲੀ ਰਹਿ ਗਈ ਸੀ। ਗੁੰਮਨਾਮੀ ਦੀ ਜ਼ਿੰਦਗੀ ਉਸਦੇ ਸਾਹਮਣੇ ਖੜ੍ਹੀ ਸੀ। ਉਸ 'ਤੇ ਤਲਾਕਸ਼ੁਦਾ ਦਾ ਧੱਬਾ ਲੱਗ ਚੁੱਕਿਆ ਸੀ, ਜਿਸਦੀ ਕਿ ਪਾਕਿਸਤਾਨੀ ਸਮਾਜ ਵਿੱਚ ਕੋਈ ਪੁੱਛ ਨਹੀਂ ਸੀ। ਇਸ ਪਿੱਛੋਂ ਉਹ ਕੁਝ ਦੇਰ ਲਈ ਇਕੱਲਤਾ ਨਾਲ ਘੁਲਦੀ ਰਹੀ। ਪਰ ਛੇਤੀ ਹੀ ਉਹ ਕਿਸੇ ਚੈਰਿਟੀ ਰਾਹੀਂ ਕਰਾਚੀ ਦੇ ਇੱਕ ਇਮਾਮ ਮੁਫਤੀ ਅਬੂ ਲੁਬਾਬਾ ਸ਼ਾਹ ਮਨਸੂਰ ਦੇ ਸੰਪਰਕ ਵਿੱਚ ਆ ਗਈ। ਅਬੂ ਲੁਬਾਬਾ, ਅਲ ਰਸ਼ੀਦ ਟਰਸਟ ਦਾ ਡਿਪਟੀ ਡਾਇਰੈਕਟਰ ਸੀ। ਇਸਦਾ ਦਾ ਡਾਇਰੈਕਟਰ, ਰਸ਼ੀਦ ਅਹਿਮਦ ਸੀ। ਅੰਡਰ ਗਰਾਊਂਡ ਲੋਕਾਂ ਨੂੰ ਪਤਾ ਸੀ ਕਿ ਇਨ੍ਹਾਂ ਦੋਨਾਂ ਦਾ ਉਸਾਮਾ ਬਿਨ ਲਾਦਿਨ ਨਾਲ ਸਿੱਧਾ ਰਾਬਤਾ ਸੀ। ਆਫੀਆ ਦੀ ਸਾਇੰਸ ਦੀ ਪੜ੍ਹਾਈ ਬਾਰੇ ਜਾਣਨ ਪਿੱਛੋਂ ਅਬੂ ਲੁਬਾਬਾ ਨੇ ਉਸਦੀ ਡਿਊਟੀ, ਜਰਮ ਵਾਰਫੇਅਰ ਅਤੇ ਹੋਰ ਕੈਮੀਕਲ ਹਥਿਆਰਾਂ ਦੀ ਰਿਸਚਰਚ ਉੱਪਰ ਲਗਾ ਦਿੱਤੀ। ਇਸਦੇ ਨਾਲ ਹੀ ਉਸਨੂੰ ਅਲ ਬਲੋਚੀ ਪਰਿਵਾਰ ਨਾਲ ਕੰਮ ਕਰਨ ਨੂੰ ਕਿਹਾ ਗਿਆ ਜੋ ਉਸਨੇ ਖੁਸ਼ੀ ਨਾਲ ਸਵੀਕਾਰ ਕਰ ਲਿਆ। ਇੱਥੋਂ ਤੱਕ ਕਿ ਬਲੋਚੀ ਪਰਿਵਾਰ ਦੇ ਕੁਝ ਮੈਂਬਰ, ਉਸਨੇ ਆਪਣੀ ਮਾਂ ਦੇ ਘਰ ਵੀ ਕਿਰਾਏਦਾਰ ਦੇ ਤੌਰ 'ਤੇ ਠਹਿਰਾ ਲਏ। ਬਲੋਚੀ ਪਰਿਵਾਰ ਦੀਆਂ ਦੋ ਕੁੜੀਆਂ ਉਸਦੀਆਂ ਸਹੇਲੀਆਂ ਵੀ ਬਣ ਗਈਆਂ। ਇਨ੍ਹਾਂ ਹੀ ਕੁੜੀਆਂ ਨੇ ਆਫੀਆ ਨੂੰ ਆਪਣੇ ਇੱਕ ਪੰਝੀ ਸਾਲਾ ਮਾਮੇਰੇ ਭਰਾ, ਅਲੀ ਅਬਦਲ ਅਜ਼ੀਜ ਅਲੀ ਨਾਲ ਮਿਲਾਇਆ। ਇਸਦਾ ਦੂਸਰਾ ਨਾਂ, ਅਮਰ ਅਲ ਬਲੋਚੀ ਵੀ ਸੀ। ਅਲੀ ਆਪਣੇ ਮਾਮੇ, ਕੇ. ਐਸ. ਐਮ. ( ਖਾਲਿਦ ਸ਼ੇਖ ਮੁਹੰਮਦ ) ਦਾ ਖਾਸ ਭਰੋਸੇਯੋਗ ਆਦਮੀ ਸੀ ਜੋ ਪੂਰਣ ਤੌਰ 'ਤੇ ਉਸਦੇ ਸਾਰੇ ਮਿਸ਼ਨਾ ਬਾਰੇ ਜਾਣਦਾ ਸੀ। ਅਲੀ, ਇੰਗਲਿਸ਼ ਸਕੂਲਾਂ ਦਾ ਪੜ੍ਹਿਆ ਸੀ ਤੇ ਪੱਛਮ ਦੇ ਢੰਗ ਨਾਲ ਰਹਿੰਦਾ ਸੀ। ਇਸੇ ਨੇ ਹੀ ਨਿਊਯਾਰਕ ਦੇ ਟਵਿਨ ਟਾਵਰਜ਼ ਤਬਾਹ ਕਰਨ ਵਾਲੇ ਹਾਈਜੈਕਰਾਂ ਨੂੰ ਪੱਛਮ ਦੇ ਢੰਗ ਨਾਲ ਰਹਿਣ ਸਹਿਣ ਅਤੇ ਪਹਿਨਣ ਪੱਚਰਣ ਦੇ ਤਰੀਕੇ ਸਿਖਾਏ ਸਨ। ਇਸ ਤੋਂ ਇਲਾਵਾ ਉਸਨੇ ਇਨ੍ਹਾਂ 'ਚੋਂ ਘੱਟੋ ਘੱਟ ਨੌਂ ਹਾਈਜੈਕਰਾਂ ਨੂੰ ਉਨ੍ਹਾਂ ਦੇ ਮਿਸ਼ਨ ਬਾਰੇ ਟਰੇਨਿੰਗ ਦਿੱਤੀ ਸੀ ਜਿਨ੍ਹਾਂ ਵਿੱਚ, ਮਾਰਵਾਂ ਅਲ ਸ਼ੇਹੀ ਵੀ ਇੱਕ ਸੀ ਜਿਸਨੇ ਕਿ ਯੁਨਾਈਟਡ ਫਲਾਈਟ ਨੰਬਰ 175 ਵਰਲਡ ਟਰੇਡ ਸੈਂਟਰ ਦੇ ਸਾਊਥ ਟਾਵਰ ਨਾਲ ਹਿੱਟ ਕੀਤੀ ਸੀ। ਅਲੀ ਨੇ ਤਕਰੀਬਨ ਸਵਾ ਲੱਖ ਡਾਲਰ, ਮਾਰਵਾਂ ਅਲ ਸ਼ੇਹੀ ਅਤੇ ਮੁਹੱਮਦ ਅੱਟਾ ਨੂੰ ਅਮਰੀਕਾ 'ਚ ਭੇਜਿਆ ਸੀ। ਉਹ ਆਪ ਵੀ ਸ਼ਾਇਦ ਇਨ੍ਹਾਂ ਹਾਈਜੈਕਰਾਂ ਨਾਲ ਅਮਰੀਕਾ ਆ ਕੇ ਮਿਸ਼ਨ 'ਚ ਹਿੱਸਾ ਲੈਣ ਵਾਲਾ ਸੀ। ਇਸਦੇ ਲਈ ਉਸਨੇ ਡੁਬਈ ਦੀ ਅਮਰੀਕਣ ਅੰਬੈਸੀ 'ਚ ਵੀਜ਼ੇ ਲਈ ਅਪਲਾਈ ਵੀ ਕੀਤਾ ਸੀ ਪਰ ਵੀਜ਼ਾ ਨਾ ਮਿਲਣ ਕਾਰਨ ਉਹ ਵਾਪਸ ਪਾਕਿਸਤਾਨ ਮੁੜ ਗਿਆ ਸੀ। ਨਾਈਨ ਅਲੈਵਨ ਤੋਂ ਪਿੱਛੋਂ ਉਸਨੇ ਆਪਣੇ ਮਾਮੇ, ਕੇ. ਐਸ. ਐਮ. ਨਾਲ ਪੂਰੇ ਜ਼ੋਰ ਸ਼ੋਰ ਨਾਲ ਫਿਰ ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਨਾਈਨ ਅਲੈਵਨ ਤੋਂ ਬਾਅਦ ਦਾ ਇਹ ਕੰਮ ਸੀ ਹੋਰ ਜਿਹਾਦੀਆਂ ਨੂੰ ਟਰੇਨਿੰਗ ਦੇਣਾ। ਜਿਹਨਾਂ ਵਿੱਚ ਹੋਜ਼ੇ ਪਦੀਲਾ, ਰਿਚਰਡ ਰੀਡ ਅਤੇ ਸਜੀਦ ਬਦਤ ਵਰਗੇ ਸਨ। ਇਨ੍ਹਾਂ ਹੀ ਦਿਨਾਂ 'ਚ ਅਲੀ ਨੇ ਇੱਕ



ਹੋਰ ਮੁੰਡੇ ਨੂੰ ਟਰੇਨਿੰਗ ਦਿੱਤੀ, ਜਿਸਦਾ ਨਾਂ ਸੀ ਮਜੀਦ ਖਾਨ। ਇਹ ਕੰਪਿਊਟਰ ਪ੍ਰੋਗਰੈਮਰ ਸੀ। ਇਸਦਾ ਪਰਿਵਾਰ ਅਮਰੀਕਾ ਦੀ ਸਟੇਟ ਮੈਰੀਲੈਂਡ ਦੇ ਸ਼ਹਿਰ ਬਾਲਟੀਮੋਰ 'ਚ ਰਹਿੰਦਾ ਸੀ। ਇਸੇ ਮਜੀਦ ਖਾਨ ਲਈ ਅਲੀ ਨੇ, ਆਫੀਆ ਨੂੰ ਇੱਕ ਅਜਿਹਾ ਕੰਮ ਕਰਨ ਨੂੰ ਕਿਹਾ ਜੋ ਆਫੀਆ ਨੂੰ ਫਸਾਉਣ ਲਈ ਘਾਤਕ ਸਿੱਧ ਹੋਇਆ। ਅਸਲ 'ਚ ਇਸੇ ਇੱਕ ਕੰਮ ਦੀ ਵਜ੍ਹਾ ਕਰਕੇ ਉਹ ਅਮਰੀਕਣ ਐਫ. ਬੀ. ਆਈ. ਲਈ, ਦੁਨੀਆਂ ਦੀ ਸਭ ਤੋਂ ਵੱਧ ਲੋੜੀਂਦੀ ਔਰਤ ਬਣ ਗਈ।

ਮਜੀਦ ਖਾਨ ਦਾ ਪਰਿਵਾਰ ਜਦੋਂ ਅਮਰੀਕਾ ਆਇਆ ਤਾਂ ਉਦੋਂ ਉਹ ਪੰਦਰਾਂ ਸਾਲ ਦਾ ਸੀ। ਇੱਥੇ ਆ ਕੇ ਉਸਦੇ ਪਰਿਵਾਰ ਨੇ ਰਾਜਨੀਤਕ ਸ਼ਰਨ ਲਈ ਸੀ। ਇਸਦੇ ਛੇ ਸਾਲ ਬਾਅਦ ਮਜੀਦ ਖਾਨ ਪਹਿਲੀ ਵਾਰ ਪਾਕਿਸਤਾਨ ਗਿਆ। ਉਹ ਕਾਫੀ ਧਾਰਮਿਕ ਬਣ ਚੁੱਕਿਆ ਸੀ ਅਤੇ ਕਿਸੇ ਚੰਗੀ ਧਾਰਮਿਕ ਕੁੜੀ ਨਾਲ ਸ਼ਾਦੀ ਕਰਨੀ ਚਾਹੁੰਦਾ ਸੀ। ਉਸਦੀ ਸ਼ਾਦੀ ਕਿਸੇ ਧਾਰਮਿਕ ਹਸਤੀ ਨੇ, ਰਬੀਆ ਜਾਕੂਬ ਨਾਂ ਦੀ ਕੁੜੀ ਨਾਲ ਕਰਵਾ ਦਿੱਤੀ। ਇਸੇ ਧਾਰਮਿਕ ਹਸਤੀ ਤੋਂ ਉਹ ਅੱਗੇ, ਕੇ ਐਸ ਐਮ ਦੀ ਪਹਿਚਾਣ ਵਿੱਚ ਆਇਆ ਤੇ ਉਸਦਾ ਝੁਕਾਅ ਜਿਹਾਦ ਵੱਲ ਹੋ ਗਿਆ। ਕੇ. ਐਸ. ਐਮ. ਦਾ ਹਰ ਇੱਕ ਨੂੰ ਟੈਸਟ ਕਰਨ ਦਾ ਆਪਣਾ ਢੰਗ ਸੀ। ਉਸਨੇ ਮਜੀਦ ਖਾਨ ਨੂੰ ਪੁੱਛਿਆ ਕਿ ਕੀ ਉਹ ਸੁਈਸਾਈਡ ਮਿਸ਼ਨ ਕਰ ਸਕਦਾ ਹੈ। ਉਸਦੇ ਹਾਂ ਕਹਿਣ 'ਤੇ ਉਸਨੇ ਉਸਨੂੰ ਛਾਤੀ ਨਾਲ ਧਮਾਕਾਖੇਦ ਸਮੱਗਰੀ ਬੰਨ ਕੇ ਕਿਸੇ ਮਸਜਿਦ ਵਿੱਚ ਭੇਜਿਆ ਜਿੱਥੇ ਕਿ ਕੋਈ ਵੱਡਾ ਬੰਦਾ ਆ ਰਿਹਾ ਸੀ। ਮਜੀਦ ਉੱਥੇ ਗਿਆ। ਧਮਾਕਾ ਤਾਂ ਭਾਵੇਂ ਨਾ ਹੋਇਆ ਪਰ ਮਜੀਦ ਖਾਂ ਉਸਦੇ ਟੈਸਟ 'ਚ ਪਾਸ ਹੋ ਗਿਆ। ਇਸ ਪਿੱਛੋਂ ਉਸਨੇ ਮਜੀਦ ਖਾਨ ਨੂੰ ਪੰਜਾਹ ਹਜ਼ਾਰ ਡਾਲਰ ਦੇ ਕੇ ਇੰਡੋਨੇਸ਼ੀਆ ਭੇਜਿਆ। ਇਹ ਪੈਸੇ ਉਸਨੇ ਹੰਬਾਲੀ ਨਾਂ ਦੇ ਬੰਦੇ ਨੂੰ ਦਿੱਤੇ ਜਿਹੜਾ ਕਿ ਬਾਲੀ ਨਾਈਟ ਕਲੱਬ ਵਿੱਚ ਬੰਬ ਧਮਾਕੇ ਦਾ ਜ਼ਿੰਮੇਵਾਰ ਸੀ। ਇਸ ਪਿੱਛੋਂ ਕੇ ਐਸ ਐਮ ਨੇ, ਮਜੀਦ ਖਾਨ ਨੂੰ ਫਿਰ ਤੋਂ ਅਮਰੀਕਾ ਭੇਜਣ ਦੀ ਸਕੀਮ ਬਣਾਈ। ਉਹ ਅਮਰੀਕਾ ਵਿੱਚ ਕੋਈ ਵੱਡਾ ਕਾਰਾ ਕਰਨਾ ਚਾਹੁੰਦਾ ਸੀ। ਇਹ ਵੱਡਾ ਕੰਮ ਸੀ ਅਮਰੀਕਾ ਦੇ ਤੇਲ ਭੰਡਾਰਾਂ ਨੂੰ ਉਡਾਉਣਾ ਜਾਂ ਪੀਣ ਵਾਲੇ ਪਾਣੀ ਵਿੱਚ ਜ਼ਹਿਰ ਮਿਲਾਉਣਾ। ਪਰ ਮਜੀਦ ਖਾਨ ਜਦੋਂ ਅਮਰੀਕਾ ਤੋਂ ਪਾਕਿਸਤਾਨ ਮੁੜਿਆ ਸੀ ਤਾਂ ਇੱਕ ਗਲਤੀ ਕਰ ਬੈਠਾ ਸੀ ਜਿਸ ਕਰਕੇ ਉਸਨੂੰ ਵਾਪਸ ਅਮਰੀਕਾ ਐਂਟਰ ਹੋਣ 'ਚ ਮੁਸ਼ਕਲ ਆ ਗਈ। ਉਹ ਪਾਕਿਸਤਾਨ ਜਾਣ ਤੋਂ ਪਹਿਲਾਂ ਅਮਰੀਕਾ 'ਚ ਦੁਬਾਰਾ ਐਂਟਰ ਹੋਣ ਲਈ, ਰੀਐਂਟਰੀ ਪਰਮਿਟ ਲੈਣਾਂ ਭੁੱਲ ਗਿਆ। ਇਸੇ ਮੁਸ਼ਕਲ ਨੇ ਪੰਗਾ ਪਾ ਦਿੱਤਾ। ਇਸ ਪਰਮਿਟ ਬਿਨਾਂ ਉਹ ਅਮਰੀਕਾ ਵਿੱਚ ਐਂਟਰ ਨਹੀਂ ਹੋ ਸਕਦਾ ਸੀ। ਪਰ ਇਹ ਪਰਮਿਟ ਉਹ ਅਮਰੀਕਾ ਰਹਿੰਦਾ ਹੀ ਲੈ ਸਕਦਾ ਸੀ। ਕਿਉਂਕਿ ਇਸ ਲਈ ਉਸਨੇ ਪਹਿਲਾਂ ਅਰਜੀ ਭਰ ਕੇ ਇੰਮੀਗਰੇਸ਼ਨ ਵਾਲਿਆਂ ਦੇ ਦਫਤਰ ਮੇਲ ਕਰਨੀ ਸੀ। ਉਸ ਪਿੱਛੋਂ ਉਨ੍ਹਾਂ ਨਾਲ ਫੋਨ 'ਤੇ ਗੱਲ ਕਰਨੀ ਸੀ। ਫਿਰ ਹੀ ਇੰਮੀਗਰੇਸ਼ਨ ਵਾਲਿਆਂ ਨੇ ਰੀਐਂਟਰੀ ਪਰਮਿਟ ਉਸਦੇ ਅਡਰੈੱਸ 'ਤੇ ਮੇਲ ਕਰਨਾ ਸੀ। ਨਵੀਂ ਸਕੀਮ ਮੁਤਾਬਕ ਸਭ ਤੋਂ ਪਹਿਲਾਂ ਉੱਥੇ ਕਿਸੇ ਅਡਰੈੱਸ ਦਾ ਪ੍ਰਬੰਧ ਕਰਨਾ ਜ਼ਰੂਰੀ ਸੀ। ਫਿਰ ਉੱਥੋਂ ਅਰਜੀ 'ਤੇ ਇਹ ਅਡਰੈੱਸ ਭਰ ਕੇ ਅਰਜੀ ਇੰਮੀਗਰੇਸ਼ਨ ਵਾਲਿਆਂ ਨੂੰ ਭੇਜਣੀ ਸੀ। ਭਾਵ ਕਿ ਦਿਖਾਵਾ ਇਹ ਕਰਨਾ ਸੀ ਕਿ ਮਜੀਦ ਖਾਨ ਅਰਜੀ ਭਰਨ ਵੇਲੇ ਅਮਰੀਕਾ ਵਿੱਚ ਹੀ ਹੈ। ਇਸ ਦੇ ਲਈ ਉਨ੍ਹਾਂ ਹੱਲ ਇਹ ਕੱਢਿਆ ਕਿ ਕੋਈ ਹੋਰ ਅਮਰੀਕਾ ਜਾਵੇ ਅਤੇ ਮਜੀਦ ਖਾਨ ਬਣ ਕੇ ਇੰਮੀਗਰੇਸ਼ਨ ਨਾਲ ਰਾਬਤਾ ਕਾਇਮ ਕਰੇ। ਪਰ ਸਭ ਤੋਂ ਪਹਿਲਾਂ ਉਨ੍ਹਾਂ ਅਡਰੈੱਸ ਦਾ ਪ੍ਰਬੰਧ ਕਰਨ ਦਾ ਸੋਚਿਆ। ਇਹ ਅਡਰੈੱਸ ਉਨ੍ਹਾਂ ਨੇ ਸਿਰਫ ਪਰਮਿਟ ਆਉਣ ਤੱਕ ਰੱਖਣਾ ਸੀ ਉਸ ਪਿੱਛੋਂ ਇਹ ਖਤਮ ਕਰ ਦੇਣਾ ਸੀ। ਕੇ. ਐਸ. ਐਮ. ਨੇ ਇਸ ਕੰਮ ਲਈ ਆਪਣੇ ਭਾਣਜੇ ਅਲੀ ਦੀ ਡਿਊਟੀ ਲਾਈ ਕਿ ਉਹ ਕਿਸੇ ਨੂੰ ਅਮਰੀਕਾ ਭੇਜ ਕੇ ਉੱਥੇ ਕਿਸੇ ਪੋਸਟ ਆਫਿਸ ਵਿੱਚ ਪੋਸਟ ਬਾਕਿਸ ਕਿਰਾਏ 'ਤੇ ਲੈਣ ਦਾ ਪ੍ਰਬੰਧ ਕਰੇ। ਅਲੀ ਨੇ ਅੱਗੋਂ ਇਹ ਕੰਮ ਕਰਨ ਲਈ ਆਫੀਆ ਨੂੰ ਕਿਹਾ। ਕਿਉਂਕਿ ਆਫੀਆ ਦਾ

ਅਮਰੀਕਾ ਦਾ ਵੀਜ਼ਾ ਹੈਗਾ ਸੀ। ਉਂਝ ਤਾਂ ਆਫੀਆ, ਐਫ. ਬੀ. ਆਈ. ਤੋਂ ਬਹੁਤ ਡਰਦੀ ਸੀ ਪਰ ਜਿਹਾਦ ਦਾ ਕੰਮ ਹੋਣ ਕਰਕੇ ਉਸਨੇ ਇਹ ਕੰਮ ਕਰਨ ਲਈ ਅਮਰੀਕਾ ਜਾਣਾ ਮੰਨ ਲਿਆ। ਪਰ ਉਸਨੇ ਫਿਰ ਵੀ ਡਰਦੀ ਨੇ ਮਜੀਦ ਖਾਨ ਦੀ ਅਰਜੀ ਆਪਣੇ ਨਾਲ ਨਾ ਚੁੱਕੀ ਕਿ ਕਿਧਰੇ ਉਸਦੀ ਉੱਥੇ ਉਤਰਦੀ ਦੀ ਤਲਾਸ਼ੀ ਨਾ ਹੋ ਜਾਵੇ। ਉਹ ਤੀਸਰੇ ਦਿਨ ਹੀ ਅਮਰੀਕਾ ਦੀ ਫਲਾਈਟ ਲੈ ਕੇ ਉੱਧਰ ਨੂੰ ਤੁਰ ਪਈ। ਸਾਰੇ ਰਾਹ ਉਸਦਾ ਦਿਲ ਧੜਕਦਾ ਰਿਹਾ ਕਿ ਕਿਧਰੇ ਉਸਨੂੰ ਉੱਥੇ ਗਈ ਨੂੰ ਐਫ. ਬੀ. ਆਈ. ਨਾ ਦਬੋਚ ਲਵੇ। ਪਰ ਉਹ ਬਿਨਾਂ ਕਿਸੇ ਰੁਕਾਵਟ ਦੇ ਅਮਰੀਕਾ ਜਾ ਪਹੁੰਚੀ। ਉੱਥੇ ਉਸਨੇ ਮੈਰੀਲੈਂਡ ਦੇ ਗੈਦਰਸਬਰਗ ਸ਼ਹਿਰ ਵਿੱਚ ਆਪਣੇ ਨਾਂ 'ਤੇ ਪੋਸਟ ਬਾਕਸ ਕਿਰਾਏ 'ਤੇ ਲੈ ਲਿਆ। ਉਸਨੇ ਆਈਡੈਂਟਿਟੀ ਕਾਰਡ ਆਪਣਾ ਮੈਸਾਚੂਸਸ ਦਾ ਲਾਈਸੈਂਸ ਦੇ ਦਿੱਤਾ ਜੋ ਕਿ ਉਸ ਕੋਲ ਅਜੇ ਵੀ ਹੈ ਸੀ। ਪੋਸਟ ਬਾਕਸ 'ਚ ਉਸਨੇ ਮਾਜੀਦ ਖਾਨ ਦਾ ਨਾਂ ਇਹ ਕਹਿ ਕੇ ਪੁਆ ਲਿਆ ਕਿ ਉਹ ਉਸਦਾ ਘਰਵਾਲਾ ਹੈ। ਪੋਸਟ ਬਾਕਿਸ ਮਿਲ ਗਿਆ ਤਾਂ ਆਫੀਆ ਨੇ ਸੁੱਖ ਦਾ ਸਾਹ ਲਿਆ। ਇਸ ਤੋਂ ਤੀਸਰੇ ਦਿਨ ਹੀ ਉਹ ਵਾਪਸ ਪਾਕਿਸਤਾਨ ਮੁੜ ਗਈ। ਉਹ ਬੜੀ ਖੁਸ਼ ਸੀ ਕਿ ਐਫ. ਬੀ. ਆਈ. ਬਗੈਰਾ ਨੂੰ ਉਸਦੀ ਭਿਣਕ ਵੀ ਨਹੀਂ ਪਈ। ਪਰ ਇਹ ਉਸਦੀ ਭੁੱਲ ਸੀ ਕਿਉਂਕਿ ਉਸਦਾ ਨਾਂ ਪਹਿਲਾਂ ਹੀ ਐਫ. ਬੀ. ਆਈ. ਵਾਲਿਆਂ ਦੇ ਰਿਕਾਰਡ 'ਚ ਆ ਚੁੱਕਿਆ ਸੀ। ਉਹ ਅਤੇ ਅਮਜਦ ਜਦੋਂ ਐਫ. ਬੀ. ਆਈ. ਦੀ ਦੂਸਰੀ ਇੰਟਰਵਿਊ ਵਿਚਾਲੇ ਹੀ ਛੱਡ ਕੇ ਚਲੇ ਗਏ ਸਨ ਤਾਂ ਐਫ. ਬੀ. ਆਈ. ਨੇ ਉਨ੍ਹਾਂ ਦਾ ਨਾਂ ਟਰੈਵਲ ਵਾਚ ਲਿਸਟ 'ਤੇ ਪਾ ਦਿੱਤਾ ਸੀ ਜਿਸਦਾ ਨਤੀਜਾ ਇਹ ਹੋਇਆ ਕਿ ਜਦੋਂ ਹੀ ਉਹ ਅਮਰੀਕਾ ਜਾਣ ਲਈ ਕਰਾਚੀ ਤੋਂ ਜਹਾਜ 'ਚ ਬੈਠੀ ਸੀ ਤਾਂ ਉਸੇ ਵੇਲੇ ਪਾਕਿਸਤਾਨ ਦੀ ਫੈਡਰਲ ਟਰੈਵਲ ਏਜੈਂਸੀ ਨੇ ਅਮਰੀਕਣ ਐਫ. ਬੀ. ਆਈ. ਨੂੰ ਸੂਚਿਤ ਕਰ ਦਿੱਤਾ ਸੀ। ਐਫ ਬੀ ਆਈ ਵਾਲੇ ਉਸਨੂੰ ਫੜਨ ਦੀ ਬਜਾਇ ਉਸਦਾ ਪਿੱਛਾ ਕਰਦੇ ਰਹੇ। ਕਿਉਂਕਿ ਉਹ ਉਸਨੂੰ ਫੜਨ ਨਾਲੋਂ ਸਾਰੇ ਗਿੰਗ ਨੂੰ ਤੋੜਨਾ ਚਾਹੁੰਦੇ ਸਨ। ਇਸੇ ਲਈ ਉਸਦੇ ਪਿੱਛੇ ਪਿੱਛੇ ਰਹਿੰਦਿਆਂ ਉਨ੍ਹਾਂ ਨੇ ਪਤਾ ਲਗਾ ਲਿਆ ਕਿ ਇਹ ਇੱਥੇ ਸਿਰਫ ਪੋਸਟ ਬਾਕਸ ਕਿਰਾਏ 'ਤੇ ਲੈਣ ਆਈ ਸੀ। ਇੰਨਾ ਹੀ ਨਹੀਂ ਸਗੋਂ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਆਫੀਆ ਨੇ ਪੋਸਟ ਆਫਿਸ ਕਿਰਾਏ 'ਤੇ ਲੈਣ ਵੇਲੇ ਨਾਲ ਮਜੀਦ ਖਾਨ ਦਾ ਨਾਂ ਘਰਵਾਲੇ ਦੇ ਤੌਰ 'ਤੇ ਲਿਖਿਆ ਹੈ ਤਾਂ ਉਹ ਸਮਝ ਗਏ ਕਿ ਹੁਣ ਇਸ ਨਾਂ ਦਾ ਬੰਦਾ ਹੁਣ ਅਮਰੀਕਾ ਵਿੱਚ ਆਵੇਗਾ। ਪਰ ਮਜੀਦਾ ਖਾਨ ਜਾਂ ਬਾਕੀ ਗਰੁੱਪ ਇਸ ਗੱਲ ਤੋਂ ਅਣਭਿੱਗ ਅੱਗੇ ਦੀ ਕਾਰਵਾਈ ਕਰਨ ਵਿੱਚ ਮਸ਼ਰੂਫ ਹੋ ਗਏ।

ਇਸ ਤੋਂ ਬਿਨਾਂ ਇੱਕ ਹੋਰ ਇਨਸਾਨ ਇਸ ਸਾਜ਼ਿਸ਼ ਵਿੱਚ ਸ਼ਾਮਲ ਹੋਇਆ। ਉਸਦਾ ਨਾਂ ਸੀ ਸੈਫਉਲਾ ਪਰਾਚਾ। ਉਸਦੇ ਸ਼ਾਮਲ ਹੋਣ ਦੇ ਦੋ ਕਾਰਨ ਸਨ। ਇੱਕ ਤਾਂ ਧਾਰਮਿਕ ਅਤੇ ਦੂਸਰਾ ਬਿਜ਼ਨਸ। ਸੈਫਉਲਾ ਬਹੁਤ ਪਹਿਲਾਂ ਅਮਰੀਕਾ 'ਚ ਪੜ੍ਹਦਾ ਰਿਹਾ ਸੀ। ਕੁਝ ਦੇਰ ਉਸਨੇ ਉੱਥੇ ਟਰੈਵਲ ਏਜੈਂਸੀ ਵੀ ਚਲਾਈ। ਫਿਰ ਪਾਕਿਸਤਾਨ ਵਾਪਸ ਆ ਕੇ ਉਸਨੇ ਕੱਪੜੇ ਦਾ ਬਿਜ਼ਨਸ ਸ਼ੁਰੂ ਕਰ ਲਿਆ। ਜਦੋਂ ਉਸਦਾ ਬਿਜ਼ਨਸ ਚੰਗਾ ਜੰਮ ਗਿਆ ਤਾਂ ਉਸਨੇ ਇਮਪੋਰਟ ਐਕਸਪੋਰਟ ਦਾ ਲਾਈਸੈਂਸ ਲੈ ਕੇ ਪਾਕਿਸਤਾਨ ਤੋਂ ਅਮਰੀਕਾ ਨੂੰ ਰੈਡੀਮੇਡ ਕੱਪੜੇ ਭੇਜਣੇ ਸ਼ੁਰੂ ਕਰ ਦਿੱਤੇ। ਉਸਨੇ ਇੱਕ ਦਫਤਰ ਨਿਊਯਾਰਕ ਵਿੱਚ ਖੋਲ੍ਹ ਲਿਆ। ਪਾਕਿਸਤਾਨ 'ਚ ਉਸਨੇ ਘਰ ਬਣਾ ਕੇ ਵੇਚਣ ਦਾ ਕੰਮ ਵੀ ਵੱਡੇ ਲੈਵਲ 'ਤੇ ਚਲਾ ਲਿਆ। ਨਿਊਯਾਰਕ ਵਿੱਚ ਸੈਫਉਲਾ ਦਾ ਪੁਰਾਣਾ ਅਮਰੀਕਣ ਦੋਸਤ ਚਾਰਲਸ, ਉਸਦਾ ਬਿਜ਼ਨਸ ਪਾਰਟਨਰ ਬਣ ਗਿਆ। ਇਸ ਦਰਮਿਆਨ ਇੱਕ ਵਾਰ ਉਹ ਪਾਕਿਸਤਾਨ ਦੀ ਰਾਈਸ ਐਰਸਪੋਰਟ ਐਸੋਸੀਏਸ਼ਨ ਨਾਲ ਅਫਗਾਨਿਸਤਾਨ ਗਿਆ। ਟੀਮ ਦੇ ਇੱਕ ਮੈਂਬਰ ਨੇ ਉਸਨੂੰ ਉਸਾਮਾ ਬਿਨ ਲਾਦਿਨ ਨਾਲ ਮਿਲਾਉਣ ਦਾ ਵਿਚਾਰ ਦੱਸਿਆ ਤਾਂ ਉਹ ਖੁਸ਼ੀ ਖੁਸ਼ੀ ਮੰਨ ਗਿਆ। ਲਾਦਿਨ ਨੂੰ ਮਿਲਣ ਵੇਲੇ ਉਸਨੇ ਆਪਣਾਂ ਕਾਰਡ ਦਿੰਦਿਆਂ ਦੱਸਿਆ ਕਿ ਉਹ ਇੱਕ ਯੂਨੀਵਰਸਲ



ਬਰੌਡਕਾਸਟਿੰਗ ਨਾਂ ਦਾ ਟੀਵੀ ਪ੍ਰੋਗਰਾਮ ਚਲਾਉਂਦਾ ਹੈ। ਉਸਨੇ ਲਾਦਿਨ ਨੂੰ ਆਪਣੇ ਇਸ ਪ੍ਰੋਗਰਾਮ ਵਿੱਚ ਇੰਟਰਵਿਊ ਦੇਣ ਲਈ ਕਿਹਾ। ਲਾਦਿਨ ਨੇ ਮੁਸਕਰਾਉਂਦਿਆਂ ਹੋਇਆਂ ਕਾਰਡ ਜੇਬ 'ਚ ਪਾ ਲਿਆ। ਉਦੋਂ ਤੱਕ ਸੈਫਉਲਾ ਸੋਚ ਰਿਹਾ ਸੀ ਕਿ ਉਸਨੂੰ ਅਲਕਾਇਦਾ ਤੋਂ ਬਹੁਤ ਬਿਜ਼ਨਸ ਮਿਲ ਸਕਦਾ ਹੈ। ਉਹ ਉਸ ਦੇ ਨਵੇਂ ਬਣ ਰਹੇ ਘਰਾਂ ਦੇ ਖਰੀਦਦਾਰ ਹੋ ਸਕਦੇ ਹਨ। ਅਮਰੀਕਾ ਦੇ ਨਾਈਨ ਅਲੈਵਨ ਵਾਲੇ ਹਮਲੇ ਪਿੱਛੋਂ ਉਸਦੇ ਦਫਤਰ ਇੱਕ ਬੰਦਾ ਆਇਆ ਜਿਸ ਨੇ ਆਪਣਾ ਨਾਂ ਮੀਰ ਦੱਸਿਆ। ਅਸਲ ਵਿੱਚ ਮੀਰ, ਕੇ. ਐਸ. ਐਮ. ਮਤਲਬ ਖਾਲਿਦ ਸ਼ੇਖ ਮੁਹੰਮਦ ਹੀ ਸੀ। ਉਸਨੇ ਉਹ ਕਾਰਡ ਕੱਢ ਕੇ ਵਿਖਾਇਆ ਜੋ ਕਦੇ ਸੈਫਉਲਾ ਨੇ ਉਸਾਮਾ ਬਿਨ ਲਾਦਿਨ ਨੂੰ ਦਿੱਤਾ ਸੀ। ਮੀਰ ਬਣੇ, ਕੇ. ਐਸ. ਐਮ. ਨੇ ਕਿਹਾ ਕਿ ਉਨ੍ਹਾਂ ਨੂੰ ਕੁਝ ਘਰ ਕਿਰਾਏ 'ਤੇ ਚਾਹੀਦੇ ਹਨ ਅਤੇ ਕੁਝ ਖਰੀਦਣੇ ਵੀ ਹਨ। ਸੈਫਉਲਾ ਇਹ ਕੰਮ ਕਰਨ ਲਈ ਖੁਸ਼ੀ ਨਾਲ ਤਿਆਰ ਹੋ ਗਿਆ। ਅਗਲੇ ਇੱਕ ਸਾਲ ਤੱਕ ਉਸਨੇ ਅਲ ਕਾਇਦਾ ਨੂੰ ਤਕਰੀਬਨ ਤਿੰਨ ਕਰੋੜ ਦੇ ਘਰ ਵੇਚੇ। ਕੇ. ਐਸ. ਐਮ. ਨੇ ਇੱਕ ਦਿਨ ਉਸਨੂੰ, ਮੁਸਤਫਾ ਨਾਂ ਦੇ ਕਿਸੇ ਵੱਡੇ ਜਿਮੀਦਾਰ ਨਾਲ ਮਿਲਾਇਆ। ਪਰ ਮੁਸਤਫਾ ਅਸਲ 'ਚ ਕੇ ਐਸ ਐਮ ਦਾ ਭਾਣਜਾ ਅਲੀ ਹੀ ਸੀ। ਅੱਗੇ ਦੀ ਸਕੀਮ ਇਹ ਸੀ ਕਿ ਸੈਫਉਲਾ, ਮਜੀਦ ਖਾਨ ਲਈ ਨਿਊਯਾਰਕ 'ਚ ਇੱਕ ਸਿਰਫ ਕਾਗਜ਼ੀ ਕੰਪਨੀ ਖੋਲ੍ਹੇਗੇ। ਜੋ ਕਿ ਇੱਧਰੋਂ ਸੈਫਉਲਾ ਦੁਆਰਾ ਭੇਜਿਆ ਸਮਾਨ ਸੰਭਾਲੇਗੀ। ਜਿਨ੍ਹਾਂ ਕਨਟੇਨਰਾਂ ਵਿੱਚ ਸੈਫਉਲਾ ਕੱਪੜੇ ਪਾ ਕੇ ਭੇਜਦਾ ਸੀ ਉਨ੍ਹਾਂ 'ਚ, ਸੀ 4 ਐਕਸਪੋਲਸਿਵਜ਼ ਅਤੇ ਹੋਰ ਘਾਤਕ ਕੈਮੀਕਲਜ਼ ਪਾ ਕੇ ਭੇਜਣ ਦੀ ਸਕੀਮ ਸੀ। ਜਿਨ੍ਹਾਂ ਨੂੰ ਉੱਥੇ ਜਾ ਕੇ ਮਜੀਦ ਖਾਨ ਸੰਭਾਲਣਾਂ ਸੀ। ਜਿਨ੍ਹਾਂ ਨੂੰ ਪਿੱਛੋਂ ਅਮਰੀਕਾ ਦੇ ਤੇਲ ਭੰਡਾਰਾਂ ਨੂੰ ਅੱਗ ਲਾਉਣ ਲਈ ਵਰਤਿਆ ਜਾਣਾ ਸੀ। ਉਜ਼ੇਰ ਪਰਾਚਾ ਨਾਂ ਦਾ, ਸੈਫਉਲਾ ਦਾ ਵੱਡਾ ਮੁੰਡਾ ਵੀ ਇਸ ਗਰੁੱਪ ਵਿੱਚ ਸ਼ਾਮਲ ਕਰ ਲਿਆ ਗਿਆ। ਪਰ ਉਹ ਆਪਣੀ ਮਰਜ਼ੀ ਨਾਲ ਨਹੀਂ ਸੀ ਆਇਆ। ਸਗੋਂ ਉਸਨੂੰ ਭੁਲੇਖੇ ਵਿੱਚ ਰੱਖ ਕੇ ਵਰਤਿਆ ਗਿਆ ਸੀ। ਉਸਦੇ ਪਿਉ ਨੇ ਉਸ ਤੋਂ ਅਸਲੀ ਗੱਲ ਦਾ ਉਹਲਾ ਰੱਖਿਆ। ਉਸਦੀ ਪਹਿਲੀ ਡਿਊਟੀ ਇਹ ਲਗਾਈ ਗਈ ਕਿ ਉਹ ਉੱਥੇ ਜਾ ਕੇ ਮਜੀਦ ਖਾਨ ਦੀ ਰੀਐਂਟਰੀ ਪਰਮਿਟ ਦੀ ਐਪਲੀਕੈਸ਼ਨ ਅਪਲਾਈ ਕਰੇਗਾ। ਇਸ ਕੰਮ ਲਈ, ਮਜੀਦ ਖਾਨ ਅਤੇ ਅਲੀ ਉਜ਼ੇਰ ਨੂੰ ਮਿਲੇ। ਉਸਨੂੰ ਦੱਸਿਆ ਗਿਆ ਕਿ ਮਜੀਦ ਖਾਨ ਗਰੀਬ ਹੈ ਜੋ ਕਿ ਅਮਰੀਕਾ ਵਾਪਸ ਜਾ ਕੇ ਪੈਸਾ ਕਮਾਉਣਾ ਚਾਹੁੰਦਾ ਹੈ ਪਰ ਉਹ ਗਲਤੀ ਨਾਲ ਰੀਐਂਟਰੀ ਪਰਮਿਟ ਲੈਣਾ ਭੁੱਲ ਗਿਆ। ਉਸਦੀ ਮੱਦਦ ਕਰਨ ਲਈ ਉਜ਼ੇਰ ਨੂੰ ਕਿਹਾ ਗਿਆ ਕਿ ਉਹ ਉੱਥੇ ਜਾ ਕੇ ਮਜੀਦ ਖਾਨ ਦੀ ਐਪਲੀਕੇਸ਼ਨ ਭੇਜ ਕੇ ਕਿਸੇ ਪਬਲਿਕ ਫੋਨ ਤੋਂ ਇੰਮੀਗਰੇਸ਼ਨ ਨੂੰ ਫੋਨ ਕਰ ਦੇਵੇ। ਜਦੋਂ ਇੰਮੀਗਰੇਸ਼ਨ ਵਾਲੇ ਉਸਦਾ ਰੀਐਂਟਰੀ ਪਰਮਿਟ ਭੇਜ ਦੇਣ ਤਾਂ ਉਹ ਜਾ ਕੇ ਉਸ ਪੋਸਟ ਬਾਕਸ ਵਿੱਚੋਂ ਚੁੱਕ ਲਿਆਵੇ ਜੋ ਆਫੀਆ ਕਿਰਾਏ 'ਤੇ ਲੈ ਕੇ ਆਈ ਸੀ। ਉਜ਼ੇਰ ਆਪਣੇ ਪਿਉ ਦੇ ਕਹਿਣ 'ਤੇ ਮੰਨ ਤਾਂ ਗਿਆ ਪਰ ਜਦੋਂ ਉਹ ਅਮਰੀਕਾ ਨੂੰ ਤੁਰਨ ਲੱਗਿਆ ਤਾਂ ਡਰਦਾ ਜਿਹਾ, ਮਜੀਦ ਖਾਨ ਦੀ ਐਪਲੀਕੇਸ਼ਨ ਆਪਦੇ ਘਰ ਹੀ ਛੱਡ ਗਿਆ। ਪਰ ਉਸਦੇ ਪਿਉ ਨੇ, ਅਮਰੀਕਾ ਜਾ ਰਹੇ ਕਿਸੇ ਹੋਰ ਰਿਸ਼ਤੇਦਾਰ ਦੇ ਹੱਥ ਇਹ ਐਪਲੀਕੇਸ਼ਨ ਉਸ ਤੱਕ ਭਿਜਵਾ ਦਿੱਤੀ। ਉਜ਼ੇਰ ਨੇ ਆਪਦੇ ਪਿਉ ਨੂੰ ਕਿਹਾ ਵੀ ਕਿ ਉਸਨੂੰ ਇਹ ਕੰਮ ਠੀਕ ਨਹੀਂ ਲੱਗਦਾ ਪਰ ਸੈਫਉਲਾ ਨੇ ਉਸਨੂੰ ਮਨਾ ਲਿਆ। ਫਿਰ ਉਜ਼ੇਰ ਨੇ ਐਪਲੀਕੇਸ਼ਨ ਮੇਲ ਕਰ ਦਿੱਤੀ ਤੇ ਕਿਸੇ ਪਬਲਿਕ ਫੋਨ ਤੋਂ ਮਜੀਦ ਖਾਨ ਬਣ ਕੇ ਇੰਮੀਗਰੇਸ਼ਨ ਨੂੰ ਫੋਨ ਵੀ ਕਰ ਦਿੱਤਾ। ਉੱਧਰ ਆਫੀਆ ਅਮਰੀਕਾ ਦੀ ਕਿਸੇ ਨਾ ਕਿਸੇ ਯੂਨੀਵਰਸਿਟੀ ਵਿੱਚ ਹਰ ਰੋਜ਼ ਈਮੇਲ ਭੇਜਦੀ ਰਹਿੰਦੀ ਸੀ, ਕਿਸੇ ਨੌਕਰੀ ਦੀ ਤਲਾਸ਼ ਵਿੱਚ। ਆਪਣੀ ਜਾਣੇ 'ਚ ਉਹ ਇਹ ਭੁਲੇਖਾ ਦੇ ਰਹੀ ਸੀ ਬਈ ਹੋ ਸਕਦਾ ਹੈ ਕਿ ਕੱਲ੍ਹ ਨੂੰ ਉਸਨੂੰ ਫਿਰ ਅਮਰੀਕਾ ਜਾਣਾ ਪਵੇ ਤਾਂ ਉਹ ਨੌਕਰੀ ਕਰਨ ਦੇ ਬਹਾਨੇ ਜਾ ਸਕੇਗੀ।

ਪਰ ਇਸ ਵਿਚਕਾਰ ਹੀ ਇੱਕ ਮਾਰਚ ਦੋ ਹਜ਼ਾਰ ਤਿੰਨ ਦੇ ਅਖ਼ਬਾਰ ਨੇ ਤਹਿਲਕਾ ਮਚਾ

ਦਿੱਤਾ। ਮੁੱਖ ਖ਼ਬਰ ਸੀ ਕਿ ਕੇ. ਐਸ. ਐਮ. ਨੂੰ ਪਾਕਿਸਤਾਨੀ ਪੁਲਿਸ ਨੇ ਫੜ੍ਹ ਲਿਆ ਹੈ। ਨਾਲ ਹੀ ਇਹ ਵੀ ਖ਼ਬਰ ਸੀ ਕਿ ਕੇ. ਐਸ. ਐਮ. ਅਲਕਾਇਦਾ ਦਾ ਉਪਰੇਸ਼ਨਲ ਚੀਫ ਹੈ, ਉਸਾਮਾ ਬਿਨ ਲਾਦਿਨ ਦੇ ਮੁਕਾਬਲੇ ਦਾ ਅਲ ਕਾਇਦਾ ਮੋਢੀ। ਕੇ. ਐਸ. ਐਮ. ਨਾਈਨ ਅਲੈਵਨ ਦਾ ਮਾਸਟਰ ਮਾਈਂਡਡ ਸੀ। ਪੁਲਿਸ ਮੁਤਾਬਕ ਕੇ. ਐਸ. ਐਮ. ਰਾਵਲਪਿੰਡੀ ਫ਼ੌਜੀ ਛਾਉਣੀ ਕੋਲੋਂ ਕਿਸੇ ਦੇ ਵੱਡੇ ਘਰ ਵਿੱਚੋਂ ਗ੍ਰਿਫਤਾਰ ਕੀਤਾ ਗਿਆ ਸੀ। ਕਿਸੇ ਮੁਖਬਰ ਨੇ ਅਮਰੀਕਾ ਦੁਆਰਾ ਘੋਸ਼ਿਤ ਪੰਝੀ ਮਿਲੀਅਨ ਡਾਲਰ ਦੇ ਇਨਾਮ ਲੈਣ ਵਜੋਂ ਉਸਨੂੰ ਫੜਾਇਆ ਸੀ। ਸੈਫਉਲਾ ਖਾਨ ਨੇ ਖ਼ਬਰ ਪੜ੍ਹੀ ਤਾਂ ਉਹ ਬਹੁਤ ਡਰ ਗਿਆ ਕਿ ਜੋ ਬੰਦਾ ਉਸਨੂੰ ਮੀਰ ਦੇ ਨਾਂ ਨਾਲ ਮਿਲਦਾ ਰਿਹਾ ਸੀ ਉਹ ਇੰਨਾ ਵੱਡਾ ਅੱਤਵਾਦੀ ਸੀ। ਉਸਨੇ ਆਪਦੇ ਪੁੱਤ ਉਜ਼ੇਰ ਨੂੰ ਫੋਨ ਕਰਕੇ ਕਿਹਾ ਕਿ ਸਾਵਧਾਨ ਰਹੇ। ਕੇ. ਐਸ. ਐਮ. ਨੂੰ ਜਿਸ ਦੇ ਘਰ 'ਚੋਂ ਫੜ੍ਹਿਆ ਗਿਆ ਸੀ ਉਹ ਖੁਦ ਇੱਕ ਸਾਇੰਸਟਿਸਟ ਸੀ। ਉਸਦੇ ਘਰ ਤੋਂ ਜੋ ਹੋਰ ਸਾਮਾਨ ਮਿਲਿਆ ਉਸ ਤੋਂ ਪਤਾ ਲੱਗਿਆ ਕਿ ਅਲ ਕਾਇਦਾ, ਬਾਇਲੋਜੀਕਲ ਹਥਿਆਰ ਬਣਾਉਣ ਦੇ ਨੇੜੇ ਪਹੁੰਚ ਚੁੱਕਿਆ ਸੀ। ਉੱਥੋਂ ਹੀ ਹੋਰ ਅਲ ਕਾਇਦਾ ਮੈਂਬਰਾਂ ਦੇ ਪਤੇ ਮਿਲੇ। ਮਜੀਦ ਖਾਨ ਨੂੰ ਵੀ ਅਗਲੇ ਹੀ ਦਿਨ ਫੜ੍ਹ ਲਿਆ ਗਿਆ। ਇਸੇ ਤਰ੍ਹਾਂ ਇਸ ਰਿੰਗ ਦੇ ਕਈ ਹੋਰ ਮੈਂਬਰ ਵੀ ਪੁਲੀਸ ਦੀ ਗਿਰਫਤ 'ਚ ਆ ਗਏ। ਉੱਧਰ ਅਮਰੀਕਾ ਵਿੱਚ ਐਫ. ਬੀ. ਆਈ. ਆਫੀਆ ਦੀ ਭੈਣ ਫੌਜ਼ੀਆ ਦੇ ਘਰ ਪਹੁੰਚੀ। ਉਹ ਆਫੀਆ ਨੂੰ ਲੱਭ ਰਹੇ ਸਨ। ਇਸ ਬਾਰੇ ਫੌਜ਼ੀਆ ਨੇ ਆਫੀਆ ਨੂੰ ਪਾਕਿਸਤਾਨ ਵਿੱਚ ਫੋਨ ਕਰਕੇ ਦੱਸਿਆ ਤਾਂ ਆਫੀਆ ਬਹੁਤ ਘਬਰਾ ਗਈ। ਆਫੀਆ ਨੂੰ ਲੱਗਿਆ ਕਿ ਉਸਨੂੰ ਗ੍ਰਿਫਤਾਰ ਕਰਨ ਵੀ ਕੋਈ ਨਾ ਕੋਈ ਪਹੁੰਚਣ ਵਾਲਾ ਹੀ ਹੈ। ਉਸਨੇ ਆਪਦੇ ਤਿੰਨੋਂ ਬੱਚਿਆਂ ਨੂੰ ਤਿਆਰ ਕੀਤਾ ਤੇ ਮਾਂ ਦੇ ਰੋਕਦਿਆਂ ਰੋਕਦਿਆਂ ਟੈਕਸੀ ਲੈ ਕੇ ਕਿਸੇ ਅਣਦੱਸੀ ਥਾਂ 'ਤੇ ਚਲੀ ਗਈ। ਘਰੇ ਭਾਵੇਂ ਉਹ ਕਹਿ ਕੇ ਗਈ ਸੀ ਕਿ ਉਹ ਆਪਦੇ ਚਾਚੇ ਐਸ ਐਚ ਸਦੀਕੀ ਦੇ ਘਰ ਜਾ ਰਹੀ ਹੈ ਪਰ ਉਹ ਸਿੱਧੀ ਅਲ ਬਲੋਚੀ ਪਰਿਵਾਰ ਕੋਲ ਪਹੁੰਚੀ। ਉਸ ਪਰਿਵਾਰ ਵਿੱਚ ਇੱਕ ਅਣਵਿਆਹਿਆ ਮਰਦ ( ਅਲੀ ) ਰਹਿੰਦਾ ਸੀ ਜਿਸ ਕਰਕੇ ਧਾਰਮਿਕ ਅਕੀਦੇ ਦੇ ਹਿਸਾਬ ਆਫੀਆ ਲਈ ਉੱਥੇ ਰਹਿਣਾ ਉੱਚਿਤ ਨਹੀਂ ਸੀ। ਇੱਕ ਦੋ ਦਿਨਾਂ ਵਿੱਚ ਪਰਿਵਾਰ ਨੇ ਇਸਦਾ ਹੱਲ ਕੱਢਦਿਆਂ ਆਫੀਆ ਨੂੰ ਅਲੀ ਨਾਲ ਵਿਆਹ ਕਰਵਾਉਣ ਦੀ ਪੇਸ਼ਕਸ਼ ਕੀਤੀ ਜਿਹੜੀ ਕਿ ਉਸਨੇ ਮੰਨ ਲਈ। ਬੜੇ ਸਾਦੇ ਜਿਹੇ ਢੰਗ ਨਾਲ ਉਨ੍ਹਾਂ ਦਾ ਨਿਕਾਹ ਹੋ ਗਿਆ। ਉੱਧਰ ਅਮਰੀਕਾ 'ਚ ਮਾਜਿਦ ਖਾਨ ਨੂੰ ਜਾਣਨ ਵਾਲਾ ਫਾਰਸੀ ਨਾਂ ਇੱਕ ਟਰੱਕ ਡਰਾਈਵਰ ਫੜ੍ਹਿਆ ਗਿਆ। ਐਫ. ਬੀ. ਆਈ. ਨੇ ਉਸਦੀ ਗ੍ਰਿਫਤਾਰੀ ਗੁਪਤ ਰੱਖਦਿਆਂ ਉਸਨੂੰ ਵਰਤਣ ਦੀ ਸੋਚੀ। ਉਸਨੂੰ ਕਿਸੇ ਸੇਫ ਘਰ ਵਿੱਚ ਰੱਖ ਕੇ ਆਪਣੇ ਹੋਰਨਾਂ ਸਾਥੀਆਂ ਨਾਲ ਆਪਣੀ ਗੱਲਬਾਤ ਪਹਿਲਾਂ ਦੀ ਤਰ੍ਹਾਂ ਹੀ ਚਲਾਉਂਦੇ ਰਹਿਣ ਨੂੰ ਕਿਹਾ ਗਿਆ। ਇਸੇ ਗੱਲਬਾਤ ਦਾ ਹੀ ਨਤੀਜਾ ਸੀ ਕਿ ਕੁਝ ਦਿਨ੍ਹਾਂ ਪਿੱਛੋਂ ਆਫੀਆ ਦਾ ਨਵਾਂ ਘਰਵਾਲਾ, ਅਲੀ ਵੀ ਪਾਕਿਸਤਾਨੀ ਪੁਲਿਸ ਨੇ ਫੜ੍ਹ ਲਿਆ। ਨਾਲ ਇੱਕ ਹੋਰ ਆਦਮੀ ਖਾਲਿਦ ਅਲ ਅਸ਼ਾਦ ਵੀ ਫੜ੍ਹਿਆ ਗਿਆ ਸੀ ਜੋ ਕਿ 2000 ਦੇ ਯੂ. ਐਸ. ਐਸ. ਸਮੁੰਦਰੀ ਬੇੜੇ ਉੱਪਰ ਹਮਲੇ ਦਾ ਜ਼ਿੰਮੇਵਾਰ ਸੀ। ਵੱਡੀ ਗੱਲ ਦੋ ਦਿਨ੍ਹਾਂ ਪਿੱਛੋਂ ਹੀ ਖਾਲਿਦ ਅਲ ਅਸ਼ਾਦ ਨੇ ਆਪਣੇ ਸਾਰੇ ਜੁਰਮ ਕਬੂਲ ਕਰ ਲਏ। ਉਸਦਾ ਇਹ ਕੰਮ ਹੋਰ ਕਈ ਅਲ ਕਾਇਦਾ ਮੈਂਬਰਾਂ ਦੇ ਫੜ੍ਹ ਹੋ ਜਾਣ ਦਾ ਕਾਰਨ ਬਣਿਆ।

ਮਾਰਚ 28 ਨੂੰ ਐਫ. ਬੀ. ਆਈ. ਉਜ਼ੇਰ ਪਰਾਚਾ ਕੋਲ ਪਹੁੰਚੀ। ਉਹ ਉਸ ਵੇਲੇ ਆਪਣੇ ਪਿਉ ਦੇ ਨਿਊਯਾਰਕ ਵਿਚਲੇ ਦਫਤਰ ਬੈਠਾ ਹੋਇਆ ਸੀ। ਉਸਦੇ ਸਾਮਾਨ ਦੀ ਤਲਾਸ਼ੀ ਲਈ ਗਈ ਤਾਂ ਉਸ 'ਚੋਂ ਮਜੀਦ ਖਾਨ ਦਾ ਡਰਾਈਵਿੰਗ ਲਾਈਸੈਂਸ ਅਤੇ ਕੁਝ ਹੋਰ ਪੇਪਰ ਨਿਕਲੇ। ਐਫ. ਬੀ. ਆਈ. ਨੇ ਉਸਨੂੰ ਗ੍ਰਿਫਤਾਰ ਕਰ ਲਿਆ। ਉਹ ਉਸਨੂੰ ਆਫੀਆ ਬਾਰੇ ਪੁੱਛਦੇ ਰਹੇ ਪਰ ਉਸਨੇ ਦੱਸਿਆ ਕਿ ਉਹ ਕਦੇ ਵੀ ਆਫੀਆ ਨੂੰ ਨਹੀਂ ਮਿਲਿਆ। ਇਸ ਪਿੱਛੋਂ ਉਸਦੇ ਪਿਉ ਸੈਫਉਲਾ ਪਰਾਚਾ



ਦੀ ਵਾਰੀ ਸੀ। ਪਰ ਉਹ ਪਾਕਿਸਤਾਨ 'ਚ ਬੈਠਾ ਹੋਇਆ ਸੀ ਤੇ ਐਫ. ਬੀ. ਆਈ. ਜਾਣਦੀ ਸੀ ਕਿ ਉਹ ਕਦੇ ਵੀ ਅਮਰੀਕਾ ਨਹੀਂ ਆਵੇਗਾ। ਐਫ. ਬੀ. ਆਈ. ਵਾਲਿਆਂ ਨੇ ਉਸਦੇ ਪਾਰਟਨਰ, ਚਾਰਲਸ ਨੂੰ ਮੱਦਦ ਲਈ ਮਨਾ ਕੇ ਅੱਗੇ ਦੀ ਸਕੀਮ ਬਣਾਈ। ਚਾਰਲਸ ਨੇ ਸੈਫਉਲਾ ਪਰਾਚਾ ਨੂੰ ਫੋਨ ਕਰਕੇ, ਬਿਜ਼ਨਸ ਦੇ ਸੰਬੰਧ ਵਿੱਚ ਥਾਈਲੈਂਡ ਬੁਲਾਇਆ। ਸੈਫਉਲਾ ਉੱਧਰ ਨੂੰ ਚੱਲ ਪਿਆ ਜਿੱਥੇ ਉਸਨੂੰ ਉਤਰਦੇ ਨੂੰ ਹੀ ਐਫ ਬੀ ਆਈ ਨੇ ਗ੍ਰਿਫਤਾਰ ਕਰ ਕੇ ਨਿਊਯਾਰਕ ਨੂੰ ਤੋਰ ਦਿੱਤਾ। ਹੁਣ ਐਫ. ਬੀ. ਆਈ. ਵਾਲੇ ਆਫੀਆ ਨੂੰ ਬੁਰੀ ਤਰ੍ਹਾਂ ਲੱਭ ਰਹੇ ਸਨ। ਉਸਦੇ ਬਾਸਟਨ ਵਿਚਲੇ ਬਹੁਤ ਸਾਰੇ ਕੇਅਰ ਬਰਦਰਜ਼ ਦੇ ਸਾਥੀਆਂ ਦੀ ਬੜੀ ਗਹਿਰੀ ਪੁੱਛ ਗਿੱਛ ਹੋਈ। ਉਸਦੇ ਭਰਾ ਨੂੰ ਟੈਕਸਾਸ ਵਿੱਚ ਐਫ. ਬੀ. ਆਈ. ਨੇ ਬੜਾ ਡਰਾਇਆ ਧਮਕਾਇਆ। ਬਾਲਟੀਮੋਰ ਦਫਤਰ ਦਾ ਇੱਕ ਏਜੈਂਟ ਕਰਾਚੀ 'ਚ ਉਸਦੇ ਪਹਿਲੇ ਘਰਵਾਲੇ ਅਮਜਦ ਕੋਲ ਪਹੁੰਚਿਆ ਤੇ ਉਸਦੀ ਲੰਬੀ ਪੁੱਛ-ਗਿੱਛ ਕੀਤੀ ਤਾਂ ਕਿ ਆਫੀਆ ਦਾ ਕੋਈ ਸੁਰਾਗ ਮਿਲ ਸਕੇ। ਅਸਲ 'ਚ ਐਫ. ਬੀ. ਆਈ. ਨੂੰ ਡਰ ਸੀ ਕਿ ਆਫੀਆ ਕਿਧਰੇ ਝੂਠਾ ਜਾਂ ਕਿਸੇ ਹੋਰ ਦਾ ਨਾਂ ਵਰਤ ਕੇ ਪਾਸਪੋਰਟ ਬਣਾ ਕੇ ਅਮਰੀਕਾ ਨਾ ਪਹੁੰਚ ਜਾਵੇ। ਜਿੰਨੇ ਲੋਕਾਂ ਤੋਂ ਵੀ ਉਸ ਬਾਰੇ ਜਾਣਕਾਰੀ ਮਿਲੀ ਉਸ ਦੇ ਅਧਾਰ 'ਤੇ ਐਫ. ਬੀ. ਆਈ. ਨੇ ਉਸਨੂੰ ਸਭ ਤੋਂ ਵੱਧ ਖਤਰਨਾਕ ਸਮਝਿਆ। ਆਖਰ ਐਫ ਬੀ ਆਈ ਨੇ ਅਮਜਦ ਅਤੇ ਆਫੀਆ ਨੂੰ ਆਪਣੀ ਵੈੱਬ ਸਾਈਟ ਦੀ ਵਾਂਟਿੰਟਡ ਸਿਲਟ 'ਤੇ ਪਾ ਦਿੱਤਾ। ਉਦੋਂ ਜਿਹੇ ਹੀ ਐਫ. ਬੀ. ਆਈ. ਨੇ ਇੱਕ ਹੋਰ ਨਾਂ ਆਪਣੀ ਇਸ ਲਿਸਟ ਵਿੱਚ ਪਾਇਆ। ਇਹ ਸੀ ਅਦਨਾਨ ਸ਼ੁਕਰੀਜੁਮਾ। ਇਹ ਆਦਮੀ ਉਹੀ ਸਾਊਦੀ ਅਰਬ ਦਾ ਬਾਸ਼ਿੰਦਾ ਸੀ ਜਿਸ ਕਰਕੇ ਆਫੀਆ ਪਹਿਲੀ ਵਾਰ ਐਫ. ਬੀ. ਆਈ. ਦੀਆਂ ਨਜ਼ਰਾਂ 'ਚ ਆਈ ਸੀ। ਅਮਜਦ ਨੇ ਆਪਣਾਂ ਨਾਂ ਇਸ ਲਿਸਟ ਵਿੱਚ ਵੇਖਿਆ ਤਾਂ ਉਹ ਬੜਾ ਡਰਿਆ। ਉਸਦੇ ਪਰਿਵਾਰ ਦਾ ਇੱਕ ਦੋਸਤ ਪਾਕਿਸਤਾਨੀ ਮਿਲਟਰੀ ਇੰਟੈਲੀਜੈਂਸੀ ਵਿੱਚ ਰਿਹਾ ਸੀ। ਪਰਿਵਾਰ ਨੇ ਉਸ ਰਾਹੀਂ ਆਈ. ਐਸ. ਆਈ. ਤੱਕ ਪਹੁੰਚ ਕੀਤੀ। ਆਈ. ਐਸ. ਆਈ. ਨੇ ਅਮਜਦ ਦੀ ਲੰਬੀ ਚੌੜੀ ਇੰਟਰਵਿਊ ਕੀਤੀ। ਉਨ੍ਹਾਂ ਉਸਨੂੰ ਨਿਰਦੋਸ਼ ਕਰਾਰ ਦੇ ਦਿੱਤਾ।

ਅਮਰੀਕਾ ਦੇ ਤੇਲ ਭੰਡਾਰਾਂ ਨੂੰ ਉਡਾਉਣ ਦੀ ਸਾਜ਼ਿਸ਼ ਦੇ ਮੋਢੀ ਕੇ. ਐਸ. ਐਮ. ਤੋਂ ਲੈ ਕੇ ਉਸ ਗਰੁੱਪ ਵਿੱਚ ਸ਼ਾਮਲ ਹਰ ਕੋਈ ਫੜ੍ਹ ਲਿਆ ਗਿਆ ਸੀ। ਜੇ ਕੋਈ ਨਹੀਂ ਫੜ੍ਹ ਹੋਇਆ ਸੀ ਤਾਂ ਉਹ ਸੀ ਆਫੀਆ। ਉਸ ਬਾਰੇ ਕਿਧਰਿਉਂ ਵੀ ਕੋਈ ਸੁਰਾਗ ਨਹੀਂ ਮਿਲ ਰਿਹਾ ਸੀ। ਜਦੋਂ ਬਾਕੀ ਦੇ ਸਾਰੇ ਜਣੇ ਫੜ੍ਹ ਲਏ ਗਏ ਤਾਂ ਐਫ. ਬੀ. ਆਈ. ਉਸ ਬਾਰੇ ਹੋਰ ਤੇਜ਼ ਹੋ ਗਈ। ਉਦੋਂ ਹੀ ਉਸ ਬਾਰੇ ਪਾਕਿਸਤਾਨ ਦੇ ਅਖ਼ਬਾਰਾਂ 'ਚ ਚਰਚਾਵਾਂ ਦਾ ਬਜ਼ਾਰ ਗਰਮ ਹੋ ਗਿਆ। ਕੋਈ ਕਹਿ ਰਿਹਾ ਸੀ ਕਿ ਐਫ. ਬੀ. ਆਈ. ਨੇ ਉਸਨੂੰ ਗ੍ਰਿਫਤਾਰ ਕਰਕੇ ਕਿਸੇ ਗੁਪਤ ਜੇਲ੍ਹ 'ਚ ਰੱਖਿਆ ਹੋਇਆ ਹੈ। ਕੋਈ ਕਹਿ ਰਿਹਾ ਸੀ ਕਿ ਉਸਨੂੰ ਆਈ. ਐਸ. ਆਈ. ਦਾ ਥਾਪੜਾ ਹੈ। ਅਮਜਦ ਦੇ ਪਰਿਵਾਰ ਵਾਲੇ ਵੀ ਬੜੇ ਧਿਆਨ ਨਾਲ ਇਹ ਖ਼ਬਰਾਂ ਸੁਣ ਰਹੇ ਸਨ। ਅਮਜਦ ਨੂੰ ਆਪਣੇ ਬੱਚਿਆਂ ਦਾ ਫਿਕਰ ਸੀ। ਉਸਦੇ ਤਿੰਨੋਂ ਬੱਚੇ ਉਸੇ ਦਿਨ ਤੋਂ ਲਾਪਤਾ ਸਨ ਜਦੋਂ 30 ਮਾਰਚ ਨੂੰ ਆਫੀਆ ਨੇ ਘਰ ਛੱਡਿਆ ਸੀ। ਅਮਜਦ ਦੇ ਨੇੜਲੇ ਪੁਲੀਸ ਸੂਤਰ ਨੇ ਦੱਸਿਆ ਕਿ ਜਿਸ ਦਿਨ ਆਫੀਆ ਦਾ ਦੂਸਰਾ ਘਰਵਾਲਾ ਅਲੀ ਫੜ੍ਹ ਹੋਇਆ ਸੀ ਉਸ ਦਿਨ ਉਸੇ ਅਪਾਰਟਮੈਂਟ 'ਚੋਂ ਇੱਕ ਜ਼ਨਾਨੀ ਵੀ ਫੜੀ ਗਈ ਸੀ ਜਿਸਨੂੰ ਕਿ ਬਾਅਦ ਵਿੱਚ ਆਈ. ਐਸ. ਆਈ. ਵਾਲੇ ਆਪਣੇ ਨਾਲ ਲੈ ਗਏ। ਉਸ ਪਿੱਛੋਂ ਉਸ ਜ਼ਨਾਨੀ ਬਾਰੇ ਕਿਸੇ ਨੂੰ ਪਤਾ ਨਹੀਂ ਸੀ ਕਿ ਬਾਅਦ ਵਿੱਚ ਉਸਦਾ ਕੀ ਬਣਿਆਂ। ਹਰ ਇੱਕ ਪਾਸਾ ਸੁਣਦਿਆਂ ਅਮਜਦ ਨੇ ਨਤੀਜ਼ਾ ਕੱਢਿਆ ਕਿ ਜਾਂ ਤਾਂ ਆਫੀਆ ਐਫ. ਬੀ. ਆਈ. ਕੋਲ ਹੈ, ਜੋ ਇਸਨੇ ਕਿਧਰੇ ਅਫਗਾਨਿਸਤਾਨ ਵਿੱਚ ਕੈਦ ਕੀਤੀ ਹੋਈ ਹੈ। ਜਾਂ ਫਿਰ ਉਹ ਪਾਕਿਸਤਾਨ ਦੀ ਆਈ. ਐਸ. ਆਈ. ਕੋਲ ਹੈ। ਪਰ ਉਸਦੇ ਬੱਚੇ ਕਿੱਥੇ ਹਨ ਇਸ ਬਾਰੇ ਉਸਨੂੰ ਕੁਝ ਸਮਝ ਨਹੀਂ ਆ ਰਿਹਾ ਸੀ। ਉੱਧਰ

ਉਦੋਂ ਹੀ ਐਫ. ਬੀ. ਆਈ. ਨੇ ਆਫੀਆ ਨੂੰ ਦੁਨੀਆਂ ਦੀ ਸਭ ਤੋਂ ਵੱਧ ਲੋੜੀਂਦੀਂ ਅੱਤਵਾਦੀ ਔਰਤ ਘੋਸ਼ਿਤ ਕਰ ਦਿੱਤਾ। ਪਰ ਫਿਰ ਬੀਤਦੇ ਸਮੇਂ ਨਾਲ ਹੌਲੀ ਹੌਲੀ ਆਫੀਆ ਦਾ ਨਾਂ ਪਰੈੱਸ ਵਿੱਚੋਂ ਅਲੋਪ ਹੋਣ ਲੱਗਿਆ ਤੇ ਲੋਕ ਉਸਨੂੰ ਭੁੱਲ ਗਏ।

**7**

ਆਫੀਆ ਦੇ ਪਰਿਵਾਰ ਵਾਲੇ ਕਹਿ ਰਹੇ ਸਨ ਕਿ ਅਮਰੀਕਣ ਗੌਰਮਿੰਟ ਨੇ ਉਸਨੂੰ ਕਿਧਰੇ ਸੀਕਰੇਟ ਜੇਲ੍ਹ 'ਚ ਬੰਦ ਕੀਤਾ ਹੋਇਆ ਹੈ। ਇਸੇ ਵਿਚਕਾਰ ਉਸਦੀ ਭੈਣ, ਫੌਜ਼ੀਆ ਬਾਲਟੀਮੋਰ ਮੈਰੀਲੈਂਡ ਵਿੱਚ ਮੂਵ ਹੋ ਗਈ ਸੀ। ਉਸਦੀ ਐਫ. ਬੀ. ਆਈ. ਕਈ ਵਾਰੀ ਪੁੱਛ ਪੜਤਾਲ ਕਰ ਚੁੱਕੀ ਸੀ। ਆਫੀਆ ਦੀ ਮਾਂ ਇਸਮਤ ਕੋਲ ਗਰੀਨ ਕਾਰਡ ਸੀ ਤੇ ਉਹ ਅਮਰੀਕਾ ਜਾ ਸਕਦੀ ਸੀ। ਉਹ ਆਪਣੀ ਧੀ ਨੂੰ ਭਾਲਣ ਲਈ ਅਮਰੀਕਾ ਲਈ ਚੱਲ ਪਈ। ਨਿਊਯਾਰਕ ਦੇ ਕਨੇਡੀ ਏਅਰਪੋਰਟ 'ਤੇ ਹੀ ਉਸਨੂੰ ਐਫ ਬੀ ਆਈ ਬਗੈਰਾ ਨੇ ਘੇਰ ਲਿਆ। ਪਰ ਉਹ ਡਰੀ ਨਹੀਂ ਤੇ ਉੱਚੀ ਰੌਲਾ ਪਾਉਂਦਿਆਂ ਚੀਕ ਚੀਕ ਕੇ ਕਹਿੰਦੀ ਰਹੀ ਕਿ ਉਸਦੀ ਧੀ ਵਾਪਸ ਕਰੋ। ਚਾਰ ਘੰਟਿਆਂ ਪਿੱਛੋਂ ਉਸਨੂੰ ਛੱਡਿਆ ਤਾਂ ਉਹ ਬਾਹਰ ਉਡੀਕ ਰਹੀ ਫੌਜ਼ੀਆ ਨਾਲ ਉਸਦੇ ਘਰ ਚਲੀ ਗਈ। ਦੋ ਕੁ ਦਿਨਾਂ ਬਾਅਦ ਹੀ ਦਰਵਾਜ਼ੇ 'ਤੇ ਸ਼ੈਰਿਫ ਦਫਤਰ ਦਾ ਅਫਸਰ ਖੜ੍ਹਾ ਸੀ। ਉਸਨੇ ਇਸਮਤ ਸਦੀਕੀ ਬਾਰੇ ਪੁੱਛਿਆ, "ਮੈਮ ਮੈਂ ਇਸਮਤ ਸਦੀਕੀ ਨੂੰ ਮਿਲਣਾ ਚਾਹੁੰਦਾ ਹਾਂ।"

"ਕਾਹਦੇ ਲਈ ?" ਫੌਜ਼ੀਆ ਦੇ ਚਿਹਰੇ 'ਤੇ ਚਿੰਤਾ ਦੀਆਂ ਲਕੀਰਾਂ ਉੱਭਰ ਆਈਆਂ।

"ਉਸਨੂੰ ਕੋਰਟ ਦਾ ਹੁਕਮ ਐ ਕਿ ਉਹ ਗਰੈਂਡ ਜਿਊਰੀ ਦੇ ਪੇਸ਼ ਹੋਵੇ।"

ਇੰਨੇ ਨੂੰ ਇਸਮਤ ਉੱਥੇ ਆ ਗਈ। ਉਸਨੇ ਦਸਤਖਤ ਕਰਕੇ ਕੋਰਟ ਦਾ ਸਫੀਨਾ ਲੈ ਲਿਆ। ਇਸ ਪਿੱਛੋਂ ਦੋਨੋਂ ਮਾਵਾਂ ਧੀਆਂ ਫਿਕਰ ਵਿੱਚ ਡੁੱਬ ਗਈਆਂ। ਫੌਜ਼ੀਆ ਨੇ ਆਪਣੇ ਭਰਾ ਨੂੰ ਟੈਕਸਾਸ 'ਚ ਫੋਨ ਕਰਕੇ ਇਸ ਬਾਰੇ ਦੱਸਿਆ। ਉਸਨੇ ਵਕੀਲ ਕਰ ਲੈਣ ਦੀ ਸਲਾਹ ਦਿੱਤੀ। ਡਰ ਸੀ ਕਿ ਕਿਧਰੇ ਉਨ੍ਹਾਂ ਦੀ ਮਾਂ ਨੂੰ ਜੇਲ੍ਹ ਵਿੱਚ ਹੀ ਨਾ ਡੱਕ ਦੇਣ। ਕਿਸੇ ਦੋਸਤ ਨੇ ਬਾਸਟਨ ਦੀ ਬਹੁਤ ਹੀ ਮਸ਼ਹੂਰ ਵਕੀਲ, ਸ਼ਾਰਪ ਬਾਰੇ ਦੱਸਿਆ। ਫੌਜ਼ੀਆ ਨੇ ਸ਼ਾਰਪ ਨੂੰ ਫੋਨ ਕੀਤਾ। ਪਹਿਲਾਂ ਤਾਂ ਉਹ ਕੇਸ ਲੈਣ ਤੋਂ ਹਿਚਕਿਚਾਉਂਦੀ ਰਹੀ ਪਰ ਫਿਰ ਮੰਨ ਗਈ। ਇਸ ਨਾਲ ਮਾਵਾਂ ਧੀਆਂ ਨੂੰ ਬੜੀ ਰਾਹਤ ਮਿਲੀ। ਸ਼ਾਰਪ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਇਸਮਤ ਨੂੰ ਦਿਮਾਗੀ ਪਰੇਸ਼ਾਨੀ ਦਾ ਕਾਰਨ ਦੱਸ ਕੇ ਗਰੈਂਡ ਜਿਊਰੀ ਦੇ ਪੇਸ਼ ਹੋਣ ਤੋਂ ਹਾਲ ਦੀ ਘੜੀ ਛੋਟ ਦਿਵਾ ਦਿੱਤੀ। ਇੱਧਰੋਂ ਖਹਿੜਾ ਛੁੱਟਣ ਤੋਂ ਪਿੱਛੋਂ ਇਸਮਤ ਆਪਣੇ ਮੁੰਡੇ ਕੋਲ ਟੈਕਸਾਸ ਚਲੀ ਗਈ। ਪਰ ਉਸਦੇ ਉੱਥੇ ਪਹੁੰਚਣ ਦੇ ਅਗਲੇ ਦਿਨ ਸਵੇਰੇ ਹੀ ਐਫ. ਬੀ. ਆਈ. ਵਾਲੇ ਉਸਦੇ ਦਰਵਾਜ਼ੇ 'ਤੇ ਆ ਖੜ੍ਹੇ। ਉਹ ਇਸਮਤ ਦੀ ਇੰਟਰਵਿਊ ਕਰਨਾ ਚਾਹ ਰਹੇ ਸਨ। ਉਸਦੇ ਮੁੰਡੇ ਨੇ ਵਕੀਲ ਨੂੰ ਫੋਨ ਕੀਤਾ ਤਾਂ ਵਕੀਲ ਉਸੇ ਵੇਲੇ ਉਸਦੇ ਘਰ ਆ ਗਿਆ। ਐਫ. ਬੀ. ਆਈ. ਦੇ ਏਜੈਂਟ ਨੇ ਇੰਟਰਵਿਊ ਸ਼ੁਰੂ ਕਰਦਿਆਂ ਸੁਆਲ ਕੀਤਾ, "ਮੈਮ ਤੂੰ ਅਮਰੀਕਾ ਵਿੱਚ ਕੀ ਕਰਨ ਆਈ ਐਂ ?"

"ਮੇਰੇ ਕੋਲ ਗਰੀਨ ਕਾਰਡ ਐ। ਮੈਂ ਜਦੋਂ ਮਰਜ਼ੀ ਇੱਥੇ ਆਵਾਂ ਜਾਵਾਂ, ਤੁਸੀਂ ਕੌਣ ਹੁੰਨੇ ਓਂ ਮੈਨੂੰ ਪੁੱਛਣ ਵਾਲੇ ?" ਇਸਮਤ ਇੱਥੇ ਵੀ ਡਰੀ ਨਾ। ਸਗੋਂ ਡਟ ਕੇ ਉੱਤਰ ਦੇਣ ਲੱਗੀ।

"ਤੂੰ ਉਸਾਮਾ ਬਿਨ ਲਾਦਿਨ ਨੂੰ ਕਦੇ ਮਿਲੀ ਐਂ ?"

"ਮੈਨੂੰ ਉਸਨੂੰ ਮਿਲਣ ਦੀ ਕੋਈ ਲੋੜ ਨ੍ਹੀਂ ਐ। ਨ੍ਹੀਂ ਮੈਂ ਉਸਨੂੰ ਨ੍ਹੀਂ ਮਿਲੀ।"

"ਤੇਰੀ ਧੀ ਆਫੀਆ ਕਿੱਥੇ ਐ ?"

"ਮੈਂ ਤਾਂ ਖੁਦ ਉਸਨੂੰ ਲੱਭਦੀ ਫਿਰਦੀ ਆਂ। ਉਸੇ ਨੂੰ ਭਾਲਦੀ ਮੈਂ ਅਮਰੀਕਾ ਆਈ ਆਂ।



ਇਸ ਗੱਲ ਦਾ ਜੁਆਬ ਤੁਸੀਂ ਦੇਵੋ ਕਿ ਤੁਸੀਂ ਆਫੀਆ ਨੂੰ ਕਿੱਥੇ ਕੈਦ ਕਰਕੇ ਰੱਖਿਆ ਹੋਇਐ।"

"ਵਟ ਨਾਨਸੈਂਸ। ਅਸੀਂ ਉਸਨੂੰ ਨ੍ਹੀਂ ਫੜਿਆ। ਉਹ ਸਾਡੇ ਕਬਜ਼ੇ 'ਚ ਨ੍ਹੀਂ ਐ। ਤੂੰ ਜਾਣ ਬੁੱਝ ਕੇ ਨ੍ਹੀਂ ਦੱਸ ਰਹੀ। ਤੁਸੀਂ ਮਾਵਾਂ ਧੀਆਂ ਨੇ ਮਿਲ ਕੇ ਅਮਰੀਕਾ ਖਿਲਾਫ ਕੋਈ ਸਾਜ਼ਿਸ਼ ਰਚੀ ਐ। ਉਸੇ ਸਾਜਿਸ਼ ਨੂੰ ਅਸਲੀ ਰੂਪ ਦੇਣ ਤੂੰ ਇੱਥੇ ਆਈ ਐਂ।"

"ਇਹ ਸਭ ਬਕਵਾਸ ਐ। ਤੁਸੀਂ ਮੇਰੀ ਧੀ ਨੂੰ ਕਿਧਰੇ ਖਪਾ ਦਿੱਤਾ ਐ। ਦੱਸੋ ਕਿੱਥੇ ਐ ਮੇਰੀ ਧੀ ?"

"ਮੈਮ ਤੂੰ ਸਾਡੀ ਇੰਟਰਵਿਊ ਨ੍ਹੀਂ ਕਰ ਰਹੀ। ਸਗੋਂ ਅਸੀਂ ਤੇਰੀ ਇੰਟਰਵਿਊ ਕਰ ਰਹੇ ਆਂ। ਇਸ ਕਰਕੇ ਤੈਨੂੰ ਸਾਡੇ ਜੁਆਬਾਂ ਦੇ ਉੱਤਰ ਦੇਣੇ ਪੈਣਗੇ। ਤੂੰ ਦੱਸ ਬਈ ਕੇ. ਐਸ. ਐਮ. ਬਾਰੇ ਤੂੰ ਕੀ ਜਾਣਦੀ ਐਂ। ਮਜੀਦ ਖਾਨ ਤੇਰਾ ਕੀ ਲੱਗਦਾ ਐ। ਉਸਨੇ ਕੀ ਸਕੀਮਾਂ ਬਣਾਈਆਂ ਸਨ। ਤੇਰੀ ਧੀ ਆਫੀਆ ਨੇ ਉਸਦੇ ਲਈ ਪੋਸਟ ਆਫਿਸ ਬਾਕਸ ਕਿਰਾਏ 'ਤੇ ਕਿਉਂ ਲੈ ਕੇ ਦਿੱਤਾ ਸੀ ?"

"ਤੁਸੀਂ ਸਭ ਝੂਠੇ ਓਂ। ਮੈਂ ਨ੍ਹੀਂ ਕਿਸੇ ਵੀ ਗੱਲ ਦਾ ਉੱਤਰ ਦੇਣਾਂ। ਕਰ ਲਉ ਜੋ ਕਰਨਾ ਐਂ।"

"ਉੱਤਰ ਤਾਂ ਮੈਮ ਤੈਨੂੰ ਦੇਣੇ ਈ ਪੈਣਗੇ।"

ਇੰਨਾ ਕਹਿੰਦਿਆਂ ਐਫ. ਬੀ. ਆਈ. ਦੇ ਏਜੈਂਟ ਉੱਠ ਖੜ੍ਹੇ ਹੋਏ। ਉਨ੍ਹਾਂ ਨੂੰ ਵਕੀਲ ਨੇ ਕਿਹਾ ਕਿ ਤੁਸੀਂ ਵੇਖ ਹੀ ਰਹੇ ਓਂ ਕਿ ਇਸ ਔਰਤ ਦਾ ਦਿਮਾਗ ਸਹੀ ਢੰਗ ਨਾਲ ਕੰਮ ਨਹੀਂ ਕਰ ਰਿਹਾ। ਆਪਣੀ ਧੀ ਦੇ ਗਮ ਵਿੱਚ ਇਹ ਬੇਜ਼ਾਰ ਹੋ ਚੁੱਕੀ ਹੈ। ਇਸਨੂੰ ਇਲਾਜ ਦੀ ਜ਼ਰੂਰਤ ਹੈ। ਪਰ ਐਫ. ਬੀ. ਆਈ. ਵਾਲੇ ਉਸਦੀ ਗੱਲ ਦਾ ਨੋਟਿਸ ਲਏ ਬਿਨਾਂ ਬਾਹਰ ਨਿਕਲ ਗਏ। ਅਗਲੇ ਦਿਨ ਇੱਥੇ ਵੀ ਕੋਰਟ ਦਾ ਸਫੀਨਾ ਆ ਪਹੁੰਚਿਆ ਕਿ ਇਸਮਤ ਸਦੀਕੀ ਗਰੈਂਡ ਜਿਊਰੀ ਦੇ ਪੇਸ਼ ਹੋਵੇ। ਪਰ ਉਸਦੀ ਵਕੀਲ ਨੇ ਇੱਕ ਵਾਰ ਫਿਰ ਉਸਦੀ ਬਿਮਾਰੀ ਦਾ ਬਹਾਨਾ ਬਣਾ ਕੇ ਇਹ ਕੰਮ ਟਾਲ ਦਿੱਤਾ।

"ਅੰਮੀ ਮੈਨੂੰ ਲੱਗਦਾ ਐ ਕਿ ਤੈਨੂੰ ਵਾਪਸ ਚਲੇ ਜਾਣਾ ਚਾਹੀਦੈ। ਕਿਤੇ ਇਹ ਨਾ ਹੋਵੇ ਕਿ ਤੂੰ ਇੱਥੇ ਹੀ ਘਿਰ ਕੇ ਰਹਿ ਜਾਵੇਂ।" ਉਸੇ ਸ਼ਾਮ ਫੌਜ਼ੀਆ ਨੇ ਮਾਂ ਨੂੰ ਫੋਨ ਕੀਤਾ।

"ਮੇਰੀ ਇੱਕ ਧੀ ਤਾਂ ਗਾਇਬ ਹੋ ਹੀ ਚੁੱਕੀ ਐ, ਮੈਂ ਨ੍ਹੀਂ ਚਾਹੁੰਦੀ ਕਿ ਤੂੰ ਵੀ ਐਫ. ਬੀ. ਆਈ. ਦੇ ਚੱਕਰਾਂ ਵਿੱਚ ਫਸ ਜਾਵੇਂ। ਤੂੰ ਵੀ ਇੱਥੋਂ ਚਲੀ ਚੱਲ।" ਇਸਮਤ ਨੇ ਫੌਜ਼ੀਆ ਨੂੰ ਕਿਹਾ।

"ਅੰਮੀ ਆਫੀਆ ਦੀ ਵਜ੍ਹਾ ਕਰਕੇ ਸਾਰਾ ਪਰਿਵਾਰ ਮੁਸ਼ਕਲਾਂ 'ਚ ਫਸਿਆ ਫਿਰਦਾ ਐ। ਪਤਾ ਨ੍ਹੀਂ ਉਸਨੇ ਇਹ ਰਾਹ ਕਿਉਂ ਚੁਣਿਆਂ ?" ਇੰਨਾ ਕਹਿੰਦੀ ਹੋਈ ਫੌਜ਼ੀਆ ਰੋਣ ਲੱਗੀ। ਮਾਂ ਨੇ ਉਸਨੂੰ ਧਰਵਾਸਾ ਦਿੱਤਾ। ਉਸੇ ਵੇਲੇ ਉਸਦੇ ਪੁੱਤਰ ਨੇ ਵੀ ਸਲਾਹ ਦਿੱਤੀ ਕਿ ਫੌਜ਼ੀਆ ਵੀ ਵਾਪਸੀ ਬਾਰੇ ਸੋਚੇ। ਅਗਲੇ ਦਿਨ ਫੌਜ਼ੀਆ ਨੇ ਵਕੀਲ ਸ਼ਾਰਪ ਨੂੰ ਫੋਨ ਕਰਦਿਆਂ ਕਿਹਾ, "ਮੈਮ ਮੈਂ ਇਨ੍ਹਾਂ ਐਫ. ਬੀ. ਆਈ. ਵਾਲਿਆਂ ਤੋਂ ਬੜੀ ਤੰਗ ਆ ਚੁੱਕੀ ਆਂ। ਜਿਸ ਹਸਪਤਾਲ ਵਿੱਚ ਮੈਂ ਕੰਮ ਕਰਦੀ ਸੀ ਉਨ੍ਹਾਂ ਮੈਨੂੰ ਐਫ. ਬੀ. ਆਈ. ਦੇ ਚੱਕਰਾਂ ਕਰਕੇ ਨੌਕਰੀ ਤੋਂ ਕੱਢ ਦਿੱਤਾ। ਹੁਣ ਮੈਨੂੰ ਨਵੀਂ ਨੌਕਰੀ ਵੀ ਕਿਤੇ ਨ੍ਹੀਂ ਮਿਲ ਰਹੀ। ਮੈਂ ਇੱਥੋਂ ਜਾਣ ਦਾ ਸੋਚ ਰਹੀ ਆਂ।" ਜੋ ਕੁਝ ਫੌਜ਼ੀਆ ਨਾਲ ਬੀਤ ਰਿਹਾ ਸੀ ਉਸਨੇ ਵਕੀਲ ਨੂੰ ਦੱਸਦਿਆਂ ਉਸਦੀ ਸਲਾਹ ਪੁੱਛੀ।

"ਮਿਸ ਫੌਜ਼ੀਆ ਇਹ ਤਾਂ ਤੇਰੀ ਮਰਜ਼ੀ ਐ। ਤੈਨੂੰ ਕੋਈ ਇੱਥੇ ਧੱਕੇ ਨਾਲ ਨ੍ਹੀਂ ਰੋਕ ਸਕਦਾ। ਤੇਰੇ 'ਤੇ ਕੇਸ ਵੀ ਕੋਈ ਨ੍ਹੀਂ ਦਰਜ ਹੋਇਆ। ਇਸ ਕਰਕੇ ਤੂੰ ਜਾਣ ਲਈ ਆਜ਼ਾਦ ਐਂ। ਦੂਸਰਾ ਇਸਮਤ ਸਦੀਕੀ ਨੂੰ ਵੀ ਆਪਦੇ ਮੁਲਕ ਜਾ ਕੇ ਚੰਗਾ ਇਲਾਜ਼ ਕਰਵਾਉਣਾ ਚਾਹੀਦਾ ਐ।" ਇਸ਼ਾਰੇ ਨਾਲ ਵਕੀਲ ਨੇ ਕਹਿ ਦਿੱਤਾ ਕਿ ਚੰਗਾ ਹੈ ਇਸਮਤ ਇੱਥੋਂ ਚਲੀ ਜਾਵੇ। ਅਗਲੇ ਦਿਨ ਹੀ ਮਾਵਾਂ-ਧੀਆਂ ਵਾਪਸ ਜਾਣ ਦੀ ਤਿਆਰੀ ਕਰਨ ਲੱਗੀਆਂ ਤੇ ਦੋ ਦਿਨਾਂ ਬਾਅਦ ਉਹ ਪਾਕਿਸਤਾਨ ਪਹੁੰਚ ਗਈਆਂ।

ਉੱਧਰ ਪਾਕਿਸਤਾਨ ਵਿੱਚ ਆਈ. ਐਸ. ਆਈ. ਵੀ ਆਫੀਆ ਦੀ ਭਾਲ ਵਿੱਚ ਸਰਗਰਮ ਹੋ ਗਈ। ਇੱਕ ਦਿਨ ਪੂਰੀ ਟੀਮ ਆਫੀਆ ਦੇ ਪਹਿਲੇ ਪਤੀ ਅਮਜਦ ਦੇ ਘਰ ਪਹੁੰਚੀ।

"ਮਿਸਟਰ ਅਮਜਦ ਤੈਨੂੰ ਸਾਡੀ ਮੱਦਦ ਕਰਨੀ ਪਵੇਗੀ। ਅਸੀਂ ਆਫੀਆ ਨੂੰ ਫੜਨ ਦੀ ਸਕੀਮ ਬਣਾ ਰਹੇ ਆਂ।"

"ਕਿੱਥੇ ਐ ਆਫੀਆ ? ਕੀ ਮੇਰੇ ਬੱਚੇ ਵੀ ਉਸਦੇ ਕੋਲ ਨੇ ?" ਅਮਜਦ ਨੇ ਉਤਸ਼ਾਹ ਨਾਲ ਆਈ. ਐਸ. ਆਈ. ਦੇ ਅਫਸਰ ਨੂੰ ਪੁੱਛਿਆ।

"ਇਹ ਨ੍ਹੀਂ ਪਤਾ। ਪਰ ਤੈਨੂੰ ਸਾਡੇ ਨਾਲ ਚੱਲਣਾ ਪਵੇਗਾ।"

"ਨਾਲ ਚੱਲਣਾ ਪਊ ? ਪਰ ਕਿੱਥੇ ?"

"ਇਸ ਗੱਲ ਦਾ ਪਤਾ ਵੀ ਉੱਥੇ ਜਾ ਕੇ ਹੀ ਲੱਗੂਗਾ। ਹੁਣ ਤੂੰ ਤੁਰਨ ਵਾਲਾ ਬਣ।"

ਇਸ ਪਿੱਛੋਂ ਆਈ. ਐਸ. ਆਈ. ਵਾਲਿਆਂ ਨੇ ਅਮਜਦ ਨੂੰ ਨਾਲ ਲਿਆ ਤੇ ਕਰਾਚੀ ਏਅਰਪੋਰਟ 'ਤੇ ਪਹੁੰਚ ਗਏ। ਉਹ ਉੱਥੇ ਖੜ੍ਹ ਗਏ ਜਿੱਥੇ ਜਹਾਜ਼ 'ਚੋਂ ਸਵਾਰੀਆਂ ਉੱਤਰ ਕੇ ਆ ਰਹੀਆਂ ਸਨ। ਅੱਧੇ ਕੁ ਘੰਟੇ ਪਿੱਛੋਂ ਆਈ. ਐਸ. ਆਈ. ਵਾਲਿਆਂ ਨੇ ਅਮਜਦ ਨੂੰ ਕਿਹਾ ਕਿ ਸਾਹਮਣੇ ਜੋ ਔਰਤ ਆ ਰਹੀ ਹੈ ਉਹ ਉਸਨੂੰ ਪਹਿਚਾਣੇ ਅਤੇ ਦੱਸੇ ਕਿ ਕੀ ਇਹ ਹੀ ਆਫੀਆ ਸਦੀਕੀ ਹੈ। ਅਮਜਦ ਨੇ ਧਿਆਨ ਨਾਲ ਸਾਹਮਣੇ ਆ ਰਹੀ ਔਰਤ ਵੱਲ ਵੇਖਿਆ। ਉਸਦਾ ਸਾਰਾ ਸਰੀਰ ਲੰਬੇ ਬੁਰਕੇ ਨਾਲ ਢਕਿਆ ਹੋਇਆ ਸੀ। ਅਮਜਦ ਨੇ ਉਸਦੀਆਂ ਅੱਖਾਂ ਵੇਖ ਕੇ ਨੱਬੇ ਪਰਸੈਂਟ ਅੰਦਾਜ਼ਾ ਲਾ ਲਿਆ ਕਿ ਇਹ ਆਫੀਆ ਹੀ ਹੈ। ਉਸ ਦੇ ਨਾਲ ਚੱਲ ਰਹੇ ਜੁਆਕ ਨੂੰ ਵੀ ਅਮਜਦ ਨੇ ਤਕਰੀਬਨ ਪਛਾਣ ਲਿਆ ਕਿ ਉਹ ਉਸਦਾ ਹੀ ਮੁੰਡਾ ਹੈ। ਇੱਕ ਵਾਰ ਤਾਂ ਉਹ ਬਹੁਤ ਹੀ ਭਾਵੁਕ ਹੋ ਗਿਆ। ਪਰ ਨਾਲ ਹੀ ਉਸਨੇ ਸੋਚਿਆ ਕਿ ਜੇਕਰ ਉਸਨੇ ਆਈ. ਐਸ. ਆਈ. ਵਾਲਿਆਂ ਨੂੰ ਦੱਸ ਦਿੱਤਾ ਕਿ ਉਸਨੂੰ ਲੱਗਦਾ ਹੈ ਬਈ ਇਹ ਆਫੀਆ ਹੀ ਹੈ ਤਾਂ ਉਹ ਝੱਟ ਉਸਨੂੰ ਗ੍ਰਿਫਤਾਰ ਕਰ ਲੈਣਗੇ। ਪਰ ਉਸਦੇ ਅੰਦਰਲਾ ਅਮਜਦ ਇਹ ਨਹੀਂ ਬਰਦਾਸ਼ਤ ਕਰ ਸਕਦਾ ਸੀ। ਭਾਵੇਂ ਉਸਦਾ ਆਫੀਆ ਨਾਲੋਂ ਰਿਸ਼ਤਾ ਟੁੱਟ ਚੁੱਕਿਆ ਸੀ ਪਰ ਫਿਰ ਵੀ ਉਹ ਨਹੀਂ ਚਾਹੁੰਦਾ ਸੀ ਕਿ ਉਹ ਇਸ ਤਰ੍ਹਾਂ ਆਫੀਆ ਨੂੰ ਗ੍ਰਿਫਤਾਰ ਕਰਵਾ ਦੇਵੇ। ਉਸ ਨੇ ਸਿਰ ਮਾਰਦਿਆਂ ਕਹਿ ਦਿੱਤਾ ਕਿ ਇਹ ਆਫੀਆ ਨਹੀਂ ਹੈ।

ਉੱਧਰ ਆਫੀਆ ਦੇ ਚਾਚੇ, ਐਸ. ਐਚ. ਫਾਰੂਖੀ ਨੂੰ ਵੀ ਆਈ. ਐਸ. ਆਈ. ਤੰਗ ਕਰਨ ਲੱਗ ਪਈ ਤਾਂ ਉਸਨੇ ਮਸ਼ਹੂਰ ਕ੍ਰਿਕਟਰ ਅਤੇ ਰਾਜਨੇਤਾ ਇਮਰਾਨ ਖਾਨ ਦੀ ਮੱਦਦ ਲਈ। ਇਮਰਾਨ ਖਾਨ ਮਸ਼ਹੂਰ ਕ੍ਰਿਕਟਰ ਰਹਿ ਚੁੱਕਿਆ ਸੀ। ਇਮਰਾਨ ਨੇ ਆਪਣੇ ਸੋਰਸ ਵਰਤੇ ਤਾਂ ਫਾਰੂਖੀ ਨੂੰ ਕੁਝ ਰਾਹਤ ਮਿਲੀ। ਫੌਜ਼ੀਆ ਅਤੇ ਉਸਦੀ ਮਾਂ ਇਸਮਤ ਪਾਕਿਸਤਾਨ ਆ ਕੇ ਆਪਣੇ ਘਰ ਰਹਿਣ ਲੱਗ ਪਈਆਂ ਸਨ। ਇਸ ਵਿਚਾਕਰ ਹੀ ਉਨ੍ਹਾਂ ਨੂੰ ਫੋਨ ਆਉਣੇ ਸ਼ੁਰੂ ਹੋ ਗਏ ਕਿ ਜਾਂ ਤਾਂ ਉਹ ਆਫੀਆ ਦੇ ਮਾਮਲੇ ਵਿੱਚ ਚੁੱਪ ਹੋ ਜਾਣ, ਨਹੀਂ ਤਾਂ ਉਨ੍ਹਾਂ ਦਾ ਹਾਲ ਵੀ ਉਸੇ ਵਰਗਾ ਹੋਵੇਗਾ। ਇਸ ਪਿੱਛੋਂ ਮਾਵਾਂ ਧੀਆਂ ਨੇ ਆਫੀਆ ਬਾਰੇ ਗੱਲ ਕਰਨੀ ਬੰਦ ਕਰ ਦਿੱਤੀ। ਨਾਲ ਹੀ ਉਨ੍ਹਾਂ ਇਮਰਾਨ ਖਾਨ ਵਰਗੇ ਨੇਤਾਵਾਂ ਨੂੰ ਵੀ ਬੇਨਤੀ ਕੀਤੀ ਕਿ ਉਹ ਆਫੀਆ ਦਾ ਮਾਮਲਾ ਨਾ ਉਠਾਉਣ। ਇਮਰਾਨ ਖਾਨ ਮੰਨ ਤਾਂ ਗਿਆ ਪਰ ਉਸਦਾ ਸੋਚਣਾਂ ਵੀ ਇਹੀ ਸੀ ਕਿ ਆਫੀਆ ਬਾਰੇ ਆਈ. ਐਸ. ਆਈ. ਅਤੇ ਐਫ. ਬੀ. ਆਈ. ਨੂੰ ਪਤਾ ਹੈ ਨਾਲ ਹੀ ਇਹ ਵੀ ਕਿ ਉਸਨੂੰ ਇਨ੍ਹਾਂ ਏਜੈਂਸੀਆਂ ਨੇ ਅਫਗਾਨਿਸਤਾਨ ਵਿੱਚ ਕਿਧਰੇ ਕੈਦ ਕੀਤਾ ਹੋਇਆ ਹੈ। ਉੱਧਰ ਅਮਜਦ ਦਾ ਪਰਿਵਾਰ ਇਸ ਗੱਲ ਨਾਲ ਸਹਿਮਤ ਨਹੀਂ ਸੀ। ਅਮਜਦ ਇਹ ਚਾਹੁੰਦਾ ਵੀ ਨਹੀਂ ਸੀ ਕਿ ਉਹ ਅਰੈਸਟ ਹੋ ਜਾਵੇ ਕਿਉਂਕਿ ਉਹ ਸੋਚਦਾ ਸੀ ਕਿ ਆਖਰ ਉਹ ਉਸਦੇ ਬੱਚਿਆਂ ਦੀ ਮਾਂ ਹੈ। ਪਰ ਇਸਦੇ ਨਾਲ ਹੀ ਉਹ ਆਪ ਵੀ



ਬੱਚਿਆਂ ਨੂੰ ਮਿਲਣ ਲਈ ਤੜਫ ਰਿਹਾ ਸੀ। ਆਖਰ ਉਨ੍ਹਾਂ ਨੇ ਬੱਚਿਆਂ ਦੀ ਕਸਟਡੀ ਲਈ ਫਿਰ ਤੋਂ ਕੇਸ ਕਰ ਦਿੱਤਾ। ਪਰ ਜਦੋਂ ਗੱਲ ਉੱਥੇ ਹੀ ਆ ਗਈ ਕਿ ਆਫੀਆ ਆਪਣੇ ਤਿੰਨੋਂ ਬੱਚਿਆਂ ਸਮੇਤ ਗੁੰਮ ਹੈ ਤਾਂ ਜੱਜ ਨੇ ਕੇਸ ਖਾਰਜ ਕਰ ਦਿੱਤਾ। ਅੱਕ ਹਾਰ ਕੇ ਅਮਜਦ ਨੇ ਆਪਣੀ ਜ਼ਿੰਦਗੀ 'ਚ ਅਗਾਂਹ ਤੁਰਨ ਦਾ ਫੈਸਲਾ ਕਰ ਲਿਆ। ਉਸਦਾ ਨਾਂ ਐਫ. ਬੀ. ਆਈ. ਦੀ ਵਾਂਟਿਡ ਲਿਸਟ ਤੋਂ ਲਹਿ ਚੁੱਕਿਆ ਸੀ। ਇਸ ਕਰਕੇ ਉਸਨੇ ਪਾਕਿਸਤਾਨ ਛੱਡਣ ਦਾ ਫੈਸਲਾ ਕਰਦਿਆਂ ਸਾਊਦੀ ਅਰਬ ਦੇ ਕਿਸੇ ਹਸਪਤਾਲ ਵਿੱਚ ਨੌਕਰੀ ਕਰ ਲਈ। ਉਹ ਆਪਣੀ ਨਵੀਂ ਪਤਨੀ ਅਤੇ ਛੋਟੀ ਜਿਹੀ ਬੱਚੀ ਨੂੰ ਲੈ ਕੇ ਸਾਊਦੀ ਅਰਬ ਚਲਾ ਗਿਆ।

ਬਹੁਤ ਘੱਟ ਪਾਕਿਸਤਾਨੀ ਲੋਕਾਂ ਨੂੰ ਪਤਾ ਸੀ ਕਿ ਐਫ. ਬੀ. ਆਈ. ਆਫੀਆ ਦੇ ਮਗਰ ਇਸ ਤਰ੍ਹਾਂ ਕਿਉਂ ਹੱਥ ਧੋ ਕੇ ਪਈ ਹੋਈ ਹੈ। ਜਾਂ ਫਿਰ ਜੇਕਰ ਉਹ ਉਨ੍ਹਾਂ ਦੀ ਹਿਰਾਸਤ ਵਿੱਚ ਹੈ ਤਾਂ ਵੀ ਇਹ ਮਾਮਲਾ ਕੀ ਹੈ। ਆਮ ਲੋਕਾਂ ਨੂੰ ਇਸ ਗੱਲ ਦਾ ਵੀ ਪਤਾ ਨਹੀਂ ਸੀ ਕਿ ਉਹ ਕੇ. ਐਸ. ਐਮ. ਦੇ ਭਾਣਜੇ ਅਲੀ ਦੀ ਦੂਸਰੀ ਬੀਵੀ ਹੈ। ਜਾਂ ਇਸ ਬਲੋਚੀ ਪਰਿਵਾਰ ਦਾ ਪੂਰਾ ਕਿੱਸਾ ਵੀ ਲੋਕਾਂ ਨੂੰ ਮਾਲੂਮ ਨਹੀਂ ਸੀ ਇਸ ਕਰਕੇ ਲੋਕਾਂ ਦੀ ਹਮਦਰਦੀ ਆਫੀਆ ਨਾਲ ਸੀ। ਲੋਕ ਸਮਝ ਰਹੇ ਸਨ ਕਿ ਇੱਕ ਦੁਖਿਆਰੀ ਔਰਤ ਨੂੰ ਦੁਨੀਆਂ ਦੀ ਸੁਪਰ ਪਾਵਰ, ਅਮਰੀਕਾ ਤੰਗ ਕਰ ਰਿਹਾ ਹੈ। ਇਸ ਗੱਲ ਦਾ ਪਾਕਿਸਤਾਨੀ ਪਰੈਜ਼ੀਡੈਂਟ ਮੁਸ਼ੱਰਫ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਅਸਲੀਅਤ ਕੀ ਹੈ, ਪਰ ਰਾਜਨੀਤੀ ਦੀ ਖੇਡ ਮੁਤਾਬਕ ਉਸਦੇ ਸਗੋਂ ਇਹ ਗੱਲ ਹੱਕ ਵਿੱਚ ਢੁੱਕਦੀ ਸੀ ਕਿ ਲੋਕ ਅਮਰੀਕਾ 'ਤੇ ਇਸ ਗੱਲੋਂ ਗੁੱਸੇ ਹਨ। ਅਮਰੀਕਾ ਵੀ ਉਸਦੇ ਡਬਲ ਰੋਲ ਨੂੰ ਸਮਝਦਾ ਸੀ। ਅਮਰੀਕਾ ਨੂੰ ਇਹ ਵੀ ਪਤਾ ਸੀ ਕਿ ਪਰੈਜ਼ੀਡੈਂਟ ਮੁਸ਼ੱਰਫ ਦੀ ਗੌਰਮਿੰਟ ਦੇ ਕਾਫੀ ਲੋਕ ਅਲ ਕਾਇਦਾ ਦੀ ਮੱਦਦ ਕਰ ਰਹੇ ਹਨ। ਆਈ. ਐਸ. ਆਈ. ਤਾਂ ਖਾਸ ਕਰਕੇ। ਪਰ ਅਮਰੀਕਾ ਕੋਲ ਕੋਈ ਹੋਰ ਚਾਰਾ ਨਹੀਂ ਸੀ। ਉਹ ਸੋਚ ਰਿਹਾ ਸੀ ਕਿ ਮੁਸ਼ੱਰਫ ਜਿੰਨੀ ਕੁ ਮੱਦਦ ਕਰ ਰਿਹਾ ਹੈ ਉਹੀ ਬਹੁਤ ਹੈ। ਉਹ ਉਸਦੀ ਮਜ਼ਬੂਰੀ ਵੀ ਸਮਝਦੇ ਸਨ। ਇਨ੍ਹਾਂ ਦਿਨਾਂ 'ਚ ਉਸ 'ਤੇ ਦੋ ਮਾਰੂ ਹਮਲੇ ਹੋ ਚੁੱਕੇ ਸਨ। ਇਸ ਵਿਚਕਾਰ ਇਸਮਤ ਅਤੇ ਫੌਜ਼ੀਆ ਚੁੱਪ ਸਨ। ਕੁਝ ਲੋਕਾਂ ਨੂੰ ਵੀ ਲੱਗਦਾ ਸੀ ਕਿ ਸ਼ਾਇਦ ਅਮਰੀਕਾ ਹੌਲੀ ਹੌਲੀ ਆਫੀਆ ਵਾਲੇ ਮਾਮਲੇ ਨੂੰ ਭੁੱਲ ਜਾਵੇਗਾ। ਪਰ ਅਜਿਹਾ ਨਹੀਂ ਸੀ। ਮਈ ਮਹੀਨੇ 'ਚ ਅਮਰੀਕਾ ਦੇ ਅਟਾਰਨੀ ਜਨਰਲ, ਜਾਹਨ ਐਸ਼ਕਰਾਫਟ ਨੇ ਪਰੈੱਸ ਕਾਨਫਰੰਸ ਕੀਤੀ। ਇਸ ਵਿੱਚ ਉਸਨੇ ਕਿਹਾ ਕਿ ਅਮਰੀਕਣਾਂ ਨੂੰ ਇਸ ਸਮੇਂ ਚੋਟੀ ਦੇ ਸੱਤ ਅੱਤਵਾਦੀਆਂ ਦੀ ਲੋੜ ਹੈ। ਇਨ੍ਹਾਂ ਵਿੱਚ ਇੱਕ ਔਰਤ ਵੀ ਹੈ ਜਿਸਦਾ ਨਾਂ ਹੈ ਆਫੀਆ ਸਦੀਕੀ। ਇਨ੍ਹਾਂ ਸੱਤਾਂ ਵਿੱਚ ਅਦਨਾਨ ਸ਼ੁਕਰੀਜੁਮਾ ਵੀ ਸੀ। ਉੱਧਰ ਕੇ. ਐਸ. ਐਮ. ਵੀ ਆਪਣੀ ਇੰਟੈਰੋਗੇਸ਼ਨ ਵਿੱਚ ਬਹੁਤ ਕੁਝ ਦੱਸ ਰਿਹਾ ਸੀ। ਪਾਕਿਸਤਾਨ ਆਪਣੀ ਖੇਡ, ਖੇਡ ਰਿਹਾ ਸੀ। ਜਦੋਂ ਹੀ ਕਿਸੇ ਅਮਰੀਕੀ ਲੀਡਰ ਨੇ ਉੱਥੇ ਆਉਣਾ ਹੁੰਦਾ ਤਾਂ ਪਾਕਿਸਤਾਨ, ਅਲਕਾਇਦਾ ਦੇ ਕਿਸੇ ਵੱਡੇ ਮੈਂਬਰ ਨੂੰ ਫੜ੍ਹ ਕੇ ਵਾਹਵਾ ਖੱਟ ਲੈਂਦਾ ਸੀ ਨਹੀਂ ਤਾਂ ਫਿਰ ਚੁੱਪ ਰਹਿੰਦਾ ਸੀ। ਜਨਵਰੀ 2004 'ਚ ਉਨ੍ਹਾਂ ਨੇ ਰਮਜੀ ਯੂਸਫ ਦਾ ਭਰਾ, ਅਬਦਲ ਕਰੀਮ ਮਹਿਮੂਦ ਫੜ੍ਹਿਆ। ਇਸ ਪਿੱਛੋਂ ਉਨ੍ਹਾਂ ਉਸਦਾ ਭਣੋਈਆ ਦਾਊਦ ਬਾਦਾਨੀ ਫੜ੍ਹਿਆ ਜਿਹੜਾ ਕਿ ਲਸ਼ਕਰੇ ਜੰਗਵੀ ਜਥੇਬੰਦੀ ਦਾ ਸਰਗਣਾ ਸੀ। ਉਸਦੇ ਸਿਰ ਦਾ ਇਨਾਮ ਇੱਕ ਮਿਲੀਅਨ ਡਾਲਰ ਸੀ। ਰਮਜੀ ਦਾ ਭਰਾ ਅਬਦਲ ਕਰੀਮ ਇੱਕ ਕੰਪਿਊਟਰ ਅਕਸਪਰਟ ਸੀ। ਉਸਦੇ ਫੜ੍ਹਨ 'ਤੇ ਪਾਕਿਸਤਾਨ ਏਜੈਂਸੀਆਂ ਨੂੰ ਪਤਾ ਲੱਗਿਆ ਕਿ ਅਲ ਕਾਇਦਾ ਅਮਰੀਕਾ ਦੇ ਵੱਡੇ ਫਾਈਨੈਂਸ਼ਨਲ ਅਦਾਰਿਆਂ ਨੂੰ ਨਿਸ਼ਾਨਾ ਬਣਾਉਣ ਜਾ ਰਿਹਾ ਸੀ। ਇੱਥੇ ਏਜੈਂਸੀਆਂ ਨੇ ਇੱਕ ਖੇਡ ਖੇਡੀ। ਉਨ੍ਹਾਂ ਨੇ ਅਬਦਲ ਕਰੀਮ ਦੀ ਗ੍ਰਿਫਤਾਰੀ ਵਾਲੀ ਖ਼ਬਰ ਬਾਹਰ ਨਾ ਕੱਢੀ। ਉਸ ਨੂੰ ਆਪਣੇ ਕਬਜ਼ੇ 'ਚ ਰੱਖਦਿਆਂ ਉਸ ਤੋਂ ਉਸਦੇ ਸਾਰੇ ਬੰਦਿਆਂ ਨੂੰ ਖਾਸ ਈਮੇਲ ਭਿਜਵਾਈ। ਸਾਰਿਆਂ ਨੇ ਉਸਦਾ ਉੱਤਰ ਦਿੱਤਾ ਤਾਂ ਸਭ ਦੇ ਠਿਕਾਣੇ ਪਤਾ ਚੱਲ ਗਏ। ਇਸ ਨਾਲ ਕਿੰਨੇ ਹੀ ਹੋਰ

ਮੈਂਬਰ ਫੜ੍ਹੇ ਗਏ। ਇਸ ਤਰ੍ਹਾਂ ਲੱਗਦਾ ਸੀ ਕਿ ਆਈ ਐਸ ਆਈ ਕੋਲ ਸਾਰੇ ਅਲਕਾਇਦਾ ਮੈਂਬਰਾਂ ਤੱਕ ਪਹੁੰਚਣ ਦੇ ਸੋਮੇ ਹਨ ਅਤੇ ਉਹ ਜਦੋਂ ਚਾਹੁਣ ਜਿਸਨੂੰ ਮਰਜ਼ੀ ਫੜ ਸਕਦੇ ਹਨ। ਲੋਕਾਂ ਨੂੰ ਲੱਗਿਆ ਕਿ ਇਹ ਜੋ ਗ੍ਰਿਫਤਾਰੀਆਂ ਦਾ ਦੌਰ ਚੱਲ ਰਿਹਾ ਹੈ ਇਸ ਵਿੱਚ ਹੁਣ ਅਗਲੀ ਵਾਰੀ ਆਫੀਆ ਦੀ ਹੋਵੇਗੀ। ਪਰ ਉਸਦਾ ਨੰਬਰ ਕਦੇ ਵੀ ਨਾ ਆਇਆ।

ਫੜ੍ਹੇ ਗਏ ਬੰਦਿਆਂ 'ਚੋਂ ਸਭ ਤੋਂ ਪਹਿਲਾਂ ਮੁਕੱਦਮਾ ਉਜ਼ੇਰ ਪਰਾਚਾ 'ਤੇ ਚੱਲਿਆ। ਨਿਊਯਾਰਕ ਦੀ ਕੋਰਟ ਵਿੱਚ ਉਸਨੇ ਉਹੀ ਬਿਆਨ ਦਿੱਤਾ ਜੋ ਉਸਨੇ ਪਹਿਲਾਂ ਐਫ. ਬੀ. ਆਈ. ਕੋਲ ਦਿੱਤਾ ਸੀ। ਉਸਨੇ ਕਿਹਾ ਕਿ ਨਾ ਹੀ ਉਸਨੂੰ ਅਲ ਕਾਇਦਾ ਬਾਰੇ ਕੋਈ ਪਤਾ ਸੀ ਅਤੇ ਨਾ ਹੀ ਉਨ੍ਹਾਂ ਦੇ ਕਿਸੇ ਪਲਾਣ ਬਾਰੇ। ਉਸਨੇ ਕੋਰਟ ਨੂੰ ਦੱਸਿਆ ਕਿ ਉਸਨੇ ਸਿਰਫ ਮਜੀਦ ਖਾਨ ਦੀ ਐਪਲੀਕੇਸ਼ਨ ਇੰਮੀਗਰੇਸ਼ਨ ਨੂੰ ਭੇਜੀ ਸੀ ਅਤੇ ਦੂਸਰਾ ਉਸਨੇ ਮਾਜੀਦ ਖਾਨ ਬਣ ਕੇ ਇੰਮੀਗਰੇਸ਼ਨ ਨੂੰ ਫੋਨ ਕੀਤਾ ਸੀ। ਉਹ ਸੋਚਦਾ ਸੀ ਕਿ ਉਸਦਾ ਇੰਨਾ ਹੀ ਜ਼ੁਰਮ ਹੈ ਕਿ ਉਸਨੇ ਇੰਮੀਗਰੇਸ਼ਨ ਨੂੰ ਝੂਠ ਬੋਲਿਆ। ਪਰ ਉਸਦਾ ਵਕੀਲ ਸਭ ਸਮਝਦਾ ਸੀ। ਵਕੀਲ ਨੇ ਗਵਾਹਾਂ ਬਗੈਰਾ ਨੂੰ ਅਦਾਲਤ 'ਚ ਪੇਸ਼ ਕਰਨ ਦੀ ਮੰਗ ਕੀਤੀ। ਪਰ ਸਰਕਾਰੀ ਵਕੀਲ ਇਹ ਕੁਝ ਨਹੀਂ ਹੋਣ ਦੇਣਾਂ ਚਾਹੁੰਦਾ ਸੀ। ਕਿਉਂਕਿ ਗਵਾਹ ਤਾਂ ਕਿਧਰੇ ਗੁਪਤ ਜੇਲ੍ਹਾਂ ਵਿੱਚ ਬੰਦ ਸਨ। ਗਵਾਹਾਂ ਤੋਂ ਉਸਦਾ ਮਤਲਬ ਸੀ, ਕੇ. ਐਸ. ਐਮ.,ਉਸਦਾ ਭਾਣਦਾ ਅਲੀ ਜਾਂ ਮਜੀਦ ਖਾਨ। ਸਰਕਾਰ ਡਰਦੀ ਸੀ ਕਿ ਜੇਕਰ ਇਨ੍ਹਾਂ ਗਵਾਹਾਂ ਨੂੰ ਅਦਾਲਤ ਵਿੱਚ ਪੇਸ਼ ਕਰਨਾ ਪਿਆ ਤਾਂ ਬਹੁਤ ਸਾਰੇ ਗੁਪਤ ਭੇਤ ਬਾਹਰ ਆ ਜਾਣਗੇ। ਉਜ਼ੇਰ ਦਾ ਵਕੀਲ ਸਰਕਾਰ ਦਾ ਡਰ ਤਾੜ ਗਿਆ। ਉਸਨੇ ਸਰਕਾਰ ਨੂੰ ਕਿਹਾ ਕਿ ਜਾਂ ਤਾਂ ਗਵਾਹਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ ਤੇ ਜਾਂ ਫਿਰ ਪਲੀ ਬਾਰਗਿੰਗ ਦੀ ਇਜਾਜ਼ਤ ਦਿੱਤੀ ਜਾਵੇ। ਸਰਕਾਰ ਵੀ ਗਿਲਟੀ ਪਲੀ ਬਾਰੇ ਸੋਚਣ ਲੱਗੀ। ਵਕੀਲ ਨੇ ਉਜ਼ੇਰ ਨੂੰ ਗਿਲਟੀ ਪਲੀ ਕਰ ਦੇਣ ਲਈ ਕਿਹਾ। ਜੇਕਰ ਉਹ ਪਲੀ ਬਾਰਗੇਨਿੰਗ ਮੁਤਾਬਕ ਗਿਲਟੀ ਪਲੀ ਕਰਦਾ ਸੀ ਤਾਂ ਉਮਰ ਕੈਦ ਦੀ ਬਜਾਇ ਉਸਨੂੰ ਸਿਰਫ ਦਸ ਸਾਲ ਦੀ ਸਜ਼ਾ ਹੋਣੀ। ਪਰ ਉਜ਼ੇਰ ਛੋਟੀ ਉਮਰ ਦਾ ਅਣਭੋਲ ਜਿਹਾ ਮੁੰਡਾ ਸੀ, ਇਸ ਕਰਕੇ ਇਨ੍ਹਾਂ ਗੱਲਾਂ ਨੂੰ ਸਮਝ ਨਾ ਸਕਿਆ। ਉਸਨੇ ਗਿਲਟੀ ਪਲੀ ਕਰਨ ਤੋਂ ਇਨਕਾਰ ਕਰ ਦਿੱਤਾ। ਜਿਊਰੀ ਨੇ ਉਸਨੂੰ ਦੋਸ਼ੀ ਸਾਬਤ ਕਰਦਿਆਂ ਉਮਰ ਕੈਦ ਸੁਣਾ ਦਿੱਤੀ।

ਕੇ ਐਸ ਐਮ ਅਤੇ ਉਸ ਦੇ ਗਰੁੱਪ ਦੇ ਦੂਸਰੇ ਕੈਦੀ 2006 ਤੱਕ ਤਾਂ ਸੀ. ਆਈ. ਏ. ਦੀਆਂ ਗੁਪਤ ਜੇਲ੍ਹਾਂ 'ਚ ਬੰਦ ਰਹੇ। ਪਿੱਛੋਂ ਉਨ੍ਹਾਂ ਨੂੰ ਗੋਤੇਨਾਮਾਬੇ ਵਿਖੇ ਲਿਆਂਦਾ ਗਿਆ। ਇੱਥੇ ਪਹਿਲਾਂ ਉਨ੍ਹਾਂ 'ਤੇ ਮਿਲਟਰੀ ਟਿਰਬਿਊਨਲ 'ਚ ਕੇਸ ਚੱਲਿਆ। ਪਿੱਛੋਂ ਇਨ੍ਹਾਂ ਸਾਰਿਆਂ ਨੇ ਕਿਹਾ ਕਿ ਉਹ ਆਪਣਾਂ ਦੋਸ਼ ਕਬੂਲਣ ਨੂੰ ਤਿਆਰ ਹਨ। ਪਰ ਫਿਰ ਅਮਰੀਕਣ ਗੌਰਮਿੰਟ ਨੇ ਉਨ੍ਹਾਂ 'ਤੇ ਸਿਵਲ ਕੋਰਟਾਂ ਵਿੱਚ ਕੇਸ ਚਲਾਉਣ ਦਾ ਫੈਸਲਾ ਕਰ ਲਿਆ। ਪਿੱਛੋਂ ਇਸ ਵਿੱਚ ਮੁਸ਼ਕਲ ਆ ਗਈ ਤਾਂ ਕੇਸ ਵਾਪਸ ਮਿਲਟਰੀ ਟਰਬਿਊਨਲ ਦੇ ਹਵਾਲੇ ਕਰ ਦਿੱਤਾ। ਮਈ 2012 'ਚ ਫਿਰ ਤੋਂ ਉਨ੍ਹਾਂ 'ਤੇ ਕੇਸ ਚੱਲਣਾ ਸ਼ੁਰੂ ਹੋਇਆ। ਇਸ ਵਿੱਚ ਵੀ ਉਨ੍ਹਾਂ ਆਪਣਾ ਗੁਨਾਹ ਕਬੂਲ ਕਰ ਲਿਆ। ਅਜੇ ਵੀ ਇਹ ਕੇਸ ਵਿੱਚ ਵਿਚਕਾਰ ਹੀ ਹੈ। ਉਂਝ ਕੇ. ਐਸ. ਐਮ. ਨੇ ਆਪਣੀ ਲਿਖਤੀ ਸਟੇਟਮੈਂਟ ਵਿੱਚ ਇਹ ਮੰਨਿਆਂ ਕਿ ਉਹ ਨਿਊਯਾਰਕ ਦੇ ਵਰਲਡ ਟਰੇਡ ਸੈਂਟਰ ਵਾਲੇ ਨਾਈਨ ਅਲੈਵਨ ਹਮਲੇ ਲਈ ਅਲਫੋਂ ਬੇ ਤੱਕ ਜ਼ਿੰਮੇਵਾਰ ਹੈ।

ਉੱਧਰ ਆਫੀਆ ਬਾਰੇ ਮੁੜ ਕੇ ਕੋਈ ਪਤਾ ਨਾ ਚੱਲਿਆ ਕਿ ਉਹ ਕਿੱਥੇ ਹੈ। ਜਦੋਂ ਕੋਈ ਕਹਿੰਦਾ ਕਿ ਉਹ ਪਾਕਿਸਤਾਨ ਦੀ ਆਈ. ਐਸ. ਆਈ. ਕੋਲ ਹੈ ਤਾਂ ਆਈ. ਐਸ. ਆਈ. ਇਸ ਰਿਪੋਰਟ ਨੂੰ ਰੱਦ ਕਰ ਦਿੰਦੀ। ਕਦੇ ਕੋਈ ਕਹਿੰਦਾ ਕਿ ਉਹ ਅਮਰੀਕਣ ਐਫ. ਬੀ. ਆਈ. ਜਾਂ ਸੀ. ਆਈ. ਏ. ਕੋਲ ਹੈ ਤਾਂ ਅਮਰੀਕਾ ਇਸ ਰਿਪੋਰਟ ਨੂੰ ਨਿਕਾਰ ਦਿੰਦਾ। ਫਿਰ ਕਦੇ ਕੋਈ ਅਖਬਾਰ ਇਹ



ਵੀ ਰਿਪੋਰਟ ਦੇ ਦਿੰਦਾ ਕਿ ਸ਼ਾਇਦ ਆਫੀਆ ਅੰਡਰਗਰਾਊਂਡ ਹੈ। ਇਸ ਗੱਲ ਨੂੰ ਉਸਦੇ ਘਰ ਦੇ ਮੰਨਣ ਤੋਂ ਇਨਕਾਰ ਕਰ ਦਿੰਦੇ। ਕਈ ਕੈਦੀ ਜਿਹੜੇ ਅਫਗਾਨਿਸਤਾਨ ਦੀਆਂ ਭਿਅੰਕਰ ਗੁਪਤ ਜੇਲ੍ਹਾਂ 'ਚੋਂ ਛੁੱਟ ਕੇ ਆਏ ਸਨ ਉਨ੍ਹਾਂ ਦੱਸਿਆ ਕਿ ਆਫੀਆ ਅਫਗਾਨਿਸਤਾਨ ਦੇ ਬੈਗਰਾਮ ਏਅਰਬੇਸ ਅੰਦਰ ਕਿਸੇ ਸੈੱਲ 'ਚ ਬੰਦ ਹੈ ਅਤੇ ਉਨ੍ਹਾਂ ਨੇ ਉਸਦੇ ਤਸੀਹੇ ਦੇਣ ਵੇਲੇ ਉਸਦੀਆਂ ਚੀਕਾਂ ਆਮ ਹੀ ਸੁਣੀਆਂ ਸਨ। ਇਨ੍ਹਾਂ ਸਾਰੀਆਂ ਰਿਪੋਰਟਾਂ ਦੇ ਬਾਵਜੂਦ ਆਫੀਆ ਇੱਕ ਰਹੱਸ ਬਣ ਚੁੱਕੀ ਸੀ। ਜਿਸ ਬਾਰੇ ਅੰਦਾਜ਼ੇ ਤਾਂ ਸਨ ਪਰ ਉਸਦੀ ਅਸਲੀਅਤ ਦਾ ਕਿਸੇ ਨੂੰ ਪਤਾ ਨਹੀਂ ਸੀ।

ਇਸ ਵਿਚਕਾਰ 2008 'ਚ ਜਨਵਰੀ ਮਹੀਨੇ ਦੇ ਇੱਕ ਦਿਨ ਐੱਸ. ਐੱਚ. ਫਾਰੂਖੀ ਪਾਕਿਸਤਾਨ 'ਚ ਆਪਣੇ ਘਰ ਬੈਠਾ ਹੋਇਆ ਸੀ। ਦੁਪਹਿਰ ਵੇਲੇ ਉਸ ਦੇ ਘਰ ਦੀ ਡੋਰ ਬੈੱਲ ਵੱਜੀ। ਉਸਨੇ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਟੈਕਸੀ ਡਰਾਈਵਰ ਖੜ੍ਹਾ ਸੀ। ਟੈਕਸੀ ਡਰਾਈਵਰ ਨੇ ਕਿਹਾ ਕਿ ਉਸਦੀ ਟੈਕਸੀ ਵਿੱਚ ਇੱਕ ਔਰਤ ਬੈਠੀ ਹੈ ਜੋ ਉਸਨੂੰ ਮਿਲਣਾ ਚਾਹੁੰਦੀ ਹੈ। ਫਾਰੂਖੀ ਹੈਰਾਨ ਹੁੰਦਾ ਟੈਕਸੀ ਕੋਲ ਆਇਆ ਤੇ ਅੰਦਰ ਨੂੰ ਵੇਖਣ ਲੱਗਿਆ।

"ਅੰਕਲ ਮੈਂ ਆਫੀਆ ਆਂ।" ਇਸ ਆਵਾਜ਼ ਨੇ ਉਸਦੇ ਰੌਂਗਟੇ ਖੜ੍ਹੇ ਕਰ ਦਿੱਤੇ। ਭਾਵੇਂ ਔਰਤ ਨੇ ਆਪਣੇ ਆਪ ਨੂੰ ਬੁਰਕੇ ਵਿੱਚ ਢੱਕਿਆ ਹੋਇਆ ਸੀ ਪਰ ਇਹ ਕਿਵੇਂ ਹੋ ਸਕਦਾ ਸੀ ਕਿ ਚਾਚਾ ਆਪਦੀ ਭਤੀਜੀ ਨੂੰ ਨਾ ਪਛਾਣਦਾ। ਉਂਝ ਤਾਂ ਉਸਨੂੰ ਆਵਾਜ਼ ਤੋਂ ਅੰਦਾਜ਼ਾ ਹੋ ਗਿਆ ਸੀ, ਪਰ ਉਸਦੀਆਂ ਅੱਖਾਂ ਵੱਲ ਵੇਖ ਕੇ ਉਸਨੂੰ ਪੱਕਾ ਯਕੀਨ ਹੋ ਗਿਆ ਕਿ ਇਹ ਆਫੀਆ ਹੀ ਹੈ।

"ਆਫੀਆ ਬੇਟੀ, ਅੰਦਰ ਘਰੇ ਚੱਲ।" ਪਛਾਨਣ ਤੋਂ ਬਾਅਦ ਉਸਨੇ ਮੋਹ ਭਿੱਜੇ ਲਫਜ਼ਾਂ 'ਚ ਕਿਹਾ।

"ਅੰਕਲ ਇਸ ਵੇਲੇ ਮੈਂ ਘਰੇ ਨ੍ਹੀਂ ਜਾ ਸਕਦੀ। ਜੇ ਹੋ ਸਕਦਾ ਐ ਤਾਂ ਆਪ ਮੇਰੇ ਨਾਲ ਚਲੋ ਆਪਾਂ ਬਾਹਰ ਕਿਧਰੇ ਰੈਸਟੋਰੈਂਟ ਬਗੈਰਾ 'ਚ ਬੈਠ ਜਾਵਾਂਗੇ।" ਐਸ. ਐੱਚ. ਫਾਰੂਖੀ ਨੇ ਪਲ ਭਰ ਸੋਚਿਆ ਤੇ ਫਿਰ ਆਫੀਆ ਦੇ ਨਾਲ ਟੈਕਸੀ 'ਚ ਬੈਠ ਗਿਆ। ਉਹ ਕਿਸੇ ਰੈਸਟੋਰੈਂਟ ਜਾ ਪਹੁੰਚੇ।

"ਆਫੀਆ ਬੇਟੀ ਤੂੰ ਪਿਛਲੇ ਪੰਜ ਸਾਲਾਂ ਤੋਂ ਕਿੱਥੇ ਸੀ ?" ਮੌਕਾ ਮਿਲਦਿਆਂ ਹੀ ਫਾਰੂਖੀ ਨੇ ਗੱਲ ਛੇੜੀ।

"ਅੰਕਲ ਕੁਛ ਨਾ ਈ ਪੁੱਛੋ ਤਾਂ ਚੰਗਾ ਐ।"

"ਨਹੀਂ ਬੇਟੀ ਅਸੀਂ ਸਾਰੇ ਤੇਰੇ ਲਈ ਬਹੁਤ ਪਰੇਸ਼ਾਨ ਆਂ। ਤੂੰ ਕੁਛ ਨਾ ਕੁਛ ਤਾਂ ਦੱਸ।"

"ਅੰਕਲ....।" ਆਫੀਆ ਗੱਲ ਸ਼ੁਰੂ ਕਰਦਿਆਂ ਆਪਣੇ ਚਾਚੇ ਵੱਲ ਵੇਖਦਿਆਂ ਪਲ ਭਰ ਰੁਕੀ ਤੇ ਫਿਰ ਅੱਗੇ ਦੱਸਣ ਲੱਗੀ,

"ਅੰਕਲ ਬੱਚਿਆਂ ਸਮੇਤ 2003 'ਚ ਤੀਹ ਮਾਰਚ ਵਾਲੇ ਦਿਨ ਮੈਂ ਘਰੋਂ ਅੰਮੀ ਨੂੰ ਇਹ ਕਹਿ ਕੇ ਨਿਕਲੀ ਸੀ ਕਿ ਮੈਂ ਤੁਹਾਡੇ ਵੱਲ ਜਾ ਰਹੀ ਆਂ। ਮੈਨੂੰ ਡਰ ਸੀ ਕਿ ਉੱਥੇ ਮੈਨੂੰ ਕੋਈ ਨਾ ਕੋਈ ਅਰੈਸਟ ਕਰ ਲਵੇਗਾ। ਪਰ ਬਚ ਮੈਂ ਫਿਰ ਵੀ ਨਾ ਸਕੀ। ਰਸਤੇ 'ਚ ਈ, ਆਈ. ਐੱਸ. ਆਈ. ਨੇ ਮੈਨੂੰ ਗ੍ਰਿਫਤਾਰ ਕਰ ਲਿਆ। ਸ਼ਾਇਦ ਉਹ ਪਹਿਲਾਂ ਹੀ ਮੇਰੇ ਪਿੱਛੇ ਲੱਗੇ ਹੋਏ ਸਨ। ਮੈਨੂੰ ਮੇਰੇ ਬੱਚਿਆਂ ਨਾਲੋਂ ਨਖੇੜ ਦਿੱਤਾ ਗਿਆ। ਅਗਲੇ ਦਿਨ ਉਹ ਮੈਨੂੰ ਅਫਗਾਨਿਸਤਾਨ ਦੇ ਬੈਗਰਾਮ ਏਅਰਬੇਸ ਲੈ ਗਏ ਜਿੱਥੇ ਕਿ ਅਮਰੀਕਾ ਦਾ ਵੱਡਾ ਅੱਡਾ ਐ।"

"ਫਿਰ....?" ਆਫੀਆ ਬੋਲਦੀ ਬੋਲਦੀ ਚੁੱਪ ਹੋਈ ਤਾਂ ਫਾਰੂਖੀ ਵਿਚਕਾਰ ਬੋਲਿਆ।

"ਉੱਥੇ ਮੈਨੂੰ ਚਾਰ ਸਾਲ ਰੱਖਿਆ ਗਿਆ। ਇਸ ਦੌਰਾਨ ਮੇਰੇ 'ਤੇ ਬੇਤਹਾਸ਼ਾ ਤਸ਼ੱਦਦ ਹੋਇਆ।"

"ਕੌਣ ਸਨ ਉਹ ਲੋਕ ? ਮੇਰਾ ਮਤਲਬ ਆਈ. ਐੱਸ. ਆਈ. ਜਾਂ ਅਮਰੀਕਣ ਏਜੈਂਸੀਆਂ ?"

"ਦੋਨੋਂ ਹੀ।"

"ਕੀ ਉਨ੍ਹਾਂ ਤੈਨੂੰ ਕੁੱਟਿਆ ਮਾਰਿਆ ?"

"ਅੰਕਲ ਕੁੱਟ ਮਾਰ ਤਾਂ ਸ਼ਾਇਦ ਮੈਂ ਬਰਦਾਸ਼ਤ ਕਰ ਜਾਂਦੀ। ਪਰ ਉਨ੍ਹਾਂ ਦਾ ਟਾਰਚਰ ਜ਼ਿਆਦਾ ਮਾਨਸਿਕ ਸੀ। ਮੈਨੂੰ ਕਈ ਵਾਰੀ ਦੋ ਬਾਈ ਦੋ ਦੇ ਕਮਰੇ ਵਿੱਚ ਖੜ੍ਹਾ ਰੱਖਿਆ ਜਾਂਦਾ ਸੀ। ਉੱਥੇ ਅੰਤਾਂ ਦੀਆਂ ਤੇਜ਼ ਰੋਸ਼ਨੀਆਂ ਹੁੰਦੀਆਂ ਸਨ ਜੋ ਅੱਖਾਂ ਨੂੰ ਪਾਟਣ ਵਾਲੀਆਂ ਕਰ ਦਿੰਦੀਆਂ ਸਨ। ਇਸ ਤੋਂ ਇਲਾਵਾ ਉੱਥੇ ਸਾਰਾ ਦਿਨ ਬਹੁਤ ਹੀ ਉੱਚਾ, ਭੱਦਾ ਤੇ ਕੰਨ ਪਾੜਵਾਂ ਮਿਊਜ਼ਕ ਵਜਦਾ ਰਹਿੰਦਾ ਸੀ। ਕਈ ਕਈ ਦਿਨ ਮੈਂ ਸੌਂ ਹੀ ਨ੍ਹੀਂ ਸਕਦੀ ਸੀ। ਮੈਨੂੰ ਉਹ ਉੱਥੋਂ ਕੱਢਦੇ ਤਾਂ ਨੇੜਲੇ ਤਲਾਅ ਵਿੱਚ ਲੈਂ ਜਾਂਦੇ ਜਿੱਥੇ ਦੋ ਦੋ ਮਿੰਟ ਅੰਦਰ ਡਬੋਈ ਰੱਖਦੇ। ਇਹ ਕੰਮ ਚਾਰ ਸਾਲ ਚੱਲਦਾ ਰਿਹਾ। ਹੋਰ ਬੜਾ ਕੁਛ ਸੀ ਜੋ ਇਨਸਾਨ ਦੀ ਬਰਦਾਸ਼ਤ ਤੋਂ ਬਾਹਰ ਦੀ ਗੱਲ ਐ।"

"ਆਫੀਆ ਬੇਟੀ ਤੇਰੇ 'ਤੇ ਇੰਨਾ ਜ਼ੁਲਮ ਹੋਇਆ....।" ਫਾਰੂਕੀ ਦਾ ਦਿਲ ਭਰ ਆਇਆ।

"ਅੰਕਲ ਇਹ ਅਫਸੋਸ ਵਾਲੀ ਗੱਲ ਨ੍ਹੀਂ ਐ। ਕਿਉਂਕਿ ਜਿਹਾਦ ਦੇ ਰਾਹ ਚੱਲਦਿਆਂ ਇਹ ਤਾਂ ਹੋਣਾ ਈ ਹੁੰਦਾ ਐ।"

"ਅੱਛਾ ਫਿਰ ਕੀ ਹੋਇਆ ?"

"ਆਖਰ ਉਨ੍ਹਾਂ ਨੇ ਮੈਨੂੰ ਮਜ਼ਬੂਰ ਕੀਤਾ ਕਿ ਮੈਂ ਉਨ੍ਹਾਂ ਲਈ ਡਬਲ ਏਜੈਂਟ ਦਾ ਕੰਮ ਕਰਾਂ। ਉਨ੍ਹਾਂ ਮੈਨੂੰ ਡਰਾਵਾ ਦਿੱਤਾ ਕਿ ਜੇਕਰ ਮੈਂ ਅਜਿਹਾ ਨ੍ਹੀਂ ਕਰਾਂਗੀ ਤਾਂ ਉਹ ਮੇਰੇ ਬੱਚਿਆਂ ਨੂੰ ਖਤਮ ਕਰ ਦੇਣਗੇ। ਮੈਨੂੰ ਪਤਾ ਸੀ ਕਿ ਮੇਰੇ ਬੱਚੇ ਉਨ੍ਹਾਂ ਦੀ ਕੈਦ 'ਚ ਨੇ। ਅਣਸਰਦੇ ਨੂੰ ਮੈਨੂੰ ਉਨ੍ਹਾਂ ਦੀ ਗੱਲ ਮੰਨਣੀ ਪਈ। ਉਂਝ ਉਨ੍ਹਾਂ ਦੇ ਭਾਅ ਦੀ ਮੈਂ ਡਬਲ ਏਜੈਂਟ ਬਣ ਗਈ, ਪਰ ਮੈਨੂੰ ਲੱਗਿਆ ਕਿ ਇਸ ਤਰੀਕੇ ਵੀ ਮੈਂ ਜਿਹਾਦ ਦਾ ਕੰਮ ਹੀ ਕਰ ਰਹੀ ਹੋਵਾਂਗੀ। ਕਿਉਂਕਿ ਮੈਂ ਕੁਝ ਹੋਰ ਸੋਚਿਆ ਸੀ। ਮੈਨੂੰ ਉਨ੍ਹਾਂ ਆਈ. ਐੱਸ. ਆਈ. ਦੀ ਏਜੈਂਟ ਬਣਾ ਲਿਆ ਤੇ ਕਿਹਾ ਕਿ ਇਸ ਗੱਲ ਦਾ ਭੇਤ ਰੱਖਦਿਆਂ ਹੋਇਆਂ ਮੈਂ ਉਨ੍ਹਾਂ ਦੇ ਬੰਦੇ ਅਲ ਕਾਇਦਾ ਵਿੱਚ ਦਾਖਲ ਕਰਵਾਵਾਂ। ਮੈਨੂੰ ਨਵੀਂ ਪਹਿਚਾਣ ਦੇ ਕੇ ਉਨ੍ਹਾਂ ਇਸਲਾਮਾਬਾਦ ਭੇਜ ਦਿੱਤਾ। ਮੈਂ ਉਨ੍ਹਾਂ ਦਾ ਕੰਮ ਵੀ ਕਰਦੀ ਰਹੀ ਤੇ ਨਾਲ ਹੀ ਆਪਣੀ ਸੋਚੀ ਸਕੀਮ ਮੁਤਾਬਕ, ਅਲ ਕਾਇਦਾ ਨੂੰ ਆਈ. ਐੱਸ. ਆਈ. ਦੇ ਭੇਤ ਦਿੰਦੀ ਰਹੀ। ਇਹ ਕੰਮ ਬੜਾ ਜ਼ੋਖਮ ਭਰਿਆ ਸੀ, ਕਿਉਂਕਿ ਚੌਵੀ ਘੰਟੇ ਆਈ. ਐੱਸ. ਆਈ. ਦੇ ਬੰਦੇ ਮੇਰੇ ਆਲੇ ਦੁਆਲੇ ਰਹਿੰਦੇ ਸਨ। ਇਹ ਕੰਮ ਕਰਦਿਆਂ ਕੁਝ ਦੇਰ ਪਿੱਛੋਂ ਮੈਨੂੰ ਪਾਕਿਸਤਾਨ ਦੀ ਫੈਡਰਲ ਇਨਵੈਸਟੀਗੇਸ਼ਨ ਏਜੰਸੀ ਨੇ ਗ੍ਰਿਫਤਾਰ ਕਰ ਲਿਆ। ਫਿਰ ਉਨ੍ਹਾਂ ਵੀ ਮੈਨੂੰ ਉਹੀ ਕੰਮ ਕਰਨ ਨੂੰ ਕਿਹਾ ਜੋ ਆਈ. ਐੱਸ. ਆਈ. ਕਰਵਾ ਰਹੀ ਸੀ, ਜਾਣੀ ਕਿ ਡਬਲ ਏਜੈਂਟ। ਮੈਨੂੰ ਨਵੀਂ ਪਹਿਚਾਣ ਦੇ ਕੇ ਇਹ ਏਜੈਂਸੀ ਮੇਰੇ ਤੋਂ ਆਪਣੇ ਲਈ ਕੰਮ ਕਰਵਾਉਣ ਲੱਗੀ। ਹੁਣ ਵੀ ਮੈਂ ਉੱਥੇ ਈ ਆਂ। ਪਰ ਮੈਨੂੰ ਪਤਾ ਐ ਕਿ ਇਹ ਕੰਮ ਜ਼ਿਆਦਾ ਦੇਰ ਨ੍ਹੀਂ ਚੱਲ ਸਕੇਗਾ। ਇਸੇ ਲਈ ਮੈਂ ਤਾਕ 'ਚ ਸੀ ਕਿ ਕਦੋਂ ਮੌਕਾ ਮਿਲੇ ਤੇ ਇੱਥੋਂ ਭੱਜਾਂ। ਅੱਜ ਉਨ੍ਹਾਂ ਦੇ ਨਿਗਰਾਨਾਂ ਦੇ ਅੱਖੀਂ ਘੱਟਾ ਪਾ ਕੇ ਮੈਂ ਭੱਜ ਆਈ ਆਂ।"

"ਹੁਣ ਫਿਰ ਅੱਗੇ ਕੀ ਕਰਨਾ ਚਾਹੁੰਨੀ ਐਂ ਬੇਟੀ ?"

"ਅੰਕਲ ਜੇ ਮੈਂ ਇੱਥੇ ਰਹੀ ਤਾਂ ਮੈਨੂੰ ਫਿਰ ਤੋਂ ਕਿਸੇ ਨਾ ਕਿਸੇ ਏਜੈਂਸੀ ਨੇ ਗ੍ਰਿਫਤਾਰ ਕਰ ਲੈਣਾਂ ਐਂ ਤੇ ਫਿਰ ਤੋਂ ਉਹੀ ਜਸੂਸੀ ਦਾ ਕੰਮ ਕਰਵਾਉਣਾ ਐਂ। ਤੁਹਾਨੂੰ ਪਤਾ ਈ ਐ ਕਿ ਇਸ ਕੰਮ 'ਚ ਕਿੰਨਾ ਜ਼ੋਖਮ ਐਂ। ਮੈਂ ਇਹ ਵੀ ਜਾਣਦੀ ਆਂ ਕਿ ਜਦੋਂ ਆਈ ਐੱਸ ਆਈ ਦਾ ਕੰਮ ਨਿਕਲ ਗਿਆ ਤਾਂ ਉਨ੍ਹਾਂ ਮੈਨੂੰ ਅਮਰੀਕਣਾ ਦੇ ਹਵਾਲੇ ਕਰ ਦੇਣਾਂ ਐਂ। ਇਸ ਵੇਲੇ ਜੇ ਕੋਈ ਮੇਰੇ ਲਈ ਢੁੱਕਵੀਂ ਜਗ੍ਹਾ ਐ ਤਾਂ ਉਹ ਐ ਅਫਗਾਨਿਸਤਾਨ ਦੇ ਵਿੱਚ ਤਾਲੀਬਾਨ। ਪਰ ਮੇਰਾ 'ਕੱਲੀ ਦਾ ਉੱਥੇ ਪਹੁੰਚਣਾ ਸੁਖਾਲਾ ਨ੍ਹੀਂ ਐ।"



"ਆਫੀਆ ਬੇਟੀ ਮੈਂ ਤਾਂ ਕਹਿੰਨਾ ਆਂ ਕਿ ਤੂੰ ਆਪਣੇ ਘਰ ਆ ਜਾ। ਆਪਾਂ ਸਭ ਕੁਛ ਠੀਕ ਕਰ ਲਵਾਂਗੇ।"

"ਨ੍ਹੀਂ ਅੰਕਲ ਇਹ ਮੇਰਾ ਨਿਸ਼ਾਨਾ ਨ੍ਹੀਂ ਹੈ। ਮੈਂ ਆਪਣੀ ਜ਼ਿੰਦਗੀ ਜਿਹਾਦ ਦੇ ਲੇਖੇ ਲਾਉਣੀ ਐਂ। ਮੇਰੀ ਤੀਬਰ ਇੱਛਾ ਐ ਕਿ ਮੈਂ ਫਰੰਟ 'ਤੇ ਜਾ ਕੇ ਲੜਾਈ 'ਚ ਹਿੱਸਾ ਲਵਾਂ।"

"ਫਿਰ ਆਫੀਆ, ਮੈਂ ਤੇਰੀ ਇਸ ਕੰਮ 'ਚ ਕੀ ਮੱਦਦ ਕਰ ਸਕਦਾ ਆਂ ?" ਫਾਰੂਕੀ ਨਿਰਾਸ਼ ਆਵਾਜ਼ 'ਚ ਬੋਲਿਆ।

"ਤੁਸੀਂ ਮੈਨੂੰ ਤਾਲੀਬਾਨਾਂ ਤੱਕ ਪਹੁੰਚਣ ਵਿੱਚ ਮੱਦਦ ਕਰੋ। ਜਿਵੇਂ ਮੈਂ ਪਹਿਲਾਂ ਈ ਕਿਹਾ ਐ ਕਿ ਇਕੱਲੀ ਔਰਤ ਦਾ ਉੱਥੇ ਜਾਣਾ ਸੁਖਾਲਾ ਨ੍ਹੀਂ ਐ। ਉਹ ਵੀ ਮੇਰਾ, ਜਿਸਨੂੰ ਥਾਂ ਥਾਂ 'ਤੇ ਏਜੈਂਸੀਆਂ ਲੱਭਦੀਆਂ ਫਿਰਦੀਆਂ ਨੇ।"

ਉਸਦੀ ਗੱਲ ਸੁਣ ਕੇ ਫਾਰੂਕੀ ਸੋਚੀਂ ਪੈ ਗਿਆ। ਫਿਰ ਉਸਨੂੰ ਖਿਆਲ ਆਇਆ ਕਿ ਇਸਦੀ ਮੱਦਦ ਕਰਨੀ ਹੀ ਪਵੇਗੀ। ਉਹ ਆਫੀਆ ਵੱਲ ਵੇਖਦਾ ਬੋਲਿਆ, "ਠੀਕ ਐ ਬੇਟੀ, ਮੇਰੀ ਤਾਲੀਬਾਨਾਂ ਦੀ ਗੌਰਮਿੰਟ ਵੇਲੇ ਦੇ ਕਈ ਅਫਸਰਾਂ ਨਾਲ ਜਾਣ-ਪਛਾਣ ਐ। ਮੈਂ ਤੈਨੂੰ ਉਨ੍ਹਾਂ ਤੱਕ ਪਹੁੰਚਾ ਦੇਵਾਂਗਾ। ਪਰ ਇਹ ਪ੍ਰਬੰਧ ਕਰਨ 'ਚ ਕੁਛ ਦਿਨ ਲੱਗ ਜਾਣਗੇ। ਚੱਲ ਉੱਨਾਂ ਚਿਰ ਤੂੰ ਮੇਰੇ ਘਰੇ ਠਹਿਰ ਜਾ।"

ਆਫੀਆ ਨੇ ਉਸਦੀ ਗੱਲ ਨਾ ਮੰਨੀ। ਉਹ ਰਾਤ ਵੇਲੇ ਕਿਸੇ ਹੋਟਲ ਵਿੱਚ ਰੁਕੀ। ਅਗਲੇ ਦਿਨ ਫਾਰੂਕੀ ਨੇ, ਕਿਵੇਂ ਨਾ ਕਿਵੇਂ ਉਸਨੂੰ ਘਰੇ ਆਉਣ ਲਈ ਮਨਾ ਲਿਆ। ਆਫੀਆ ਡਰਦੀ ਸੀ ਕਿ ਕੋਈ ਏਜੈਂਸੀ ਉਸਦਾ ਪਿੱਛਾ ਨਾ ਕਰ ਰਹੀ ਹੋਵੇ। ਪਰ ਫਿਰ ਵੀ ਉਹ ਉਸਦੇ ਨਾਲ ਘਰੇ ਆ ਗਈ। ਉਦੋਂ ਤੱਕ ਉਸਦੀ ਮਾਂ ਇਸਮਤ ਅਤੇ ਭੈਣ ਫੌਜ਼ੀਆ ਵੀ ਆ ਗਈਆਂ ਸਨ। ਉਨ੍ਹਾਂ ਦੋਨਾਂ ਨੂੰ ਰਾਤ ਵੇਲੇ ਹੀ ਫਾਰੂਕੀ ਨੇ ਸੰਦੇਸ਼ ਭੇਜ ਦਿੱਤਾ ਸੀ। ਬੜੇ ਹੀ ਭਾਵੁਕ ਮਾਹੌਲ ਵਿੱਚ ਤਿੰਨੋਂ ਮਾਵਾਂ ਧੀਆਂ ਦੀ ਮੁਲਾਕਤ ਹੋਈ। ਫਿਰ ਉਸਦੀ ਮਾਂ ਅਤੇ ਭੈਣ ਉਸਨੂੰ ਘਰੇ ਜਾਣ ਲਈ ਮਨਾਉਂਦੀਆਂ ਰਹੀਆਂ। ਪਰ ਆਫੀਆ ਨੇ ਕਿਹਾ ਕਿ ਘਰੇ ਜਾਣਾਂ ਜਾਂ ਇੱਥੇ ਕਿਧਰੇ ਹੋਰ ਜਾਣਾ ਉਸ ਲਈ ਇਸ ਵੇਲੇ ਮੌਤ ਤੋਂ ਘੱਟ ਨਹੀਂ ਹੈ। ਬੱਸ ਉਸਦੀ ਅਸਲੀ ਮੰਜ਼ਲ ਤਾਲੀਬਾਨ ਹਨ। ਰਾਤ ਵੇਲੇ ਆਫੀਆ ਚੰਗੀ ਤਰ੍ਹਾਂ ਸੁੱਤੀ ਵੀ ਨਾ। ਪਤਾ ਨਹੀਂ ਉਹ ਕਿਨ੍ਹਾਂ ਸੋਚਾਂ 'ਚ ਗੁੰਮ ਸੀ। ਸ਼ਾਇਦ ਉਸਨੂੰ ਲੱਗ ਰਿਹਾ ਸੀ ਕਿ ਇਹ ਲੋਕ ਉਸਦੇ ਅਫਗਾਨਿਸਤਾਨ ਜਾਣ ਵਿੱਚ ਰੁਕਾਵਟ ਬਣਨਗੇ। ਉਹ ਸਵੇਰੇ ਸਾਜਰੇ ਉੱਠੀ ਤੇ ਕਹਿਣ ਲੱਗੀ ਕਿ ਉਹ ਲਾਹੌਰ ਜਾ ਰਹੀ ਹੈ। ਮਾਂ ਭੈਣ ਅਤੇ ਚਾਚਾ ਹੈਰਾਨ ਹੋ ਕੇ ਰਹਿ ਗਏ। ਉਨ੍ਹਾਂ ਦੇ ਵੇਖਦਿਆਂ ਵੇਖਦਿਆਂ ਉਹ ਟੈਕਸੀ 'ਚ ਬੈਠ ਕੇ ਘਰੋਂ ਚਲੀ ਗਈ। ਅਗਲੇ ਛੇ ਮਹੀਨੇ ਆਫੀਆ ਦੇ ਘਰ ਵਾਲਿਆਂ ਨੂੰ ਉਸ ਬਾਰੇ ਕੁਝ ਪਤਾ ਨਾ ਲੱਗਿਆ। ਫਿਰ ਉਸ ਦਿਨ ਉਨ੍ਹਾਂ ਦੇ ਹੋਸ਼ ਉੱਡ ਗਏ ਜਦੋਂ ਖ਼ਬਰ ਆਈ ਕਿ ਆਫੀਆ, ਅਫਗਾਨਿਸਤਾਨ ਦੇ ਗਜ਼ਨੀ ਸ਼ਹਿਰ 'ਚ ਫੜੀ ਗਈ...।

## 8

ਭਾਵੇਂ ਅਮਰੀਕਾ ਨੇ ਉਸਦੀ ਗ੍ਰਿਫਤਾਰੀ ਬਾਰੇ ਕੁਝ ਨਹੀਂ ਦੱਸਿਆ ਸੀ, ਪਰ ਫਿਰ ਵੀ ਇਹ ਗੱਲ ਪਾਕਿਸਤਾਨ ਵਿੱਚ ਪਹੁੰਚ ਗਈ। ਇੰਨਾ ਹੀ ਨਹੀਂ ਇਹ ਵੀ ਕਿ ਅਮਰੀਕਨਾਂ ਨੇ ਉਸਦੇ ਗੋਲੀ ਮਾਰੀ ਹੈ ਜਿਸ ਨਾਲ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ। ਲੋਕਾਂ ਦਾ ਸੋਚਣਾ ਸੀ ਕਿ ਉਸਨੂੰ ਜਾਨੋ ਮਾਰਨ ਲਈ ਹੀ ਉਸਦੇ ਗੋਲੀ ਮਾਰੀ ਗਈ ਹੋਊਗੀ, ਪਰ ਉਹ ਸਬੱਬੀਂ ਬਚ ਰਹੀ। ਪਰ ਇਸ ਗੱਲ ਬਾਰੇ ਅਮਰੀਕਣ ਫੌਜ ਦੇ ਅਫਸਰਾਂ ਦਾ ਕੁਝ ਹੋਰ ਕਹਿਣਾਂ ਸੀ। ਉਨ੍ਹਾਂ ਮੁਤਾਬਕ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਕੋਈ ਅੱਤਵਾਦੀ ਔਰਤ ਫੜੀ ਗਈ ਹੈ ਤਾਂ ਉਹ ਉਸ ਨਾਲ ਇੰਟਰਵਿਊ ਕਰਨ ਲਈ

ਉਸ ਕਮਰੇ 'ਚ ਪਹੁੰਚੇ ਜਿੱਥੇ ਉਹ ਰੱਖੀ ਹੋਈ ਸੀ। ਅੰਦਰ ਸਾਹਮਣੇ ਕੁਝ ਅਫਗਾਨੀ ਪੁਲੀਸ ਵਾਲੇ ਬੈਠੇ ਸਨ। ਸਾਰਿਆਂ ਤੋਂ ਪਿੱਛੇ ਆਫੀਆ ਪਰਦੇ ਦੇ ਪਿੱਛੇ ਬੈਠੀ ਸੀ। ਉਹ ਬਹਿ ਕੇ ਅਫਗਾਨ ਪੁਲੀਸ ਵਾਲਿਆਂ ਨਾਲ ਗੱਲਬਾਤ ਕਰਨ ਲੱਗੇ ਹੀ ਸਨ ਕਿ ਆਫੀਆ ਨੇ ਪਰਦੇ ਪਿੱਛਿਉਂ ਅੱਗੇ ਆਉਂਦਿਆਂ ਇੱਕ ਅਮਰੀਕਣ ਅਫਸਰ ਦੀ ਐਮ 4 ਗੰਨ ਚੁੱਕ ਲਈ ਤੇ ਉਹ ਉਨ੍ਹਾਂ 'ਤੇ ਗੋਲੀਉਂ ਚਲਾਉਣ ਲੱਗੀ। ਆਪਣੇ ਬਚਾਅ ਲਈ, ਕੋਲੋਂ ਅਮਰੀਕਣ ਅਫਸਰ ਨੇ ਗੋਲੀ ਚਲਾਈ ਜੋ ਆਫੀਆ ਦੇ ਪੇਟ 'ਚ ਲੱਗੀ। ਫਿਰ ਉਹ ਉਸਨੂੰ ਜ਼ਖ਼ਮੀ ਹੋਈ ਨੂੰ ਸਟਰੈਚਰ 'ਤੇ ਪਾ ਕੇ ਆਪਣੇ ਬੇਸ ਲੈ ਗਏ। ਇਸ ਘਟਨਾ ਬਾਰੇ ਆਫੀਆ ਨੇ ਅੱਗੇ ਚੱਲ ਕੇ ਕੋਰਟ ਨੂੰ ਕੁਝ ਹੋਰ ਦੱਸਿਆ। ਖ਼ੈਰ ਪਾਕਿਸਤਾਨ ਦੇ ਲੋਕ ਭੜਕ ਉੱਠੇ। ਹਿਊਮਨ ਰਾਈਟਸ ਵਾਲੇ ਅਤੇ ਹੋਰ ਕਈ ਗਰੁੱਪ ਅੱਗੇ ਆ ਗਏ ਸਨ। ਪਾਕਿਸਤਾਨ ਵਿੱਚ ਮਾਹੌਲ ਬਹੁਤ ਗਰਮਾ ਗਿਆ ਪਰ ਉਦੋਂ ਨੂੰ ਅਮਰੀਕਾ ਵਾਲੇ ਆਫੀਆ ਨੂੰ ਨਿਊਯਾਰਕ ਲਿਜਾ ਚੁੱਕੇ ਸਨ। ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਨੇ ਪ੍ਰੈੱਸ ਬੁਲਾ ਕੇ ਇਹ ਵੀ ਦੱਸ ਦਿੱਤਾ ਸੀ ਕਿ ਦੁਨੀਆਂ ਦੀ ਸਭ ਤੋਂ ਵੱਧ ਖਤਰਨਾਕ ਔਰਤ, ਆਫੀਆ ਸਦੀਕੀ ਫੜ੍ਹੀ ਜਾ ਚੁੱਕੀ ਹੈ।

ਆਫੀਆ ਨੂੰ ਨਿਊਯਾਰਕ ਦੇ ਉਸੇ ਮੈਟਰੋਪਾਲੇਟਿਨ ਡਿਟੈਨਸ਼ਨ ਸੈਂਟਰ ਵਿੱਚ ਬੰਦ ਕੀਤਾ ਗਿਆ ਸੀ ਜਿੱਥੇ ਕਦੇ 1993 ਦੇ ਵਰਲਡ ਟਰੇਡ ਸੈਂਟਰ ਦੇ ਨਾਰਥ ਟਾਵਰ ਦੀ ਪਾਰਕਿੰਗ ਵਿੱਚ ਧਮਾਕਾ ਕਰਨ ਵਾਲੇ ਰਮਜੀ ਯੂਸਫ ਨੂੰ ਰੱਖਿਆ ਗਿਆ ਸੀ। ਉਸਦੇ ਹੋਰ ਬਹੁਤ ਸਾਰੇ ਸਾਥੀ ਜੋ ਇਸ ਵੇਲੇ ਜੇਲ੍ਹਾਂ 'ਚ ਆਪਣੀ ਸਜ਼ਾ ਭੁਗਤ ਰਹੇ ਸਨ ਇਸੇ ਸੈਂਟਰ ਵਿੱਚੋਂ ਦੀ ਲੰਘ ਕੇ ਗਏ ਸਨ। ਅਗਸਤ ਪੰਜ, ਸਵੇਰੇ ਦਸ ਵਜੇ ਆਫੀਆ ਨੂੰ ਕੋਰਟ 'ਚ ਪੇਸ਼ ਕੀਤਾ ਗਿਆ। ਸਾਰੀ ਪ੍ਰੈੱਸ ਇਹ ਵੇਖਣ ਲਈ ਉਤਾਵਲੀ ਸੀ ਕਿ ਅੱਤਵਾਦ ਦੀ ਦੁਨੀਆਂ ਦੀ ਸਭ ਤੋਂ ਵੱਧ ਲੋੜੀਂਦੀ ਔਰਤ ਵੇਖਣ ਨੂੰ ਲੱਗਦੀ ਕਿਹੋ ਜਿਹੀ ਹੈ। ਥੋੜ੍ਹੀ ਦੇਰ ਪਿੱਛੋਂ ਪੁਲਿਸ ਵਾਲਿਆਂ ਨੇ ਇੱਕ ਪੈਂਤੀ ਛੱਤੀ ਵਰਿਆਂ ਦੀ ਛੋਟੀ ਜਿਹੀ ਤੇ ਭੋਲੀ ਭਾਲੀ ਦਿਸਦੀ ਕੁੜੀ ਨੂੰ ਲਿਆ ਕੇ ਕੋਰਟ 'ਚ ਖੜ੍ਹਾ ਕੀਤਾ ਤਾਂ ਦੇਖਦਿਆਂ ਸਾਰ ਸਭ ਹੈਰਾਨ ਰਹਿ ਗਏ। ਕਈਆਂ ਨੂੰ ਤਾਂ ਲੱਗਿਆ ਕਿ ਇਹ ਕੁੜੀ ਅੱਤਵਾਦੀ ਹੋ ਹੀ ਨਹੀਂ ਸਕਦੀ। ਉਸਨੇ ਹਲਕੇ ਰੰਗ ਦੇ ਕੱਪੜੇ ਪਹਿਨੇ ਹੋਏ ਸਨ। ਸਿਰ 'ਤੇ ਨਾਭੀ ਰੰਗ ਦਾ ਸਕਾਰਫ ਲਪੇਟਿਆ ਹੋਇਆ ਸੀ। ਵੇਖਣ ਨੂੰ ਉਹ ਬਹੁਤ ਹੀ ਕਮਜ਼ੋਰ ਲੱਗਦੀ ਸੀ। ਸ਼ਾਇਦ ਉਹ ਅਜੇ ਤੱਕ ਗੋਲੀ ਲੱਗੇ ਜ਼ਖ਼ਮ ਕਾਰਨ ਪੂਰੀ ਤਰ੍ਹਾਂ ਠੀਕ ਨਹੀਂ ਹੋਈ ਸੀ। ਜੱਜ ਨੇ ਉਸਨੂੰ ਪੁੱਛਿਆ ਕਿ ਤੂੰ ਆਪਣਾ ਦੋਸ਼ ਸਵੀਕਾਰ ਕਰਦੀ ਹੈਂ ਤਾਂ ਉਸਨੇ ਨਾਂਹ ਵਿੱਚ ਸਿਰ ਮਾਰਿਆ। ਪ੍ਰੈੱਸ ਦੇ ਲੋਕਾਂ ਨਾਲ ਖਚਾ ਖਚ ਭਰੀ ਕੋਰਟ ਵਿੱਚ ਚੁੱਪ ਛਾਈ ਹੋਈ ਸੀ। ਸਭ ਨੂੰ ਲੱਗ ਰਿਹਾ ਸੀ ਕਿ ਇਹ ਕੇਸ ਅੱਤਵਾਦ ਖਿਲਾਫ ਚੱਲ ਰਹੀ ਗੁਪਤ ਲੜਾਈ ਦਾ ਸਭ ਤੋਂ ਔਖਾ ਕੇਸ ਹੋਵੇਗਾ। ਆਮ ਲੋਕਾਂ ਦੇ ਤਾਂ ਇਹ ਗੱਲ ਵੀ ਮੰਨਣ ਵਿੱਚ ਨਹੀਂ ਆ ਰਹੀ ਸੀ ਕਿ ਆਫੀਆ ਨੂੰ ਵਾਕਿਆ ਹੀ ਗਜ਼ਨੀ ਸ਼ਹਿਰ ਵਿੱਚ ਫੜ੍ਹਿਆ ਗਿਆ ਹੋਵੇਗਾ। ਉਹ ਸੋਚ ਰਹੇ ਸਨ ਕਿ ਪਿਛਲੇ ਪੰਜ ਸਾਲਾਂ ਤੋਂ ਗੁਪਤ ਜੇਲ੍ਹ 'ਚ ਰੱਖੀ ਆਫੀਆ ਨੂੰ ਸਿਰਫ ਸਟੰਟ ਰਚਣ ਲਈ ਗਜ਼ਨੀ ਦੇ ਬਾਜ਼ਾਰ ਵਿੱਚ ਲਿਆ ਕੇ ਛੱਡ ਦਿੱਤਾ ਗਿਆ ਹੋਵੇਗਾ ਤੇ ਨਾਲ ਦੀ ਨਾਲ ਫੜ੍ਹ ਲਿਆ ਗਿਆ ਹੋਵੇਗਾ।

ਯੂ ਐੱਸ ਦੀ ਸਿਵਲ ਰਾਈਟਸ ਯੂਨੀਅਨ ਨੂੰ ਲੱਗਿਆ ਕਿ ਇੱਕ ਅਜਿਹਾ ਕੇਸ ਆ ਚੁੱਕਿਆ ਹੈ ਜਿਸਨੂੰ ਉਹ ਚਿਰਾਂ ਤੋਂ ਉਡੀਕ ਰਹੇ ਸਨ। ਕਿਉਂਕਿ ਉਹ ਕਈ ਸਾਲਾਂ 'ਤੋਂ ਗੌਰਮਿੰਟ 'ਤੇ ਦੋਸ਼ ਲਾਉਂਦੇ ਆ ਰਹੇ ਸਨ ਕਿ ਉਹ ਅੱਤਵਾਦ ਖਿਲਾਫ ਲੜਾਈ ਦਾ ਬਹਾਨਾ ਵਰਤ ਕੇ ਬਹੁਤ ਸਾਰੇ ਲੋਕਾਂ ਨੂੰ ਲੰਬੇ ਚਿਰ ਤੋਂ ਗੁਪਤ ਜੇਲ੍ਹਾਂ ਵਿੱਚ ਬੰਦ ਕਰੀ ਬੈਠੀ ਹੈ ਤੇ ਉਨ੍ਹਾਂ 'ਤੇ ਅਣਮਨੁੱਖੀ ਤਸ਼ੱਦਤ ਕੀਤਾ ਜਾ ਰਿਹਾ ਹੈ। ਹੁਣ ਉਨ੍ਹਾਂ ਦੀ ਸੋਚਣੀ ਸੀ ਕਿ ਇਸ ਕੇਸ ਰਾਹੀਂ ਉਹ ਇਸ ਸਚਾਈ ਨੂੰ ਸਾਹਮਣੇ ਲੈ ਆਉਣਗੇ।



ਆਫੀਆ ਨੂੰ ਜੋ ਸਿਵਲ ਰਾਈਟਸ ਯੂਨੀਅਨ ਵੱਲੋਂ ਵਕੀਲ ਮਿਲਿਆ ਉਹ ਇੱਕ ਔਰਤ ਵਕੀਲ ਸੀ ਜੋ ਬਹੁਤ ਹੀ ਉੱਚ ਕੋਟੀ ਦੀ ਵਕੀਲ ਮੰਨੀ ਗਈ ਸੀ। ਫਿੰਕ ਨਾਂ ਦੀ ਇਸ ਵਕੀਲ ਨੇ ਸਭ ਤੋਂ ਪਹਿਲਾਂ ਜੱਜ ਨੂੰ ਇਹੀ ਕਿਹਾ ਕਿ ਇਹ ਇੱਕ ਬੇਤੁਕਾ ਕੇਸ ਹੈ ਅਤੇ ਇਸਨੂੰ ਖਾਰਜ ਕਰ ਦਿੱਤਾ ਜਾਵੇ। ਪਰ ਜੱਜ ਨੇ ਉਸਦੀ ਗੱਲ ਅਣਗੌਲੀ ਕਰਦਿਆਂ ਥੋੜ੍ਹੇ ਸਮੇਂ ਪਿੱਛੋਂ ਹੀ ਕੋਰਟ ਬਰਖਾਸਤ ਕਰ ਦਿੱਤੀ। ਮਾਰਸ਼ਲ ਆਫੀਆ ਨੂੰ ਵਾਪਸ ਜੇਲ੍ਹ ਵੱਲ ਲੈ ਗਏ। ਅਗਲੇ ਦਿਨ ਆਫੀਆ ਦੇ ਪਰਿਵਾਰ ਦੀ ਵਕੀਲ ਸ਼ਾਰਪ ਵੀ ਉੱਥੇ ਪਹੁੰਚ ਗਈ। ਫਿੰਕ ਅਤੇ ਸ਼ਾਰਪ ਨੇ ਤਕਰੀਬਨ ਤਿੰਨ ਘੰਟੇ ਜੇਲ੍ਹ 'ਚ ਆਫੀਆ ਨਾਲ ਲੰਬੀ ਇੰਟਰਵਿਊ ਕੀਤੀ। ਬਾਹਰ ਆ ਕੇ ਸ਼ਾਰਪ ਨੇ ਐਲਾਨ ਕੀਤਾ ਕਿ ਆਫੀਆ ਮੁਤਾਬਕ ਉਸਨੂੰ ਪਿਛਲੇ ਕਿੰਨੇ ਹੀ ਸਾਲਾਂ ਤੋਂ ਅਫਗਾਨਿਸਤਾਨ ਦੇ ਬੈਗਰਾਮ ਏਅਰਫੋਰਸ ਬੇਸ ਦੇ ਗੁਪਤ ਸੈੱਲ ਵਿੱਚ ਕੈਦ ਰੱਖਿਆ ਗਿਆ ਸੀ। ਇਸਦੇ ਉਲਟ ਗੌਰਮਿੰਟ ਇਹ ਨਹੀਂ ਸੀ ਮੰਨਦੀ ਕਿ ਉਹ ਪਹਿਲਾਂ ਤੋਂ ਐਫ. ਬੀ. ਆਈ. ਜਾਂ ਸੀ. ਆਈ. ਏ. ਦੀ ਹਿਰਾਸਤ ਵਿੱਚ ਸੀ। ਪਰ ਉਹ ਇਹ ਕਹਿ ਰਹੇ ਸਨ ਕਿ ਇਹ ਬਹੁਤ ਹੀ ਖਤਰਨਾਕ ਅੱਤਵਾਦੀ ਹੈ। ਸਭ ਤੋਂ ਵੱਡਾ ਸਬੂਤ ਉਸ ਕੋਲ ਫੜ੍ਹੇ ਗਏ ਪੇਪਰ ਸਨ ਜੋ ਉਸਦੀ ਗ੍ਰਿਫਤਾਰੀ ਵੇਲੇ ਥਾਣੇਦਾਰ ਗਨੀ ਖਾਂ ਨੇ ਫੜੇ ਸਨ। ਆਫੀਆ ਦੀ ਵਕੀਲ ਦਾ ਕਹਿਣਾਂ ਸੀ ਕਿ ਇਹ ਸਾਰੇ ਪੇਪਰ ਝੂਠੇ ਹਨ ਅਤੇ ਗੌਰਮਿੰਟ ਵੱਲੋਂ ਪਲਾਂਟ ਕੀਤੇ ਗਏ ਹਨ। ਪਰ ਸਰਕਾਰੀ ਵਕੀਲ ਦਾ ਕਹਿਣਾ ਸੀ ਕਿ ਸੈਂਕੜੇ ਪੇਪਰ ਅਤੇ ਉਹ ਵੀ ਆਫੀਆ ਦੀ ਆਪਣੀ ਹੱਥ ਲਿਖਤ ਕਿਵੇਂ ਪਲਾਂਟ ਕੀਤੀ ਜਾ ਸਕਦੀ ਹੈ। ਪਲਾਂਟ ਵਾਲੀ ਗੱਲ ਜਿਊਰੀ ਦੇ ਵੀ ਗਲੇ ਨਹੀਂ ਉਤਰਨੀ ਸੀ। ਪਰ ਪਿੱਛੇ ਪਾਕਿਸਤਾਨ ਵਿੱਚ ਇਹੀ ਗੱਲ ਉਸਦੇ ਚਾਚੇ ਫਾਰੂਕੀ ਨੇ ਸੁਣੀ ਤਾਂ ਉਸਨੂੰ ਕੋਈ ਸ਼ੱਕ ਨਾ ਰਿਹਾ। ਉਸਨੂੰ ਯਾਦ ਆਇਆ ਕਿ ਛੇ ਮਹੀਨੇ ਪਹਿਲਾਂ ਜਦੋਂ ਆਫੀਆ ਉਸਦੇ ਘਰ ਆਈ ਸੀ ਤਾਂ ਇਹੀ ਕਾਲਾ ਬੈਗ ਉਸਦੇ ਕੋਲ ਸੀ ਜਿਸਨੂੰ ਉਹ ਹੱਥ ਨਹੀਂ ਲਾਉਣ ਦੇ ਰਹੀ ਸੀ ਅਤੇ ਬੜਾ ਸੰਭਾਲ ਸੰਭਾਲ ਕੇ ਰੱਖ ਰਹੀ ਸੀ।

ਅਮਜਦ ਅਤੇ ਉਸਦੇ ਘਰਦਿਆਂ ਨੇ ਉਸਦੀ ਗ੍ਰਿਫਤਾਰ ਹੋਣ ਦੀ ਗੱਲ ਸੁਣੀ ਤਾਂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਇਹ ਜਾਣਨ ਦੀ ਕਾਹਲੀ ਹੋਈ ਕਿ ਉਸ ਕੋਲ ਬੱਚੇ ਸਨ ਕਿ ਨਹੀਂ। ਪਰ ਬੱਚੇ ਉਸ ਕੋਲ ਨਹੀਂ ਸਨ। ਪਰ ਜਦੋਂ ਅਮਜਦ ਨੇ ਉਹ ਵੀਡੀਓ ਵੇਖੀ ਜੋ ਆਫੀਆ ਦੀ ਗ੍ਰਿਫਤਾਰੀ ਤੋਂ ਅਗਲੇ ਦਿਨ ਪੁਲੀਸ ਵੱਲੋਂ ਬਣਾਈ ਗਈ ਸੀ ਤਾਂ ਉਸਨੇ ਆਫੀਆ ਨਾਲ ਫੜੇ ਗਏ ਮੁੰਡੇ ਨੂੰ ਪਛਾਣ ਲਿਆ। ਇਹ ਉਸਦਾ ਆਪਣਾ ਪੁੱਤਰ ਅਹਿਮਦ ਸੀ। ਪਰ ਆਫੀਆ ਆਪਣੇ ਪੁੱਤ ਦੀ ਸ਼ਨਾਖਤ ਲੁਕਾ ਕੇ ਰੱਖਣੀ ਚਾਹੁੰਦੀ ਸੀ। ਉਸਨੇ ਆਪਣੀ ਇੰਟੈਰੋਗੇਸ਼ਨ ਕਰਨ ਵਾਲਿਆਂ ਨੂੰ ਇਹੀ ਕਿਹਾ ਕਿ ਉਹ ਮੁੰਡਾ ਕੋਈ ਯਤੀਮ ਸੀ ਇਸੇ ਲਈ ਉਸਨੇ ਉਸਨੂੰ ਆਪਣੇ ਕੋਲ ਰੱਖਿਆ ਹੋਇਆ ਸੀ ਕਿਉਂਕਿ ਉਸਦਾ ਆਪਣਾਂ ਕੋਈ ਨਹੀਂ ਸੀ। ਦੂਸਰਾ ਨਾਲ ਰੱਖਣ ਦਾ ਇੱਕ ਕਾਰਨ ਉਸਨੇ ਇਹ ਵੀ ਦੱਸਿਆ ਕਿ ਔਰਤ ਹੋਣ ਕਾਰਨ ਉਹ ਇਕੱਲੀ ਸਫਰ ਨਹੀਂ ਕਰ ਸਕਦੀ ਇਸੇ ਲਈ ਉਸ ਮੁੰਡੇ ਨੂੰ ਨਾਲ ਰੱਖਦੀ ਸੀ। ਪਰ ਜਦੋਂ ਐਫ. ਬੀ. ਆਈ. ਨੇ ਉਸ ਮੁੰਡੇ ਦਾ ਡੀ ਐੱਨ ਏ ਕਰਵਾਇਆ ਤਾਂ ਇਹ ਗੱਲ ਸਾਫ ਹੋ ਗਈ ਕਿ ਉਹ ਮੁੰਡਾ ਆਫੀਆ ਦਾ ਆਪਣਾਂ ਮੁੰਡਾ ਸੀ। ਇਸ ਗੱਲ ਦਾ ਖੁਲਾਸਾ ਹੋਣ ਪਿੱਛੋਂ ਆਫੀਆ ਬਹੁਤ ਉਦਾਸ ਹੋ ਗਈ ਅਤੇ ਉਸਨੇ ਬੋਲਣਾ ਬੰਦ ਕਰ ਦਿੱਤਾ। ਉਸਨੂੰ ਆਪਣੇ ਮੁੰਡੇ ਦੀ ਜ਼ਿੰਦਗੀ ਬਾਰੇ ਫਿਕਰ ਹੋਇਆ। ਉਹ ਸੋਚਣ ਲੱਗੀ ਕਿ ਐਫ. ਬੀ. ਆਈ. ਉਸਦੇ ਮੁੰਡੇ ਨੂੰ ਮਾਰ ਸਕਦੀ ਹੈ ਜਾਂ ਫਿਰ ਉਸਦੇ ਖਿਲਾਫ ਵੀ ਵਰਤ ਸਕਦੀ ਹੈ। ਕਿਉਂਕਿ ਅਮਰੀਕਣ ਕਾਨੂੰਨ ਮੁਤਾਬਕ ਬਾਰਾਂ ਸਾਲਾਂ ਦਾ ਬੱਚਾ ਆਪਣੇ ਮਾਂ ਪਿਉ ਦੇ ਹੱਕ 'ਚ ਜਾਂ ਉਲਟ ਗਵਾਹੀ ਦੇਣ ਦੇ ਕਾਬਲ ਸਮਝਿਆ ਜਾਂਦਾ ਹੈ। ਆਫੀਆ ਬਿਲਕੁਲ ਹੀ ਚੁੱਪ ਹੋ ਗਈ। ਉਸਨੇ ਆਪਣੇ ਵਕੀਲਾਂ ਨਾਲ ਵੀ ਬੋਲਣਾ ਛੱਡ ਦਿੱਤਾ। ਈਮੇਲ ਬਗੈਰਾ ਭੇਜਣੀਆਂ ਬੰਦ ਕਰ ਦਿੱਤੀਆਂ। ਪੁੱਤਰ ਦੇ ਦੁੱਖ 'ਚ ਉਹ ਸਾਰਾ ਦਿਨ ਇਕੱਲੀ ਬੈਠੀ ਰੋਂਦੀ ਰਹਿੰਦੀ ਸੀ।

ਸਹੀ ਢੰਗ ਨਾਲ ਖਾਣਾ ਛੱਡ ਗਈ ਸੀ।

ਪਾਕਿਸਤਾਨ ਵਿੱਚ ਜਨਤਾ ਬੜੀ ਹਮਦਰਦੀ ਨਾਲ ਆਫੀਆ ਦੀ ਕਹਾਣੀ ਸੁਣਦੀ ਜਾ ਰਹੀ ਸੀ। ਸਾਰਿਆਂ ਨੂੰ ਉਸ ਨਾਲ ਹੱਦੋਂ ਵੱਧ ਹਮਦਰਦੀ ਸੀ। ਪਾਕਿਸਤਾਨ ਦੇ ਟੀਵੀ ਚੈਨਲ, ਜਿਉ ਟੀਵੀ ਨੇ ਖਾਸ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਸੀ ਜਿਸਦਾ ਨਾਂ ਸੀ 'ਏ ਹਿਊਮਨ ਰਾਈਟਸ ਟਰੈਜਿਡੀ, ਆਫੀਆ ਸਦੀਕੀ'। ਪਾਕਿਸਤਾਨ ਦੀ ਗੌਰਮਿੰਟ 'ਚ ਉਸ ਵੇਲੇ ਹਾਲਾਤ ਠੀਕ ਨਹੀਂ ਸਨ। ਮੁਸ਼ਰਫ ਨੇ ਅਸਤੀਫਾ ਦੇ ਦਿੱਤਾ ਸੀ ਅਤੇ ਨਵੀਂ ਚੋਣ ਹੋਣ ਜਾ ਰਹੀ ਸੀ। ਲੋਕਾਂ ਦੀ ਨਬਜ਼ ਪਛਾਣਦਿਆਂ ਉੱਥੇ ਦੀ ਨੈਸ਼ਨਲ ਅਸੈਂਬਲੀ ਨੇ ਆਫੀਆ ਸਦੀਕੀ ਦੇ ਹੱਕ ਵਿੱਚ ਮਤਾ ਪਾਸ ਕਰਦਿਆਂ ਹੋਇਆਂ ਆਫੀਆ ਦੀ ਮੱਦਦ ਲਈ ਇੱਕ ਡੈਲੀਗੇਸ਼ਨ ਅਮਰੀਕਾ ਭੇਜਣ ਦਾ ਹੁਕਮ ਕਰ ਦਿੱਤਾ। ਉੱਧਰ ਅਮਰੀਕਾ ਨੇ ਇਸ ਵੇਲੇ ਡਰੋਨ ਹਮਲੇ ਵਧਾ ਦਿੱਤੇ ਸਨ ਤੇ ਇਨ੍ਹਾਂ ਵਿੱਚ ਚੋਟੀ ਦੇ ਅਲ ਕਾਇਦਾ ਮੈਂਬਰ ਮਾਰੇ ਜਾ ਰਹੇ ਸਨ। ਇਹ ਸ਼ਾਇਦ ਇਸ ਕਰਕੇ ਹੋ ਰਿਹਾ ਸੀ ਕਿ ਆਫੀਆ ਕੋਲੋਂ ਫੜ੍ਹੀ ਗਈ ਥੰਬ ਡਰਾਈਵ ਵਿੱਚੋਂ ਬਹੁਤ ਸਾਰੇ ਅਲ ਕਾਇਦਾ ਮੈਂਬਰਾਂ ਦੇ ਠਿਕਾਣਿਆਂ ਦਾ ਪਤਾ ਲੱਗਿਆ ਸੀ। ਹੋਰ ਕੁਝ ਤਾਂ ਪਾਕਿਸਤਾਨੀ ਸਰਕਾਰ ਨਾ ਕਰ ਸਕੀ ਪਰ ਆਫੀਆ ਦਾ ਮੁੰਡਾ, ਉਸਦੀ ਭੈਣ ਦੇ ਹਵਾਲੇ ਕਰਵਾਉਣ ਦਾ ਕੰਮ ਜ਼ਰੂਰ ਕਰਵਾ ਦਿੱਤਾ।

ਉੱਧਰ ਆਫੀਆ ਦਾ ਵਰਤਾਅ ਅਜੇ ਵੀ ਖਾਮੋਸ਼ ਅਤੇ ਜ਼ਿੱਦੀ ਸੀ। ਉਸਨੇ ਆਪਣੀ ਅਰੇਨਮੈਂਟ 'ਤੇ ਕੋਰਟ 'ਚ ਜਾਣ ਤੋਂ ਜੁਆਬ ਦੇ ਦਿੱਤਾ। ਉਸਨੇ ਕਿਸੇ ਨੂੰ ਵੀ ਮੁਲਾਕਾਤ ਕਰਨ ਤੋਂ ਇਨਕਾਰ ਕਰ ਦਿੱਤਾ। ਜਦੋਂ ਉਸਨੇ ਵਕੀਲਾਂ ਨੂੰ ਮਿਲਣ ਤੋਂ ਮਨਾ ਕਰ ਦਿੱਤਾ ਤਾਂ ਫਿੰਕ ਵਰਗੀ ਮਸ਼ਹੂਰ ਵਕੀਲ ਨੇ ਵੀ ਆਪਣੇ ਆਪ ਨੂੰ ਬੇਵਸ ਜਿਹਾ ਮਹਿਸੂਸ ਕੀਤਾ। ਇਸ ਤਰ੍ਹਾਂ ਆਫੀਆ ਨੇ ਆਪਣੀਆਂ ਕਈ ਕੋਰਟ ਸੁਣਵਾਈਆਂ ਵੀ ਮਿੱਸ ਕਰ ਦਿੱਤੀਆਂ। ਇਹ ਵੇਖਦਿਆਂ ਉਸਦੀ ਵਕੀਲ ਨੇ ਕੋਰਟ ਨੂੰ ਬੇਨਤੀ ਕੀਤੀ ਕਿ ਆਫੀਆ ਦਿਮਾਗੀ ਤੌਰ 'ਤੇ ਸਹੀ ਨਹੀਂ ਜਾਪਦੀ ਇਸ ਕਰਕੇ ਉਸਦਾ ਇਲਾਜ਼ ਕਰਵਾਇਆ ਜਾਵੇ। ਜੱਜ ਨੇ ਇਸ ਬੇਨਤੀ ਨੂੰ ਮੰਨਦਿਆਂ ਹੋਇਆਂ ਆਫੀਆ ਨੂੰ ਫੈਡਰਲ ਮੈਡੀਕਲ ਸੈਂਟਰ ਕਾਰਸਵੈੱਲ, ਟੈਕਸਾਸ ਭੇਜਣ ਦਾ ਹੁਕਮ ਕਰ ਦਿੱਤਾ। ਦਸੰਬਰ ਮਹੀਨੇ ਜਦੋਂ ਪਾਕਿਸਤਾਨੀ ਸਰਕਾਰ ਦਾ ਖਾਸ ਡੈਲੀਗੈਸ਼ਨ ਉਸਨੂੰ ਮਿਲਣ ਆਇਆ ਤਾਂ ਆਫੀਆ ਉਸ ਵੇਲੇ ਉਪਰੋਕਤ ਮੈਡੀਕਲ ਸੈਂਟਰ ਵਿੱਚ ਸੀ। ਉਸਨੇ ਬੜੇ ਚੰਗੇ ਢੰਗ ਨਾਲ ਇਸ ਡੈਲੀਗੇਸ਼ਨ ਨਾਲ ਮੁਲਾਕਾਤ ਕੀਤੀ। ਡੈਲੀਗੇਸ਼ਨ ਨੇ ਪਾਕਿਸਤਾਨ ਸਰਕਾਰ ਵੱਲੋਂ ਉਸਨੂੰ ਕਨੂੰਨੀ ਮੱਦਦ ਦਾ ਭਰੋਸਾ ਦਿਵਾਇਆ। ਇਸ ਤੋਂ ਛੇਤੀ ਪਿੱਛੋਂ ਪਾਕਿਸਤਾਨੀ ਸਰਕਾਰ ਨੇ ਆਫੀਆ ਦੇ ਕਾਨੂੰਨੀ ਖਰਚਿਆਂ ਲਈ ਤਕਰੀਬਨ ਦੋ ਮਿਲੀਅਨ ਡਾਲਰ ਦੀ ਮੱਦਦ ਦਾ ਪ੍ਰਬੰਧ ਕਰ ਦਿੱਤਾ। ਜਦੋਂ ਅਮਰੀਕਨ ਸਰਕਾਰ ਨੇ ਫੈਸਲਾ ਕੀਤਾ ਕਿ ਉਹ ਆਫੀਆ 'ਤੇ ਅੱਤਵਾਦ ਦਾ ਮੁਕੱਦਮਾ ਨਹੀਂ ਚਲਾਏਗੀ, ਸਗੋਂ ਉਸ 'ਤੇ ਉਹ ਮੁਕੱਦਮਾ ਚਲਾਇਆ ਜਾਏਗਾ ਜੋ ਕਿ ਉਸਨੇ ਅਮਰੀਕਣ ਫ਼ੌਜੀਆਂ 'ਤੇ ਗੋਲੀ ਚਲਾਈ ਸੀ, ਤਾਂ ਆਫੀਆ ਨੂੰ ਕਾਫੀ ਰਾਹਤ ਮਿਲੀ। ਉਸਨੇ ਆਪਣੀ ਚੁੱਪੀ ਤੋੜਨ ਦਾ ਇਰਾਦਾ ਕਰ ਲਿਆ। ਉੱਧਰ ਆਫੀਆ ਦੇ ਡਾਕਟਰਾਂ ਨੇ ਆਪਣੀ ਰਿਪੋਰਟ ਵਿੱਚ ਲਿਖ ਦਿੱਤਾ ਕਿ ਉਹ ਮਾਨਸਿਕ ਤੌਰ 'ਤੇ ਬਿਮਾਰ ਹੈ। ਉਸਦੀ ਵਕੀਲ ਫਿੰਕ ਨੇ ਇਸਦਾ ਫਾਇਦਾ ਉਠਾਉਂਦਿਆਂ ਸਰਕਾਰ 'ਤੇ ਇਲਜ਼ਾਮ ਲਾਇਆ ਕਿ ਐਫ. ਬੀ. ਆਈ. ਦੇ ਟੌਰਚਰ ਕਾਰਨ ਹੀ ਆਫੀਆ ਦੀ ਇਹ ਹਾਲਤ ਹੋਈ ਹੈ। ਪਰ ਆਫੀਆ ਨੇ ਉਸ ਨਾਲ ਬੋਲਣਾ ਬੰਦ ਕਰ ਦਿੱਤਾ। ਸਿਰਫ ਉਸੇ ਨਾਲ ਹੀ ਨਹੀਂ ਸਗੋਂ ਆਫੀਆ ਹਰ ਉਸ ਸ਼ਖ਼ਸ਼ ਤੋਂ ਦੂਰ ਰਹਿਣ ਲੱਗੀ ਜਿਸ ਬਾਰੇ ਉਸਨੂੰ ਲੱਗਦਾ ਸੀ ਕਿ ਉਹ ਯਾਹੂਦੀ ਹੈ ਜਾਂ ਯਾਹੂਦੀਆਂ ਦੇ ਸੰਪਰਕ 'ਚ ਹੈ। ਇਸੇ ਵਿਚਕਾਰ ਆਫੀਆ ਨੂੰ ਉਦੋਂ ਨਿਰਾਸ਼ਾ ਹੋਈ ਜਦੋਂ ਡਾਕਟਰਾਂ ਦੀ ਇੱਕ ਹੋਰ ਟੀਮ ਉਸਦਾ ਮੁਆਇਨਾ ਕਰਨ ਆ ਪਹੁੰਚੀ। ਕਿਉਂਕਿ ਉਹ ਤਾਂ ਸੋਚ ਰਹੀ ਸੀ ਕਿ ਸ਼ਾਇਦ ਪਹਿਲੀ ਰਿਪੋਰਟ ਦੀ ਵਜ੍ਹਾ ਕਰਕੇ



ਉਸ 'ਤੇ ਕੇਸ ਹੀ ਨਾ ਚੱਲੇ। ਇਸੇ ਵਿਚਕਾਰ ਉਸਨੇ ਇੱਕ ਲੰਬਾ ਪੱਤਰ ਲਿਖਿਆ ਜਿਸ ਵਿੱਚ ਕਿਹਾ ਗਿਆ ਸੀ ਕਿ ਅਮਰੀਕਾ ਇਜ਼ਰਾਇਲ ਦੇ ਹੱਥਾਂ ਵਿੱਚ ਖੇਡ ਰਿਹਾ ਹੈ। ਇਸ ਵਿੱਚ ਉਸਨੇ ਆਪਣਾ ਨੁਕਤਾ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਜੇਲ੍ਹ ਵਾਰਡਨ ਨੂੰ ਇਹ ਚਿੱਠੀ ਦਿੰਦਿਆਂ ਉਸਨੇ ਜ਼ੋਰ ਦੇ ਕੇ ਕਿਹਾ ਕਿ ਇਸਨੂੰ ਪਰੈਜ਼ੀਡੈਂਟ ਉਬਾਮਾ ਤੱਕ ਪਹੁੰਚਾ ਦਿੱਤਾ ਜਾਵੇ। ਇਸ ਚਿੱਠੀ ਵਿੱਚ ਉਸਨੇ ਧਮਕੀਆਂ ਵੀ ਦਿੱਤੀਆਂ ਸਨ। ਜਿਨ੍ਹਾਂ ਦਾ ਮਤਲਬ ਸੀ ਕਿ ਉਹ ਐਫ. ਬੀ. ਆਈ. ਅਤੇ ਸੀ. ਆਈ. ਏ. ਦੇ ਉਪਰੇਸ਼ਨਾਂ ਬਾਰੇ ਬਹੁਤ ਕੁਝ ਜਾਣਦੀ ਹੈ। ਉਸਨੂੰ ਪੂਰੀ ਉਮੀਦ ਸੀ ਕਿ ਸ਼ਾਇਦ ਐਫ. ਬੀ. ਆਈ. ਉਸ ਤੋਂ ਹੋਰ ਜਾਣਕਾਰੀ ਲੈਣ ਬਦਲੇ ਉਸਨੂੰ ਛੱਡ ਦੇਵੇਗੀ। ਪਰ ਆਫੀਆ ਨੂੰ ਫਿਰ ਨਿਰਾਸ਼ਾ ਹੱਥ ਲੱਗੀ। ਉਸਦੀ ਇਸ ਚਿੱਠੀ ਦਾ ਕਿਸੇ ਨੇ ਵੀ ਨੋਟਿਸ ਨਾ ਲਿਆ। ਸਗੋਂ ਉਸਨੂੰ ਵੱਡਾ ਧੱਕਾ ਉਦੋਂ ਲੱਗਿਆ ਜਦੋਂ ਡਾਕਟਰਾਂ ਦੀ ਨਵੀਂ ਟੀਮ ਨੇ ਆਪਣੀ ਰਿਪੋਰਟ ਵਿੱਚ ਲਿਖ ਦਿੱਤਾ ਕਿ ਉਹ ਬਿਲਕੁਲ ਠੀਕ ਹੈ ਅਤੇ ਆਪਣੇ ਕੇਸ ਦਾ ਸਾਹਮਣਾ ਸਹੀ ਢੰਗ ਨਾਲ ਕਰ ਸਕਦੀ ਹੈ। ਜੱਜ ਨੇ ਉਸਦਾ ਵਕੀਲ ਬਦਲਦਿਆਂ ਹੋਇਆਂ ਨਵੀਂ ਕੋਰਟ ਡੇਟ ਰੱਖ ਦਿੱਤੀ। ਉਸਦੀ ਨਵੀਂ ਵਕੀਲ ਡਾਨ ਕਾਰਡੀ ਸੀ ਅਤੇ ਕੋਰਟ ਡੇਟ 7 ਜੂਨ, 2009 ਸੀ। ਉਸ ਦਿਨ ਜੱਜ, ਬਰਮਨ ਨੇ ਕਾਰਵਾਈ ਸ਼ੁਰੂ ਕਰਦਿਆਂ ਆਫੀਆ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ। ਮਾਰਸ਼ਲ ਨੇ ਆਫੀਆ ਨੂੰ ਲਿਆ ਕੇ ਕੋਰਟ 'ਚ ਖੜ੍ਹੀ ਕਰ ਦਿੱਤਾ। ਜ਼ਰੂਰੀ ਕਾਰਵਾਈ ਨਿਪਟਾਉਂਦਿਆਂ ਜੱਜ ਨੇ ਉਸਨੂੰ ਉਸਦੀ ਵਕੀਲ ਕੋਲ ਬੈਠਣ ਦੀ ਇਜਾਜ਼ਤ ਦੇ ਦਿੱਤੀ। ਵਕੀਲ ਆਪਣਾ ਕੰਮ ਕਰਨ ਲੱਗੀ ਪਰ ਜਾਪਦਾ ਸੀ ਕਿ ਆਫੀਆ ਨੂੰ ਆਪਣੀ ਵਕੀਲ ਨਾਲ ਕੋਈ ਸਰੋਕਾਰ ਨਹੀਂ। ਉਹ ਚੱਲਦੀ ਕਾਰਵਾਈ ਵਿੱਚ ਉੱਠ ਖੜ੍ਹੀ ਹੋਈ ਅਤੇ ਉੱਚੀ ਬੋਲੀ, "ਮੈਂ ਕੁਝ ਕਹਿਣਾ ਚਾਹੁੰਨੀ ਆਂ....।"

"ਮਿਸ ਆਫੀਆ ਤੈਨੂੰ ਬੋਲਣ ਦਾ ਵਕਤ ਮਿਲੂਗਾ ਪਰ ਅਜੇ ਤੂੰ ਬੈਠ।" ਜੱਜ ਨੇ ਹੁਕਮ ਸੁਣਾਇਆ। ਪਰ ਆਫੀਆ ਉਸਦੀ ਗੱਲ ਮੰਨਣ ਦੀ ਬਜਾਇ ਬੋਲਦੀ ਰਹੀ, "ਮੈਂ ਜੋ ਕੁਝ ਕੀਤਾ ਉਹ ਮੈਂ ਦੁਨੀਆਂ 'ਚ ਸ਼ਾਂਤੀ ਸਥਾਪਤ ਕਰਨ ਲਈ ਕੀਤਾ....।"

ਉਸਦੇ ਬੋਲਣ ਨਾਲ ਕੋਰਟ ਦੇ ਕੰਮ 'ਚ ਰੁਕਾਵਟ ਪੈ ਗਈ। ਜੱਜ ਨੇ ਔਖ ਜਿਹੀ ਮੰਨਦਿਆਂ ਹੋਇਆਂ ਆਫੀਆ ਵੱਲ ਵੇਖਿਆ। ਪਰ ਆਫੀਆ ਨੇ ਆਪਣੀ ਗੱਲ ਜਾਰੀ ਰੱਖੀ, "ਮੈਂ ਤਾਂ ਤਾਲੀਬਾਨਾਂ ਅਤੇ ਅਮਰੀਕਾ ਵਿਚਕਾਰ ਸਮਝੌਤਾ ਕਰਵਾਉਣਾ ਚਾਹੁੰਨੀ ਆਂ। ਤੁਸੀਂ ਮੇਰੀ ਗੱਲ ਕਿਉਂ ਨ੍ਹੀਂ ਸੁਣਦੇ।"

"ਮਿਸ ਆਫੀਆ ਤੂੰ ਪਲੀਜ਼ ਬੈਠ ਜਾ।" ਜੱਜ ਨੇ ਸਖਤ ਲਹਿਜੇ 'ਚ ਇਹ ਲਫਜ਼ ਕਹੇ ਤਾਂ ਆਫੀਆ ਬੈਠ ਗਈ। ਉਸਨੇ ਮੇਜ਼ 'ਤੇ ਸਿਰ ਰੱਖ ਲਿਆ ਤੇ ਅੱਖਾਂ ਮੀਚ ਲਈਆਂ। ਉਸ ਦੀ ਇਹ ਹਾਲਤ ਵੇਖ ਕੇ ਉਸਦੀ ਵਕੀਲ ਬੋਲੀ, "ਤੁਸੀਂ ਮਿਸ ਆਫੀਆ ਦੀ ਹਾਲਤ ਵੇਖ ਕੇ ਖੁਦ ਅੰਦਾਜ਼ਾ ਲਾ ਸਕਦੇ ਓਂ ਕਿ ਇਸ ਉੱਪਰ ਕਿਤਨਾ ਟਾਰਚਰ ਹੋਇਆ ਐ। ਇਸਦੀ ਹਾਲਤ ਸਹੀ ਨ੍ਹੀਂ ਐ। ਐਫ. ਬੀ. ਆਈ. ਦੇ ਤਸ਼ੱਦਦ ਨੇ ਇਸ ਨੂੰ ਇਸ ਹਾਲਤ ਵਿੱਚ ਪਹੁੰਚਾ ਦਿੱਤਾ ਐ।"

"ਯੂਅਰ ਆਨਰ ਮੈਂ ਕੁਝ ਕਹਿਣਾਂ ਚਾਹੁੰਨੀ ਆਂ।" ਸਰਕਾਰੀ ਵਕੀਲ ਉੱਠ ਖੜ੍ਹੋਤੀ। ਜੱਜ ਨੇ ਉਸਨੂੰ ਇਜਾਜ਼ਤ ਦੇ ਦਿੱਤੀ ਤਾਂ ਉਹ ਆਪਣੀ ਗੱਲ ਕਹਿਣ ਲੱਗੀ, "ਮਿਸ ਆਫੀਆ ਅਜੇ ਤੱਕ ਇਹ ਨ੍ਹੀਂ ਦੱਸ ਸਕੀ ਕਿ ਉਸ ਉੱਪਰ ਇਹ ਟਾਰਚਰ ਕਦੋਂ ਅਤੇ ਕਿੱਥੇ ਹੋਇਆ। ਇਸ ਨੇ ਹੁਣ ਤੱਕ ਜੋ ਵੀ ਬਿਆਨ ਦਿੱਤੇ ਨੇ ਉਹ ਆਪਸ 'ਚ ਮੇਲ ਨ੍ਹੀਂ ਖਾਂਦੇ। ਇਹ ਵਾਰ ਵਾਰ ਆਪਣੇ ਬਿਆਨ ਬਦਲ ਰਹੀ ਐ। ਇਸ ਕਰਕੇ ਅਸੀਂ ਇਹ ਸਮਝਣ 'ਚ ਅਸਮਰਥ ਆਂ ਕਿ ਇਸਦਾ ਕਿਹੜਾ ਬਿਆਨ ਸਹੀ ਮੰਨਿਆਂ ਜਾਵੇ। ਮੈਂ ਇਹ ਵੀ ਕਹਿਣਾ ਚਾਹਾਂਗੀ ਕਿ ਮਿਸ ਆਫੀਆ ਦਿਮਾਗੀ ਬਿਮਾਰੀ ਦਾ ਸਿਰਫ ਬਹਾਨਾ ਬਣਾ ਰਹੀ ਐ। ਇਹ ਬਿਲਕੁਲ ਠੀਕ ਐ। ਇਹ ਆਪਣੇ ਕੇਸ ਦਾ ਸਾਹਮਣਾ ਕਰ ਸਕਦੀ ਐ।"

ਜੱਜ ਨੇ ਸਾਰੀ ਗੱਲਬਾਤ ਸੁਣਨ ਪਿੱਛੋਂ ਫੈਸਲਾ ਕਰ ਦਿੱਤਾ ਕਿ ਆਫੀਆ ਬਿਲਕੁਲ ਸਹੀ ਹੈ ਅਤੇ ਉਸਨੇ ਅਗਲੀ ਤਾਰੀਖ ਨਵੰਬਰ ਦੀ ਰੱਖ ਦਿੱਤੀ।

## 8

ਸਾਰਿਆਂ ਨੂੰ ਲੱਗਦਾ ਸੀ ਕਿ ਜੇਕਰ ਆਫੀਆ ਆਪਣੇ ਵਕੀਲਾਂ ਦਾ ਕਿਹਾ ਮੰਨ ਲਵੇ ਤਾਂ ਉਹ ਇਸ ਕੇਸ 'ਚੋਂ ਬਰੀ ਹੋ ਸਕਦੀ ਹੈ ਪਰ ਉਹ ਤਾਂ ਕੇਸ ਨੂੰ ਠੀਕ ਢੰਗ ਨਾਲ ਚੱਲਣ ਹੀ ਨਹੀਂ ਸੀ ਦਿੰਦੀ। ਉਸਦੇ ਵਕੀਲ ਉਸਨੂੰ ਕੁਝ ਵੀ ਕਹੀ ਜਾਂਦੇ ਪਰ ਉਨ੍ਹਾਂ ਦੀ ਗੱਲ 'ਤੇ ਕੰਨ ਹੀ ਨਹੀਂ ਸੀ ਧਰਦੀ। ਆਫੀਆ ਨੂੰ ਉਸਦੇ ਆਪਣਿਆਂ ਨੇ ਵੀ ਸਮਝਾਇਆ ਕਿ ਉਹ ਵਕੀਲਾਂ ਦਾ ਕਿਹਾ ਮੰਨੇ ਪਰ ਉਸਨੇ ਕਿਸੇ ਦੀ ਗੱਲ ਨਾ ਸੁਣੀ। ਵੱਡੀ ਗੱਲ ਇਹ ਵੀ ਸੀ ਉਸ ਉੱਪਰ ਅੱਤਵਾਦ ਦੇ ਚਾਰਜ ਨਹੀਂ ਲੱਗੇ ਸਨ। ਸਿਆਣੇ ਵਕੀਲ ਸਮਝਦੇ ਸਨ ਕਿ ਜੇਕਰ ਸਰਕਾਰ ਉਸ 'ਤੇ ਅੱਤਵਾਦ ਦੇ ਚਾਰਜ ਲਾ ਦਿੰਦੀ ਹੈ ਤਾਂ ਗਵਾਹਾਂ ਨੂੰ ਕੋਰਟ ਵਿੱਚ ਪੇਸ਼ ਕਰਨਾ ਪਊਗਾ। ਗਵਾਹ ਵੀ ਕੋਈ ਆਮ ਨਹੀਂ ਸਨ। ਇਨ੍ਹਾਂ ਵਿੱਚ ਖਾਲਿਦ ਸ਼ੇਖ ਮੁਹੰਮਦ ਵਰਗੇ ਮੋਢੀ ਅਲਕਾਇਦਾ ਮੈਂਬਰ ਸਨ। ਸਰਕਾਰ ਇੰਨੇ ਵੱਡੇ ਅਲਕਾਇਦਾ ਮੈਂਬਰਾਂ ਨੂੰ ਲੋਕਾਂ ਸਾਹਮਣੇ ਲਿਆਉਣ ਦਾ ਖਤਰਾ ਮੁੱਲ ਨਹੀਂ ਲੈ ਸਕਦੀ ਸੀ। ਇਨ੍ਹਾਂ ਲੋਕਾਂ ਕੋਲ ਬਹੁਤ ਸਾਰੇ ਭੇਤ ਸਨ ਜੋ ਬਾਹਰ ਨਿਕਲ ਸਕਦੇ ਸਨ। ਇਨ੍ਹਾਂ ਨੂੰ ਆਪਣੀ ਸੋਚ ਲੋਕਾਂ ਮੂਹਰੇ ਰੱਖਣ ਦਾ ਮੌਕਾ ਮਿਲ ਜਾਣਾ ਸੀ। ਇਸ ਤੋਂ ਇਲਾਵਾ ਇਹ ਅੱਤਵਾਦੀ ਅਜੇ ਤੱਕ ਗੁਪਤ ਸੈੱਲਾਂ ਵਿੱਚ ਕਿੱਧਰੇ ਕੈਦ ਸਨ। ਇਨ੍ਹਾਂ ਸਾਰੀਆਂ ਗੱਲਾਂ ਤੋਂ ਬਚਣ ਲਈ ਸਰਕਾਰ ਨੇ ਆਫੀਆ 'ਤੇ ਅੱਤਵਾਦ ਦੇ ਚਾਰਜ ਨਹੀਂ ਲਗਾਏ ਸਨ। ਉਸਦੇ ਵਕੀਲ ਸਮਝਦੇ ਸਨ ਕਿ ਉਸ 'ਤੇ ਜੋ ਵੀ ਚਾਰਜ ਲੱਗੇ ਹਨ ਉਨ੍ਹਾਂ ਨੂੰ ਉਹ ਸਹਿਜੇ ਹੀ ਉਡਾ ਦੇਣਗੇ। ਇਹ ਵਕੀਲ ਕੋਈ ਆਮ ਵਕੀਲ ਨਹੀਂ ਸਨ। ਆਫੀਆ ਦੇ ਭਰਾ ਨੇ ਪਾਕਿਸਤਾਨ ਸਰਕਾਰ ਤੋਂ ਮਿਲੇ ਦੋ ਮਿਲੀਅਨ ਡਾਲਰ ਨਾਲ ਬਹੁਤ ਹੀ ਉੱਚ ਕੋਟੀ ਦੇ ਵਕੀਲਾਂ ਦੀ ਟੀਮ ਖੜ੍ਹੀ ਕੀਤੀ ਸੀ। ਪਰ ਆਫੀਆ ਵਕੀਲਾਂ ਦਾ ਕਿਹਾ ਘੱਟ ਹੀ ਮੰਨ ਰਹੀ ਸੀ। ਆਖਰ ਉਸਦੇ ਵਕੀਲਾਂ ਨੇ ਆਫੀਆ ਦੇ ਭਰਾ ਨੂੰ ਸਲਾਹ ਮਸ਼ਵਰੇ ਲਈ ਬੁਲਾਇਆ।

"ਮਿਸਟਰ ਸਦੀਕੀ, ਅਸੀਂ ਇੱਕ ਖਾਸ ਢੰਗ ਨਾਲ ਇਹ ਕੇਸ ਲੜਨ ਦੀ ਸਕੀਮ ਬਣਾਈ ਐ। ਉਸ ਬਾਬਤ ਈ ਤੇਰੇ ਨਾਲ ਗੱਲਬਾਤ ਕਰਨੀ ਐਂ।" ਆਫੀਆ ਦਾ ਭਰਾ ਆਇਆ ਤਾਂ ਮੋਢੀ ਵਕੀਲ ਨੇ ਗੱਲ ਤੋਰੀ।

"ਸਰ, ਉਹ ਕੀ ?"

"ਗੱਲ ਤਾਂ ਬੜੀ ਸਾਦੀ ਜਿਹੀ ਐ ਪਰ ਇਸਦੇ ਲਈ ਮਿਸ ਆਫੀਆ ਨੂੰ ਸਾਨੂੰ ਪੂਰਾ ਸਹਿਯੋਗ ਦੇਣਾ ਪਊ।"

"ਤੁਸੀਂ ਦੱਸੋ ਤਾਂ ਸਹੀ ਕਿ ਗੱਲ ਕੀ ਐ। ਉਸ ਨਾਲ ਮੈਂ ਗੱਲ ਕਰਾਂਗਾ।"

"ਅਸੀਂ ਜੱਜ ਨੂੰ ਬੇਨਤੀ ਕਰਾਂਗੇ ਕਿ ਸਾਡਾ ਕਲਾਇੰਟ ਕੋਰਟ ਵਿੱਚ ਸਾਈਲੈਂਟ ਰਹੂਗਾ। ਚੁੱਪ ਰਹਿਣਾ ਉਸਦਾ ਅਧਿਕਾਰ ਵੀ ਐ ਤੇ ਜੱਜ ਇਹ ਗੱਲ ਮੰਨ ਲਊਗਾ।"

"ਫਿਰ ?"

"ਇਸ ਪਿੱਛੋਂ ਮਿਸ ਆਫੀਆ ਸਾਰੀ ਸੁਣਵਾਈ ਦੌਰਾਨ ਚੁੱਪ ਰਹੂਗੀ। ਸਰਕਾਰੀ ਵਕੀਲ ਵੀ ਉਸਨੂੰ ਕੋਈ ਸੁਆਲ ਨਹੀਂ ਕਰ ਸਕੂਗਾ। ਸਾਡੀ ਵਿਉਂਤ ਇਹ ਐ ਕਿ ਸਰਕਾਰ ਦੇ ਲਾਏ ਇਲਜ਼ਾਮਾਂ 'ਚੋਂ ਕਿਸੇ ਇੱਕ ਨੂੰ ਝੂਠਾ ਸਾਬਤ ਕਰ ਦੇਈਏ। ਇਹ ਕੋਈ ਵੱਡੀ ਗੱਲ ਨ੍ਹੀਂ ਹੈ ਕਿਉਂਕਿ ਸਬੂਤਾਂ ਵਿੱਚ ਬਹੁਤ ਕਮਜ਼ੋਰੀ ਐ। ਸਾਡੇ ਇਸ ਤਰ੍ਹਾਂ ਕਰਨ ਨਾਲ ਇੱਕ ਅੱਧ ਜਿਊਰਰ ਦੇ ਮਨ 'ਚ ਇਹ ਗੱਲ ਜ਼ਰੂਰ ਆ ਜਾਊਗੀ ਕਿ ਗੌਰਮਿੰਟ ਨੇ ਝੂਠਾ ਕੇਸ ਤਿਆਰ ਕੀਤਾ ਐ।"



"ਇਸ ਨਾਲ ਕੀ ਹੋਊ ?" ਆਫੀਆ ਦੇ ਭਰਾ ਨੂੰ ਅਜੇ ਵੀ ਗੱਲ ਦੀ ਸਮਝ ਨਾ ਲੱਗੀ।

"ਇਸ ਨਾਲ ਜਿਊਰੀ ਦਾ ਫੈਸਲਾ ਹੰਗ ਜਿਊਰੀ ਹੋ ਜਾਊਗਾ ਤੇ ਕੇਸ ਖਤਮ ਹੋ ਜਾਊਗਾ। ਇੰਜ ਮਿਸ ਆਫੀਆ ਸਾਫ ਬਚ ਜਾਊਗੀ।"

"ਹੰਗ ਜਿਊਰੀ ਮਤਲਬ ?"

"ਮਿਸਟਰ ਸਦੀਕੀ, ਜਿਊਰੀ ਜੋ ਵੀ ਫੈਸਲਾ ਕਰਦੀ ਐ ਉਹ ਸਰਬ ਸੰਮਤੀ ਨਾਲ ਹੋਣਾ ਚਾਹੀਦਾ ਐ। ਜੇਕਰ ਇੱਕ ਵੀ ਜਿਊਰੀ ਮੈਂਬਰ ਫੈਸਲੇ ਨਾਲ ਅਸਹਿਮਤੀ ਪ੍ਰਗਟ ਕਰ ਦੇਵੇ ਤਾਂ ਉਸਨੂੰ ਹੰਗ ਜਿਊਰੀ ਕਿਹਾ ਜਾਂਦਾ ਹੈ। ਜੇਕਰ ਹੰਗ ਜਿਊਰੀ ਹੋ ਜਾਵੇ ਤਾਂ ਕੇਸ ਉੱਥੇ ਹੀ ਖਤਮ ਹੋ ਜਾਂਦਾ ਐ।"

"ਅੱਛਾ ਅੱਛਾ ਇਹ ਗੱਲ ਐ। ਮੈਂ ਪੂਰੀ ਗੱਲ ਸਮਝ ਗਿਆ ਆਂ।" ਆਫੀਆ ਦੇ ਭਰਾ ਨੂੰ ਲੱਗਿਆ ਕਿ ਵਕੀਲ ਵਾਕਿਆ ਹੀ ਬਹੁਤ ਚੰਗਾ ਰਸਤਾ ਚੁਣ ਰਹੇ ਹਨ।

"ਬੱਸ ਇਸਦੇ ਲਈ ਜ਼ਰੂਰੀ ਐ ਕਿ ਮਿਸ ਆਫੀਆ ਸਾਰੀ ਸੁਣਵਾਈ ਦੌਰਾਨ ਬਿਲਕੁਲ ਖਾਮੋਸ਼ ਰਹੇ। ਸਾਡੀ ਹਰ ਗੱਲ ਮੰਨੇ।"

ਆਫੀਆ ਦੇ ਭਰਾ ਨੇ ਵਕੀਲਾਂ ਨੂੰ ਭਰੋਸਾ ਦਿਵਾਇਆ ਕਿ ਉਹ ਸਾਰੀ ਗੱਲ ਆਫੀਆ ਨੂੰ ਮਿਲ ਕੇ ਸਮਝਾ ਦੇਵੇਗਾ।

ਮਿੱਥੇ ਦਿਨ ਕੋਰਟ ਸ਼ੁਰੂ ਹੋਈ ਤਾਂ ਮੁਕੱਦਮਾ ਸ਼ੁਰੂ ਕਰਨ ਲਈ ਜ਼ਰੂਰੀ ਕਾਰਵਾਈ ਹੋਣ ਪਿੱਛੋਂ ਸਰਕਾਰੀ ਵਕੀਲ ਨੇ ਆਫੀਆ 'ਤੇ ਲੱਗੇ ਚਾਰਜ ਪੜ੍ਹ ਕੇ ਸੁਣਾਏ। ਆਫੀਆ 'ਤੇ ਚਾਰਜ ਇਹ ਲੱਗੇ ਸਨ ਕਿ ਉਸਨੇ ਯੂ.ਐੱਸ.ਆਰਮੀ ਦੇ ਸਪੈਸ਼ਿਲ ਫੋਰਸ ਦੇ ਬੰਦਿਆਂ 'ਤੇ ਗੋਲੀ ਚਲਾਈ। ਇੱਕ ਤੋਂ ਵੱਧ ਬੰਦਿਆਂ ਦੇ ਇਰਾਦਾ ਕਤਲ ਦਾ ਦੋਸ਼ ਸੀ। ਸਰਕਾਰੀ ਵਕੀਲ ਨੇ ਕੋਰਟ ਨੂੰ ਕਹਾਣੀ ਇਸ ਤਰ੍ਹਾਂ ਦੱਸੀ,

"ਜਿਸ ਦਿਨ ਮਿਸ ਆਫੀਆ ਗਜ਼ਨੀ ਪੁਲਿਸ ਦੁਆਰਾ ਫੜੀ ਗਈ ਸੀ ਉਸਦੇ ਅਗਲੇ ਦਿਨ ਸਪੈਸ਼ਿਲ ਫੋਰਸ ਕੈਪਟਨ ਥਰੈੱਡਕਰਾਫਟ ਦੀ ਅਗਵਾਈ ਵਿੱਚ ਉਸਦੀ ਇੰਟਰਵਿਊ ਕਰਨ ਪਹੁੰਚੀ। ਉਸ ਵੇਲੇ ਉਸਨੂੰ ਕਿਸੇ ਵੱਡੇ ਕਮਰੇ ਵਿੱਚ ਰੱਖਿਆ ਹੋਇਆ ਸੀ। ਮੂਹਰੇ ਕੁਝ ਅਫਗਾਨ ਪੁਲੀਸ ਦੇ ਅਫਸਰ ਬੈਠੇ ਸਨ ਅਤੇ ਪਿੱਛੇ ਪਰਦੇ ਦੇ ਓਹਲੇ ਮਿਸ ਆਫੀਆ ਬੈਠੀ ਸੀ। ਜਦੋਂ ਸਪੈਸ਼ਿਲ ਫੋਰਸ ਵਾਲੇ ਵੀ ਅਫਗਾਨ ਅਫਸਰਾਂ ਕੋਲ ਬੈਠ ਗਏ ਤਾਂ ਅਗਲੇ ਹੀ ਪਲ ਮਿਸ ਆਫੀਆ ਨੇ ਪਰਦਾ ਪਾਸੇ ਹਟਾਉਂਦਿਆਂ ਵਾਰੰਟ ਅਫਸਰ ਦੀ ਐਮ 4 ਗੰਨ ਚੁੱਕ ਲਈ ਅਤੇ ਉਨ੍ਹਾਂ ਵੱਲ ਗੋਲੀਆਂ ਚਲਾਉਣ ਲੱਗੀ। ਇਹ ਵੇਖਦਿਆਂ ਵਾਰੰਟ ਅਫਸਰ ਨੇ ਆਪਣੀ ਸਰਵਿਸ ਰਿਵਾਲਵਰ ਕੱਢੀ ਅਤੇ ਆਫੀਆ ਦੇ ਗੋਲੀ ਮਾਰੀ। ਗੋਲੀ ਉਸਦੇ ਪੇਟ ਵਿੱਚ ਲੱਗੀ। ਕੈਪਟਨ ਦਾ ਕਹਿਣਾ ਹੈ ਕਿ ਜੇਕਰ ਉਹ ਆਫੀਆ ਨੂੰ ਜ਼ਖ਼ਮੀ ਨਾ ਕਰਦਾ ਤਾਂ ਉਸਨੇ ਉਨ੍ਹਾਂ ਨੂੰ ਮਾਰ ਦੇਣਾ ਸੀ। ਜਦੋਂ ਉਹ ਜ਼ਖ਼ਮੀ ਹੋ ਗਈ ਤਾਂ ਉਹ ਉਸਨੂੰ ਸਟਰੈੱਚਰ 'ਤੇ ਪਾ ਕੇ ਬੈਗਰਾਮ ਏਅਰਫੋਰਸ ਬੇਸ ਲੈ ਗਏ। ਉੱਥੇ ਉਸਦਾ ਇਲਾਜ ਕਰਵਾਉਣ ਪਿੱਛੋਂ ਉਸਨੂੰ ਅਮਰੀਕਾ ਲਿਆਂਦਾ ਗਿਆ।"

ਕੋਰਟ 'ਚ ਆਫੀਆ ਦਾ ਕੇਸ ਚੱਲ ਪਿਆ ਤਾਂ ਗਵਾਹ ਭੁਗਤਣੇ ਸ਼ੁਰੂ ਹੋਏ। ਇਹ ਗਵਾਹ ਸਾਰੇ ਸਪੈਸ਼ਿਲ ਫੋਰਸ ਦੇ ਉਹੀ ਲੋਕ ਸਨ ਜਿਹੜੇ ਕਿ ਗੋਲੀ ਚੱਲਣ ਵੇਲੇ ਦੀ ਘਟਨਾ ਵੇਲੇ ਉੱਥੇ ਮੌਜੂਦ ਸਨ। ਇੱਕ ਇੱਕ ਕਰਕੇ ਗਵਾਹ ਜੋ ਕੁਝ ਦੱਸ ਰਹੇ ਸਨ ਉਹ ਸਾਰੀ ਗੱਲ ਆਪਸ 'ਚ ਮਿਲਦੀ ਜੁਲਦੀ ਸੀ। ਜਦੋਂ ਵਰੰਟ ਅਫਸਰ ਨੇ ਗਵਾਹੀ ਦਿੱਤੀ ਤਾਂ ਸਫਾਈ ਵਕੀਲ ਨੇ ਉਸਨੂੰ ਸੁਆਲ ਕੀਤਾ, "ਮਿਸਟਰ ਆਫੀਸਰ ਤੇਰੀ ਐਮ ਫੋਰ ਗੰਨ ਤੇਰਾ ਸਰਵਿਸ ਵੈਪਨ ਐ ਜੋ ਕਿ ਹਰ ਵਕਤ ਤੇਰੇ ਕਬਜ਼ੇ ਵਿੱਚ ਰਹਿੰਦਾ ਐ ਅਤੇ ਰਹਿਣਾ ਵੀ ਚਾਹੀਦਾ ਐ। ਕੀ ਤੂੰ ਕੋਰਟ ਨੂੰ ਇਹ ਗੱਲ ਦੱਸੇਂਗਾ ਕਿ ਤੇਰੀ ਗੰਨ ਮਿਸ ਆਫੀਆ ਕੋਲ ਕਿਵੇਂ ਚਲੀ ਗਈ ?"

"ਗੱਲ ਇਹ ਐ ਕਿ ਮੈਂ ਜਦੋਂ ਵੀ ਅਫਗਾਨ ਲੋਕਾਂ ਨੂੰ ਮਿਲਣ ਲਈ ਉਨ੍ਹਾਂ ਕੋਲ ਬੈਠਦਾ ਹਾਂ ਤਾਂ ਮੈਂ ਸਤਿਕਾਰ ਵਜੋਂ ਆਪਣੀ ਗੰਨ ਗਾਤਰਿਉਂ ਉਤਾਰ ਕੇ ਪਾਸੇ ਰੱਖ ਦਿੰਦਾ ਹਾਂ।"

"ਇਸ ਵਿੱਚ ਸਤਿਕਾਰ ਵਾਲੀ ਕੀ ਗੱਲ ਐ। ਤੂੰ ਡਿਊਟੀ 'ਤੇ ਹੁੰਦਾ ਹੋਇਆ ਇਸ ਤਰ੍ਹਾਂ ਕਿਵੇਂ ਕਰ ਸਕਦਾ ਐਂ ਕਿ ਹਥਿਆਰ ਪਾਸੇ ਰੱਖ ਦੇਵੇਂ ?" ਸਫਾਈ ਵਕੀਲ ਵਾਰੰਟ ਅਫਸਰ ਨੂੰ ਘੇਰਨ ਲੱਗਿਆ।

"ਸਾਨੂੰ ਉੱਥੇ ਇਹੀ ਸਿਖਾਇਆ ਜਾਂਦਾ ਐ ਕਿ ਅਸੀਂ ਅਫਗਾਨੀ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰੀਏ। ਕਿਉਂਕਿ ਉਨ੍ਹਾਂ ਦਾ ਸੱਭਿਆਚਾਰ ਕੁਝ ਇਸ ਤਰ੍ਹਾਂ ਦਾ ਈ ਐ।"

"ਲੱਗਦਾ ਨ੍ਹੀਂ ਕਿ ਇਸ ਛੋਟੀ ਜਿਹੀ ਕੁੜੀ ਨੇ ਗੰਨ ਚੁੱਕ ਲਈ ਹੋਊ।" ਵਕੀਲ ਨੇ ਸੁਆਲ ਦਾ ਰੁਖ ਮੋੜਿਆ।

ਇਸ ਗੱਲ ਦਾ ਜੁਆਬ ਵਰੰਟ ਅਫਸਰ ਕੁਝ ਸੋਚ ਹੀ ਰਿਹਾ ਸੀ ਕਿ ਸਰਕਾਰੀ ਵਕੀਲ ਨੇ ਵਿੱਚਕਾਰ ਬੋਲਦਿਆਂ ਕੋਰਟ ਦੇ ਕਰਿੰਦੇ ਨੂੰ ਕਹਿ ਕੇ ਪਹਿਲਾਂ ਲਿਆ ਕੇ ਰੱਖੀ ਐਮ ਫੋਰ ਗੰਨ ਮੰਗਵਾ ਲਈ। ਸਰਕਾਰੀ ਵਕੀਲ ਜੋ ਕਿ ਖੁਦ ਵੀ ਆਫੀਆ ਕੁ ਜਿੱਡੀ ਹੀ ਸੀ ਉਸਨੇ ਇੱਕ ਹੱਥ ਨਾਲ ਗੰਨ ਚੁੱਕ ਕੇ ਜਿਊਰੀ ਮੈਂਬਰਾਂ ਨੂੰ ਵਿਖਾਈ। ਸਾਰੇ ਮੈਂਬਰਾਂ ਨੇ ਗੰਨ ਚੁੱਕ ਕੇ ਵੇਖੀ। ਉਨ੍ਹਾਂ ਤੋਂ ਗੰਨ ਵਾਪਸ ਲੈਂਦਿਆਂ ਸਰਕਾਰੀ ਵਕੀਲ ਨੇ ਕਿਹਾ ਕਿ ਇਹ ਗੰਨ ਬਿਲਕੁਲ ਜੁਆਕਾਂ ਦੇ ਖਿਡੌਣੇ ਵਰਗੀ ਹੈ ਤੇ ਆਫੀਆ ਲਈ ਇਸਨੂੰ ਚੁੱਕਣਾ ਕੋਈ ਔਖੀ ਗੱਲ ਨਹੀਂ। "ਫਿਰ ਅੱਗੇ ਕੀ ਹੋਇਆ ?" ਸਫਾਈ ਵਕੀਲ ਫਿਰ ਵਾਰੰਟ ਅਫਸਰ ਨੂੰ ਸੰਬੋਧਿਤ ਹੋਇਆ।

"ਮਿਸ ਆਫੀਆ ਨੇ ਮੇਰੀ ਗੰਨ ਚੁੱਕ ਕੇ ਸਾਡੇ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਛੇਤੀ ਦੇਣੇ ਆਪਣਾ ਸਰਵਿਸ ਰਿਵਾਲਵਰ ਕੱਢਿਆ ਅਤੇ ਆਤਮ ਰੱਖਿਆ ਵਜੋਂ ਗੋਲੀ ਚਲਾਈ ਜੋ ਕਿ ਮਿਸ ਆਫੀਆ ਦੇ ਪੇਟ 'ਚ ਲੱਗੀ।"

"ਰਿਵਾਲਵਰ ਤੇਰੇ ਕੋਲ ਕਿੱਥੋਂ ਆ ਗਿਆ ?"

"ਆਉਣਾ ਕਿੱਥੋਂ ਸੀ ਮੇਰਾ ਸਰਵਿਸ ਰਿਵਾਲਵਰ ਮੇਰੇ ਲੱਕ ਨਾਲ ਬੰਨਿਆਂ ਹੋਇਆ ਸੀ।"

"ਪਰ ਹੁਣੇ ਤਾਂ ਤੂੰ ਕਹਿ ਕੇ ਹਟਿਆਂ ਐਂ ਕਿ ਅਫਗਾਨੀ ਲੋਕਾਂ ਨੂੰ ਮਿਲਣ ਵੇਲੇ ਤੂੰ ਹਥਿਆਰ ਲਾਹ ਕੇ ਪਾਸੇ ਰੱਖ ਦਿੰਦਾ ਐਂ ਜਿਵੇਂ ਕਿ ਐਮ ਫੋਰ ਗੰਨ ਰੱਖ ਦਿੱਤੀ ਸੀ। ਫਿਰ ਤੂੰ ਇਹ ਰਿਵਾਲਵਰ ਕਿਉਂ ਨਾ ਲਾਹਿਆ ?"

"ਉਹ ਮੈਂ....।" ਵਾਰੰਟ ਅਫਸਰ ਨੂੰ ਕੋਈ ਜੁਆਬ ਨਾ ਔੜਿਆ। ਸਫਾਈ ਵਕੀਲ ਦੇ ਚਿਹਰੇ 'ਤੇ ਮੁਸਕਾਣ ਆ ਗਈ। ਉਸਨੇ ਵੇਖਿਆ ਕਿ ਕਈ ਜਿਊਰੀ ਮੈਂਬਰਾਂ ਨੇ ਇਸ ਗੱਲ 'ਤੇ ਅੱਖਾਂ ਮਿਲਾਈਆਂ ਕਿ ਜਦੋਂ ਇੱਕ ਹਥਿਆਰ ਲਾਹ ਕੇ ਰੱਖ ਦਿੱਤਾ ਸੀ ਤਾਂ ਦੂਸਰਾ ਕਿਉਂ ਲੱਕ ਨਾਲ ਬੰਨੀ ਰੱਖਿਆ।

"ਫਿਰ ਤੇਰੀ ਉਸ ਗੰਨ ਦਾ ਕੀ ਬਣਿਆ ਜੋ ਮਿਸ ਆਫੀਆ ਨੇ ਚੁੱਕ ਲਈ ਸੀ ਤੇ ਪਿੱਛੋਂ ਉਸੇ ਨਾਲ ਤੁਹਾਡੇ 'ਤੇ ਗੋਲੀਆਂ ਚਲਾਈਆਂ ਸਨ ?"

"ਜਦੋਂ ਮਿਸ ਆਫੀਆ ਜ਼ਖ਼ਮੀ ਹੋ ਗਈ ਤਾਂ ਮੈਂ ਉਹ ਗੰਨ ਆਪਣੇ ਕਬਜ਼ੇ 'ਚ ਲੈ ਲਈ।"

"ਉਹ ਵਾਰਦਾਤ 'ਤੇ ਵਰਤਿਆ ਗਿਆ ਹਥਿਆਰ ਸੀ। ਕੀ ਤੁਸੀਂ ਉਸਦੇ ਫਿੰਗਰ ਪ੍ਰਿੰਟਸ ਤੇ ਫੌਰਿੰਸਕ ਜਾਂਚ ਕਰਵਾਈ ?"

"ਨ੍ਹੀਂ, ਅਜਿਹਾ ਅਸੀਂ ਨ੍ਹੀਂ ਕਰ ਸਕੇ।"

"ਯੂਅਰ ਆਨਰ ਇਹ ਗੱਲ ਬੜਾ ਧਿਆਨ ਮੰਗਦੀ ਐ ਕਿ ਵਾਰਦਾਤ ਵੇਲੇ ਵਰਤੇ ਗਏ ਹਥਿਆਰ 'ਤੇ ਮਿਸ ਆਫੀਆ ਦੇ ਫਿੰਗਰ ਪ੍ਰਿੰਟਸ ਨ੍ਹੀਂ ਮਿਲੇ।" ਜੱਜ ਕੁਝ ਨੋਟ ਕਰਨ ਲੱਗਿਆ ਤਾਂ



ਸਰਕਾਰੀ ਵਕੀਲ ਵਿੱਚ ਬੋਲਿਆ, "ਉਹ ਵਾਰ ਜ਼ੋਨ ਐਂ ਮਤਲਬ ਲੜਾਈ ਦਾ ਮੈਦਾਨ। ਜੰਗੇ ਮੈਦਾਨ 'ਚ ਫਿੰਗਰ ਪ੍ਰਿੰਟਸ ਵਰਗੀਆਂ ਕਾਰਵਾਈਆਂ ਸੰਭਵ ਨ੍ਹੀਂ ਹੁੰਦੀਆਂ। ਪਰ ਇੰਨੇ ਗਵਾਹਾਂ ਦੇ ਬਿਆਨ ਸਾਬਤ ਕਰ ਚੁੱਕੇ ਐ ਕਿ ਮਿਸ ਆਫੀਆ ਨੇ ਉਹ ਗੰਨ ਚੁੱਕੀ ਤੇ ਉਸ 'ਚੋਂ ਗੋਲੀਆਂ ਚਲਾਈਆਂ।"

ਜਦੋਂ ਸਰਕਾਰੀ ਵਕੀਲ ਆਪਣੀ ਗੱਲ ਕਹਿ ਰਹੀ ਸੀ ਤਾਂ ਇੱਕ ਸਫਾਈ ਵਕੀਲ ਦੇ ਦਿਮਾਗ 'ਚ ਕੋਈ ਗੱਲ ਆਈ। ਉਹ ਆਪਣੀ ਟੀਮ ਦੇ ਮੋਢੀ ਦੇ ਨੇੜੇ ਹੁੰਦਾ ਆਪਣੀ ਸੋਚ ਉਸ ਨਾਲ ਸਾਂਝੀ ਕਰਨ ਲੱਗਿਆ, "ਵੈਸੇ ਤਾਂ ਗੱਲ ਆਪਣੇ ਹੱਕ 'ਚ ਜਾ ਰਹੀ ਐ ਪਰ ਜੇ ਇਹ ਗੱਲ ਸਿੱਧ ਕਰ ਦਿੱਤੀ ਜਾਵੇ ਕਿ ਆਫੀਆ ਨੇ ਭਾਵੇਂ ਗੰਨ ਚੁੱਕੀ ਸੀ ਪਰ ਉਸਨੇ ਇਹ ਆਪਣੇ ਸੈੱਲਫ ਡਿਫੈਂਸ ਵਾਸਤੇ ਚੁੱਕੀ ਸੀ। ਕਿਉਂਕਿ ਪਹਿਲੇ ਦਿਨ ਤੋਂ ਹੀ ਜਦੋਂ ਤੋਂ ਆਫੀਆ ਫੜ੍ਹੀ ਗਈ ਸੀ ਉਸ 'ਤੇ ਘੋਰ ਅੱਤਿਆਚਾਰ ਕੀਤਾ ਗਿਆ। ਸਿਰਫ ਸ਼ੱਕ ਦੇ ਆਧਾਰ 'ਤੇ ਉਸ ਨਾਲ ਅਣਮਨੁੱਖੀ ਵਿਵਹਾਰ ਕੀਤਾ ਗਿਆ। ਇਸੇ ਕਰਕੇ ਜਦੋਂ ਉੱਥੇ ਸਾਰੇ ਜਣੇ ਆਫੀਆ ਨੂੰ ਘੇਰ ਕੇ ਬੈਠ ਗਏ ਤਾਂ ਆਫੀਆ ਨੂੰ ਸ਼ੱਕ ਹੋਇਆ ਕਿ ਹੁਣ ਉਸਨੂੰ ਮਾਰ ਦਿੱਤਾ ਜਾਵੇਗਾ ਤਾਂ ਉਸਨੇ ਆਪਣੀ ਰੱਖਿਆ ਲਈ ਗੰਨ ਚੁੱਕੀ ਹੋ ਸਕਦੀ ਐ। ਉਸ ਨੇ ਭਾਵੇਂ ਗੰਨ ਚਲਾਈ ਵੀ ਹੋਵੇ ਤਾਂ ਵੀ ਉਸਨੇ ਕਿਸੇ ਦੇ ਗੋਲੀ ਮਾਰੀ ਤਾਂ ਨ੍ਹੀਂ। ਮੇਰਾ ਖਿਆਲ ਐ ਕਿ ਇਹ ਗੱਲ ਇੱਕ ਅੱਧ ਜਿਊਰਰ ਨੂੰ ਜ਼ਰੂਰ ਜਚ ਜਾਵੇਗੀ ਤੇ ਉਹ ਨਾਂਹ ਵਿੱਚ ਸਿਰ ਮਾਰ ਦੇਵੇਗਾ। ਇਹੀ ਆਪਣਾ ਮੁੱਖ ਮਕਸਦ ਐ ਕਿ ਬੱਸ ਕੋਈ ਇੱਕ ਜਿਊਰੀ ਮੈਂਬਰ ਸ਼ੱਕ ਵਿੱਚ ਪੈ ਜਾਵੇ।"

ਮੋਢੀ ਸਫਾਈ ਵਕੀਲ ਨੂੰ ਇਹ ਗੱਲ ਬੜੀ ਜਚੀ। ਉਸਨੇ ਸੋਚਿਆ ਪਹਿਲਾਂ ਚੁੱਕੇ ਗਏ ਕਦਮ ਦੇ ਨਾਲ ਇਹ ਕਦਮ ਵੀ ਚੁੱਕ ਲੈਣਾ ਚਾਹੀਦਾ ਹੈ। ਉਹ ਆਪਣੇ ਪੇਪਰ 'ਤੇ ਇਸ ਗੱਲ ਦੀ ਰੂਪ ਰੇਖਾ ਲਿਖਣ ਲੱਗਿਆ। ਪਰ ਉਦੋਂ ਹੀ ਉਸਦੇ ਕੰਨੀ ਜੋ ਆਵਾਜ਼ ਪਈ ਉਸਨੇ ਉਸਦੇ ਸਾਰੇ ਜੋਸ਼ 'ਤੇ ਪਾਣੀ ਫੇਰ ਦਿੱਤਾ। ਉਸਦੇ ਕੋਲੋਂ ਹੀ ਆਫੀਆ ਖੜ੍ਹੀ ਹੋ ਕੇ ਜੱਜ ਨੂੰ ਮੁਖ਼ਬਾਤ ਹੋਈ, "ਮੈਂ ਆਪਣੀ ਸਟੇਟਮੈਂਟ ਦੇਣਾ ਚਾਹੁੰਨੀ ਆਂ।"

ਇਸ ਗੱਲ ਨੇ ਉਸਦੇ ਵਕੀਲਾਂ ਦੀਆਂ ਉਮੀਦਾਂ 'ਤੇ ਹੀ ਪਾਣੀ ਨਹੀਂ ਫੇਰਿਆ ਉਸਦਾ ਆਪਣਾ ਭਰਾ ਵੀ ਸਿਰ ਫੜ੍ਹ ਕੇ ਬੈਠ ਗਿਆ। ਉਸਨੇ ਇਸ਼ਾਰੇ ਨਾਲ ਆਫੀਆ ਨੂੰ ਬੈਠ ਜਾਣ ਨੂੰ ਵੀ ਕਿਹਾ। ਪਰ ਆਫੀਆ ਹੁਣ ਕਿਸੇ ਦੀ ਸੁਣਨ ਵਾਲੀ ਨਹੀਂ ਸੀ। ਜਿਸ ਗੱਲ ਦਾ ਸਫਾਈ ਟੀਮ ਨੂੰ ਡਰ ਸੀ ਉਹੀ ਹੋ ਗਈ।

"ਮਿਸਟਰ ਸਫਾਈ ਵਕੀਲ ਆਪਣੀ ਕਲਾਇੰਟ ਨੂੰ ਬੋਲਣ ਤੋਂ ਰੋਕੋ। ਕਿਉਂਕਿ ਤੁਸੀਂ ਇਸ ਨੂੰ ਕੋਰਟ ਵਿੱਚ ਚੁੱਪ ਰਹਿਣ ਦਾ ਸਟੇਟਸ ਹਾਸਲ ਕੀਤਾ ਹੋਇਆ ਐ।" ਜੱਜ ਨੇ ਸਫਾਈ ਵਕੀਲ ਵੱਲ ਵੇਖਦਿਆਂ ਆਪਣਾ ਗੁੱਸਾ ਪ੍ਰਗਟ ਕੀਤਾ।

"ਨ੍ਹੀਂ ਮੈਂ ਬੋਲਣਾ ਐਂ।" ਆਫੀਆ ਫਿਰ ਤੋਂ ਬੋਲੀ ਤਾਂ ਜੱਜ ਦੇ ਮੱਥੇ ਤਿਊੜੀ ਪੈ ਗਈ। ਸਫਾਈ ਵਕੀਲਾਂ ਨੇ ਆਫੀਆ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਪਰ ਉਸਨੇ ਕਿਸੇ ਦੀ ਪ੍ਰਵਾਹ ਨਾ ਮੰਨੀ ਅਤੇ ਆਪਣੀ ਗੱਲ 'ਤੇ ਅੜੀ ਰਹੀ। ਆਖਰ ਜੱਜ ਉਸੇ ਨੂੰ ਮੁਖ਼ਾਬਤ ਹੋਇਆ, "ਮਿਸ ਆਫੀਆ, ਕੀ ਤੂੰ ਸਮਝ ਰਹੀ ਐਂ ਕਿ ਤੂੰ ਕੀ ਕਰਨ ਜਾ ਰਹੀ ਐਂ ?"

"ਹਾਂ ਮੈਂ ਸਭ ਸਮਝਦੀ ਆਂ।"

"ਮਿਸ ਆਫੀਆ, ਮੈਂ ਇੱਕ ਵਾਰ ਫਿਰ ਤੈਨੂੰ ਸਮਝਾਉਣਾ ਚਾਹੂੰਗਾ ਕਿ ਇਸ ਤਰ੍ਹਾਂ ਤੇਰੇ ਕੇਸ ਦਾ ਨੁਕਸਾਨ ਹੋ ਸਕਦਾ ਐ। ਤੈਨੂੰ ਆਪਣੇ ਵਕੀਲਾਂ ਦੀ ਗੱਲ ਮੰਨਣੀ ਚਾਹੀਦੀ ਐ।" ਜੱਜ ਨੇ ਆਫੀਆ ਨੂੰ ਤਾੜਨਾ ਕੀਤੀ।

"ਮੈਨੂੰ ਕਿਸੇ ਦੀ ਪ੍ਰਵਾਹ ਨ੍ਹੀਂ ਐ। ਮੈਂ ਆਪਣੀ ਸਟੇਟਮੈਂਟ ਦੇਣੀ ਐ। ਇਹ ਮੇਰਾ ਅਧਿਕਾਰ ਐ।"

"ਓ ਕੇ ਗੋ ਏਹੈੱਡ। ਜੋ ਤੇਰੀ ਮਰਜ਼ੀ।" ਆਖਰ ਜੱਜ ਨੇ ਉਸਨੂੰ ਬੋਲਣ ਦੀ ਇਜਾਜ਼ਤ ਦਿੰਦਿਆਂ ਹੋਇਆਂ ਉਸਨੂੰ ਵਿਟਨੈੱਸ ਬਾਕਸ ਵਿੱਚ ਜਾਣ ਨੂੰ ਕਿਹਾ। ਆਫੀਆ ਵਿਟਨਸ ਬਾਕਸ ਵਿੱਚ ਜਾ ਖੜੋਤੀ ਤਾਂ ਸਫਾਈ ਵਕੀਲ ਨੇ ਸੋਚਿਆ ਕਿ ਚਲੋ ਇਸੇ ਤਰ੍ਹਾਂ ਹੀ ਸਹੀ। ਪਰ ਉਸਨੇ ਇਸ ਪੈਦਾ ਹੋਈ ਨਵੀਂ ਸਥਿਤੀ ਨੂੰ ਵੀ ਆਪਣੇ ਹੱਕ 'ਚ ਰੱਖਣ ਦੀ ਕੋਸ਼ਿਸ਼ ਕਰਦਿਆਂ ਹੋਇਆਂ ਆਪ ਹੀ ਆਫੀਆ ਦਾ ਕਰਾਸ ਅਗਜ਼ਾਮੀਨੇਸ਼ਨ ਸ਼ੁਰੂ ਕਰ ਦਿੱਤਾ ਤਾਂ ਕਿ ਕੇਸ ਨੂੰ ਆਪਣੇ ਢੰਗ ਨਾਲ ਮੋੜ ਦਿੱਤਾ ਜਾ ਸਕੇ। ਉਸਨੇ ਆਫੀਆ ਨੂੰ ਕਿਹਾ ਕਿ ਉਹ ਆਪਣੀ ਸਾਰੀ ਕਹਾਣੀ ਸੁਣਾਵੇ। ਆਫੀਆ ਬੋਲਣ ਲੱਗੀ,

"ਮੈਂ ਅਮਰੀਕਾ ਨੂੰ ਬਹੁਤ ਪਿਆਰ ਕਰਦੀ ਆਂ। ਮੇਰੀ ਨਿਊਯਾਰਕ ਤੇ ਬਾਸਟਨ ਸ਼ਹਿਰ ਨਾਲ ਬੜੀ ਜਜ਼ਬਾਤੀ ਸਾਂਝ ਐ। ਮੈਂ ਇਨ੍ਹਾਂ ਸ਼ਹਿਰਾਂ ਨੂੰ ਨੁਕਸਾਨ ਪਹੁੰਚਾਉਣ ਬਾਰੇ ਸੋਚ ਵੀ ਨ੍ਹੀਂ ਸਕਦੀ। ਮੈਂ ਬਹੁਤ ਇੰਟੈਲੀਜੈਂਟ ਸਟੂਡੈਂਟ ਰਹੀ ਆਂ। ਮੈਨੂੰ ਪੜ੍ਹਾਈ ਕਾਰਨ ਅਨੇਕਾਂ ਵਾਰ ਇਨਾਮ ਮਿਲੇ। ਇਸ ਤੋਂ ਇਲਾਵਾ ਸਮਾਜ ਸੇਵਾ ਲਈ ਮੈਨੂੰ ਮੇਰੀ ਯੂਨੀਵਰਸਿਟੀ ਨੇ ਕਈ ਵਾਰੀ ਸਨਮਾਨਿਤ ਕੀਤਾ....।"

"ਮਿਸ ਆਫੀਆ ਜੋ ਤੇਰੇ 'ਤੇ ਇਲਜ਼ਾਮ ਲਗਾਇਆ ਗਿਆ ਐ ਕਿ ਤੂੰ ਸਪੈਸ਼ਿਲ ਫੋਰਸ 'ਤੇ ਗੋਲ ਚਲਾਈ, ਕੀ ਤੂੰ ਇਸ ਬਾਰੇ ਦੱਸੇਂਗੀ ਕਿ ਤੂੰ ਗੋਲੀ ਚਲਾਈ ਜਾਂ ਨ੍ਹੀਂ ?"। ਵਕੀਲ ਨੇ ਉਸਦਾ ਧਿਆਨ ਮੁੱਦੇ ਵੱਲ ਮੋੜਿਆ।

ਵਕੀਲ ਦੀ ਗੱਲ ਸੁਣ ਕੇ ਪਹਿਲਾਂ ਆਫੀਆ ਨੇ ਹੱਸਦਿਆਂ ਹੋਇਆਂ ਕੋਰਟ 'ਚ ਬੈਠੇ ਲੋਕਾਂ ਵੱਲ ਵੇਖਿਆ ਤੇ ਫਿਰ ਬੋਲੀ, "ਇਹ ਤਾਂ ਇੱਕ ਹਾਸੋਹੀਣਾ ਜਿਹਾ ਦੋਸ਼ ਐ। ਮੈਂ ਮਨ ਈ ਮਨ ਸੋਚਦੀ ਆਂ ਕਿ ਇਲਜ਼ਾਮ ਵੀ ਲਾਇਆ ਤਾਂ ਕਿੱਡਾ ਝੂਠਾ ਜਿਹਾ। ਜਿਸਦੀ ਕੋਈ ਤੁਕ ਈ ਨ੍ਹੀਂ ਬਣਦੀ।"

"ਮਿਸ ਆਫੀਆ ਸਿਰਫ ਹਾਂ ਜਾਂ ਨਾਂਹ ਵਿੱਚ ਉੱਤਰ ਦੇਹ ਕਿ ਤੂੰ ਗੋਲੀ ਚਲਾਈ ਜਾਂ ਨ੍ਹੀਂ ?"

"ਨ੍ਹੀਂ, ਮੈਂ ਨਾ ਹੀ ਕੋਈ ਗੰਨ ਚੁੱਕੀ ਤੇ ਨਾ ਹੀ ਕਿਸੇ 'ਤੇ ਗੋਲੀ ਚਲਾਈ।"

"ਫਿਰ ਤੂੰ ਕੋਰਟ ਨੂੰ ਦੱਸ ਕਿ ਉਸ ਦਿਨ ਕੀ ਹੋਇਆ ?"

"ਉਸ ਦਿਨ ਜਦੋਂ ਇੰਨੇ ਸਾਰੇ ਬੰਦੇ ਉੱਥੇ ਕਮਰੇ 'ਚ ਸਨ ਤਾਂ ਮੈਂ ਪਰਦੇ ਪਿੱਛੇ ਬੈਠੀ ਹੋਈ ਸੀ। ਫਿਰ ਜਦੋਂ ਅਮਰੀਕਣ ਸਪੈਸ਼ਿਲ ਫੋਰਸ ਵਾਲੇ ਅੰਦਰ ਆਏ ਤਾਂ ਮੈਂ ਇਹ ਵੇਖਣ ਲਈ ਪਰਦਾ ਚੁੱਕ ਕੇ ਬਾਹਰ ਝਾਕੀ ਕਿ ਵੇਖਾਂ ਤਾਂ ਸਹੀ ਕਿ ਇੱਥੇ ਅਕਸਰ ਚੱਲ ਕੀ ਰਿਹਾ ਐ। ਉਦੋਂ ਮੇਰੇ ਪੇਟ 'ਚ ਗੋਲੀ ਆਣ ਲੱਗੀ।"

ਫਿਰ ਜਦੋਂ ਸਫਾਈ ਵਕੀਲ ਨੇ ਆਫੀਆ ਨੂੰ ਕਿਹਾ ਕਿ ਉਹ ਖੁੱਲ੍ਹ ਕੇ ਦੱਸੇ ਕਿ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਉਹ ਕਿੱਥੇ ਗਾਇਬ ਰਹੀ। ਸਫਾਈ ਵਕੀਲ ਨੂੰ ਉਮੀਦ ਸੀ ਕਿ ਆਫੀਆ ਉਹੀ ਗੱਲ ਸੁਣਾਉਗੀ ਜੋ ਉਹ ਹਮੇਸ਼ਾ ਕਹਿੰਦੀ ਹੈ ਕਿ ਉਸਨੂੰ ਐਫ. ਬੀ. ਆਈ. ਨੇ ਕਿਧਰੇ ਗੁਪਤ ਜੇਲ੍ਹ ਵਿੱਚ ਕੈਦ ਰੱਖਿਆ ਅਤੇ ਉਸ 'ਤੇ ਤਸ਼ੱਦਦ ਕੀਤਾ ਗਿਆ। ਪਰ ਜਦੋਂ ਆਫੀਆ ਨੇ ਇਹ ਸੁਆਲ ਹੀ ਟਾਲ ਦਿੱਤਾ ਤਾਂ ਸਫਾਈ ਵਕੀਲ ਨੂੰ ਵੀ ਖਿਝ ਚੜ੍ਹੀ। ਉਹ ਸੋਚ ਰਿਹਾ ਸੀ ਕਿ ਜੇਕਰ ਇੱਹ ਖੁੱਲ੍ਹ ਕੇ ਦੱਸ ਦੇਵੇ ਕਿ ਕਿਵੇਂ ਇਸ 'ਤੇ ਏਜੈਂਸੀਆਂ ਵੱਲੋਂ ਇੰਨੇ ਸਾਲ ਤਸ਼ੱਦਦ ਕੀਤਾ ਗਿਆ ਤਾਂ ਜਿਊਰੀ ਦੀ ਇਸ ਨਾਲ ਹਮਦਰਦੀ ਵਧ ਜਾਵੇਗੀ। ਆਖਰ ਮੱਥਾ ਪੱਚੀ ਕਰਦਿਆਂ ਸਫਾਈ ਵਕੀਲ ਬੈਠ ਗਿਆ ਤਾਂ ਸਰਕਾਰੀ ਵਕੀਲ ਦੀ ਵਾਰੀ ਆ ਗਈ। ਉਹ ਵਿਟਨੈੱਸ ਬਾਕਿਸ ਦੇ ਸਾਹਮਣੇ ਆ ਖੜ੍ਹੋਤੀ। ਧਿਆਨ ਨਾਲ ਆਫੀਆ ਵੱਲ ਵੇਖਦਿਆਂ ਉਹ ਬੋਲੀ, "ਮਿਸ ਆਫੀਆ ਤੂੰ ਇੰਨੇ ਸਾਲ



ਕਿੱਥੇ ਰਹੀ ?"

"ਮੈਨੂੰ ਐਫ. ਬੀ. ਆਈ. ਨੇ ਕਿਸੇ ਗੁਪਤ ਜੇਲ੍ਹ ਵਿੱਚ ਰੱਖਿਆ ਹੋਇਆ ਸੀ।" ਜਿਸ ਗੱਲ ਨੂੰ ਉਹ ਸਫਾਈ ਵਕੀਲ ਜਾਣੀ ਕਿ ਆਪਣੇ ਹੀ ਵਕੀਲ ਮੂਹਰੇ ਟਾਲ ਗਈ ਸੀ ਉਸਦਾ ਉਸਨੇ ਝੱਟ ਦੇਣੇ ਉੱਤਰ ਦੇ ਦਿੱਤਾ।

"ਪਰ ਤੇਰੀ ਗ੍ਰਿਫਤਾਰੀ ਤੋਂ ਅਗਲੇ ਹੀ ਦਿਨ ਤੂੰ ਐਫ. ਬੀ. ਆਈ. ਦੀ ਇੱਕ ਔਰਤ ਅਫਸਰ ਨੂੰ ਇਹ ਬਿਆਨ ਦਿੱਤਾ ਸੀ ਕਿ ਤੂੰ ਆਪਣੀ ਮਰਜ਼ੀ ਨਾਲ ਅੰਡਰਗਰਾਊਂਡ ਰਹੀ ਸੀ।"

"ਉਹ ਬਿਆਨ ਤਾਂ ਮੈਂ ਡਰਦੀ ਨੇ ਦਿੱਤਾ ਸੀ।"

"ਤੇਰੀ ਗ੍ਰਿਫਤਾਰੀ ਵੇਲੇ ਤੇਰੇ ਬੈਗ 'ਚੋਂ ਜੋ ਪੇਪਰ ਮਿਲੇ ਸਨ ਕੀ ਉਹ ਤੇਰੇ ਸਨ ?"

"ਨ੍ਹੀਂ ਉਹ ਤਾਂ ਮੈਨੂੰ ਕਿਸੇ ਨੇ ਦਿੱਤੇ ਸਨ।" ਆਫੀਆ ਦਾ ਇਹ ਉੱਤਰ ਸੁਣਦਿਆਂ ਸਰਕਾਰੀ ਵਕੀਲ ਨੇ ਵੱਡੇ ਬੰਡਲ 'ਚੋਂ ਇੱਕ ਪੇਪਰ ਕੱਢ ਕੇ ਸਾਹਮਣੇ ਬੋਰਡ 'ਤੇ ਟੰਗ ਦਿੱਤਾ। ਇਸ ਪੇਪਰ 'ਤੇ ਡਰਟੀ ਬੰਬ ਬਣਾਉਣ ਦੇ ਢੰਗ ਤਰੀਕੇ ਲਿਖੇ ਹੋਏ ਸਨ।

"ਮਿਸ ਆਫੀਆ ਇਹ ਹੱਥ ਲਿਖਤ ਕਾਗਜ਼ ਨੇ ਤੇ ਇਹ ਤੇਰੀ ਹੀ ਹੱਥ ਲਿਖਤ ਐ ਇਸ ਬਾਰੇ ਤੂੰ ਕੀ ਕਹਿਣਾ ਚਾਹੁੰਨੀ ਐਂ ?"

"ਉਹ ਇਹ! ਇਹ ਤਾਂ ਮੈਥੋਂ ਧੱਕੇ ਨਾਲ ਲਿਖਵਾਏ ਗਏ ਸਨ। ਮੈਨੂੰ ਇੱਕ ਰਸਾਲਾ ਦਿੱਤਾ ਗਿਆ ਸੀ। ਇਹ ਸਾਰੀ ਜਾਣਕਾਰੀ ਉਸ ਵਿੱਚ ਸੀ। ਮੈਂ ਤਾਂ ਸਿਰਫ ਕਾਪੀ ਹੀ ਕੀਤੀ ਸੀ। ਜੇ ਮੈਂ ਅਜਿਹਾ ਨਾ ਕਰਦੀ ਤਾਂ ਉਹ ਮੇਰੇ ਬੱਚਿਆਂ 'ਤੇ ਟਾਰਚਰ ਕਰ ਸਕਦੇ ਸਨ।"

"ਮਿਸ ਆਫੀਆ ਕੀ ਤੈਨੂੰ ਬੰਦੂਕ ਜਾਂ ਪਿਸਤੌਲ ਚਲਾਉਣ ਦੀ ਕੋਈ ਜਾਣਕਾਰੀ ਐ ?"

"ਨ੍ਹੀਂ।" ਆਫੀਆ ਨੇ ਨਾਂਹ 'ਚ ਸਿਰ ਮਾਰਦਿਆਂ ਉੱਤਰ ਦਿੱਤਾ।

"ਤੂੰ 1993 'ਚ ਬੰਦੂਕ ਪਿਸਤੌਲ ਚਲਾਉਣਾ ਸਿੱਖਣ ਲਈ ਇੱਕ ਕਲੱਬ ਜੁਆਇਨ ਕੀਤਾ ਸੀ। ਇਸ ਬਾਰੇ ਤੇਰਾ ਕੀ ਕਹਿਣਾ ਹੈ।"

"ਇਹ ਝੂਠ ਐ। ਮੈਂ ਕੋਈ ਕਲੱਬ ਜੁਆਇਨ ਨ੍ਹੀਂ ਕੀਤਾ।"

ਉਸਦੇ ਇੰਨਾ ਕਹਿੰਦਿਆਂ ਹੀ ਸਰਕਾਰੀ ਵਕੀਲ ਨੇ ਉਸ ਵੇਲੇ ਦੇ ਕਿਸੇ ਕਲੱਬ ਦੇ ਇੰਸਟਰੱਕਟਰ ਨੂੰ ਅਦਾਲਤ ਵਿੱਚ ਪੇਸ਼ ਕਰ ਦਿੱਤਾ ਜਿਸਨੇ ਦੱਸਿਆ ਕਿ ਉਸਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਉਸਨੇ ਇਸ ਔਰਤ ਨੂੰ ਅਸਲਾ ਚਲਾਉਣ ਦੀ ਸਿਖਲਾਈ ਦਿੱਤੀ ਸੀ। ਇਸ ਪਿੱਛੋਂ ਸਰਕਾਰੀ ਵਕੀਲ ਨੇ ਆਪਣੀ ਕਲੋਜ਼ ਸਟੇਟਮੈਂਟ ਵਿੱਚ ਕਿਹਾ ਕਿ ਮਿਸ ਆਫੀਆ ਲਗਾਤਾਰ ਝੂਠ ਬੋਲਦੀ ਰਹੀ ਹੈ। ਇਸਨੇ ਕਿਸੇ ਵੀ ਸੁਆਲ ਦਾ ਸਿੱਧਾ ਉੱਤਰ ਨਹੀਂ ਦਿੱਤਾ। ਡਿਫੈਂਸ ਟੀਮ ਕੋਲ ਕਹਿਣ ਲਈ ਕੁਝ ਜ਼ਿਆਦਾ ਨਹੀਂ ਸੀ। ਪਰ ਫਿਰ ਵੀ ਉਨ੍ਹਾਂ ਆਪਣੀ ਕੋਸ਼ਿਸ਼ ਕੀਤੀ। ਫਿਰ ਜਿਊਰੀ ਬੈਠ ਗਈ। ਤਿੰਨ ਦਿਨਾਂ ਪਿੱਛੋਂ ਜਿਊਰੀ ਨੇ ਆਪਣਾਂ ਫੈਸਲਾ ਸੁਣਾ ਦਿੱਤਾ ਅਤੇ ਆਫੀਆ ਨੂੰ ਦੋਸ਼ੀ ਘੋਸ਼ਿਤ ਕਰ ਦਿੱਤਾ। ਅਦਾਲਤ 'ਚ ਬੈਠੇ ਆਫੀਆ ਦੇ ਭਰਾ ਨੇ ਸਿਰ ਫੜ੍ਹ ਲਿਆ। ਉਹ ਆਫੀਆ ਨੂੰ ਇਹ ਸਮਝਾਉਣ ਲਈ ਸਾਰਾ ਜ਼ੋਰ ਲਾ ਚੁੱਕਿਆ ਸੀ ਕਿ ਪਾਕਿਸਤਾਨੀ ਸਰਕਾਰ ਨੇ ਦੋ ਮਿਲੀਅਨ ਡਾਲਰ ਦੀ ਮੱਦਦ ਦਿੰਦਿਆਂ ਉਸਦੇ ਲਈ ਦੁਨੀਆਂ ਦੇ ਬਿਹਤਰ ਵਕੀਲ ਚੁਣੇ ਹਨ। ਉਹ ਹੋਰ ਕੁਝ ਨਹੀਂ ਕਰ ਸਕਦੀ ਤਾਂ ਕਮ ਸੇ ਕਮ ਚੁੱਪ ਹੀ ਰਹੇ। ਪਰ ਹੁਣ ਉਹ ਸੋਚ ਰਿਹਾ ਸੀ ਕਿ ਇਸ ਬੇਵਕੂਫ ਕੁੜੀ ਨੇ ਸਾਰਾ ਝੁੱਗਾ ਚੌੜ ਕਰਕੇ ਰੱਖ ਦਿੱਤਾ। ਪਰ ਉੱਧਰ ਕਟਿਹਰੇ 'ਚ ਖੜ੍ਹੀ ਆਫੀਆ 'ਤੇ ਕੋਈ ਅਸਰ ਨਹੀਂ ਸੀ। ਉਸਨੇ ਉੱਚੀ ਬੋਲਦਿਆਂ ਇੰਨਾ ਹੀ ਕਿਹਾ ਕਿ ਇਹ ਫੈਸਲਾ ਅਮਰੀਕਾ ਦਾ ਨਹੀਂ ਬਲਕਿ ਇਜ਼ਰਾਇਲ ਦਾ ਹੈ। ਪਰ ਉਸ ਵੇਲੇ ਕੋਰਟ ਵਿੱਚ ਬੈਠੇ ਸਾਰੇ ਲੋਕਾਂ ਨੂੰ ਉਹ ਬੇਵਕੂਫ ਹੀ ਲੱਗੀ। ਉਸ ਦਿਨ ਜਿਊਰੀ ਨੇ ਉਸਨੂੰ ਦੋਸ਼ੀ ਕਰਾਰ ਦੇ ਦਿੱਤਾ ਸੀ। ਪਰ ਸਜ਼ਾ ਦਾ ਫੈਸਲਾ ਅਗਲੇ ਦਿਨ ਸੁਣਾਇਆ ਜਾਣਾ ਸੀ।

ਅਗਲੇ ਦਿਨ, 23 ਸਤੰਬਰ, 2010 ਨੂੰ ਕੋਰਟ ਫਿਰ ਸ਼ੁਰੂ ਹੋਈ। ਕੋਰਟ ਖਚਾ ਖਚ ਭਰੀ ਹੋਈ ਸੀ। ਮੀਡੀਏ ਤੋਂ ਇਲਾਵਾ ਆਫੀਆ ਦੇ ਹਮਦਰਦ ਅਤੇ ਰਿਸ਼ਤੇਦਾਰ ਕੋਰਟ ਵਿੱਚ ਹਾਜ਼ਰ ਸਨ। ਯੂ.ਐੱਸ. ਮਾਰਸ਼ਲਾਂ ਨੇ ਆਫੀਆ ਨੂੰ ਕੋਰਟ ਵਿੱਚ ਲਿਆਂਦਾ। ਉਸਨੇ ਬੈਠੇ ਲੋਕਾਂ ਵੱਲ ਨਜ਼ਰ ਮਾਰੀ। ਉਹ ਸ਼ਾਇਦ ਆਪਣੇ ਭਰਾ ਵੱਲ ਵੇਖ ਰਹੀ ਸੀ। ਕੋਰਟ ਸ਼ੁਰੂ ਹੋਈ ਤਾਂ ਜੱਜ ਨੇ ਆਫੀਆ ਨੂੰ ਕਿਹਾ ਕਿ ਉਹ ਕੁਝ ਕਹਿਣਾ ਚਾਹੁੰਦੀ ਹੈ ਤਾਂ ਉਸਨੇ ਸਿਰ ਫੇਰਦਿਆਂ ਨਾਂਹ ਕਰ ਦਿੱਤੀ। ਸਜ਼ਾ ਸੁਣਾਉਣ ਤੋਂ ਪਹਿਲਾਂ ਜੱਜ ਨੇ ਬੋਲਣਾ ਸ਼ੁਰੂ ਕੀਤਾ। ਉਸਨੇ ਕਿਹਾ, "ਡਾਕਟਰ ਆਫੀਆ ਦਾ ਕੇਸ ਇੱਕ ਅਣਸੁਲਝੀ ਕਹਾਣੀ ਦੀ ਤਰ੍ਹਾਂ ਐ। ਮੈਂ ਇਸ ਕੇਸ ਦੀ ਤਹਿ ਤੱਕ ਪਹੁੰਚਣ ਵਿੱਚ ਅਸਫਲ ਰਿਹਾ ਹਾਂ। ਉਸ 'ਤੇ ਜੋ ਵੀ ਦੋਸ਼ ਲੱਗੇ ਉਸ ਮੁਤਾਬਕ ਭਾਵੇਂ ਉਸਨੂੰ ਸਜ਼ਾ ਹੋ ਗਈ ਹੈ। ਪਰ ਫਿਰ ਵੀ ਬਹੁਤ ਕੁਝ ਅਜਿਹਾ ਹੈ ਜੋ ਕਿ ਅਣਸੁਲਝਿਆ ਰਹਿ ਗਿਆ ਹੈ। ਇਸ ਅਜੀਬੋ ਗਰੀਬ ਕਹਾਣੀ ਨੂੰ ਸੁਲਝਾਉਣ ਵਿੱਚ ਨਾ ਹੀ ਐਫ.ਬੀ.ਆਈ. ਨੇ ਮੱਦਦ ਕੀਤੀ ਤੇ ਨਾ ਹੀ ਡਾਕਟਰ ਆਫੀਆ ਨੇ। ਦੋਨੋਂ ਇਸ ਬਾਰੇ ਬੋਲਣ ਤੋਂ ਕਤਰਾਉਂਦੇ ਰਹੇ। ਇਸ ਕਰਕੇ ਇਹ ਕਹਿਣਾ ਮੁਸ਼ਕਲ ਐ ਕਿ ਅਸਲ ਵਿੱਚ ਪਿਛਲੇ ਇੰਨੇ ਸਾਲਾਂ ਦੌਰਾਨ ਅਸਲ ਵਿੱਚ ਹੋਇਆ ਕੀ ਹੈ। ਉਦਾਹਰਣ ਦੇ ਤੌਰ 'ਤੇ ਡਾਕਟਰ ਆਫੀਆ ਕਹਿ ਰਹੀ ਹੈ ਕਿ ਉਹ ਅਫਗਾਨਿਸਤਾਨ ਦੇ ਗਜ਼ਨੀ ਸ਼ਹਿਰ ਵਿੱਚ ਉਸ ਦਿਨ ਇਸ ਲਈ ਗਈ ਕਿ ਉਹ ਆਪਣੇ ਘਰਵਾਲੇ, ਅਲੀ ਨੂੰ ਲੱਭ ਰਹੀ ਸੀ। ਅਲੀ ਜਾਣੀ ਕਿ ਕੇ.ਐਸ.ਐਮ. ਦਾ ਭਾਣਜਾ। ਇਹ ਦੋਨੋਂ ਅੱਜ ਕੱਲ੍ਹ ਗੋਂਤੇਮਾਨਾਬੇ ਦੀ ਜੇਲ੍ਹ ਵਿੱਚ ਬੰਦ ਹਨ। ਇੱਕ ਹੋਰ ਸ਼ੱਕ ਇਹ ਹੈ ਕਿ ਆਫੀਆ ਉਸ ਦਿਨ ਆਤਮਘਾਤੀ ਹਮਲੇ ਕਰਨ ਲਈ ਅਫਗਾਨਿਸਤਾਨ ਵਿੱਚ ਗਈ ਸੀ। ਜਾਂ ਫਿਰ ਹੋ ਸਕਦਾ ਹੈ ਕਿ ਉਹ ਅਫਗਾਨਿਸਤਾਨ ਵਿੱਚ ਅਜਿਹੇ ਡਾਕੂਮੈਂਟ ਦੇਣ ਗਈ ਸੀ ਜਿਨ੍ਹਾਂ ਤੋਂ ਕਿ ਡਰਟੀ ਬੰਬ ਬਣਾਇਆ ਜਾ ਸਕਦਾ ਹੋਵੇ। ਇਸ ਤੋਂ ਇਲਾਵਾ ਕੋਰਟ ਇਹ ਵੀ ਨਹੀਂ ਜਾਣ ਸਕੀ ਕਿ ਡਾਕਟਰ ਆਫੀਆ 2003 ਤੋਂ 2008 ਤੱਕ ਕਿੱਥੇ ਰਹੀ ਹੈ। ਇਹ ਟਰਾਇਲ ਵੀ ਬਹੁਤ ਔਖਾ ਰਿਹਾ ਕਿਉਂਕਿ ਡਾਕਟਰ ਆਫੀਆ ਨੇ ਕੋਰਟ ਦੀ ਕਾਰਵਾਈ ਬਹੁਤ ਵਾਰੀ ਰੋਕੀ।"

ਇਸਦੇ ਉਲਟ ਡਿਫੈਂਸ ਵਕੀਲ ਨੇ ਕਿਹਾ ਕਿ ਇਹ ਕੇਸ ਆਫੀਆ ਦੇ ਖਿਲਾਫ ਇਸ ਕਰਕੇ ਗਿਆ ਕਿਉਂਕਿ ਉਹ ਮਾਨਸਿਕ ਤੌਰ 'ਤੇ ਸਹੀ ਨਹੀਂ ਹੈ। ਉਸਨੇ ਕਿਹਾ ਕਿ ਜੋ ਊਟ ਪਟਾਂਗ ਉੱਤਰ ਆਫੀਆ ਨੇ ਦਿੱਤੇ ਹਨ ਉਹ ਉਸਨੇ ਜਾਣ ਬੁੱਝ ਕੇ ਨਹੀਂ ਦਿੱਤੇ ਬਲਕਿ ਉਸਦੀ ਮਾਨਸਿਕ ਹਾਲਤ ਖਰਾਬ ਹੋਣ ਕਾਰਨ ਉਸਦੇ ਕੁਝ ਹੱਥ ਵੱਸ ਨਹੀਂ ਹੈ। ਸਾਰੇ ਕੇਸ ਦੌਰਾਨ ਉਸਦਾ ਵਤੀਰਾ ਸਾਬਤ ਕਰ ਦਿੰਦਾ ਹੈ ਕਿ ਉਹ ਦਿਮਾਗੀ ਤੌਰ 'ਤੇ ਬਿਮਾਰ ਹੈ। ਉਸਨੇ ਅੱਗੇ ਕਿਹਾ ਕਿ ਜਿਹੜੀ ਔਰਤ ਇੰਨੇ ਸਾਲਾਂ ਤੋਂ ਆਪਣੇ ਬੱਚਿਆਂ ਨੂੰ ਲਈ ਲੁਕਦੀ ਫਿਰਦੀ ਰਹੀ ਫਿਰ ਭਾਵੇਂ ਉਹ ਕਿਸੇ ਤੋਂ ਵੀ ਲੁਕਦੀ ਹੋਵੇ ਉਹ ਰਹਿਮ ਦੀ ਹੱਕਦਾਰ ਹੈ। ਉਸਨੇ ਕਿਹਾ ਕਿ ਇੰਨੇ ਸਾਲਾਂ ਤੋਂ ਡਰ ਵਿੱਚ ਜਿਉਂ ਰਹੀ ਔਰਤ 'ਤੇ ਵੈਸੇ ਵੀ ਰਹਿਮ ਕਰਨ ਦਾ ਇਨਸਾਨੀਅਤ ਹੱਕ ਹੈ। ਉਸਨੇ ਅੱਗੇ ਕੋਰਟ ਨੂੰ ਅਪੀਲ ਕੀਤੀ ਕਿ ਡਾਕਟਰ ਆਫੀਆ ਨੂੰ ਇਨ੍ਹਾਂ ਹਾਲਤਾਂ ਮੁਤਾਬਕ ਬਣਦੀ ਸਿਰਫ ਬਾਰਾਂ ਸਾਲਾਂ ਦੀ ਸਜ਼ਾ ਹੀ ਦਿੱਤੀ।

ਇਸ ਪਿੱਛੋਂ ਆਫੀਆ ਨੇ ਥੋੜ੍ਹੀ ਸਟੇਟਮੈਂਟ ਦੇਣੀ ਚਾਹੀ ਤਾਂ ਜੱਜ ਨੇ ਉਸਨੂੰ ਇਜਾਜ਼ਤ ਦੇ ਦਿੱਤੀ। ਆਫੀਆ ਨੇ ਕਿਹਾ ਕਿ ਉਹ ਅਮਰੀਕਾ ਨੂੰ ਬਹੁਤ ਪਿਆਰ ਕਰਦੀ ਹੈ ਪਰ ਉਸ ਕੋਲ ਸਬੂਤ ਹਨ ਜਿਸ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਅਮਰੀਕਾ ਦੇ ਨਾਈਨ ਅਲੈਵਨ ਹਮਲਿਆਂ ਲਈ ਇਜ਼ਰਾਇਲ ਜ਼ਿੰਮੇਵਾਰ ਹੈ। ਉਸਨੇ ਫਿਰ ਤੋਂ ਕਿਹਾ ਕਿ ਉਸਦਾ ਮਿਸ਼ਨ ਇਹ ਰਿਹਾ ਕਿ ਸੰਸਾਰ ਵਿੱਚ ਸ਼ਾਂਤੀ ਰਹੇ। ਆਖਰ ਵਿੱਚ ਉਸਨੇ ਕਿਹਾ ਕਿ ਮੁਸਲਮਾਨ ਲੋਕ ਉਸਦੇ ਕਰਕੇ ਕਿਸੇ 'ਤੇ ਔਖੇ ਨਾ ਹੋਣ ਨਾ ਹੀ ਕਿਸੇ ਪ੍ਰਤੀ ਮਨ ਵਿੱਚ ਕੋਈ ਮਾੜੀ ਭਾਵਨਾ ਰੱਖਣ।

ਆਖਰ ਵਿੱਚ ਜੱਜ ਨੇ ਉਸਦੀ ਫਾਈਲ 'ਤੇ ਕੁਝ ਲਿਖਿਆ ਤੇ ਫਿਰ ਸਜ਼ਾ ਸੁਣਾ ਦਿੱਤੀ।



ਜੱਜ ਨੇ ਆਫੀਆ ਨੂੰ ਛਿਆਸੀ ਸਾਲ ਦੀ ਲੰਬੀ ਸਜ਼ਾ ਸੁਣਾਈ। ਜੱਜ ਦੁਆਰਾ ਸੁਣਾਈ ਸਜ਼ਾ ਦੀ ਗੱਲ ਸੁਣਦਿਆਂ ਹੀ ਅਦਾਲਤ ਵਿੱਚੋਂ ਕਈਆਂ ਦੀਆਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ ਆਈਆਂ ਤਾਂ ਆਫੀਆ ਫਿਰ ਤੋਂ ਖੜ੍ਹੀ ਹੋ ਗਈ। ਉਹ ਅਦਾਲਤ ਵਿੱਚ ਮੌਜੂਦ ਲੋਕਾਂ ਵੱਲ ਵੇਖਦਿਆਂ ਬੋਲੀ, "ਮੁਹੰਮਦ ਸਾਹਿਬ ਨੇ ਆਪਣੀਆਂ ਸਿਖਿਆਵਾਂ ਵਿੱਚ ਕਿਹਾ ਹੈ ਕਿ ਆਪਣੇ ਦੁਸ਼ਮਣਾ ਨੂੰ ਵੀ ਮੁਆਫ ਕਰ ਦਿਉ। ਮੇਰੀ ਸਭ ਨੂੰ ਬੇਨਤੀ ਐ ਕਿ ਮੇਰੇ ਕੇਸ ਵਿੱਚ ਹਰ ਇੱਕ ਉਸ ਸ਼ਖ਼ਸ਼ ਨੂੰ ਮੁਆਫ ਕਰ ਦਿਉ ਜਿਨ੍ਹਾਂ 'ਤੇ ਤੁਹਾਨੂੰ ਗੁੱਸਾ ਆ ਰਿਹਾ ਐ। ਕਿਸੇ ਨਾਲ ਗੁੱਸੇ ਨਾ ਹੋਵੋ। ਜੇਕਰ ਮੈਨੂੰ ਖੁਦ ਕਿਸੇ 'ਤੇ ਗੁੱਸਾ ਨ੍ਹੀਂ ਤਾਂ ਤੁਹਾਨੂੰ ਵੀ ਨ੍ਹੀਂ ਹੋਣਾ ਚਾਹੀਦਾ।"

ਉਸਦੀ ਇਹ ਗੱਲ ਸੁਣ ਕੇ ਜੱਜ ਨੇ ਉਸਦਾ ਧੰਨਵਾਦ ਕੀਤਾ। ਨਾਲ ਹੀ ਕਿਹਾ ਕਿ ਉਹ ਅੱਗੇ ਅਪੀਲ ਕਰਨ ਦਾ ਅਧਿਕਾਰ ਰੱਖਦੀ ਹੈ। ਇਸ 'ਤੇ ਆਫੀਆ ਨੇ ਕਿਹਾ ਕਿ ਉਸਨੇ ਅੱਗੇ ਅਪੀਲ ਨਹੀਂ ਕਰਨੀ। ਫਿਰ ਜੱਜ ਨੇ ਕਿਹਾ ਕਿ ਡਾਕਟਰ ਆਫੀਆ ਤੇਰੀ ਜ਼ਿੰਦਗੀ ਦਾ ਅੱਗੇ ਦੀ ਜ਼ਿੰਦਗੀ ਦਾ ਸਫਰ ਵਧੀਆ ਰਹੇ। ਇਸ ਪਿੱਛੋਂ ਜੱਜ ਉੱਠ ਗਿਆ। ਯੂ ਐਸ ਮਾਰਸ਼ਲ, ਆਫੀਆ ਨੂੰ ਪਿਛਲੇ ਦਰਵਾਜ਼ੇ ਰਾਹੀਂ ਜੇਲ੍ਹ ਨੂੰ ਲੈ ਤੁਰੇ।

---

**ਪੰਨਾ ਨੰ. 74 ਬਾਕੀ ਦਾ**

ਜਿਵੇਂ ਉਸਦੀ ਪਰੀਖਿਆ ਲੈਣ ਲਈ ਕੋਈ ਚੰਗੀ ਗੱਲ ਪੁੱਛੀ ਨਹੀਂ ਸੀ ਜਾ ਸਕਦੀ!

ਕੇਹੇ-ਕੇਹੇ ਦੁੱਖ ਬੰਦਾ ਛਿਪਾਈ ਰੱਖਦਾ ਏ ਆਪਣੇ ਅੰਦਰ, ਅੰਤ ਸਮੇਂ ਤੀਕ। ਤੇ ਚਲਾ ਜਾਂਦਾ ਏ ਇਕ ਦਿਨ ਇਕੱਲਾ ਚਿਤਾ 'ਤੇ ਭਸਮ ਹੋਣ ਲਈ।

ਤੇ ਹੁਣ ਸੰਨ 2002 ਵਿਚ ਅਖ਼ਬਾਰਾਂ ਤੇ ਟੀ.ਵੀ. 'ਤੇ ਵਾਰ-ਵਾਰ ਉਹੀ ਚਿਹਰੇ। ਉਹੀ ਅੱਗ, ਉਹੀ ਸੇਕ। ਮਰਨ ਵਾਲਿਆਂ ਦੀ ਚੀਕਾ-ਰੌਲੀ, ਮਾਰਨ ਵਾਲਿਆਂ ਦੇ ਲਲਕਰੇ-ਲਲਕਾਰੇ। ਸਾਰੇ ਰਸਾਲਿਆਂ-ਅਖ਼ਬਾਰਾਂ ਦੇ ਪੰਨਿਆਂ 'ਤੇ ਇਕ ਚਿਹਰਾ ਸਥਿਰ ਹੋ ਗਿਆ ਏ। ਇਕ ਆਦਮੀ ਹੱਥ ਜੋੜਦਾ ਵਿਲ੍ਹਕਦਾ ਹੋਇਆ ਨਜ਼ਰ ਆ ਰਿਹਾ ਏ।

ਪੀੜ ਕਾਰਨ ਬੰਦ ਅੱਖਾਂ ਵਿਚ ਅੱਥਰੂ ਡੱਕੇ ਹੋਏ ਨੇ। ਅੱਥਰੂ ਜਿਹਨਾਂ ਉਸਨੂੰ ਅੰਨ੍ਹਾਂ ਕਰ ਦਿੱਤਾ ਏ।

ਉਹ ਹੱਥ ਜੋੜੀ ਖੜ੍ਹਾ ਏ।

ਕਿਸ ਸਾਹਵੇਂ ?

ਤਸਵੀਰ ਨਹੀਂ ਦਿਸਦੀ ਪਰ ਚਿਹਰਾ ਕੈਸਾ ਏ ਸਾਹਮਣੇ ਵਾਲੇ ਦਾ ?

ਹਤਿਆਰੇ ਦਾ ਏ ? ਕਿ ਈਸ਼ਵਰ ਦਾ ਏ ?

ਉਸਨੂੰ ਕੁਝ ਪਤਾ ਏ ? ਵਿਲ੍ਹਕਦੇ ਖੜ੍ਹੇ...ਡਰ ਤੇ ਪੀੜ ਨਾਲ ਭੰਨੇ, ਅੰਨ੍ਹੇ ਹੋਏ ਉਸ ਆਦਮੀ ਨੂੰ ?

'ਸਭ ਕੁਝ ਸਹਿ ਸਕਦਾ ਏ ਮਨੁੱਖ।' ਕਿਸੇ ਨੇ ਕਿਹਾ ਸੀ, ਸੰਸਾਰ ਯੁੱਧ ਵਿਚ ਯਹੂਦੀਆਂ ਦੇ ਬਚ ਜਾਣ 'ਤੇ...

ਪਤਾ ਨਹੀਂ, ਬੇਵੱਸੀ ਵਿਚ ਕਿ ਛੇਕ ਦਿੱਤੇ ਜਾਣ 'ਤੇ।

ਅਸੀਂ ਭੁੱਲ ਕਿੰਜ ਜਾਂਦੇ ਆਂ ? ਬਚ ਕਿੰਜ ਜਾਂਦੇ ਆਂ ?

ਕੀ ਏ ਇਸਦਾ ਰਹੱਸ ?

ਕੀ ਏਨਾ ਈ ਕਿ ਮਾਰਨ ਵਾਲਿਆਂ ਨਾਲੋਂ ਬਚਣ ਵਾਲਿਆਂ ਦੀ, ਬਚਾਉਣ ਵਾਲਿਆਂ ਦੀ ਗਿਣਤੀ ਹਮੇਸ਼ਾ ਇਕ ਵੱਧ ਹੁੰਦੀ ਆਈ ਏ ? ਸਿਰਫ਼ ਇਕ ਵੱਧ !

ਸਿਰਫ਼ ਇਕ ਵੱਧ ?

## ਯਾਦਾਂ ਦੇ ਡੰਗ/ਗਗਨ ਗਿੱਲ
### ਅਨੁਵਾਦ : ਮਹਿੰਦਰ ਬੇਦੀ ਜੈਤੋ

ਕੁਝ ਤਾਰੀਖ਼ਾਂ ਧੁਰ ਅੰਦਰ ਤੀਕ ਧਸ ਜਾਂਦੀਆਂ ਨੇ ਤੇ ਉਹਨਾਂ ਦੇ ਡੰਗ ਹਮੇਸ਼ਾ ਵੱਜਦੇ ਰਹਿੰਦੇ ਨੇ।

31 ਅਕਤੂਬਰ, 1984 ਦੀ ਉਸ ਰਾਤ ਅਸੀਂ ਬੱਚੇ ਉਹਨਾਂ ਨੂੰ ਨਸੀਹਤਾਂ ਕਰ-ਕਰ ਸੁੱਤੇ ਸਾਂ, "ਭਾਵੇਂ ਕੁਝ ਵੀ ਹੋਵੇ, ਤੁਸੀਂ ਕੱਲ੍ਹ ਸਵੇਰੇ ਤਾਇਆ ਜੀ ਕੇ ਨਹੀਂ ਜਾਓਗੇ। ਵਾਅਦਾ ਕਰੋ।"

ਹਰ ਸਵੇਰ, ਦਾਰਜੀ ਆਪਣੇ ਪਿੰਡ ਦੇ ਮੂੰਹ ਬੋਲੇ ਭਰਾ ਨੂੰ ਦੇਖਣ ਜਾਂਦੇ ਹੁੰਦੇ ਸਨ। ਜਿਗਰ ਦੇ ਕੈਂਸਰ ਦੇ ਮਰੀਜ਼ ਤਾਇਆ ਜੀ ਦੇ ਆਖ਼ਰੀ ਦਿਨ ਸਨ ਉਹ।

"ਓ ਬਾਬਾ, ਬਿਨਾਂ ਗੱਲੋਂ ਈ ਡਰੇ ਹੋਏ ਓਂ। ਸਵੇਰ ਹੋਏਗੀ ਤਾਂ ਦੇਖਾਂਗੇ।"

ਮੈਂ ਉਹਨਾਂ ਦੀ ਪੱਤਰਕਾਰ ਧੀ ਉਹਨਾਂ ਨੂੰ ਹੁਣੇ-ਹੁਣੇ ਰਾਤ ਨੂੰ ਆਏ ਆਪਣੇ ਸਹਿਯੋਗੀ ਦੇ ਫ਼ੋਨ ਬਾਰੇ ਦੱਸ ਚੁੱਕੀ ਸਾਂ। ਮੈਡੀਕਲ ਇੰਸਟੀਚਿਊਟ ਦੇ ਆਸ-ਪਾਸ ਸਿੱਖਾਂ ਨੂੰ ਲੱਭ-ਲੱਭ ਕੇ ਕੁੱਟ-ਮਾਰ ਕੀਤੀ ਜਾ ਰਿਹਾ ਸੀ।

ਉਸ ਸਵੇਰ ਇੰਦਰਾ ਗਾਂਧੀ ਦੀ ਹੱਤਿਆ ਹੋਈ ਸੀ।

ਉਸੇ ਸਵੇਰ ਦਾਰਜੀ ਸਾਨੂੰ, ਸੁੱਸਤ-ਮਾਲ ਨੂੰ, ਸੁੱਤੇ ਛੱਡ ਕੇ ਸਵੇਰੇ-ਤੜਕੇ ਈ ਤਾਇਆ ਜੀ ਨੂੰ ਦੇਖਣ ਚਲੇ ਗਏ ਸਨ—ਦੂਰ ਜਮਨਾ ਪਾਰ।

ਉਹਨਾਂ ਨੂੰ ਨੀਂਦ ਵਿਚ ਵੀ ਤਾਇਆ ਜੀ ਦੀਆਂ ਹੂੰਗਰਾਂ ਹੀ ਸੁਣਦੀਆਂ ਹੁੰਦੀਆਂ ਸਨ।

ਉਹਨਾਂ ਆਵਾਜ਼ਾਂ ਨੂੰ ਸਹਿਣ ਦਾ ਇਕੋ ਤਰੀਕਾ ਸੀ—ਜਾ ਕੇ ਬਿਮਾਰ ਨੂੰ ਦੇਖਣ ਆਉਣ। ਕੌਣ ਜਾਣੇ, ਸਾਹਮਣੇ ਹੋਣ 'ਤੇ ਤਾਇਆ ਜੀ ਵਧੇਰੇ ਚੰਗੇ ਦਿਖਾਈ ਦਿੰਦੇ ਹੋਣ ਤੇ ਉਹਨਾਂ ਦੀਆਂ ਹੂੰਗਰਾਂ ਘੱਟ ਸੁਣਾਈ ਦਿੰਦੀਆਂ ਹੋਣ!

ਤਿਆਰ ਤਾਂ ਮੈਂ ਵੀ ਹੋ ਰਹੀ ਸਾਂ, ਦਫ਼ਤਰ ਜਾਣ ਲਈ, ਕਿ ਚਲੋ, ਬਾਹਰ ਚੱਲ ਕੇ ਦੇਖਾਂਗੇ, ਦੰਗੇ ਕੇਹੇ ਹੁੰਦੇ ਨੇ! ਪੱਤਰਕਾਰਤਾ ਚੁਣੀ ਏਂ, ਤਾਂ ਇਹ ਸਭ ਵੀ ਦੇਖਣਾ ਚਾਹੀਦਾ ਏ।

ਭਲੇ ਦਿਨ ਸਨ ਉਹ। ਕਿਸੇ ਉੱਤੇ ਸ਼ੱਕ ਕਰਨ ਦਾ ਕੋਈ ਕਾਰਨ ਨਹੀਂ ਸੀ—ਉਹ ਗੁਆਂਢੀ ਹੋਵੇ, ਪੁਲਿਸਵਾਲਾ ਹੋਵੇ ਜਾਂ ਫੇਰ ਓਪਰਾ ਆਦਮੀ। ਹਾਲਾਂਕਿ ਭਿੰਡਰਾਂਵਾਲੇ ਦੇ ਆਤੰਕ ਤੇ ਆਪਰੇਸ਼ਨ ਬਲਿਊ-ਸਟਾਰ ਪਿੱਛੋਂ ਦਿਮਾਗ਼ ਵਿਚ ਕਈ ਗੱਲਾਂ ਗੱਡਮੱਡ ਹੋ ਰਹੀਆਂ ਸਨ। ਹੁਣ ਯਾਦ ਏ ਤਾਂ ਘਰ ਉੱਤੇ ਹੋਈ ਪਹਿਲੀ ਨਾਅਰੇਬਾਜ਼ੀ, ਜਿਹੜੀ ਵੀਹ-ਪੱਚੀ ਲੋਕਾਂ ਦੀ ਭੀੜ ਕਰਦੀ ਹੋਈ ਲੰਘ ਗਈ ਸੀ। ਨਾ ਕਿਸੇ ਨੇ ਦਰਵਾਜ਼ਾ ਖੜਕਾਇਆ ਸੀ, ਨਾ ਸ਼ੀਸ਼ਾ ਤੋੜਿਆ ਸੀ, ਨਾ ਗਾਲ੍ਹ ਕੱਢੀ ਸੀ। ਇੱਥੋਂ ਤੱਕ ਕਿ ਘਰ ਦੇ ਬਾਹਰ ਖੜ੍ਹੀ ਨਵੀਂ ਕਾਰ ਵੀ ਬੇਦਾਗ਼ ਖੜ੍ਹੀ ਸੀ।

ਇਹ ਸ਼ੁਰੂਆਤ ਸੀ।

ਅਸੀਂ ਇਸ ਤੋਂ ਏਨਾ ਡਰ ਗਏ ਕਿ ਪਹਿਲਾ ਫ਼ੋਨ ਤਾਇਆ ਜੀ ਕੇ ਕੀਤਾ। ਉਹਨਾਂ ਨੂੰ ਉੱਥੇ ਈ ਰੋਕ ਦੇਣ ਲਈ।

ਪਰ ਉਹ ਤਾਂ ਹੁਣੇ-ਹੁਣੇ ਉੱਥੋਂ ਨਿਕਲ ਗਏ ਸੀ।

ਕਦੋਂ ਅਸੀਂ ਰਸੋਈ ਦਾ ਸਾਮਾਨ, ਗੈਸ-ਚੁੱਲ੍ਹਾ, ਭਾਂਡੇ ਉਪਰ ਤੀਜੀ ਮੰਜ਼ਿਲ ਦੀ ਮੇਰੀ ਸਟੱਡੀ ਵਿਚ ਲੈ ਜਾਣ ਲੱਗੇ, ਪਤਾ ਨਹੀਂ ਲੱਗਿਆ। ਪੰਦਰਾਂ ਤੋਂ ਪੱਚੀ ਦੀ ਉਮਰ ਦੀਆਂ ਛੋਟੀਆਂ-ਵੱਡੀਆਂ ਅਸੀਂ ਚਾਰ ਭੈਣਾਂ—ਸਭ ਤੋਂ ਛੋਟਾ ਭਰਾ, ਬਾਰ੍ਹਾਂ ਸਾਲ ਦਾ, ਪੰਜਵੀਂ ਭੈਣ ਵਰਗਾ!

ਕਈ ਵਰ੍ਹੇ ਪਹਿਲਾਂ, 1977 ਵਿਚ, ਦਿੱਲੀ ਵਿਚ ਆਏ ਹੜ੍ਹ ਕਾਰਨ ਵੀ ਸਾਨੂੰ ਆਪਣੇ



ਘਰ ਦੀ ਉਪਰਲੀ ਮੰਜ਼ਿਲ 'ਤੇ ਇੰਜ ਈ ਭੱਜਣਾ ਪਿਆ ਸੀ।

ਅਸੀਂ ਸਾਰੇ ਉਤੇਜਤ ਸਾਂ—ਤੇ ਉਤਸੁਕ ਵੀ। ਹੁਣ ਪਤਾ ਲੱਗੇਗਾ ਕਿ ਵੰਡ ਵੇਲੇ ਕੀ ਹੋਇਆ ਸੀ। ਪਤਾ ਨਹੀਂ ਕਿੰਨੇ ਦਿਨ ਲੁਕ ਕੇ ਰਹਿਣਾ ਪਏ! ਮਾਂ ਕਦੀ ਆਪਣੇ ਬਚਪਨ ਦੀਆਂ ਗੱਲਾਂ ਕਰਦੀ ਸੀ ਤਾਂ ਅਸੀਂ ਕੋਰੇ ਬੈਠੇ ਰਹਿੰਦੇ ਸੀ।

ਇਸ ਸਾਰੀ ਹਫੜਾ-ਦਫੜੀ ਦੌਰਾਨ ਮਾਂ ਦੇ ਕਾਲਜ ਤੋਂ ਫ਼ੋਨ ਆਉਂਦੇ ਰਹੇ, ਦੰਗੇ ਫੈਲ ਰਹੇ ਸੀ।

ਜਿਸਦੀ ਜਿਹੜਾ ਸਮਝ 'ਚ ਆ ਰਿਹਾ ਸੀ, ਉਹ ਉਹੀ ਸਾਮਾਨ ਲੈ ਕੇ ਉੱਤੇ ਜਾ ਰਿਹਾ ਸੀ। ਬੌਂਦਲੀ ਹੋਈ ਮਾਂ ਅਲਮਾਰੀ ਵਿਚੋਂ ਜ਼ਮੀਨ-ਜਾਇਦਾਦ ਦੀਆਂ ਫਾਇਲਾਂ, ਬੀਮੇ ਦੇ ਕਾਗਜ਼, ਗਹਿਣੇ ਸਮੇਟ ਰਹੀ ਸੀ।

ਅਚਾਨਕ ਮੈਨੂੰ ਖ਼ਿਆਲ ਆਇਆ, 'ਗੱਡੀ ?' ਮੈਂ ਮਾਂ ਨੂੰ ਕਿਹਾ।

ਦੋਸਤ ਗੁਆਂਢੀਆਂ ਵਿਚ ਡਾ. ਊਸ਼ਾ ਇੰਦਰਨਾਥ ਚੌਧਰੀ ਕਾ ਘਰ ਸਭ ਤੋਂ ਨੇੜੇ ਸੀ। ਪੰਜ-ਸੱਤ ਮਿੰਟ ਦੀ ਪੈਦਲ ਦੂਰੀ 'ਤੇ। ਮਾਂ ਨੇ ਗੱਡੀ ਸਟਾਰਟ ਕੀਤੀ। ਉਹਨਾਂ ਦੇ ਵਿਹੜੇ ਤੀਕ ਆਪਣੀ ਗੱਡੀ ਪਹੁੰਚਾ ਕੇ ਅਸੀਂ ਮਾਂ-ਧੀ ਉਲਟੇ ਪੈਰੀਂ ਵਾਪਸ ਮੁੜ ਆਈਆਂ।

ਸੜਕ ਅਜੇ ਖਾਲੀ ਸੀ। ਦੰਗੇ ਹਾਲੇ ਇੱਧਰ ਨਹੀਂ ਸੀ ਪਹੁੰਚੇ। ਦਾਰਜੀ ਅਜੇ ਵਾਪਸ ਨਹੀਂ ਸਨ ਆਏ।

ਇਸ ਤਰ੍ਹਾਂ ਇਤਿਹਾਸ ਬਣਦਾ ਏ।

ਉਜਾੜ ਸੜਕਾਂ, ਲੁਕੇ-ਛਿਪੇ ਲੋਕਾਂ ਵਿਚਾਕਰ—ਇਕ ਤਾਰੀਖ਼, ਬਾਕੀ ਸਾਰੀਆਂ ਤਾਰੀਖ਼ਾਂ ਨਾਲੋਂ ਵੱਖ ਹੋ ਜਾਂਦੀ ਏ ? ਵਰ੍ਹਿਆਂ ਬਾਅਦ ਅਸੀਂ ਉੱਥੋਂ ਦੀ ਲੰਘਦੇ ਆਂ, ਤਾਂ ਕਲੰਡਰ ਨਾਲੋਂ ਉੱਖੜੀ ਉਹ ਤਾਰੀਖ਼ ਉੱਥੇ ਖੜ੍ਹੀ ਮਿਲਦੀ ਏ, ਇਤਿਹਾਸ ਦੇ ਚੌਰਾਹੇ ਉੱਤੇ, ਆਪਣੇ ਲਹੂ ਨਾਲ ਨਹਾਤੀ ਹੋਈ, ਨਾੜੂਆ ਹੱਥ ਵਿਚ ਫੜ੍ਹੀ ?

ਹੇਠਾਂ ਘਰ ਨੂੰ ਜਿੰਦਰਾ ਲਾ ਦਿੱਤਾ ਗਿਆ ਸੀ। ਅਸੀਂ ਤੀਜੀ ਮੰਜ਼ਿਲ ਨੂੰ ਜਾਂਦੀਆਂ ਪੌੜੀਆਂ ਦਾ ਦਰਵਾਜ਼ਾ ਬੰਦ ਕਰਕੇ ਬੈਠੇ ਰਹੇ—ਸੱਟਡੀ ਵਿਚ ਲੁਕ ਕੇ, ਹਰ ਖੜਾਕ 'ਤੇ ਕੰਨ ਲਾਈ। ਸਵੇਰੇ ਦੂਜੀ ਮੰਜ਼ਿਲ ਦੇ ਸਾਡੇ ਕਿਰਾਏਦਾਰ ਸ਼ਰਮਾ ਜੀ ਨੇ ਸਾਨੂੰ ਯਕੀਨ ਦੁਆਇਆ ਸੀ, "ਭੈਣ ਜੀ, ਪਹਿਲਾਂ ਮੈਨੂੰ ਕੁਝ ਹੋਏਗਾ, ਫੇਰ ਕੋਈ ਤੁਹਾਡੇ ਤੱਕ ਪਹੁੰਚੇਗਾ।"

ਸਾਰਾ ਦਿਨ ਫ਼ੋਨ ਆਉਂਦੇ ਰਹੇ—ਬਰਸਾਤੀ ਵਿਚ। ਟੈਲੀਫ਼ੋਨ ਦੀ ਤਾਰ ਮੈਂ ਉੱਤੇ ਲੈ ਆਈ ਸਾਂ ਕਿ ਬਾਹਰਲੀ ਦੁਨੀਆਂ ਨਾਲ ਸੰਪਰਕ ਬਣਿਆਂ ਰਹੇ। ਹੁਣ ਮਿੱਤਰ ਲੋਕ ਪੁੱਛ ਰਹੇ ਸੀ, ਅਸੀਂ ਦੱਸ ਰਹੇ ਸਾਂ।

ਦਾਰਜੀ ਦਾ ਕਿੱਧਰੇ ਪਤਾ ਨਹੀਂ ਸੀ। ਉਹ ਰੋਜ਼ ਸਵੇਰੇ ਜਾ ਕੇ ਦਸ ਵਜੇ ਤਕ ਵਾਪਸ ਮੁੜ ਆਉਂਦੇ ਹੁੰਦੇ ਸਨ।

ਹੁਣ ਰਾਤ ਹੋ ਚੱਲੀ ਸੀ। ਸ਼ਹਿਰ ਵਿਚ ਅੱਗ ਮੱਚੀ ਹੋਈ ਸੀ।

ਕੋਈ ਜਾਣ-ਪਛਾਣ ਵਾਲਾ ਪੁਲਿਸ ਅਫ਼ਸਰ ਫ਼ੋਨ ਉੱਤੇ ਮਿਲ ਨਹੀਂ ਸੀ ਰਿਹਾ। ਜਿਹੜਾ ਹਾਲੇ ਤੀਕ ਨਹੀਂ ਸੀ ਟੁੱਟਿਆ, ਉਹ ਵਿਸ਼ਵਾਸ ਸੀ—ਕਾਨੂੰਨ ਵਿਵਸਥਾ ਵਿਚ, ਆਪਣੇ ਅਫ਼ਸਰਾਂ ਦੀ ਨੀਅਤ ਉੱਤੇ—ਬੱਸ ਇਕ ਫ਼ੋਨ ਸ਼ਿਕਾਇਤ ਦਾ ਪਹੁੰਚੇਗਾ ਤੇ ਸਭ ਸਿੱਧੇ ਹੋ ਜਾਣਗੇ।

ਦਿਨੇਂ, ਸਾਡੀ ਗਲੀ ਵਿਚੋਂ, ਕਈ ਟੋਲੀਆਂ ਨਾਅਰੇ ਲਾਉਂਦੀਆਂ ਹੋਈਆਂ ਲੰਘੀਆਂ ਸਨ—ਪਰ ਕਿਸੇ ਨੇ ਪਥਰਾਅ ਨਹੀਂ ਸੀ ਕੀਤਾ।

ਇਕ ਭੀੜ ਦਾ ਦੁੱਖ ਸੀ, ਉਹਨਾਂ ਸਭਨਾਂ ਵਿਚ। ਇਕ ਬੇਵੱਸ ਜਿਹਾ ਗੁੱਸਾ, ਜਿਸਨੂੰ ਪਤਾ

ਨਹੀਂ ਸੀ, ਉਹ ਕਿੱਥੇ ਸਿਰ ਮਾਰੇ। ਹਿੰਸਾ ਨਹੀਂ ਸੀ ਉਸ ਵਿਚ, ਨਾ ਕਰੂਰਤਾ ਤੇ ਬਰਬਰਤਾ ਸੀ।

ਆਤਮਾ ਨੂੰ ਪੀੜਣ ਵਾਲਾ ਦੁੱਖ, ਵਿਨਾਸ਼ਕ ਤਾਂ ਹੋ ਸਕਦਾ ਏ, ਬਰਬਰ ਕਿੰਜ ਹੋ ਗਿਆ? ਕਿਸ ਠੰਢੇ ਕੁਟਿੱਲ ਦਿਮਾਗ਼ ਵਿਚੋਂ ਨਿਕਲੀ ਸੀ ਉਹ ਪ੍ਰਤੀਹਿੰਸਾ? ਜਿਹੜੀ ਆਉਣ ਵਾਲੇ ਦਿਨਾਂ ਵਿਚ ਸਭ ਨੇ ਦੇਖੀ। ਕਿਸੇ ਨੇ ਜਾਹਰ, ਕਿਸੇ ਨੇ ਲੁਕਵੀਂ।

ਰਾਤ ਹੁੰਦਿਆਂ ਈ ਕੋਈ ਦਸ ਬਾਰ੍ਹਾਂ ਜਣੇ ਸ਼ਰਮਾ ਜੀ ਦੇ ਘਰ ਪਹੁੰਚ ਗਏ। ਮੈਂ ਤੇ ਮਾਂ ਉੱਤੇ ਫ਼ਰਸ਼ ਨਾਲ ਕੰਨ ਲਾਈ ਪਈਆਂ ਰਹੀਆਂ।

ਉਹ ਕੀ ਕਹਿ ਰਹੇ ਨੇ, ਕੁਝ ਪਤਾ ਨਹੀਂ ਸੀ ਲੱਗ ਰਿਹਾ। ਸਾਰੇ ਘੁਸਰ-ਮੁਸਰ ਕਰ ਰਹੇ ਸਨ।

ਕੀ ਸਿਰਫ਼ ਮੈਂ ਤੇ ਮਾਂ ਈ ਉੱਥੇ ਛਾਪਲੇ ਹੋਏ ਸਾਂ, ਉਸ ਫ਼ਰਸ਼ ਉੱਤੇ? ਨਹੀਂ ਸ਼ਾਇਦ ਇਤਿਹਾਸ ਦੇ ਉਹ ਸਾਰੇ ਭਗੌੜੇ, ਝਟਕੇ ਹੋਏ ਲੋਕ ਵੀ ਆ ਗਏ ਸਨ, ਜਿਹੜੇ ਕਦੀ ਜਿਉਂਦੇ ਹੁੰਦੇ ਸਨ ਤੇ ਹੁਣ ਸਫ਼ਿਆਂ ਤੋਂ ਗ਼ਾਇਬ ਸਨ। ਸਾਡੀ ਪਿੱਠ ਪਿੱਛੇ। ਸਾਨੂੰ ਦੇਖਣ ਲਈ। ਬਚ ਜਾਵਾਂਗੇ ਜਾਂ ਨਹੀਂ? ਕੀ ਬਹਿਸ ਹੋ ਰਹੀ ਸੀ? ਕੀ ਸ਼ਰਮਾ ਜੀ ਹੁਣ ਸਾਡੇ ਵੱਲ ਨਹੀਂ ਸਨ?

ਮਾਂ ਤੇ ਮੈਂ ਰੀਂਘਦੇ ਹੋਏ ਵਾਪਸ ਪਰਤ ਆਏ ਕਮਰੇ 'ਚ।

ਵਿਚ-ਵਿਚ ਮਾਂ ਚੋਰ-ਨਜ਼ਰਾਂ ਨਾਲ ਕਦੀ ਸਾਨੂੰ ਚਾਰਾਂ ਭੈਣਾਂ ਨੂੰ ਤੇ ਕਦੀ ਉਸ ਤਲਵਾਰ ਨੂੰ ਦੇਖ ਲੈਂਦੀ, ਜਿਹੜੀ ਉਹਨੂੰ ਕਿਸੇ ਕਿਤਾਬ ਨੂੰ ਲਿਖਣ ਲਈ ਸਿਰੋਪੇ ਵਿਚ ਮਿਲੀ ਸੀ ਤੇ ਸਾਡੇ ਵਿਚੋਂ ਕੋਈ ਸਾਵਧਾਨੀ ਵਜੋਂ ਹੇਠਲੇ ਕਮਰੇ ਵਿਚੋਂ ਚੁੱਕ ਲਿਆਇਆ ਸੀ।

ਜਦੋਂ ਕਾਫ਼ੀ ਦੇਰ ਤੀਕ ਭੀੜ ਦੂਜੀ ਮੰਜ਼ਿਲ 'ਚੋਂ ਹੇਠਾਂ ਨਹੀਂ ਗਈ, ਤਾਂ ਉਹਨੇ ਖ਼ੁਦ ਨੂੰ ਮਜ਼ਬੂਤ ਕੀਤਾ। ਹੱਥ ਜੋੜਦਿਆਂ ਹੋਇਆਂ ਕਿਹਾ, "ਮੇਰੀਓ ਬੱਚੀਓ, ਜੇ ਤੁਹਾਨੂੰ ਮਾਰਨਾ ਪਿਆ, ਤਾਂ ਮੈਨੂੰ ਮੁਆਫ਼ ਕਰ ਦੇਣਾ। ਮੈਂ ਸੰਨ ਸੰਤਾਲੀ ਦੇਖਿਆ ਸੀ, ਔਰਤਾਂ ਦੇ ਨਾਲ ਕੀ ਹੁੰਦਾ ਏ..."

ਏਨੀ ਜਲਦੀ ਅਸੀਂ ਅੰਤ ਤੀਕ ਜਾ ਪਹੁੰਚੇ ਸਾਂ।

ਨਹੀਂ, ਸ਼ਰਮਾ ਜੀ ਸਾਡੇ ਵੱਲ ਈ ਸਨ। ਭੀੜ ਦੇ ਜਾਂਦਿਆਂ ਈ ਉਹਨਾਂ ਧੀਮੀ ਆਵਾਜ਼ ਦਿੱਤੀ, "ਭੈਣ ਜੀ, ਹੁਣ ਸਮਾਂ ਨਹੀਂ ਜੇ, ਗੱਡੀ ਵਿਚ ਬੈਠੋ ਜਲਦੀ।"

ਅਚਾਨਕ ਹੇਠਾਂ ਹਨੇਰੇ ਵਿਚ ਕਿਸੇ ਦੀ ਚੀਕ ਗੂੰਜੀ। ਸ਼੍ਰੀਮਤੀ ਸ਼ਰਮਾ ਏਨੀ ਡਰ ਗਈ ਸੀ ਕਿ ਚੀਕ ਉੱਤੇ ਉਸਦਾ ਵੱਸ ਨਹੀਂ ਸੀ ਰਿਹਾ। "ਇਸ ਘਰ ਨੂੰ ਪੈਟ੍ਰੋਲ ਪਾ ਕੇ ਸਾੜ ਦੇਣਗੇ? ਜੋ ਚੁੱਕਣਾ ਹੋਏ, ਚੁੱਕ ਲਵੋ?" ਉਹਨਾਂ ਦੀ ਦੇਹ ਬੁਰੀ ਤਰ੍ਹਾਂ ਕੰਬ ਰਹੀ ਸੀ। ਹਿਸਟੀਰੀਆ ਸੀ ਇਹ? ਸਾਧਾਰਣ ਮਨ ਉੱਤੇ ਦੰਗੇ ਦਾ ਅਸਰ ਇਸ ਤਰ੍ਹਾਂ ਹੁੰਦਾ ਏ? ਕਾਲਸ ਵਾਂਗ?

ਹੁਣ ਅਸੀਂ ਦੌੜ ਕੇ ਹੇਠਾਂ, ਘਰ ਦੇ ਸਾਹਮਣੇ ਖੜ੍ਹੀ, ਸ਼ਰਮਾ ਜੀ ਦੀ ਗੱਡੀ ਤੀਕ ਪਹੁੰਚਣਾ ਸੀ। ਅਸਾਂ ਪੰਜਾਂ ਭਰਾ-ਭੈਣਾਂ ਨੇ, ਮਾਂ ਨੂੰ, ਸ਼ਰਮਾ ਜੀ ਦੇ ਦੋ ਛੋਟੇ ਬੱਚਿਆਂ ਵਾਲੇ ਪਰਿਵਾਰ ਨੇ, ਸਾਡੇ ਨੌਕਰ ਨੇ, ਮਾਂ ਦੇ ਇਕ ਚਪੜਾਸੀ ਨੇ, ਜਿਹੜਾ ਹਾਲ ਪੁੱਛਣ ਆਇਆ ਸੀ ਤੇ ਉੱਥੇ ਈ ਰੁਕ ਗਿਆ ਸੀ। ਤੇ ਸੋਨੀਪਤ ਤੋਂ ਇਕ ਸ਼ਾਮ ਪਹਿਲਾਂ ਈ ਮਿਲਣ ਆਏ ਸ਼ਰਮਾ ਜੀ ਦੇ ਮਾਮੇ ਨੇ!

ਭੱਜਦੀ-ਭੱਜਦੀ ਮੈਂ ਫੇਰ ਪਰਤ ਆਈ, ਪੌੜੀਆਂ ਵਿਚ ਲੱਗੇ ਬਿਜਲੀ ਵਾਲੇ ਮੀਟਰ ਦਾ ਫ਼ਿਊਜ਼ ਕੱਢਣ ਲਈ, ਕਿ ਅੱਗ ਲੱਗੇ ਤਾਂ ਘਰ ਵਿਚ ਸ਼ਾਰਟ-ਸਰਕਟ ਨਾ ਹੋਵੇ! ਫ਼ਿਊਜ਼ ਕੱਢਿਆ ਈ ਸੀ, ਹੱਥੋਂ ਘਰ ਦੀ ਚਾਬੀ ਡਿੱਗ ਪਈ। ਹਨੇਰੇ ਵਿਚ ਉਸਨੂੰ ਲੱਭਣ ਦੀ ਛੋਟੀ-ਜਿਹੀ ਬਦਹਵਾਸ ਕੋਸ਼ਿਸ਼ ਪਿੱਛੋਂ ਭੱਜਣ ਲੱਗੀ ਕਿ ਪੈਰ ਦੀ ਇਕ ਚੱਪਲ ਨਿਕਲ ਗਈ।

ਇਹ ਦ੍ਰਿਸ਼ ਹਮੇਸ਼ਾ ਇਵੇਂ ਵਾਪਰਦਾ ਹੋਏਗਾ? ਭੱਜਦੇ ਹੋਏ ਲੋਕਾਂ ਦੀਆਂ ਚੀਜ਼ਾਂ ਇੰਜ ਈ ਪਿੱਛੇ ਰਹਿ ਜਾਂਦੀਆਂ ਹੋਣਗੀਆਂ? ਪਰੋਸੀ ਹੋਈ ਅਣਛੂਹੀ ਥਾਲੀ, ਬੱਚੇ ਦੀ ਦੁੱਧ ਵਾਲੀ ਬੋਤਲ, ਬਜ਼ੁਰਗ ਦੀ ਐਨਕ। ਸਿਰਫ਼ ਇਸਨੂੰ ਇਕ ਵਾਰੀ ਆਪਣੇ ਨਾਲ ਵਾਪਰਦਿਆਂ ਹੋਇਆਂ ਦੇਖਣਾ ਸੀ,



ਸ਼ਾਂਤਮਈ ਮਨ ਨਾਲ ਸਮਝਣਾ ਸੀ ਇਸਦਾ ਅਸਰ।

ਬਾਹਰ ਮੇਨ ਰੋਡ 'ਤੇ, ਦੰਗਾਈਆਂ ਦੇ ਐਨ ਨੇੜਿਓਂ, ਜਦੋਂ ਕਿਸੇ ਤਰ੍ਹਾਂ ਆਪਣੀ ਓਵਰਲੋਡ ਗੱਡੀ ਦੌੜਾਂਦੇ ਹੋਏ ਸ਼ਰਮਾ ਜੀ ਸਾਨੂੰ ਲੈ ਗਏ, ਤਾਂ ਉਸ ਵਿਚ ਠਸਾਠਸ ਭਰੇ ਅਸੀਂ ਤੇਰਾਂ ਜਣੇ ਸਾਂ, ਤੇਰਾਂ!

ਹਨੇਰੇ ਵਿਚ ਅਸੀਂ ਕਿੱਥੇ ਜਾ ਰਹੇ ਸਾਂ? ਇਹ ਸ਼ਰਮਾ ਜੀ ਵੀ ਨਹੀਂ ਸਨ ਜਾਣਦੇ।

ਸੜਕਾਂ ਸੁੰਨਸਾਨ ਸਨ। ਸਿਰਫ਼ ਸਾਡੀ ਕਾਰ ਭੱਜੀ ਜਾ ਰਹੀ ਸੀ। ਇਕ ਦੂਜੇ ਵਿਚ ਧਸੇ ਸਾਡੇ ਅੰਗ ਜਿਵੇਂ ਆਪਣੀ ਦੇਹ ਨਾਲੋਂ ਵੱਖ ਹੋ ਗਏ ਸਨ। ਮੇਰੀ ਨੱਕ 'ਤੇ ਕਿਸੇ ਭੈਣ ਦੀ ਗੁੱਤ ਵਲ਼ੀ ਗਈ ਸੀ ਤੇ ਇਕ ਬਾਂਹ ਜਿਵੇਂ ਟੁੱਟ ਕੇ ਆਪਣੀ ਪਿੱਠ ਪਿੱਛੇ ਜਾ ਲੱਗੀ ਸੀ। ਬਾਕੀਆਂ ਦੇ ਸਰੀਰ ਦਾ ਕੀ ਹਾਲ ਸੀ, ਪਤਾ ਨਹੀਂ।

ਲਗਭਗ ਪੰਜ-ਛੇ ਕਿਲੋਮੀਟਰ ਅੱਗੇ ਜਾ ਕੇ ਸ਼ਰਮਾ ਜੀ ਨੂੰ ਯਾਦ ਆਇਆ ਕਿ ਥੋੜ੍ਹੀ ਦੂਰ ਰਿਜ 'ਤੇ ਈ, ਲੇ. ਗਵਰਨਰ ਦੀ ਕੋਠੀ ਦੇ ਐਨ ਨਾਲ ਇਕ ਹਾਊਸਿੰਗ ਕੰਪਲੈਕਸ ਵਿਚ ਉਹਨਾਂ ਦੇ ਇਕ ਮਿੱਤਰ ਰਹਿੰਦੇ ਨੇ। ਅਸੀਂ ਉੱਥੇ ਜਾ ਪਹੁੰਚੇ—ਸ਼ਾਂਤ, ਅੱਧ-ਸੁੱਤੇ ਕੰਪਲੈਕਸ ਵਿਚ।

ਖ਼ੈਰ ਜੀ, ਅਸੀਂ ਸਾਰੇ ਕਿਸੇ ਦੁਰਘਟਨਾ ਦਾ ਹਿੱਸਾ ਘੱਟ, ਇਕ ਦੁਖਦਾਈ ਸੁਪਨੇ ਦਾ ਹਿੱਸਾ ਵਧੇਰੇ ਲੱਗ ਰਹੇ ਸਾਂ। ਇਤਿਹਾਸ ਦੀ ਪਹੀ 'ਤੇ ਪੈਰ ਰੱਖ ਚੁੱਕੇ ਸਾਂ ਅਸੀਂ? ਬਿਨਾਂ ਜਾਣੇ?

ਗੁਪਤਾ ਜੀ ਦੇ ਪਰਿਵਾਰ ਨਾਲ ਜਦੋਂ ਸ਼ਰਮਾ ਜੀ ਨੇ ਸਾਡੀ ਜਾਣ-ਪਛਾਣ ਕਰਵਾਈ, ਮੈਂ ਦੇਖਿਆ, ਮੇਰੇ (ਜਵਾਨ) ਸੀਨੇ 'ਤੇ ਦੁਪੱਟਾ ਨਹੀਂ ਏ, ਇਕ ਪੈਰ ਵਿਚ ਚੱਪਲ ਏ, ਰਸਤੇ ਦੀ ਧੱਕਾ-ਮੁੱਕੀ 'ਚ ਐਨਕ ਵਿੰਗੀ ਹੋ ਗਈ ਏ, ਮੈਂ ਮੱਲੋਜ਼ੋਰੀ ਆਪਣੇ ਆਪਣੇ-ਆਪ ਨੂੰ ਸੰਭਾਲਦੀ ਹੋਈ ਉਹਨਾਂ ਨੂੰ ਨਮਸਤੇ ਕਰ ਰਹੀ ਆਂ ਤੇ ਸਿਰ ਦੇ ਇਕ ਕੋਨੇ ਵਿਚ ਇਕ ਚਿੰਤਾ ਦਾ ਭੰਵਰ ਭੌਂ ਰਿਹਾ ਏ—ਪਤਾ ਨਹੀਂ ਦਾਰਜੀ ਨਾਲ ਕੀ ਵਾਪਰਿਆ ਹੋਏਗਾ?

ਗੁਪਤਾ ਜੀ ਨੇ ਸਾਨੂੰ ਸਾਰਿਆਂ ਨੂੰ ਤਸੱਲੀ ਦਿੱਤੀ ਤੇ ਥੋੜ੍ਹੀ ਦੇਰ ਪਿੱਛੋਂ ਕਿਸੇ ਨੂੰ ਫ਼ੋਨ ਕੀਤਾ। ਉਸ ਕੰਪਲੈਕਸ ਵਿਚ ਰਹਿਣ ਵਾਲੇ ਉਹਨਾਂ ਦੇ ਇਕ ਸਿੱਖ ਗੁਆਂਢੀ ਆਏ, ਸਾਨੂੰ ਆਪਣੇ ਨਾਲ ਲੈ ਗਏ। ਸ਼ਰਮਾ ਜੀ ਦਾ ਪਰਿਵਾਰ ਉੱਥੇ ਈ ਰਹਿ ਪਿਆ, ਆਪਣੇ ਮਿੱਤਰ ਕੋਲ।

ਘਰ ਪਹੁੰਚਦੇ ਈ ਉਹਨਾਂ ਅਣਜਾਣ ਸਰਦਾਰ ਜੀ ਨੇ ਮਾਂ ਨੂੰ ਪੁੱਛਿਆ, 'ਭੈਣ ਜੀ, ਇਹਨਾਂ ਨੇ ਸਾਨੂੰ ਸਿੱਖਾਂ ਨੂੰ ਇਕੱਠੇ ਕਰ ਦਿੱਤਾ ਏ, ਕਿਤੇ ਘੇਰ ਕੇ ਮਾਰ ਤਾਂ ਨਹੀਂ ਦੇਣਗੇ?'

ਸਿਰਫ਼ ਇਕ ਦਿਨ ਵਿਚ, ਕੁਝ ਘੰਟਿਆਂ ਦੇ ਵਕਫ਼ੇ ਨਾਲ ਅਸੀਂ ਆਪਣੀ ਮਨੁੱਖਤਾ ਗੰਵਾਅ ਬੈਠੇ ਸਾਂ? ਹੁਣ ਅਸੀਂ ਪਸ਼ੂ ਸਾਂ, ਡਰੇ ਹੋਏ, ਵਾੜੇ ਵਿਚ ਕੈਦ ਬਦਹਵਾਸ, ਜਿਹਨਾਂ ਦੀ ਟੋਹ ਵਿਚ ਸ਼ਿਕਾਰੀ ਕਦੀ ਵੀ ਆ ਸਕਦੇ ਸਨ। ਡਰੇ ਹੋਏ ਪਸ਼ੂ ਕੀ ਕਰਦੇ ਨੇ? ਸਿੰਗ ਹੋਣ ਤਾਂ ਧਰਤੀ ਵਿਚ ਘਸੋੜ ਦੇਂਦੇ ਨੇ—ਤਿਆਰ ਹੋ ਜਾਂਦੇ ਨੇ ਆਖ਼ਰੀ ਦਾਅ ਖੇਡਣ ਲਈ।

ਸਰਦਾਰ ਜੀ ਸਾਡੇ ਨਾਲ ਆਏ ਸੇਵਕਾਂ ਨੂੰ ਪਿਛਲੇ ਵਿਹੜੇ ਵਿਚ ਲੈ ਗਏ—ਖਾਲੀ ਗ਼ਮਲੇ ਤੇ ਪੱਥਰ ਇਕੱਠੇ ਕਰਕੇ ਹਨੇਰੇ ਵਿਚ ਛੱਤ 'ਤੇ ਲੈ ਜਾਣ ਲਈ। ਅਚਾਨਕ ਆਈ ਬਿਪਤਾ ਵਿਚ, ਇਹ ਸਾਡਾ ਨਿਹੱਥਿਆਂ ਦਾ ਬਚਾ ਲਈ ਸਾਮਾਨ ਸੀ।

ਅਸੀਂ ਭੈਣਾਂ ਉਹਨਾਂ ਦੇ ਵੱਡੇ ਕਮਰੇ ਵਿਚ ਚਾਦਰ ਵਿਛਾਉਣ ਲੱਗ ਪਈਆਂ, ਭਰਾ ਵੀ। ਦਿਨੇਂ ਉਸਦੀ ਗੁੱਤ ਕਰਕੇ ਅਸੀਂ ਉਸਨੂੰ ਫਰਾਕ ਪੁਆ ਦਿੱਤੀ ਸੀ। ਦੇਰ ਬਾਅਦ ਸਰਦਾਰ ਜੀ ਨੂੰ ਪਤਾ ਲੱਗਿਆ, ਉਹ ਮੁੰਡਾ ਏ।

"ਕੈਸਾ ਸਮਾਂ ਆ ਗਿਆ ਏ, ਇਕ ਵਾਰੀ ਫੇਰ ਭੈਣ ਜੀ!"

ਸਰਦਾਰ ਜੀ ਤੇ ਮਾਂ ਨੂੰ ਪਤਾ ਨਹੀਂ ਕਿਹੜੀਆਂ ਯਾਦਾਂ ਨੇ ਦੁਖੀ ਕਰ ਦਿੱਤਾ ਸੀ।

ਉਸੇ ਕਮਰੇ ਵਿਚ ਅਸੀਂ ਰਾਤ ਕੱਟੀ ਸੀ, ਉਸ ਛੋਟੀ-ਜਿਹੀ ਛਾਵਣੀ ਵਿਚ।

ਇਸ ਦੌਰਾਨ ਮੈਂ ਭੁੱਲੀ ਨਹੀਂ, ਕੁਝ ਵੀ ਨਹੀਂ, ਨਾ ਆਪਣੇ ਲਾਪਤਾ ਪਿਤਾ ਨੂੰ, ਨਾ ਕਾਨੂੰਨ ਵਿਵਸਥਾ ਵਿਚ ਆਪਣੇ ਵਿਸ਼ਵਾਸ ਨੂੰ।

ਰਾਤੀਂ ਮੈਂ ਪੁਲਿਸ ਕੰਟਰੋਲ-ਰੂਮ ਵਿਚ ਫ਼ੋਨ ਕਰਦੀ ਰਹੀ। ਅੱਧੀ ਰਾਤ ਤੀਕ, ਅੱਧੀ ਰਾਤ ਤੋਂ ਬਾਅਦ ਵੀ। ਹਰ ਵਾਰੀ ਘੰਟੀ ਵੱਜਦੀ ਰਹੀ ਸੀ—ਕਿਸੇ ਨੇ ਫ਼ੋਨ ਈ ਨਹੀਂ ਚੁੱਕਿਆ ਸੀ, ਉਦੋਂ ਮਾਂ ਨੇ ਕਿਹਾ ਸੀ, "ਮੈਂ ਸਾਰੇ ਗਹਿਣੇ ਤੇ ਜ਼ਰੂਰੀ ਕਾਗਜ਼ ਤਾਂ ਤੇਰੀ ਮੇਜ਼ 'ਤੇ ਈ ਭੁੱਲ ਆਈ ਆਂ..."

ਭੁੱਲ ਜਾਂਦਾ ਏ, ਸਭ ਕੁਝ ਭੁੱਲ ਜਾਂਦਾ ਏ ਡਰਿਆ ਹੋਇਆ ਆਦਮੀ। ਟੱਟੀ-ਪਿਸ਼ਾਬ ਉੱਤੇ ਕਾਬੂ, ਗੋਦੀ ਵਾਲਾ ਆਪਣਾ ਬੱਚਾ ਤੀਕ। ਇਹ ਤਾਂ ਸਿਰਫ਼ ਕਾਗਜ਼ ਸਨ।

ਮਾਂ ਨੂੰ ਹੌਂਸਲਾ ਸੀ ਕਿ ਅਸੀਂ ਉਸਦੇ ਕੋਲ ਸਾਂ, ਉਸਦੇ ਬੱਚੇ। ਤੇ ਗੁਪਤ ਚਿੰਤਾ।

ਜੇ ਉਸ ਰਾਤ, ਮੰਦੀ ਕਿਸਮਤ ਉਸ ਤੋਂ ਪੁੱਛਦੀ, 'ਸਿਰਫ਼ ਇਕ ਨੂੰ ਚੁਣ ਸਕਦੀ ਏਂ, ਬੱਚੇ, ਪਤੀ ਜਾਂ ਕਾਗਜ਼ਾਂ ਵਿਚੋਂ ਕਿਸੇ ਇਕ ਨੂੰ', ਤਾਂ ਕੀ ਕਰਦੀ ਉਹ? ਕਿੱਥੇ ਜਾਂਦੀ ਉਹ ਇਸ ਚੁਨਣ-ਛੱਡਣ ਪਿੱਛੋਂ? ਕਿਸੇ ਅੰਨ੍ਹੇ ਖ਼ੂਹ ਵਿਚ ਡਿੱਗੀ ਰਹਿੰਦੀ ਉਹ ਸਾਰੀ ਉਮਰ।

ਗੱਲਾਂ ਕਰਦਿਆਂ, ਸੰਤਾਪ ਭੋਗਦਿਆਂ ਰਾਤ ਦੇ ਦੋ ਵੱਜਣ ਵਾਲੇ ਹੋ ਗਏ। ਉਦੋਂ ਈ ਫ਼ੋਨ ਦੀ ਘੰਟੀ ਵੱਜੀ। ਕਿਸੇ ਨੇ ਸਰਦਾਰ ਜੀ ਤੋਂ ਪੁੱਛਿਆ, "ਰੋਟੀ-ਪਾਣੀ ਖਾ-ਪੀ ਲਿਆ ਤੁਸੀਂ?"

"ਹਾਂ-ਜੀ।"

"ਬੜਾ ਚੰਗਾ ਕੀਤਾ। ਜ਼ਹਿਰ ਮਿਲਿਆ ਹੋਇਆ ਸੀ ਤੁਹਾਡੀ ਪਾਣੀ ਦੀ ਟੈਂਕੀ ਵਿਚ।"

ਕਿਹੜਾ ਜ਼ਹਿਰ ਸੀ ਉਸ ਰਾਤ, ਜਿਹੜਾ ਸਾਡੇ ਸਾਰਿਆਂ ਵਿਚ ਫ਼ੈਲਦਾ ਰਿਹਾ ਸੀ।

ਮਨ ਵਿਚ ਮੈਲ ਦਾ ਜ਼ਹਿਰ ਸੀ, ਪਾਣੀ ਵਿਚ ਨਹੀਂ। ਇਸ ਤਰ੍ਹਾਂ ਅਸੀਂ ਮਰਦੇ ਆਂ। ਇਸ ਤਰ੍ਹਾਂ ਅਸੀਂ ਵਿਸ਼ ਤੋਂ ਉਪਰ ਉਠਦੇ ਆਂ, ਮੈਲ ਤੋਂ ਵੀ।

ਸਵੇਰੇ ਸਾਢੇ ਪੰਜ ਵਜੇ ਅੱਖ ਖੁੱਲ੍ਹੀ ਤਾਂ ਅਸੀਂ ਜਿਊਂਦੇ ਸੀ। ਸਾਰੇ ਈ।

ਤੇ ਦਾਰਜੀ? ਸਾਡਾ ਘਰ?

ਮੈਂ ਗੁਆਂਢਣ ਆਂਟੀ ਨੂੰ ਫ਼ੋਨ ਕੀਤਾ। 'ਆਂਟੀ, ਸਾਡਾ ਘਰ ਸੜ ਗਿਆ ਕਿ?'

ਸਾਰੀ ਰਾਤ ਨੀਂਦ ਵਿਚ ਸਾਡੀਆਂ ਕਿਤਾਬਾਂ ਦੇ ਸੁਨਹਿਰੀ ਕਾਗਜ਼ ਸੜਦੇ ਰਹੇ ਸਨ। ਦਾਰਜੀ ਦੀਆਂ ਪੁਰਾਣੀਆਂ, ਦੁਰਲੱਭ ਕਿਤਾਬਾਂ, ਜਿਹੜੀਆਂ ਪਿਛਲੀ ਵਾਰ ਹੜ੍ਹ ਵਿਚ ਭਿੱਜ ਗਈਆਂ ਸਨ ਤੇ ਕਿੰਨੇ ਈ ਦਿਨ ਅਸੀਂ ਉਹਨਾਂ ਨੂੰ ਧੁੱਪੇ ਸੁਕਾਉਂਦੇ ਰਹੇ ਸਾਂ।

ਨਹੀਂ, ਘਰ ਠੀਕ-ਠਾਕ ਸੀ। ਗੁਆਂਢੀਆਂ ਨੇ ਬਚਾ ਲਿਆ ਸੀ। ਇਕ ਘਰ ਸੜਦਾ, ਤਾਂ ਦੂਜਾ ਅੱਗ ਫੜ ਲੈਂਦਾ। ਮੁਹੱਲੇ ਦੇ ਜਵਾਨ ਮੁੰਡਿਆਂ ਨੇ ਟੋਲੀ ਬਣਾ ਲਈ ਸੀ, ਸਾਡੇ ਜਾਣ ਪਿੱਛੋਂ। ਸਾਰੀ ਰਾਤ ਸਾਰੇ ਪਹਿਰਾ ਦੇਂਦੇ ਰਹੇ ਸਨ।

ਪਹੁ-ਫੁਟਾਲੇ ਦੇ ਨਾਲ ਅਸੀਂ ਉਸੇ ਤਰ੍ਹਾਂ ਸ਼ਰਮਾ ਜੀ ਦੇ ਨਾਲ ਵਾਪਸ ਪਰਤ ਆਏ। ਇਕ ਧੁੰਦਲੀ-ਜਿਹੀ ਉਮੀਦ ਸੀ, ਅਸੀਂ ਪਹੁੰਚਾਂਗੇ ਤਾਂ ਪਿਤਾ ਉੱਥੇ ਹੋਣਗੇ...ਪਰ ਉੱਥੇ ਕੋਈ ਨਹੀਂ ਸੀ। ਮੇਰੀ ਲੱਥੀ ਹੋਈ ਚੱਪਲ ਤੇ ਡਿੱਗੀ ਹੋਈ ਘਰ ਦੀ ਚਾਬੀ ਉੱਥੇ ਵਿਹੜੇ ਵਿਚ ਈ ਪਈ ਸੀ।

ਦੋ ਦਿਨ। ਤਿੰਨ ਦਿਨ।

ਅਸੀਂ ਤੀਜੀ ਮੰਜ਼ਿਲ ਦੀ ਸਟੱਡੀ ਵਿਚ ਲੁਕੇ ਬੈਠੇ ਰਹੇ। ਪੰਜ ਐਨ ਫਰੈਂਕ ਤੇ ਇਕ ਮਾਂ।

ਸਾਰਾ ਸਮਾਜ ਜਿਵੇਂ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਇਕ ਸੜਕ 'ਤੇ ਸੀ, ਦੂਜਾ ਪਰਛੱਤੀਆਂ ਵਿਚ। ਬਰਸਾਤੀ ਵਿਚ ਲੁਕੇ-ਲੁਕੇ ਈ ਜਾਣ-ਪਛਾਣ ਵਾਲਿਆਂ ਦੇ ਫ਼ੋਨ। ਮਾੜੀਆਂ ਖ਼ਬਰਾਂ।



ਗੁਰੁਦੁਆਰੇ ਸਾੜੇ ਜਾ ਰਹੇ ਸਨ। ਟਰੇਨਾਂ ਰੁਕਵਾ ਕੇ ਯਾਤਰੀਆਂ ਨੂੰ ਲੱਭ-ਲੱਭ ਕੇ ਮਾਰਿਆ ਜਾ ਰਿਹਾ ਸੀ। ਪਰ ਰੇਡੀਓ, ਟੀਵੀ ਦੀਆਂ ਖ਼ਬਰਾਂ ਵਿਚ ਇਹਨਾਂ ਦਾ ਜ਼ਿਕਰ ਤੱਕ ਨਹੀਂ ਸੀ। ਉੱਥੇ ਦਿਨ-ਰਾਤ ਇਕ ਮਹਾਨ ਸ਼ਵ-ਯਾਤਰਾ ਦੀ ਤਿਆਰੀ ਦਾ ਪ੍ਰਸਾਰਣ ਹੁੰਦਾ ਰਿਹਾ ਸੀ।

ਕਿੱਥੇ ਰਹਿ ਗਏ ਦਾਰ ਜੀ?

ਇਸ ਦੌਰਾਨ ਇਕ ਜਾਣ-ਪਛਾਣ ਵਾਲੇ ਏਸੀਪੀ ਨਾਲ ਮੇਰਾ ਫ਼ੋਨ ਮਿਲ ਗਿਆ। "ਅੰਕਲ, ਦਾਰਜੀ ਦੀ ਸੱਜੀ ਬਾਂਹ ਉੱਤੇ ਉਹਨਾਂ ਦਾ ਨਾਂ ਖ਼ੁਦਿਆ ਹੋਇਆ ਏ..."

ਇਕ ਹੱਦ ਪਿੱਛੋਂ ਅਸੀਂ ਕੁਝ ਵੀ ਸੁਨਣ-ਝੱਲਣ ਲਈ ਤਿਆਰ ਹੋ ਜਾਂਦੇ ਆਂ।

"ਬੇਟਾ, ਇੱਥੇ ਏਨੀਆਂ ਲਾਸ਼ਾਂ ਨੇ ਕਿ ਪਛਾਣ 'ਚ ਆਉਣਾ ਮੁਸ਼ਕਲ ਏ।"

***

ਚੌਥੇ ਦਿਨ, ਕਰਫ਼ਿਊ ਖੁੱਲ੍ਹਣ ਪਿੱਛੋਂ ਇਕ ਅਜਨਬੀ ਗਰੀਬ ਔਰਤ ਸਾਡੇ ਪਿਤਾ ਦਾ ਨਾਂ ਪੁੱਛਦੀ ਹੋਈ ਆਈ। ਤਦ ਤੱਕ ਅਸੀਂ ਏਨੇ ਅਰਸੇ ਦੇ ਜੜ੍ਹ ਤੇ ਭੈਭੀਤ ਹੋਏ-ਹੋਏ ਸਾਂ ਕਿ ਤੁਰੰਤ, ਨਾ ਹਾਂ ਕਹਿ ਸਕੇ, ਨਾ ਹਾਂ।

"ਡਰੋ ਨਾ," ਉਸਨੇ ਕਿਹਾ, "ਅਹਿ ਆਪਣੇ ਪਿਤਾ ਦੀ ਲਿਖਾਵਟ ਪਛਾਣਦੇ ਓਂ।"

ਉਸਦੇ ਹੱਥਲੇ ਕਾਗਜ਼ ਉੱਤੇ ਸੱਚਮੁੱਚ ਦਾਰਜੀ ਦੇ ਹਰਫ਼ ਸਨ। ਘਰ ਦਾ ਪਤਾ ਤੇ ਦਾਰਜੀ ਦੇ ਚੇਤੇ ਵਿਚ ਉਲਟ-ਪਲਟ ਗਿਆ ਫ਼ੋਨ ਨੰਬਰ, ਉੱਥੇ ਲਿਖੇ ਸਨ। ਇਸੇ ਕਰਕੇ ਉਹ ਸਾਨੂੰ ਖ਼ਬਰ ਨਹੀਂ ਦੇ ਸਕੇ ਸਨ।

"ਉਹ ਠੀਕ ਨੇ।"

ਉਹ ਠੀਕ ਨੇ? ਉਹ ਠੀਕ ਨੇ!

ਲਗਭਗ ਬਾਰਾਂ ਕਿਲੋਮੀਟਰ ਪੈਦਲ ਚੱਲ ਕੇ ਉਹ ਔਰਤ ਸਾਡੇ ਘਰ ਪਹੁੰਚੀ ਸੀ। ਸੁੰਨਸਾਨ ਸੜਕਾਂ ਤੇ ਕਰਫ਼ਿਊ ਵਿਚੋਂ ਲੰਘ ਕੇ ਲੱਭਦੀ ਹੋਈ।

ਦਾਰਜੀ ਲਾਲ ਕਿਲੇ ਦੇ ਪਿੱਛੇ ਵੱਸੀ ਉਹਨਾਂ ਦੀ ਗੁਮਨਾਮ ਬਸਤੀ ਵਿਚ ਸਨ।

ਉਹ ਉੱਥੇ ਕਿੰਜ ਪਹੁੰਚ ਗਏ? ਇਹ ਇਕ ਬੁਝਾਰਤ ਈ ਸੀ।

***

ਇਸ ਦੁੱਖ ਨੂੰ ਰੋਜ਼-ਰੋਜ਼ ਭੋਗਣਾ ਕਿਉਂ ਪੈਂਦਾ ਏ?

ਕੇਹੀ ਅਜ਼ੀਬ ਗੱਲ ਏ! ਮਾਂ ਸੰਨ 1984 ਦੇ ਦੰਗਿਆਂ ਵਿਚ ਘਿਰੀ ਤਾਂ ਸੰਨ 1947 ਯਾਦ ਆਇਆ। ਮੈਂ ਸਨ 2002 ਦਾ ਗੁਜਰਾਤ ਦੇਖ ਰਹੀ ਆਂ ਤਾਂ ਸੰਨ 84 ਨਹੀਂ ਭੁੱਲਦਾ।

ਕੀ ਯਾਦ ਦਾ ਡੰਗ ਨਾਲ ਏਨਾ ਪੀਢਾ ਸੰਬੰਧ ਹੁੰਦਾ ਏ?

ਜਿਵੇਂ ਸਾਡਾ ਸਾਰਾ ਇਤਿਹਾਸ ਸਾਡੇ ਦੁੱਖਮਈ ਸੁਪਨਿਆਂ ਦੇ ਇਤਿਹਾਸ ਨਾਲੋਂ ਵੱਖਰਾ ਕੁਝ ਵੀ ਨਾ ਹੋਵੇ। ਕੋਈ ਭੁੱਲਿਆ-ਭਟਕਿਆ ਸੱਚ, ਸੁੱਖ ਜਾਂ ਖ਼ੁਸ਼ੀ ਦਾ ਛਿਣ ਆਉਂਦਾ ਵੀ ਏ ਤਾਂ ਲੰਮੇ ਹਨੇਰੇ ਨੂੰ ਚੀਰ ਕੇ—ਸਿਰਫ਼ ਛਿਣ ਭਰ ਲਈ।

ਮੈਂ ਵਾਰ-ਵਾਰ ਉੱਥੇ ਜਾ ਪਹੁੰਚਦੀ ਆਂ। ਉੱਥੇ, ਜਿੱਥੇ ਜਮਨਾ ਬਾਜ਼ਾਰ ਕੋਲ ਰਿੰਗ ਰੋਡ 'ਤੇ ਬੱਸ ਚਾਲਕ ਨੇ ਦਾਰਜੀ ਨੂੰ ਉਤਾਰ ਦਿੱਤਾ ਸੀ—ਅੱਗੇ ਹੁੰਦਾ ਹੋਇਆ ਦੰਗਾ ਦੇਖ ਕੇ।

ਦਾਰਜੀ ਉਤਰੇ ਈ ਸਨ ਕਿ ਪਤਾ ਨਹੀਂ ਕਿੱਥੋਂ ਭੂੰਡਾਂ ਦੇ ਖੱਖਰ ਵਾਂਗ ਦੰਗਾਈ ਉਹਨਾਂ ਉੱਤੇ ਟੁੱਟ ਪਏ ਸਨ। ਹੱਥਾਂ ਵਿਚ ਬਾਂਸ ਤੇ ਸੋਟੀਆਂ ਲਈ। ਕਿਸੇ ਨੇ ਉਹਨਾਂ ਦੀ ਜੇਬ ਨਹੀਂ ਫਰੋਲੀ, ਪੈਸੇ ਨਹੀਂ ਖੋਹੇ, ਘੜੀ ਨਹੀਂ ਲਾਹੀ। ਬੱਸ ਉਹਨਾਂ ਨੂੰ ਕੁੱਟ-ਕੁੱਟ ਕੇ ਮੁਰਦਾ ਕਰਕੇ ਉੱਥੇ ਸੁੱਟ ਗਏ।

ਪਤਾ ਨਹੀਂ, ਉਹ ਕਿੰਨੀ ਦੇਰ ਤੀਕ ਰਿੰਗ ਰੋਡ ਦੇ ਕਿਨਾਰੇ ਪਏ ਰਹੇ।

ਅੱਖ ਖੁੱਲ੍ਹੀ, ਤਾਂ ਦੱਸਦੇ ਨੇ, ਬੜੀ ਪਿਆਸ ਲੱਗੀ ਸੀ। ਏਨੀ ਮਾਰ ਪਿੱਛੋਂ ਕੋਈ ਪੀੜ ਨਹੀਂ, ਅਹਿਸਾਸ ਨਹੀਂ। ਸਿਰਫ਼ ਪਿਆਸ। ਗਲ਼ ਵਿਚ ਚੁੱਭਦੀ ਪਿਆਸ। ਸਿਰ ਉੱਤੇ ਪਟਕਾ, ਪੱਗ ਨਹੀਂ, ਇਹ ਵੀ ਪਿੱਛੋਂ ਪਤਾ ਲੱਗਿਆ।

ਪਰ ਇਸ ਪੱਗ ਦੇ ਕਾਰਨ ਹੀ ਤਾਂ ਸਿਰ ਬਚ ਗਿਆ।

ਉਹ ਉੱਠੇ, ਸਾਹਮਣੇ ਹਨੂਮਾਨ ਜੀ ਦੇ ਮੰਦਰ ਵੱਲ ਤੁਰ ਪਏ, ਜਿੱਥੇ ਬਾਹਰ ਈ ਇਕ ਨਲਕਾ ਲੱਗਾ ਹੋਇਆ ਸੀ। ਪਾਣੀ ਪੀਣ ਲਈ ਝੁਕੇ ਈ ਸਨ ਕਿ ਇਕ ਕੰਮਵਾਲੀ ਨੇ ਦੇਖ ਲਿਆ। ਉਸਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, "ਏਧਰ ਸਰਦਾਰ ਐ..."

ਉਸ ਰੌਲੇ ਤੋਂ ਈ ਉਹਨਾਂ ਨੂੰ ਯਾਦ ਆਇਆ ਕਿ ਉਹਨਾਂ ਨਾਲ ਉਸ ਤੋਂ ਪਹਿਲਾਂ ਕੀ ਬੀਤ ਚੁੱਕਿਆ ਸੀ। ਵਰਨਾ ਉਹਨਾਂ ਨੂੰ ਮਾਰ ਦਾ ਕੋਈ ਧਿਆਨ ਈ ਨਹੀਂ ਸੀ।

ਦਸਦੇਕਹਿੰਦੇ ਨੇ 'ਮੈਂ ਭੱਜਣਾ ਸ਼ੁਰੂ ਕੀਤਾ। ਕਿੱਧਰ ਜਾ ਰਿਹਾਂ, ਕੁਛ ਪਤਾ ਨਹੀਂ। ਕੋੜੀਆ ਪੁਲ ਵੱਲ ਮੁੜਿਆ, ਤਾਂ ਦੇਖਿਆ ਭੀੜ ਸਿੱਖਾਂ ਨੂੰ ਹੱਥ-ਪੈਰ ਫੜ੍ਹ ਕੇ ਹੇਠਾਂ ਸੁੱਟ ਰਹੀ ਏ। ਮੈਂ ਮੁੜ ਕੇ ਦੂਜੇ ਪਾਸੇ ਵੱਲ ਦੌੜ ਪਿਆ। ਦੂਰ-ਦੂਰ ਤੀਕ ਕੋਈ ਆਦਮੀ ਨਹੀਂ, ਸੜਕ ਨਹੀਂ, ਇਹ ਹੋਸ਼ ਤੀਕ ਨਹੀਂ ਕਿ ਸੜਕ 'ਤੇ ਨਹੀਂ, ਲਾਲ ਕਿਲੇ ਪਿੱਛੇ ਬਣੀ ਕਿਸੇ ਕੂੜਾ ਸੁੱਟਣ ਵਾਲੀ ਖਾਈ ਵਿਚ ਨੱਸ ਰਿਹਾ ਆਂ...'

ਖਾਈ ਵਿਚ ਸਨ, ਇਹ ਉਦੋਂ ਪਤਾ ਲੱਗਿਆ ਜਦੋਂ ਦੂਜੇ ਪਾਸੇ ਆ ਪਹੁੰਚੇ, ਮੁਹਾਨੇ ਦੇ ਐਨ ਕੋਲ।

ਉੱਥੇ, ਮੰਜੀ ਉੱਤੇ ਬੈਠੇ, ਕੁਝ ਆਵਾਰਾ ਲੱਗਦੇ ਮੁੰਡੇ ਤਾਸ਼ ਖੇਡ ਰਹੇ ਸਨ।

'ਹੁਣ ਬਚਣਾ ਮੁਸ਼ਕਲ ਏ।' ਇਹ ਸੋਚ ਕੇ ਮੈਂ ਖ਼ੁਦ ਈ ਉਹਨਾਂ ਕੋਲ ਬਾਹਾਂ ਲਟਕਾਈ ਜਾ ਖੜ੍ਹਾ ਹੋਇਆ। ਪਰ ਉਹ ਸਾਰੇ ਤਾਂ ਖੇਡਣ ਵਿਚ ਮਸਤ ਸਨ। ਉਹਨਾਂ ਨੇ ਧਿਆਨ ਈ ਨਹੀਂ ਦਿੱਤਾ ਕਿ ਕੋਈ ਉੱਥੇ ਆਣ ਖੜ੍ਹਾ ਹੋਇਆ ਏ। ਫੇਰ ਇਕ ਨੇ ਦੇਖਿਆ, ਪੁੱਛਿਆ, "ਕਿਉਂ ਸਰਦਾਰ ਜੀ, ਕੀ ਗੱਲ ਏ?" ਮੈਂ ਕਿਹਾ, "ਉਹੀ ਗੱਲ ਏ।" ਸਾਰੇ ਮੇਰੇ ਮੂੰਹ ਵੱਲ ਦੇਖਣ ਲੱਗ ਪਏ। "ਜਿਉਂਦਾ ਤਾਂ ਤੁਸੀਂ ਮੈਨੂੰ ਛੱਡੋਗੇ ਨਹੀਂ", ਮੈਂ ਕਿਹਾ, "ਹੁਣ ਜੋ ਚਾਹੋ, ਮੇਰੇ ਨਾਲ ਕਰ ਲਓ।"

ਮੈਂ ਉੱਥੇ ਨਹੀਂ ਸੀ। ਪਰ ਉਹਨਾਂ ਦੀ ਰੋਣਹਾਕੀ-ਜਿਹੀ ਇਹ ਆਵਾਜ਼ ਹੁਣ ਵੀ ਮੇਰੇ ਦਿਮਾਗ਼ ਵਿਚ ਗੂੰਜ ਰਹੀ ਏ।

"ਕੋਈ ਗੱਲ ਹੋਈ ਏ?" ਉਹਨਾਂ ਵਿਚੋਂ ਇਕ ਉੱਠ ਕੇ ਖੜ੍ਹਾ ਹੋ ਗਿਆ।

ਜਿਵੇਂ ਪਹਿਲੀ ਵਾਰ ਉਸਨੇ ਉਹਨਾਂ ਦਾ ਹਾਲ ਦੇਖਿਆ ਹੋਵੇ, ਵੱਟੋ-ਵੱਟ ਕੱਪੜੇ, ਸਿਰ 'ਤੇ ਸਿਰਫ਼ ਸਾਫ਼ਾ, ਮਾਰ ਖਾਧਾ ਹੋਇਆ ਸੁੱਜਿਆ ਮੂੰਹ।

ਫੇਰ ਸਾਰਿਆਂ ਨੇ ਉਹਨਾਂ ਵੱਲ ਦੇਖਿਆ ਤੇ ਉੱਠ ਖੜ੍ਹੇ ਹੋਏ।

ਇਕ ਨੇ ਉਹਨਾਂ ਨੂੰ ਸਹਾਰਾ ਦਿੱਤਾ ਈ ਸੀ ਕਿ ਉਹਨਾਂ ਦੀਆਂ ਸਾਰੀਆਂ ਸੱਟਾਂ ਚੀਕਣ ਲੱਗ ਪਈਆਂ। ਉਹ ਉਹਨਾਂ ਨੂੰ ਸਹਾਰਾ ਦੇ ਕੇ ਆਪਣੀ ਬਸਤੀ ਵਿਚ ਲੈ ਗਏ ਸਨ। ਉੱਥੇ ਇਕ ਕੁੜੀ ਨੇ ਉਹਨਾਂ ਨੂੰ ਪਛਾਣ ਲਿਆ, "ਇਹ ਤਾਂ ਪ੍ਰਿੰਸੀਪਲ ਮੈਡਮ ਦੇ ਪਤੀ ਨੇ।"

ਉਹ ਉਸੇ ਕਾਲਜ ਵਿਚ ਪੜ੍ਹਦੀ ਸੀ, ਜਿੱਥੇ ਮਾਂ ਪ੍ਰਿੰਸੀਪਲ ਸੀ।

ਤੇ ਹੁਣ ਮੈਂ ਤੇ ਮਾਂ, ਉਸ ਗ਼ਰੀਬ ਔਰਤ ਨਾਲ ਗੱਡੀ ਵਿਚ ਬੈਠੇ, ਕਰਫ਼ਿਊ ਕਾਰਨ ਸੁੰਨਸਾਨ ਪਈਆਂ ਸੜਕਾਂ ਉੱਤੋਂ ਹੁੰਦੇ ਹੋਏ ਉਹਨਾਂ ਨੂੰ ਲੈਣ ਜਾ ਰਹੇ ਸਾਂ—ਮੈਂ, ਉਹਨਾਂ ਦੀ ਪੱਤਰਕਾਰ ਧੀ, ਹਰ ਬੈਰੀਅਰ ਉੱਤੇ ਆਪਣਾ ਪ੍ਰੈੱਸ ਕਾਰਡ ਦਿਖਾ ਕੇ ਪੋਟਾ-ਪੋਟਾ ਅੱਗੇ ਵਧ ਰਹੀ ਸਾਂ।

ਬੜੀ ਉਤਸੁਕਤਾ ਸੀ ਨਾ ਮੈਨੂੰ, ਦੰਗੇ ਦੇਖਣ ਦੀ?



ਉਸ ਦਿਨ ਮੈਂ ਸਭ ਦੇਖ ਲਿਆ। ਲੁੱਟੀਆਂ ਹੋਈਆਂ ਦੁਕਾਨਾਂ, ਸੜਕਾਂ ਉੱਤੇ ਖਿੱਲਰਿਆ ਸਾਮਾਨ, ਸੜੇ ਹੋਏ ਟਰੱਕ, ਸਟੇਰਿੰਗ 'ਤੇ ਬੈਠੀਆਂ, ਸੜੀਆਂ ਹੋਈਆਂ ਲਾਸ਼ਾਂ।

ਅੱਗ ਵਿਚ ਘਿਰਿਆ ਆਦਮੀ ਕਿੰਨੀ ਦੇਰ ਵਿਚ ਮਰਦਾ ਏ? ਪਹਿਲਾਂ ਚਮੜੀ ਸੜਦੀ ਏ, ਫੇਰ ਨਸਾਂ। ਪਾਣੀ ਤੇ ਖ਼ੂਨ ਲੈ ਜਾਣ ਵਾਲੀਆਂ ਨਾੜਾਂ ਦੇ ਸੁੰਗੜ-ਪਿਚਕ ਜਾਣ ਕਰਕੇ ਸਰੀਰ ਨਾਲੋਂ ਪਾਣੀ ਦਾ ਸੰਬੰਧ ਟੁੱਟ ਜਾਂਦਾ ਏ। ਮਰਨ ਵਾਲਾ ਅੱਗ ਨਾਲ ਨਹੀਂ, ਪਿਆਸ ਨਾਲ ਮਰਦਾ ਏ। ਸਰੀਰ 'ਚ ਪਾਣੀ ਦੀ ਕਮੀ ਹੋ ਜਾਣ ਨਾਲ ਮਰਦਾ ਏ।

ਇਹ ਸਭ ਮੈਂ ਦੇਖਿਆ, ਵਰ੍ਹਿਆਂ ਬਾਅਦ, ਇਕ ਡਾਕੂਮੈਂਟਰੀ ਵਿਚ।

ਗੋਧਰਾ ਦੀ ਟਰੇਨ ਵਿਚ ਵੀ ਇਸੇ ਤਰ੍ਹਾਂ ਮਰੇ ਹੋਣਗੇ?

ਅਸੀਂ ਉਹਨਾਂ ਨੂੰ ਲੈ ਆਏ, ਕੰਬਲ ਵਿਚ ਲਪੇਟ ਕੇ, ਲੁਕਾ ਕੇ।

ਦਾਰਜੀ ਨੂੰ ਗੁੱਮ ਸੱਟਾਂ ਲੱਗੀਆਂ ਸਨ। ਚਾਰ ਦਿਨ ਬਸਤੀ ਦੇ ਇਹ ਲੋਕ ਉਹਨਾਂ ਨੂੰ ਗਰਮ ਦੁੱਧ ਵਿਚ ਹਲਦੀ ਘੋਲ ਕੇ ਪਿਆਉਂਦੇ ਰਹੇ ਸਨ। ਗ਼ਰੀਬ ਲੋਕਾਂ ਦਾ ਘਰੇਲੂ ਇਲਾਜ਼।

ਤੇ ਉਹ ਆਵਾਰਾ ਜਿਹੇ ਲੱਗਣ ਵਾਲੇ ਮੁੰਡੇ?

ਪਤਾ ਲੱਗਿਆ ਦਾਰਜੀ ਨੂੰ ਘਰ ਪਹੁੰਚਾਉਣ ਪਿੱਛੋਂ ਉਹਨਾਂ ਨੇ ਟੋਲੀ ਬਣਾਈ, ਜ਼ਖ਼ਮੀਆਂ ਨੂੰ ਬਚਾਉਣ ਵਾਲੀ ਟੋਲੀ! ਲਾਲ ਕਿਲੇ ਦੇ ਆਸ-ਪਾਸ ਪਏ ਜ਼ਖ਼ਮੀ ਸਿੱਖਾਂ ਨੂੰ ਚੁੱਕ ਕੇ ਉਹ ਆਪਣੀ ਬਸਤੀ ਵਿਚ ਲੈ ਜਾਂਦੇ ਰਹੇ, ਇਲਾਜ਼ ਕਰਦੇ ਰਹੇ, ਜਿਵੇਂ ਜਿਉਣ ਦਾ ਉਦੇਸ਼ ਮਿਲ ਗਿਆ ਹੋਵੇ!

ਅਸੀਂ ਕਿੱਥੇ ਜਾ ਖੜ੍ਹੇ ਆਂ? ਵਿਸ਼ਵਾਸ ਦੀ ਜ਼ਮੀਨ 'ਤੇ ਜਾਂ ਸ਼ੱਕ ਦੀ ਦਲਦਲ ਵਿਚ??

ਇੰਦਰਾ ਗਾਂਧੀ ਨੂੰ ਖ਼ੁਫ਼ੀਆ ਏਜੰਸੀਆਂ ਨੇ ਗਾਰਡ ਬਦਲਣ ਲਈ ਕਿਹਾ ਸੀ, ਉਹ ਨਹੀਂ ਮੰਨੀ। ਹੁਣ ਉਹਨਾਂ ਨੇ ਉਹਨਾਂ ਦੀ ਹੱਤਿਆ ਕਰ ਦਿੱਤੀ ਸੀ। ਦਾਰਜੀ ਉਹਨਾਂ ਮੁੰਡਿਆਂ ਦੇ ਹੱਥੋਂ ਮਰਨ ਲਈ ਪਹੁੰਚੇ ਸਨ ਤੇ ਮੁੰਡੇ ਜੂਆ ਖੇਡਣਾ ਛੱਡ ਕੇ ਉਹਨਾਂ ਨੂੰ ਈ ਨਹੀਂ, ਸਾਰੇ ਜ਼ਖ਼ਮੀਆਂ ਨੂੰ ਬਚਾਉਣ ਵਿਚ ਜੁਟ ਗਏ ਸਨ।

ਮਾਂ ਕੁਝ ਹੋਰ ਈ ਹੋ ਗਈ ਸੀ, ਇਸ ਸਾਰੀ ਬਦਹਵਾਸੀ ਤੇ ਕਰਫ਼ਿਊ ਲੱਗੇ ਸ਼ਹਿਰ ਦੀ ਯਾਰਤਾ ਪਿੱਛੋਂ।

"ਤੁਸੀਂ ਲੋਕ ਜੋ ਬਚ ਗਏ ਓ, ਉਹਨਾਂ ਲੋਕਾਂ ਨਾਲੋਂ ਕਿਸੇ ਤਰ੍ਹਾਂ ਵੀ ਬਿਹਤਰ ਨਹੀਂ, ਜਿਹੜੇ ਬਚ ਨਹੀਂ ਸਕੇ। ਆਪਣੇ ਜ਼ਰੂਰੀ ਕੱਪੜੇ ਛੱਡ ਕੇ, ਸਾਰੇ ਸਵੈਟਰ, ਸ਼ਾਲਾਂ ਇਸ ਚਾਦਰ ਵਿਚ ਬੰਨ੍ਹ ਦਿਓ!"

ਉਹਨਾਂ ਨੂੰ ਸਭ ਯਾਦ ਸੀ, ਕਿੰਜ ਸ਼ਰਨਾਰਥੀ ਕੈਂਪ ਵਿਚ ਤੋਲ ਕੇ ਆਟਾ ਦਿੱਤਾ ਜਾਂਦਾ ਸੀ। ਨੰਗੇ ਪੈਰ ਸਕੂਲ ਜਾਂਦੀ ਸੀ, ਪ੍ਰਾਰਥਨਾ ਵਾਲੇ ਮੁੱਖ ਬੱਚਿਆਂ ਵਿਚ ਸੀ ਸੁਰੀਲੇ ਗਲ਼ੇ ਕਾਰਨ, ਜਦੋਂ ਇਕ ਦਿਨ ਪ੍ਰਿੰਸੀਪਲ ਨੇ ਸਭਾ ਰੁਕਵਾ ਦਿੱਤੀ, "ਓ ਕੁੜੀਏ, ਉਹ ਕੀ ਏ ਤੇਰੇ ਪੈਰ 'ਚ?" ਕੱਚ ਚੁਭਿਆ ਹੋਇਆ ਸੀ ਪੈਰ ਵਿਚ, ਲਹੂ ਵਗ ਰਿਹਾ ਸੀ, ਤੇ ਮੇਰੀ ਬਾਰਾਂ ਵਰ੍ਹਿਆਂ ਦੀ ਬਾਲੜੀ-ਮਾਂ ਹੱਥ ਜੋੜੀ ਸਕੂਲ ਦੀ ਪ੍ਰਾਰਥਨਾ ਗਾ ਰਹੀ ਸੀ।

ਉਹਨਾਂ ਨੂੰ ਪਤਾ ਈ ਨਹੀਂ ਸੀ ਕਿ ਰਸਤੇ ਵਿਚ ਚੁਭਿਆ ਕੱਚ ਸਕੂਲ ਤੀਕ ਆ ਗਿਆ ਸੀ, ਪ੍ਰਾਰਥਨਾ ਦੀ ਪੰਗਤ ਤੀਕ। ਸ਼ਾਇਦ ਉਸਦੇ ਬਾਅਦ ਵੀ—ਇਕ ਬੜੀ ਲੰਮੀ ਸੜਕ ਉੱਤੇ, ਜਿਹੜੀ ਉਹਨਾਂ ਦੇ ਜੀਵਨ ਦੀ ਸੀ, ਉਹਨਾਂ ਦੇ ਸੰਘਰਸ਼ ਦੀ ਸੀ—ਉਹ ਯਾਦ ਹਮੇਸ਼ਾ ਉਹਨਾਂ ਦੇ ਨਾਲ ਰਹੀ ਹੈ।

ਕੁਝ ਵੀ ਨਹੀਂ ਸੀ ਭੁੱਲਿਆ। ਨਾ ਉਹਨਾਂ ਨੂੰ, ਨਾ ਸਾਨੂੰ।

ਹੁਣ ਅਸੀਂ ਦੰਗਾ ਪੀੜਤਾਂ ਦੇ ਸ਼ਿਵਰ ਵਿਚ ਜਾ ਰਹੇ ਸਾਂ। ਮਾਂ ਤੇ ਮੈਂ। ਕਰਫ਼ਿਊ ਵਿਚ ਪ੍ਰੈੱਸ

ਕਾਰਡ ਦਿਖਾ ਕੇ ਰਸਤਾ ਬਣਾਉਣਾ ਸਾਨੂੰ ਆ ਗਿਆ ਸੀ।

ਸ਼ਾਇਦ ਨਾਨਕਸਰ ਵਾਲਿਆਂ ਦਾ ਸ਼ਿਵਰ ਸੀ। ਪਤਾ ਨਹੀਂ ਕਿੰਨੇ ਲੋਕ ਉੱਥੇ ਹੋਣਗੇ ? ਪੰਜ ਸੌ ? ਇਕ ਹਜ਼ਾਰ ? ਸਿਰਫ਼ ਅੰਦਾਜ਼ੇ ਲਾਉਣ ਦਾ ਮੇਰਾ ਸੁਭਾਅ ਨਹੀਂ ਸੀ। ਅੱਜ ਵੀ ਨਹੀਂ। ਬੱਸ ਏਨਾ ਯਾਦ ਏ ਕਿ ਵੱਡੇ-ਵੱਡੇ ਪੰਡਾਲ ਲੱਗੇ ਸਨ ਤੇ ਚਾਰੇ-ਪਾਸੇ ਭੀੜ ਸੀ।

ਕਿਸੇ ਦੀ ਬਾਂਹ 'ਤੇ ਪਲਸਤਰ ਸੀ, ਕਿਸੇ ਦੀ ਲੱਤ 'ਤੇ। ਇਕ ਮੁੰਡੇ ਦਾ ਸਾਰਾ ਸਰੀਰ ਪੱਟੀਆਂ ਹੇਠ ਲੁਕਿਆ ਹੋਇਆ ਸੀ, ਸਿਰਫ਼ ਅੱਖਾਂ ਦਿਸ ਰਹੀਆਂ ਸਨ। ਕੰਨ ਵੀ ਪੱਟੀਆਂ ਹੇਠ ਢਕੇ ਹੋਏ ਸਨ। ਪਤਾ ਨਹੀਂ ਉਹ ਸਾਡੀ ਗੱਲ ਸੁਣ ਸਕਦਾ ਸੀ ਜਾਂ ਨਹੀਂ।

ਤੇ ਤਦ ਮੈਂ ਉਸ ਬੁੱਢੇ ਜੋੜੇ ਕੋਲ ਪਹੁੰਚੀ, ਜਿਸਨੇ ਮੇਰੀਆਂ ਯਾਦਾਂ ਵਿਚ ਵੱਸ ਜਾਣਾ ਸੀ, ਆਉਣ ਵਾਲੇ ਸਾਰੇ ਵਰ੍ਹਿਆਂ ਲਈ। ਚਿੱਟੇ ਦਾੜ੍ਹੇ ਤੇ ਕੇਸ਼ਾਂ ਵਾਲੇ ਉਹ ਸਰਦਾਰ ਜੀ ਇਕ ਪਾਸੇ ਪੱਥਰ ਦੇ ਬੁੱਤ ਵਾਂਗ ਬੈਠੇ ਹੋਏ ਸਨ। ਕਦੀ-ਕਦਾਈਂ ਉਹਨਾਂ ਦੀਆਂ ਪੁਤਲੀਆਂ ਦੇ ਹਿੱਲਣ ਦਾ ਭਰਮ ਹੁੰਦਾ, ਪਰ ਅਗਲੇ ਛਿਣ ਫੇਰ ਸਿਲ-ਪੱਥਰ ਹੋ ਗਏ ਜਾਪਦੇ। ਪਤਾ ਨਹੀਂ, ਆਪਣੇ ਆਲੇ-ਦੁਆਲੇ ਨਾਲ ਇਹ ਉਹਨਾਂ ਦੇ ਸੰਬੰਧ ਬਣਾਉਣ ਦੀ ਸ਼ੁਰੂਆਤ ਸੀ ਜਾਂ ਸਮਾਪਤ ਹੋਣ ਦੀ ? ਏਨੀ ਭੀੜ ਤੇ ਏਨੇ ਸ਼ੋਰ-ਸ਼ਰਾਬੇ ਵਿਚ ਕੁਝ ਪਤਾ ਨਹੀਂ ਲੱਗ ਰਿਹਾ ਸੀ, ਉਹ ਕਿੱਥੇ ਸਨ ? ਜਿਊਂਦੇ ਲੋਕਾਂ ਵਿਚ ਜਾਂ ਮਰ ਗਿਆਂ ਵਿਚ ?

ਉਹਨਾਂ ਦੀ ਪਤਨੀ ਤੰਦਰੁਸਤ ਬੁੱਢੀ ਪੰਜਾਬਣ, ਲਗਾਤਾਰ ਬੋਲੀ ਜਾ ਰਹੀ ਸੀ। ਮਸ਼ੀਨਗਨ ਵਾਂਗ। ਉਸਦੇ ਭਰੇ ਹੋਏ ਗੱਚ ਤੋਂ ਸਾਫ਼ ਪਤਾ ਲੱਗਦਾ ਸੀ ਕਿ ਉਹ ਆਪਣੀ ਆਪ-ਬੀਤੀ ਘੱਟੋ-ਘੱਟ ਡੇਢ-ਦੋ ਸੌ ਵਾਰ ਸੁਣਾ ਚੁੱਕੀ ਸੀ। ਜਦੋਂ ਦਾ ਉਹਨਾਂ ਨੂੰ ਸ਼ਿਵਰ ਵਿਚ ਪਹੁੰਚਾਇਆ ਗਿਆ ਸੀ, ਸ਼ਾਇਦ ਉਹ ਇਹੋ ਕਰ ਰਹੀ ਸੀ।

"ਤੁਹਾਡੇ ਨਾਲ ਕੀ ਹੋਇਆ ?" ਜਿਹੜਾ ਵੀ ਨਵਾਂ ਬੰਦਾ ਉਹਨਾਂ ਨੂੰ ਆ ਕੇ ਪੁੱਛਦਾ, ਉਹ ਸਭ ਕੁਝ ਨਵੇਂ ਸਿਰੇ ਤੋਂ ਦੱਸਣ ਲੱਗ ਪੈਂਦੀ। ਚੈਖ਼ਵ ਦੇ ਕਿਸੇ ਪੀੜਤ ਪਾਤਰ ਵਾਂਗ।

ਇਹ ਤਾਂ ਸਭ, ਏਨੇ ਵਰ੍ਹਿਆਂ ਬਾਅਦ ਸਮਝ ਆਇਆ ਏ, ਕੁਝ ਪ੍ਰਸ਼ਨ ਉੱਤਰ ਸੁਨਣ ਲਈ ਨਹੀਂ ਕੀਤੇ ਜਾਂਦੇ। ਕੀਤੇ ਵੀ ਜਾਂਦੇ ਹੋਣ ਤਾਂ ਉਹਨਾਂ ਦਾ ਕੋਈ ਉੱਤਰ ਨਹੀਂ ਹੁੰਦਾ। ਵਾਰੀ-ਵਾਰੀ ਛਿੱਲਣ ਨਾਲ, ਮਲ੍ਹਮ ਲਾਉਣ ਨਾਲ, ਫੱਟ ਕਦੀ ਠੀਕ ਨਹੀਂ ਹੁੰਦੇ। ਅਸੀਂ ਇਹੀ ਤਾਂ ਕਰ ਰਹੇ ਸਾਂ। ਉਹਨੂੰ ਪੁੱਛਦੇ ਤਾਂ ਉਹ ਜ਼ਖ਼ਮ ਫਰੋਲਣ ਲੱਗਦੀ, ਅਸੀਂ ਚੰਗੀ ਤਰ੍ਹਾਂ ਦੇਖ ਲੈਂਦੇ ਅੰਦਰ ਤੀਕ—ਹਾਲੇ ਤੀਕ ਵਹਿ ਰਿਹਾ ਏ ਖ਼ੂਨ ? ਟੁੱਟੀਆਂ ਪਈਆਂ ਨੇ ਅਸਤੀਆਂ ? ਤੇ ਢੱਕਣ ਬੰਦ ਕਰ ਦੇਂਦੇ। ਫੇਰ ਕੋਈ ਦੂਜਾ ਆਉਂਦਾ, 'ਕੀ ਹੋਇਆ ਸੀ ਤੁਹਾਡੇ ਨਾਲ ?' ਉਹ ਫੇਰ ਉਘਾੜ ਦੇਂਦੀ—ਲਹੂ ਭਿੱਜਾ ਆਪਣਾ ਸਭ ਕੁਝ।

ਆਪਣੇ-ਅੰਦਰ ਉਹੀ ਸਾਰੇ ਜ਼ਖ਼ਮ ਲਈ ਇਕ ਦਿਨ ਉਹ ਘਰ ਪਰਤ ਗਈ ਹੋਏਗੀ। ਜਿਊਂਦੀ, ਸਬੂਤੀ ਜਨਾਨੀ, ਜਿਹੜੀ ਦੰਗਿਆਂ ਵਿਚ ਬਚ ਗਈ ਸੀ। ਜਿਸਦੇ ਬਚਣ ਦੀ ਕੋਈ ਉਮੀਦ ਨਹੀਂ ਸੀ, ਨਾ ਈ ਇਹ ਪੀੜ-ਪਰਸਾਰਣ ਕਰਨ ਦੀ।

ਮੈਂ ਪੁੱਛਿਆ ਤਾਂ ਉਸਨੇ ਫੇਰ ਖੋਲ੍ਹ ਦਿੱਤਾ ਆਪਣੀ ਢਿੱਡ ਦਾ ਢੱਕਣ...'ਅਹਿ ਦੇਖ ਮੇਰੇ ਅੰਦਰ ਰਿੱਝ ਰਿਹਾ ਮਵਾਦ। ਜ਼ਖ਼ਮ ਕਿਧਰੇ ਦਿਸਦਾ ਏ ? ਕਿ ਸਿਰਫ਼ ਹੁਣ ਮਵਾਦ ਏ ?'

ਮੇਰੇ ਅਣਪੱਕੇ ਪੱਤਰਕਾਰ ਚਿਹਰੇ ਵੱਲ ਤੱਕ ਰਹੀ ਸੀ ਉਹ ?

ਨਹੀਂ। ਅੰਨ੍ਹੀ ਹੋ ਚੁੱਕੀ ਸੀ ਉਹ, ਪੀੜਾਂ-ਭੰਨੀਂ-ਅੰਨ੍ਹੀ—ਆਪਣੇ ਸ਼ਬਦਾਂ ਦੇ ਵਰੋਲੇ ਵਿਚ ਨੱਚਦੀ ਹੋਈ ਇਕ ਝੱਲੀ ਮਾਂ।

"ਮੇਰੇ ਤਿੰਨ ਪੁੱਤਰ ਸਨ। ਇਕ ਇੰਜੀਨਿਅਰ, ਇਕ ਲੈਕਚਰਾਰ, ਇਕ ਕੰਮ ਕਰਦਾ ਸੀ



ਨਹਿਰੂ ਸਟੇਡੀਅਮ ਵਿਚ। ਤਿੰਨੇ ਏਡੇ ਉੱਚੇ-ਲੰਮੇ ਕਿ ਦੇਖਣ ਲਈ ਸਿਰ ਪਿੱਛੇ ਹੱਥ ਰੱਖਣਾ ਪੈਂਦਾ ਸੀ ਮੈਨੂੰ। ਤਿੰਨੇ ਸੁਣੱਖੇ-ਗਭਰੂ-ਜਵਾਨ। 'ਉਹਨਾਂ ਨੇ' ਤਿੰਨੇ ਫੜ੍ਹ ਲਏ। ਮੈਂ ਬੜੇ ਹੱਥ ਜੋੜੇ, ਪੈਰ ਫੜ੍ਹੇ, ਰੋਈ ਉਹਨਾਂ ਮੂਹਰੇ। ਉਹਨਾਂ ਨੇ ਕਿਸੇ ਨੂੰ ਨਹੀਂ ਛੱਡਿਆ। ਇਕ ਨੂੰ ਵੱਢ ਦਿੱਤਾ। ਇਕ ਨੂੰ ਅੱਗ ਲਾ ਦਿੱਤੀ ਤੇਲ ਪਾ ਕੇ। ਤੇ ਤੀਜਾ...ਤੀਜੇ ਲਈ ਤੇਲ ਘੱਟ ਗਿਆ ਸੀ...ਉਹਨਾਂ ਨੇ ਜਬਰਦਸਤੀ ਉਹਦਾ ਮੂੰਹ ਖੋਲ੍ਹ ਕੇ ਉਸ ਵਿਚ ਬਚਿਆ-ਖੁਚਿਆ ਤੇਲ..."

ਕਿਤੇ ਥਿੜਕਣ ਨਹੀਂ ਆਵਾਜ਼ ਵਿਚ...ਕੋਈ ਉਤਾਰ-ਚੜ੍ਹਾ ਨਹੀਂ। ਮਸ਼ੀਨ ਵਰਗੀ ਗ਼ੈਰ-ਮਨੁੱਖੀ ਆਵਾਜ਼।

"ਤੁਹਾਨੂੰ ਯਕੀਨ ਨਹੀਂ ਆਉਂਦਾ ? ਤੁਸੀਂ ਜਾ ਕੇ ਮੇਰਾ ਘਰ ਦੇਖ ਲਓ। ਯਮਨਾ ਵਿਹਾਰ ਦੇ ਇਸ ਨੰਬਰ 'ਚ ਅਸੀਂ ਰਹਿੰਦੇ ਸਾਂ। ਉੱਥੇ ਮੇਰੇ ਪੁੱਤਰ ਦੀ ਕੱਟੀ ਹੋਈ ਲੱਤ ਹੁਣ ਵੀ ਪਈ ਹੋਏਗੀ, ਵਿਹੜੇ ਵਿਚ, ਸਕੂਟਰ ਕੋਲ..."

ਕੀ ਸਰਦਾਰ ਜੀ ਦੀਆਂ ਅੱਖਾਂ ਦੀਆਂ ਪੁਤਲੀਆਂ ਹਿੱਲੀਆਂ ਸੀ ? ਜਾਂ ਫੇਰ ਇਹ ਸਿਰਫ਼ ਮੇਰਾ ਭਰਮ ਹੋਇਆ ਸੀ ?

ਜਿਵੇਂ ਮੈਂ ਦੱਸਿਆ, ਮੇਰੇ ਕੋਲ ਦੁਰਘਟਨਾ ਨੂੰ ਜਾਚਣ ਦਾ ਕੋਈ ਵਾਜਬ ਤਰੀਕਾ ਨਹੀਂ ਸੀ, ਨਾ ਅੰਦਾਜ਼ਾ ਲਾਉਣ ਦਾ ਕੋਈ ਵਿਸ਼ੇਸ਼ ਅਨੁਭਵ।

ਇਹ ਤਾਂ ਮੈਂ ਅੱਜ ਕਹਿ ਸਕਦੀ ਆਂ, ਏਨੇ ਵਰ੍ਹਿਆਂ ਤੇ ਏਨਾ ਕੁਝ ਦੇਖਣ ਦੇ ਬਾਅਦ, ਕਿ ਬਾਹਰਲਾ ਪਰਦਾ ਸੁੱਟ ਵੀ ਦਿਓ, ਤਦ ਵੀ ਅੰਦਰਲੇ ਦ੍ਰਿਸ਼ ਦੀ ਕੰਪਣ ਨੂੰ ਕੋਈ ਨਹੀਂ ਰੋਕ ਸਕਦਾ।

ਕੀ ਦੇਖਣ ਦਾ ਵੀ ਕੋਈ ਅੰਤ ਐ ਕਿ ?

...ਤੇ ਦੇਖਣ ਤੋਂ ਬਚਣ ਦਾ ?

## ਸਿੱਜਲ-ਅੱਖਾਂ

ਸੰਨ ਉੱਨੀ ਸੌ ਸੰਤਾਲੀ ਦੇ ਆਸਪਾਸ ਤਿੰਨ ਸਾਧਾਰਣ-ਜਿਹੀਆਂ ਘਟਨਾਵਾਂ ਹੋਈਆਂ। ਤਿੰਨੇ ਆਪਣੇ ਪਿੱਛੇ ਨਿਸ਼ਾਨ ਛੱਡ ਗਈਆਂ। ਤਿੰਨੇ ਮੈਨੂੰ ਉਹਨਾਂ ਘਟਨਾਵਾਂ ਨਾਲ ਜੁੜੇ ਅਲਗ-ਅਲਗ ਵਿਅਕਤੀਆਂ ਨੇ ਦੱਸੀਆਂ।

ਇੰਜ ਉਹ ਇਕ ਨਾਲੋਂ ਵੱਧ ਵੇਰ ਵਾਪਰੀਆਂ। ਇਕ, ਘਟਨਾ ਵਾਪਰਣ ਸਮੇਂ ਦੂਜੀ ਵਾਰ, ਦੱਸਣ ਲੱਗਿਆਂ ਤੇ ਉਸ ਪਿੱਛੋਂ ਅਨੇਕਾਂ ਵਾਰੀ—ਦੱਸਣ-ਅਣਦੱਸਣ ਵਿਚਕਾਰ ਲਟਕਦੀਆਂ ਹੋਈਆਂ।

ਪਹਿਲੀ ਵਾਰ—ਮਾਂ ਬਾਰਾਂ ਸਾਲ ਦੀ ਉਮਰ ਵਿਚ ਸਮੇਤ ਪਰਿਵਾਰ ਹਿੰਦੁਸਤਾਨ ਆਈ ਸੀ; ਪਾਕਿਸਤਾਨ ਵਿਚੋਂ ਉੱਜੜ ਕੇ ਆਉਣ ਵਾਲੇ ਸ਼ਰਨਾਰਥੀਆਂ ਦੇ ਕਾਫ਼ਲੇ ਨਾਲ। ਜਲੰਧਰ ਦੀਆਂ ਸੜਕਾਂ ਉੱਤੇ ਉਹਨੇ ਜਲੂਸ ਦੇਖਿਆ ਸੀ—ਨੰਗੀਆਂ, ਥਣ-ਕੱਟੀਆਂ ਔਰਤਾਂ ਨੂੰ ਘੁਮਾਏ ਜਾਣ ਦਾ ਜਲੂਸ।

ਇਹ ਕਿਸੇ ਅਖ਼ਬਾਰ ਵਿਚ ਪੜ੍ਹਿਆ ਗਿਆ ਕਿੱਸਾ ਨਹੀਂ ਸੀ, ਖ਼ੁਦ ਉਹਨਾਂ ਦੀਆਂ ਅੱਖਾਂ ਨੇ ਦੇਖਿਆ ਵਾਕਿਆ ਸੀ, ਜਿਸਨੂੰ ਹੁਣ ਮੈਂ ਖ਼ੁਦ ਉਹਨਾਂ ਤੋਂ ਸੁਣ ਰਹੀ ਸਾਂ, ਗਿਆਰਾਂ ਬਾਰਾਂ-ਸਾਲ ਦੀ ਉਮਰ ਵਿਚ। ਮੈਂ ਤੇ ਮੇਰੀਆਂ ਛੋਟੀਆਂ ਭੈਣਾਂ ਬਲੈਕ-ਆਊਟ ਦੇ ਸੰਨਾਟੇ ਵਿਚ।

ਬਾਹਰ ਆਵਾਜ਼ਾਂ ਸਨ ਸਾਇਰਨ ਦੀਆਂ, ਤੇ ਹਨੇਰੇ ਵਿਚ ਗੂੰਜਦੀਆਂ ਪਹਿਰਾ ਦੇਣ ਵਾਲਿਆਂ ਦੀਆਂ ਸੀਟੀਆਂ।

ਉਹ ਸੰਨ ਇਕੱਹਤਰ ਦੇ ਯੁੱਧ ਦੇ ਦਿਨ ਸਨ।

ਆਪਣੀ ਦੇਹ ਵਿਚ ਹੋ ਰਹੇ ਬਦਲਾਅ ਸਾਡੇ ਲਈ ਏਨਾ ਹੈਰਾਨੀ ਭਰਪੂਰ ਵਿਸ਼ਾ ਸਨ ਕਿ ਬਹੁਤ ਸਾਰੀਆਂ, ਬਿਨਾਂ ਛਾਤੀਆਂ ਦੇ ਨਹੀਂ, ਬਲਕਿ ਕੱਟੀਆਂ ਹੋਈਆਂ ਛਾਤੀਆਂ ਵਾਲੀਆਂ, ਸਾਡੀ ਕਲਪਨਾ ਵਿਚ ਠੀਕ-ਠੀਕ ਨਹੀਂ ਸੀ ਆ ਰਹੀਆਂ। ਨਾ ਉਹਨਾਂ ਦੇ ਸਮੂਹਿਕ ਨੰਗੇਜ਼ ਦਾ ਬਡਰੂਪ ਰੂਪ।

ਮੈਂ ਤੇ ਮੇਰੀਆਂ ਭੈਣਾਂ ਅਜੇ ਬਿਲਕੁਲ ਈ ਬੱਚੀਆਂ ਸਾਂ।

ਉਹ ਯਹੀਯਾ ਖ਼ਾਨ ਦੀ ਕਰੂਰਤਾ ਦੇ ਦਿਨ, ਬੰਗਲਾ ਦੇਸ਼ ਬਨਣ ਤੋਂ ਐਨ ਪਹਿਲਾਂ ਵਾਲੇ ਦਿਨ। ਏਨੇ ਵਰ੍ਹਿਆਂ ਬਾਅਦ ਸੋਚਦੀ ਆਂ, ਉਹਨੀਂ ਦਿਨੀਂ ਔਰਤਾਂ ਉੱਤੇ ਸੈਨਕਾਂ ਦੀ ਬਰਬਰਤਾ ਦੀਆਂ ਖ਼ਬਰਾਂ ਆਉਂਦੀਆਂ ਸਨ, ਉਦੋਂ ਮਾਂ ਨੂੰ ਬਚਪਨ ਵਿਚ ਦੇਖੀਆਂ ਉਹ ਥਣ-ਕੱਟੀਆਂ ਔਰਤਾਂ ਯਾਦ ਆਈਆਂ ਹੋਣਗੀਆਂ ? ਵਰਨਾ ਏਨੇ ਵਰ੍ਹਿਆਂ ਬਾਅਦ ਕੋਈ ਔਰਤ ਆਪਣੇ ਬੱਚਿਆਂ ਨੂੰ ਕਿਉਂ ਦੱਸਣਾ ਚਾਹੇਗੀ ਕਿ ਉਸਨੇ ਆਪਣੇ ਜੀਵਨ ਵਿਚ, ਬਚਪਨ ਵਿਚ—ਯੁੱਧ, ਵੰਡਾਰੇ ਤੇ ਉਜਾੜੇ ਦੇ ਦਿਨੀਂ—ਕੀ ਦੇਖਿਆ ਸੀ!

ਕਿੱਥੇ ਗਈਆਂ ਲੁੱਟੀਆਂ-ਖਸੁੱਟੀਆਂ ਤੇ ਬੇਪੱਤ ਕੀਤੀਆਂ ਗਾਈਆਂ ਉਹ ਅਲਫ਼-ਨੰਗੀਆਂ ਔਰਤਾਂ—ਜਿਹਨਾਂ ਨੂੰ ਦੂਰ ਸਮੇਂ ਦੀ ਪਗਡੰਡੀ ਉੱਤੇ, ਬੜਾ ਚਿਰ ਪਹਿਲਾਂ, ਘੁਮਾਇਆ ਗਿਆ ਸੀ! ਕੀ ਇਸ ਦੇਸ਼ ਵਿਚ ਉਹਨਾਂ ਨੂੰ—ਧਰਤੀ ਨਿਗਲ ਗਈ ? ਹਨੇਰੀ ਉਡਾਅ ਕੇ ਲੈ ਗਈ ? ਕਿਸੇ ਨੇ ਤਾਂ ਢਕਿਆ ਹੋਏਗਾ, ਉਹਨਾਂ ਨੂੰ ?

ਉਸ ਸ਼ਾਮ ਚੌਰਾਹੇ 'ਚੋਂ ਉਹ ਸਾਰੇ ਘਰ ਪਰਤ ਗਏ ਹੋਣਗੇ—ਜਨੂੰਨੀ ਤੇ ਤਮਾਸ਼ਬੀਨ ਲੋਕ। ਇਤਿਹਾਸ ਵਿਚ ਕਿਸੇ ਦੀ ਛਵੀ ਦਰਜ ਨਹੀਂ, ਸਿਵਾਏ ਉਹਨਾਂ ਔਰਤਾਂ ਦੇ। ਕੀ ਇਹ ਵਚਿੱਤਰ ਗੱਲ ਨਹੀਂ ?

ਦੂਜੀ—ਉੱਨੀ ਸੌ ਚੌਰਾਸੀ ਦੇ ਦੰਗੇ ਅਜੇ ਖ਼ਤਮ ਨਹੀਂ ਸੀ ਹੋਏ ਕਿ ਕਈ ਦਿਨਾਂ ਤਕ ਅਸੀਂ ਸਿੱਧੂ ਅੰਕਲ ਨੂੰ ਡੌਰਿਆਂ ਵਾਂਗ ਭੌਂਦਿਆਂ ਦੇਖਿਆ। ਉਹ ਸਾਡੇ ਅੱਧੇ ਪਰਿਵਾਰ ਨੂੰ ਆਪਣੇ ਘਰ ਲੈ ਆਏ ਸਨ, ਯੂਨੀਵਰਸਟੀ ਕੈਂਪਸ ਵਿਚ। ਅੱਧਾ ਪਰਿਵਾਰ ਇਕ ਦੂਜੇ ਅੰਕਲ ਲੈ ਗਏ ਸਨ, ਆਪਣੇ ਘਰ। ਦੋਵਾਂ ਜਗ੍ਹਾ ਕੋਈ ਖ਼ਤਰਾ ਨਹੀਂ ਸੀ ਦੰਗਾਈਆਂ ਦਾ।

ਸਿੱਧੂ ਅੰਕਲ ਵਾਰੀ-ਵਾਰੀ ਕੈਂਪਸ ਵਿਚੋਂ ਬਾਹਰ ਜਾਂਦੇ, ਹਾਲਾਤ ਦਾ ਜਾਇਜ਼ਾ ਲੈਂਦੇ, ਵਾਪਸ ਪਰਤ ਆਉਂਦੇ—ਸਿਰ ਹਿਲਾਉਂਦੇ ਹੋਏ। ਸਾਡੀ ਸਮਝ ਵਿਚ ਕੁਝ ਵੀ ਨਹੀਂ ਸੀ ਆ ਰਿਹਾ ਕਿ ਕੀ ਗੱਲ ਏ, ਸਿਰਫ਼ ਇਸ ਤੋਂ ਬਿਨਾਂ ਕਿ ਉਹ ਬੇਚੈਨ ਸਨ। ਅਚਾਨਕ ਇਕ ਦਿਨ ਬੋਲੇ, "ਇਹਨਾਂ ਨੂੰ ਪਤਾ ਨਹੀਂ, ਇਹ ਕੀ ਕਰ ਰਹੇ ਨੇ—ਇਹਨਾਂ ਨੂੰ ਪਤਾ ਨਹੀਂ ਇਹ ਇਹਨਾਂ ਨੂੰ ਕਿੱਥੇ ਲੈ ਜਾਏਗਾ..."

ਉਹ ਇੰਜ ਬੇਚੈਨ ਤੇ ਪ੍ਰੇਸ਼ਾਨ ਨਜ਼ਰ ਆਉਂਦੇ ਜਿਵੇਂ ਕੋਈ ਰਹੱਸ ਹੁਣੇ ਉਹਨਾਂ ਦਾ ਸੀਨਾ ਚੀਰ ਕੇ ਬਾਹਰ ਆ ਜਾਏਗਾ। ਸਾਡੀ ਕੋਈ ਜਾਣਕਾਰ ਨਹੀਂ, ਮੰਚ ਉੱਤੇ ਘੁੰਮਦੀ ਬੇਚੈਨ ਲੇਡੀ ਮੈਕਨੇਥ ਵਰਗੇ ਉਹ ਲੱਗਦੇ ਸਨ। ਇਕ ਦਿਨ ਉਹ ਫਟ ਪਏ—

"ਪਤਾ ਈ, ਸਨ ਸੰਤਾਲੀ 'ਚ ਮੈਂ ਇਕ ਆਦਮੀ ਨੂੰ ਮਾਰਿਆ ਸੀ...ਹੁਣ ਤਕ ਉਸਦਾ ਖ਼ੂਨ ਮੇਰੇ ਹੱਥਾ 'ਤੇ ਲੱਗਾ ਹੋਇਆ ਏ। ਇੰਜ ਲੱਗਦਾ ਏ ਉਹ ਹੁਣ ਵੀ ਮੈਨੂੰ ਦੇਖ ਰਿਹਾ ਏ।"

"ਕੌਣ ਸੀ ਉਹ ?"

"ਸਾਡੇ ਪਿੰਡ ਦਾ ਮੁਸਲਮਾਨ ਫ਼ਕੀਰ। ਅੰਨ੍ਹਾ ਸੀ। ਖ਼ੂਹ ਦੇ ਨਾਲ ਵਾਲੇ ਖੇਤ ਵਿਚ ਮੈਂ ਈ ਉਸਨੂੰ ਲੁਕਾਇਆ ਸੀ। ਤੁਸੀਂ ਸੋਚ ਵੀ ਨਹੀਂ ਸਕਦੇ, ਪਾਗਲਪਨ ਕੈਸਾ ਹੁੰਦਾ ਏ। ਦਿਮਾਗ਼ ਵਿਚ ਕਿੰਜ ਜ਼ਹਿਰ ਫ਼ੈਲਦਾ ਏ। ਤਿੰਨ ਦਿਨ ਮੈਂ ਉਸਨੂੰ ਲੁਕਾਈ ਰੱਖਿਆ। ਦਿਨੇਂ ਮੈਂ ਬਾਹਰ ਜਾਂਦਾ—ਇਕ ਨਾਲੋਂ ਇਕ ਮਾੜੀ ਖ਼ਬਰ, ਵਹਿਸ਼ੀ ਦ੍ਰਿਸ਼। ਰਾਤੀਂ ਹਨੇਰੇ 'ਚ ਲੁਕ ਕੇ ਮੈਂ ਉਸਨੂੰ ਰੋਟੀ ਦੇਣ ਜਾਂਦਾ। ਮੈਨੂੰ



ਪਤਾ ਈ ਨਹੀਂ ਲੱਗਿਆ ਮੇਰੇ ਅੰਦਰ ਏਨੀ ਕੌੜ ਭਰਦੀ ਜਾ ਰਹੀ ਏ! ਸਤਾਰਾਂ ਸਾਲ ਦਾ ਸੀ ਮੈਂ। ਇਕ ਰਾਤ ਮੈਂ ਗਿਆ, ਰੋਜ਼ ਵਾਂਗ ਈ। ਖ਼ੂਨ ਸਵਾਰ ਸੀ ਮੇਰੇ ਸਿਰ 'ਤੇ। ਮੇਰੀ ਆਹਟ ਪਛਾਣ ਕੇ ਫ਼ਕੀਰ ਨੇ ਸਮਝਿਆ, ਮੈਂ ਰੋਟੀ ਲਿਆਇਆ ਆਂ। ਉਹ ਮੈਨੂੰ ਹੱਥਾਂ ਨਾਲ ਟੋਲ ਰਿਹਾ ਸੀ, ਜਦੋਂ ਮੈਂ ਛੁਰਾ ਮਾਰਿਆ ਸੀ ਉਸਦੇ। ਉਸਨੇ ਮੇਰੀਆਂ ਬਾਹਾਂ ਨੂੰ ਫੜ੍ਹਿਆ ਹੋਇਆ ਸੀ। ਅੱਜ ਏਨੇ ਸਾਲ ਹੋ ਗਏ ਨੇ, ਅੱਜੀ ਉਹ ਮੈਨੂੰ ਹਨੇਰੇ 'ਚ ਪਿਆ ਘੂਰ ਰਿਹਾ ਏ।"

ਤੀਜੀ—ਮੇਰੀ ਮਰਨ ਕਿਨਾਰੇ ਪਈ ਦਾਦੀ।

ਪਤਾ ਨਹੀਂ ਕਿੰਨੇ ਦਿਨਾਂ ਦੀ ਉਹ ਗਾ ਰਹੀ ਏ। ਨਾ ਉਹਨੂੰ ਦਿਨ ਦੀ ਸੁੱਧ ਏ, ਨਾ ਰਾਤ ਦੀ। ਨਾ ਗਰਮੀ ਦੀ, ਨਾ ਪਸੀਨੇ ਦੀ। ਜਿਵੇਂ ਉਸਦੀ ਸਾਰੀ ਹਸਤੀ ਆਵਾਜ਼ ਵਿਚ ਸਿਮਟ ਗਈ ਹੋਵੇ। ਕਿਹੜੇ ਦੇਸ-ਕਾਲ ਵਿਚ ਏ ਉਹ ?

ਕਿਸੇ-ਕਿਸੇ ਦਿਨ ਦਾਦੀ ਸਾਡੇ ਵਿਚੋਂ ਕਿਸੇ ਦੀ ਆਵਾਜ਼ ਸੁਣ ਕੇ ਸਾਡੇ ਕੋਲ ਪਰਤ ਆਉਂਦੀ—ਕਿਹੜੀ ਦੁਨੀਆਂ 'ਚ ਐ ਇਹ ? ਜਿਹੜੀ ਉਸਨੂੰ ਦਿਖਾਈ ਨਹੀਂ ਦੇਂਦੀ, ਸਿਰਫ਼ ਸੁਣਾਈ ਦੇਂਦੀ ਏ ? ਉਹ ਸਚੇਤ ਹੁੰਦੀ ਏ। ਪਰ ਕੁਝ ਪਲਾਂ ਲਈ।

ਅਜਿਹੇ ਈ ਕਿਸੇ ਦਿਨ ਮੈਂ ਉਹਦੇ ਮੱਥੇ 'ਤੇ ਹੱਥ ਰੱਖਦੀ ਆਂ—ਛੂਹ ਦੀ ਪਗਡੰਡੀ ਪੈ ਕੇ ਉਹ ਸਾਡੇ ਕੋਲ ਪਰਤ ਆਉਂਦੀ ਏ।

"ਦਾਦੀ, ਤੁਹਾਨੂੰ ਗਾਂਧੀ ਯਾਦ ਏ ?"

ਉਹ ਅਚਕਚਾ ਜਾਂਦੀ ਏ। ਮੱਥਾ ਫ਼ੜਕਣ ਲੱਗਦਾ ਏ ਉਹਦਾ। ਸਫ਼ੇ ਪਲਟ ਰਹੀ ਏ ਯਾਦ ?

"ਹਾਏ-ਹਾਏ ਯਾਦ ਕਿਉਂ ਨਹੀਂ, ਉਹ ਅੰਬਰਸਰ ਆਇਆ ਸੀ।"

"ਉਸਦੀ ਮੌਤ ਯਾਦ ਏ ਤੁਹਾਨੂੰ ? ਤੁਸੀਂ ਕੀ ਕਰ ਰਹੇ ਸੀ ਓਦੋਂ ?"

ਬੁੱਲ੍ਹ ਕੰਬ ਰਹੇ ਨੇ ਉਹਦੇ। ਅੱਥਰੂ ਵਹਿ ਤੁਰੇ ਨੇ।

ਠੀਕ ਨਹੀਂ ਕੀਤਾ। ਇਹ ਸਵਾਲ ਪੁੱਛ ਕੇ ਮੈਂ ਠੀਕ ਨਹੀਂ ਕੀਤਾ। ਮੇਰੇ ਲੇਟੀ ਹੋਈ ਦਾਦੀ, ਅੰਨ੍ਹੀ, ਖੁੱਥੜ-ਜਿਹੀ ਦੇਹ। ਅੱਧੀ ਦੇਹ, ਅੱਧੀ ਲਾਸ਼।

ਅਚਾਨਕ ਉਹ ਗਾਉਣ ਲੱਗਦੀ ਏ। ਨਹੀਂ, ਗਾ ਨਹੀਂ ਰਹੀ, ਵੈਣ ਪਾ ਰਹੀ ਏ, ਜਿਵੇਂ ਰਵਾਇਤੀ ਢੰਗ ਨਾਲ ਪਿੰਡਾਂ ਵਿਚ ਪਾਏ ਜਾਂਦੇ ਨੇ।

"ਵੇ...ਗਾਂਧੀ...ਤੂੰ ਨਾ ਮਰਦੋਂ, ਮੈਂ ਮਰ ਜਾਂਦੀ..."

ਕਾਫ਼ੀ ਸਮਾਂ ਉਹ ਉਸ ਦੁਨੀਆਂ ਵਿਚ ਰਹਿੰਦੀ ਏ। ਵੈਣਾਂ ਦੀ ਦੁਨੀਆਂ ਵਿਚ। ਮੈਂ ਹੌਲੀ-ਹੌਲੀ ਉਸਦੇ ਮੱਥੇ 'ਤੇ ਹੱਥ ਫੇਰਦੀ ਰਹਿੰਦੀ ਆਂ। ਉਹਨੂੰ ਸੰਤਾਪ ਦੀ ਦੁਨੀਆਂ ਵਿਚੋਂ ਵਾਪਸ ਲੈ ਆਉਂਦੀ ਆਂ।

"ਯਾਦ ਏ, ਸਭ ਯਾਦ ਏ। ਉਸ ਰਾਤ ਹਵੇਲੀ ਵਿਚ ਮੈਂ ਤ੍ਰਿਜਣ ਰੱਖਿਆ ਹੋਇਆ ਸੀ। ਔਰਤਾਂ ਦਾ ਜਗਰਾਤਾ। ਸਾਰੀਆਂ ਔਰਤਾਂ ਚਰਖ਼ੇ ਲੈ ਆਈਆਂ ਆਪੋ-ਆਪਣੇ। ਸਾਰੀ ਰਾਤ ਅਸੀਂ ਕੱਤਣਾ ਸੀ ਚੰਨ ਦੀ ਚਾਨਣੀ ਵਿਚ ਬੈਠ ਕੇ, ਜਦੋਂ ਪਿੰਡ ਦਾ ਚੌਕੀਦਾਰ ਇਹ ਖ਼ਬਰ ਲਿਆਇਆ...ਸਾਨੂੰ ਕੀ ਪਤਾ ਸੀ, ਕੋਈ ਨਖਸਮਾਂ ਉਸਨੂੰ ਗੋਲੀ ਮਾਰ ਦਏਗਾ...ਵੇ...ਗਾਂਧੀ..."

ਉਹ ਫੇਰ ਵੈਣ ਪਾਉਣ ਲੱਗ ਪੈਂਦੀ ਏ। ਉਸਦੀ ਚੇਤਨਾ ਵਿਚ ਸਮਾਂ ਰਲਗਡ ਹੋ ਗਿਆ ਏ।...ਸਾਰੀ ਰਾਤ ਹੁਣ ਇੰਜ ਈ ਚੱਲੇਗਾ। ਉਸਨੂੰ ਕੌਣ ਸਮਝਾਵੇ ਕਿ ਗਾਂਧੀ ਨੂੰ ਮਰਿਆਂ ਪੰਜਾਹ ਸਾਲ ਹੋ ਗਏ ਨੇ...

ਪਤਾ ਨਹੀਂ ਮੈਂ ਇਹ ਸਵਾਲ ਪੁੱਛਿਆ ਕਿਉਂ ?

**ਬਾਕੀ ਦਾ ਪੰਨਾ ਨੰ. 62 'ਤੇ**

**ਕਹਾਣੀਆਂ**

## ਚਿੜੀ ਫੁਰਰਰ/ਬਲਦੇਵ ਸਿੰਘ ਢੀਂਡਸਾ

ਜਦੋਂ ਚਰਨ ਸਿੰਘ ਉਰਫ਼ ਚਰਨਾ ਨਿੰਮੋ ਤਰਖਾਣ ਦੀ ਆਟਾ ਚੱਕੀ ਵੱਲ ਨੂੰ ਤੁਰਿਆ ਤਾਂ ਦੁਪਹਿਰ ਦੇ ਦੋ ਕੁ ਵੱਜੇ ਸਨ। ਆਟਾ ਚੱਕੀ ਕਦੇ 'ਬੰਦੂ ਕਾਂਟੇ ਦਾ ਕਾਰਖਾਨਾ' ਹੁੰਦੀ ਸੀ। ਬੰਦੂ ਤਰਖਾਣ ਨਿੰਮੋ ਦਾ ਬਾਪ ਸੀ। ਉਹ ਪਿੰਡ 'ਚ ਤਰਖਾਣਾ ਕੰਮ ਦੀ ਸੇਪੀ ਕਰਿਆ ਕਰਦਾ ਸੀ। ਨਾਂ ਤਾਂ ਉਸਦਾ ਮੀਂਹ ਸਿੰਘ ਸੀ ਪਰ ਮਸ਼ਹੂਰ ਉਹ 'ਬੰਦੂ ਕਾਂਟੇ' ਦੇ ਨਾਂ ਨਾਲ਼ ਸੀ। ਜਦੋਂ ਉਹ ਆਪਣੇ ਅੱਡੇ 'ਤੇ ਬੈਠਾ ਤੇਸੇ ਜਾਂ ਆਰੀ ਨਾਲ਼ ਕੋਈ ਨਾ ਕੋਈ ਕੰਮ ਕਰਦਾ ਹੁੰਦਾ ਤਾਂ ਜੇ ਕੋਈ ਨਿੱਕਾ ਨਿਆਣਾ ਉਸ ਕੋਲ਼ ਦੀ ਲੰਘਦਾ ਤਾਂ ਉਹ ਕੰਮ ਛੱਡ ਨਿਆਣੇ ਨੂੰ ਗਿੱਟੇ ਤੋਂ ਫੜ ਲੈਂਦਾ। ਬੱਸ ਫਿਰ ਕਾਂਟਾ ਸ਼ੁਰੂ ਹੋ ਜਾਂਦਾ। ਉਹ ਨਿਆਣੇ ਦੇ ਪੱਟਾਂ ਤੇ ਆਪਣੀਆਂ ਉਂਗਲ਼ਾਂ ਤੇ 'ਗੂਠਾ ਖੋਭ ਖੋਭ ਕਹਿੰਦਾ 'ਹੈਂ ਕਾਂਟਾ' 'ਹੈਂ ਕਾਂਟਾ'। ਨਾਲ਼ੇ ਨਿਆਣੇ ਦੀ ਮਾਂ ਜਾਂ ਦਾਦੀ ਦਾ ਨਾਂ ਲੈ ਲੈ ਕੋਈ ਨਾ ਕੋਈ ਚੁਸਕੀ ਲੈਂਦਾ ਰਹਿੰਦਾ। ਨਿਆਣਾ ਛੁੱਟਣ ਲਈ ਛਟਪਟਾਉਂਦਾ, ਹੱਸਦਾ ਹੱਸਦਾ ਮਿੱਟੀ 'ਚ ਲਿਟਦਾ ਰੋਣ ਹਾਕਾ ਹੋ ਜਾਂਦਾ। 'ਕਾਰਖਾਨੇ' ਦੇ ਨਾਲ਼ ਲਗਦੀ ਬੋੜ੍ਹ ਥੱਲੇ ਖੇਡਦੇ ਨਿਆਣੇ ਇਸ ਗੱਲੋਂ ਸੁਚੇਤ ਰਹਿੰਦੇ ਕਿ ਬੰਦੂ ਦੇ ਕੋਲ਼ ਨਾ ਜਾਇਆ ਜਾਵੇ। ਪਰ ਕਈ ਵਾਰ ਤਕੜੇ ਬੱਚੇ ਆਪ ਤੋਂ ਕਮਜ਼ੋਰਾਂ ਨੂੰ ਉਸਦੇ ਹਵਾਲੇ ਕਰਕੇ ਖ਼ੁਸ਼ ਹੁੰਦੇ। ਸੋ ਛੋਟੇ ਬੱਚੇ ਉਸ ਤੋਂ ਡਰਦੇ ਰਹਿੰਦੇ ਸਨ।

ਡਰਦੇ ਬੰਦੂ ਤੋਂ ਸਿਆਣੇ ਲੋਕ ਵੀ ਸਨ। ਉਸ ਬਾਰੇ ਗੱਲ ਮਸ਼ਹੂਰ ਸੀ ਕਿ ਜੇ ਬੰਦੂ ਕਿਸੇ ਨੂੰ ਕੰਮ ਜਾਂਦੇ ਨੂੰ ਟੋਕ ਦਿੰਦਾ ਤਾਂ ਅਗਲੇ ਦਾ ਕੰਮ ਸਿਰੇ ਨਾ ਚੜ੍ਹਦਾ।

ਪਰ ਹੁਣ ਬੰਦੂ ਮਰੇ ਨੂੰ ਬਹੁਤ ਸਾਲ ਹੋ ਗਏ ਹਨ। ਉਸਦਾ 'ਕਾਰਖਾਨਾ' ਨਿੰਮੋ ਦੀ ਆਟਾ ਚੱਕੀ ਵਿੱਚ ਬਦਲ ਚੁੱਕਾ ਹੈ। ਭਾਵੇਂ ਕਈ ਅਜੇ ਵੀ ਕਾਂਟੇ ਦਾ ਕਾਰਖਾਨਾ ਕਹਿ ਦਿੰਦੇ ਹਨ। ਚਰਨਾ ਜਦੋਂ ਵੀ ਰਾਜਸਥਾਨ ਤੋਂ ਆਉਂਦਾ ਤਾਂ ਉਹ ਨਿੰਮੋ ਨੂੰ ਮਿਲਣ ਚੱਕੀ ਤੇ ਜ਼ਰੂਰ ਆਉਂਦਾ। ਨਿੰਮੋ ਤੋਂ ਬਿਨਾਂ ਬੋੜ੍ਹ ਥੱਲੇ ਤਾਸ਼ ਖੇਡਦੇ ਜਾਂ ਉਂਦਾਂ ਬੈਠੇ ਬੰਦਿਆਂ 'ਚੋਂ ਕੋਈ ਨਾ ਕੋਈ ਵਾਕਿਫ਼ ਮਿਲ਼ ਜਾਂਦਾ ਜਾਂ ਫਿਰ ਪੁਰਾਣੇ ਟੱਬਰਾਂ ਦੀਆਂ ਗੱਲਾਂ ਕਰ ਵਾਕਫ਼ੀ ਬਣਾ ਲੈਂਦਾ। ਪਰ ਪਿਛਲੇ ਕਈ ਸਾਲਾਂ ਤੋਂ ਬੋੜ੍ਹ ਥੱਲੇ ਦੀਆਂ ਰੌਣਕਾਂ ਬਹੁਤ ਘੱਟ ਗਈਆਂ ਸਨ।

ਚਰਨਾ ਨਿੰਮੋ ਨੂੰ ਮਿਲ਼ਿਆ ਤੇ ਬੋੜ੍ਹ ਥੱਲੇ ਵਾਹਵਾ ਰੌਣਕ ਦੇਖਕੇ ਹੈਰਾਨ ਹੋ ਗਿਆ। ਪੁੱਛਣ ਤੇ ਨਿੰਮੋ ਨੇ ਦੱਸਿਆ ਕਿ ਅੱਜ ਵੀਰਵਾਰ ਹੈ। ਬਿਜਲੀ ਦਾ ਸਾਰਾ ਦਿਨ ਦਾ ਕੱਟ ਹੈ। ਗਰਮੀ ਮਾਰੇ ਲੋਕ ਬੋੜ੍ਹ ਥੱਲੇ ਆ ਜੁੜਦੇ ਹਨ। ਉਂਦਾਂ ਤਾਸ਼ ਦੇ ਸ਼ੌਕੀਨ ਤਾਂ ਸਦਾ ਜੁੜੇ ਹੀ ਰਹਿੰਦੇ ਹਨ।

ਨਿੰਮੋ ਚਰਨੇ ਨੂੰ ਮੁੱਢਲੀ ਰਾਜੀ ਖ਼ੁਸ਼ੀ ਪੁੱਛ ਕੇ ਬੈਠਣ ਲਈ ਇੱਕ ਕੁਰਸੀ ਦੇ ਕੇ ਚਰਨੇ ਦੇ ਰੋਕਦਿਆਂ ਰੋਕਦਿਆਂ ਘਰੋਂ ਚਾਹ ਪਾਣੀ ਲੈਣ ਚਲੇ ਗਿਆ। ਚਰਨਾ ਦੋ ਤਿੰਨ ਵਾਕਿਫ਼ ਬੰਦਿਆਂ ਨੂੰ ਮਿਲਣ ਮਗਰੋਂ ਕੁਰਸੀ 'ਤੇ ਆਣ ਬੈਠਾ।

ਚਰਨੇ ਨੂੰ ਯਾਦ ਆਇਆ ਕਿ ਇਸ ਕੁਰਸੀ ਦੀ ਥਾਂ ਤੇ ਹੀ ਬੈਠਾ ਬੰਦੂ ਨਿਆਣਿਆਂ ਦੇ ਕਾਂਟਾ ਕਰਿਆ ਕਰਦਾ ਸੀ ਅਤੇ ਇੱਕ ਵਾਰ ਚਰਨੇ ਦੇ ਮਿੱਤਰ ਆਦਿਧਰਮੀਆਂ ਦੇ ਬਾਗੇ ਨੇ ਰੋੜਾ ਮਾਰਕੇ ਬੰਦੂ ਦੇ ਗਲ਼ੀ ਵੀ ਕਰ ਦਿੱਤੀ ਸੀ। ਬਾਗਾ ਇਸ ਪਿੰਡ 'ਚ ਚਰਨੇ ਦਾ ਜਿਗਰੀ ਦੋਸਤ ਸੀ।

ਚਰਨੇ ਦਾ ਜਨਮ ਗੰਗਾਨਗਰ ਜ਼ਿਲ੍ਹੇ ਦੇ ਚੱਕ ਦੋ ਬੀ ਦਾ ਸੀ। ਜੋ ਨੱਤਾ ਦੀ ਢਾਣੀ ਦੇ ਨਾਂ ਨਾਲ਼ ਮਸ਼ਹੂਰ ਸੀ। ਚਰਨਾ ਪੰਜਵੀਂ ਤੱਕ ਪੜ੍ਹਿਆ ਵੀ ਰਾਜਸਥਾਨ 'ਚ ਚੱਕ ਦੋ ਬੀ ਦੇ ਸਕੂਲ ਹੀ ਸੀ। ਛੇਵੀਂ ਵਿੱਚ ਚਰਨੇ ਨੂੰ ਪੰਜਾਬ ਵਿਚਲੇ ਜੱਦੀ ਪਿੰਡ ਤਲਵੰਡੀ ਵਿਖੇ ਚਾਚੇ ਚਮਕੌਰ ਸਿੰਘ ਕੋਲ਼ ਛੱਡ ਦਿੱਤਾ ਗਿਆ। ਚਰਨੇ ਦਾ ਬਾਪੂ ਪਿਛਲੇ ਚੌਵੀਂ ਪੱਚੀ ਸਾਲ ਤੋਂ ਰਾਜਸਥਾਨ ਵਿੱਚ ਖੇਤੀ ਕਰਦਾ ਸੀ ਤੇ ਚਾਚਾ ਚਮਕੌਰ ਪੰਜਾਬ ਵਿੱਚ। ਜ਼ਮੀਨ ਦੋਹੀਂ ਪਾਸੀਂ ਸਾਂਝੀ ਸੀ।



ਚਰਨਾ ਤੇ ਚਮਕੌਰ ਚਾਚੇ ਦਾ ਮੁੰਡਾ ਅਜਮੇਰ ਦੋਵੇਂ ਪਿੰਡੋਂ ਦੋ ਮੀਲ ਤੇ ਸਥਿੱਤ ਖਾਲਸਾ ਹਾਈ ਸਕੂਲ ਵਿੱਚ ਪਿੰਡ ਦੇ ਹੋਰ ਮੁੰਡਿਆਂ ਨਾਲ਼ ਤੁਰ ਕੇ ਪੜ੍ਹਨ ਜਾਂਦੇ। ਬਾਗਾ ਵੀ ਉਨ੍ਹਾਂ ਨਾਲ਼ ਹੁੰਦਾ। ਚਰਨੇ ਦੀ ਬਾਗੇ ਨਾਲ਼ ਵਾਹਵਾਂ ਬਣਦੀ ਸੀ। ਅਜਮੇਰ ਨਾਲ਼ ਘੱਟ।

ਬਾਗੇ ਦਾ ਟੱਬਰ ਪਹਿਲਾਂ ਤੋਂ ਹੀ ਚਰਨੇ ਦੇ ਟੱਬਰ ਨਾਲ਼ ਕੰਮ ਕਰਾਉਂਦਾ ਸੀ। ਸੋ ਬਾਗਾ ਛੁੱਟੀ ਤੋਂ ਬਾਅਦ ਵੀ ਚਰਨੇ ਦੀ ਹਵੇਲੀ ਆ ਜਾਂਦਾ। ਚਰਨਾ ਤੇ ਬਾਗਾ ਚਮਕੌਰ ਨਾਲ਼ ਕੰਮਕਾਰ ਕਰਵਾਉਂਦੇ। ਅਜਮੇਰ ਹਵੇਲੀ ਘੱਟ ਵੱਧ ਹੀ ਵੜਦਾ।

ਬਾਗਾ ਅੱਠਵੀਂ 'ਚੋਂ ਫੇਲ ਹੋ ਕੇ ਪੜ੍ਹਨੋਂ ਹਟ ਗਿਆ। ਪਰ ਉਹ ਚਰਨੇ ਦੇ ਖੇਤੀ ਆਪਣੇ ਬਾਪੂ ਹੀਰੂ ਨਾਲ਼ ਕੰਮ ਕਰਨ ਆਉਂਦਾ ਰਿਹਾ। ਇਸ ਤਰ੍ਹਾਂ ਚਰਨੇ ਤੇ ਬਾਗੇ ਦਾ ਮਿਲਾਪ ਜਾਰੀ ਰਿਹਾ। ਉਹਨੀਂ ਸ਼ਾਮ ਨੂੰ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਉਹ ਡੰਡ ਬੈਠਕਾਂ ਲਾਉਂਦੇ। ਸਾਥੀਆਂ ਨਾਲ਼ ਰਲ਼ਕੇ ਕਬੱਡੀ ਖੇਡਦੇ। ਕਈ ਵਾਰ ਨਿੰਮੋ ਵੀ ਉਨ੍ਹਾਂ ਨਾਲ਼ ਆ ਰਲ਼ਦਾ। ਨਿੰਮੋ ਨੌਂਵੀਂ ਵਿੱਚ ਹੀ ਚਰਨੇ ਨਾਲ਼ ਰਲ਼ਿਆ ਸੀ। ਪਹਿਲਾਂ ਉਹ ਆਪਣੀ ਭੂਆ ਕੋਲ਼ ਰਹਿੰਦਾ ਸੀ।

ਦਸਵੀਂ ਵਿੱਚ ਚਰਨਾ ਸਕੂਲ ਦੀ ਕਬੱਡੀ ਟੀਮ ਦਾ ਸਿਰਕੱਢ ਖਿਡਾਰੀ ਬਣ ਗਿਆ। ਬਾਗਾ ਪਿੰਡ ਦੀ ਟੀਮ 'ਚ ਖੇਡਦਾ। ਉਹ ਚਾਚੇ ਚਮਕੌਰ ਦਾ ਕੰਮ ਚਾਮਲ ਚਾਮਲ ਕਰਦੇ। ਪੱਠੇ ਵੱਢਕੇ ਕੁਤਰਦੇ ਤੇ ਮਾਲ ਨੂੰ ਪਾਉਂਦੇ। ਸਿਆਲ਼ ਨੂੰ ਵੇਲਣਾ ਹੱਕਦੇ ਤੇ ਗੰਨੇ ਲਾਉਂਦੇ। ਜਿਸ ਦਿਨ ਵੇਲਣਾ ਨਾ ਚਲਦਾ ਹੁੰਦਾ ਤਾਂ ਪੀਣ ਲਈ ਰਸ ਕੱਢਣ ਲਈ ਉਹ ਆਪ ਵੇਲਣੇ ਜੁੜ ਜਾਂਦੇ ਤੇ ਗੰਨਾ ਗੰਨਾ ਲਾ ਕੇ ਰਸ ਦੀ ਬਾਲਟੀ ਭਰ ਲੈਂਦੇ। ਚਰਨਾ ਜੋ ਦੁੱਧ ਘਰੋਂ ਰਾਤ ਨੂੰ ਪੀਣ ਲਈ ਮਿਲ਼ਦਾ ਕੀਲੀ ਟੰਗ ਰੱਖਦਾ ਤੇ ਸਵੇਰੇ ਰਸ 'ਚ ਮਿਲ਼ਾ ਕੇ ਬਾਗੇ ਨਾਲ਼ ਵੰਡ ਕੇ ਪੀਂਦਾ। ਜੇ ਗਾਜਰਾਂ ਜਾਂ ਸ਼ਲਗਮ ਖਾਣ ਲੱਗਦੇ ਤਾਂ ਪੱਲਾ ਪੱਲਾ ਖਾ ਜਾਂਦੇ। ਅਜਮੇਰ ਮਾੜਚੂ ਜਿਹਾ ਉਨ੍ਹਾਂ ਵੱਲ ਬਿੱਟ ਬਿੱਟ ਦੇਖਦਾ ਰਹਿੰਦਾ। ਨਿੰਮੋ ਕਦੇ ਕਦੇ ਆਪਣੇ ਬਾਪੂ ਦਾ ਫੀਤਾ ਲੈ ਜਾਂਦਾ ਤੇ ਉਨ੍ਹਾਂ ਦੇ ਡੌਲ਼ੇ ਤੇ ਪੱਟ ਮਿਣ ਮਿਣ ਦੱਸਦਾ। ਸਿਆਲ਼ ਸਿਆਲ਼ ਉਨ੍ਹਾਂ ਦੇ ਸਰੀਰ ਵਾਹਵਾ ਪਲ਼ ਗਏ ਪਰ ਚਰਨਾ ਦਸਵੀਂ 'ਚੋਂ ਪਾਸ ਨਾ ਹੋ ਸਕਿਆ। ਸਕੂਲ ਵਾਲ਼ਿਆਂ ਕਬੱਡੀ ਦੇ ਲਾਲਚ ਫਿਰ ਦਾਖਲ ਕਰ ਲਿਆ। ਅਜਮੇਰ ਪਾਸ ਹੋ ਕੇ ਨਾਨਕੀ ਚਲੇ ਗਿਆ ਕਿਉਂਕਿ ਉੱਥੋਂ ਕਾਲਜ ਨੇੜੇ ਪੈਂਦਾ ਸੀ।

ਬਾਗੇ ਤੇ ਚਰਨੇ ਨੇ ਅਗਲਾ ਸਾਲ ਹੋਰ ਵੀ ਕੱਸਕੇ ਮਿਹਨਤ ਲਾਈ। ਚਰਨਾ ਦਸਵੀਂ 'ਚੋਂ ਫਿਰ ਰਹਿ ਗਿਆ। ਉਸ ਦੇ ਬਾਪੂ ਨੇ ਉਸ ਨੂੰ ਪੱਕੇ ਤੌਰ 'ਤੇ ਰਾਜਸਥਾਨ ਬੁਲਾ ਲਿਆ।

ਚਰਨੇ ਦਾ ਦਿਲ ਚੱਕ ਦੋ ਬੀ ਵਿੱਚ ਬਿਲਕੁਲ ਨਾ ਲੱਗਾ। ਉਸਨੂੰ ਤਲਵੰਡੀ ਯਾਦ ਆਉਂਦਾ। ਬੰਦੂ ਕਾਂਟੇ ਦੇ 'ਕਾਰਖਾਨੇ' ਲਾਗਲੀ ਬੋੜ੍ਹ ਯਾਦ ਆਉਂਦੀ। ਬੋੜ੍ਹ ਥੱਲੇ ਤਾਸ਼ ਖੇਡਦਿਆਂ ਦਾ ਹੋ ਹੱਲਾ ਯਾਦ ਆਉਂਦਾ। 'ਬੰਦੂ ਕਾਂਟੇ' ਦੇ ਹੱਥਾਂ 'ਚ ਫਸੇ ਮਿੱਟੀ 'ਚ ਲਿਟਦੇ ਨਿਆਣੇ ਯਾਦ ਆਉਂਦੇ। ਨਿੰਮੋ ਯਾਦ ਆਉਂਦਾ ਤੇ ਸਭ ਤੋਂ ਵੱਧ ਯਾਰ ਬਾਗਾ ਯਾਦ ਆਉਂਦਾ। ਉਸਦਾ ਦਿਲ ਕਰਦਾ ਕਿ ਉਹ ਉੱਡ ਕੇ ਪੰਜਾਬ ਪਹੁੰਚ ਜਾਵੇ। ਕਈ ਵਾਰ ਸੁਪਨਿਆਂ ਵਿੱਚ ਉਹ ਪੰਜਾਬ ਪਹੁੰਚ ਜਾਂਦਾ। ਕਦੇ ਬਾਗਾ ਤੇ ਉਹ ਰਲ਼ ਕੇ ਰਸ ਪੀ ਰਹੇ ਹੁੰਦੇ। ਕਦੇ ਡੰਡ ਬੈਠਕਾਂ ਲਾ ਰਹੇ ਹੁੰਦੇ। ਜਾਂ ਕਿਸੇ ਗੱਲੇ ਉੱਚੀ ਉੱਚੀ ਹੱਸ ਰਹੇ ਹੁੰਦੇ। ਅੱਖ ਖੁੱਲ੍ਹਣ ਤੇ ਉਸਦਾ ਮਜ਼ਾ ਕਿਰਕਿਰਾ ਹੋ ਜਾਂਦਾ। ਉਸ ਅੰਦਰ ਇੱਕ ਚੁੱਪ ਖ਼ਿਆਲ ਤੈਰਦਾ। "ਕਾਸ਼! ਇਹ ਸੁਪਨਾ ਸੱਚ ਹੋ ਜਾਂਦਾ।"

ਓੜਕ ਚਰਨੇ ਦਾ ਸੁਪਨਾ ਸੱਚ ਹੋ ਗਿਆ। ਪੰਜਾਬ ਤੋਂ ਚਿੱਠੀ ਚਲੇ ਗਈ। ਉਸਦੇ ਚਾਚੇ ਚਮਕੌਰ ਦੀ ਲੱਤ ਟੁੱਟ ਗਈ ਸੀ। ਪੌੜੀ ਤੋਂ ਡਿੱਗ ਪਿਆ ਸੀ। ਚਾਦਰੇ 'ਚ ਪੈਰ ਫਸਕੇ। ਨਸ਼ੇ ਦੀ ਵਾਧ ਘਾਟ 'ਚ। ਚਰਨੇ ਨੂੰ ਸੱਦਿਆ ਸੀ ਦੋ ਕੁ ਮਹੀਨੇ ਲਈ। ਚਰਨੇ ਦੇ ਬਾਪੂ ਨੇ ਉਸਨੂੰ ਉਸੇ ਰਾਤ ਗੱਡੀ ਚਾੜ੍ਹ ਪੰਜਾਬ ਨੂੰ ਤੋਰ ਦਿੱਤਾ।

ਜਦੋਂ ਚਰਨਾ ਤਲਵੰਡੀ ਘਰ ਪੁੱਜਾ ਤਾਂ ਰਾਤ ਦੇ ਨੌਂ ਕੁ ਵੱਜ ਚੁੱਕੇ ਸਨ। ਚਾਚੇ ਚਮਕੌਰ ਦਾ ਹਾਲ

ਚਾਲ ਪੁੱਛਿਆ। ਦਿਨ ਭਰ ਦੀ ਗਰਮੀ ਨਾਲ਼ ਆਏ ਪਸੀਨੇ ਦੀ ਫੈਲੀ ਹੋਈ 'ਸੁਗੰਧੀ' ਦੂਰ ਕਰਨ ਲਈ ਨਲ਼ਕੇ ਤੋਂ ਪਾਣੀ ਦਾ ਬਾਲਟਾ ਭਰ ਇਸ਼ਨਾਨ ਕੀਤਾ। ਚਾਚੀ ਨੇ ਰੋਟੀ ਲਾਹ ਦਿੱਤੀ। ਰੋਟੀ ਖਾਂਦੇ ਨੂੰ ਹੀ ਚਾਚੀ ਤੋਂ ਪਤਾ ਲੱਗਾ ਕਿ ਕਲ੍ਹ ਬਾਗੇ ਦਾ ਵਿਆਹ ਸੀ ਅਤੇ ਅੱਜ ਮੁਕਲਾਵਾ ਹੈ। ਚਰਨੇ ਦੇ ਤਾਂ ਰੋਟੀ ਨਾ ਲੰਘੇ। ਬੁਰਕੀ ਮੂੰਹ 'ਚ ਹੀ ਫੁੱਲ ਫੁੱਲ ਜਾਵੇ। ਇੱਕੋ ਹੀ ਖਿਆਲ ਮਨ 'ਚ ਉੱਪਰ ਥੱਲੇ ਹੋਈ ਜਾਵੇ। 'ਹਰਾਮੀ ਇੱਕ ਚਿੱਠੀ ਤਾਂ ਪਾ ਦਿੰਦਾ। ਮੈਂ ਦੋ ਦਿਨ ਪਹਿਲਾਂ ਪਹੁੰਚ ਜਾਂਦਾ। ਸਾਲ਼ਾ ਗੀਦੀ।'

ਉਸ ਔਖੇ ਸੌਖੇ ਰੋਟੀ ਖ਼ਤਮ ਕੀਤੀ ਤੇ ਸੌਣ ਚਲੇ ਗਿਆ। ਮੰਜੇ ਤੇ ਪਿਆ ਵੀ ਉਹ ਬਾਗੇ ਨੂੰ ਗਾਲ਼ਾਂ ਕੱਢਦਾ ਰਿਹਾ। ਸਵੇਰੇ ਚਰਨਾ ਮਾਲ ਨੂੰ ਪੱਠੇ ਪਾ ਰਿਹਾ ਸੀ ਤਾਂ ਬਾਗਾ ਵੀ ਆ ਗਿਆ। ਬਾਗਾ ਚਰਨੇ ਵੱਲ ਦੇਖਕੇ ਹੈਰਾਨ ਹੋਇਆ ਤੇ ਢਿੱਲੀ ਜਿਹੀ 'ਵਾਜ਼ 'ਚ ਪੁੱਛਿਆ:

"ਚਰਨੇ ਰਾਤੀਂ ਆਇਆ ਏ ? ਦੋ ਦਿਨ ਪਹਿਲੇ ਆ ਜਾਂਦਾ।"

"ਤੂੰ ਸੱਦਦਾ ਤਾਂ ਆਉਂਦਾ। ਮੈਂ ਕੋਈ ਜੋਤਸ਼ੀ ਸੀ ?" ਚਰਨਾ ਹਰਖ 'ਚ ਬੋਲਿਆ ਸੀ।

"ਯਾਰ ਸਭ ਤੋਂ ਪਹਿਲਾਂ ਤਾਂ ਚਿੱਠੀ ਮੈਂ ਤੈਨੂੰ ਪਾਈ ਸੀ ? ਜਦੋਂ ਅਠਾਰਾਂ ਹਾੜ ਦਾ ਵਿਆਹ ਪੱਕਾ ਹੋਇਆ ਤਾਂ ਉਸ ਦਿਨ ਅਜੇ ਸੰਗਰਾਂਦ ਸੀ। ਉਸੇ ਦਿਨ ਹੀ ਮੈਂ ਤੈਨੂੰ ਚਿੱਠੀ ਕੱਢ ਦਿੱਤੀ ਸੀ। ਸਤਾਰਾਂ ਅਠਾਰਾਂ ਦਿਨ ਥੋੜ੍ਹੇ ਹੁੰਦੇ ਨੇ ਚਿੱਠੀ ਪਹੁੰਚਣ ਲਈ। ਮੈਂ ਝੂਠ ਨੀ ਬੋਲਦਾ। ਸਹੁੰ ਤੇਰੀ। ਸਹੁੰ ਗਊ ਮਾਤਾ ਦੀ।" ਰੋਣ ਹਾਕੀ ਅਵਾਜ਼ 'ਚ ਬੋਲਦੇ ਬਾਗੇ ਨੇ ਝਬ ਦੇਣੀ ਗਾਂ ਦੇ ਪਿੰਡੇ 'ਤੇ ਹੱਥ ਰੱਖ ਦਿੱਤਾ।

ਚਰਨਾ ਪਸੀਜ ਗਿਆ। ਉਸ ਨੂੰ ਯਾਦ ਆਇਆ ਕਿ ਦਸ-ਬਾਰਾਂ ਦਿਨ ਪਹਿਲੇ ਉਸਦੇ ਕੰਨੀ ਬਾਪੂ ਬੇਬੇ ਦੀ ਘੁਸਰ ਮੁਸਰ ਪਈ ਸੀ। ਬਾਪੂ ਕਹਿ ਰਿਹਾ ਸੀ, "ਆਹੋ ਮੁਫ਼ਤ 'ਚ ਖਰਚਾ ਹੋਊ ਦਸ ਦਿਨ ਖ਼ਰਾਬ ਹੋਣਗੇ। ਕੀ ਫੈਦ੍ਹਾ ?" ਮਾਮਲਾ ਚਰਨੇ ਦੇ ਸਮਝ ਆ ਗਿਆ। ਉਸ ਨੇ ਬਾਗ਼ੇ ਦਾ ਹੱਥ ਗਾਂ ਦੇ ਪਿੰਡੇ ਤੋਂ ਚੁੱਕ ਕੇ ਆਪਣੇ ਹੱਥਾਂ 'ਚ ਲੈ ਲਿਆ। ਉਸਨੂੰ ਇੱਕ ਪਾਸੇ ਨੂੰ ਲਿਜਾ ਕੇ ਉਸਦੇ ਚਿਹਰੇ ਤੇ ਨਜ਼ਰਾਂ ਗੱਡ ਕੇ ਬੋਲਿਆ ਸੀ,

"ਅੱਛਾ, ਪਰਸੋਂ ਵਿਆਹ ਤੇ ਰਾਤੀਂ ਮੁਕਲਾਵਾ ਸੀ। ਪਰ ਤੂੰ ਸਾਲ਼ਿਆ ਸ਼ਕਲ ਕਬਰ ਤੇ ਪਏ ਖਾਲੀ ਦੀਵੇ ਵਰਗੀ ਕਿਉਂ ਬਣਾਈ ਹੋਈ ਏ ? ਮੈਂ ਮੰਨ ਲਿਆ ਤੂੰ ਚਿੱਠੀ ਪਾਈ ਸੀ। ਮੇਰਾ ਯਕੀਨ ਹੈ ਘਰਦਿਆਂ ਦੱਬ ਲਈ। ਚੱਲ ਛੱਡ ਇਹਨਾਂ ਗੱਲਾਂ ਨੂੰ। ਸੁਣਾ ਫਿਰ ਮੁਕਲਾਵੇ ਵਾਲ਼ੀ ਰਾਤ ਕਿੱਦਾਂ ਬੀਤੀ ?"

ਬਾਗਾ ਚਰਨੇ ਦੇ ਗਲ਼ ਲੱਗਕੇ ਡੁਸਕਣ ਲੱਗ ਪਿਆ।

ਚਰਨੇ ਨੇ ਮਸੀਂ ਉਸ ਨੂੰ ਗਲੋਂ ਲਾਹਿਆ। ਲਿਜਾਕੇ ਮੰਜੇ ਤੇ ਬਿਠਾਇਆ। ਉਸਨੂੰ ਆਪਣੀ ਵੱਖੀ ਨਾਲ਼ ਘੁੱਟਕੇ ਚੁੱਪ ਕਰਾਇਆ ਤੇ ਵਿਚਲੀ ਗੱਲ ਦੱਸਣ ਲਈ ਜ਼ੋਰ ਪਾਇਆ।

"ਰਾਤੀਂ ਮੈਂ ਫੇਲ੍ਹ ਹੋ ਗਿਆ ਚਰਨਿਆ! ਮੈਂ ਤਾਂ ਘਰੋਂ ਖੂਹ 'ਚ ਛਾਲ਼ ਮਾਰਨ ਲਈ ਤੱਕ ਕੇ ਆਇਆ ਸੀ।" ਬਾਗਾ ਫਿਰ ਡੁਸਕਣ ਲੱਗ ਪਿਆ ਸੀ।

"ਖੂਹ 'ਚ ਛਾਲ਼ ਮਾਰਨ ਤੇਰੇ ਦੁਸ਼ਮਣ। ਰਾਤੀਂ ਫੇਲ੍ਹ ਹੋ ਗਿਆ ਤਾਂ ਕੀ ? ਅੱਜ ਸਹੀ। ਅੱਜ ਨੀ ਤਾਂ ਕੱਲ੍ਹ ਸਹੀ। ਇਹ ਸਾਲ਼ਿਆਂ ਦਸਵੀਂ ਦੇ ਪੇਪਰ ਆ ਜਿਹੜੇ ਸਾਲ ਬਾਦ ਆਉਣੇ ਨੇ ? ਤੂੰ ਮੈਨੂੰ ਸਾਰੀ ਗੱਲ ਸੁਣਾ।" ਚਰਨੇ ਨੇ ਬਾਗੇ ਦੀ ਪਿੱਠ ਥਾਪੜੀ।

"ਚਰਨੇ ਮੇਰੀਆਂ ਤਾਂ ਲੱਤਾਂ ਹੁਣ ਵੀ ਕੰਬੀ ਜਾ ਰਹੀਆਂ ਹਨ। ਰਾਤੀਂ ਵੀ ਕੰਬਦੀਆਂ ਸਨ; ਕੋਠੇ ਜਾਣ ਲਈ ਬਾਂਸ ਦੀ ਪੌੜੀ ਚੜ੍ਹਦੇ ਦੀਆਂ, ਜਦੋਂ ਮੇਰੇ ਮਾਮੇ ਦੀ ਨੂੰਹ ਨੇ ਮੈਨੂੰ ਕੋਠੇ ਜਾਣ ਲਈ ਕਿਹਾ ਸੀ। ਰਾਤੀਂ ਦਸ ਕੁ ਵਜੇ। ਉਹ ਮੇਰੇ ਘਰਵਾਲ਼ੀ ਸਿੰਨੋ ਨੂੰ ਪਹਿਲਾਂ ਹੀ ਉਪਰ ਛੱਡ ਆਈ ਸੀ। ਅਸਲ ਪੁੱਛੋਂ ਤਾਂ ਇਹਨਾਂ 'ਚ ਕੰਬਣੀ ਤਾਂ ਬੰਦੂ ਕਾਂਟੇ ਦੇ 'ਕਾਰਖਾਨੇ' ਮੂਹਰੇ ਹੀ ਛਿੜ ਗਈ ਸੀ। ਸ਼ਾਮੀਂ, ਜਦੋਂ ਮੈਂ ਨਾਈਆਂ ਦੀ ਹੱਟੀਓ ਆ ਰਿਹਾ ਸੀ।"

ਚਰਨੇ ਨੇ ਸੋਚਿਆ ਕਿ ਬੰਦੂ ਨੇ ਜ਼ਰੂਰ ਕੋਈ ਪੁੱਠੀ ਸਿੱਧੀ ਗੱਲ ਦੱਸੀ ਹੋਣੀ ਆ। ਪਿੰਡਾਂ ਵਿੱਚ



ਕੁਝ ਸ਼ਰਾਰਤੀ ਲੋਕ ਅਕਸਰ ਨਵੇਂ ਵਿਆਂਦੜ ਮੁੰਡਿਆਂ ਨੂੰ ਪਹਿਲੀ ਰਾਤ ਲਈ ਕਈ ਉਲਟ ਪੁਲਟ ਕੰਮ ਕਰਨ ਲਈ ਸਿਖਾਲ਼ ਦਿਆਂ ਕਰਦੇ ਹੁੰਦੇ ਸਨ। ਕਈ ਸਿੱਧਰੇ ਤਾਂ ਸਚਮੁੱਚ ਉਨ੍ਹਾਂ ਦੇ ਆਖੇ ਲੱਗ ਆਪਣੇ ਘਰ ਵਸਣ ਤੋਂ ਪਹਿਲਾਂ ਹੀ ਉਜਾੜ ਲਿਆ ਕਰਦੇ ਸਨ।

"ਕੀ ਕਿਹਾ ਬੰਦੂ ਹਰਾਮੀ ਨੇ ?" ਚਰਨਾ ਕਾਹਲ਼ੀ ਨਾਲ਼ ਪੁੱਛ ਗਿਆ।

"ਅੱਜ ਪਤਾ ਲੱਗ ਜੂ ਡੰਡ ਬੈਠਕਾਂ ਲਾਈਆਂ ਦਾ। ਉੱਦਾਂ ਤੁਹਾਡੇ ਵਰਗੇ ਭਲਵਾਨ, ਇੱਥੇ ਆ ਕੇ ਫੇਲ੍ਹ ਹੀ ਹੁੰਦੇ ਆਏ ਨੇ। ਮੁਲੀਆਂ ਪੀੜ੍ਹ ਪੀੜ੍ਹ ਪੀਤੀਓ ਰਸ ਵੀ ਜਲਵਾ ਦਿਖਾਊਗੀ।" ਬਾਗੇ ਨੇ ਬੰਦੂ ਦੇ ਬਚਨ ਬਿਲਾਸ ਸੁਣਾ ਦਿੱਤੇ।

ਬੰਦੂ ਦੀਆਂ ਇਨ੍ਹਾਂ ਗੱਲਾਂ ਦਾ ਬਾਗੇ ਤੇ ਕੀ ਅਸਰ ਹੋਇਆ ਇਸਦੀ ਸਮਝ ਤਾਂ ਉਦੋਂ ਚਰਨੇ ਨੂੰ ਵੀ ਨਹੀਂ ਸੀ ਲੱਗੀ। ਪਰ ਉਸ ਬਾਗੇ ਨੂੰ ਹੌਂਸਲਾ ਦਿੱਤਾ ਤੇ ਸ਼ਾਮ ਨੂੰ ਆਉਣ ਲਈ ਕਿਹਾ।

ਦਿਨੇ ਚਰਨਾ ਬਾਗੇ ਦੇ ਘਰ ਵੀ ਗਿਆ। ਬਾਗੇ ਦੀ ਬੇਬੇ ਨੂੰ ਵਧਾਈਆਂ ਦੇਣ। ਉਹ ਬਾਗੇ ਦੀ ਮਾਂ ਨੂੰ ਤਾਈ ਸੱਦਿਆ ਕਰਦਾ ਸੀ। ਬਾਗਾ ਚਰਨੇ ਨਾਲੋਂ ਦੋ ਕੁ ਮਹੀਨੇ ਵੱਡਾ ਸੀ। ਚਰਨੇ ਦੇ ਵਿਹੜੇ ਵੜ੍ਹਦੇ ਸਾਰ ਹੀ ਬਾਗੇ ਦੀ ਮਾਂ ਬੋਲ ਉੱਠੀ ਸੀ:

"ਕੁੜੇ ਸ਼ਿੰਨੋ! ਆ ਦੇਖ ਤੇਰਾ ਦੇਰ ਆਇਆ ਚਰਨਾ, ਬਾਗੇ ਦਾ ਲੰਗੋਟੀਆ ਯਾਰ। ਇਹ ਆਪਣੇ ਸਰਦਾਰ ਵੀ ਨੇ। ਅੜਦੇ ਥੁੜਦੇ ਨੂੰ ਇਹਨਾਂ ਦੇ ਹੀ ਜਾ ਵੱਜੀਦਾ ਏ। ਆਪਣੇ ਵਡਾਰੂਆਂ ਦੀ ਵੀ ਸਾਂਝ ਸੀ ਏਸ ਟੱਬਰ ਨਾਲ਼। ਵਧੀਆ ਝੱਟ ਲੰਘਿਆ ਅੱਜ ਤੋੜੀ।"

ਬਾਗੇ ਦੀ ਮਾਂ ਚਰਨੇ ਨੂੰ ਰਾਜਸਥਾਨ ਵਾਲ਼ੇ ਜੀਆਂ ਦੀ ਖ਼ਬਰ ਸਾਰ ਪੁੱਛਦੀ ਰਹੀ ਤੇ ਨਾਲ਼ ਨਾਲ਼ ਵਿਆਹ ਤੇ ਨਾ ਪਹੁੰਚਣ ਦਾ ਗਿਲਾ ਵੀ ਕਰਦੀ ਰਹੀ। ਚਰਨਾ ਹੁੰਗਾਰੇ ਭਰਦਾ ਲਾਲ ਕੱਪੜਿਆਂ 'ਚ ਲਿਪਟੀ ਸਿੰਨੋ ਨੂੰ ਨਿਹਾਰਦਾ ਰਿਹਾ। ਗੋਰਾ ਰੰਗ। ਬਿੱਲੀਆਂ ਅੱਖਾਂ। ਭਰਵਾਂ ਸਰੀਰ... ਨੈਣ ਨਕਸ਼ ਫਬਮੇਂ... ਪਰ ਚਿਹਰਾ ਉਦਾਸ।

ਲੌਢੇ ਵੇਲੇ ਬਾਗਾ ਹਵੇਲੀ ਆ ਗਿਆ। ਚਰਨਾ ਘਰੋਂ ਚਾਹ ਦੇ ਦੋ ਗਲਾਸ ਡੋਲ੍ਹ 'ਚ ਪਵਾ ਲਿਆਇਆ ਸੀ। ਚਾਰ ਦੇਸੀ ਆਂਡੇ ਤੇਲੀਆਂ ਦਿਓ ਖਰੀਦ ਕੇ ਲੈ ਆਇਆ ਸੀ। ਉਸਨੇ ਚਾਰੇ ਆਂਡੇ ਚਾਹ 'ਚ ਫੈਂਟ ਕੇ ਬਾਗੇ ਨੂੰ ਪਿਲ੍ਹਾ ਦਿੱਤੇ। ਉਸਨੇ ਆਂਡਿਆਂ ਦੀ ਤਾਕਤ ਬਾਰੇ ਸੁਣ ਰੱਖਿਆ ਸੀ। ਚਾਹ ਪੀ ਕੇ ਉਹ ਪੱਠੇ ਦੱਬੇ ਦੁਆਲ਼ੇ ਹੋ ਗਏ। ਵਿੱਚ ਵਿੱਚ ਏਧਰਲੀਆਂ ਉਧਰਲੀਆਂ ਗੱਲਾਂ ਕਰਦੇ ਰਹੇ। ਕਦੇ ਕਦੇ ਕਿਸੇ ਗੱਲ ਤੇ ਉਹ ਹੱਸ ਪੈਂਦੇ। ਪਰ ਬਾਗੇ ਦਾ ਹਾਸਾ ਧੁਰ ਅੰਦਰੋਂ ਨਾ ਨਿਕਲ਼ਦਾ।

ਥੋੜ੍ਹਾ ਨੇਰ੍ਹਾ ਹੋਣ ਤੇ ਚਰਨੇ ਨੇ ਉਹਨੂੰ ਥਾਪੀ ਦਿੱਤੀ। ਹੌਂਸਲਾ ਦਿੱਤਾ ਤੇ ਘਰ ਵੱਲ ਤੋਰ ਦਿੱਤਾ। ਪਰ ਉਸਦੀ ਤੋਰ ਹੌਂਸਲੇ ਵਾਲ਼ੀ ਨਹੀਂ ਸੀ।

ਸਵੇਰੇ ਸਵਖਤੇ ਚਰਨਾਂ ਪਸ਼ੂਆਂ ਨੂੰ ਪੱਠੇ ਪਾਉਣ ਲੱਗ ਪਿਆ। ਉਸਦੀ ਨਜ਼ਰ ਮੁੜ ਮੁੜ ਹਵੇਲੀ ਦੇ ਬਾਰ ਵੱਲ ਜਾ ਰਹੀ ਸੀ। ਉਹ ਬਾਗੇ ਨੂੰ ਬੜੀ ਬੇਸਬਰੀ ਨਾਲ਼ ਉਡੀਕ ਰਿਹਾ ਸੀ। ਬਾਗਾ ਆ ਗਿਆ। ਚਰਨਾ ਇਕਦਮ ਉਸਦੇ ਕੋਲ਼ ਢੁੱਕਿਆ। ਸਿਰ ਦੇ ਇਸ਼ਾਰੇ ਨਾਲ਼ ਹੀ ਉਸ ਬਾਗੇ ਨੂੰ ਪੁੱਛਿਆ। ਬਾਗੇ ਨੇ ਅੱਗੋਂ ਨਾਂਹ ਵਿੱਚ ਸਿਰ ਫੇਰ ਦਿੱਤਾ। ਚਰਨੇ ਨੂੰ ਝਟਕਾ ਜਿਹਾ ਲੱਗਾ। ਬਾਗੇ ਨੇ ਹਵੇਲੀ 'ਚ ਚਾਰ ਚੁਫ਼ੇਰੇ ਨਜ਼ਰ ਮਾਰੀ। ਜਦ ਉਸਨੂੰ ਹੋਰ ਕੋਈ ਨਾ ਦਿਸਿਆ ਤਾਂ ਉਹ ਚਰਨੇ ਦੇ ਗਲ਼ ਲੱਗਕੇ ਰੋਣ ਲੱਗ ਪਿਆ। ਚਰਨੇ ਨੇ ਉਸਨੂੰ ਹੌਂਸਲਾ ਦਿੱਤਾ। ਮੰਜੇ ਤੇ ਬਿਠਾਇਆ। ਹੋਈ ਬੀਤੀ ਪੁੱਛਣ ਤੇ ਪਤਾ ਲੱਗਾ ਕਿ ਰਾਤੀਂ ਬਾਗਾ ਰੋਟੀ ਖਾ ਕੇ ਸਿੰਨੋ ਨਾਲੋਂ ਪਹਿਲਾਂ ਕੋਠੇ ਚੜ੍ਹ ਕੇ ਪੈ ਗਿਆ। ਜਦੋਂ ਪੌੜੀ ਚੜ੍ਹਦੀ ਸਿੰਨੋ ਦੀ ਆਹਟ ਉਸਦੇ ਕੰਨੀ ਪਈ ਤਾਂ ਉਸਨੂੰ ਇੱਕ ਸੈਕੰਡ ਲਈ ਲੱਗਿਆ ਕਿ ਜਿਵੇਂ ਸਰੀਰ 'ਚ ਹਰਕਤ ਜਿਹੀ ਉੱਠੀ ਹੋਵੇ। ਪਰ ਜਦੋਂ ਸਾਲ਼ਾ ਬੰਦੂ ਉਸਦੀਆਂ ਅੱਖਾਂ ਸਾਹਵੇਂ ਆ ਗਿਆ। ਉਸਦੇ ਬੋਲ "...ਅੱਜ ਪਤਾ ਲੱਗੂ... ਤੁਹਾਡੇ ਵਰਗੇ ਭਲਵਾਨ..." ਉਸਦੇ ਕੰਨੀਂ ਗੂੰਜਣ ਲੱਗੇ ਤੇ ਸਰੀਰ ਮਿੱਟੀ ਹੋ ਗਿਆ।

ਸਿੰਨੋ ਆ ਗਈ। ਨਾਲ਼ ਲੰਮੀ ਪੈ ਗਈ। ਉਸ ਆਪ ਵੀ ਕੋਸ਼ਿਸ਼ ਕੀਤੀ। ਪਰ ਕੋਈ ਫਾਇਦਾ ਨਾ ਹੋਇਆ। ਵਿਚਾਰੀ ਨਿਰਾਸ਼ ਜਿਹਾ ਹੋ ਕੇ ਉੱਠ ਬੈਠੀ। ਮੰਜੇ ਤੋਂ ਉੱਠ ਕੇ ਕੋਠੇ ਦੇ ਪਿਛਲੇ ਬਨੇਰੇ ਕੋਲ਼ ਜਾ ਖਲੋਤੀ। ਕੁਝ ਚਿਰ ਖੜਨ ਮਗਰੋਂ ਵਾਪਿਸ ਆ ਕੇ ਮੰਜੇ ਤੇ ਪੈ ਗਈ। ਕੁਝ ਸਮੇਂ ਬਾਅਦ ਨਿਰਾਸ਼ਾ ਜਿਹੀ 'ਚੋਂ ਬੋਲੀ ਸੀ:

"ਏ ਜੀ।"

"ਹੂੰ।"

"ਆਪਣਾ ਕੋਠਾ ਬਹੁਤਾ ਉੱਚਾ ਨਹੀਂ। ਬੰਦਾ ਸੌਖਾ ਹੀ ਪਿੱਛੇ ਨੂੰ ਉਤਰ ਸਕਦਾ ਹੈ ਤੇ ਸੌਖਾ ਹੀ ਚੜ੍ਹ ਸਕਦਾ ਹੈ।"

"ਹੂੰ" ਬਾਗੇ ਦੇ ਅੰਦਰੋਂ ਮਸੀਂ 'ਹੂੰ' ਨਿਕਲ਼ੀ ਸੀ।

"ਇਕ ਗੱਲ ਪੁੱਛਾਂ ?"

"ਪੁੱਛ।"

"ਤੁਹਾਡਾ ਯਾਰ ਚਰਨਾ ਕਿੱਥੇ ਸੌਂਦਾ ਹੁੰਦਾ ਹੈ ?"

ਬਾਗਾ ਤ੍ਰਬਕ ਕੇ ਉੱਠ ਬੈਠਾ। ਉਹ ਨ੍ਹੇਰੇ 'ਚ ਵੀ ਸਿੰਨੋ ਦਾ ਚਿਹਰਾ ਪੜ੍ਹਨਾ ਚਾਹੁੰਦਾ ਸੀ।

"ਤੂੰ ਇਹ ਕਿਉਂ ਪੁੱਛਦੀ ਏ ?"

"ਉਂਦਾਂ ਹੀ।"

"ਹਵੇਲੀ ਸੌਂਦਾ ਹੈ। ਪਸ਼ੂਆਂ ਦੀ ਰਾਖੀ।"

"ਕੱਲਾ ਹੀ ਹੁੰਦਾ ?"

ਮੰਜੇ ਦੀ ਬਾਹੀਂ ਬਾਗੇ ਦੇ ਸੱਜੇ ਹੱਥ ਵਿੱਚ ਘੁੱਟੀ ਗਈ। ਉਸਨੂੰ ਲੱਗਾ ਕਿ ਸਿੰਨੋ ਹੁਣੇ ਕਹੇਗੀ ਕਿ ਮੈਂ ਉਹਦੇ ਕੋਲ਼ ਜਾ ਆਮਾਂ।

ਉਸ ਝੂਠ ਮਾਰ ਦਿੱਤਾ "ਨਹੀਂ ਕੱਲਾ ਨੀ ਹੁੰਦਾ। ਜੁਲਾਹਿਆਂ ਦਾ ਬੁੜਾ ਕਿਰਪਾ ਹੁੰਦਾ ਉਹਦੇ ਕੋਲ਼।"

"ਅੱਛਾ, ਮੈਂ ਤਾਂ ਕਿਹਾ ਸ਼ੈਦ 'ਕੱਲ੍ਹਾ' ਹੁੰਦਾ ਹੋਵੇਗਾ।"

ਬਾਗੇ ਦਾ ਦਿਲ ਫਿਰ ਤੇਜ਼ ਧੜਕਿਆ। ਰੁੱਖਾ ਜਿਹਾ ਬੋਲ ਕੇ ਉਸ ਪੁੱਛਿਆ,

"ਜੇ 'ਕੱਲਾ ਸੌਂਦਾ ਹੁੰਦਾ ਫੇਰ ?"

"ਫੇਰ ਤੁਸੀਂ ਵੀ ਉਹਦੇ ਕੋਲ਼ ਸੌਂ ਜਾਇਆ ਕਰਦੇ। ਏਥੇ ਆਉਣ ਦਾ ਕੀ ਫੈਦਾ ? ਮੂੰਹ ਨ੍ਹੇਰੇ ਪਿਛਵਾੜੇ ਦੀ ਚੜ੍ਹਕੇ ਫੇ ਇੱਥੇ ਆ ਕੇ ਪੈ ਜਾਇਆ ਕਰਦੇ।"

ਇੱਕ ਭਾਰ ਜਿਹਾ ਤਾਂ ਬਾਗੇ ਦੇ ਸਿਰੋਂ ਲਹਿ ਗਿਆ ਪਰ ਨਿਰਾਸ਼ਾ ਹੋਰ ਵੱਧ ਗਈ। ਰਹਿੰਦੀ ਕਸਰ ਸਿੰਨੋ ਦੇ ਅਗਲੇ ਬੋਲਾਂ ਕੱਢ ਦਿੱਤੀ:

"ਦੇਖੋ ਜੀ ਤੁਸੀਂ ਕੋਈ ਦੁਆਈ ਦੁਈ ਲੈ ਕੇ ਦੇਖ ਲਵੋ। ਜੇ ਆਰਾਮ ਨਹੀਂ ਆਉਂਦਾ ਤਾਂ ਮੈਨੂੰ ਪੇਕੇ ਛੱਡ ਆਓ। ਇੱਥੇ ਨਾਲ਼ੋਂ ਤਾਂ ਮੈਂ ਉੱਥੇ ਚੰਗੀ ਆਂ।"

ਚਰਨੇ ਨੇ ਬਾਗੇ ਦੀ ਪਿੱਠ ਥਾਪੜੀ ਤੇ ਕਿਹਾ,

"ਫਿਕਰ ਨਾ ਕਰ ਮੈਂ ਕਰਦਾ ਦੁਆਈ ਦਾ ਪ੍ਰਬੰਧ। ਮੈਂ ਅੱਜ ਜਲੰਧਰ ਜਾਣਾ। ਚਾਚੇ ਦੇ ਸੌਹਰਿਆਂ ਵਾਲ਼ੀ ਜ਼ਮੀਨ ਦੀ ਤਰੀਕ ਹੈ। ਮੈਂ ਕਰੂੰ ਉੱਥੇ ਕਿਸੇ ਡਾਕਟਰ ਨਾਲ਼ ਗੱਲ। ਇੱਥੇ ਨੇੜੇ ਤੇੜੇ ਕਿਸੇ ਨਾਲ਼ ਗੱਲ ਕੀਤੀ ਤਾਂ ਐਮੇ ਡੋਡੀ ਪਿੱਟ ਹੋ ਜਊ। ਤੂੰ ਪਸ਼ੂਆਂ ਨੂੰ ਸਾਂਭ। ਮੈਂ ਪਹਿਲੀ ਬੱਸੇ ਹੀ ਜਾ ਰਿਹਾ ਹਾਂ।"

ਚਾਚੀ ਦੇ ਪਕਾਏ ਹੋਏ ਪਰੌਠੇ ਝੋਲ਼ੇ ਵਿੱਚ ਪਾ ਅਤੇ ਚਾਚੇ ਵੱਲੋਂ ਦਿੱਤੇ ਹੋਏ ਪੈਸੇ ਖੀਸੇ ਵਿੱਚ ਪਾ ਕੇ ਚਰਨੇ ਨੇ ਸਾਈਕਲ ਚੁੱਕ ਲਿਆ। ਦੋ ਮੀਲ ਤੇ ਪੈਂਦੇ ਬੱਸ ਅੱਡੇ ਤੋਂ ਜਲੰਧਰ ਵਾਲ਼ੀ ਬੱਸ ਲੈ ਲਈ। ਜਲੰਧਰ



ਉਦੋਂ ਬੱਸ ਅੱਡਾ ਰੇਲਵੇ ਸਟੇਸ਼ਨ ਕੋਲ਼ ਹੁੰਦਾ ਸੀ। ਕਚਹਿਰੀਆਂ ਵੀ ਪੁਰਾਣੀਆਂ ਹੁੰਦੀਆਂ ਸਨ। ਚਰਨਾ ਜਲੰਧਰ ਪਹੁੰਚਿਆ ਤਾਂ ਕਚਹਿਰੀਆਂ ਨੂੰ ਜਾਣ ਲਈ ਕੋਈ ਰਿਕਸ਼ਾ ਵਗੈਰਾ ਦੇਖਣ ਲੱਗਾ। ਇੰਨੇ ਨੂੰ ਉਸਦੀ ਨਜ਼ਰ ਅੱਡ੍ਹੇ ਤੇ ਇੱਕ ਪਾਸੇ 'ਕੱਠੇ ਹੋਏ ਕੁਝ ਲੋਕਾਂ ਤੇ ਗਈ। ਉਹ ਵੀ ਉੱਧਰ ਨੂੰ ਤੁਰ ਪਿਆ। ਜਾਣ ਤੇ ਪਤਾ ਲੱਗਾ ਕਿ ਇੱਕ ਬੰਦਾ ਆਪਣਾ ਤੇਲ ਵੇਚ ਰਿਹਾ ਸੀ। ਉਸਦੇ ਕੋਲ਼ ਛੇ-ਸੱਤ ਮੋਟੇ ਕੋਹੜ ਕਿਰਲਿਆਂ ਤੋਂ ਵੀ ਮੋਟੇ ਜਾਨਵਰ ਸਨ। ਉਹ ਧੌਣਾ ਚੁੱਕੀ ਇੱਕ ਲਾਇਨ 'ਚ ਇੰਝ ਖੜੇ ਸਨ ਜਿਵੇਂ ਉਨ੍ਹਾਂ ਨੂੰ ਟ੍ਰੇਨਿੰਗ ਦਿੱਤੀ ਹੋਵੇ। ਦੋ ਕੁ ਧਰਤੀ ਤੇ ਪਏ ਸਨ। ਜਿਵੇਂ ਮਰੇ ਪਏ ਹੋਣ। ਕੁਝ ਸ਼ੀਸ਼ੀਆਂ ਪਈਆਂ ਸਨ। ਇੱਕ ਛੋਟੀ ਜਿਹੀ ਕੜਾਹੀ ਪਈ ਸੀ। ਉਸ ਵਿੱਚ ਦੋ ਕੁ ਪਿੰਜਰ ਜਹੇ ਪਏ ਸਨ। ਜੋ ਇਨ੍ਹਾਂ ਕਿਰਲਿਆਂ ਜਿਹਾ ਦੇ ਲਗਦੇ ਸਨ। ਦੋ ਕੁ ਛਟਾਕਾਂ ਵਿੱਚ ਤੇਲ ਵੀ ਸੀ। ਇੱਕ ਸਟੋਵ ਵੀ ਪਿਆ ਸੀ। ਬੰਦਾ ਹਿੰਦੀ ਪੰਜਾਬੀ ਰਲ਼ਵੀਂ ਬੋਲ ਰਿਹਾ ਸੀ:

"...ਭਾਈਓ ਅਗਰ ਮੇਰਾ ਤੇਲ ਕਾਮ ਨਾ ਕਰੇ ਤਾਂ ਮੇਰੇ ਮੂੰਹ ਪਰ ਥੂਕ ਦੇਨਾ। ਇਸ ਸ਼ੇਰਖਾਨ ਬਿਜਨੌਰ ਵਾਲ਼ੇ ਕਾ ਨਾਮ ਤਾਂ ਆਧਾ ਹਿੰਦੋਸਤਾਨ ਜਾਨਤਾ ਹੈ। ਸਾਂਢੇ ਕਾ ਤੇਲ ਤਿਆਰ ਕਰਨਾ ਅਤੇ ਘੁੰਮ ਕਰ ਵੇਚਨਾ ਹਮਾਰਾ ਜੱਦੀ ਪੁਸ਼ਤੀ ਕਾਮ ਹੈ। ਹਰ ਸਾਲ ਮੈਂ ਇਨ ਦਿਨੋਂ ਮੈਂ ਜਲੰਧਰ ਆਤਾ ਹੂੰ। ਔਰ ਹਰ ਸਾਲ ਸੈਕੜੇ ਵੀਰ ਇਸ ਤੇਲ ਕਾ ਲਾਭ ਉਠਾਤੇ ਹੈਂ। ਕਲ ਮੈਂ ਕਚਹਿਰੀਓ ਕੇ ਪਾਸ ਥਾਂ। ਪੂਰੀ ਪੰਜਾਸ ਸ਼ੀਸ਼ੀ ਵਿਕ ਗਈ ਵਹਾ ਪਰ। ਆਜ ਸਿਰਫ਼ ਦਸ ਸ਼ੀਸ਼ੀ ਹੈ ਹਮਾਰੇ ਪਾਸ। ਚਾਰ ਸ਼ੀਸ਼ੀ ਇਸ ਕੜਾਹੀ ਕੇ ਤੇਲ ਸੇ ਭਰ ਜਾਏਗੀ। ਏਕ ਸਾਂਡੇ ਕਾ ਤੇਲ ਤਿਆਰ ਕਰਨੇ ਮੇ ਕਰੀਬ ਦੋ ਸੇ ਤੀਨ ਘੰਟਾ ਲਗ ਜਾਤਾ ਹੈ। ਇਹ ਸ਼ੀਸ਼ੀ ਵਿਕ ਜਾਨੇ ਪਰ ਸ਼ਾਮ ਕੋ ਮੈਂ ਔਰ ਤਿਆਰ ਕਰਾਂਗਾ।"

"ਯਹ ਸਾਂਢੇ ਰਾਜਸਥਾਨ ਮੇਂ ਮਿਲਦੇ ਹੈਂ। ਇਨ ਕੋ ਪਕੜਨੇ ਮੇਂ ਬਹੁਤ ਮਿਹਨਤ ਕਰਨੀ ਪੜਤੀ। ਔਰ ਇਸ ਸਾਂਢੇ ਮੇ ਇਤਨੀ ਤਾਕਤ ਹੋਤੀ ਹੈ ਕਿ ਅੱਗ ਕੀ ਮਾਫ਼ਕ ਗਰਮ ਰੇਤ ਮੈਂ ਸਿਰ ਭਰ ਘੁਸਨਾ ਚਾਹੇ ਤੋਂ ਦੇਖਤੇ ਦੇਖਤੇ ਹੀ ਏਕ ਮੀਟਰ ਨੀਚੇ ਚਲਾ ਜਾਤਾ ਹੈ। ਮੇਰੇ ਓਹ ਨੌਜਵਾਨ ਵੀਰ ਜਿਨ ਮੇਂ ਕਿਸੀ ਵਜਾ ਕਮਜ਼ੋਰੀ ਆ ਗਈ ਹੈ। ਔਰ ਸ਼ਾਮ ਕੋ ਘਰ ਜਾਨੇ ਸੇ ਵੀ ਡਰਦੇ ਹੈਂ ਉਨ ਕੇ ਲੀਏ ਤੋਂ ਯਹ ਤੇਲ ਸੰਜੀਵਨੀ ਬੂਟੀ ਕਾ ਕਾਮ ਕਰੇਗਾ। ਸਿਰਫ਼ ਏਕ ਸ਼ੀਸ਼ੀ ਹੀ ਕਾਫ਼ੀ ਹੈ। ਸੁਭਾ ਸ਼ਾਮ ਮਾਲਿਸ਼ ਕਰਨੀ ਹੈ। ਰੀਜ਼ਲਟ ਪਾਂਜ ਦਿਨ ਕੇ ਬਾਅਦ ਨਿਕਲ਼ ਆਏਗਾ। ਔਰ ਆਏਗਾ ਵੀ ਫਸਟ ਕਲਾਸ। ਲੂਟ ਲੈ ਮਾਲ। ਸ਼ੇਰਖਾਨ ਮਾਲ ਲੁਟਾਨੇ ਹੀ ਆਇਆ ਹੈ। ਬੜਤੀ ਉਮਰ ਵਾਲ਼ੇ ਵੀਰ ਤੋਂ ਜ਼ਰੂਰ ਲੈ ਜਾਏ। ਕੱਲ ਬੀਸ ਸ਼ੀਸ਼ੀ ਤੋਂ ਵਕੀਲੋਂ ਨੇ ਹੀ ਖਰੀਦ ਲੀ। ਅਗਰ ਕਿਸੀ ਵੀਰ ਕੋ ਅਪਨੇ ਲੀਏ ਨਹੀਂ ਚਾਹੀਏ ਤੋ ਆਪਨੇ ਦੋਸਤ ਕੇ ਲੀਏ ਲੈ ਜਾਏ, ਦੋਸਤ ਕੇ ਗਿਫ਼ਟ ਕੋ ਰੂਪ ਮੇਂ ਦੀਜੀਏ ਵੋਹ ਸਾਰੀ ਉਮਰ ਆਪ ਕੇ ਗੁਣ ਗਾਏਗਾ।"

ਚਰਨੇ ਨੇ ਆਲ਼ਾ ਦੁਆਲ਼ਾ ਦੇਖਿਆ। ਕੋਈ ਵੀ ਉਸਦਾ ਜਾਣੂ ਨਹੀਂ ਸੀ। ਉਸਨੇ ਵੀਹ ਰੁਪਏ ਕੱਢਕੇ ਸ਼ੇਰ ਖਾਨ ਅੱਗੇ ਸੁੱਟੇ ਅਤੇ ਇੱਕ ਸ਼ੀਸ਼ੀ ਫੜਕੇ ਤੁਰਦਾ ਬਣਿਆ। ਰਿਕਸ਼ਾ ਲੈ ਕਚਹਿਰੀਏ ਪੁੱਜਾ। ਵਕੀਲ ਨੂੰ ਪੈਸੇ ਦਿੱਤੇ। ਵਕੀਲ ਨੇ ਉਸਨੂੰ ਤਰੀਕ ਪੈਣ ਤਾਈਂ ਰੋਕ ਲਿਆ ਪਰ ਚਰਨਾ ਉੱਡਕੇ ਬਾਗੇ ਕੋਲ਼ ਪਹੁੰਚਣਾ ਚਾਹੁੰਦਾ ਸੀ।

ਸ਼ਾਮ ਨੂੰ ਜਦੋਂ ਚਰਨਾ ਪਿੰਡ ਪਹੁੰਚਾ ਤਾਂ ਦਿਨ ਛਿਪਣ ਵਿੱਚ ਘੰਟਾ ਕੁ ਪਿਆ ਸੀ। ਬਾਗੇ ਨੇ ਸਾਰਾ ਕੰਮ ਨਿਬੇੜ ਛੱਡਿਆ ਸੀ। ਉਹ ਚਰਨੇ ਨੂੰ ਬੇਸਬਰੀ ਨਾਲ਼ ਉਡੀਕ ਰਿਹਾ ਸੀ। ਚਰਨੇ ਨੇ ਬਾਗੇ ਨੂੰ ਤੇਲ ਦੀ ਸ਼ੀਸ਼ੀ ਦਿੱਤੀ ਤੇ ਵਰਤਣ ਦੀ ਵਿਧੀ ਦੱਸੀ ਤੇ ਕਿਹਾ:

"ਬਾਗੇ ਇਹ ਪੰਜ ਦਿਨ ਦਾ ਕੋਰਸ ਹੈ। ਨਤੀਜਾ ਜ਼ਰੂਰ ਚੰਗਾ ਆਵੇਗਾ। ਜੇ ਨਾ ਵੀ ਚੰਗਾ ਨਿਕਲ਼ੇ ਤਾਂ ਘਬਰਾਉਣਾ ਨਹੀਂ। ਅੱਜ ਤੋਂ ਛੇਵੇਂ ਦਿਨ ਸਾਈਂ ਬੋੜ੍ਹ ਸ਼ਾਹ ਦਾ ਮੇਲਾ ਸ਼ੁਰੂ ਹੈ ਚੂੜ੍ਹਪੁਰ। ਆਪਾਂ ਉੱਥੇ ਚੱਲਾਂਗੇ। ਪਿਛਲੇ ਸਾਲ ਆਪਾਂ ਦੇਖੇ ਸੀ ਉਥੇ 'ਤਾਕਤ ਦੇ ਬਾਦਸ਼ਾਹ' ਦੁਆਈਆਂ ਵੇਚਦੇ। ਸੌ-ਪੰਜਾਹ ਰੁਪਏ ਹੱਥ 'ਚ ਹੋ ਸਕਦੇ ਹੋਏ ਤਾਂ ਕਰ ਛੱਡੀ। ਮੈਂ ਵੀ ਕੁਝ ਕਰ ਲਊਗਾ। ਉਂਦਾਂ ਤਾਂ ਉਮੀਦ ਹੈ ਤੇਲ ਨਾਲ਼ ਹੀ ਸਰ ਜਾਵੇਗਾ।"

ਪਰ ਨਹੀਂ ਸਰਿਆ ਸੀ ਤੇਲ ਨਾਲ਼। ਧੱਕਾ ਤਾਂ ਚਰਨੇ ਨੂੰ ਵੀ ਲੱਗਾ ਸੀ। ਫਿਰ ਵੀ ਉਹ ਬਾਗੇ ਨੂੰ ਚੂੜ੍ਹਪੁਰ ਮੇਲੇ ਤੇ ਲੈ ਗਿਆ। ਬਾਗੇ ਦੇ ਚਿਹਰੇ ਦੀ ਰੌਣਕ ਗੁਆਚ ਚੁੱਕੀ ਸੀ। ਉਸਦਾ ਹੱਸਣਾ ਬੋਲਣਾ ਵੀ ਘੱਟ ਹੋ ਗਿਆ ਸੀ। ਪਰ ਉਹ ਚਰਨੇ ਦੇ ਆਖੇ ਲੱਗੀ ਜਾਂਦਾ ਸੀ।

ਮੇਲੇ 'ਚ ਪਹੁੰਚ ਕੇ ਪਹਿਲਾਂ ਉਨ੍ਹਾਂ ਸਾਈਂ ਦੇ ਮਜਾਰ ਤੇ ਮੱਥਾ ਟੇਕਿਆ। ਅੱਧੇ ਜਿਹੇ ਮਨ ਨਾਲ਼ ਮੇਲੇ 'ਚ ਗੇੜੀ ਦਿੱਤੀ। ਅੰਤ ਉਹ 'ਤਾਕਤ ਦੇ ਬਾਦਸ਼ਾਹ ਖਾਨਦਾਨੀ ਵੈਦ ਹਰਦਿੱਤ ਬਲੀ' ਦੇ ਤੰਬੂ ਮੂਹਰੇ ਜੁੜੀ ਭੀੜ ਵਿੱਚ ਜਾ ਸ਼ਾਮਿਲ ਹੋਏ। ਇਕ ਚੰਗੀ ਸਿਹਤ ਵਾਲ਼ਾ ਬੰਦਾ ਲਗਾਤਾਰ ਬੋਲੀ ਜਾ ਰਿਹਾ ਸੀ। ਉਸਦੀ ਦਾੜ੍ਹੀ ਸਫ਼ਾ ਚੱਟ ਸੀ। ਮੁੱਛਾਂ ਭਾਰੀਆਂ, ਲੰਮੀਆਂ ਤੇ ਖੜੀਆਂ ਸਨ। ਮਾਵੇ ਵਾਲ਼ੀ ਚਿੱਟੀ ਪੱਗ ਲੜ ਛੱਡ ਬੰਨੀ ਹੋਈ ਸੀ। ਉੱਪਰ ਤੁਰਲਾ ਖੜ੍ਹਾ ਸੀ। ਉਹ ਵਿੱਚ ਵਿੱਚ ਅਸ਼ਲੀਲ ਗੱਲਾਂ ਵੀ ਕਰੀ ਜਾਂਦਾ ਸੀ ਤੇ ਹਾਸੇ ਵਾਲ਼ੀਆਂ ਵੀ ਤੇ ਗੰਭੀਰ ਵੀ। ਉਹ ਕਦੀ ਕਦੀ ਕੋਈ ਨਾ ਕੋਈ ਫਿਕਰਾ ਇੰਗਲਿਸ਼ ਦਾ ਵੀ ਬੋਲ ਜਾਂਦਾ। ਕਦੀ ਕਦੀ ਹਿੰਦੀ। ਪੰਜਾਬੀ ਵੀ ਠੁਕਦਾਰ ਬੋਲਦਾ। ਉਸ ਕੋਲ਼ ਅਨੇਕਾਂ ਮਰਤਬਾਨ, ਛੋਟੇ ਡੱਬੇ ਅਤੇ ਸ਼ੀਸ਼ੀਆਂ ਪਈਆਂ ਸਨ। ਉਹ ਆਪਣੀਆਂ ਦਵਾਈਆਂ ਦੀ ਲਗਾਤਾਰ ਸਿਫ਼ਤ ਕਰੀ ਜਾ ਰਿਹਾ ਸੀ:

"...ਦੇਖੀਏ ਦੁਆਈ ਤਾਂ ਅਸੀਂ ਗਠੀਏ, ਜੋੜਾਂ ਦੇ ਦਰਦ ਤੇ ਬਵਾਸੀਰ ਦੀ ਵੀ ਵੇਚਦੇ ਹਾਂ ਪਰ ਮੇਨ ਦੁਆਈ ਮਰਦਾਨਗੀ ਤਾਕਤ ਦੀ ਹੈ। ਇਹ ਦੁਆਈ ਸ਼ਰਤੀਆ ਹੈ। ਇਹ ਉਨ੍ਹਾਂ ਨੌਜਵਾਨਾਂ ਲਈ ਵੀ ਜ਼ਰੂਰੀ ਹੈ ਜਿਨ੍ਹਾਂ ਪਹਿਲੀ ਉਮਰ 'ਚ ਗਲਤੀਆਂ ਕੀਤੀਆਂ ਤੇ ਕਮਜ਼ੋਰੀ ਪੱਲੇ ਪਾ ਲਈ। ਇਹ ਉਨ੍ਹਾਂ ਲਈ ਵੀ ਜ਼ਰੂਰੀ ਹੈ ਜਿਨ੍ਹਾਂ 'ਚ ਅਚਾਨਕ ਹੋਰ ਕਿਸੇ ਕਾਰਨ ਕਮਜ਼ੋਰੀ ਆ ਗਈ।" ਚਰਨੇ ਨੇ ਬਾਗੇ ਵੱਲ ਦੇਖਿਆ ਤੇ ਸਿਰ ਹਿਲਾਇਆ।

ਉਹ ਬੰਦਾ ਬੋਲਦਾ ਗਿਆ:

"ਜਿਹਨਾਂ ਪੁਰਸ਼ਾਂ ਨੇ ਘਰ ਦੀ ਬੀਵੀ ਤੋਂ ਬਾਹਰੇ ਸੰਬੰਧ ਰੱਖੇ ਹੋਏ ਹਨ ਉਨ੍ਹਾਂ ਲਈ ਤਾਂ ਇਹ ਰਾਮ ਬਾਣ ਹੈ। ਜੇ ਕਿਸੇ ਨੇ ਵਡੇਰੀ ਉਮਰ 'ਚ ਵਿਆਹ ਕਰਵਾ ਲਿਆ ਉਹ ਤਾਂ ਜ਼ਰੂਰ ਲੈ ਜਾਵੇ। ਦੇਖੋ ਵੈਦ ਬਲੀ ਇੱਥੇ ਸਾਈਂ ਬੁੜੇ ਸ਼ਾਹ ਦੇ ਦਰਬਾਰ ਵਿੱਚ ਆ ਕੇ ਝੂਠ ਨਹੀਂ ਬੋਲਦਾ। ਸਾਡਾ ਪਰਿਵਾਰਕ ਖੁਰਸੀਨਾਮਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ਼ ਜੁੜਦਾ ਹੈ। ਸਾਡਾ ਵਡਾਰੂ ਕੇਦਾਰ ਨਾਥ ਬਲੀ ਮਹਾਰਾਜਾ ਰਣਜੀਤ ਸਿੰਘ ਦੀ ਸੈਕਸ ਵਜ਼ਾਰਤ ਦਾ ਮਹਾਂਮੰਤਰੀ ਹੁੰਦਾ ਸੀ। ਹਾਂ ਹੈਰਾਨ ਨਾ ਹੋਵੋ ਰਾਜਿਆਂ ਦੀ ਸੈਕਸ ਵਜ਼ਾਰਤ ਵੀ ਹੋਇਆ ਕਰਦੀ ਸੀ। ਜਿਸ ਵਿੱਚ ਅੱਠ-ਦਸ ਵੈਦ ਹਕੀਮ ਹੋਇਆ ਕਰਦੇ ਸਨ। ਇਨ੍ਹਾਂ ਦਾ ਕੰਮ ਰਾਤ ਦਿਨ ਭਸਮਾਂ, ਕੁਸ਼ਤੇ ਤਿਆਰ ਕਰਨੇ, ਜੰਗਲੀ ਜੜ੍ਹੀ ਬੂਟੀਆਂ ਪ੍ਰਾਪਤ ਕਰਨੀਆਂ ਤੇ ਸੈਕਸ ਵਰਧਕ ਦੁਆਈਆਂ ਤੇ ਨਸ਼ੇ ਤਿਆਰ ਕਰਨੇ ਹੁੰਦੇ ਸਨ। ਐਮੇਂ ਤਾਂ ਨਹੀਂ ਸੀ ਇਨ੍ਹਾਂ ਰਾਜਿਆਂ ਦੇ ਹਰਮ ਦਾਸੀਆਂ ਨਾਲ਼ ਭਰੇ ਰਹਿੰਦੇ। ਉੱਤੋਂ ਅੱਠ-ਅੱਠ ਦਸ-ਦਸ ਰਾਣੀਆਂ। ਇਹ ਸਭ ਸੈਕਸ ਵਜ਼ਾਰਤ ਕਰਕੇ ਹੀ ਸੰਭਵ ਹੁੰਦਾ ਸੀ।"

"ਆ ਦੇਖੋ ਚਿੱਠੀ ਪੱਤਰ ਜੋ ਵੱਖ ਵੱਖ ਸਮੇਂ ਵੱਖ-ਵੱਖ ਹਸਤੀਆਂ ਨੇ ਸਾਡੇ ਦਵਾਖਾਨੇ ਨੂੰ ਲਿਖੇ। ਆ ਚਿੱਠੀ ਪਹਿਲਵਾਨ ਦਾਰਾ ਸਿੰਘ ਦੀ ਹੈ ਉਸਨੇ ਆਪਣੇ ਕਿਸੇ ਖਾਸ ਦੋਸਤ ਨੂੰ ਦਵਾਈ ਲੈ ਕੇ ਭੇਜੀ ਸੀ ਤੇ ਕਰਾਮਾਤ ਹੋ ਜਾਣ ਮਗਰੋਂ ਧੰਨਵਾਦ ਪੱਤਰ ਲਿਖਿਆ ਸੀ। ਆ ਫਿਲਮੀ ਹਸਤੀ ਦੇਵਾ ਆਨੰਦ ਦੀ ਹੈ। ਆ ਗਵਾਲੀਆਰ ਦੇ ਰਾਜੇ ਭੀਮ ਰਾਓ ਸਿੰਧੀਆ ਦੀ ਹੈ। ਆ ਇੱਕ ਚਿੱਠੀ ਇਰਾਨ ਤੋਂ ਯੂਨਿਸ ਖਾਨ ਦੀ ਹੈ। ਇਹ ਪਿਛਲੇ ਚਾਲ਼ੀ ਸਾਲ ਤੋਂ ਸਾਡੀ ਦਵਾਈ ਖਾ ਰਿਹਾ ਹੈ ਅਤੇ ਪਿਛਲੇ ਮਹੀਨੇ ਹੀ ਉਸਨੇ ਅੱਸੀ ਸਾਲ ਦੀ ਉਮਰ ਵਿੱਚ ਅੱਸੀਵੀ ਸ਼ਾਦੀ ਕਰਾਈ ਹੈ। ਇਹ ਸਾਡੀ ਦੁਆਈ ਕਰਕੇ ਹੀ ਸੰਭਵ ਹੈ। ਬੇਅੰਤ ਚਿੱਠੀਆਂ ਹਨ ਮੇਰੇ ਪਾਸ। ਕੋਈ ਪੜ੍ਹਿਆ ਲਿਖਿਆ ਵੀਰ ਪੜ੍ਹ ਸਕਦਾ ਹੈ। ਇਹ ਹਿੰਦੀ, ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਅਤੇ ਅਰਬੀ-ਫਾਰਸੀ ਵਿੱਚ ਵੀ ਹਨ।"

"ਸੋ ਵੀਰਨੋ ਸੰਗੋ ਨਾ, ਸ਼ਰਮੋਂ ਨਾ। ਜੋ ਸ਼ਰਮ ਗਿਆ ਸੋ ਮਰ ਗਿਆ। ਲੋੜਵੰਦ ਵੀਰ ਲੈ ਜਾਓ



ਬਲੀ ਵੈਦ ਦਾ ਨੁਸਖਾ। ਦਸ ਦਿਨ ਦਾ ਕੋਰਸ ਹੈ। ਰੁਪੀਆ ਸਿਰਫ਼ ਇੱਕ ਸੌ ਹੈ। ਇੱਕ ਖ਼ੁਰਾਕ ਸਿਰਫ਼ ਰਾਤ ਨੂੰ ਖਾਣੀ ਹੈ। ਦੁੱਧ ਦੇ ਗਲਾਸ ਨਾਲ਼। ਪੰਜ ਦਿਨ ਬਾਅਦ ਹੀ ਅਸਰ ਦਿਖਣ ਲੱਗ ਪਏਗਾ। ਦਸ ਦਿਨਾਂ ਬਾਅਦ ਨਤੀਜਾ ਸੌ ਫੀਸਦੀ। ਹਾਂ ਜੇ ਸਾਡਾ ਨੁਸਖਾ ਕਾਮਯਾਬ ਨਾ ਹੋਵੇ ਤਾਂ ਦੁਗਣੇ ਪੈਸੇ ਵਾਪਿਸ ਅਤੇ ਆ ਮੁੱਛਾਂ ਕੱਟਕੇ ਤੁਹਾਡੇ ਪੈਰਾਂ ਵਿੱਚ ਸੁੱਟ ਦੇਵਾਂਗਾ।"

ਚਰਨੇ ਨੇ ਬਾਗੇ ਨੂੰ ਪੈਸਿਆਂ ਬਾਰੇ ਪੁੱਛਿਆ ਤਾਂ ਉਸ ਦੱਸਿਆ ਕਿ ਪੈਂਤੀ ਰੁਪਏ ਨੇ। ਚਰਨੇ ਨੇ ਤੀਹ ਰੁਪਏ ਉਸ ਤੋਂ ਲੈ ਕੇ ਆਪਣੇ ਕੋਲ਼ੋਂ ਸੌ ਦਾ ਨੋਟ ਉਸਨੂੰ ਫੜਾ ਦਿੱਤਾ। ਇਸ਼ਾਰਾ ਕਰਕੇ ਬਾਗੇ ਨੂੰ ਦੁਆਈ ਲੈਣ ਲਈ ਕਿਹਾ। ਬਾਗਾ ਝਿਜਕਿਆ। ਚਰਨੇ ਪਿੱਛਿਓਂ ਧੱਕਾ ਲਾ ਕੇ ਤੋਰ ਦਿੱਤਾ। ਬਾਗੇ ਨੇ ਦੁਆਈ ਲੈ ਕੇ ਖੀਸੇ ਵਿੱਚ ਪਾ ਲਈ।

ਫਿਰ ਉਹ ਮੇਲੇ 'ਚ ਕੁਝ ਚਿਰ ਘੁੰਮੇ। ਕਵਾਲੀਆ ਸੁਣੀਆਂ। ਅਲਗੋਜ਼ਿਆਂ ਦਾ ਰਾਗ ਵੀ ਸੁਣਿਆ। ਬਾਗੇ ਨੇ ਚਰਨੇ ਦੇ ਕਹਿਣ ਤੇ ਸੁੱਖ ਵੀ ਸੁੱਖੀ। ਕੁਝ ਖਾਧਾ ਪੀਤਾ ਤੇ ਡੰਗਰਾਂ ਨੂੰ ਪੱਠੇ ਪਾਉਣ ਦੇ ਸਮੇਂ ਤੋਂ ਪਹਿਲਾਂ ਹਵੇਲੀ ਪਹੁੰਚ ਗਏ।

ਬਾਗੇ ਨੇ ਦਵਾਈ ਖਾਣੀ ਸ਼ੁਰੂ ਕਰ ਦਿੱਤੀ। ਅਜੇ ਛੇ ਦਿਨ ਦੁਆਈ ਖਾਧੀ ਸੀ ਕਿ ਸਿੰਨੋ ਦੀ ਮਾਂ ਆ ਕੇ ਸਿੰਨੋ ਨੂੰ ਲੈ ਗਈ। ਦੂਸਰੇ ਦਿਨ ਸਾਉਣ ਮਹੀਨਾ ਚੜ੍ਹਨਾ ਸੀ। ਭਾਈਚਾਰੇ ਵਿੱਚ ਰਿਵਾਜ਼ ਸੀ ਕਿ ਵਿਆਹ ਤੋਂ ਬਾਅਦ ਪਹਿਲਾ ਸਾਉਣ ਨੂੰਹ ਤੇ ਸੱਸ 'ਕੱਠੀਆਂ ਨਾ ਰਹਿਣ।

ਛੇ ਖੁਰਾਕਾਂ ਖਾਣ ਤੱਕ ਬਾਗੇ ਨੂੰ ਕੋਈ ਫ਼ਰਕ ਨਾ ਪਿਆ। ਦਸ ਦਿਨ ਦਾ ਕੋਰਸ ਪੂਰਾ ਹੋਣ ਤੇ ਵੀ ਬਾਗੇ ਨੂੰ ਆਪਣੇ 'ਚ ਕੋਈ ਤਬਦੀਲੀ ਮਹਿਸੂਸ ਨਾ ਹੋਈ।

ਸਿੰਨੋ ਦੇ ਜਾਣ ਮਗਰੋਂ ਬਾਗਾ ਚਰਨੇ ਕੋਲ਼ ਹਵੇਲੀ ਸੌਣ ਲੱਗ ਪਿਆ। ਉਹ ਜ਼ਿਆਦਾ ਚੁੱਪ ਗੜੁੱਪ ਰਹਿਣ ਲੱਗਾ। ਚਰਨਾ ਉਸਨੂੰ ਜਬਰੀ ਹਸਾਉਣ ਦੀ ਕੋਸ਼ਿਸ਼ ਕਰਦਾ। ਸਿੰਨੋ ਦੇ ਸੁਨੱਖਪੁਣੇ ਦੀਆਂ ਗੱਲਾਂ ਕਰਦਾ। ਵਿੱਚ ਵਿੱਚ ਲੁੱਚੀਆਂ ਗੱਲਾਂ ਕਰਦਾ। ਪਰ ਬਾਗੇ ਦਾ ਹਾਸਾ ਓਪਰਾ ਹੀ ਹੁੰਦਾ ਗਿਆ।

ਚਰਨੇ ਦਾ ਬਾਗੇ ਨਾਲ਼ ਦਿਲੋ ਤੇਹ ਸੀ। ਉਹ ਬਾਗੇ ਨੂੰ ਖੁਰਦਾ ਦੇਖ ਦੁਖੀ ਹੋ ਜਾਂਦਾ। ਇਕ ਦਿਨ ਉਹ ਸਲਾਹ ਬਣਾਕੇ ਛੇ ਮੀਲ ਤੇ ਪੈਂਦੇ ਪਿੰਡ ਸ਼ੇਰਪੁਰ ਵਿਖੇ ਚੇਲੇ ਸੰਗੂ ਕੋਲ਼ ਚਲੇ ਗਏ। ਚੇਲੇ ਨੇ ਦੱਸਿਆ ਕਿ ਉਸਤੇ ਕਾਰਣ ਕੀਤਾ ਹੋਇਆ ਹੈ। ਉਸਨੇ ਇੱਕ ਤਬੀਤ ਮੰਤਰ ਕੇ ਦਿੱਤਾ ਤੇ ਸਿਵਿਆਂ 'ਚ ਕਾਲ਼ੀ ਕੁਕੜੀ ਮੰਗਲ਼ ਦੇ ਦਿਨ ਛੱਡਣ ਲਈ ਕਿਹਾ। ਬਤਾਲ਼ੀ ਦਾਣੇ ਬਾਜਰੇ ਦੇ ਮੰਤਰ ਕੇ ਦਿੱਤੇ। ਕਿਹਾ ਕਿ ਇੱਕ ਚਿੜਾ ਰੋਜ਼ ਫੜ੍ਹਕੇ ਉਸ ਨੂੰ ਤਿੰਨ ਦਾਣੇ ਮੰਤਰੇ ਹੋਏ ਬਾਜਰੇ ਦੇ ਖਵਾਉਣੇ। ਫਿਰ ਉਸ ਨੂੰ ਮਾਰ ਕੇ ਬਾਗਾ ਭੁੰਨ ਕੇ ਖਾਵੇ। ਹਾਂ ਉਸ ਦੇ ਲਹੂ ਦਾ ਇੱਕ ਵੀ ਤੁਬਕਾ ਧਰਤੀ ਤੇ ਨਾ ਡਿੱਗੇ। ਦੋ ਹਫ਼ਤੇ ਇਸ ਤਰ੍ਹਾਂ ਕਰਨ ਨਾਲ਼ ਸਾਰੇ ਕਸ਼ਟ ਕੱਟ ਹੋ ਜਾਣਗੇ। ਹਾਂ ਸਿਰਫ਼ ਚਿੜਾ ਹੋਵੇ। ਚਿੜੀ ਨਾ ਹੋਵੇ।

ਚਿੜੇ ਚਿੜੀਆਂ ਦਾ ਉਹਨੀਂ ਦਿਨੀਂ ਕੋਈ ਘਾਟਾ ਨਹੀਂ ਸੀ। ਉਹ ਦੁਪਹਿਰ ਨੂੰ ਹਵੇਲੀ ਟੋਕਰਾ ਲਾਉਂਦੇ। ਥੱਲੇ ਚੌਲ਼ ਖਿਲਾਰਦੇ। ਚਿੜੇ ਚਿੜੀਆਂ ਦਾਣੇ ਖਾਣ ਆਉਂਦੇ ਤਾਂ ਦੂਰ ਬੈਠੇ ਉਹ ਰੱਸੀ ਖਿੱਚ ਉਨ੍ਹਾਂ ਨੂੰ ਟੋਕਰੇ ਥੱਲੇ ਦੱਬ ਲੈਂਦੇ। ਚਿੜਿਆਂ ਨੂੰ ਰੱਖ ਲੈਂਦੇ ਤੇ ਚਿੜੀ ਪੰਛੀ ਨੂੰ ਉਡਾ ਦਿੰਦੇ। ਚਿੜੀ ਨੂੰ ਬਾਗਾ ਜਦੋਂ ਹਵਾ 'ਚ ਉਲਾਰਦਾ ਤਾਂ ਉਹ 'ਫੁਰਰਰ' ਦੀ ਆਵਾਜ਼ ਪੈਦਾ ਕਰਦੀ।

ਦੋ ਹਫ਼ਤੇ ਦਾ ਬਾਗੇ ਨੇ ਚਿੜਾ ਖਾਣ ਦਾ ਛਿਲਾ ਪੂਰਾ ਕਰ ਲਿਆ। ਕਦੇ ਕਦੇ ਉਸਨੂੰ ਸਰੀਰ ਵਿੱਚ ਤਬਦੀਲੀ ਪ੍ਰਤੀਤ ਹੁੰਦੀ। ਸਿੰਨੋ ਦੇ ਵਾਪਿਸ ਆਉਣ 'ਚ ਪੰਦਰਾਂ ਸੋਲ਼ਾਂ ਦਿਨ ਪਏ ਸਨ। ਉਹਦਾ ਦਿਲ ਕਰੇ ਕਿ ਇੱਕ ਵਾਰ ਚੇਲੇ ਕੋਲ਼ ਫਿਰ ਜਾ ਆਈਏ। ਉਹ ਤੇ ਚਰਨਾ ਅਜੇ ਸਲਾਹਾਂ ਹੀ ਬਣਾ ਰਹੇ ਸਨ ਕਿ ਬਾਗੇ ਦੇ ਸਹੁਰੇ ਘਰ ਤੋਂ ਸਨੇਹਾ ਆ ਗਿਆ ਕਿ ਸਿੰਨੋ ਦੇ ਮਾਪਿਆਂ ਨੇ ਤਿੰਨ-ਚਾਰ ਦਿਨ ਲਈ ਕਿਸੇ ਰਿਸ਼ਤੇਦਾਰੀ ਵਿੱਚ ਜਾਖ਼ਲ਼ ਜਾਣਾ ਹੈ। ਸੋ ਤਿੰਨ ਚਾਰ ਦਿਨ ਲਈ ਪਿੱਛੇ ਨਿਆਣਿਆਂ ਕੋਲ਼ ਬਾਗਾ ਆ ਜਾਵੇ।

ਚਰਨੇ ਨੇ ਕਿਲਕਾਰੀ ਮਾਰੀ। ਬਾਗੇ ਨੂੰ ਥਾਪੀ ਦਿੱਤੀ। ਸ਼ਾਮ ਨੂੰ ਬਾਗਾ ਸਹੁਰਿਆਂ ਨੂੰ ਤੁਰ ਪਿਆ। ਸਾਈਕਲ 'ਤੇ। ਉਸਦੇ ਅੰਦਰ ਬੜਾ ਕੁਝ ਉਥਲ-ਪੁਥਲ ਹੋ ਰਿਹਾ ਸੀ। ਫਿਰ ਇੱਕ ਹੀ ਖ਼ਿਆਲ ਅੰਦਰ ਅੜ ਗਿਆ ਕਿ ਜੇ ਅੱਜ ਵੀ ਕੁਝ ਨਾ ਹੋਇਆ। ਖਬਰੇ ਅੱਜ ਵੀ ਫੇਲ੍ਹ ਹੋ ਜਾਣਾ। ਬੰਦੂਕਾਂਟਾ ਵੀ ਵਿੱਚ ਵਿੱਚ ਚੇਤੇ ਆ ਜਾਂਦਾ।

ਬਾਗਾ ਘੁਸਮੁਸੇ 'ਚ ਸਹੁਰੇ ਘਰ ਪਹੁੰਚਾ। ਰੋਟੀ ਪਾਣੀ ਖੁਆ ਕੇ ਤੇ ਭਾਂਡਾ ਟੀਂਡਾ ਮਾਜਕੇ ਸਿੰਨੋ ਬਾਗੇ ਦਾ ਮੰਜਾ ਕੋਠੇ ਚਾੜ ਆਈ। ਥੋੜ੍ਹੇ ਚਿਰੀ ਬਾਗਾ ਜਾ ਕੇ ਪੈ ਗਿਆ। ਸਿੰਨੋ ਆਪ ਛੋਟੇ ਭੈਣ ਭਰਾਵਾਂ ਕੋਲ਼ ਵਿਹੜੇ 'ਚ ਪੈ ਗਈ। ਉਹ ਉਹਨਾਂ ਦੇ ਸੌਣ ਦੀ ਉਡੀਕ ਕਰਨ ਲੱਗੀ। ਓੜਕ ਨਿਆਣੇ ਸੌਂ ਗਏ। ਉਹ ਮਲਕ ਮਲਕ ਤੁਰਦੀ ਕੋਠੇ ਜਾ ਚੜ੍ਹੀ।

ਸਿੰਨੋ ਨੂੰ ਕੋਠੇ ਆਈ ਦੇਖ ਕੇ ਬਾਗੇ ਨੂੰ ਕੰਬਣੀ ਜਿਹੀ ਆਈ। ਸਿੰਨੋ ਮੰਜੇ ਦੀ ਬਾਹੀ 'ਤੇ ਬੈਠ ਗਈ। ਉਸਨੇ ਬਾਗੇ ਦੇ ਮੂੰਹ ਤੇ ਹੱਥ ਫੇਰਦੀ ਨੇ ਕਿਹਾ,

"ਏ ਜੀ, ਤੁਸੀਂ ਤਾਂ ਮਾੜੇ ਬਹੁਤ ਹੋ ਗਏ ਹੋ। ਚਿਹਰਾ ਅੱਗੇ ਨਾਲੋਂ ਅੱਧਾ ਰਹਿ ਗਿਆ ਹੈ। ਉਹ ਦੁਆਈ ਜਿਹੜੀ ਸਾਈਂ ਬੂੜੇ ਸ਼ਾਹ ਦੇ ਮੇਲੇ ਤੋਂ ਲਿਆਏ ਸੀ ਉਹ ਖਾ ਲਈ ਸੀ ?"

"ਹੂੰ।"

"ਆਰਾਮ ਆ ਗਿਆ ?"

ਬਾਗਾ ਬੋਲਿਆ ਤਾਂ ਨਾ ਪਰ ਬਾਹੀ ਵੱਲ ਨੂੰ ਖਿਸਕ ਕੇ ਉਸਨੇ ਸਿੰਨੋ ਲਈ ਅੱਧਾ ਮੰਜਾ ਵਿਹਲਾ ਕਰ ਦਿੱਤਾ। ਸਿੰਨੋ ਨੂੰ ਕੁਝ ਹੌਸਲਾ ਜਿਹਾ ਹੋਇਆ। ਉਹ ਨਾਲ਼ ਪੈ ਗਈ।

ਉਸ ਰਾਤ ਬਹੁਤ ਕੁਝ ਹੋਰ ਹੋ ਗਿਆ ਜੋ ਹੋਣਾ ਚਾਹੀਦਾ ਸੀ ਉਹ ਨਾ ਹੋਇਆ।

ਅਚਾਨਕ ਨੰਗ ਧੜੰਗਾ ਬਾਗਾ ਕੋਠੇ ਤੇ ਟੱਪਣ ਲੱਗ ਪਿਆ। ਉਹ ਧੁੰਨੀ ਤੋਂ ਹੇਠਾਂ ਆਪਣਾ ਸੱਜਾ ਹੱਥ ਲਾ ਵਾਰ ਵਾਰ ਆਖ ਰਿਹਾ ਸੀ,

"ਸਿੰਨੋ ਚਿੜੀ ਫੁਰਰਰ। ਚਿੜੀ ਫੁਰਰਰ... ਚਿੜੀ.... ਚਿੜੀ ਫੁਰਰਰ... ਚਿੜੀ...."

ਸਿੰਨੋ ਤਾਂ ਇੱਕ ਦਮ ਡਰ ਗਈ। ਉਸਨੇ ਕਾਹਲੀ ਨਾਲ਼ ਆਪਣੇ ਕੱਪੜੇ ਠੀਕ ਕੀਤੇ ਅਤੇ ਉਹ ਬਾਗੇ ਨੂੰ ਫੜ ਫੜ ਬਿਠਾਉਣ ਲੱਗੀ। ਉਹ ਬਾਗੇ ਦੇ ਮੂੰਹ ਮੂਹਰੇ ਹੱਥ ਰੱਖੇ। ਪਰ ਬਾਗਾ ਕਿੱਥੋਂ ਚੁੱਪ ਕਰੇ। ਅਖ਼ੀਰ ਉਹ ਉਸ ਨੂੰ ਮੰਜੇ ਤੇ ਬਿਠਾਉਣ ਵਿੱਚ ਕਾਮਯਾਬ ਹੋ ਗਈ। ਉਸਨੇ ਉਸਦੇ ਕੱਛਾ ਪਾਇਆ ਤੇ ਪੀਚ ਕੇ ਕਈ ਗੱਠਾਂ ਦੇ ਦਿੱਤੀਆਂ। ਉਸਦੀ ਧੋਤੀ ਉਸਦੇ ਤੇੜ ਬੰਨੀ। ਪਰ ਉਹ ਫਿਰ ਉੱਠ ਕੇ ਟੱਪਣ ਲੱਗ ਪਿਆ। ਥੱਲੇ ਵਿਹੜੇ 'ਚ ਉਤਰ ਆਇਆ। ਨਿਆਣੇ ਡਰਕੇ ਉੱਠ ਖੜੇ ਹੋਏ। ਉਹ ਬਾਗੇ ਨੂੰ ਟੱਪਦਾ ਦੇਖਕੇ ਅਤੇ ਬੋਲਦਾ ਸੁਣਕੇ ਉੱਚੀ ਉੱਚੀ ਚੀਕਾਂ ਮਾਰਨ ਲੱਗ ਪਏ। ਰੌਲ਼ਾ ਰੱਪਾ ਸੁਣਕੇ ਸਾਹਮਣਿਓਂ ਸਿੰਨੋ ਦੇ ਤਾਏ ਦਾ ਟੱਬਰ ਆ ਗਿਆ।

ਤਾਏ ਦੇ ਮੁੰਡਿਆਂ ਉਸਨੂੰ ਸਮਝਾਉਣਾ ਚਾਹਿਆ ਪਰ ਉਹ ਕਿੱਥੇ ਸਮਝੇ। ਉਸ ਆਪਣੀ ਧੋਤੀ ਲਾਹ ਦਿੱਤੀ। ਕੱਛਾ ਲਾਹੁਣ ਨੂੰ ਕਰੇ। ਛੁੱਟ ਛੁੱਟ ਬਾਹਰ ਨੂੰ ਨੱਠਣ ਨੂੰ ਕਰੇ। ਅਖ਼ੀਰ ਤਾਏ ਦੇ ਮੁੰਡਿਆਂ ਨੇ ਉਸਨੂੰ ਵਿਹੜੇ ਵਿਚਲੇ ਤੂਤ ਨਾਲ਼ ਬੰਨ੍ਹ ਦਿੱਤਾ। ਸਿੰਨੋ ਦੀ ਤਾਈ ਘਰੋਂ ਧੂਪ ਧੁਖਾ ਕੇ ਲੈ ਆਈ। ਉਹ ਕਹੇ ਕੋਈ ਬਾਹਰਲੀ ਕਸਰ ਹੋ ਗਈ ਹੈ। ਪਰ ਬਾਗਾ 'ਚਿੜੀ ਫੁਰਰਰ...' ਚਿੜੀ ਫੁਰਰਰ ਬੋਲੀ ਜਾਵੇ।

ਸਵੇਰੇ ਸਵਖਤੇ ਬਾਗੇ ਦੇ ਘਰ ਸੁਨੇਹਾ ਪਹੁੰਚ ਗਿਆ। ਉੱਥੋਂ ਬਾਗੇ ਦਾ ਬਾਪ ਹੀਰੂ ਅਤੇ ਚਰਨਾ ਭੱਜੇ ਆਏ। ਚਰਨੇ ਦੇ ਕਹੇ ਤੇ ਬਾਗੇ ਨੇ ਕੱਪੜੇ ਪਾ ਲਏ। ਬਾਗੇ ਨੂੰ ਉਹ ਪਿੰਡ ਨੂੰ ਲੈ ਤੁਰੇ। ਚਰਨਾ ਜਦੋਂ ਵੀ ਬਾਗੇ ਨੂੰ ਕੋਈ ਗੱਲ ਪੁੱਛਦਾ ਤਾਂ ਬਾਗਾ ਚੁੱਪ ਰਹਿੰਦਾ। ਜੇ ਬੋਲਦਾ ਤਾਂ ਉੱਪਰ ਨੂੰ ਹੱਥ ਖੜਾ ਕਰਕੇ ਆਖਦਾ 'ਚਿੜੀ ਫੁਰਰਰ'। ਪਿੰਡ ਵਿੱਚ ਦੁਕਾਨ ਕਰਦਾ ਇੱਕ ਡਾਕਟਰ ਸੱਦਿਆ ਗਿਆ। ਉਸਨੇ ਟੀਕੇ ਲਾ ਦਿੱਤੇ। ਦੋ ਚਾਰ ਗੋਲ਼ੀਆਂ ਦੇ ਗਿਆ। ਟੀਕੇ ਨਸ਼ੇ ਦੇ ਸਨ। ਬਾਗੇ ਨੂੰ ਨੀਂਦ ਆ ਗਈ। ਰਾਤ ਨੂੰ ਚਰਨਾ ਉਸਨੂੰ ਹਵੇਲੀ



ਲੈ ਗਿਆ। ਉਹ ਉਸ ਨੂੰ ਵਿਚਲੀ ਗੱਲ ਪੁੱਛਣੀ ਚਾਹੁੰਦਾ ਸੀ। ਬਾਗਾ ਕੁਝ ਵੀ ਨਾ ਬੋਲੇ।

ਅਖ਼ੀਰ ਚਰਨੇ ਨੇ ਬੜੇ ਪਿਆਰ ਨਾਲ਼ ਪੁੱਛਿਆ,

"ਅੱਛਾ ਦੱਸ ਤੂੰ ਤੇ ਸਿੰਨੋ ਕੱਠੇ ਸੁੱਤੇ ਸੀ ? ਸਾਈਂ ਦੇ ਮੇਲੇ ਤੋਂ ਲਈ ਦੁਆਈ ਅਤੇ ਚੇਲੇ ਦੇ ਕਹੇ ਤੇ ਖਾਧੇ ਚਿੜਿਆਂ ਨੇ ਕੋਈ ਅਸਰ ਦਿਖਾਇਆ ?"

ਬਾਗਾ ਇੱਕ ਦਮ ਮੰਜੇ ਤੇ ਉੱਠ ਖੜੋਤਾ ਤੇ ਧੁੰਨੀ ਤੋਂ ਹੇਠਾ ਹੱਥ ਲਾ ਕੇ ਕਹਿੰਦਾ,

"ਚਿੜੀ ਫੁਰਰਰ।"

ਇੰਨਾ ਆਖਦਾ ਹੋਇਆ ਉਹ ਹਵੇਲੀਓਂ ਨੱਠ ਤੁਰਿਆ। ਚਰਨਾ ਹਾਕਾਂ ਮਾਰਦਾ ਰਹਿ ਗਿਆ। ਚਰਨੇ ਨੂੰ ਚਿੰਤਾ ਹੋਣ ਲੱਗੀ ਬਈ ਸਹੁਰਾ ਖੂਹ ਟੋਭੇ ਨਾ ਡੁੱਬ ਮਰੇ। ਉਸ ਮੰਜੇ ਥੱਲੇ ਰੱਖੀ ਡਾਂਗ ਚੁੱਕੀ ਤੇ ਬਾਗੇ ਦੇ ਘਰ ਨੂੰ ਤੁਰ ਪਿਆ। ਪਰ ਬਾਗਾ ਘਰ ਵੀ ਨਾ ਪਹੁੰਚਾ। ਬਾਗੇ ਦੇ ਘਰਦਿਆਂ ਨੂੰ ਵੀ ਕਾਫ਼ੀ ਫ਼ਿਕਰ ਹੋ ਗਿਆ। ਬਾਗੇ ਦਾ ਬਾਪ ਹੀਰੂ ਤੇ ਚਰਨਾ ਦੋ ਘੰਟੇ ਰਾਤ ਦੇ ਹਨੇਰੇ ਵਿੱਚ ਬਾਗੇ ਨੂੰ ਟੋਲ਼ਦੇ ਰਹੇ। ਪਰ ਬੇ-ਅਰਥ। ਸਵੇਰੇ ਉੱਠ ਕੇ ਉਹਨੀਂ ਫਿਰ ਭਾਲ਼ ਸ਼ੁਰੂ ਕਰ ਦਿੱਤੀ। ਅਚਾਨਕ ਸਕੂਲ ਵਾਲ਼ੇ ਪਾਸਿਓਂ ਰੌਲ਼ਾ ਸੁਣਾਈ ਦਿੱਤੀ। ਅਲਫ਼ ਨੰਗਾ ਬਾਗਾ ਮੂਹਰੇ ਮੂਹਰੇ ਤੁਰ ਰਿਹਾ ਸੀ ਤੇ ਚਿੜੀ ਫੁਰਰਰ ਵਾਰ ਵਾਰ ਕਹਿ ਰਿਹਾ ਸੀ। ਪੰਜ ਸੱਤ ਨਿਆਣੇ ਉਸਦੇ ਮਗਰ ਮਗਰ 'ਫੁਰਰਰ' 'ਫੁਰਰਰ' ਕਰ ਰਹੇ ਸਨ। ਬਾਗੇ ਦੇ ਘਰਦਿਆਂ ਨੇ ਉਸਨੂੰ ਬੰਨ੍ਹ ਲਿਆ। ਫਿਰ ਇੱਕ ਚੇਲੇ ਕੋਲ਼ ਛੱਡ ਆਏ। ਚੇਲੇ ਨੇ ਪੰਜ ਸੱਤ ਦਿਨ ਬੰਨ ਰੱਖਿਆ ਚਿਮਟੇ ਮਾਰ ਮਾਰ ਬਾਗੇ ਦਾ ਸਰੀਰ ਭੰਨ ਸੁੱਟਿਆ। ਇੱਕ ਰਾਤ ਬਾਗਾ ਉਥੋਂ ਨੱਠ ਆਇਆ। ਉਹ ਪਿੰਡ ਦੀਆਂ ਗਲ਼ੀਆਂ ਵਿੱਚ ਨੰਗ ਧੜੰਗਾ ਘੁੰਮਣ ਲੱਗਾ। ਉਹ ਆਪ ਤਾਂ ਬੋਲਣੋ ਬੰਦ ਹੋ ਗਿਆ ਪਰ ਉਸ ਮਗਰ ਜੁਆਕ 'ਚਿੜੀ ਫੁਰਰਰ' 'ਚਿੜੀ ਫੁਰਰਰ' ਦੀ ਰੌਲ਼ੀ ਚੁੱਕੀ ਰੱਖਦੇ। ਸ਼ੁਰੂ ਸ਼ੁਰੂ ਲੋਕੀਂ ਉਸ ਨੂੰ ਨੰਗਾ ਦੇਖਕੇ ਖਿਝਦੇ। ਉਸਨੂੰ ਗਾਲ਼ਾਂ ਕੱਢਦੇ ਤੇ ਉਸਦੇ ਦੋ ਥੱਪੜ ਮਾਰ ਕੇ ਜ਼ਬਰਦਸਤੀ ਉਸਦੇ ਲੱਕ ਦੁਆਲ਼ੇ ਕੋਈ ਕੱਪੜਾ ਵੀ ਬੰਨ ਦਿੰਦੇ। ਫਿਰ ਹੌਲ਼ੀ ਹੌਲ਼ੀ ਸਭ ਉਸਦੇ ਨੰਗਪੁਣੇ ਨੂੰ ਸਹਿਣ ਕਰਨ ਲੱਗ ਪਏ।

ਬਾਗੇ ਦੇ ਇਸ ਹਾਲ ਨੇ ਉਸਦੇ ਘਰਦਿਆਂ ਨੂੰ ਤਾਂ ਦੁੱਖ ਦਿੱਤਾ ਹੀ ਨਾਲ਼ ਹੀ ਨਾਲ਼ ਚਰਨੇ ਨੂੰ ਵੀ ਬਹੁਤ ਧੱਕਾ ਲੱਗਾ। ਬਾਗਾ ਕਈ ਕਈ ਦਿਨ ਘਰ ਵੀ ਨਾ ਵੜਦਾ। ਕਦੀ ਗੁਰਦੁਆਰੇ ਸੌਂ ਜਾਂਦਾ ਤੇ ਕਦੀ ਦਰਵਾਜ਼ੇ ਪੈ ਜਾਂਦਾ। ਕਦੇ ਕਦੇ ਸ਼ੇਰੂ ਅਮਲੀ ਦੇ ਬੱਕਰੀਆਂ ਵਾਲ਼ੇ ਵਾੜੇ ਪੈ ਜਾਂਦਾ। ਇੰਦਾਂ ਹੀ ਫਿਰ ਤੁਰ ਕੇ ਰੋਟੀ ਖਾ ਲੈਂਦਾ। ਕਦੀ ਕਦੀ ਘਰ ਆ ਕੇ ਵੀ ਰੋਟੀ ਖਾ ਜਾਂਦਾ। ਉਸਦੀ ਮਾਂ ਨਾਲ਼ੇ ਰੋਟੀ ਪਾ ਕੇ ਉਸਨੂੰ ਦਿੰਦੀ ਨਾਲ਼ੇ ਬੁੱਕ ਬੁੱਕ ਅੱਥਰੂ ਕੇਰਦੀ। ਉਸ ਦਿਨ ਵੀ ਬਾਗਾ ਘਰ ਵਿਹੜੇ ਵਿੱਚ ਬੈਠਾ ਰੋਟੀ ਖਾ ਰਿਹਾ ਸੀ ਜਦੋਂ ਉਸਦੀ ਮਾਂ ਨੇ ਦੱਸਿਆ ਕਿ ਸਿੰਨੋ ਅਗਲਿਆਂ ਨੇ ਹੋਰ ਥਾਂ ਬਿਠਾ ਦਿੱਤੀ ਹੈ। ਬਾਗਾ ਰੋਟੀ ਵਿਚਾਲ਼ੇ ਛੱਡ ਘਰੋਂ ਚਲੇ ਗਿਆ ਸੀ।

ਪਿਛਲੇ ਪੰਜਾਹ-ਪਚਵੰਜਾ ਸਾਲਾਂ ਤੋਂ ਬਾਗਾ ਨੰਗਧੜੰਗਾ, ਸੁੱਕੇ ਕਰੰਗ ਜਿਹਾ, ਮੈਲ਼ ਅੱਟੇ ਸਰੀਰ, ਖਿਲਰੇ ਹੋਏ ਵਾਲ਼ ਅਤੇ ਉਲ਼ਝੀ ਹੋਈ ਦਾੜ੍ਹੀ ਚੁੱਕੀ ਖਾਮੋਸ਼ ਪੰਜ ਸੱਤ ਪਿੰਡਾਂ 'ਚ ਫਿਰਦਾ ਹੈ। ਪਰ ਜਦੋਂ ਉਹ ਆਪਣੇ ਪਿੰਡ 'ਚ ਘੁੰਮਦਾ ਹੈ ਤਾਂ ਨਿਆਣੇ ਮਗਰ 'ਬਾਗਿਆ ਚਿੜੀ ਫੁਰਰਰ... ਚਿੜੀ ਫੁਰਰਰ' ਕਰਦੇ ਘੁੰਮਦੇ।

ਚਰਨਾ ਜਦੋਂ ਵੀ ਪਿੰਡ ਆਉਂਦਾ ਤਾਂ ਉਸਦੀ ਦਿਲੀ ਹਸਰਤ ਹੁੰਦੀ ਕਿ ਉਹ ਬਾਗੇ ਨੂੰ ਜ਼ਰੂਰ ਦੇਖ ਸਕੇ। ਜਦੋਂ ਉਸਨੂੰ ਉਹ ਰਾਤ ਚੇਤੇ ਆਉਂਦੀ ਜਦੋਂ ਬਾਗਾਂ ਉਸ ਕੋਲ਼ੋਂ ਹਵੇਲੀਓਂ ਚਿੜੀ ਫੁਰਰਰ... ਚਿੜੀ ਫੁਰਰਰ ਕਹਿੰਦਾ ਨੱਠ ਗਿਆ ਸੀ ਤਾਂ ਅੱਜ ਵੀ ਡਰ ਜਾਂਦਾ। ਡਰ ਚਰਨਾ ਪਿਛਲੇ ਸਾਲ ਵੀ ਗਿਆ ਸੀ ਜਦੋਂ ਉਸਦੇ ਛੋਟੇ ਪੋਤੇ ਧੀਰੇ ਦਾ ਵਿਆਹ ਹੋਇਆ ਸੀ। ਮੁਕਲਾਵੇ ਵਾਲ਼ੀ ਰਾਤ ਧੀਰੇ ਦਾ ਹਾਲ ਵੀ ਬਾਗੇ ਵਾਲ਼ਾ ਹੋਇਆ ਸੀ। ਧੀਰੇ ਦੀ ਘਰਵਾਲ਼ੀ ਪਾਲੋ ਨੇ ਸਵੇਰੇ ਉੱਠਦੀ ਨੇ ਆਪਣੀ ਵਿਚੋਲਣ ਜਠਾਣੀ ਜੀਤੋ ਨੂੰ ਜੋ ਰਿਸ਼ਤੇਦਾਰੀ 'ਚੋਂ ਉਸਦੀ ਭੈਣ ਤੇ ਸਹੇਲੀ ਸੀ, ਆਖਿਆ ਸੀ,

"ਦੀਦੀ ਤੇਰੇ ਦਿਉਰ 'ਚ ਹੈ ਨੀ ਕੁਛ।"

"ਨਹੀਂ ਏਦਾਂ ਤਾਂ ਨਹੀਂ ਹੋ ਸਕਦੀ ਉੱਦਾਂ ਹੀ ਤੇਰੀ ਭਾਰੀ ਦੇਹ ਦੇਖ ਕੇ ਘਬਰਾ ਗਿਆ ਹੋਣਾ।"

"ਚਲ ਲੁੱਚੀ। ਮੈਨੂੰ ਉਸ ਘਨੇੜੀ ਚੁੱਕਣਾ ਸੀ।" ਪਾਲੋ ਨੇ ਜੇਠਾਣੀ ਜੀਤੋ ਦੀ ਵੱਖੀ 'ਚ ਚੂੰਢੀ ਭਰ ਲਈ।

ਜੀਤੋ ਨੇ ਆਪਣੇ ਘਰਵਾਲ਼ੇ ਮੀਕੇ ਕੋਲ਼ ਗੱਲ ਕੀਤੀ। ਮੀਕੇ ਨੇ ਧੀਰੇ ਨੂੰ ਪੁੱਛਿਆ। ਘਰ ਵਿੱਚ ਘੁਸਰ ਮੁਸਰ ਹੋਈ। ਮੀਕਾ ਧੀਰੇ ਨੂੰ ਜੀਪ 'ਚ ਬਿਠਾ ਕੇ ਗੰਗਾਨਗਰ ਲੈ ਗਿਆ। ਇੱਕ ਦੋਸਤ ਡਾਕਟਰ ਗਿੱਲ ਕੋਲ਼। ਡਾਕਟਰ ਨੇ ਧੀਰੇ ਨੂੰ ਇੱਕ ਪਾਸੇ ਕਰਕੇ ਸਾਰੀ ਗੱਲ ਪੁੱਛੀ। ਫਿਰ ਉਹ ਧੀਰੇ ਨੂੰ ਮੀਕੇ ਕੋਲ਼ ਬਿਠਾਉਂਦਾ ਹੋਇਆ ਬੋਲਿਆ ਸੀ:

"ਦੇਖ ਮੀਕੇ ਤੇਰਾ ਭਰਾ ਮੇਰਾ ਭਰਾ। ਜਮਾ ਹੀ ਚਿੰਤਾ ਵਾਲ਼ੀ ਗੱਲ ਨਹੀਂ। ਅਸੀਂ ਤਾਂ ਮਰੇ ਪਏ ਬੰਦੇ 'ਚ ਜਾਨ ਪਾ ਦੇਈਏ। ਆਪਣਾ ਵੀਰ ਤਾਂ ਲੋਹਾ ਹੈ ਲੋਹਾ। ਦੇਖ ਦੁਆਈ ਤਾਂ ਖਾਣੀ ਪਊ। ਬਹੁਤੇ ਦਿਨ ਨੀ ਸਿਰਫ਼ ਤਿੰਨ-ਚਾਰ ਦਿਨ। ਹੁਣ ਏਹਨੂੰ ਰੈਸਟ ਦੀ ਲੋੜ ਹੈ। ਮੈਂ ਏਹਨੂੰ ਦੋ ਇੰਜੈਕਸ਼ਨ ਹੁਣ ਲਾਉਣੇ ਨੇ ਤੇ ਇੱਕ ਸ਼ਾਮ ਨੂੰ। ਤੂੰ ਏਹਨੂੰ ਮੇਰੇ ਕੋਲ਼ ਛੱਡ ਜਾ। ਪਿੱਛੇ ਕਮਰਾ ਵਿਹਲਾ ਪਿਆ। ਇਹ ਉੱਥੇ ਆਰਾਮ ਕਰ ਲੂੰਗਾ। ਤੂੰ ਸ਼ਾਮ ਨੂੰ ਪੰਜ ਵਜੇ ਤੋਂ ਪਹਿਲਾਂ ਇੱਥੇ ਪਹੁੰਚ ਜਾਵੀਂ। ਜੇ ਹੋ ਸਕੇ ਤਾਂ ਘਰ ਦੀ ਕੱਢੀ ਦੀ ਬੋਤਲ ਫੜੀ ਆਈ। ਮੱਛੀ ਇੱਥੇ ਬਥੇਰੀ ਮਿਲ਼ ਜਾਂਦੀ ਹੈ। ਘੜੀ ਬੈਠਾਂਗੇ। ਸ਼ਾਮ ਵਾਲ਼ੇ ਟੀਕੇ ਤੋਂ ਬਾਅਦ ਧੀਰੇ ਨੂੰ ਤੂੰ ਨਾਲ਼ ਲਿਜਾ ਸਕਦਾ ਏਂ।"

ਗਿੱਲ ਨੇ ਮੀਕੇ ਨੂੰ ਜੀਪ ਤੱਕ ਛੱਡਣ ਆਏ ਨੂੰ ਕਿਹਾ, "ਧੀਰੇ 'ਚ ਕਪਲੈਕਸ ਆ ਗਿਆ ਸੀ। ਹੋਰ ਕੋਈ ਬਿਮਾਰੀ ਨਹੀਂ। ਆਪਾਂ ਨੂੰ ਡਰਾਮਾ ਕਰਨਾ ਹੀ ਪੈਣਾ ਹੈ। ਜੇ ਆਪਾਂ ਏਦਾਂ ਨਾ ਕੀਤਾ ਤਾਂ ਬਿਮਾਰੀ ਬਣ ਸਕਦੀ ਹੈ। ਏਹਨੂੰ ਹਮਦਰਦੀ ਦੀ ਲੋੜ ਹੈ। ਇਹਦੇ ਘਰਵਾਲ਼ੀ ਨੂੰ ਸਮਝਾਇਓ ਬਈ ਚਿੰਤਾ ਵਾਲ਼ੀ ਕੋਈ ਗੱਲ ਨਹੀਂ ਹੈ। ਉਹ ਕੋਈ ਮਿਹਣਾ ਵਗੈਰਾ ਨਾ ਮਾਰੇ। ਹਾਸੇ ਭਾਣੇ ਕੋਈ ਟਿੱਚਰ ਵਗੈਰਾ ਵੀ ਨਾ ਕਰੇ। ਸਗੋਂ ਹਮਦਰਦੀ ਵਾਲ਼ਾ ਤੇ ਸਹਿਯੋਗੀ ਵਤੀਰਾ ਰੱਖੇ। ਇੱਕ ਦੋ ਦਿਨਾਂ 'ਚ ਇਸਨੇ ਠੀਕ ਹੋ ਜਾਣਾ ਹੈ।"

ਡਾਕਟਰ ਨੇ ਧੀਰੇ ਦੇ ਦੋ ਟੀਕੇ ਲਾ ਦਿੱਤੇ। ਫਿਰ ਉਸਨੂੰ ਪਿਛਲੇ ਕਮਰੇ 'ਚ ਆਰਾਮ ਕਰਨ ਲਈ ਕਿਹਾ। ਧੀਰਾ ਛੇਤੀ ਹੀ ਗੂਹੜੀ ਨੀਂਦ ਸੌਂ ਗਿਆ। ਸ਼ਾਮ ਨੂੰ ਜਦੋਂ ਮੀਕਾ ਡਾ. ਗਿੱਲ ਕੋਲ਼ ਪਹੁੰਚਾ ਤਾਂ ਧੀਰਾ ਉਦੋਂ ਵੀ ਸੌਂ ਰਿਹਾ ਸੀ।

ਦਸੰਬਰ ਦਾ ਅਖ਼ੀਰ ਸੀ। ਠੰਡ ਦਾ ਜ਼ੋਰ ਸੀ। ਸਾਢੇ ਕੁ ਪੰਜ ਵਜੇ ਹੀ ਡਾ. ਗਿੱਲ ਨੇ ਆਪਣਾ ਕਲੀਨਿਕ ਬੰਦ ਕਰ ਦਿੱਤਾ। ਧੀਰੇ ਨੂੰ ਵੀ ਜਗਾ ਲਿਆ। ਉਹ ਤਿੰਨੇ ਡਾ. ਗਿੱਲ ਦੀ ਰਿਹਾਇਸ਼ ਤੇ ਪਹੁੰਚ ਗਏ। ਡਾ. ਨੇ ਮੱਛੀ ਵਗੈਰਾ ਦਾ ਆਰਡਰ ਪਹਿਲਾਂ ਹੀ ਦੇ ਦਿੱਤਾ ਸੀ। ਡਾ. ਗਿੱਲ ਨੂੰ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਕਿ ਧੀਰਾ ਸ਼ਰਾਬ ਨਹੀਂ ਪੀਂਦਾ। ਇਸ ਕਰਕੇ ਉਹ ਪਾਨਲੈਚੀ ਦਾ ਅੱਧੀਆ ਇੱਕ ਦੁਆਈ ਵਾਲ਼ੀ ਬੋਤਲ 'ਚ ਪਾ ਕੇ ਲੈ ਆਇਆ ਸੀ।

ਮੀਕੇ ਤੇ ਗਿੱਲ ਦੀਆਂ ਗਲਾਸੀਆਂ ਖੜਕ ਪਈਆਂ। ਧੀਰਾ ਨਾਲ਼ ਬੈਠਾ ਮੱਛੀ ਖਾਂਦਾ ਰਿਹਾ। ਡਾ. ਗਿੱਲ ਨੇ ਘੜੀ ਦੇਖੀ ਤੇ ਕਿਸੇ ਸੋਚ 'ਚ ਸਿਰ ਹਿਲਾਇਆ। ਉਸਨੇ ਕੋਈ ਇੰਜੈਕਸ਼ਨ ਧੀਰੇ ਦੇ ਲਾ ਦਿੱਤਾ। ਫਿਰ ਉਹ ਪਾਨਲੈਚੀ ਵਾਲ਼ੀ ਸ਼ੀਸ਼ੀ ਚੁੱਕ ਲਿਆਇਆ ਤੇ ਮੇਜ਼ ਤੇ ਰੱਖਦਾ ਬੋਲਿਆ:

"ਧੀਰੇ ਮੈਨੂੰ ਖ਼ੁਸ਼ੀ ਹੈ ਕਿ ਤੂੰ ਸ਼ਰਾਬ ਨਹੀਂ ਪੀਂਦਾ। ਕੁਝ ਨਹੀਂ ਰੱਖਿਆ ਇਸ ਪਾਪਣ 'ਚ। ਪਰ ਆ ਜਿਹੜੀ ਦੁਆਈ ਇਸਦੀਆਂ ਦੋ ਖ਼ੁਰਾਕਾਂ ਤੈਨੂੰ ਪੀਣੀਆਂ ਪੈਣਗੀਆਂ। ਇਸ ਵਿੱਚ ਥੋੜਾ ਨਸ਼ਾ ਵੀ ਹੈ ਤੇ ਘੋੜੇ ਜਿੰਨੀ ਤਾਕਤ ਵੀ।" ਇਹ ਕਹਿੰਦਿਆਂ ਉਸ ਸੌ ਕੁ ਐਮ.ਐਲ. ਧੀਰੇ ਨੂੰ ਪਾ ਦਿੱਤੀ। ਧੀਰਾ ਤਾਂ ਅੱਜ ਜ਼ਹਿਰ ਵੀ ਪੀ ਸਕਦਾ ਸੀ। ਉਹ ਇਕੋ ਸਾਹੇ ਪੀ ਗਿਆ।

ਤੁਰਨ ਲੱਗਿਆਂ ਡਾ. ਗਿੱਲ ਨੇ ਧੀਰੇ ਨੂੰ ਸਮਝਾਇਆ ਕਿ ਆ ਚਾਰ ਪੀਸ ਮੱਛੀ ਦੇ ਹੋਰ ਖਾ ਲੈ। ਰੋਟੀ ਬੇਸ਼ੱਕ ਨਾ ਖਾਈ। ਜੇ ਖਾਧੀ ਤਾਂ ਥੋੜੀ ਖਾਈ। ਡਾ. ਨੇ ਦੋ ਕੁ ਸੌ ਐਮ.ਐਲ. ਪਾਨਲੈਚੀ ਧੀਰੇ ਨੂੰ ਹੋਰ ਦਿੱਤੀ ਤੇ ਇੱਕ ਪੁੜੀ ਕੋਈ ਦੁਆਈ ਦਿੱਤੀ ਤੇ ਨਾਲ਼ ਹਦਾਇਤ ਕੀਤੀ,



"ਦੇਖ ਧੀਰੇ ਜੇ ਦਿਲ ਕਰੇ ਤਾਂ ਵੀ ਆਪਣੇ ਆਪ ਨੂੰ ਰੋਕੀ ਰੱਖਣਾ। ਸਿਰਫ਼ ਤਿੰਨ ਦਿਨ ਦਾ ਕੋਰਸ ਹੈ। ਉਸ ਤੋਂ ਬਾਅਦ ਤੈਨੂੰ ਖੁੱਲ੍ਹੀ ਛੁੱਟੀ। ਹਾਂ ਬਜ਼ਾਰ 'ਚ ਵਿਕਦੀਆਂ ਗੋਲ਼ੀਆਂ ਕਦੇ ਵੀ ਲੈ ਕੇ ਨੀ ਖਾਣੀਆਂ। ਉਹ ਤਾਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਲਾ ਦਿੰਦੀਆਂ ਹਨ। ਥੋੜੇ ਚਿਰੀ ਬੰਦਾ ਪੱਕੇ ਤੌਰ ਤੇ ਨਾ-ਮਰਦ ਹੋ ਜਾਂਦਾ ਹੈ।।"

ਮੀਕਾ ਤੇ ਧੀਰਾ ਰਾਤੀਂ ਨੌਂ ਕੁ ਵਜੇ ਘਰ ਪਹੁੰਚੇ।

ਨਸ਼ੇ ਦੀ ਲੋਰ 'ਚ ਧੀਰਾ ਸਿੱਧਾ ਆਪਣੇ ਬੈਡਰੂਮ 'ਚ ਚਲੇ ਗਿਆ। ਪਾਲੋ ਪਹਿਲਾਂ ਹੀ ਰਜਾਈ 'ਚ ਵੜੀ ਪਈ ਸੀ। ਸਵੇਰੇ ਦਸ ਕੁ ਵਜੇ ਮੀਕੇ ਨੇ ਆਪਣੇ ਦੋਸਤ ਡਾ. ਗਿੱਲ ਨੂੰ ਫ਼ੋਨ ਕੀਤਾ ਸੀ,

"ਗਿੱਲ ਸਾਹਿਬ ਮੁਬਾਰਕਾਂ! ਤੁਹਾਡੀ ਸਾਰੀ ਸਕੀਮ ਕਾਮਯਾਬ ਹੋ ਗਈ। ਧੀਰੇ ਨੂੰ ਮੈਂ ਕਿਹਾ ਕਿ ਗਿੱਲ ਹੁਰਾਂ ਕੋਲ਼ ਜਾ ਕੇ ਟੀਕਾ ਕਰਵਾ ਆ ਤਾਂ ਕਹਿਣ ਲੱਗਾ ਕਿ ਮੈਂ ਨੀ ਜਾਣਾ। ਅਖੇ ਮੈਂ ਉਨ੍ਹਾਂ ਤੋਂ ਝੂਠਾ ਪੈ ਗਿਆ ਹਾਂ। ਉਨ੍ਹੀਂ ਤਾਂ ਮੈਨੂੰ ਤਿੰਨ ਦਿਨ ਰੁਕਣ ਲਈ ਕਿਹਾ ਸੀ। ਪਰ ਮੈਂ ਆਪਣੇ ਆਪ ਨੂੰ ਰੋਕ ਨਾ ਸਕਿਆ।"

ਪਤਾ ਲੱਗਣ ਤੇ ਚਰਨੇ ਦਾ ਡਰ ਦੂਰ ਹੋ ਗਿਆ ਸੀ। ਹੁਣ ਵੀ ਚਾਹ ਪੀਂਦੇ ਨਿੰਮੋ ਤੇ ਚਰਨਾ ਬਾਗੇ ਦੀਆਂ ਗੱਲਾਂ ਕਰ ਰਹੇ ਸਨ। ਕੁਝ ਬੱਚੇ ਬੋੜ੍ਹ ਥੱਲੇ ਖੇਡ ਰਹੇ ਸਨ। ਇੱਕ ਗੁੱਟੇ ਤੇ ਚਿੱਟਾ ਰੁਮਾਲ ਬੰਨੀ ਖੇਡ ਰਹੇ ਅੱਠ ਕੁ ਸਾਲ ਦੇ ਬੱਚੇ ਵੱਲ ਇਸ਼ਾਰਾ ਕਰਕੇ ਨਿੰਮੋ ਕਹਿਣ ਲੱਗਾ,

"ਹਾਂ ਇੱਕ ਗੱਲ ਚੇਤੇ ਆਈ। ਆਹ ਮੁੰਡਾ ਚਿੱਟੇ ਰੁਮਾਲ ਵਾਲ਼ਾ ਉੱਚੀ ਵੀਹੀ ਵਾਲ਼ੇ ਬੰਤੇ ਦਾ ਪੋਤਾ ਮੰਟੂ ਹੈ। ਇਸੇ ਦੇ ਚਾਚੇ ਦਾ ਵਿਆਹ ਹੋਇਆ ਪਿਛਲੇ ਮਹੀਨੇ। ਵਹੁਟੀ ਬਈ ਨਿਰੀ ਬਾਗੇ ਦੀ ਸਿੰਨੋ ਵਰਗੀ। ਜਿਹਨੀਂ ਜਿਹਨੀਂ ਬਾਗੇ ਦੀ ਸਿੰਨੋ ਦੇਖੀ ਹੋਈ ਆ। ਉਹ ਇਹੀ ਕਹਿੰਦੇ ਨੇ ਕਿ ਸਿੰਨੋ ਦੂਜੀ ਵਾਰ ਇਸ ਪਿੰਡ 'ਚ ਵਿਆਹੀ ਆਈ ਹੈ।"

ਅਚਾਨਕ ਇੱਕ ਪਾਸੇ ਤੋਂ ਰੌਲ਼ਾ ਪਾਉਂਦੇ ਨਿਆਣੇ ਆਏ। ਬਾਗਾ ਉਨ੍ਹਾਂ ਦੇ ਅੱਗੇ ਅੱਗੇ। ਨਿਆਣੇ ਕਹਿਣ ਚਿੜੀ ਫੁਰਰਰ।

ਬਾਗੇ ਨੂੰ ਦੇਖ ਕੇ ਚਰਨੇ ਦੇ ਅੰਦਰ ਟੀਸ ਜਿਹੀ ਉੱਠੀ। ਉਸ ਹਾਕ ਮਾਰੀ, "ਬਾਗੇ! ਓ ਬਾਗੇ!"

ਬਾਗੇ ਨੇ ਕੋਈ ਧਿਆਨ ਨਾ ਦਿੱਤਾ।

ਨਿਆਣੇ ਬਾਗੇ ਦੁਆਲ਼ੇ ਘੇਰਾ ਘੱਤੀ ਘੁੰਮ ਰਹੇ ਵਾਰ ਵਾਰ ਕਹਿ ਰਹੇ ਸਨ, "ਬਾਗੇ ਦੀ ਚਿੜੀ ਫੁਰਰਰ- ਚਿੜੀ ਫੁਰਰਰ।" ਬਾਗੇ ਦੀ ਨਿਗਾਹ ਮੰਟੂ ਤੇ ਜੰਮੀ ਹੋਈ ਸੀ।

ਅਚਾਨਕ ਬਾਗੇ ਨੇ ਝੁਕ ਕੇ ਮੰਟੂ ਨੂੰ ਡੌਲ਼ਿਆਂ ਤੋਂ ਫੜ ਲਿਆ ਤੇ ਬੋਲਿਆ, "ਤੇਰੀ ਚਾਚੀ ਦੀ ਚਿੜੀ ਫੁਰਰਰ।" ਤੇ ਬਾਗਾ ਇੱਕ ਪਾਸੇ ਨੂੰ ਨੱਠ ਗਿਆ।

**ਮੋਬਾਇਲ**: 98151-57815

## ਸਾਨੂੰ ਰੱਬ ਨੇ ਬਣਾਇਆ.../ਹਰਜਿੰਦਰ ਸਿੰਘ ਸੂਰੇਵਾਲੀਆ

ਅਕਤੂਬਰ ਮਹੀਨੇ ਦਾ ਤੀਸਰਾ ਐਤਵਾਰ ਸੀ। ਮੇਰੇ ਪੜ੍ਹਣ ਲਿਖਣ ਵਾਲੇ ਮੇਜ਼ 'ਤੇ ਅੱਜ ਦੇ ਦਿਨ ਹੋਣ ਵਾਲੇ ਵਿਆਹਾਂ ਦੇ ਦੋ ਸੱਦਾ ਪੱਤਰ ਪਏ ਸਨ। ਦੋਵੇਂ ਵਿਆਹ ਸਾਡੇ ਸ਼ਹਿਰ ਦੇ ਵੱਖ - ਵੱਖ ਮੈਰਿਜ਼ ਪੈਲਸਾਂ 'ਚ ਸਨ। ਇਕ ਵਿਆਹ ਦਾ ਸੱਦਾ ਜ਼ਬਾਨੀ ਸੀ। ਮੈਂ ਅਜੇ ਤੱਕ ਫੈਸਲਾ ਨਹੀਂ ਕਰ ਸਕਿਆ ਸੀ ਕਿ ਕਿਹੜੇ ਵਿਆਹ 'ਚ ਸ਼ਾਮਲ ਹੋਇਆ ਜਾਵੇ।

ਜ਼ਬਾਨੀ ਸੱਦਾ ਪੱਤਰ ਰਾਤ ਹੀ ਮਿਲਿਆ ਸੀ। ਪਿੰਡ ਸ਼ਰੀਕੇ 'ਚੋਂ ਲੱਗਦੇ ਤਾਏ ਦੇ ਪੁੱਤ ਜਗਦੇਵ ਦਾ ਫੋਨ ਸੀ 'ਆਪਣੇ ਅਮਨਦੀਪ ਦੇ ਵਿਆਹ ਦੀ ਪਾਰਟੀ ਆ ਕੱਲ੍ਹ ਨੂੰ, ਘਰੇ ਈ। ਤੁਸੀਂ ਸਾਰੇ ਜ਼ਰੂਰ ਆਇਓ। ਬਾਰਾਂ ਇਕ ਵਜੇ ਪ੍ਰੋਗਰਾਮ ਸ਼ੁਰੂ ਕਰ ਲਵਾਂਗੇ।'

'ਵਿਆਹ ਕਦੋਂ ਸੀ ?'

'ਵਿਆਹ ਨਹੀਂ ਬੱਸ ਵੇਖਣ ਗਏ ਚੁੰਨੀ ਚੜ੍ਹਾ ਕੇ ਲੈ ਆਏ ਸੀ। ਵੀਹ ਕੁ ਦਿਨ ਹੋ ਗਏ। ਬੱਸ ਪਾਰਟੀ ਰੱਖਦੇ ਰੱਖਦੇ ਲੇਟ ਹੋ ਗਏ।' ਉਸਨੇ ਦੱਸਿਆ ਤੇ ਫੋਨ ਬੰਦ ਹੋ ਗਿਆ।

ਮੈਂ ਘਰਵਾਲੀ ਨੂੰ ਦੱਸਿਆ ਤਾਂ ਉਹ ਵੀ ਹੈਰਾਨ ਰਹਿ ਗਈ।

'ਚਲੋ ਚੰਗਾ ਹੋਇਆ, ਚੁੰਨੀ ਚੜ੍ਹਾਵਾ ਤਾਂ ਵਧੀਆ। ਰੀਸੋ ਰੀਸੀ ਮੈਰਿਜ਼ ਪੈਲਸਾਂ 'ਚ ਵਿਆਹ ਕਰਕੇ ਜੱਟ ਕਰਜ਼ਾਈ ਹੋਈ ਜਾਂਦੇ ਨੇ। ਇਹ ਤਾਂ ਜਗਦੇਵ ਸਿੰਘ ਨੇ ਵਧੀਆ ਕੀਤਾ।' ਘਰਵਾਲੀ ਦਾ ਪ੍ਰਤੀਕਰਮ ਸੀ।

ਮੈਰਿਜ਼ ਪੈਲਸਾਂ ਦੇ ਵਿਆਹ ਅਟੈਂਡ ਕਰਨ ਦੀ ਜ਼ਿੰਮੇਵਾਰੀ ਮਾਂ-ਪੁੱਤਾਂ ਨੂੰ ਸੌਂਪ ਕੇ ਮੈਂ ਪਿੰਡ ਵਾਲੀ ਪਾਰਟੀ 'ਚ ਜਾਣ ਦਾ ਫੈਸਲਾ ਕਰ ਲਿਆ। ਪਿੰਡ ਗਏ ਨੂੰ ਵੀ ਤਾਂ ਕਈ ਮਹੀਨੇ ਹੋ ਗਏ ਸਨ। ਹੁਣ ਪਿੰਡ ਕਿਹੜਾ ਜਾਇਆ ਜਾਂਦਾ। ਸਾਲ 'ਚ ਮਸਾਂ ਤਿੰਨ - ਚਾਰ ਗੇੜੇ ਲੱਗਦੇ ਹਨ। ਉਹ ਵੀ ਮਰਨੇ ਪਰਨਿਆਂ 'ਤੇ।

ਮੈਨੂੰ ਪਿੰਡ ਜਾਣ ਦਾ ਚਾਅ ਜਿਹਾ ਚੜ੍ਹ ਗਿਆ। ਆਪਣੇ ਘਰਾਂ 'ਚ ਵਿਆਹ ਸੀ ਤੇ ਆਪਣੇ ਭਰੱਪੇ ਦਾ ਇਹ ਵਧੀਆ ਮੌਕਾ ਸੀ। ਸ਼ਹਿਰ ਰਹਿਣ ਲੱਗੇ ਨੂੰ ਮੈਨੂੰ ਡੇਢ ਦਹਾਕੇ ਤੋਂ ਉਪਰ ਹੋ ਗਿਆ ਹੈ। ਨਵੀਂ ਪੀੜ੍ਹੀ ਦੇ ਮੁੰਡੇ ਕੁੜੀਆਂ ਦੀ ਤਾਂ ਮੈਨੂੰ ਕੋਈ ਪਛਾਣ ਹੀ ਨਹੀਂ ਰਹੀ। ਉਨ੍ਹਾਂ ਦੇ ਨੈਣ ਨਕਸ਼ ਵੇਖ ਕੇ ਅੰਦਾਜ਼ਾ ਲਾਉਂਦਾ ਹਾਂ ਕਿ ਇਹ ਕਿਨ੍ਹਾਂ ਦਾ ਧੀ-ਪੁੱਤ ਹੈ।

ਜ਼ਿੰਦਗੀ ਵੀ ਕਿੰਨੀ ਜਟਿਲ ਹੋ ਗਈ ਹੈ।

ਤੁਰਦੇ - ਤੁਰਦੇ ਮੈਨੂੰ ਦੋ - ਤਿੰਨ ਕੰਮ ਯਾਦ ਆ ਗਏ ਜੋ ਅੱਜ ਹੀ ਕਰਨ ਵਾਲੇ ਸਨ ਤੇ ਇਕ ਵਜੇ ਤੋਂ ਪਹਿਲਾਂ ਮੈਂ ਸ਼ਹਿਰੋਂ ਹੀ ਨਾ ਨਿਕਲ ਸਕਿਆ। ਨਹਿਰ ਸਰਹਿੰਦ ਦਾ ਸਵਾ ਸੌ ਪੁਰਾਣਾ ਪੁਲ ਉਤਰਦਿਆਂ ਹੀ ਪਿੰਡ ਦੀ ਜੂਹ ਸ਼ੁਰੂ ਹੋ ਜਾਂਦੀ ਹੈ। ਜਦੋਂ ਵੀ ਪਿੰਡ ਦੀ ਜੂਹ 'ਚ ਦਾਖਲ ਹੋਈਦਾ ਹੈ ਤਾਂ ਅਜੀਬ ਜਿਹਾ ਚਾਅ ਚੜ੍ਹ ਜਾਂਦਾ ਹੈ। ਦੋ ਵੱਜਣ ਵਾਲੇ ਸਨ, ਮੈਂ ਪਿੰਡ ਵਿਚ ਵੜਣ ਦੀ ਬਜਾਏ ਬਾਹਰਲੀ ਫਿਰਨੀ ਤੋਂ ਹੀ ਕਾਰ ਜਗਦੇਵ ਦੇ ਘਰ ਵੱਲ ਮੋੜ ਲਈ। ਅੱਠ ਦਸ ਸਾਲ ਪਹਿਲਾਂ ਦੋਵੇਂ ਭਰਾ ਜਗਦੇਵ ਤੇ ਬਲਦੇਵ ਅੱਡੋ ਅੱਡ ਹੋਏ ਸਨ ਤਾਂ ਜਗਦੇਵ ਨੇ ਪਿੰਡ ਵਾਲਾ ਘਰ ਭਰਾ ਨੂੰ ਛੱਡ ਦਿੱਤਾ ਸੀ। ਤੇ ਆਪ ਖੇਤ ਪੱਕੀ ਸੜਕ ਤੋਂ ਪੰਜ-ਛੇ ਕਿਲੇ ਜਾ ਕੇ ਪਹੀ 'ਤੇ ਉਸਨੇ ਇਕ ਕਨਾਲ ਦੇ ਵਿਚ ਵਾਹਵਾ ਗੁਜ਼ਾਰੇ ਜੋਗਾ ਮਕਾਨ ਪਾ ਲਿਆ ਸੀ। ਸਾਡੇ ਅੰਦਰਲੇ ਘਰ ਨਾਲ ਜਗਦੇਵ ਕੇ ਘਰ ਦੀ ਕੰਧ ਸਾਂਝੀ ਸੀ।

ਦੂਰ ਤੱਕ ਸੁਨਹਿਰੀ ਭਾਅ ਮਾਰਦੇ ਅਤੇ ਮਹਿਕਾਂ ਬਿਖੇਰਦੇ ਝੋਨੇ ਦੇ ਖੇਤ ਸਨ। ਅੱਧ ਤੋਂ ਵੱਧ ਝੋਨਾ ਵੱਢਿਆ ਜਾ ਚੁੱਕਾ ਸੀ। ਵੱਢੇ ਹੋਏ ਝੋਨੇ ਦੀ ਪਰਾਲੀ ਨੂੰ ਅੱਗ ਲਾਈ ਹੋਣ ਕਰਕੇ ਕਈ ਖੇਤਾਂ 'ਚ



ਕਾਲੋਂ ਵਿਛੀ ਹੋਈ ਸੀ। ਜਗਦੇਵ ਨੇ ਵੀ ਆਪਣਾ ਝੋਨਾ ਵੱਢ ਲਿਆ ਸੀ ਤੇ ਇਕ ਕਿਲਾ ਵਾਹ ਸਵਾਰ ਕੇ ਪੱਧਰਾ ਕਰ ਰੱਖਿਆ ਸੀ। ਇਸ ਕਿਲੇ ਵਿਚ ਪੰਜ ਛੇ ਕਾਰਾਂ ਜੀਪਾਂ, ਪੰਦਰਾਂ ਵੀਹ ਮੋਟਰ ਸਾਇਕਲ ਤੇ ਦੋ ਤਿੰਨ ਟਰੈਕਟਰ ਟਰਾਲੀਆਂ ਖੜੇ ਸਨ। ਮੈਂ ਵੀ ਠੀਕ ਜਿਹਾ ਥਾਂ ਵੇਖ ਕੇ ਗੱਡੀ ਇਕ ਪਾਸੇ ਲਾ ਦਿੱਤੀ।

ਸਵਾਤਾਂ ਤੇ ਵਰਾਡਿਆਂ ਦੇ ਮੂਹਰੇ ਉਹਨੇ ਕਨਾਲ ਕੁ ਥਾਂ ਵਲਿਆ ਹੋਇਆ ਸੀ। ਗਿਆਰਾਂ ਫੁੱਟ ਚੌੜਾ ਲੋਹੇ ਦਾ ਵੱਡਾ ਬਾਰ ਸੀ। ਇਸ ਬਾਰ ਦੇ ਇਕ ਪਾਸੇ ਮੋਟਰ ਵਾਲਾ ਕੋਠਾ ਸੀ। ਚਾਰ ਕੁ ਮਰਲਿਆਂ 'ਚ ਤਿੰਨ ਚਾਰ ਦਰਖਤ ਸਨ। ਇਹਨਾਂ ਹੇਠ ਚਾਰ ਪੰਜ ਮੱਝਾਂ ਗਾਵਾਂ ਬੈਠੀਆਂ ਸਨ। ਅੱਜ ਤੋਂ ਦੋ ਕੁ ਦਹਾਕੇ ਪਹਿਲਾਂ ਵਿਹੜੇ ਵਿਚ ਲੱਗੀ ਚਾਨਣੀ ਵਿਆਹ ਵਾਲੇ ਘਰ ਦੀ ਪਛਾਣ ਹੁੰਦੀ ਸੀ। ਜੇਕਰ ਵਿਆਹ ਮੁੰਡੇ ਦਾ ਹੁੰਦਾ ਤਾਂ ਕੋਠੇ 'ਤੇ ਸਿਰਹਾਣੇ ਪਰਨੇ ਜੋੜ ਕੇ ਖੜੇ ਮੰਜਿਆਂ 'ਤੇ ਸਪੀਕਰ ਟੰਗਿਆ ਹੁੰਦਾ ਸੀ। ਜਗਦੇਵ ਸਿੰਘ ਦੇ ਘਰ ਵੀ ਚਾਨਣੀ ਲੱਗੀ ਹੋਈ ਸੀ ਜੋ ਕੰਧਾਂ ਦੇ ਉਤੋਂ ਦੀ ਦਿਖ ਰਹੀ ਸੀ।

'ਆਜਾ ਪਾੜ੍ਹਿਆ ਆਜਾ। ਟਾਇਮ ਸਿਰ ਹੀ ਆ ਗਿਆਂ।' ਮੈਂ ਵਿਹੜੇ ਵਿਚ ਦਾਖਲ ਹੋਇਆ ਤਾਂ ਬਲਦੇਵ ਨੇ ਕਿਹਾ।

ਚਾਨਣੀ ਹੇਠ ਕਨਾਤਾਂ ਨਾਲ ਵਿਹੜੇ ਨੂੰ ਦੋ ਹਿੱਸਿਆਂ 'ਚ ਵੰਡਿਆ ਹੋਇਆ ਸੀ। ਕਨਾਤਾਂ ਦੇ ਨਾਲ ਜਿਹੇ ਕਰਕੇ ਬਰਾ ਬਰੋਬਰ ਡਾਹੀਆਂ ਲੱਕੜ ਦੀਆਂ ਦੋ ਅਰਾਮ ਕੁਰਸੀਆਂ 'ਤੇ ਨਵਾਂ ਵਿਆਹਿਆ ਜੋੜਾ ਬੈਠਾ ਸੀ। ਉਨ੍ਹਾਂ ਦੇ ਮੂਹਰੇ ਛੋਟੀ ਜਿਹੀ ਤਪਾਈ ਰੱਖੀ ਹੋਈ ਸੀ। ਰਿਸ਼ਤੇਦਾਰ, ਸੱਜਣ, ਸੁਨੇਹੀਂ ਤੇ ਪਿੰਡ ਵਾਲੇ ਵਾਰਨੇ ਕਰ ਚੁੱਕੇ ਸਨ। ਵਿਆਹਿਆ ਜੋੜਾ ਆਪਣਾ ਸ਼ਗਨਾਂ ਦੇ ਰੁਪਏ ਸੰਭਾਲਦਾ ਉਠਣ ਹੀ ਵਾਲਾ ਸੀ, ਮੈਂ ਤੁਰੇ ਆਉਂਦੇ ਨੇ ਪਿੰਡ 'ਚੋਂ ਬਟੂਆ ਕੱਢਕੇ ਸੌ ਸੌ ਰੁਪਏ ਦੇ ਦੋ ਨੋਟ ਆਪਣੇ ਸੱਜੇ ਹੱਥ ਵਿਚ ਫੜ ਲਏ।

ਵਿਆਹਿਆ ਜੋੜਾ ਹੁਣ ਫਿਰ ਸ਼ਗਨ ਲੈਣ ਵਾਲੀ ਮੁਦਰਾ 'ਚ ਬੈਠ ਗਿਆ ਤੇ ਮੈਂ ਉਨ੍ਹਾਂ ਦੇ ਪਿੱਛੇ ਜਾ ਕੇ ਦੋਹਾਂ ਦੀ ਬੁੱਕਲ 'ਚ ਇਕ - ਇਕ ਨੋਟ ਸੁੱਟ ਕੇ ਸਿਰਾਂ 'ਤੇ ਹੱਥ ਰੱਖ ਦਿੱਤੇ।

ਕੈਮਰੇ ਵਾਲਾ ਫੋਟੋ ਖਿੱਚਣ ਲਈ ਤਿਆਰ ਖੜਾ ਸੀ।

'ਆ ਜਾ ਭਾਬੀ ਤੂੰ ਹੀ ਖੜ ਜਾ ਮੇਰੇ ਨਾਲ।' ਨੇੜੇ ਖੜੀ ਮੁੰਡੇ ਦੀ ਮਾਂ ਨੂੰ ਮੈਂ ਸ਼ਰਾਰਤ ਨਾਲ ਕਿਹਾ।

'ਕਿਉਂ ਖੜਜਾਂ ਵੇ ਪਾੜ੍ਹਿਆ, ਪਾੜ੍ਹੀ ਨੂੰ ਲੈ ਕੇ ਆਉਂਦਾ।' ਭਰਜਾਈ ਨੇ ਵੀ ਉਸੇ ਲਹਿਰੇ 'ਚ ਕਿਹਾ ਤਾਂ ਉਥੇ ਬੈਠੀਆਂ ਸਾਰੀਆਂ ਕੁੜੀਆਂ ਬੁੜੀਆਂ ਹੱਸ ਪਈਆਂ। 'ਜ਼ਨਾਨੀ ਨਾ ਹੋਗੀ, ਟਰਾਲੀ ਹੋ ਗਈ। ਬਈ ਜੇ ਆਪਣੀ ਹੈਣੀ ਤਾਂ ਦੂਜੇ ਦੀ ਪਾ ਲਈ।' ਜਗਦੇਵ ਨੇ ਮੇਰਾ ਮੋਢਾ ਹਲੂਣਦਿਆਂ ਕਿਹਾ।

ਵਿਆਂਦੜ ਜੋੜਾ ਹੱਸਦਾ ਹੋਇਆ ਆਪਣੇ ਸ਼ਗਨ ਸੰਭਾਲਦਾ ਅੰਦਰ ਨੂੰ ਤੁਰ ਗਿਆ। ਥਾਂ ਸਿਰ ਲੱਗਦੀਆਂ ਮੇਰੀਆਂ ਚਾਚੀਆਂ - ਤਾਈਆਂ ਮੇਰਾ ਸਿਰ ਪਲੋਸ ਕੇ ਸੁੱਖ ਸਾਂਦ ਪੁੱਛਣ ਲੱਗੀਆਂ। ਸਾਰੀਆਂ ਗਿਲਾ ਕਰ ਰਹੀਆਂ ਸਨ ਕਿ ਮੇਰੀ ਪਤਨੀ ਕਿਉਂ ਨਹੀਂ ਨਾਲ ਆਈ। ਇਧਰੋਂ ਵਿਹਲਾ ਹੋ ਕੇ ਮੈਂ ਆਪਣੇ ਯਾਰਾਂ ਦੋਸਤਾਂ ਤੇ ਚਾਚੇ ਤਾਏ ਬਾਬਿਆਂ ਵੱਲ ਹੋ ਗਿਆ। ਕੋਈ ਕੁਰਸੀ 'ਤੇ ਇਧਰ ਬੈਠਾ ਸੀ ਤੇ ਕੋਈ ਮੰਜੇ 'ਤੇ ਉਧਰ। ਵੀਹ ਪੱਚੀ ਬੰਦੇ ਸਨ। ਕੋਈ ਕਿਸੇ ਨਾਲ ਗੱਲੀਂ ਲੱਗਿਆ ਹੋਇਆ ਸੀ ਤੇ ਕੋਈ ਕਿਸੇ ਨਾਲ। ਸਾਰਿਆਂ ਨਾਲ ਹੱਥ ਮਿਲਾ ਕੇ ਮੈਂ ਇਕ ਕੁਰਸੀ ਖਿੱਚ ਕੇ ਤਾਏ ਸੁੱਚੇ ਕੋਲ ਬੈਠ ਗਿਆ। ਉਸਨੇ ਮੇਰੇ ਪਰਿਵਾਰ ਦੀ ਖੈਰ ਸੁੱਖ ਪੁੱਛੀ ਤੇ ਫਿਰ ਅਸੀਂ ਇਧਰ ਉਧਰ ਦੀਆਂ ਗੱਲਾਂ ਕਰਦੇ ਰਹੇ। ਇਕ ਮੁੰਡਾ ਮੈਨੂੰ ਸਟੀਲ ਦੇ ਗਲਾਸ 'ਚ ਚਾਹ ਤੇ ਭੁਜੀਆ ਬਦਾਨੇ ਦੀ ਪਲੇਟ ਦੇ ਗਿਆ।

ਪ੍ਰੀਹਿਆਂ ਨੇ ਚਾਨਣੀ ਹੇਠ ਚਾਰ ਪੰਜ ਮੇਜ਼ ਇਕ ਲਾਈਨ 'ਚ ਰੱਖ ਕੇ ਦੋਹੀਂ ਪਾਸੀਂ ਕੁਰਸੀਆਂ ਲਾ ਦਿੱਤੀਆਂ। ਦੇਸੀ ਸ਼ਰਾਬ ਦੀ ਹਵਾੜ੍ਹ ਛੱਡਦੀਆਂ ਮੇਜ਼ਾਂ 'ਤੇ ਅੰਗਰੇਜ਼ੀ ਸ਼ਰਾਬ ਦੀਆਂ ਬੋਤਲਾਂ ਟਿਕਾ ਦਿੱਤੀਆਂ। ਫੇਰ ਮੇਜ਼ਾਂ 'ਤੇ ਸਲਾਦ ਦੀਆਂ ਪਲੇਟਾਂ ਤੇ ਮੀਟ ਦੇ ਡੋਂਗ੍ਹੇ ਲਿਆ ਰੱਖੇ। 'ਆ ਜੋ ਬਈ ਆ ਜੋ, ਏਥੇ ਆ ਜੋ।' ਮੁੰਡੇ ਦਾ ਪਿਓ ਜਗਦੇਵ ਵਿਹੜੇ 'ਚ ਬੇਤਰਤੀਬੀ 'ਚ ਬੈਠੇ ਬੰਦਿਆਂ ਨੂੰ ਇਸ਼ਾਰੇ ਕਰ ਰਿਹਾ ਸੀ ਤੇ ਕਈਆਂ ਨੂੰ ਉਹ ਬਾਹੋਂ ਫੜ ਕੇ ਉਠਾ ਰਿਹਾ ਸੀ। ਜਗਦੇਵ ਆਪ ਵੀ ਪੀਣ ਦਾ ਸ਼ੌਕੀਨ ਸੀ ਇਸੇ ਕਰਕੇ ਉਹ ਕਾਹਲ ਕਰ ਰਿਹਾ ਸੀ। ਸਾਰੇ ਜਣੇ ਜਕੋ ਤਕੀ ਜਿਹੀ 'ਚ ਸਨ।

'ਆ ਜੋ ਯਾਰ ਆ ਜੋ। ਜਦੋਂ ਪੀਣੀ ਈ ਪੀਣੀ ਐ ਤਾਂ ਫੇਰ ਲੇਟ ਕਾਹਨੂੰ ਹੋਣੇ। ਜਦੋਂ ਲੱਸੀ ਲੈਣ ਜਾਈਦੈ ਫੇਰ ਕੁੱਜਾ ਨਹੀਂ ਲਕੋਈਦਾ।' ਬਲਦੇਵ ਨੇ ਇਹ ਕਹਿ ਕੇ ਦੋ ਤਿੰਨ ਰਿਸ਼ਤੇਦਾਰਾਂ ਨੂੰ ਉਠਾ ਲਿਆ। ਕਈ ਆਪਣੇ ਆਪ ਈ ਕੁਰਸੀਆਂ 'ਤੇ ਆ ਬੈਠੇ।

ਤੇ ਗਲਾਸੀਆਂ ਖੜਕਣ ਲੱਗ ਪਈਆਂ। ਬਹੁਤੇ ਅਜੇ ਵੀ ਇਧਰ ਉਧਰ ਬੈਠੇ ਸਨ।

'ਮਾਸਟਰਾ ਐਂ ਤਾਂ ਨਹੀਂ ਸਰਨਾ ! ਬਹੁਤਾ ਸੰਗ ਨਾ।' ਜਗਦੇਵ ਦੇ ਤਾਏ ਦਾ ਪੁੱਤ ਬੀਰਾ ਮੈਨੂੰ ਬਾਹੋਂ ਫੜ ਕੇ ਉਠਾ ਕੇ ਲੈ ਗਿਆ।

'ਸਦੇਹਾਂ... ਸਦੇਹਾਂ ਬਾਹਲਾ ਐ ਯਾਰ...।' ਮੈਂ ਕਿਹਾ।

'ਪਤੰਦਰਾ ਸਦੇਹਾਂ ? ਤਿੰਨ ਵੱਜਣ ਵਾਲੇ ਹੋਏ ਪਏ ਆ। ਨਾਲੇ ਯਾਰ ਵਿਆਹ ਐ ਵਿਆਹ। ਚੱਲ ਚੱਕ ਗਿਲਾਸ।' ਉਨ੍ਹਾਂ ਪਹਿਲਾਂ ਹੀ ਪਾਏ ਪੈਗ ਵਾਲਾ ਗਿਲਾਸ ਮੇਰੇ ਮੂੰਹ ਕੋਲ ਕਰ ਦਿੱਤਾ।

ਰੂੜੀ ਮਾਰਕਾ ਦੀ ਤਿੱਖੀ ਗੰਧ ਮੇਰੀਆਂ ਨਾਸਾਂ ਨੂੰ ਚੜ੍ਹ ਗਈ

ਮੈਂ ਹੋਰ ਪਾਣੀ ਪਾਇਆ ਤੇ ਗਿਲਾਸ ਮੂੰਹ ਨੂੰ ਲਾ ਲਿਆ।

'ਓ ਐਨੀ ਕੌੜੀ ?' ਮੈਂ ਦੋ ਤਿੰਨ ਕੁ ਘੁੱਟਾਂ ਹੀ ਪੀ ਸਕਿਆ।

'ਬਾਹਲੀ ਤੇਜ਼ ਆ ਯਾਰ।' ਮੈਂ ਕਿਹਾ।

'ਤੇਰੇ ਬਾਈ ਨੇ ਨਾਲ ਕਢਾਈ ਆ। ਕੱਲ੍ਹ ਹੀ ਕੱਢੀ ਆ। ਦਾਰੂ ਕਰਕੇ ਤਾਂ ਪਾਰਟੀ ਲੇਟ ਹੋ ਗਈ।' ਬੀਰੇ ਨੇ ਹਿੱਕ 'ਤੇ ਹੱਥ ਮਾਰ ਕੇ ਕਿਹਾ। ਦਾਰੂ ਕੱਢਣ ਦਾ ਬਹੁਤ ਤਜ਼ਰਬਾ ਸੀ। ਉਹਦੇ ਹੱਥੋਂ ਹਮੇਸ਼ਾਂ ਹੀ ਵਧੀਆ ਦਾਰੂ ਨਿਕਲਦੀ।

'ਜੱਟ ਬੜੇ ਬਾਬੇ ਹੁੰਦੇ ਆ। ਭੁਲੇਖਾ ਤਾਂ ਇਓਂ ਪੈਂਦਾ ਜਿਵੇਂ ਮੈਕਡਾਵਲ ਨੰਬਰ ਵੰਨ ਹੋਵੇ। ਤੁਸੀਂ ਇਨ੍ਹਾਂ ਬੋਤਲਾਂ ਦੇ ਮੂੰਹ 'ਚੋਂ ਉਹ ਗੁੱਲ੍ਹੇ ਜਿਹੇ ਕਿਵੇ ਕੱਢ ਲੈਂਦੇ ਹੋ ?' ਮੈਨੂੰ ਹੈਰਾਨੀ ਹੋ ਰਹੀ ਸੀ ਉਨ੍ਹਾਂ ਦੀ ਚੁਸਤੀ ਚਲਾਕੀ 'ਤੇ।

'ਸਭ ਕੁਝ ਕਰ ਲਈਦਾ। ਬੋਤਲ ਦਾ ਮੂੰਹ ਡੁਬੋ ਦਈਦਾ ਤੱਤੇ ਪਾਣੀ 'ਚ ਤੇ ਗੁੱਲਾ ਜਿਹਾ ਸੂਏ ਨਾਲ ਖਿੱਚ ਲਈਦਾ। ਸੁੱਕੀ ਚਾਹ ਪਾਉਣ ਨਾਲ ਇਸਦਾ ਰੰਗ ਵਿਸਕੀ ਵਰਗਾ ਬਣ ਜਾਂਦਾ। ਜੇ ਲੱਡੂਆ ਰੰਗ ਪਾ ਦਈਏ ਤਾਂ ਇਹਦਾ ਰੰਗ ਸੰਤਰੀ ਬਣ ਜਾਂਦਾ। ਫਿਰ ਇਹ ਮੋਟਾ ਸੰਤਰਾ ਲੱਗਦੀ ਆ। ਪਰ ਤੂੰ ਤਾਂ ਐਂ ਕਰਦਾਂ ਜਿਵੇਂ ਤੈਥੋਂ ਕੁਝ ਭੁੱਲਿਆ ਹੋਵੇ।' ਬੀਰੇ ਨੇ ਕਿਹਾ ਤੇ ਮੈਨੂੰ ਟਕੋਰ ਲਾਈ। ਇਕ ਵੇਰਾਂ ਇਥੇ ਖੇਤ ਹੀ ਮੈਂ ਤੇ ਮੇਰਾ ਚਾਚਾ ਇੰਜਣ ਵਾਲੇ ਕੋਠੇ 'ਚ ਦੁਪਹਿਰੇ ਤੌੜਾ ਕੱਢ ਰਹੇ ਸਾਂ। ਗਰਮੀਆਂ ਦੀ ਦੁਪਹਿਰ ਸੀ। ਇਹ ਬੀਰਾ ਉਤੇ ਆ ਗਿਆ ਸੀ। ਆਪਣੇ ਖੇਤ ਫਿਰਦੇ ਬੀਰੇ ਨੇ ਇੰਜਣ ਵਾਲੇ ਕੋਠੇ ਵਿਚੋਂ ਦੇਰ ਤੱਕ ਨਿਕਲਦਾ ਧੂੰਆਂ ਵੇਖ ਲਿਆ ਸੀ।

'ਜੱਟਾਂ ਦਾ ਕਿਹੜਾ ਮੁੰਡਾ ਹੋਊ ਜਿਹਨੂੰ ਸ਼ਰਾਬ ਕੱਢਣੀ ਨਾ ਆਉਂਦੀ ਹੋਊ ? ਕਿ ਹੋਊ ਕੋਈ ?' ਬੀਰੇ ਨੇ ਕਿਹਾ ਤੇ ਕੌਲੀ 'ਚ ਚੰਗਾ ਚੰਗਾ ਮੀਟ ਪਾ ਕੇ ਮੇਰੇ ਮੂਹਰੇ ਰੱਖ ਦਿੱਤਾ।

'ਜੱਟਾਂ ਦਾ ਨਾ ਕਹਿ ਤੂੰ ਆਪਣੇ ਪਿੰਡ ਦਾ ਕਹਿ।' ਮੈਂ ਉਸਦੀ ਗਲਤੀ ਨੂੰ ਦਰੁਸਤ ਕੀਤਾ ਤੇ ਆਪਣਾ ਪੈਗ ਖਤਮ ਕਰਕੇ ਮੀਟ ਵਾਲੀ ਕੌਲੀ ਚੁੱਕ ਲਈ।



'ਮਾਸਟਰਾ ਆਹ ਵੀ ਲੈ ਲਾ ਰਮਾਲੇ ਜਿਹੇ। ਕੀ ਕਹਿਣੇ ਹੁਣੇ ਆਂ ਤੁਸੀਂ ਇਹਨੂੰ ਨੈਪਕਨ ਜਿਹੇ।' ਉਸਨੇ ਨੈਪਕਿਨਾਂ ਦਾ ਇਕ ਪੈਕਟ ਮੇਰੇ ਮੂਹਰੇ ਰੱਖ ਦਿੱਤਾ।

ਪਹਿਲੇ ਪੈਗ ਨਾਲ ਹੀ ਸੂਰ ਆ ਗਿਆ। ਕਈ ਤਾਂ ਦੋ ਦੋ ਪੈਗ ਲਾ ਚੁੱਕੇ ਸਨ। ਤੇ ਗੱਲੀਂ ਜੁਟੇ ਹੋਏ ਸਨ। ਦਾਰੂ ਗੱਲਾਂ ਨੂੰ ਤੇ ਘਿਓ ਮੱਲਾਂ ਨੂੰ। ਬੀਰੇ ਨਾਲ ਮੇਰੀ ਦੋਸਤੀ ਬਚਪਨ ਤੋਂ ਹੀ ਹੈ। ਅਸੀਂ ਪਹਿਲੀ ਤੋਂ ਚੌਥੀ ਪੰਜਵੀਂ ਤੱਕ ਇਕੱਠੇ ਹੀ ਪੜ੍ਹੇ ਸਾਂ। ਉਹ ਐਵੇਂ ਹੀ ਪੜ੍ਹਣੋਂ ਹੱਟ ਕੇ ਮਾਲ ਚਾਰਨ ਲੱਗ ਪਿਆ ਸੀ। ਤੇ ਚੌਦਾਂ ਪੰਦਰਾਂ ਸਾਲ ਦੀ ਉਮਰ ਤੱਕ ਉਹਨੇ ਹਲ ਦੀ ਮੁੰਨੀ ਫੜ ਲਈ ਸੀ। ਬੀਰੇ ਨੂੰ ਗੱਲਾਂ ਸੁਣਾਉਣ ਦਾ ਸ਼ੌਂਕ ਏ ਤੇ ਮੈਨੂੰ ਸੁਣਨ ਦਾ। ਜਦੋਂ ਪਿੰਡ ਆਉਂਦਾ ਹਾਂ ਤਾਂ ਬੀਰੇ ਨੂੰ ਜ਼ਰੂਰ ਮਿਲ ਕੇ ਜਾਂਦਾ ਹਾਂ। ਉਸਤੋਂ ਸਾਰੇ ਪਿੰਡ ਦੀ ਖ਼ਬਰ ਸਾਰ ਦਾ ਪਤਾ ਲੱਗ ਜਾਂਦਾ ਹੈ।

'ਬੀਰੇ ਯਾਰ ਆਪਣੇ ਸਾਰੇ ਘਰਾਂ ਨੂੰ ਨੀਂ ਸੱਦਿਆ ਲੱਗਦਾ ? ਤਿੰਨ ਚਾਰ ਕੁ ਮੁੰਡੇ ਫਿਰਦੇ ਆ।' ਮੈਨੂੰ ਆਪਣੇ ਸ਼ਰੀਕੇ 'ਚੋਂ ਕੋਈ ਨਾ ਦਿਸਿਆ ਤਾਂ ਮੈਂ ਪੁੱਛਿਆ।

'ਹੁਣ ਉਹ ਗੱਲਾਂ ਨਹੀਂ ਰਹੀਆਂ। ਕਈਆਂ ਨਾਲ ਇਨ੍ਹਾਂ ਦੇ ਮੂੰਹ ਮੋਟੇ ਆ। ਆਪਣੀ ਪੱਤੀ ਨਾਲੋਂ ਦੂਜਿਆਂ ਨਾਲ ਬਾਹਲਾ ਵਰਤਦੇ ਆ। ਆਹ ਵੇਖ ਚੀਨਿਆਂ ਦਾ ਬੀਰ ਦਵਿੰਦਰ। ਇਨ੍ਹਾਂ ਦੇ ਘਰ ਦਾ ਮੋਹਰੀ ਬਣਿਆ ਫਿਰਦਾ। ਬਲਦੇਵ ਦੀ ਵੀ ਇੰਨ੍ਹੀਂ ਨਹੀਂ ਚੱਲਦੀ ਜਿੰਨੀ ਇਹਦੀ ਚੱਲਦੀ ਆ। ਸਿਰਫ ਖੇਤ ਦਾ ਗੁਆਂਢ ਈ ਆ ਹੋਰ ਇਨ੍ਹਾਂ ਨਾਲ ਕਿਹੜਾ ਜਗਦੇਵ ਦੇ ਈਤੇ ਸਾਂਝੇ ਆ।' ਬੀਰਾ ਵੀ ਜਿਵੇਂ ਭਰਿਆ ਪੀਤਾ ਬੈਠਾ ਸੀ।

'ਗਲੋਬਲਾਈਜੇਸ਼ਨ ਦਾ ਜ਼ਮਾਨਾ ਐ।' ਮੈਂ ਹੱਸਦੇ ਹੋਏ ਕਿਹਾ। ਪਰ ਬੀਰਾ ਮੇਰਾ ਮਤਲਬ ਨਹੀਂ ਸਮਝਿਆ।

'ਉਹ ਕਿਵੇਂ ਆਂ ਭਤੀਜ।' ਤਾਏ ਮੋਹਨੇ ਨੇ ਪਹਿਲਾਂ ਮੈਨੂੰ ਫਤਿਹ ਬੁਲਾਉਣ ਵਾਲਿਆਂ ਵਾਂਗ ਹੱਥ ਚੱਕਿਆ ਤੇ ਫਿਰ ਵੱਡਾ ਹੋਣ ਦੇ ਨਾਤੇ ਹਾਲ ਚਾਲ ਪੁੱਛਿਆ।

'ਵਧੀਐ ਤਾਊ ਤੂੰ ਸੁਣਾ। ਕਿਵੇਂ ਕੁਝ ਡਾਊਨ ਜਿਹਾ ਲੱਗਦੈਂ।' ਮੈਂ ਜਵਾਬ ਦੇ ਕੇ ਗਹੁ ਨਾਲ ਉਸ ਵੱਲ ਵੇਖਿਆ।

'ਹੁਣ ਤਾਂ ਡਾਊਨ ਈ ਹੋਣੈ। ਬਾਬੇ ਫਰੀਦ ਦੀ ਆਖਤ, ਫਰੀਦਾ ਅੱਗਾ ਨੇੜੇ ਆਇਆ ਪਿੱਛੇ ਰਿਹਾ ਦੂਰ।' ਉਸਨੇ ਉਦਾਸ ਸੁਰ 'ਚ ਕਿਹਾ ਤੇ ਬੈਠਦੇ ਨੇ ਹੀ ਬੋਤਲ ਤੇ ਗਲਾਸ ਚੁੱਕ ਲਿਆ। ਵਾਕਿਆ ਈ ਹੁਣ ਉਸਦਾ ਅੱਗਾ ਨੇੜੇ ਆ ਗਿਆ ਸੀ। ਉਸਦੀ ਦਾਹੜੀ, ਮੁੱਛਾਂ ਤੇ ਅੱਖਾਂ ਦੀਆਂ ਝਿਮਣੀਆਂ ਦੇ ਵਾਲ ਵੀ ਸਾਰੇ ਸਫੈਦ ਹੋ ਗਏ ਸਨ। ਝੁਰੜੀਆਂ ਵਾਲੇ ਚਿਹਰੇ 'ਤੇ ਅੱਖਾਂ ਅੰਦਰ ਨੂੰ ਧੱਸ ਗਈਆਂ ਸਨ। ਉਹਦੇ ਤੇੜ ਘਸਮੈਲਾ ਜਿਹਾ ਕੁੜਤਾ ਪਜ਼ਾਮਾ ਸੀ। ਪੁਰਾਣੀ ਨੀਲੀ ਪੱਗ ਦਾ ਰੰਗ ਫਿੱਟ ਚੁੱਕਿਆ ਸੀ ਤੇ ਪੱਗ ਵਿਚੋਂ ਅਣਵਾਹੀਆਂ ਚਿੱਟੀਆਂ ਜਟੂਰੀਆਂ ਬਾਹਰ ਨਿਕਲ ਰਹੀਆਂ ਸਨ। ਉਸਦੀ ਹਾਲਤ ਵੇਖ ਕੇ ਲੱਗਦਾ ਸੀ ਕਿ ਜਿਵੇਂ ਉਹ ਤੁਰਿਆ ਫਿਰਦਾ ਹੀ ਇਧਰ ਆ ਨਿਕਲਿਆ ਹੋਵੇ।

'ਵੇਖ ਲੈ ਬੁਢਾਪੇ 'ਚ ਬੰਦੇ ਦਾ ਕੀ ਹਾਲ ਹੋ ਜਾਂਦੇ। ਜਵਾਨੀ ਵੇਲੇ ਇਹ ਵੀ ਮੋਢਿਆਂ ਉਤੋਂ ਦੀ ਥੁੱਕਦਾ ਸੀ।' ਬੀਰੇ ਨੇ ਮੋਹਨੇ ਵੱਲ ਇਸ਼ਾਰਾ ਕਰਕੇ ਕਿਹਾ ਤੇ ਉਠ ਕੇ ਤੁਰ ਚੱਲਿਆ। ਪਰ੍ਹਾਂ ਖੜਾ ਕੋਈ ਆਦਮੀ ਉਹਨੂੰ ਬੁਲਾ ਰਿਹਾ ਸੀ। ਪਰ ਤਾਏ ਮੋਹਨੇ ਦੇ ਮਾਮਲੇ 'ਚ ਉਸਦੀ ਦੁਰਦਸ਼ਾ ਦੇ ਹੋਰ ਵੀ ਕਾਰਨ ਸਨ। ਉਹ ਪਿਛਲੇ ਪੰਜਾਹ ਸਾਲ ਤੋਂ ਬੇ ਜ਼ਮੀਨਾ ਸੀ। ਉਨ੍ਹਾਂ ਦੇ ਵੇਲਿਆਂ ਵਿਚ ਵੀ ਘੱਟ ਜ਼ਮੀਨ ਵਾਲੇ ਜੱਟਾਂ ਦੇ ਮੁੰਡੇ ਛੜੇ ਰਹਿ ਜਾਂਦੇ ਸਨ। ਉਸ ਕੋਲ ਦੋ ਕਿਲੇ ਜ਼ਮੀਨ ਸੀ ਜਿਹੜੀ ਜਗਦੇਵ ਕੇ ਹੀ ਵਾਹੁੰਦੇ ਬੀਜਦੇ ਸਨ। ਉਹ ਆਪ ਹੀ ਜਗਦੇਵ ਕੇ ਘਰੇ ਹੀ ਰਹਿੰਦਾ ਸੀ ਅਤੇ ਇਹਨਾਂ ਦੇ ਪਿਓ ਸੁੱਚੇ ਨਾਲ ਤਾਏ ਮੋਹਨੇ ਦੀ ਯਾਰੀ ਸੀ। ਉਹਨਾਂ ਸਮਿਆਂ ਵਿਚ ਜਗਦੇਵ ਦਾ ਚਾਚਾ ਪਿੰਡ ਦਾ

ਸਰਪੰਚ ਸੀ। ਮੋਹਨਾ ਸਰਪੰਚ ਦਾ ਪੀਏ ਜਾਂ ਬਾਡੀ ਗਾਰਡ ਹੁੰਦਾ ਸੀ। ਉਦੋਂ ਲੋਕਾਂ ਨੂੰ ਸਾਂਝੇ ਕੰਮ ਕਰਨ ਦਾ ਬੜਾ ਸ਼ੌਂਕ ਸੀ। ਮੋਹਨਾ ਇਹਨਾਂ ਸਾਂਝੇ ਕੰਮਾਂ ਵਿਚ ਸਭ ਤੋਂ ਮੂਹਰੇ ਹੁੰਦਾ ਸੀ। ਪਿੰਡ 'ਚ ਕੋਈ ਖਾਲਾ ਘੜਣਾ, ਕੋਈ ਰਾਹ ਚੌੜਾ ਕਰਨਾ ਹੋਵੇ, ਕੋਈ ਜਗ ਹੋਣਾ ਹੋਵੇ ਜਾਂ ਹੋਰ ਕੋਈ ਕੰਮ ਹੋਵੇ ਮੋਹਨਾ ਸਭ ਤੋਂ ਮੂਹਰੇ ਹੁੰਦਾ ਸੀ। ਕਹੀ ਤਾਂ ਉਸਨੇ ਕਦੇ ਨਹੀਂ ਸੀ ਚੁੱਕੀ। ਉਸਦਾ ਕੰਮ ਤਾਂ ਬੱਸ ਰਸਦ ਪਾਣੀ ਇਕੱਠਾ ਕਰਨਾ ਹੁੰਦਾ ਸੀ। ਲੋਕਾਂ ਦੇ ਘਰਾਂ ਤੋਂ ਉਹ ਆਪ ਹੀ ਕਾੜ੍ਹਨੀਆਂ 'ਚੋਂ ਦੁੱਧ ਪਾ ਲਿਆਉਂਦਾ। ਥਾਂ ਸਿਰ ਲੱਗਦੀਆਂ ਨੂੰ ਤਾਂ ਉਹ ਮਖੌਲ ਕਰਦਾ ਹੀ ਪਰ ਉਹ ਚਾਚੀਆਂ ਤਾਈਆਂ ਨੂੰ ਵੀ ਮਖੌਲ ਕਰ ਜਾਂਦਾ ਸੀ। ਕੋਈ ਔਰਤ ਉਸਦਾ ਗੁੱਸਾ ਨਹੀਂ ਸੀ ਕਰਦੀ। ਛੜੇ ਹੋਣ ਦੇ ਬਾਵਜੂਦ ਕਿਸੇ ਨੇ ਉਸਦੇ ਚਾਲ ਚੱਲਣ 'ਤੇ ਕਦੇ ਉਂਗਲ ਨਹੀਂ ਸੀ ਧਰੀ। ਪਿੰਡ ਵਿਚ ਉਸਦਾ ਮਾਣ ਸਤਿਕਾਰ ਸੀ ਤੇ ਢੋਲੇ ਦੀਆਂ ਲਾਉਂਦਾ ਉਹ ਖੁਸ਼ ਸੀ।

ਦੱਸਦੇ ਹਨ ਕਿ ਮੋਹਨੇ ਦਾ ਇਕ ਮਸੇਰ ਸਰਕਾਰੀ ਸਕੂਲ ਦਾ ਹੈਡਮਾਸਟਰ ਸੀ ਤੇ ਉਸਨੇ ਆਪਣੇ ਸਕੂਲ ਵਿਚ ਚਪੜਾਸੀ ਰੱਖਣਾ ਸੀ। ਉਹਨੇ ਮੋਹਨੇ ਨੂੰ ਰੱਖਣ ਬਾਰੇ ਸੋਚਿਆ ਤਾਂ ਮੋਹਨਾ ਭੜਕ ਉਠਿਆ।

' ਲੈ ਮੈਂ ਜੱਟਾਂ ਦਾ ਪੁੱਤ ਹੋ ਕੇ ਚਪੜਾਸਗਿਰੀ ਕਰੂੰ, ਤੇ ਮਾਸਟਰਾਂ ਦੇ ਜੂਠੇ ਭਾਂਡੇ ਮਾਜੂੰ। ਮੈਨੂੰ ਨਹੀਂ ਮੰਨਜ਼ੂਰ ਇਹੋ ਜਿਹੀ ਨੌਕਰੀ।'

ਸਮਾਂ ਬੀਤਦਾ ਗਿਆ। ਹੌਲੀ ਹੌਲੀ ਉਸਦੇ ਦੋਵੇਂ ਕਿਲੇ ਬੈਅ ਹੋ ਗਏ। ਇਹ ਦੋਵੇ ਕਿਲੇ ਜਗਦੇਵ ਕਿਆਂ ਨੇ ਹੀ ਖਰੀਦ ਲਏ ਸਨ। ਹੱਸਮੁਖ ਸੁਭਾਅ ਦਾ ਮੋਹਨਾ ਆਪ ਹੀ ਕਹਿ ਦਿੰਦਾ ਸੀ।

'ਮੈਂ ਪਿਓ ਦਾ ਬਣ ਕੇ ਵਿਖਾਊਂ। ਦੋਵੇਂ ਕਿਲੇ ਬੈਅ ਕਰੂੰ। ਜਦੋਂ ਮੇਰੇ ਪਿਓ ਨੇ ਦਸਾਂ 'ਚੋਂ ਅੱਠ ਬੈਅ ਕਰਤੀ ਸੀ ਤਾਂ ਮੈਂ ਕਿਉਂ ਨਾ ਕਰਾਂ। ਨਾ ਕੀਤੀ ਤਾਂ ਲੋਕ ਹਰਾਮ ਦਾ ਕਹਿਣਗੇ।' ਇਸ ਤਰਾਂ ਹੱਸਦੇ ਹੱਸਦੇ ਉਸਨੇ ਆਪਣੀ ਜ਼ਮੀਨ ਜਗਦੇਵ ਕਿਆਂ ਨੂੰ ਹੀ ਦੇ ਦਿੱਤੀ ਸੀ।

ਮੋਹਨੇ ਦੇ ਪਿਓ ਦੇ ਸੁਭਾਅ ਬਾਰੇ ਵੀ ਪਿੰਡ 'ਚ ਕਈ ਦਿਲਚਸਪ ਗੱਲਾਂ ਮਸ਼ਹੂਰ ਸਨ। ਇਕ ਵਾਰ ਉਹ ਆਪਣੇ ਊਠ 'ਤੇ ਚੜ੍ਹਿਆ ਕਿਸੇ ਦੀ ਬਰਾਤ ਜਾ ਰਿਹਾ ਸੀ ਤਾਂ ਮੋਢੇ 'ਤੇ ਰੱਖਿਆ ਉਸਦਾ ਪਰਨਾ ਡਿੱਗ ਪਿਆ। ਕਿਸੇ ਨੇ ਉਸਨੂੰ ਚੁੱਕਣ ਲਈ ਕਿਹਾ ਤਾਂ ਉਸਨੇ ਜਵਾਬ ਦਿੱਤਾ।

'ਕੋਈ ਗੱਲ ਈ ਨਹੀਂ ਅੱਗੇ ਕਿਹੜਾ ਜੈਤੋ ਨਾ ਆਵੇਗੀ।' ਜਿਸਦਾ ਮਤਲਬ ਸੀ ਕਿ ਜੈਤੋ ਤੋਂ ਨਵਾਂ ਪਰਨਾ ਖਰੀਦ ਲਵਾਂਗੇ।

ਮੋਹਨਾ ਜਗਦੇਵ ਕੇ ਘਰੇ ਹੀ ਰੋਟੀ ਟੁੱਕ ਖਾਂਦਾ ਸੀ। ਇਕ ਤਰ੍ਹਾਂ ਨਾਲ ਉਹਨਾਂ ਦੇ ਘਰ ਦਾ ਹੀ ਇਕ ਜੀਅ ਸੀ। ਫਿਰ ਜਗਦੇਵ ਦੇ ਚਾਚੇ ਕੋਲ ਸਰਪੰਚੀ ਨਾ ਰਹੀ। ਪਿੰਡ ਵਿਚ ਧੜੇਬੰਦੀ ਬਣ ਗਈ। ਕਈ ਪੰਚਾਇਤਾਂ ਬਣੀਆਂ। ਹਰ ਵਾਰ ਕੋਈ ਨਵਾਂ ਤੇ ਅਣਕਿਆਸਿਆ ਬੰਦਾ ਸਰਪੰਚ ਬਣ ਜਾਂਦਾ। ਰਿਜ਼ਰਵੇਸ਼ਨ ਕਰਕੇ ਇਕ ਵਾਰ ਪਿੰਡ ਦਾ ਸਰਪੰਚ ਬੌਰੀਆ ਜਾਤੀ ਦਾ ਅਨਪੜ੍ਹ ਬੰਦਾ ਬਣ ਗਿਆ ਸੀ। ਤੇ ਹੁਣ ਵੀ ਪਿੰਡ ਦਾ ਸਰਪੰਚ ਰਾਮਦਾਸੀਆਂ ਦਾ ਮੁੰਡਾ ਸੀ। ਪਿੰਡ ਦੇ ਸਾਂਝੇ ਕੰਮ ਕਰਨ ਦਾ ਲੋਕਾਂ ਦਾ ਉਤਸ਼ਾਹ ਖਤਮ ਹੋ ਗਿਆ ਸੀ।

ਇਕ ਵਾਰ ਸਰਪੰਚੀ ਦੀਆਂ ਚੋਣਾਂ ਵਿਚ ਦੋ ਉਮੀਦਵਾਰਾਂ ਦਾ ਦੋ ਦੋ ਲੱਖ ਲੱਖ ਗਿਆ ਸੀ। ਉਸਤੋਂ ਅਗਲੀ ਵਾਰ ਚੋਣ ਲੜਨ ਵਾਲੇ ਉਮੀਦਵਾਰਾਂ ਦਾ ਖਰਚਾ ਦਸ ਦਸ ਲੱਖ ਤੋਂ ਟੱਪ ਗਿਆ ਸੀ। ਪਿੰਡ ਦੇ ਗਰੀਬ ਲੋਕ ਹੁਣ ਪੈਸੇ ਲੈ ਕੇ ਹੀ ਵੋਟ ਪਾਉਂਦੇ ਸਨ। ਹੁਣ ਤਾਂ ਗਰੀਬ ਜੱਟ ਵੀ ਅੰਦਰ ਖਾਤੇ ਵੋਟਾਂ ਦੇ ਪੈਸੇ ਲੈਣ ਲੱਗੇ ਹਨ ਤੇ ਸਰਪੰਚ ਬਣਨ ਦਾ ਮਕਸਦ ਟੌਅਰ ਤੇ ਗਰਾਂਟਾਂ ਖਾਣਾ ਹੀ ਬਣ ਗਿਆ ਸੀ।

ਮੋਹਨੇ ਵਰਗੇ ਬੰਦੇ ਹੁਣ ਪਿੰਡ ਲਈ ਵਾਧੂ ਤੇ ਬੇਲੋੜੇ ਹੋ ਗਏ ਸੀ। ਜਗਦੇਵ ਦੇ ਘਰੇ ਵੀ



ਉਸਦਾ ਪਹਿਲਾਂ ਵਾਲਾ ਮਾਣ ਸਤਿਕਾਰ ਨਹੀਂ ਸੀ ਰਿਹਾ। ਨਵੀਆਂ ਆਈਆਂ ਨੂੰਹਾਂ ਉਸਨੂੰ ਚੰਗਾ ਨਹੀਂ ਸਮਝਦੀਆਂ ਸਨ। ਉਹ ਆਪਣੀਆਂ ਸਾਕ ਸਕੀਰੀਆਂ 'ਚ ਤੁਰਿਆ ਫਿਰਦਾ ਰਹਿੰਦਾ ਪਰ ਕਿੰਨਾ ਕੁ ਚਿਰ। ਉਸ ਕੋਲ ਆਮਦਨ ਦਾ ਕੋਈ ਵਸੀਲਾ ਨਹੀਂ ਸੀ। ਥੱਕ ਹਾਰ ਕੇ ਉਹ ਪਿੰਡ ਦੇ ਗੁਰਦੁਆਰੇ ਦੀ ਇਕ ਨੁੱਕਰ 'ਚ ਬਣੀ ਕੋਠੜੀ ਜਿਹੀ ਵਿਚ ਰਹਿਣ ਲੱਗ ਪਿਆ। ਗੁਰਦੁਆਰੇ ਦਾ ਮਹੰਤ ਉਸਨੂੰ ਰੋਟੀ ਪਾਣੀ ਦੇ ਦਿੰਦਾ। ਪਰ ਪਿੰਡ ਦੇ ਕੁਝ ਬੰਦਿਆਂ ਨੂੰ ਉਸਦਾ ਗੁਰਦੁਆਰੇ ਦੀ ਕੋਠੀ 'ਚ ਰਹਿਣ ਦਾ ਵੀ ਇਤਰਾਜ਼ ਸੀ। ਮੋਹਨਾ ਬੀੜ੍ਹੀਆਂ ਪੀਂਦਾ ਸੀ। ਕੱਟੜ ਬੰਦੇ ਨਹੀਂ ਸੀ ਚਾਹੁੰਦੇ ਕਿ ਕੇਸ ਦਾੜ੍ਹੀ ਕੱਟੇ ਵਾਲਾ ਤੇ ਬੀੜ੍ਹੀਆਂ ਪੀਣ ਵਾਲਾ ਆਦਮੀ ਗੁਰਦੁਆਰੇ 'ਚ ਰਹੇ। ਕੋਠੜੀ ਭਾਵੇਂ ਪਾਸੇ ਹੀ ਸੀ। ਮਜ਼ਬੂਰਨ ਉਸਨੂੰ ਬੀੜੀਆਂ ਛਡਣੀਆਂ ਪਈਆਂ ਅਤੇ ਸਿਰ ਤੇ ਦਾੜ੍ਹੀ ਦੇ ਵਾਲ ਵਧਾਉਣੇ ਪਏ। ਇਹ ਦੋਵੇਂ ਕੰਮ ਉਸਨੂੰ ਬਹੁਤ ਮੁਸ਼ਕਲ ਸਨ। ਪਰ ਮਜ਼ਬੂਰੀ 'ਚ ਉਸਨੂੰ ਕਰਨੇ ਪਏ।

ਮਹੰਤ ਦੀ ਮੌਤ ਮਗਰੋਂ ਮੋਹਨਾ ਗੁਰਦੁਆਰੇ ਦਾ ਮਹੰਤ ਬਣ ਗਿਆ। ਹੁਣ ਉਹ ਪਿੰਡ ਵਿਚ ਗਜ਼ਾ ਕਰਨ ਜਾਣ ਲੱਗਿਆ ਤੇ ਘਰਾਂ ਤੋਂ ਰੋਟੀਆਂ, ਦੁੱਧ, ਲੱਸੀ ਆਦਿ ਲਿਆ ਕੇ ਗੁਰਦੁਆਰੇ 'ਚ ਆਏ ਰਾਹੀ ਪਾਂਧੀ ਤੇ ਗਰੀਬ ਗੁਰਬਿਆਂ ਨੂੰ ਖਵਾ ਦਿੱਤਾ। ਵਧੀਆਂ ਹੋਈਆਂ ਰੋਟੀਆਂ ਪਿੰਡ ਦੇ ਲੱਟਰ ਕੁੱਤਿਆਂ ਨੂੰ ਖਵਾ ਦਿੰਦਾ। ਉਸਦਾ ਸਮਾਂ ਸੋਹਣਾ ਲੰਘਣ ਲੱਗਿਆ ਸੀ। ਪਰ ਉਹ ਸ਼ਰਾਬ ਅਜੇ ਵੀ ਨਹੀਂ ਸੀ ਛੱਡ ਸਕਿਆ। ਕਦੇ ਵਿਆਹ ਸ਼ਾਦੀ ਦਾਅ ਲੱਗਦਾ ਤਾਂ ਉਹ ਡੱਕ ਕੇ ਸ਼ਰਾਬ ਪੀਂਦਾ। ਉਸ ਦਿਨ ਉਹ ਗੁਰਦੁਆਰੇ ਨਾ ਜਾਂਦਾ। ਪਿੰਡ ਦੇ ਲੋਕਾਂ ਨੇ ਉਸਨੂੰ ਇੰਨ੍ਹੀ ਕੁ ਛੋਟ ਦੇ ਰੱਖੀ ਸੀ। ਤੇ ਅੱਜ ਵੀ ਤਾਇਆ ਮੋਹਨਾ ਦਾਰੂ ਦਾ ਲੁਤਫ ਲੈ ਰਿਹਾ ਸੀ। ਉਸਦੀ ਦਾਰੂ ਪੀਣੀ ਵੀ ਅਜੀਬ ਹੀ ਸੀ। ਜਿਓਂ ਜਿਓਂ ਉਹ ਪੈਗ ਪੀ ਜਾਂਦਾ ਤਿਉਂ ਤਿਉਂ ਚੁੱਪ ਹੋਈ ਜਾਂਦਾ। ਆਪਣੇ ਆਪ 'ਚ ਮਸਤ ਹੁਣ ਵੀ ਉਹ ਦੋ ਪੈਗ ਲਾ ਕੇ ਕੁਰਸੀ ਇਕ ਪਾਸੇ ਜਿਹੇ ਖਿੱਚ ਕੇ ਬੈਠ ਗਿਆ।

'ਨੀ ਤੂੰ ਨਾਗ ਸਾਂਭ ਲੈ ਜੁਲਫਾਂ ਦੇ, ਕੋਈ ਕੀਲ ਸਪੇਰਾ ਲੈ ਜੂ ਗਾ...।' ਡੀ. ਜੇ. ਦੀ ਧਮਕ ਨਾਲ ਗਾਣਾ ਸ਼ੁਰੂ ਹੋਇਆ ਤਾਂ ਮਾਹੌਲ ਇਕ ਦਮ ਖੁਸ਼ਗਵਾਰ ਤੇ ਰੰਗੀਨ ਹੋ ਗਿਆ।

ਦੁੱਧ ਚਿੱਟੇ ਕੁੜਮੇ ਪਜ਼ਾਮੇ। ਪੈਰਾਂ 'ਚ ਬਰਾਂਡਿਡ ਸਪੋਰਟਸ ਸ਼ੂਅ ਤੇ ਵੱਖਰੇ ਵੱਖਰੇ ਹੇਅਰ ਸਟਾਲਾਂ ਵਾਲੇ ਚਾਰ ਪੰਜ ਕਾਲਜੀਏਟ ਮੁੰਡੇ, ਡੀ ਜੇ ਕੋਲੇ ਆ ਕੇ ਹੌਲੀ ਹੌਲੀ ਲੱਤਾਂ ਬਾਹਾਂ ਹਿਲਾਉਣ ਲੱਗੇ।

ਬੀਰਾ ਮੈਨੂੰ ਦੱਸਣ ਲੱਗਿਆ, 'ਔਹ ਜ਼ੈਲਦਾਰਾਂ ਦੇ ਗੁਰਪਾਲ ਦਾ ਮੁੰਡਾ ਏ, ਤੇ ਉਹ ਪਾਡਿਆਂ ਦੇ ਸੁਖਬੀਰ ਦਾ। ਨਿੱਕੀਆਂ ਅੱਖਾਂ ਵਾਲੇ ਦਾ ਤੈਨੂੰ ਪਤਾ ਈ ਆ, ਚੀਨਿਆਂ ਦਾ ਬੀਰ ਦਵਿੰਦਰ ਆ।'

'ਇਹ ਕਾਲਜਾਂ 'ਚ ਪੜ੍ਹਦੇ ਆ।' ਮੈਂ ਉਹਨੂੰ ਟੋਕ ਕੇ ਪੁੱਛਿਆ।

'ਪੜ੍ਹਦੇ ਨਾ ਕਿਤੇ। ਗਿਆਰਵੀਂ ਬਾਰਵੀਂ ਕਰਦੇ ਹਟੇ ਫਿਰਦੇ ਆ। ਇਹ ਸਾਰੇ ਅਮਨ ਦੇ ਬੇਲੀ ਆ।' ਬੀਰੇ ਨੇ ਦੱਸਿਆ ਤੇ ਕੁਰਸੀ ਤੋਂ ਉਠ ਖੜੋਤਾ,' ਆ ਯਾਰ ਸ਼ਰਲਾ ਸ਼ੁਰਲਾ ਮਾਰ ਆਈਏ।' ਤੇ ਅਸੀਂ ਉਠ ਕੇ ਪੰਡਾਲ 'ਚੋਂ ਬਾਹਰ ਆ ਗਏ।

'ਆ ਜਾ ਆਪਣੇ ਖੇਤਾਂ ਵੱਲ ਈ ਚੱਲਦੇ ਆਂ।' ਕਹਿ ਕੇ ਉਹ ਪੱਕੇ ਖਾਲ ਦੀ ਵੱਟ 'ਤੇ ਮੇਰੇ ਮੂਹਰੇ ਲੱਗ ਗਿਆ। ਅੱਜ ਮੈਨੂੰ ਖਾਲ ਦੀ ਵੱਟ 'ਤੇ ਤੁਰਨਾ ਔਖਾ ਲੱਗ ਰਿਹਾ ਸੀ। ਇਕ ਦੋ ਵਾਰ ਤਾਂ ਮੈਂ ਡਿੱਗਦਾ ਡਿੱਗਦਾ ਬਚਿਆ। ਹਾਰ ਕੇ ਮੈਂ ਖਾਲ ਦੀ ਵੱਟ ਤੋਂ ਉਤਰ ਕੇ ਵਾਹਣ 'ਚ ਤੁਰਨ ਲੱਗਿਆ। ਉਹੀ ਖਾਲ ਸਨ ਜਿੰਨ੍ਹਾ 'ਤੇ ਕਦੇ ਮੋਢੇ 'ਤੇ ਕਹੀ ਰੱਖ ਕੇ ਅਰਾਮ ਨਾਲ ਭੱਜ ਪੈਂਦੇ ਸਾਂ। ਕਿਲਾ ਕੁ ਅੱਗੇ ਜਾ ਕੇ ਛੋਟੇ ਜਿਹੇ ਮੋਟਰ ਵਾਲੇ ਕਮਰੇ ਦੇ ਓਹਲੇ ਹੋਕੇ ਬੀਰਾ ਪਿਸ਼ਾਬ ਕਰਨ ਬੈਠ ਗਿਆ ਤੇ ਮੈਂ ਦੂਸਰੇ ਪਾਸੇ ਹੋ ਗਿਆ।

ਦੋ ਦੋ, ਚਾਰ ਚਾਰ ਕਿਲਿਆਂ ਬਾਅਦ ਪੱਕੇ ਖਾਲ ਦੇ ਨਾਲ ਛੋਟੇ ਛੋਟੇ ਕਮਰੇ ਬਣੇ ਹੋਏ ਸਨ। ਇਨ੍ਹਾਂ ਸਾਰਿਆਂ 'ਚ ਬਿਜਲੀ ਦੀਆਂ ਮੋਟਰਾਂ ਸਨ।

'ਇਹ ਕੀਹਦੀ ਮੋਟਰ ਆ ?' ਕੋਠੇ ਦੇ ਨਾਲ ਬਣੇ ਪਾਣੀ ਵਾਲੇ ਚੁਬੱਚੇ 'ਚੋਂ ਹੱਥ ਧੋਂਦਿਆਂ ਮੈਂ ਪੁੱਛਿਆ।

'ਤੈਨੂੰ ਤਾਂ ਆਪਣੇ ਖੇਤ ਹੀ ਭੁਲ ਗਏ, ਤੂੰ ਤਾਂ ਕਦੇ ਆਇਆ ਈ ਨਹੀਂ ਐਧਰ। ਇਹ ਆਪਣੇ ਈ ਆ।' ਤੇ ਫੇਰ ਹੱਥ ਦੇ ਇਸ਼ਾਰੇ ਕਰਕੇ ਦੱਸਣ ਲੱਗਿਆ,' ਉਹ ਅਗਲੀ ਸਰਪੰਚਾਂ ਦੀ ਆ, ਤੇ ਉਸਤੋਂ ਅਗਲੀ ਕਾਕੇ ਕੀ ਤੇ ਉਹ ਥੋਡੇ ਸੀਰੇ ਕੀ...।' ਮੈਂ ਕਈ ਸਾਲਾਂ ਤੋਂ ਇਧਰ ਆਇਆ ਸੀ। ਅਸੀਂ ਆਪਣੇ ਖੇਤ ਦਾ ਵਟਾਂਦਰਾ ਕਰ ਲਿਆ ਸੀ।

'ਵੇਖ ਲੈ ਪਹਿਲਾਂ ਪਹਿਲਾਂ ਇਥੇ ਕੱਲੇ ਜਗਦੇਵ ਕਾ ਟਿਊਬਵੈਲ ਹੀ ਹੁੰਦਾ ਸੀ।' ਮੈਂ ਕਿਹਾ।

'ਤੇ ਹੁਣ ਤਾਂ ਦੋ-ਦੋ, ਚਾਰ-ਚਾਰ ਕਿਲਿਆਂ ਵਾਲੇ ਵੀ ਮੋਟਰਾਂ ਲਵਾਈ ਬੈਠੇ ਆ। ਤੇ ਰਹਿ ਵੀ ਹੁਣ ਦੋ ਦੋ, ਚਾਰ ਚਾਰ ਕਿਲੇ ਹੀ ਗਏ ਹਨ।'

'ਚੱਲ ਯਾਰ ਅਗਾਂਹ ਤੋਂ ਮੁੜਦੇ ਹਾਂ।' ਇਹ ਕਹਿਕੇ ਮੈਂ ਖਾਲ ਦੀ ਵੱਟੇ ਵੱਟ ਉਸਦੇ ਮੂਹਰੇ ਲੱਗ ਗਿਆ ਤੇ ਬੀਰਾ ਮੇਰੇ ਮਗਰ ਤੁਰ ਪਿਆ।

ਦੋ ਕਿਲਿਆਂ ਤੋਂ ਬਾਅਦ ਖਾਲ ਇਕ ਪਹੀ ਨੂੰ ਟੱਪਦਾ ਸੀ। ਇਹ ਪਹੀ ਅੱਗੇ ਸਾਡੇ ਖੇਤਾਂ ਨੂੰ ਨਿਕਲ ਜਾਂਦੀ ਸੀ। ਤੇ ਮੈਂ ਪੁਲੀ ਦੀ ਬੰਨ੍ਹੀ 'ਤੇ ਬੈਠ ਗਿਆ।

'ਬੀਰੇ ਇਸੇ ਕਿਲੇ ਵਿਚ ਹੀ ਇਕ ਵੇਰਾਂ ਕਾਕੇ ਕੇ ਨਿੱਕੇ ਦੇ ਸੱਪ ਲੜ੍ਹ ਗਿਆ ਸੀ ਨਾ ?' ਮੈਨੂੰ ਦਸ ਬਾਰਾਂ ਸਾਲ ਪੁਰਾਣੀ ਗੱਲ੍ਹ ਯਾਦ ਆ ਗਈ। ਉਸ ਦਿਨ ਕੁਦਰਤੀ ਹੀ ਮੈਂ ਪਿੰਡ ਆਇਆ ਹੋਇਆ ਸੀ।

'ਹਾਂ ਹਾਂ ਐਥੇ, ਐਥੇ ਈ, ਆਪਾਂ ਬਾਅਦ 'ਚ ਭਾਲ ਕੇ ਸੱਪ ਮਾਰ ਦਿੱਤਾ ਸੀ।' ਬੀਰੇ ਨੇ ਇਸ਼ਾਰਾ ਕਰਕੇ ਕਿਹਾ।

ਆਹੀ ਦਿਨ ਸਨ। ਕਣਕ ਦੀ ਰੌਣੀ ਕਰ ਰਹੇ ਨਿੱਕੇ ਨੇ ਜਦੋਂ ਇਕ ਖੁੱਡ 'ਚ ਅੱਡੀ ਮਾਰੀ ਤਾਂ ਸੱਪ ਉਸਦੇ ਗਿੱਟੇ 'ਤੇ ਡੰਗ ਮਾਰ ਗਿਆ। ਉਸਨੇ ਪਿੰਜਣੀ ਕੋਲੋਂ ਸਾਫੇ ਨਾਲ ਘੁੱਟ ਕੇ ਲੱਤ ਬੰਨ੍ਹ ਲਈ। ਨਾਲ ਦਾ ਖੇਤ ਵਾਹ ਰਿਹਾ ਸੀਰਾ ਉਸਨੂੰ ਟਰੈਕਟਰ 'ਤੇ ਬਿਠਾ ਕੇ ਪਿੰਡ ਲੈ ਆਇਆ ਸੀ। ਗਲੀ ਗੁਆਂਢ ਰੌਲਾ ਪੈ ਗਿਆ।

'ਨਿੱਕੇ ਦੇ ਸੱਪ ਲੜ੍ਹ ਗਿਆ, ਨਿੱਕੇ ਦੇ ਸੱਪ ਲੜ੍ਹ ਗਿਆ।' ਮੈਂ ਵੀ ਭੱਜਿਆ ਭੱਜਿਆ ਗਿਆ।

ਨਿੱਕਾ ਬਹੁਤ ਹੌਂਸਲੇ ਵਿਚ ਸੀ ਤੇ ਕਹਿ ਰਿਹਾ ਸੀ ਮੈਨੂੰ ਕੁਝ ਨਹੀਂ ਹੁੰਦਾ। ਬੱਸ ਮੈਨੂੰ ਸ਼ਹਿਰ ਲੈ ਚੱਲੋ। ਉਸੇ ਸਮੇਂ ਉਸਨੂੰ ਸਰਪੰਚਾਂ ਦੀ ਕਾਰ ਵਿਚ ਡਾਕਟਰ ਕੋਲ ਲੈ ਗਏ ਤੇ ਉਹ ਬਚ ਗਿਆ।

ਨਿੱਕੇ ਨੂੰ ਸ਼ਹਿਰ ਤੋਰ ਕੇ ਮੈਂ ਵੀ ਬੀਰੇ ਹੋਰਾਂ ਨਾਲ ਸਕੂਟਰ 'ਤੇ ਇਥੇ ਪਹੁੰਚ ਗਿਆ ਸੀ। ਹੈਰਾਨੀ ਦੀ ਗੱਲ ਸੀ ਦੋ ਢਾਈ ਫੁੱਟ ਲੰਬਾ, ਪੈਰ ਦੇ ਅੰਗੂਠੇ ਜਿੰਨਾ ਮੋਟਾ ਕਾਲਾ ਸੱਪ ਉਥੇ ਵੱਟ ਦੇ ਨਾਲ ਹੀ ਪਿਆ ਸੀ। ਅਸੀਂ ਉਸਨੂੰ ਮਾਰ ਕੇ ਉਥੇ ਹੀ ਦੱਬ ਦਿੱਤਾ।

'ਕਹਿੰਦੇ ਆ ਸੱਪ ਦੀ ਜ਼ਹਿਰ ਨਾਲੋਂ ਉਸ ਦਾ ਸਹਿਮ ਹੀ ਭੈੜਾ ਹੁੰਦਾ, ਜੇ ਬੰਦੇ ਦੇ ਸੱਪ ਲੜ੍ਹ ਜੇ ਤੇ ਉਥੇ ਉਸਨੂੰ ਚੂਹਾ ਦਿਸ ਜਾਵੇ ਤਾਂ ਉਹ ਗੌਲਦਾ ਈ ਨਹੀਂ, ਬਈ ਚੂਹਾ ਹੀ ਸੀ। ਪਰ ਜੇ ਚੂਹੇ ਨੇ ਦੰਦੀ ਵੱਢੀ ਹੋਵੇ ਤੇ ਦਿਸ ਜੇ ਕਾਲਾ ਨਾਗ ਤਾਂ ਬੰਦਾ ਉਈਂ ਦਿਲ ਸਿੱਟ ਕੇ ਮਰ ਜਾਂਦੈ।' ਖੜੇ ਖੜੇ ਬੀਰੇ ਨੇ ਕਿਹਾ ਤੇ ਹੱਸਣ ਲੱਗਿਆ।

ਮੱਠੀ ਮੱਠੀ ਹਵਾ ਚੱਲ ਰਹੀ ਸੀ ਤੇ ਝੋਨੇ ਦੀ ਮਹਿਕ ਆ ਰਹੀ ਸੀ। ਤਿੰਨ ਕੁ ਕਿਲੇ ਦੂਰ



ਇਕ ਕੰਬਾਇਨ ਝੋਨਾ ਵੱਢ ਰਹੀ ਸੀ।

'ਮੈਂ ਆਇਆ ਕੰਬਾਇਨ ਵਾਲਿਆਂ ਨਾਲ ਗੱਲ ਕਰ ਆਵਾਂ।' ਇਹ ਕਹਿ ਕੇ ਬੀਰਾ ਉਧਰ ਨੂੰ ਤੁਰ ਗਿਆ।

ਮੈਂ ਪਹੀ ਦੇ ਨਾਲ ਨਾਲ ਜਾਂਦੀ ਸਫੈਦਿਆਂ ਦੀ ਕਤਾਰ ਨੂੰ ਵੇਖਣ ਲੱਗਿਆ। ਇਹ ਪਹੀ ਅਗਲੇ ਕਿਲੇ ਤੋਂ ਸਾਡੇ ਖੇਤਾਂ ਵੱਲ ਮੁੜ ਜਾਂਦੀ ਸੀ। ਮੇਰੇ ਜ਼ਹਿਨ ਵਿਚ ਨਿੱਕੇ ਦੇ ਸੱਪ ਲੜਣ ਦੀ ਘਟਨਾ ਚੱਲ ਰਹੀ ਸੀ ਤਾਂ ਇਕ ਹੋਰ ਘਟਨਾ ਯਾਦ ਆ ਗਈ - ਮੇਰੇ ਤਿੰਨ ਚਾਚੇ, ਉਨ੍ਹਾਂ ਦੇ ਮੁੰਡੇ, ਸਾਡੇ ਪੱਤੀ ਦੇ ਘਰਾਂ ਦੇ ਕੁਝ ਹੋਰ ਮੁੰਡੇ ਸਾਡੇ ਖੇਤ ਕਣਕ ਵੱਢ ਰਹੇ ਸਨ। ਉਦੋਂ ਸਾਰੇ ਹੱਥੀਂ ਕਣਕਾਂ ਵੱਢਦੇ ਸਨ। ਦਿਹਾੜੀਆ ਉਦੋਂ ਮੁਸ਼ਕਲ ਨਾਲ ਹੀ ਮਿਲਦਾ ਸੀ ਤੇ ਦਿਹਾੜੀ ਵੀ ਬਹੁਤ ਵਧ ਜਾਂਦੀ ਸੀ। ਭਈਏ ਉਦੋਂ ਇਧਰ ਸਾਡੇ ਪਿੰਡਾਂ ਵੱਲ ਆਉਣ ਨਹੀਂ ਸਨ ਲੱਗੇ। ਕਈ ਕਈ ਘਰ ਰਲ ਕੇ ਆਪੋ ਵਿਚ ਕਣਕ ਵੱਢਣ ਦੀ ਵੀੜ੍ਹੀ ਕਰ ਲੈਂਦੇ ਸਨ। ਮੈਂ ਉਨ੍ਹਾਂ ਦਿਨਾਂ ਵਿਚ ਪਰੈਪ ਵਿਚ ਪੜ੍ਹਦਾ ਸੀ ਤੇ ਸਾਡੇ ਸਲਾਨਾ ਪੇਪਰ ਚੱਲ ਰਹੇ ਸਨ। ਮੈਂ ਕਣਕ ਵੱਢਣ ਵਾਲਿਆਂ ਲਈ ਘਰੋਂ ਚਾਹ ਰੋਟੀ ਵਗੈਰਾ ਲੈ ਜਾਂਦਾ ਸੀ। ਦਾਤੀ ਫੜ ਕੇ ਸ਼ੌਂਕੀਆ ਤੌਰ 'ਤੇ ਕੋਈ ਪਾਂਤ ਵੀ ਲਵਾ ਦਿੰਦਾ ਸੀ। ਉਸ ਦਿਨ ਵਿਚ ਮੈਂ ਗਿਆਰਾਂ ਵਜੇ ਵਾਲੀ ਚਾਹ ਲੈ ਕੇ ਗਿਆ ਸੀ ਤੇ ਸਾਰੇ ਚਾਹ ਪੀਣ ਲਈ ਖਾਲ ਦੀ ਵੱਟ 'ਤੇ ਤੂਤ ਅਤੇ ਟਾਹਲੀਆਂ ਦੀ ਛਾਂ ਹੇਠ ਆ ਬੈਠੇ ਸਨ। ਸਿਲ੍ਹਾ ਚੁਗਣ ਵਾਲੀਆਂ ਬੌਰਨੀਆਂ ਦੀ ਚਾਰ ਪੰਜ ਜਣੀਆਂ ਦੀ ਟੋਲੀ ਵੀ ਉਥੇ ਆ ਕੇ ਬੈਠ ਗਈ ਸੀ। ਚਾਹ ਪੀਤੀ ਗਈ ਤਾਂ ਤਿੰਨ ਚਾਰ ਮੁੰਡੇ ਤਲੀਆਂ 'ਤੇ ਜ਼ਰਦਾ ਮਲਣ ਲੱਗ ਪਏ। ਉਹ ਨਵੇਂ ਨਵੇਂ ਜ਼ਰਦਾ ਲਾਉਣ ਲੱਗੇ ਸਨ। ਵੱਡਾ ਚਾਚਾ ਉਹਨਾਂ ਨੂੰ ਉਠਣ ਲਈ ਕਹਿ ਰਿਹਾ ਸੀ। ਪਰ ਉਹਨਾਂ ਦਾ ਇਰਾਦਾ ਬੌਰਨੀਆਂ ਨਾਲ ਠਰਕ ਭੋਰਣ ਦਾ ਸੀ। ਉਸੇ ਵਕਤ ਇਕ ਨੌਜਵਾਨ ਬੌਰਨੀ ਉਠ ਖੜੋਤੀ ਤੇ ਚੀਕਾਂ ਮਾਰਨ ਲੱਗ ਪਈ। ਢਾਈ ਤਿੰਨ ਫੁੱਟ ਲੰਬਾ, ਪਤਲਾ, ਕੌਡੀਆਂ ਵਾਲਾ ਸੱਪ ਉਹਦੀ ਤੰਬੀ ਵਿਚ ਵੜ ਗਿਆ ਸੀ। ਉਸਦੇ ਸੱਜੇ ਪੈਰ ਕੋਲ ਸੱਪ ਦੀ ਪੂਛ ਮੇਲ ਰਹੀ ਸੀ ਤੇ ਉਸਨੇ ਪੱਟ ਕੋਲੋਂ ਬਾਹਰੋਂ ਹੀ ਤੰਬੀ ਅੰਦਰ ਵੜੇ ਸੱਪ ਦਾ ਸਿਰ ਫੜਿਆ ਹੋਇਆ ਸੀ।

ਇਹ ਕੌਤਕ ਵੇਖ ਕੇ ਸਾਰੇ ਛਾਲਾਂ ਮਾਰ ਕੇ ਉਠ ਖੜੋਤੇ।

'ਸਹੁਰੀਏ, ਸਿਰ ਨਾ ਛੱਡੀਂ, ਏਵੇਂ ਘੁੱਟ ਕੇ ਫੜੀ ਰੱਖ, ਕੁਸ਼ ਨੀਂ ਹੁੰਦਾ। ਜੇ ਸਿਰ ਛੱਡ ਤਾਂ ਤੇਰੇ ਡੰਗ ਮਾਰ ਜੂ।' ਵੱਡੇ ਚਾਚੇ ਨੇ ਕਿਹਾ ਤੇ ਆਪਣਾ ਚਾਦਰਾ ਉਹਦੇ ਲੱਕ ਉਤੋਂ ਦੀ ਵਲ ਕੇ ਬੋਲਿਆ,'ਲੈ ਹੁਣ ਦੂਜੇ ਹੱਥ ਨਾਲ ਤੰਬੀ ਦਾ ਨਾਲਾ ਖੋਲ ਲੈ ਤੇ ਤੰਬੀ ਪੈਰਾਂ ਤੱਕ ਲੈ ਆ। ਸੱਪ ਦਾ ਸਿਰ ਨਾ ਛੱਡੀਂ।'

ਜਿਉਂ ਹੀ ਤੰਬੀ ਪੈਰਾਂ 'ਚ ਆਈ, ਚਾਚੇ ਨੇ ਸੱਪ ਨੂੰ ਪੂਛੋਂ ਫੜ ਕੇ ਜ਼ਮੀਨ ਤੇ ਫਟਕਾ ਮਾਰਿਆ ਤੇ ਡਿੱਗਦੇ ਦੀ ਹੀ ਛਿੱਤਰ ਨਾਲ ਸਿਰੀ ਫੇਹ ਦਿੱਤੀ। ਬੌਰਨੀ ਦਾ ਗੋਰਾ ਰੰਗ ਬੱਗਾ ਫੂਸ ਹੋ ਗਿਆ ਸੀ।

ਸਾਰੇ ਹੱਸ ਰਹੇ ਸਨ। ਬੌਰਨੀਆਂ ਤਾਂ ਹੱਸ ਹੱਸ ਲੋਟ ਪੋਟ ਹੋ ਰਹੀਆਂ ਸਨ। ਇਕ ਸ਼ਰਾਰਤਣ ਤਾਂ ਇਹ ਵੀ ਕਹਿ ਗਈ ਸੀ,'ਨੀਂ ਜੇ ਉਥੇ ਵੜ ਜਾਂਦਾ।'

ਤੰਬੀ ! ਤੰਬੀ !...।

ਇਸ ਪੱਕੇ ਖਾਲ ਤੋਂ ਪਹਿਲਾਂ ਇਥੇ ਧੋਰੀ ਖਾਲਾ ਹੁੰਦਾ ਸੀ। ਧੋਰੀ ਖਾਲੇ ਜਾ ਕੇ ਅੱਗੇ ਵੱਡੀ ਟਾਹਲੀ ਵਾਲਾ ਖੇਤ ਬਲਿੰਦੀ ਕਾ ਸੀ। ਇਕ ਵਾਰ ਮੈਨੂੰ ਗਲੀ ਵਿਚ ਖੇਡਦੇ ਨੂੰ ਉਸਨੇ ਆਪਣੇ ਨਾਲ ਤੋਰ ਲਿਆ। ਇਸੇ ਪਹੀ ਆ ਕੇ ਇਥੋਂ ਅਸੀਂ ਧੋਰੀ ਖਾਲੇ ਪੈ ਗਏ ਸਾਂ। ਬੰਦੀ ਹੋਣ ਕਰਕੇ ਖਾਲੇ ਵਿਚ ਪਾਣੀ ਨਹੀਂ ਸੀ। ਬਲਿੰਦੀ ਖਾਲ ਦੀ ਵੱਟ 'ਤੇ ਮੇਰੇ ਮੂਹਰੇ ਮੂਹਰੇ ਵਗੀ ਜਾ ਰਹੀ ਸੀ। ਪਿਛੇ ਤੁਰੇ

ਆਉਂਦਾ ਮੈਂ ਵੱਟ ਤੋਂ ਤਿਲਕ ਜਾਂਦਾ ਤਾਂ ਖਾਲੇ ਵਿਚ ਤੁਰਨ ਲੱਗ ਜਾਂਦਾ। ਮੈਂ ਪੈਰੋਂ ਨੰਗਾ ਸੀ। ਐਨੀ ਦੂਰ ! ਉਨ੍ਹਾਂ ਦਾ ਖੇਤ ਆਉਣ ਵਿਚ ਹੀ ਨਹੀਂ ਸੀ ਆ ਰਿਹਾ। ਖੇਤ ਪਤਾ ਨਹੀਂ ਉਸਨੂੰ ਕੀ ਕੰਮ ਸੀ। ਸ਼ਾਇਦ ਕੱਦੂਆਂ ਦੀ ਵੱਲ ਤੋਂ ਕੱਦੂ ਤੋੜਣ ਭੇਜਿਆ ਸੀ। ਮੈਨੂੰ ਉਸਨੇ ਲਾਲਚ ਦੇ ਕੇ ਨਾਲ ਤੋਰ ਲਿਆ ਸੀ। ਮੈਂ ਉਦੋਂ ਅੱਠ ਕੁ ਸਾਲ ਦਾ ਹੋਵਾਂਗਾ ਤੇ ਉਹ ਮੇਰੇ ਤੋਂ ਦੋ ਤਿੰਨ ਸਾਲ ਵੱਡੀ ਸੀ। ਖਾਲ ਦੇ ਦੋਹੀਂ ਪਾਸੀਂ ਖੇਤਾਂ ਵਿਚ ਉੱਚਾ ਉੱਚਾ ਨਰਮਾ ਸੀ। ਮੈਨੂੰ ਭੈਅ ਆ ਰਿਹਾ ਸੀ। ਤੁਰਿਆ ਜਾਂਦਾ ਮੈਂ ਪਿੱਛੇ ਰਹਿ ਜਾਂਦਾ ਤਾਂ ਉਹ ਖੜ ਕੇ ਮੈਨੂੰ ਆਪਣੇ ਨਾਲ ਰਲਾ ਲੈਂਦੀ। ਆਪਣੇ ਖੇਤ ਪਹੁੰਚ ਕੇ ਉਹ ਖਾਲੇ ਦੀ ਵੱਟ ਤੋਂ ਉਤਰੀ ਤੇ ਨਰਮੇ ਦੇ ਖੇਤ ਵਿਚ ਟਾਹਲੀ ਹੇਠ ਜਾ ਖਲੋਤੀ। ਮੈਂ ਵੱਟ ਤੋਂ ਹੇਠਾਂ ਉਤਰਿਆ ਤਾਂ ਮੇਰੇ ਪੈਰ ਖੇਤ ਦੀ ਪੋਲੀ ਮਿੱਟੀ 'ਚ ਧੱਸ ਗਏ। ਗਿੱਟਿਆਂ ਤੱਕ ਮੇਰੇ ਪੈਰਾਂ ਨੂੰ ਗਾਰਾ ਲੱਗ ਗਿਆ ਸੀ। ਟਾਹਲੀ ਹੇਠਾਂ ਵਾਣ ਦਾ ਵਿਰਲਾ ਜਿਹਾ ਬੁਣਿਆ ਵਿੰਗਾ ਜਿਹਾ ਮੰਜਾ ਪਿਆ ਸੀ। ਬਲੰਦੀ ਨੇ ਤੰਬੀ ਦਾ ਨਾਲਾ ਖੋਲ੍ਹਿਆ ਤੇ ਮੰਜੇ 'ਤੇ ਪੈ ਕੇ ਤੰਬੀ ਗੋਡਿਆਂ ਤੱਕ ਕਰ ਲਈ। ਸ਼ਾਇਦ ਮੈਨੂੰ ਉਹ ਇਹੀ ਲਾਲਚ ਦੇ ਕੇ ਲਿਆਈ ਸੀ। ਪਰ ਮੈਂ ਖੜਾ ਆਪਣੇ ਪੈਰਾਂ ਵੱਲ ਵੇਖ ਰਿਹਾ ਸੀ। ਲਿਬੜੇ ਪੈਰਾਂ ਦੀ ਮੈਨੂੰ ਅਲਕਤ ਆ ਰਹੀ ਸੀ।

ਅੱਗੇ ਤਾਂ ਕਦੇ ਮੈਨੂੰ ਇਹ ਘਟਨਾ ਚੇਤੇ ਹੀ ਨਹੀਂ ਸੀ ਆਈ !

'ਕਿਧਰ ਗੁਆਚਿਆ ਬੈਠੈਂ, ਪੈਰਾਂ ਕੰਨ੍ਹੀ ਵੇਖੀਂ ਜਾਨੈਂ।' ਬੀਰੇ ਨੇ ਪਿੱਛੋਂ ਆ ਕੇ ਮੈਨੂੰ ਮੋਢੇ ਤੋਂ ਝੰਜੋੜਿਆ।

ਮੈਂ ਉਸਨੂੰ ਕੀ ਦੱਸਦਾ। ਮੈਂ ਚੁੱਪ ਚਾਪ ਬੀਰੇ ਦੇ ਮਗਰ ਤੁਰ ਪਿਆ।

'ਝੋਨੇ ਦਾ ਝਾੜ ਤਾਂ ਐਤਕੀਂ ਚੰਗੈ। ਭਾਅ ਵੀ ਚੰਗੈ। ਪਰ ਬਣਦਾ ਫੇਰ ਵੀ ਕੁਝ ਨਹੀਂ ਜੱਟਾਂ ਦਾ। ਸਾਲੇ ਖਰਚੇ ਬਾਹਲੇ ਹੋਈ ਜਾਂਦੇ ਨੇ। ਫਸਲ ਛੇ ਮਹੀਨੇ ਤੋਂ ਆਉਂਦੀ ਐ ਤੇ ਪੈਸੇ ਰੋਜ਼ਾਨਾ ਹੀ ਜੇਬ ਵਿਚੋਂ ਨਿਕਲਦੇ ਰਹਿੰਦੇ ਨੇ। ਰੇਹ ਸਪਰੇ ਤੇਲ ਦੇ ਖਰਚੇ ਈ ਪੂਰੇ ਨਹੀਂ ਆਉਂਦੇ। ਆਹੀ ਹਾਲ ਰਿਹੈ ਤਾਂ ਜੱਟਾਂ ਨੇ ਵਾਹੀ ਤੋਂ ਹੱਥ ਖੜੇ ਕਰ ਦੇਣੇ ਐ...। ਵੇਖ ਲੈ ਇਨਾ ਖੇਤਾਂ 'ਚ ਪਹਿਲਾਂ ਨਰਮਾ ਹੀ ਹੁੰਦਾ ਸੀ ਝੋਨਾ ਤਾ ਆਪਾਂ ਜਾਣਦੇ ਹੀ ਨਹੀ ਸੀ, ਝੋਨਾ ਤਾਂ ਉਦੋ ਲੋਕ ਮੋਗੇ ਕੰਨੀ ਹੀ ਲਾਉਦੇ ਸਨ। ' ਬੀਰਾ ਬੋਲਦਾ ਜਾ ਰਿਹਾ ਸੀ।

'ਕਿਵੇਂ ਐਂ ਬੋਲਦਾ ਨੀਂ ?'

'ਨਹੀਂ ਨਹੀਂ, ਉਹ ਲਾਲ ਬੱਤੀ ਵਾਲੀ ਗੱਡੀ 'ਤੇ ਕਿਹੜਾ ਆ ਕੇ ਮੁੜ ਗਿਆ।' ਜਗਦੇਵ ਕੀ ਪਹੀ 'ਤੇ ਲਾਲ ਬੱਤੀ ਵਾਲੀ ਚਿੱਟੀ ਜ਼ੈਨ ਮੁੜੀ ਜਾਂਦੀ ਵੇਖ ਕੇ ਮੈਂ ਪੁੱਛਿਆ।

'ਗੁਆਂਢੀ ਪਿੰਡ ਵਾਲਾ ਜਥੇਦਾਰ ਈ ਹੋਣੈ, ਹੋਰ ਕਿਹੜਾ ਹੋਣੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਫਿਰ ਨੇੜੇ ਆ ਰਹੀਆਂ, ਇਹਦੀ ਟਿਕਟ ਤਾਂ ਪੱਕੀ ਐ।' ਗੱਡੀ ਪਹਿਚਾਣ ਕੇ ਬੀਰੇ ਨੇ ਦੱਸਿਆ।

'ਬਈ ਬੰਦਾ ਹਿੰਮਤੀ ਐ। ਹਰ ਇਕ ਦੇ ਦੁਖਦੇ ਸੁਖਦੇ ਜਾਂਦੈ।' ਮੈਂ ਕਿਹਾ ਤਾਂ ਬੀਰਾ ਫਿਰ ਸ਼ੁਰੂ ਹੋ ਗਿਆ।

'ਵਾਹ ਮਾਸਟਰਾ, ਇਹ ਕਿਹੜੀ ਹਿੰਮਤ ਵਾਲੀ ਗੱਲ ਐ। ਸਾਰਾ ਦਿਨ ਇਹਨਾਂ ਨੂੰ ਸਲਾਮਾਂ ਵੱਜਦੀਆਂ। ਸਰਕਾਰੇ ਦਰਬਾਰੇ ਚੜ੍ਹਤ ਐ। ਪੈਸਾ ਵਾਧੂ ਤੁਰਿਆ ਆਉਂਦੈ। ਬੰਦਾ ਉਈਂ ਹੌਂਸਲੇ 'ਚ ਭੱਜਿਆ ਫਿਰਦੈ। ਮੈਨੂੰ ਦਵਾਓ ਲਾਲ ਬੱਤੀ ਵਾਲੀ ਗੱਡੀ ਮੈਂ ਟਿੱਕਦਾ ਈ ਨਹੀਂ, ਸਵੇਰ ਤੋਂ ਸ਼ਾਮ ਤੱਕ ਮਰਨੇ ਪਰਨੇ ਤੇ ਵਿਆਹ ਸ਼ਾਦੀਆਂ 'ਚ ਈ ਤੁੰਰੂ ਫਿਰੂੰ...।' ਹੱਸਦੇ ਹੋਏ ਬੀਰੇ ਨੇ ਕਿਹਾ।

ਚਾਣਨੀ ਹੇਠ ਆਏ ਤਾਂ ਦਾਰੂ ਪੀਣ ਵਾਲਿਆਂ ਦੀ ਇਕ ਢਾਣੀ ਹੋਰ ਜੁੜੀ ਬੈਠੀ ਸੀ। ਸਾਰੇ ਆਪਾ ਧਾਪੀ ਪਈ ਹੋਈ ਸੀ। ਸਾਡੇ ਵਾਲੀਆਂ ਕੁਰਸੀਆਂ ਰੁਕ ਗਈਆਂ ਸਨ।

'ਹੋਰ ਫੇਰ ਮਾਸਟਰਾ ਕੀ ਹਾਲ ਐ ?' ਨਵੇਂ ਆਇਆਂ ਵੱਲੋਂ ਕਈ ਅਵਾਜ਼ਾਂ ਆਈਆਂ।



ਮੈਂ ਨੇੜੇ ਆਇਆ ਤਾਂ ਦੋ ਤਿੰਨ ਜਣੇ ਉਠ ਕੇ ਖਲੋ ਗਏ ਤੇ ਮੈਨੂੰ ਬੈਠਣ ਲਈ ਕਹਿਣ ਲੱਗੇ। ਮੈਂ ਖੜਾ ਰਿਹਾ। ਘੜਮੱਸ ਜਿਹੇ 'ਚ ਮੈਨੂੰ ਬੈਠਣਾ ਔਖਾ ਲੱਗ ਰਿਹਾ ਸੀ। ਬੀਰਾ ਵੀ ਹਲਾਤ ਸਮਝ ਗਿਆ ਸੀ। ਪਲਾਸਟਿਕ ਦੀਆਂ ਦੋ ਕੁਰਸੀਆਂ ਇਕੱਠੀਆਂ ਘੜੀਸ ਕੇ ਕੰਧ ਵਾਲੇ ਪਾਸੇ ਲੈ ਗਿਆ ਤੇ ਬੋਲਿਆ, 'ਆਜਾ ਆਪਾਂ ਐਧਰ ਈ ਬੈਠਦੇ ਆਂ।' ਉਸੇ ਸਮੇਂ ਨਿੱਕਾ ਇਕ ਛੋਟੀ ਤਪਾਈ ਸਾਡੇ ਮੂਹਰੇ ਰੱਖ ਗਿਆ। ਬਲਦੇਵ ਦੇ ਮੁੰਡੇ ਨੇ ਡੌਂਗਾ, ਬੋਤਲ, ਗਿਲਾਸ ਤੇ ਪਾਣੀ ਦਾ ਜੱਗ ਰੱਖ ਦਿੱਤਾ।

'ਹੁਣ ਬਣੀ ਆ ਗੱਲ।' ਬੈਠਦਿਆਂ ਸਾਰ ਹੀ ਬੀਰੇ ਨੇ ਪੈਗ ਪਾ ਲਏ।

'ਤੁਸੀਂ ਕਿਵੇਂ ਪਾਸੇ ਜੇ ਹੋ ਕੇ ਬਹਿ ਗਏ ?' ਜਗਦੇਵ ਨੇ ਸਾਡੇ ਕੋਲ ਆ ਕੇ ਕਿਹਾ ਤੇ ਉਸੇ ਪਲ ਬਾਹਰਲੇ ਬਾਰ ਵੱਲ ਮੁੜ ਪਿਆ।

ਡੀ ਜੇ 'ਤੇ ਗਾਣਾ ਚੱਲ ਰਿਹਾ ਸੀ...
ਆ ਗਏ ਪੱਗਾਂ ਪੋਚਵੀਆਂ ਵਾਲੇ,
ਬਚ ਕੇ ਰਹੀਂ ਤੂੰ ਰੇਸ਼ਮੀ ਦੁਪੱਟੇ ਵਾਲੀਏ,
ਇਹ ਫਨੀਅਰ ਜਾਣੈ ਨੀ ਸੰਭਾਲੇ।

ਨੀਲੀ ਪੱਗ, ਗਰੇਅ ਰੰਗ ਦੀ ਪੈਂਟ ਸ਼ਰਟ ਉਤੋਂ ਦੀ ਗਾਤਰਾ ਪਾਈ ਖੁੱਲ ਦਾਹੜੀ ਵਾਲਾ ਇਕ ਲੰਮ ਸਲੰਮਾ ਨੌਜਵਾਨ ਬਾਹਰੋਂ ਘਰ ਵੱਲ ਆਉਂਦਾ ਜਗਦੇਵ ਦੀ ਨਜ਼ਰ ਪੈ ਗਿਆ ਸੀ ਤੇ ਉਹ ਉਹਦੇ ਸਵਾਗਤ ਲਈ ਵਾਪਸ ਮੁੜ ਗਿਆ ਸੀ।

'ਵੇਖਿਆ ਕਿਵੇਂ ਸਲਾਮਾਂ ਹੁੰਦੀਐਂ ਪਟਵਾਰੀ ਨੂੰ।' ਬੀਰੇ ਨੂੰ ਜਗਦੇਵ ਦਾ ਮੁੜਨਾ ਚੰਗਾ ਨਹੀਂ ਸੀ ਲੱਗਿਆ।

'ਪਟਵਾਰੀ ਨੂੰ ਤਾਂ ਜੱਟ ਸਲਾਮਾਂ ਕਰਦੇ ਈ ਆਏ ਆ।' ਮੈਂ ਕਿਹਾ ਤਾਂ ਬੀਰਾ ਮੁੱਛਾਂ 'ਤੇ ਹੱਥ ਮਾਰਦਾ ਫਿਰ ਸ਼ੁਰੂ ਹੋ ਗਿਆ–

'ਤੈਨੂੰ ਨਹੀਂ ਪਤਾ ਇਹ ਪਟਵਾਰੀ ਈ ਨਹੀਂ ਆਪਣੇ ਪਿੰਡ ਦਾ ਸਰਪੰਚ ਵੀ ਐ ਅੱਜਕੱਲ। ਜਲਾਹੇ ਨੂੰ ਕੌਣ ਪੁੱਛਦੈ ਇਹਨੇ ਈ ਤਾਂ ਉਹਨੂੰ ਸਰਪੰਚ ਬਣਾਇਆ ਕੋਲੋਂ ਖਰਚ ਕਰਕੇ। ਜੇ ਸਰਪੰਚੀ ਰਿਜ਼ਰਵ ਨਾ ਹੁੰਦੀ ਤਾਂ ਇਹਦੀ ਘਰਵਾਲੀ ਪਿੰਡ ਦੀ ਸਰਪੰਚ ਹੋਣੀ ਸੀ। ਪੰਜ ਕਿਲੇ ਐਤਕੀਂ ਇਹਨੇ ਕੱਠੇ ਈ ਲੈ ਲਏ ਫਾਕਿਆਂ ਦੇ। ਆਏ ਸਾਲ ਇਕ ਅੱਧੇ ਘਰ ਨੂੰ ਬੇਜ਼ਮੀਨਾ ਕਰ ਦਿੰਦੇ ਆ ਇਹ ਤੇ ਚੀਨੇ।'

ਸਕੂਲ 'ਚ ਪੜ੍ਹਦਾ ਪਟਵਾਰੀ ਇਕ ਸਾਲ ਮੇਰਾ ਸਟੂਡੈਂਟ ਰਿਹਾ ਸੀ। ਮੈਨੂੰ ਬੈਠਾ ਵੇਖ ਕੇ ਉਸਨੇ ਦੋਵੇਂ ਹੱਥ ਜੋੜ ਦਿੱਤੇ ਤੇ ਇਕ ਲਿਫਾਫਾ ਜਗਦੇਵ ਦੀ ਜੇਬ 'ਚ ਪਾਉਣ ਲੱਗਾ। ਉਹ ਸ਼ਾਇਦ ਉਥੋਂ ਹੀ ਮੁੜਨਾ ਚਾਹੁੰਦਾ ਸੀ ਪਰ ਜਗਦੇਵ ਉਹਦੇ ਲੱਕ ਦੁਆਲੇ ਬਾਂਹ ਵਲ ਕੇ ਸਬਾਤਾਂ ਵੱਲ ਲੈ ਗਿਆ।

'ਮੀਟ ਤਾਂ ਵਧੀਆ ਬਣਿਐ। ਖੱਸੀ ਬੱਕਰਾ ਸੀ।' ਸੈਂਖੀ ਚੂਸ ਕੇ ਰੱਖਦਾ ਬੀਰਾ ਬੋਲਿਆ। ਮੈਂ ਵੀ ਕੌਲੀ 'ਚ ਗੋਲ ਗੋਲ ਮੀਟ ਪਾ ਲਿਆ ਸੀ। ਇਸੇ ਸਮੇਂ ਇਕ ਪੀਲੀ ਪੱਗ ਬੰਨ੍ਹੀ ਘਸਮੈਲੇ ਜਿਹੇ ਲੀੜੇ ਪਾਈ ਇਕ ਬੰਦਾ ਕਾਹਲੀ ਕਾਹਲੀ ਅੰਦਰ ਆਇਆ ਤੇ ਪਹਿਲੀ ਢਾਣੀ ਕੋਲ ਹੀ ਡਿਗਦਿਆਂ ਵਾਂਗੂੰ ਬੈਠ ਗਿਆ। ਇਹ ਵੀ ਸਾਡਾ ਜਮਾਤੀ ਗੁਰਜੀਤ ਮੈਂਬਰ ਸੀ। ਮੈਂ ਉਸਦੀ ਤੋਰ ਵੇਖ ਕੇ ਦੂਰੋਂ ਹੀ ਪਛਾਣ ਲਿਆ ਸੀ। ਬੈਠਣ ਸਾਰ ਉਹਨੇ ਦਾਰੂ ਦੀ ਬੋਤਲ ਤੇ ਗਿਲਾਸ ਚੁੱਕ ਲਿਆ ਸੀ।

ਜੱਟ ਤੇਰੇ ਨਾਂ 'ਤੇ ਬੋਤਲਾਂ ਦੇ ਡੱਟ ਪੱਟਦੇ...। ਡੀ ਜੇ 'ਤੇ ਗਾਣਾ ਚੱਲ ਰਿਹਾ ਸੀ।

'ਆਗਿਆ ਡੱਟ ਪੱਟਣ ਇਕ ਹੋਰ ਖਾਕੀ ਨੰਗ। ਊਂ ਤਾਂ ਯਾਰ ਆਪਣਾ ਭਰਾ ਲੱਗਦਾ।

ਜਮਾਤੀ ਵੀ ਸੀ।' ਬੀਰਾ ਫੇਰ ਤਬਸਰਾ ਕਰਨ ਲੱਗਿਆ।

'ਮਰਲਾ ਨੀਂ ਛੱਡੀ ਮਾਂ ਦੇ ਪੁੱਤ ਨੇ ਪਰ ਪੀਣ ਦੀ ਲਲਕ ਨਹੀਂ ਗਈ। ਦਾਰੂ ਵੇਖ ਕੇ ਤਾਂ ਮੇਰਾ ਸਾਲਾ ਲਾਲਾਂ ਸਿੱਟ ਲੈਂਦੇ।'

'ਅੱਛਾ ! ਇਹਨੇ ਵੀ ਧਰਤੀ ਸਾਰੀ ?'

'ਸਾਰੀ ਸੀ ਵੀ ਕਿੰਨੀ ਕੁ, ਡੂਢ ਤਾਂ ਕਿਲੀ ਰਹਿ ਗਈ ਸੀ ਸਾਰੀ ਇਹਦੇ ਕੋਲ।'

'ਪਰ ਯਾਰ ਇਹਨਾਂ ਦਾ ਕੰਮ ਤਾਂ ਵਧੀਆ ਸੀ। ਜਦੋਂ ਆਪਣੇ ਬਾਪ ਦਾਦੇ ਬਲਦਾਂ ਨਾਲ ਹਲ ਵਾਹੁੰਦੇ ਸੀ ਉਦੋਂ ਇਹਨਾਂ ਦੇ ਖੇਤ ਟਰੈਕਟਰ ਚੱਲਦਾ ਸੀ।'

'ਟਰੈਕਟਰ ਦੇ ਚਾਅ 'ਚ ਤਾਂ ਇਹ ਸਕੂਲੋਂ ਹਟ ਗਿਆ ਸੀ ਨੌਂਵੀਂ 'ਚੋਂ।'

'ਇਹਦੇ ਬਾਬੇ ਕੋਲ ਇੱਕੀ ਕਿਲੇ ਪੈਲੀ ਸੀ, ਇਹਦੇ ਪਿਓ ਹੋਰੀਂ ਅਗਾਂਹ ਚਾਰ ਭਰਾ। ਇਕ ਤਾਂ ਸਿੱਧਾ ਹੋਣ ਕਰਕੇ ਵਿਆਹਿਆ ਈ ਨਹੀਂ ਸੀ। ਚਾਰੇ ਭਰਾ ਆਪ ਵੀ ਬਾਹਲੇ ਤਕੜੇ ਕਾਮੇ। ਅੱਗੇ ਇਹਨਾਂ ਦੇ ਤਿੰਨ ਤਿੰਨ, ਚਾਰ ਚਾਰ ਮੁੰਡੇ। ਕੰਮ ਦੀਆਂ ਗੁਡੀਆਂ ਘੁਕਾਈ ਫਿਰਦੇ। ਪੱਚੀ ਤੀਹ ਕਿਲੇ ਹੋਰ ਠੇਕੇ 'ਤੇ ਲੈ ਲੈਂਦੇ ਤੇ ਖੂਬ ਕਮਾਈ ਕਰਦੇ। ਪੜ੍ਹਿਆ ਹੋਣ ਕਰਕੇ ਇਹ ਘਰ ਦਾ ਆਗੂ ਬਣ ਗਿਆ। ਤੋਰੇ ਫੇਰੇ 'ਤੇ ਹੋ ਗਿਆ ਨਿੱਤ ਸ਼ਹਿਰ। ਫੇਰ ਲੀਡਰੀ 'ਚ ਪੈਰ ਰੱਖਣ ਲੱਗ ਪਿਆ। ਆਥਣੇ ਰੋਜ਼ ਦਾਰੂ ਭਾਲਿਆ ਕਰੇ। ਫੇਰ ਪੰਚਾਇਤ ਮੈਂਬਰ ਬਣ ਗਿਆ। ਅਏਂ ਕਿਤੇ ਕੱਠ ਨਿਭਦੇ ਐ। ਸਾਰੀ ਖੇਡ ਖਿੰਡ ਗਈ। ਭਰਾ ਵੀ ਅੱਡੋਂ ਅੱਡ ਹੋ ਗਏ। ਚਾਰ ਕੁ ਕਿਲੇ ਪੈਲੀ ਇਹਦੇ ਹਿੱਸੇ ਆਈ। ਖੁੱਲੀਆਂ ਚਰਨ ਵਾਲਿਆਂ ਦਾ ਚਾਰਾਂ ਨਾਲ ਕਿਥੇ ਗੁਜ਼ਾਰਾ ਹੋਣਾ ਸੀ। ਹੌਲੀ ਹੌਲੀ ਜ਼ਮੀਨ ਨੂੰ ਵਾਢਾ ਧਰ ਲਿਆ। ਡੂਢ ਕਿਲਾ ਰਹਿੰਦੀ ਸੀ ਛੇ ਕੁ ਮਹੀਨੇ ਹੋਏ ਉਹ ਵੀ ਕਰਤੀ ਬੈਅ ਚੀਨਿਆਂ ਨੂੰ। ਮੁੰਡੇ ਰੁਲਦੇ ਫਿਰਦੇ ਐ। ਇਕ ਤਾਂ ਮਿੰਨੀ ਬੱਸ 'ਤੇ ਡਰਾਇਵਰ ਆ ਦੂਜਾ ਟਰੱਕਾਂ ਵਾਲਿਆਂ ਨਾਲ ਫਿਰਦੈ। ' ਬੀਰੇ ਨੇ ਗੁਰਜੀਤ ਦੀ ਹਿਸਟਰੀ ਵੀ ਸੁਣਾ ਦਿੱਤੀ।

ਬੈਠੇ ਗੁਰਜੀਤ ਦੇ ਮੈਂ ਨਜ਼ਰੀਂ ਪਿਆ ਤਾਂ ਉਹਨੇ ਉਥੇ ਬੈਠੇ ਨੇ ਈ ਹੱਥ ਚੁੱਕ ਦਿੱਤਾ। ਜਾਣ ਲੱਗਿਆਂ ਪਟਵਾਰੀ ਮੇਰੇ ਗੋਡੀਂ ਹੱਥ ਲਾ ਗਿਆ ਸੀ। ਮੋਹਨਾ ਕੁਰਸੀ 'ਤੇ ਬੈਠਾ ਬਿਟਰ ਬਿਟਰ ਐਧਰ ਝਾਕ ਰਿਹਾ ਸੀ।

'ਆਹ ਜਿਥੇ ਬੈਠੋਂ ਆਂ ਨਾ ਆਪਾਂ ਇਹ ਮੋਹਨੇ ਵਾਲਾ ਕਿਲਾ ਈ ਸੀ।' ਬੀਰੇ ਨੇ ਮੋਹਨੇ ਵੱਲ ਵੇਖ ਕੇ ਕਿਹਾ।

ਪੀਣ ਵਾਲਿਆਂ ਦੀ ਕਾਵਾਂ ਰੌਲੀ ਵਧ ਗਈ। ਕਈ ਤਾਂ ਉਠ ਕੇ ਜਾਣੇ ਸ਼ੁਰੂ ਹੋ ਗਏ ਸਨ। ਦੂਰ ਦੇ ਰਿਸ਼ਤੇਦਾਰ ਵੀ ਜਾ ਰਹੇ ਸਨ।

ਡੀ ਜੇ 'ਤੇ ਨੱਚਣ ਵਾਲਿਆਂ ਦੀ ਗਿਣਤੀ ਘੱਟ ਗਈ ਸੀ। ਨੱਚਣ ਵਾਲਿਆਂ 'ਚ ਇਕ ਗੂਹੜੇ ਪੀਲੇ ਰੰਗ ਦਾ ਪੁਰਾਣਾ ਕੁੜਤਾ ਪਜਾਮਾ ਪਾਈ ਇਕ ਲੰਬਾ ਪਤਲਾ ਤੇ ਗੋਰਾ ਅਠਾਰਾਂ ਉਨੀ ਸਾਲ ਦਾ ਮੁੰਡਾ ਵੀ ਸ਼ਾਮਲ ਹੋ ਗਿਆ ਸੀ। ਪੈਰੀਂ ਉਸਦੇ ਰਬੜ ਦੀਆਂ ਵੀ ਸ਼ੇਪ ਦੀਆਂ ਚੱਪਲਾਂ ਸਨ। ਚਿੱਟੇ ਕੁੜਤੇ ਪਜ਼ਾਮੇ ਵਾਲੇ ਮੁੰਡੇ ਤਾਂ ਕੁਝ ਤਾਲ ਵਿਚ ਨੱਚ ਰਹੇ ਸਨ ਪਰ ਵੱਖਰੇ ਪਹਿਰਾਵੇ ਵਾਲਾ ਮੁੰਡਾ ਐਧਰ ਓਧਰ ਲੱਤਾਂ ਬਾਹਾਂ ਮਾਰ ਰਿਹਾ ਸੀ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਕਰਤਬ ਵਿਖਾ ਰਹੇ ਸਰਕਸ ਦੇ ਕਲਾਕਾਰਾਂ 'ਚ ਜੋਕਰ ਆ ਵੜਿਆ ਹੋਵੇ।

'ਇਹ ਕਿਨ੍ਹਾਂ ਦਾ ਮੁੰਡਾ ਬੀਰੇ। ਇਹਨੂੰ ਵੀ ਸੱਦਿਆ ਇਹਨਾਂ ਨੇ।' ਮੈਂ ਬੀਰੇ ਨੂੰ ਕਿਹਾ।

'ਲੈ ਇਹੋ ਜਿਹਿਆਂ ਨੂੰ ਕੋਈ ਸੱਦਦਾ ਹੁੰਦੈ। ਇਹ ਤਾਂ ਆਪੇ ਈ ਆ ਜਾਂਦੇ ਆ ਵਿਆਹ ਸ਼ਾਦੀ ਵਾਲੇ ਘਰੇ। ਲੂਲੇ ਨੂੰ ਕੋਈ ਸੱਦਣ ਜਾਂਦਾ ਹੁੰਦਾ ਸੀ ? ਯਾਦ ਆ ਨਾ ਤੇਰੇ ਲੂਲਾ ?'

ਬੀਰੇ ਨੇ ਕਿਹਾ ਤੇ ਕੁਝ ਯਾਦ ਆ ਜਾਣ ਵਾਂਗ ਉਠ ਕੇ ਬਾਹਰ ਨੂੰ ਤੁਰ ਗਿਆ। ਸ਼ਾਇਦ



ਪਰਦੇ ਨਾਲ ਜ਼ਰਦਾ ਲਾਉਣ ਗਿਆ ਸੀ।

ਲੂਲਾ !

ਹਾਂ ਤੇ ਮੇਰੇ ਅੱਜ ਲੂਲਾ ਯਾਦ ਆ ਗਿਆ। ਲੂਲਾ ਵੀ ਤਾਂ ਮੇਰੇ ਚੇਤੇ 'ਚੋਂ ਕਦੋਂ ਦਾ ਵਿਸਰ ਚੁੱਕਿਆ ਸੀ। ਬਲੰਦੀ ਵਾਂਗ।

ਲੂਲਾ ਸਾਡੇ ਪਿੰਡ ਦਾ ਕਮਲਾ ਬੰਦਾ ਸੀ। ਲੋਕ ਉਹਨੂੰ ਕਮਲਾ ਕਹਿੰਦੇ ਸਨ। ਪਰ ਅਸਲ ਵਿਚ ਉਹ ਬਾਹਲਾ ਈ ਸਿੱਧਰਾ ਬੰਦਾ ਸੀ। ਚਾਲੀ ਪੰਜਤਾਲੀ ਸਾਲ ਦੀ ਉਮਰ ਵਿਚ ਵੀ ਉਸਦਾ ਦਿਮਾਗ ਚਾਰ ਪੰਜ ਸਾਲ ਦੇ ਬੱਚੇ ਜਿਨ੍ਹਾ ਈ ਸੀ। ਲੂਲਾ ਜੱਟ ਸੀ। ਉਹ ਪੰਜ ਛੇ ਭਰਾ ਸਨ। ਸਾਰੇ ਛੇ ਛੇ ਫੁੱਟ ਉਚੇ। ਜ਼ਮੀਨ ਥੋੜੀ ਸੀ। ਸਾਰੇ ਭਰਾ ਖੇਤੀ 'ਚ ਖੁੱਭੇ ਰਹਿੰਦੇ। ਤੇ ਲੂਲਾ ਪਿੰਡ ਦੀਆਂ ਗਲੀਆਂ 'ਚ ਫਿਰਦਾ ਰਹਿੰਦਾ। ਉਸਦਾ ਅਸਲੀ ਨਾਂ ਤਾਂ ਕਿਸੇ ਨੂੰ ਵੀ ਨਹੀਂ ਸੀ ਪਤਾ। ਸਾਰਿਆਂ ਲਈ ਉਹ ਲੂਲਾ ਈ ਸੀ। ਸਿਰੋਂ ਤੇੜੋਂ, ਪੈਰੋਂ ਨੰਗਾ, ਗਲ ਵਿਚ ਗੋਡਿਆਂ ਤੱਕ ਨੀਵਾਂ ਮੋਟਾ ਮੈਲਾ ਕੁਚੈਲਾ ਖੁੱਲ੍ਹਾ ਕੁੜਤਾ ਪਾਈ ਕਦੇ ਉਹ ਓਸ ਗਲੀ ਤੇ ਕਦੇ ਓਸ ਗਲੀ ਘੁੰਮਦਾ ਰਹਿੰਦਾ। ਮਹੀਨੇ ਵੀਂਹ ਦਿਨੀ ਉਸ ਦੀਆਂ ਭਰਜਾਈਆਂ ਉਹਦਾ ਕੁੜਤਾ ਧੋ ਦਿੰਦੀਆਂ ਸਨ। ਲਾਲਾਂ ਡਿੱਗ ਡਿੱਗ ਠੋਡੀ ਤੋਂ ਹੇਠਾਂ ਕੁੜਤਾ ਗਿਲਾ ਤੇ ਚਿਪਚਿਪਾ ਹੋਇਆ ਰਹਿੰਦਾ। ਜਦੋਂ ਲੂਲੇ ਦੇ ਸਿਰ ਤੇ ਦਾੜ੍ਹੀ ਦੇ ਵਾਲ ਵਧ ਜਾਂਦੇ ਤਾਂ ਪਿੰਡ ਦਾ ਨਾਈ ਤਰਸ ਕਰਕੇ ਉਸਦੇ ਵਾਲਾਂ 'ਤੇ ਉਸਤਰਾ ਫੇਰ ਦਿੰਦਾ। ਲੂਲਾ ਕਿਸੇ ਨੂੰ ਕੁਝ ਨਹੀਂ ਸੀ ਕਹਿੰਦਾ। ਪਿੰਡ ਵਿਚ ਜਦੋਂ ਕਿਸੇ ਘਰੇ ਮੁੰਡੇ ਜਾਂ ਕੁੜੀ ਦਾ ਵਿਆਹ ਹੁੰਦਾ ਤਾਂ ਲੂਲਾ ਉਹਨਾਂ ਦੇ ਬਾਰ ਵਿਚ ਆ ਬੈਠਦਾ। ਕੜਾਹੀ ਚੜਣ ਵਾਲੇ ਦਿਨ ਤੋਂ ਮੇਲ ਦੇ ਤੁਰਨ ਤੱਕ ਤਿੰਨ ਚਾਰ ਦਿਨ ਤੱਕ ਲੂਲਾ ਵਿਆਹ ਵਾਲੇ ਘਰ ਦੇ ਬਾਰ ਨਾਲ ਲੱਗ ਕੇ ਗਲੀ ਵਿਚ ਪੈਰਾਂ ਭਾਰ ਬੈਠਾ ਰਹਿੰਦਾ।

ਵਿਆਹ ਵਾਲੇ ਘਰੋਂ ਕੋਈ ਉਸਨੂੰ ਲੱਡੂ ਫੜਾ ਜਾਂਦਾ, ਕੋਈ ਜਲੇਬੀਆਂ ਦੇ ਜਾਂਦਾ। ਜਿਹੜੀ ਵੀ ਚੀਜ਼ ਹਲਵਾਈ ਕੋਲ ਬਣਦੀ ਉਸਦਾ ਨਮੂਨਾ ਲੂਲੇ ਕੋਲ ਜ਼ਰੂਰ ਪਹੁੰਚ ਜਾਂਦਾ। ਜਦੋਂ ਮਰਜ਼ੀ ਤੇ ਜੋ ਮਰਜ਼ੀ ਲੂਲੇ ਨੂੰ ਫੜਾ ਦੇਵੋ ਉਹ ਖਾਈ ਜਾਂਦਾ। ਰੋਟੀਆਂ ਖਾਣ ਲੱਗਿਆ ਤਾਂ ਉਹ ਹਟਦਾ ਈ ਨਹੀਂ ਸੀ। ਉਸਨੂੰ ਆਪਣੀ ਭੁੱਖ ਦਾ ਵੀ ਨਹੀਂ ਸੀ ਪਤਾ।

ਵਿਆਹ ਵਾਲੇ ਘਰ ਦੇ ਬਾਰ ਵਿਚ ਬੈਠਾ ਲੂਲਾ ਪਿੰਡ ਦੇ ਅਤੇ ਮੇਲ 'ਚ ਆਏ ਜਵਾਕਾਂ ਦੇ ਮਨੋਰੰਜਨ ਦਾ ਸਾਧਨ ਬਣਿਆ ਰਹਿੰਦਾ। ਛੋਟੇ ਛੋਟੇ ਬੱਚੇ ਵੀ ਉਹਨੂੰ ਛੇੜ ਛੇੜ ਭੱਜ ਜਾਂਦੇ। ਜਦੋਂ ਜਵਾਕ ਉਹਨੂੰ ਬਾਹਲਾ ਈ ਤੰਗ ਕਰਨ ਲੱਗ ਜਾਂਦੇ ਤਾਂ ਉਹ ਰੋਣ ਹਾਕੀ ਪਤਲੀ ਜਿਹੀ ਅਵਾਜ਼ 'ਚ ਬੋਲਦਾ,' ਬਾਈ ਮਾਰਦੇ ਆ।' ਤੇ ਕਈ ਵਾਰ ਉਹ ਸੱਚ ਮੁੱਚ ਰੋਣ ਲੱਗ ਪੈਂਦਾ। ਜਵਾਕਾਂ ਨੂੰ ਤਰਸ ਆ ਜਾਂਦਾ ਤੇ ਉਹ ਹਟ ਜਾਂਦੇ।

ਕਈ ਵਾਰ ਕੋਈ ਵੱਡਾ ਸ਼ਰਾਰਤੀ ਮੁੰਡਾ ਐਵੀਂ ਈ ਉਸਨੂੰ ਕਹਿ ਦਿੰਦਾ,'ਲੂਲੇ ਬਾਈ ਨੱਕ ਸਾਫ ਕਰ ਲੈ ਤੇਰਾ ਨੱਕ ਆ ਗਿਐ।' ਤੇ ਪੈਰਾਂ ਭਾਰ ਬੈਠਾ ਲੂਲਾ ਕੁੜਤੇ ਦਾ ਅੱਗਾ ਚੁੱਕ ਕੇ ਨੱਕ ਪੂੰਝਣ ਲੱਗ ਪੈਂਦਾ ਤਾਂ ਉਸਦਾ ਨੰਗੇਜ਼ ਵੇਖ ਕੇ ਜਵਾਕ ਹੱਸ ਹੱਸ ਲੋਟ ਪੋਟ ਹੁੰਦੇ ਫਿਰਦੇ।

'ਕਿਉਂ ਦਰਵੇਸ਼ ਨੂੰ ਛੇੜਦੇ ਹੋ।' ਉਸੇ ਵੇਲੇ ਕੋਈ ਸਿਆਣਾ ਬੰਦਾ ਆ ਕੇ ਕਹਿੰਦਾ ਤੇ ਜਵਾਕਾਂ ਨੂੰ ਉਥੋਂ ਭਜਾ ਦਿੰਦਾ।' ਕੌਣ ਐ ਇਹ ਮੁੰਡਾ ?' ਮੇਰਾ ਧਿਆਨ ਲੂਲੇ ਤੋਂ ਫੇਰ ਇਸ ਮੁਡੇ ਵੱਲ ਆ ਗਿਆ ਸੀ। ਬੀਰਾ ਵੀ ਕੋਲ ਆ ਕੇ ਬੈਠ ਗਿਆ ਸੀ।

' ਇਹ ਵੀ ਲੂਲੇ ਕੀ ਪੱਤੀ ਦਾ ਈਐ । ਆਪਣਾ ਭਤੀਜ ਐ ਲਵਪ੍ਰੀਤ ਸਿੰਘ ਉਰਫ ਪੀਤੂ। ਇਹ ਸੀਬੂ ਅਮਲੀ ਦਾ ਪੁੱਤ ਐ। ਵੇਖ ਲੈ ਸੀਬੂ ਕੋਲ ਵੀ ਝੋਟੇ ਦੇ ਸਿਰ ਵਰਗੀ ਵੀਹ ਕਿੱਲੇ ਪੈਲੀ ਸੀ। ਆਪਣੇ ਵਿਹਦਿਆਂ ਵਿਹਦਿਆਂ ਹੀ ਗਾਲਤੀ ਤੇ ਪੁੱਤ ਆ ਫਿਰਦੈ ਡਿੱਪ ਡਿੱਪ ਵਜਦਾ।' ਬੀਰੇ ਨੇ ਪੈਗ ਖਤਮ ਕਰਕੇ ਗਿਲਾਸ ਰੱਖਦੇ ਹੋਏ ਕਿਹਾ।

' ਮੇਰਾ ਖਿਆਲ ਐ ਜਮੀਨ ਖਰਾਬ ਕਰਨ 'ਚ ਇਕੱਲੇ ਸੀਬੂ ਦਾ ਹੀ ਨਹੀਂ ਆਪਣੀ ਚਾਚੀ ਦਾ ਵੀ ਹੱਥ ਸੀ । ਕਹਿੰਦੇ ਹਨ ਬੰਦਾ ਭਾਵੇਂ ਤੰਗਲੀ ਲਾ ਲਵੇ ਘਰ ਨੂੰ ਕੁੱਝ ਨਹੀ ਹੁੰਦਾ ਤੇ ਜਨਾਨੀ ਜੇ ਚਾਹੇ ਤਾਂ ਸੂਈ ਦੇ ਨੱਕੇ ਨਾਲ ਵੀ ਘਰ ਲੰਘਾ ਦਿੰਦੀ ਹੈ। ਤੇਰੇ ਯਾਦ ਐ ਆਪਾਂ ਉਹਨੂੰ ਰੋਜ਼ਾਨਾ ਮੋਤੀ ਰਾਮ ਦੀ ਕਪੜੇ ਦੀ ਹੱਟੀ ਤੇ ਬੈਠੀ ਵੇਖਦੇ ਹੁੰਦੇ ਸਾਂ' ਮੈਂ ਕਿਹਾ ਤਾਂ ਬੀਰਾ ਫਿਰ ਮੇਰੀ ਗੱਲ ਕੱਟ ਕੇ ਬੋਲਿਆ–

' ਰੋਜਾਨਾ ਸੂਟ ਬਦਲਣ ਵਾਲੀ ਹੁਣ ਮਾਸਟਰਾਂ ਦਾ ਰੋਟੀ ਟੁੱਕ ਕਰਨ ਤੇ ਲੱਗੀ ਐ। ਵੈਸੇ ਵੀ ਸੀਬੂ ਬੰਦਾ ਸੀ ਸਿੱਧਾ। ਕਹਿੰਦੇ ਹਨ ਉਹਦੀ ਜਨਾਨੀ ਪੇਕਿਆਂ ਨੂੰ ਖਵਾਈ ਗਈ। ਪਰ ਅਸਲ 'ਚ ਸੀਬੂ ਨਾਲ ਚੀਨਿਆਂ ਨੇ ਵੀ ਧੋਖਾ ਹੀ ਕੀਤਾ ਸੀ । ਸੌ ਦੇ ਕੇ ਦੋ ਸੌ ਲਿਖ ਲਣਾ। ਫੇਰ ਛੇ ਮਹੀਨਿਆਂ ਤੋਂ ਹਿਸਾਬ ਕਰਕੇ ਵਿਆਜ ਤੇ ਫਿਰ ਵਿਆਜ ਲਾ ਦੇਣਾ। ਸੀਬੂ ਚੁੱਪ ਕਰਕੇ ਪਰਨੋਟ ਤੇ ਅੰਗੂਠਾ ਲਾਈ ਜਾਂਦਾ। ਸਾਲ ਤੋ ਬਾਅਦ ਚੀਨਿਆਂ ਨੇ ਸੀਬੂ ਦਾ ਕਿੱਲਾ ਬੈ ਲਿਖਾ ਲੈਣਾ। ਪੀਤੂ ਤਾਂ ਹੁਣ ਲੋਕਾਂ ਕੋਲ ਚੀਨਿਆਂ ਨੂੰ ਗਾਲ੍ਹਾਂ ਕੱਢਦਾ ਰਹਿੰਦਾ ਬਈ ਮੇਰੇ ਪਿਉ ਤੋਂ ਇਹਨਾਂ ਨੇ ਧੋਖੇ ਨਾਲ ਜਮੀਨ ਲਿਖਾਈ ਹੈ। '

ਬੀਰਾ ਫਿਰ ਦੱਸਣ ਲੱਗਿਆ –

' ਦੱਸਦੇ ਹਨ ਕਿ ਚੀਨਿਆਂ ਦਾ ਵੱਡਾ ਬੁੜਾ ਭੇਡਾਂ ਚਾਰਦਾ ਹੁੰਦਾ ਸੀ। ਇੱਕ ਬੁੜਾ ਇਹਨਾਂ ਦਾ ਉਠ ਗਿਆ ਸਿੰਘਾਪੁਰ ਮਲਾਇਆ ਕੰਨੀ ਤੇ ਉਧਰ ਚੀਨਣ ਚੂਨਣ ਨਾਲ ਵਿਆਹ ਕਰਾ ਲਿਆ ਸੀ। ਚੀਨਿਆਂ ਦਾ ਬਾਬਾ ਉਸੇ ਚੀਨਣ ਦੇ ਪੇਟੋਂ ਪੈਦਾ ਹੋਇਆ ਸੀ। ਇਸੇ ਕਰਕੇ ਇਹਨਾਂ ਦੇ ਸਾਰੇ ਲਾਣੇ ਦੀਆਂ ਅੱਖਾਂ ਨਿੱਕੀਆਂ ਨਿੱਕੀਆਂ ਹਨ। ਬੁੜਾ ਸੀ ਸੱਤਾਂ ਪੱਤਣਾਂ ਦਾ ਤਾਰੂ। ਕੁੱਝ ਤਾਂ ਉਹ ਉਧਰੋ ਹੀ ਪੈਸਾ ਲਿਆਇਆ ਸੀ ਤੇ ਆਪਣੀ ਜਮੀਨ ਛੁਡਾ ਲਈ ਤੇ ਕੁੱਝ ਉਹ ਹੇਰਾ ਫੇਰੀਆਂ ਤੇ ਚੁਸਤੀਆਂ ਚਲਾਕੀਆਂ ' ਚ ਮਾਹਰ ਸੀ। ਸੀਬੂ ਵਰਗਿਆਂ ਨੂੰ ਉਹ ਕੀ ਲਈ ਬੈਠਾ ਸੀ। ਹੁਣ ਛੀ ਕਿੱਲਿਆਂ ਤੋ ਸੱਠ ਕਿੱਲੇ ਬਣਾਈ ਬੈਠੇ ਐ।'

ਡੀ ਜੇ ਤੇ ਗਾਣਾ ਚੱਲ ਰਿਹਾ ਸੀ

' ਜੱਟਾਂ ਨੇ ਪੀਣੀ ਐ ਦਾਰੂ ਪੀਣੀ ਐ ਤੇਰੇ ਤੋ ਵਾਰ ਕੇ।'

ਨੱਚਣ ਵਾਲੇ ਮੁੰਡੇ ਵੀ ਮੇਜ ਦਵਾਲੇ ਹੋ ਕੇ ਪੈੱਗ ਪਾਉਣ ਲੱਗੇ। ਪਰ ਪੀਤੂ ਅਜੇ ਵੀ ਨੱਚੀ ਜਾ ਰਿਹਾ ਸੀ। ਉਹ ਨੱਚ ਨਹੀਂ ਰਿਹਾ ਸੀ ਉਹ ਤਾਂ ਵਿੰਗੇ ਟੇਡੇ ਪੈਰ ਮਾਰ ਰਿਹਾ ਸੀ। ਕਈ ਛੋਟੇ ਬੱਚੇ ਤਾਂ ਉਸਦਾ ਇਹ ਬੇਢੰਗਾ ਡਾਂਸ ਵੇਖਣ ਲਈ ਉਥੇ ਆ ਖਲੋਤੇ ਸਨ। ਗਾਣਾ ਬਦਲ ਗਿਆ ਸੀ।

ਤੂੰ ਨੀ ਬੋਲਦੀ ਰਕਾਨੇ ਤੇਰੇ 'ਚ ਤੇਰਾ ਯਾਰ ਬੋਲਦਾ।'

' ਅੱਜ ਤਾਂ ਪੀਤੂ ਕਮਾਲ ਕਰੀ ਜਾਂਦੈ। ਵਾਹ ਬਈ ਪੀਤੂ ਵਾਹ।' ਦਾਰੂ ਪੀਣ ਵਾਲੀ ਢਾਣੀ 'ਚ ਕਿਸੇ ਨੇ ਕਿਹਾ ਤਾਂ ਪੀਤੂ ਹੋਰ ਵੀ ਪੁੱਠਾ ਸਿੱਧਾ ਹੋਣ ਲੱਗ ਪਿਆ।

' ਥੋੜਾ ਚਿਰ ਹੀ ਨੱਚੂ । ਫੇਰ ਇਹਨੇ ਬੈਠ ਕੇ ਰੋਣ ਲੱਗ ਜਾਣੈ।' ਮੀਟ ਦਾ ਡੌਂਗਾ ਰੱਖਣ ਆਏ ਸੁਰਖੇ ਨਾਈ ਨੇ ਕਿਹਾ।

' ਅੱਜ ਨਹੀ ਫਿਰ ਰੋਣ ਦਿੰਦੇ।' ਚੀਨਿਆਂ ਦੇ ਬੀਰ ਦਵਿੰਦਰ ਨੇ ਕਿਹਾ ਤੇ ਪੈਗ ਪੀ ਕੇ ਡੀਜੇ ਮੂਹਰੇ ਹੌਲੀ ਹੌਲੀ ਲੱਤਾਂ ਬਾਹਾਂ ਹਿਲਾਉਣ ਲੱਗਿਆ।

ਪੀਤੂ ਉਸੇ ਤਰ੍ਹਾਂ ਇਕੱਲਾ ਹੀ ਨੱਚ ਰਿਹਾ ਸੀ। ਦੂਸਰੇ ਮੁੰਡੇ ਵੀ ਪੈਗ ਲਗਾ ਕੇ ਚੀਨਿਆਂ ਦੇ ਮੁੰਡੇ ਨਾਲ ਨਾਚ ਵਿੱਚ ਸ਼ਾਮਲ ਹੋ ਗਏ ਸਨ।

' ਯਾਰ ਬੀਰੇ ਆਪਣੇ ਪਿੰਡ ਜੱਟਾਂ ਦੇ ਕਿਨ੍ਹੇ ਕੁ ਘਰ ਐ ਜਿਨ੍ਹਾਂ ਕੋਲ ਪੈਲੀ ਨਹੀ ਰਹੀ' ਅਚਾਨਕ ਹੀ ਮੇਰੇ ਜਿਹਨ 'ਚ ਇਹ ਸਵਾਲ ਉਠਿਆ ਤਾਂ ਮੈਂ ਬੀਰੇ ਨੂੰ ਪੁੱਛਿਆ।



' ਹੋਣਗੇ ਤਿੰਨ ਚਾਰ ਘਰ । ਕਦੇ ਇਧਰ ਧਿਆਨ ਹੀ ਨਹੀਂ ਗਿਆ। '

'ਖੜਜਾ ਆਪਾਂ ਗਿਣਤੀ ਈ ਕਰ ਲੈਂਦੇ ਆਂ। ਇੱਕ ਦੋ ਤਿੰਨ ਚਾਰ ਪੰਜ ਛੀ ਈ ਈ ਸੱਤ ਅ ਅੱਠਅ ਨੌਂ ਦਸਸ ਗਿਆਰਾਂਰਾ ਬਾਰਾਂ ਤੇਰਾਂ ਚੌਦਾਂ ਪੰਦਰਾਂ ਸੋਲਾਂ ਸਤਾਰਾਂ ਅਠਾਰਾਂ ਉਨੀਈ ।' ਬੀਰਾ ਸੋਚ ਸੋਚ ਗਿਣਤੀ ਕਰਨ ਲੱਗਿਆ ।

" ਇਹ ਤਾਂ ਗਿਣਤੀ ਵਧੀ ਈ ਜਾਂਦੀ ਐ ।' ਅਸੀ ਆਪਣੀ ਖੋਜ ਤੇ ਹੈਰਾਨ ਹੋ ਰਹੇ ਸਾਂ।

' ਇਹ ਤਾਂ ਗਿਣਤੀ ਹਾਲੇ ਹੋਰ ਵੀ ਵਧੂਗੀ । ਜਰੂਰ ਕੁੱਝ ਘਰ ਰਹਿ ਗਏ ਹੋਣਗੇ'। ਬੀਰੇ ਨੇ ਕਿਹਾ।

ਉਸੇ ਸਮੇਂ ਡੀ ਜੇ ਤੇ ਗਾਣਾ ਚੱਲ ਪਿਆ –

ਸਾਡੀ ਰੀਸ ਕੌਣ ਕਰ ਲੂ

ਸਾਨੂੰ ਰੱਬ ਨੇ ਬਣਾਇਆ ਮਹਾਂਰਾਜੇ ।

'ਇਹ ਮੇਰੇ ਸਾਲੇ ਗਾਣੇ ਲਿਖਣ ਵਾਲੇ ਵੀ ਐਂਵੇ ਈ ਜੱਟਾਂ ਨੂੰ ਤਿੜਿਆਈ ਜਾਂਦੈ। ਲਿਬੜੀ ਪੂੰਜੀ ਦੀ ਨੀ ਜੱਟਾਂ ਤੋਂ।'

ਨੱਚਣ ਵਾਲੇ ਮੁੰਡੇ ਹੋਰ ਵੀ ਗਰਮਜ਼ੋਸ਼ੀ ਨਾਲ ਨੱਚਣ ਲੱਗ ਪਏ ਸਨ। ਦੋ ਤਿੰਨ ਨੌਜਵਾਨ ਜੋ ਰਿਸਤੇਦਾਰੀ ਵਿੱਚ ਸਨ ਉਹ ਵੀ ਉਠ ਕੇ ਨੱਚਣ ਲੱਗ ਪਏ। ਬੀਰਦਵਿੰਦਰ ਪੂਰੇ ਜੋਸ਼ ਵਿੱਚ ਨੱਚ ਰਿਹਾ ਸੀ।

ਪੀਤੂ ਇੱਕ ਪਾਸੇ ਹੋ ਗਿਆ ਸੀ, ਉਸਦਾ ਉਤਸ਼ਾਹ ਠੰਡਾ ਪੈਂਦਾਂ ਜਾ ਰਿਹਾ ਸੀ, ਇਹ ਗਾਣਾ ਮੁੱਕਿਆ ਤਾਂ ਬੀਰਦਵਿੰਦਰ ਨੇ ਇਸ਼ਾਰੇ ਨਾਲ ਡੀ ਜੇ ਬੰਦ ਕਰਵਾ ਦਿੱਤਾ ਤੇ ਪੀਤੂ ਦਾ ਹੱਥ ਫੜਕੇ ਸਿਰ ਤੋਂ ਉਤਾਂਹ ਚੁੱਕ ਕੇ ਗਾਣੇ ਦੀ ਤਰਜ਼ ਤੇ ਗਾਉਣ ਲੱਗਿਆ –

'ਸਾਡੀ ਰੀਸ ਕੌਣ ਕਰ ਲੂ

ਸਾਨੂੰ ਰੱਬ ਨੇ ਬਣਾਇਆ ਮੰਗਤੇ ।'

ਪੀਤੂ ਦੀ ਬਾਂਹ ਉੱਚੀ ਕਰੀ ਉਹ ਗੇੜੇ ਦੇ ਰਿਹਾ ਸੀ। ਵਿਹੜੇ ਵਿੱਚ ਤੁਰਦੇ ਫਿਰਦੇ ਬੰਦੇ ਵੀ ਇਹ ਤਮਾਸ਼ਾ ਦੇਖਣ ਲਈ ਰੁਕ ਗਏ।

ਪੀਤੂ ਬੌਂਦਲ ਗਿਆ ਸੀ। ਉਸਨੇ ਬਾਂਹ ਛੁਡਾਈ ਤੇ ਇੱਕ ਪਾਸੇ ਪਈ ਖਾਲੀ ਕੁਰਸੀ ਤੇ ਬੈਠਦਿਆਂ ਬੋਲਿਆ –

" ਸਾਨੂੰ ਰੱਬ ਨੇ ਨਹੀਂ ਚੀਨਿਓ ਤੁਸੀ ਬਣਾਇਆ ਮੰਗਤੇ।'

ਉਸਦੀ ਗੱਲ ਸੁਣ ਕੇ ਸਾਰੇ ਹੱਸਣ ਲੱਗ ਪਏ। ਡੀ ਜੇ ਵਾਲੇ ਨੇ ਫੇਰ ਡੀ ਜੇ ਚਾਲੂ ਕਰ ਦਿੱਤਾ। ਨੱਚਣ ਵਾਲੇ ਬਦਲਦੇ ਰਹੇ। ਪੰਜ ਵੱਜਣ ਵਾਲੇ ਹੋ ਗਏ ਸਨ। ਮੇਲਾ ਖਿੰਡਣ ਲੱਗ ਪਿਆ ਸੀ। ਮੈਂ ਵੀ ਅਖੀਰਲਾ ਪੈਗ ਪਾਇਆ ਤੇ ਖੜਾ ਹੋ ਗਿਆ ਤੇ ਆਸ ਪਾਸੇ ਨਿਗਾਹ ਮਾਰੀ।

ਮੋਹਣਾ ਉਸੇ ਤਰ੍ਹਾਂ ਗੁੰਮ ਸੁੰਮ ਕੁਰਸੀ ਤੇ ਬੈਠਾ ਸੀ। ਗੁਰਜੀਤ ਮੈਂਬਰ ਆਪਣੀ ਟੋਲੀ 'ਚ ਬੈਠਾ ਉੱਚੀ ਉੱਚੀ ਗੱਲਾਂ ਕਰ ਰਿਹਾ ਸੀ।

ਬਲਦੇਵ ਦੇ ਕਹਿਣ ਤੇ ਡੀ ਜੇ ਬੰਦ ਹੋ ਗਿਆ । ਤੇ ਨੱਚਣ ਵਾਲੇ ਮੁੰਡੇ ਕੁਰਸੀਆਂ ਤੇ ਜਾ ਬੈਠੇ।

ਬੈਠੇ ਬੈਠੇ ਪੀਤੂ ਨੇ ਚੀਕ ਮਾਰੀ ।' ਸਾਰਿਆਂ ਦਾ ਧਿਆਨ ਉਧਰ ਖਿੱਚਿਆ ਗਿਆ, ਫੇਰ ਪੀਤੂ ਉੱਚੀ ਉੱਚੀ ਰੋਣ ਲੱਗ ਪਿਆ । ਸੁਰਖਾ ਦੱਸ ਕੇ ਗਿਆ ਸੀ ਕਿ ਇਹ ਪੀ ਕੇ ਰੋਣ ਲੱਗ ਪੈਂਦਾਂ ਹੈ। ਉਸੇ ਵਕਤ ਚੀਨਿਆਂ ਦਾ ਬੀਰਦਵਿੰਦਰ ਵਿਹੜੇ ਵਿੱਚੋ ਆਇਆ ਤੇ ਤਿੰਨ ਚਾਰ ਲਫੇੜੇ ਪੀਤੂ ਦੇ ਜੜ ਦਿੱਤੇ। ਫੇਰ ਉਹਨੇ ਪੀਤੂ ਨੂੰ ਬਾਂਹੋ ਫੜ੍ਹ ਕੇ ਧੱਕਾ ਦਿਤਾ ਤੇ ਬੋਲਿਆ –

' ਸਾਲਿਆ ਰੋਨੈ। ਇਥੇ ਮਰਗ ਤੇ ਆਇਐ।' ਕਿਵੇ ਬਦਸ਼ਗਨੀ ਕਰਦੈ।' ਬੀਰ ਦਵਿੰਦਰ ਉੱਚੀ ਉੱਚੀ ਬੋਲ ਰਿਹਾ ਸੀ। ਵਿਆਹ ਵਿੱਚ ਰੋਣਾ ਤਾਂ ਵਾਕਿਆ ਹੀ ਬਦਸ਼ਗਨੀ ਹੁੰਦੈ। ਕਈ ਜਣੇ ਬੀਰਦਵਿੰਦਰ ਦੀ ਹਮਾਇਤ ਤੇ ਆ ਗਏ। ਉਹਨੇ ਪੀਤੂ ਨੂੰ ਇੱਕ ਧੱਕਾ ਹੋਰ ਦੇ ਦਿੱਤਾ। ਪੀਤੂ ਨੂੰ ਅਜਿਹੀ ਅਣਹੋਣੀ ਦੀ ਆਸ ਨਹੀਂ ਸੀ।

' ਕਿਉ ਮਾਰਦੈਂ ਉਏ ਬੀਰਦਵਿੰਦਰਾ ?' ਗੁਰਜੀਤ ਨੇ ਆ ਕੇ ਪੀਤੂ ਨੂੰ ਬਚਾਉਣ ਦੀ ਕੋਸਿਸ਼ ਕੀਤੀ।

' ਤੂੰ ਵੀ ਨਾਂ ਖਾ ਲਈਂ ਕਿਤੇ। ਖਾ ਪੀ ਲਈ ਐ ਤੁਰਦਾ ਲੱਗ ਤੂ ਵੀ।' ਬੀਰਦਵਿੰਦਰ ਮੈਂਬਰ ਨੂੰ ਵੀ ਪੈ ਨਿਕਲਿਆ।

' ਸਾਲੇ ਕੌਲੀ ਚੱਟ ' ਨੰਗ ਕਿਵੇਂ ਪੀਣ ਨੂੰ ਭੱਜੇ ਆਉਂਦੇ ਐ।'

ਗੁਰਜੀਤ ਵੀ ਬੌਂਦਲ ਗਿਆ ਸੀ ਉਸਨੂੰ ਵੀ ਬੀਰਦਵਿੰਦਰ ਤੋ ਅਜਿਹੇ ਨਿਰਾਦਰ ਦੀ ਉਮੀਦ ਨਹੀ ਸੀ। ਉਹ ਚੁੱਪ ਕਰਕੇ ਪੀਤੂ ਦੇ ਮਗਰ ਹੀ ਵਿਹੜੇ ਚੋਂ ਬਾਹਰ ਨਿਕਲ ਗਿਆ। ਇਸ ਖੜਕੇ ਦੜਕੇ ਵਿੱਚ ਮੋਹਨੇ ਨੂੰ ਵੀ ਸੁਰਤ ਜੀ ਆ ਗਈ ਸੀ ਤੇ ਉਹ ਵੀ ਪੀਤੂ ਤੇ ਮੈਂਬਰ ਦੇ ਮਗਰ ਲਗ ਤੁਰਿਆ।

' ਬਾਬਾ ਤੂੰ ਤਾਂ ਮੁੜ ਆ।' ਵਿਆਹ ਵਾਲੇ ਮੁੰਡੇ ਅਮਨ ਦਾ ਭਰਾ ਰਮਨ ਮੋਹਨੇ ਨੂੰ ਆਵਾਜਾਂ ਮਾਰਨ ਲੱਗਾ ਪਰ ਨਾ ਬਾਬਾ ਮੋਹਨਾ ਮੁੜਿਆ ਤੇ ਨਾ ਹੀ ਉਸਨੂੰ ਕੋਈ ਮੋੜਨ ਗਿਆ।

-98551-43502

## ਗ਼ਜ਼ਲ/ਭੁਪਿੰਦਰ ਸਿੰਘ ਬਠਿੰਡਾ

ਮੇਰਾ ਚਿਰਾਂ ਤੋਂ ਵੈਰ ਰਿਹੈ ਨ੍ਹੇਰਿਆਂ ਦੇ ਨਾਲ।
ਨਿਭਣੀ ਹੈ ਦੋਸਤੀ ਤਾਂ ਮਿਰੀ ਸੂਰਜਾਂ ਦੇ ਨਾਲ।

ਫਸਲਾਂ ਨੂੰ ਵੇਚ ਵੱਟ ਕੇ ਕੀਤਾ ਜਦੋਂ ਹਿਸਾਬ,
ਸਭ ਪੂਰੇ ਹੋਏ ਦੇਖ ਵਹੀ ਖਾਤਿਆਂ ਦੇ ਨਾਲ।

ਰਹਿਣੈ ਕਦੋਂ ਹਨੇਰ ਦਾ ਸਾਡੇ ਦਿਲਾਂ 'ਤੇ ਰਾਜ,
ਨ੍ਹੇਰਾ ਕਰਾਂਗੇ ਦੂਰ ਅਸੀਂ ਕੋਸ਼ਿਸ਼ਾਂ ਦੇ ਨਾਲ।

ਤੈਨੂੰ ਇਹ ਵਹਿਮ ਸੀ ਕਿ ਤਿਰਾ ਰਖਦੈ ਉਹ ਧਿਆਨ,
ਭਰਮਾ ਰਹੇ ਨੇ ਸੋਚ ਤਿਰੀ ਤੋਹਫ਼ਿਆਂ ਦੇ ਨਾਲ।

ਤੂੰ ਹੈਂ ਵਿਸ਼ਾਲ ਜਾਂ ਕਿ ਮਿਰਾ ਦਿਲ ਵਿਸ਼ਾਲ ਹੈ,
ਆ ਜਾ ਕਿ ਕਰੀਏ ਟਾਕਰਾ ਅੱਜ ਅੰਬਰਾਂ ਦੇ ਨਾਲ।

ਹੈ ਨਿਰਧਨਾਂ ਦੱਸ ਮਸੀਹਾ ਕਿਵੇਂ ਉਹ ਠੱਗ ?
ਹੈ ਖਾਣ-ਪੀਣ ਜਿਸ ਦਾ ਸਦਾ ਹਾਕਮਾਂ ਦੇ ਨਾਲ।

ਜਪਦੇ ਨੇ ਰਾਮ-ਨਾਮ ਦਿਲੀਂ ਰੱਖਦੇ ਨੇ ਖੋਟ,
ਸੰਧੂ ! ਜ਼ਮਾਨਾ ਰਹਿੰਦਾ ਹੈ ਹਤਿਆਰਿਆਂ ਦੇ ਨਾਲ।



## ਮਾਵਾਂ ਤੇ ਧੀਆਂ ਰਲ ਬੈਠੀਆਂ/ਤ੍ਰਿਪਤਾ.ਕੇ.ਸਿੰਘ

ਕਾਲਜ ਤੋਂ ਪਰਤ ਜਿਉਂ ਹੀ ਮੈਂ ਲਾਬੀ 'ਚ ਕਦਮ ਰੱਖਿਆ ਤਾਂ ਵੇਖਿਆ ਸਾਹਮਣੇ ਸੋਫੇ ਤੇ ਮੰਮੀ ਤੇ ਉਸ ਦੀ ਸਹੇਲੀ ਮੰਜੂ ਆਂਟੀ ਬੈਠੀਆਂ ਕੋਲਡ ਡਰਿੰਕ ਦੀਆਂ ਚੁਸਕੀਆਂ ਲੈ ਰਹੀਆਂ ਸਨ । ਮੈਂ ਮੰਜੂ ਆਂਟੀ ਨੂੰ ਨਮਸਤੇ ਕਰਨ ਲਈ ਜ਼ਰਾ ਜਿੰਨਾ ਗਰਦਨ ਨੂੰ ਝੁਕਾਇਆ ਤੇ ਰਸੋਈ 'ਚ ਚਲੀ ਗਈ । ਪਾਣੀ ਪੀ ਮੈਂ ਆਪਣੇ ਕਮਰੇ ਨੂੰ ਜਾਣ ਵਾਲੀਆਂ ਪੌੜੀਆਂ ਚੜ੍ਹਨ ਲੱਗੀ । ਅਖੀਰਲੇ ਪੌਡੇ ਤੇ ਪਹੁੰਚਦੇ-ਪਹੁੰਚਦੇ ਮੰਜੂ ਆਂਟੀ ਦੇ ਬੋਲ ਮੇਰੇ ਕੰਨੀ ਪਏ .......... ।

"ਯਾਰ ਸੁਮਨ ਤੂੰ ਆਪ ਵੀ ਕਿੰਨੀ ਸੋਹਣੀ ਏਂ ਤੇ ਤੇਰੇ ਹਸਬੈਂਡ ਵੀ ਸੁੱਖ ਨਾਲ ਗੋਰੇ ਚਿੱਟੇ ਤੇ ਸਮਾਰਟ ਨੇ ਆਹ ਤੇਰੀ ਕੁੜੀ ਕੀਹਦੇ ਤੇ ਚਲੇ ਗਈ ? "

"ਉਹ ਯਾਰ, ਇਹ ਆਪਣੀ ਵੱਡੀ ਭੂਆ ਤੇ ਹੈ । ਉਹ ਜਿਹੜੀ ਖਾਨਪੁਰ ਵਿਆਹੀ ਹੈ। ਉਹਦਾ ਰੰਗ ਤਾਂ ਇਹਦੇ ਨਾਲੋਂ ਵੀ ਜ਼ਿਆਦਾ ਪੱਕਾ । ਉਹ ਵੀ ਸਾਰੇ ਘਰ 'ਚ ਕਿਸੇ ਨਾਲ ਨਹੀਂ ਰਲਦੀ।"

ਆਂਟੀ ਦਾ ਸੁਆਲ ਤਾਂ ਸੁਆਲ ਪਰ ਮੰਮੀ ਦਾ ਜੁਆਬ ਸੁਣ ਕੇ ਮੇਰਾ ਮਨ ਖ਼ਰਾਬ ਹੋ ਗਿਆ । ਇਹ ਨਹੀਂ ਕਿ ਅਜਿਹੀ ਗੱਲ ਮੈਂ ਪਹਿਲੀ ਵਾਰ ਸੁਣੀ ਸੀ । ਮੈਂ ਜਦੋਂ ਤੋਂ ਹੋਸ਼ ਸੰਭਾਲੀ ਸੀ ਮੇਰੇ ਰੰਗ ਰੂਪ ਤੇ ਨਕਸ਼ਾਂ ਨੂੰ ਲੈ ਕੇ ਘਰ ਪਰਿਵਾਰ ਤੇ ਰਿਸ਼ਤੇਦਾਰੀ 'ਚ ਅਕਸਰ ਚਰਚਾ ਹੁੰਦੀ ਰਹਿੰਦੀ । ਮੈਨੂੰ ਇਹ ਗੱਲਾਂ ਬਹੁਤ ਚੁਭੱਦੀਆਂ ਸਨ । ਸਭ ਤੋਂ ਵੱਧ ਬੁਰੀ ਗੱਲ ਮੈਨੂੰ ਇਹ ਲੱਗਦੀ ਸੀ ਕਿ ਮੰਮੀ ਵੀ ਮੇਰੇ ਪੱਕੇ ਰੰਗ ਤੇ ਮੋਟੇ ਨੈਣ ਨਕਸ਼ਾ ਤੇ ਅਕਸਰ ਅਫ਼ਸੋਸ ਕਰਦੀ ਰਹਿੰਦੀ ਤੇ ਜਾਣੇ ਅਣਜਾਣੇ ਮੈਨੂੰ ਇਸ ਗੱਲ ਦਾ ਅਹਿਸਾਸ ਕਰਵਾਉਂਦੀ ਰਹਿੰਦੀ, ਜਿਵੇਂ ਇਸ ਸਭ ਲਈ ਮੈਂ ਕਸੂਰਵਾਰ ਹੋਵਾਂ । ਮੰਮੀ ਨੇ ਕਦੀ ਕਿਸੀ ਨੂੰ ਪਲਟ ਕੇ ਮੂੰਹ ਤੋੜ ਜੁਆਬ ਨਹੀਂ ਸੀ ਦਿੱਤਾ । ਬੱਸ ਦੂਜਿਆਂ ਦੀ ਹਾਂ 'ਚ ਹਾਂ ਰਲਾਉਂਦੀ ਰਹਿੰਦੀ । ਇੱਕ ਪਾਪਾ ਸਨ ਜੋ ਹਮੇਸ਼ਾਂ ਮੇਰੇ ਨਾਲ ਖੜਦੇ ਤੇ ਮੇਰਾ ਪੱਖ ਪੂਰਦੇ ਸਨ ।

0 0 0

"ਯਾਰ ਮੇਰੀ ਬੁੱਕ ਤਾਂ ਵਾਪਸ ਕਰਦੇ, ਕਿੰਨੇ ਦਿਨ ਹੋ ਗਏ, ਹੁਣ ਤਾਂ ਤੂੰ ਨੋਟਸ ਵੀ ਬਣਾ ਲਏ ਹੋਣੇ ਆਂ," ਇਕ ਦਿਨ ਮੈਂ ਕਲਾਸ 'ਚ ਆਪਣੇ ਨਾਲ ਬੈਠੀ ਸੁਖਮੀਤ ਨੂੰ ਕਿਹਾ ।

"ਕਮਾਲ ਹੈ ਯਾਰ, ਤੈਨੂੰ ਮਿਲੀ ਨਹੀਂ ਕਿਤਾਬ ਅਜੇ ਤੱਕ, ਮੈਂ ਤਾਂ ਪਰਸੋ ਤੁਹਾਡੇ ਘਰੇ ਫੜਾ ਆਈ ਸੀ । ਬੜੀ ਮੁਸ਼ਕਲ ਨਾਲ ਤੇਰਾ ਘਰ ਲੱਭਾ । ਤੇਰੀ ਦੀਦੀ ਨੇ ਸ਼ਾਇਦ ਤੈਨੂੰ ਦੱਸਿਆ ਨਹੀਂ ।"

ਦੀਦੀ .........! ਮੈਂ ਮਨ ਹੀ ਮਨ ਦੀਦੀ ਲਫ਼ਜ਼ ਕਿੰਨੀ ਵਾਰੀ ਦੋਹਰਾਇਆ। ਮੈਨੂੰ ਸਮਝਦਿਆਂ ਦੇਰ ਨਾ ਲੱਗੀ ਕਿ ਸੁਖਮੀਤ ਮੇਰੀ ਮੰਮੀ ਬਾਰੇ ਗੱਲ ਕਰ ਰਹੀ ਸੀ। ਤੇ ਮੈਨੂੰ ਇਹ ਵੀ ਸਮਝ ਆ ਗਈ ਕਿ ਜਦੋਂ ਸੁਖਮੀਤ ਨੇ ਸਾਡੇ ਘਰ ਜਾ ਕੇ ਮੰਮੀ ਨੂੰ ਦੀਦੀ ਕਹਿ ਕੇ ਸੰਬੋਧਨ ਕੀਤਾ ਹੋਣਾ ਤਾਂ ਮੰਮੀ ਨੇ ਸ਼ੋਅ ਹੀ ਨਹੀਂ ਹੋਣ ਦਿੱਤਾ ਹੋਣਾ ਕਿ ਉਹ ਮੇਰੀ ਮੰਮੀ ਹੈ । ਤੇ ਦੀਦੀ ਕਹਾ ਕੇ ਅੰਦਰੋਂ ਉਹ ਕਿੰਨੀ ਖੁਸ਼ ਹੋਈ ਹੋਣੀ ਹੈ, ਇਸ ਗੱਲ ਦਾ ਵੀ ਮੈਨੂੰ ਪੂਰਾ ਅੰਦਾਜ਼ਾ ਸੀ ।

"ਉਏ ਕਿੱਥੇ ਗੁਆਚ ਗਈ ?" ਸੁਖਮੀਤ ਨੇ ਮੈਨੂੰ ਝਿੰਜੋੜਦਿਆਂ ਕਿਹਾ ।

"ਆਂ-ਹਾਂਅ ..........., ਸ਼ਾਇਦ ਉਹ ਭੁੱਲ ਗਏ ਹੋਣਗੇ," ਮੈਂ ਆਪੇ 'ਚ ਪਰਤਦਿਆਂ ਕਿਹਾ।

"ਓ.ਕੇ ਥੈਂਕਸ", ਸੁਖਮੀਤ ਉਥੋਂ ਉੱਠ ਕਲਾਸਰੂਮ 'ਚੋਂ ਬਾਹਰ ਚਲੀ ਗਈ ਤੇ ਮੈਂ ਬੁੱਤ ਬਣੀ ਉਥੇ ਬੈਠੀ ਬੈਠੀ ਪਤਾ ਨਹੀਂ ਕੀ ਸੋਚਦੀ ਰਹੀ ਸੀ ।

0 0 0

"ਸਵੇਤਾ ਵੇਖ ਮੈਂ ਤੇਰੇ ਲਈ ਕੀ ਲੈ ਕੇ ਆਈ ਹਾਂ", ਮੰਮੀ ਨੇ ਮੇਰੇ ਕਮਰੇ ਅੰਦਰ ਵੜਦਿਆਂ ਖੁਸ਼ੀ ਨਾਲ ਕਿਹਾ । ਮੈਂ ਉਸ ਵਕਤ ਗੁਰਮੀਤ ਮੈਡਮ ਵਲੋਂ ਦਿੱਤਾ ਪੰਜਾਬੀ ਨਾਵਲ ਪੜ੍ਹ ਰਹੀ ਸਾਂ, ਜਿਸ ਨੂੰ ਵੇਖ ਮੰਮੀ ਨੂੰ ਗੁੱਸਾ ਚੜ੍ਹ ਗਿਆ ।

"ਹਜ਼ਾਰ ਵਾਰ ਕਿਹਾ ਹੈ ਕਿ ਸਬਜੈਕਟ ਨਾਲ ਰਿਲੇਟਿਡ ਬੁਕਸ ਪੜ੍ਹਿਆ ਕਰ, ਪਤਾ ਨਹੀਂ ਤੈਨੂੰ ਕੀ ਮਿਲਦਾ ਇਹਨਾਂ ਨਾਵਲਾਂ ਕਹਾਣੀਆਂ 'ਚੋਂ ।"

"ਚਲ ਛੱਡ, ਵੇਖ ਮੈਂ ਕੀ ਲੈ ਕੇ ਆਈ ਆਂ ਤੇਰੇ ਲਈ, " ਮੰਮੀ ਨੇ ਹੱਥ 'ਚ ਫੜੇ ਲਿਫ਼ਾਫੇ 'ਚੋਂ ਸਾਮਾਨ ਕੱਢ ਕੇ ਬੈੱਡ ਤੇ ਰੱਖ ਤਾ । ਫੇਅਰਨੈਸ ਕ੍ਰੀਮ, ਬਲੀਚਿੰਗ ਕ੍ਰੀਮ, ਫੇਸ਼ਿਅਲ ਕਿੱਟ ਤੇ ਹੋਰ ਪਤਾ ਨਹੀਂ ਕੀ ਕੀ । ਮੈਂ ਓਪਰੀ ਜਿਹੀ ਨਜ਼ਰ ਉਨ੍ਹਾਂ ਚੀਜ਼ਾਂ ਤੇ ਮਾਰੀ ।

"ਮੰਮੀ, ਮੈਂ ਤੁਹਾਨੂੰ ਕਿੰਨੀ ਵਾਰ ਕਿਹਾ ਹੈ ਕਿ ਮੈਨੂੰ ਇਨ੍ਹਾਂ ਸਭ ਚੀਜ਼ਾਂ ਦੀ ਕੋਈ ਲੋੜ ਨਹੀਂ, ਮੈਂ ਜਿਹੋ ਜਿਹੀ ਹਾਂ, ਠੀਕ ਹਾਂ," ਮੈਂ ਆਪਣੀ ਖਿਝ ਨੂੰ ਥੋੜ੍ਹਾ ਥੋੜ੍ਹਾ ਦਬਾਉਂਦਿਆਂ ਤੇ ਥੋੜ੍ਹਾ ਥੋੜ੍ਹਾ ਉਜਾਗਰ ਕਰਦਿਆਂ ਕਿਹਾ ।

"ਲੋੜ ਕਿੱਦਾ ਨਹੀਂ ਹੈ ਤੈਨੂੰ, ਤੇਰੇ ਵਰਗੀਆਂ ਕੁੜੀਆਂ ਸੌ ਸੌ ਫ਼ੈਸ਼ਨ ਕਰਦੀਆਂ। ਇਕ ਤੋਂ ਵੱਧ ਇਕ ਕ੍ਰੀਮਾਂ ਲੋਸ਼ਨ ਵਰਤ ਕੇ ਤਿਤਲੀਆਂ ਬਣੀਆਂ ਫਿਰਦੀਆਂ ਰਹਿੰਦੀਆਂ, ਤੇ ਇਕ ਤੂੰ ਹੈਂ ਜਿਹੜੀ ਹਮੇਸ਼ਾਂ ਸੜੀ ਜਿਹੀ ਸ਼ਕਲ ਬਣਾ ਕੇ ਨਾਲੇ ਆਪ ਸੜੀ ਰਹਿੰਦੀ ਏ ਤੇ ਨਾਲੇ ਮੈਨੂੰ ਸਾੜਦੀ ਐ," ਮੰਮੀ ਦਾ ਮੂੰਹ ਗੁੱਸੇ ਨਾਲ ਤਮਤਮਾਂ ਰਿਹਾ ਸੀ ।

ਮੈਥੋਂ ਇਸ ਸਿਚੁਏਸ਼ਨ ਨੂੰ ਹੋਰ ਫੇਸ ਕਰਨਾ ਔਖਾ ਹੋ ਗਿਆ ਤਾਂ ਮੈਂ ਤੇਜ਼ੀ ਨਾਲ ਉੱਠ ਕੇ ਬਾਥਰੂਮ 'ਚ ਜਾ ਵੜੀ । ਮੇਰੀਆਂ ਅੱਖਾਂ ਵਿੱਚ ਗੁੱਸੇ ਅਤੇ ਅਪਮਾਨ ਨਾਲ ਪਰਲ ਪਰਲ ਹੰਝੂ ਵਗਣ ਲੱਗੇ । ਬਾਥਰੂਮ ਦੇ ਫ਼ਰਸ਼ ਤੇ ਬੈਠ ਕੇ ਗੋਡਿਆਂ 'ਚ ਸਿਰ ਦੇ ਕੇ ਮੈਂ ਕਿੰਨਾ ਚਿਰ ਰੋਂਦੀ ਰਹੀ । ਮੈਨੂੰ ਪਾਪਾ ਦੀ ਬਹੁਤ ਯਾਦ ਆਈ । ਪਿਛਲੇ ਤਿੰਨ ਸਾਲਾਂ ਤੋਂ ਪਾਪਾ ਇਟਲੀ ਗਏ ਹੋਏ ਸਨ । ਮੇਰਾ ਦਿਲ ਕੀਤਾ ਕਿ ਪਾਪਾ ਹੁਣੇ ਈ ਇਸੀ ਵਕਤ ਆ ਕੇ ਮੈਨੂੰ ਕਲਾਵੇ 'ਚ ਲੈ ਕੇ ਪਿਆਰ ਕਰਨ । ਜਦੋਂ ਪਾਪਾ ਇੱਥੇ ਸਨ ਤਾਂ ਮੇਰਾ ਬਹੁਤ ਖ਼ਿਆਲ ਰੱਖਦੇ ਸਨ । ਮੈਂ ਉਹਨਾਂ ਦੀ ਇਕਲੌਤੀ ਉਲਾਦ ਸੀ । ਮੈਨੂੰ ਬਹੁਤ ਬਾਅਦ 'ਚ ਪਤਾ ਲੱਗਾ ਸੀ ਕਿ ਪਾਪਾ ਦੇ ਬਹੁਤ ਚਾਹੁਣ ਤੇ ਵੀ ਮੰਮੀ ਨੇ ਦੂਜਾ ਬੱਚਾ ਨਹੀਂ ਸੀ ਕੀਤਾ।

ਇੰਡੀਆ ਰਹਿੰਦਿਆਂ ਪਾਪਾ ਇਕ ਪ੍ਰਾਈਵੇਟ ਕੰਪਨੀ 'ਚ ਨੌਕਰੀ ਕਰਦੇ ਸਨ। ਤਨਖ਼ਾਹ ਇੰਨੀ ਕੁ ਸੀ ਕਿ ਘਰ ਦਾ ਗੁਜ਼ਾਰਾ ਠੀਕ ਠਾਕ ਹੋ ਜਾਂਦਾ ਸੀ । ਪਰ ਮੰਮੀ ਪੈਸਿਆਂ ਨੂੰ ਲੈ ਕੇ ਪਾਪਾ ਨਾਲ ਹਰ ਰੋਜ਼ ਖਾਉਂ-ਵਢੂੰ ਹੁੰਦੀ ਰਹਿੰਦੀ । ਤੇ ਫਿਰ ਆਪਣੇ ਇਟਲੀ ਰਹਿੰਦੇ ਵੱਡੇ ਜੀਜੇ ਦੀ ਮੱਦਦ ਨਾਲ ਮੰਮੀ ਨੇ ਪਾਪਾ ਨੂੰ ਨਾ ਨਾ ਕਰਦਿਆਂ ਵੀ ਇਟਲੀ ਜਾਣ ਲਈ ਮਨਾ ਲਿਆ । ਹੁਣ ਇਟਲੀ ਤੋਂ ਆਉਂਦੇ ਪੈਸਿਆਂ ਨਾਲ ਮੇਰੇ



ਇੱਕਲੇਪਨ ਦਾ ਅਤੇ ਮੰਮੀ ਦੀਆਂ ਖ਼ਵਾਹਿਸ਼ਾਂ ਦਾ ਕੋਈ ਵੀ ਅੰਤ ਨਹੀਂ ਸੀ। ਪੈਸੇ ਨਾਲ ਮੰਮੀ ਦੇ ਤੇਵਰ ਤਾਂ ਬਦਲੇ ਹੀ ਬਦਲੇ ਉਸ ਦਾ ਲਾਈਫ਼ ਸਟਾਈਲ ਵੀ ਬਦਲ ਗਿਆ ।

ਕਦੀ ਪਾਪਾ ਵਾਪਸ ਆਉਣ ਦੀ ਗੱਲ ਕਰਦੇ ਤਾਂ ਮੰਮੀ ਸਖ਼ਤੀ ਨਾਲ ਮਨ੍ਹਾਂ ਕਰ ਦਿੰਦੀ ਤੇ ਪੱਕੇ ਹੋਣ ਤੱਕ ਉਥੇ ਹੀ ਟਿੱਕੇ ਰਹਿਣ ਨੂੰ ਕਹਿੰਦੀ । ਪਰ ਮੈਂ ਚਾਹੁੰਦੀ ਸੀ ਕਿ ਪਾਪਾ ਵਾਪਸ ਪਰਤ ਆਉਣ ।

ਕਿੰਨੇ ਚਿਰ ਬਾਅਦ ਮੈਂ ਹੱਥ ਮੂੰਹ ਧੋ ਕੇ ਬਾਥਰੂਮ ਤੋਂ ਬਾਹਰ ਆਈ। ਮੰਮੀ ਸਾਮਾਨ ਸਮੇਤ ਕਿੰਨੇ ਚਿਰ ਦੀ ਥੱਲੇ ਜਾ ਚੁੱਕੀ ਸੀ ।

ਮੰਮੀ ਲਈ ਇੱਕ ਬਾਰੀਕ ਜਿਹੀ ਨਫ਼ਰਤ ਦੀ ਪਰਤ ਕਦੋਂ ਮੇਰੇ ਦਿਲ ਤੇ ਬਣ ਗਈ ਮੈਨੂੰ ਪਤਾ ਵੀ ਨਾ ਲੱਗਾ । ਮੈਂ ਉਸ ਪਰਤ ਨੂੰ ਖੁਰਚ-ਖੁਰਚ ਉਤਾਰਨ ਦੀ ਕੋਸ਼ਿਸ਼ ਕਰਦੀ ਪਰ ਫਿਰ ਕੁਛ ਨਾ ਕੁਛ ਅਜਿਹਾ ਘਟ ਜਾਂਦਾ ਸੀ ਕਿ ਉਹ ਪਰਤ ਉਖੜਨ ਦੀ ਬਜਾਏ ਹੋਰ ਮਜਬੂਤ ਹੋ ਜਾਂਦੀ ।

0 0 0

"ਅੱਜ ਮੇਰੇ ਨਾਲ ਮੇਰੇ ਘਰ ਚਲੇਂਗੀ," ਕੈਂਟੀਨ 'ਚ ਬੈਠੀ ਸੁਖਮੀਤ ਨੇ ਚਾਹ ਦਾ ਘੁੱਟ ਭਰਦਿਆਂ ਪੁੱਛਿਆ ।

"ਕਿਉ, ਅੱਜ ਕੀ ਖਾਸ ਹੈ ?" ਮੈਂ ਵੀ ਚਾਹ ਦੀ ਚੁਸਕੀ ਲੈਂਦਿਆਂ ਪੁੱਛਿਆ।

"ਅੱਜ ਮੇਰਾ ਜਨਮਦਿਨ ਹੈ, ਅਸੀਂ ਤੁਹਾਡੇ ਸ਼ਹਿਰੀਆਂ ਵਾਂਗੂ ਕੇਕ ਕੂਕ ਤਾਂ ਨਹੀਂ ਕੱਟਣਾ ਪਰ ਘਰੇ ਈ ਕੁਝ ਬਣਾ ਕੇ ਖਾ ਕੇ ਗੱਪਾਂ ਮਾਰਾਂਗੇ,", ਸੁਖਮੀਤ ਨੇ ਕੁਝ ਕੁਝ ਮਜ਼ਾਕ ਜਿਹੇ 'ਚ ਕਿਹਾ ।

ਮੈਨੂੰ ਯਾਦ ਆਇਆ ਕਿ ਮੇਰੇ ਬਰਥਡੇ ਵਾਲੇ ਦਿਨ ਮੰਮੀ ਨੇ ਢੇਰ ਸਾਰਾ ਸਾਮਾਨ ਬਾਜ਼ਾਰੋਂ ਮੰਗਵਾਇਆ ਸੀ ਤੇ ਇੱਕ ਵੱਡਾ ਸਾਰਾ ਕੇਕ ਵੀ । ਮੰਮੀ ਨੇ ਮੈਨੂੰ ਆਪਣੀਆਂ ਸਾਰੀਆਂ ਸਹੇਲੀਆਂ ਬੁਲਾਉਣ ਨੂੰ ਕਿਹਾ ਸੀ ਪਰ ਮੈਂ ਸਿਰਫ ਸੁਖਮੀਤ ਨੂੰ ਬੁਲਾਇਆ ਸੀ, ਪਰ ਮੰਮੀ ਦੀ ਪੂਰੀ ਮਿੱਤਰ-ਮੰਡਲੀ ਆਈ ਹੋਈ ਸੀ। ਬੜੀ ਸੇਵਾ ਕੀਤੀ ਸੀ, ਮੰਮੀ ਨੇ ਆਪਣੀਆਂ ਸਹੇਲੀਆਂ ਦੀ ਮੇਰੇ ਬਰਥਡੇ ਤੇ। ਸੁਖਮੀਤ ਦੀ ਪਰੈਜੈਂਸ ਨੂੰ ਤਾਂ ਜਿਵੇਂ ਉਹ ਭੁੱਲ ਈ ਗਈ ਸੀ । ਮੈਂ ਤੇ ਸੁਖਮੀਤ ਥੋੜ੍ਹੀ ਦੇਰ ਉਥੇ ਬੈਠ ਉਪਰ ਮੇਰੇ ਕਮਰੇ ਵਿਚ ਆ ਗਈਆਂ ਸਾਂ ।

"ਬੋਲ ਚਲੇਂਗੀ ਨਾ ਮੇਰੇ ਨਾਲ ਮੇਰੇ ਘਰ ?"

"ਹਾਂ, ਜਰੂਰ ਚਲਾਂਗੀ।"

ਕਾਲਜ ਤੋਂ ਬਾਅਦ ਮੇਰੀ ਐਕਟਿਵਾ ਤੇ ਹੀ ਅਸੀ ਸੁਖਮੀਤ ਦੇ ਪਿੰਡ ਪਹੁੰਚ ਗਈਆਂ। ਪਹਿਲਾਂ ਸੁਖਮੀਤ ਦੇ ਡੈਡੀ ਮਿਲੇ ਉਨ੍ਹਾਂ ਸਿਰ ਤੇ ਹੱਥ ਧਰ ਪਿਆਰ ਦਿੱਤਾ। ਸੁਖਮੀਤ ਦੀ ਮੰਮੀ ਬੜੀ ਪਿਆਰੀ ਸਾਦ-ਮੁਰਾਦੀ ਤੇ ਮਮਤਾਮਈ ਔਰਤ ਸੀ। ਉਸ ਨੇ ਮੈਨੂੰ ਗਲਵਕੜੀ 'ਚ ਲੈ ਕੇ ਏਦਾਂ ਪਿਆਰ ਕੀਤਾ ਜਿਵੇਂ ਮੈਂ ਉਹਨੂੰ ਚਿਰਾਂ ਦੀ ਜਾਣਦੀ ਹੋਵਾਂ। ਆਂਟੀ ਸਾਡੇ ਲਈ ਫਟਾਫਟ ਪਾਲਕ, ਗੋਭੀ, ਆਲੂ ਤੇ ਪਿਆਜ ਦੇ ਪਕੌੜੇ ਤੇ ਚਾਹ ਬਣਾ ਲਿਆਈ । ਏਨੇ ਸੁਆਦ ਪਕੌੜੇ ਮੈਂ ਸ਼ਹਿਰ ਦੀ ਕਿਸੀ ਵੀ ਦੁਕਾਨ ਤੋਂ ਨਹੀਂ ਸਨ ਖਾਧੇ।

ਮੇਰਾ ਘਰ ਪਰਤਣ ਨੂੰ ਜੀਅ ਨਹੀਂ ਸੀ ਕਰ ਰਿਹਾ ਪਰ ਆਉਣਾ ਤਾਂ ਪੈਣਾ ਹੀ ਸੀ । ਉਨ੍ਹਾਂ ਸਭ ਤੋਂ ਵਿਦਾ ਹੋ ਇਕ ਉਦਾਸੀ ਜਿਹੀ ਲੈ ਕੇ ਮੈਂ ਆਪਣੇ ਘਰ ਪਰਤ ਆਈ।

ਅੰਦਰ ਵੜਦਿਆਂ ਵੇਖਿਆ ਮੰਮੀ ਰਿਮੂਵਰ ਨਾਲ ਨੇਲ ਪੇਂਟ ਸਾਫ਼ ਕਰ ਹੀ ਸੀ

ਤੇ ਨੇੜੇ ਹੀ ਇਕ ਨਵੀਂ ਨੇਲ ਪੇਂਟ ਦੀ ਸ਼ੀਸ਼ੀ ਰੱਖੀ ਹੋਈ ਸੀ ।

"ਤੇਰੇ ਲਈ ਮਨਚੂਰੀਅਨ ਮੰਗਵਾ ਕੇ ਰੱਖਿਆ ਕਿਚਨ 'ਚ, ਖਾ ਲੈ । ਅੱਜ ਏਨੀ ਲੇਟ ਕਿਵੇਂ ਹੋ ਗਈ?" ਮੰਮੀ ਨੇ ਐਵੇਂ ਜਿਵੇਂ ਪੁੱਛਣ ਨੂੰ ਹੀ ਪੁੱਛ ਲਿਆ ਹੋਵੇ। ਉਸ ਦੇ ਲਹਿਜ਼ੇ 'ਚ ਮਾਵਾਂ ਵਾਲਾ ਫ਼ਿਕਰ ਬਿਲਕੁਲ ਵੀ ਨਹੀਂ ਸੀ। ਸ਼ਾਇਦ ਉਹ ਸੋਚਦੀ ਹੋਵੇ ਕਿ, ਇਹੋ ਜਿਹੀ ਨੇ ਕਿੱਥੇ ਜਾਣਾ ।

"ਕਿਸੀ ਫਰੈਂਡ ਦੇ ਘਰ ਚਲੀ ਗਈ ਸੀ, ਤੇ ਖਾਣਾ ਵੀ ਉਥੇ ਹੀ ਖਾ ਲਿਆ।" ਆਖ ਮੈਂ ਤੇਜ਼ੀ ਨਾਲ ਪੌੜੀਆਂ ਚੜ੍ਹ ਗਈ ।

0 0 0

ਬੀ.ਐਸ.ਸੀ. ਫਸਟ ਯੀਅਰ ਦਾ ਰਿਜ਼ਲਟ ਆਇਆ ਤਾਂ ਮੇਰੇ ਬਾਕੀ ਸਭ ਸਬਜੈਕਟਸ 'ਚ ਤਾਂ ਵਧੀਆਂ ਨੰਬਰ ਸਨ, ਪਰ ਕੈਮਿਸਟਰੀ 'ਚ ਪਾਸ ਮਸਾਂ ਹੋਈ ਸਾਂ । ਮੰਮੀ ਮੇਰੇ ਲਈ ਕੋਈ ਟਿਊਟਰ ਲੱਭ ਰਹੀ ਸੀ ।

ਇਕ ਦਿਨ ਮੰਜੂ ਆਂਟੀ ਸਾਡੇ ਘਰ ਆਈ ਹੋਈ ਸੀ, ਤਾਂ ਮੰਮੀ ਨੇ ਮੇਰੀ ਕੈਮਿਸਟਰੀ ਦੀ ਸਮੱਸਿਆ ਉਸ ਨਾਲ ਸਾਂਝੀ ਕੀਤੀ ਤੇ ਕੋਈ ਅੱਛਾ ਟਿਊਟਰ ਲੱਭਣ ਲਈ ਕਿਹਾ ।

"ਲੈ, ਇਹਦੇ ਵਿੱਚ ਪ੍ਰੇਸ਼ਾਨ ਹੋਣ ਵਾਲੀ ਕਿਹੜੀ ਗੱਲ ਹੈ । ਮੇਰਾ ਸਭ ਤੋਂ ਛੋਟਾ ਦਿਉਰ ਡੀ.ਏ.ਵੀ. ਕਾਲਜ ਵਿੱਚ ਕੈਮਿਸਟਰੀ ਦਾ ਲੈਕਚਰਾਰ ਲੱਗ ਗਿਆ ਏ, ਤੇ ਉਹ ਰਹਿੰਦਾ ਵੀ ਅੱਜ ਕੱਲ ਸਾਡੇ ਕੋਲ ਈ ਐ ।"

"ਚੱਲ ਇਹ ਸਮੱਸਿਆ ਤਾਂ ਘਰ ਬੈਠੇ ਬੈਠੇ ਹੀ ਹੱਲ ਹੋ ਗਈ । ਪੁੱਛ ਕੇ ਦੱਸੀਂ ਜੇ ਘਰ ਆ ਕੇ ਪੜ੍ਹਾ ਦਿਆ ਕਰੇ । ਫ਼ੀਸ ਦੀ ਕੋਈ ਚਿੰਤਾ ਨਹੀਂ ।" ਮੰਮੀ ਨੇ ਖੁਸ਼ ਹੋ ਕੇ ਕਿਹਾ ।

ਮੰਜੂ ਆਂਟੀ ਦੇ ਦਿਉਰ ਵਿਕਾਸ ਸਰ ਘਰ ਆ ਕੇ ਪੜ੍ਹਾਉਣਾ ਮੰਨ ਗਏ ਸਨ। ਸਾਡਾ ਘਰ ਉਹਨਾਂ ਦੇ ਕਾਲਜ ਦੇ ਰਸਤੇ ਵਿੱਚ ਹੀ ਪੈਂਦਾ ਸੀ । ਉਹ ਛੁੱਟੀ ਤੋਂ ਬਾਅਦ ਸਿੱਧਾ ਸਾਡੇ ਘਰ ਪਹੁੰਚ ਜਾਂਦੇ ਸੀ ਤੇ ਮੈਂ ਕੋਈ ਪੰਦਰਾਂ ਵੀਹ ਮਿੰਟ ਮਗਰੋਂ ਪਹੁੰਚਦੀ ਸੀ। ਤਦ ਤੱਕ ਮੰਮੀ ਉਹਨਾਂ ਨੂੰ ਚਾਹ ਪਾਣੀ ਪਿਆ ਦਿੰਦੀ ।

ਵਿਕਾਸ ਸਰ ਦੇ ਪੜ੍ਹਾਉਣ ਦਾ ਤਰੀਕਾ ਬਹੁਤ ਵਧੀਆ ਸੀ । ਉਹ ਹਰ ਗੱਲ ਬਹੁਤ ਬਾਰੀਕੀ ਨਾਲ ਸਮਝਾਉਂਦੇ । ਕੈਮਿਸਟਰੀ ਜਿਸ ਤੋਂ ਮੈਂ ਦੂਰ ਭੱਜਦੀ ਸਾਂ ਮੈਨੂੰ ਚੰਗੀ ਚੰਗੀ ਲੱਗਣ ਲੱਗ ਪਈ ਸੀ ਤੇ ਨਾਲੇ ਵਿਕਾਸ ਸਰ ਵੀ।

ਮੇਰੇ ਪਹੁੰਚਣ ਤੋਂ ਪਹਿਲਾਂ ਸਰ ਸਾਡੇ ਘਰ ਪਹੁੰਚੇ ਹੁੰਦੇ । ਮੰਮੀ ਉਹਨਾਂ ਨਾਲ ਬੈਠੀ ਗੱਪਾਂ ਮਾਰ ਰਹੀ ਹੁੰਦੀ ...............

"ਤੁਸੀਂ ਮੈਨੂੰ ਵਿਕਾਸ ਸਰ ਕਿਉਂ ਕਹਿੰਦੇ ਹੋ ? ਮੈਂ ਤਾਂ ਤੁਹਾਡੇ ਕੋਲੋਂ ਛੋਟਾ ਹਾਂ। ਤੁਸੀ ਮੈਨੂੰ ਸਿਰਫ ਵਿਕਾਸ ਕਿਹਾ ਕਰੋ ।" ਇੱਕ ਦਿਨ ਵਿਕਾਸ ਸਰ ਨੇ ਮਜ਼ਾਕ ਵਿੱਚ ਮੰਮੀ ਨੂੰ ਕਿਹਾ ।

"ਤੁਸੀਂ ਉਮਰ 'ਚ ਭਾਵੇਂ ਮੈਥੋਂ ਥੋੜ੍ਹੇ ਜਿੰਨੇ ਛੋਟੇ ਹੋ, ਪਰ ਵੇਖਣ 'ਚ ਤਾਂ ਮੈਂ ਹੀ ਤੁਹਾਡੇ ਕੋਲੋਂ ਛੋਟੀ ਲੱਗਦੀ ਹਾਂ," ਮੰਮੀ ਨੇ ਨਖ਼ਰੇ ਜਿਹੇ ਨਾਲ ਕਿਹਾ।

"ਤੁਸੀਂ ਮੰਜੂ ਭਾਬੀ ਦੇ ਫ਼ਰੈਂਡ ਹੋ ਤਾਂ ਮੈਂ ਤੁਹਾਨੂੰ ਵੀ ਭਾਬੀ ਕਿਹਾ ਕਰਾਂਗਾ।"

"ਓ.ਕੇ," ਮੰਮੀ ਖ਼ੁਸ਼ ਹੋ ਗਈ ।



0 0 0

ਦੋ ਮਹੀਨੇ ਬੀਤ ਗਏ । ਮੇਰੇ ਹਾਊਸ ਟੈਸਟ ਹੋਏ ਤਾਂ ਕੈਮਿਸਟਰੀ ਵਿਚੋਂ ਮੇਰੇ ਚੰਗੇ ਨੰਬਰ ਆਏ । ਸ਼ਾਮ ਨੂੰ ਜਦੋਂ ਵਿਕਾਸ ਸਰ ਸਾਡੇ ਘਰ ਆਏ ਤਾਂ ਮੰਮੀ ਨੇ ਉਹਨਾਂ ਦਾ ਬਹੁਤ ਸੁਆਗਤ ਕੀਤਾ ।

ਮੈਂ ਚਾਹ ਬਣਾਉਣ ਰਸੋਈ 'ਚ ਚਲੇ ਗਈ ਪਰ ਮੇਰੇ ਕੰਨ ਮੰਮੀ ਵੱਲ ਹੀ ਸਨ ......... ।

"ਵਿਕਾਸ ਤੁਸੀਂ ਮੇਰੀ ਅੱਧੀ ਚਿੰਤਾ ਘੱਟ ਕਰ ਦਿੱਤੀ । ਹੁਣ ਤੁਹਾਡੇ ਤੋਂ ਤਾਂ ਕੁਝ ਵੀ ਛਿਪਿਆ ਨਹੀਂ, ਇਹ ਵਿਚਾਰੀ ਜਿਹੋ ਜਿਹੀ ਹੈ । ਜੇ ਪੜ੍ਹਾਈ ਲਿਖਾਈ 'ਚ ਵੀ ਪਿੱਛੇ ਰਹਿ ਗਈ ਤਾਂ ਕਿੰਨੀ ਮੁਸ਼ਕਿਲ ਆਉਣੀ, ਇਸ ਦੇ ਵਿਆਹ 'ਚ । ਅੱਜ ਕੱਲ ਤਾਂ ਚੰਗੀਆਂ ਭਲੀਆਂ ਨੂੰ ਨਹੀਂ ਰੱਖਦਾ ਕੋਈ । ਇਹ ਤਾਂ ......., ਫੇਰ ਤੁਸੀਂ ਆਪ ਹੀ ਵੇਖ ਲਓ .......।"

ਮੰਮੀ ਦੇ ਮੂੰਹੋਂ ਵਿਕਾਸ ਸਰ ਸਾਹਮਣੇ ਆਪਣੇ ਲਈ ਅਜਿਹੀਆਂ ਗੱਲਾਂ ਸੁਣ ਕੇ ਮੈਂ ਧੁਰ ਅੰਦਰ ਤੱਕ ਸੜ ਕੇ ਕੋਲਾ ਹੋ ਗਈ ਸਾਂ । ਚਾਹ ਵੀ ਉਬਲ ਉਬਲ ਕੇ ਮੇਰੇ ਵਰਗੀ ਹੋ ਗਈ ਸੀ ।

"ਤੁਸੀਂ ਤਾਂ ਐਵੇਂ ਹੀ ਚਿੰਤਾ ਕਰਦੇ ਹੋ ਭਾਬੀ ਜੀ, ਸ਼ਵੇਤਾ 'ਜ਼ ਕੁਆਈਟ ਬਿਊਟੀਫੁੱਲ ਐਂਡ ਇੰਟੈਲੀਜੈਂਟ ਗਰਲ, ਏਨੀ ਮਾੜੀ ਨਹੀਂ ਜਿੰਨੀ ਤੁਸੀਂ ਸਮਝਦੇ ਹੋ । ਉਹ ਗੱਲ ਵਖਰੀ ਹੈ ਕਿ ਤੁਹਾਡੇ ਜਿੰਨੀ ਖੂਬਸੂਰਤ ਨਹੀਂ ।"

"ਚੰਗਾ-ਚੰਗਾ ਹੁਣ ਮੇਰੀ ਬਹੁਤੀ ਤਾਰੀਫ਼ ਨਾ ਕਰੀ ਜਾਓ," ਮੰਮੀ ਵਿਕਾਸ ਦੇ ਮੂੰਹੋਂ ਆਪਣੇ ਲਈ ਖ਼ੂਬਸੂਰਤ ਲਫ਼ਜ਼ ਸੁਣ ਕੇ ਚਹਿਕ ਪਈ ਸੀ । ਬਾਕੀ ਗੱਲਾਂ ਤਾਂ ਉਸ ਦੇ ਕੰਨਾਂ ਨੇ ਰਸੀਵ ਹੀ ਨਹੀਂ ਸਨ ਕੀਤੀਆਂ ।

ਚਾਹ ਪੀ ਕੇ ਵਿਕਾਸ ਸਰ ਚਲੇ ਗਏ, ਤੇ ਮੈਂ ਆਪਣੇ ਕਮਰੇ ਵਿੱਚ ਆ ਗਈ। ਚੰਗੇ ਨੰਬਰ ਆਉਣ ਦੀ ਸਾਰੀ ਖੁਸ਼ੀ ਮੰਮੀ ਦੀਆਂ ਗੱਲਾਂ ਕਰ ਕੇ ਕਾਫੂਰ ਹੋ ਗਈ ਸੀ ............ ।

ਵਿਕਾਸ ਸਰ ਲਗਾਤਾਰ ਮੈਨੂੰ ਪੜ੍ਹਾਉਣ ਆਉਂਦੇ ਰਹੇ । ਲਾਬੀ 'ਚ ਬੈਠੇ ਸਰ ਜਦੋਂ ਮੈਨੂੰ ਪੜ੍ਹਾਉਂਦੇ ਤਾਂ ਮੰਮੀ ਆਪਣੇ ਨਿੱਕੇ ਮੋਟੇ ਕੰਮ ਕਰਦੀ ਰਹਿੰਦੀ। ਕਦੀ-ਕਦੀ ਕੋਈ ਕੰਮ ਬਾਜ਼ਾਰ ਦਾ ਵੀ ਕਰ ਆਉਂਦੀ ।

ਇਹਨਾਂ ਦਿਨਾਂ 'ਚ ਮੈਂ ਇੱਕ ਗੱਲ ਨੋਟ ਕੀਤੀ । ਜਦੋਂ ਤੋਂ ਵਿਕਾਸ ਸਰ ਸਾਡੇ ਘਰ ਆਉਂਣ ਲੱਗੇ ਸਨ ਮੰਮੀ ਦੇ ਬਣਨ-ਠਣਨ ਦੇ ਢੰਗ ਤਰੀਕੇ ਬਦਲ ਗਏ ਸਨ। ਸਰ ਦੇ ਆਉਣ ਤੱਕ ਮੰਮੀ ਨਹਾ-ਧੋ ਕੇ ਫਰੈਸ਼ ਹੋ ਕੇ ਸੋਹਣਾ ਸੂਟ ਜਾਂ ਸਾੜੀ ਪਾ ਕੇ ਤਿਆਰ ਬਰ ਤਿਆਰ ਹੁੰਦੀ । ਬਣ ਠਣ ਕੇ ਤਾਂ ਉਹ ਪਹਿਲਾਂ ਵੀ ਰਹਿੰਦੀ ਸੀ, ਪਰ ਹੁਣ ਉਸ ਦੀ ਤਿਆਰੀ 'ਚ ਹਮੇਸ਼ਾਂ ਇੱਕ ਉਚੇਚ ਵਿਖਾਈ ਦਿੰਦਾ ।

ਹੁਣ ਤਾਂ ਕਈ ਵਾਰ ਮੇਰੇ ਆਉਣ ਤੱਕ ਮੰਮੀ ਵਿਕਾਸ ਸਰ ਨੂੰ ਰੋਟੀ ਵੀ ਖਵਾ ਦਿੰਦੀ । ਮੰਮੀ ਦੇ ਚਿਹਰੇ ਦੀ ਤਾਂ ਅੱਜ ਕੱਲ ਟਹਿਕ ਹੀ ਵੱਖਰੀ ਸੀ ।

0 0 0

ਚੌਦਾਂ ਫਰਵਰੀ ਵਾਲੇ ਦਿਨ ਸਵੇਰੇ-ਸਵੇਰੇ ਘਰ ਦੇ ਮੂਹਰੇ ਕੋਈ ਬਾਈਕ ਆ ਕੇ ਰੁੱਕੀ ਤਾਂ ਮੈਂ ਆਪਣੇ ਕਮਰੇ ਦੀ ਖਿੜਕੀ ਦਾ ਪਰਦਾ ਹਟਾ ਕੇ ਵੇਖਿਆ ਤਾਂ ਵਿਕਾਸ ਸਰ

ਫੁੱਲਾਂ ਦਾ ਸੁੰਦਰ ਗੁਲਦਸਤਾ ਲਈ ਅੰਦਰ ਆ ਰਹੇ ਸਨ । ਮੈਨੂੰ ਕੁਝ-ਕੁਝ ਹੈਰਾਨੀ ਹੋਈ। ਅੱਧੇ ਕੁ ਘੰਟੇ ਮਗਰੋਂ ਮੈਂ ਤਿਆਰ ਹੋ ਕੇ ਥੱਲੇ ਆਈ ਤਾਂ ਵੇਖਿਆ ਕਿ ਮੰਮੀ ਸਵੇਰੇ-ਸਵੇਰੇ ਹੀ ਤਿਆਰ ਹੋ ਕੇ ਬੈਠੀ ਸੀ । ਸਲੀਵਲੈਸ ਬਲਾਊਜ਼ 'ਚ ਉਸ ਦੀਆਂ ਬਾਹਵਾਂ ਸੰਗਮਰਮਰ ਵਾਂਗ ਚਮਕ ਰਹੀਆਂ ਸਨ । ਗੁਲਾਬੀ ਸਾੜੀ 'ਚ ਉਹ ਗੁਲਾਬ ਦਾ ਫੁੱਲ ਲਗ ਰਹੀ ਸੀ। ਮਨ ਹੀ ਮਨ ਉਸ ਨੂੰ ਵੇਖ ਮੈਨੂੰ ਈਰਖਾ ਹੋਈ । ਉਹ ਫੁੱਲਾਂ ਦੇ ਗੁਲਦਸਤੇ ਨੂੰ ਫਲਾਵਰ ਵਾਸ 'ਚ ਟਕਾ ਕੇ ਹੌਲੀ-ਹੌਲੀ ਸਹਿਲਾ ਰਹੀ ਸੀ, ਤੇ ਨਾਲ ਹੀ ਨਾਲ ਕੁੱਝ ਗੁਣਗੁਣਾ ਰਹੀ ਸੀ । ਮੈਂ ਬਿਨਾਂ ਕੁਝ ਬੋਲੇ ਐਕਟਿਵਾ ਸਟਾਰਟ ਕਰ ਕਾਲਜ ਆ ਗਈ।

ਕਾਲਜ ਦਾ ਮਾਹੌਲ ਵੀ ਰੰਗੀਨ ਸੀ, ਪਰ ਮੇਰਾ ਮੂਡ ਸਾਰਾ ਦਿਨ ਉਖੜਿਆ ਜਿਹਾ ਰਿਹਾ । ਸਾਰਾ ਦਿਨ ਮੇਰੇ ਦਿਮਾਗ ਵਿੱਚ ਕੋਈ ਉਥਲ-ਪੁਥਲ ਚੱਲਦੀ ਰਹੀ ਸੀ । ਘਰ ਵਾਪਸੀ ਵੇਲੇ ਮੈਂ ਆਪਣਾ ਐਕਟਿਵਾ ਇੱਕ ਫੁੱਲਾਂ ਵਾਲੀ ਸ਼ਾਪ ਦੇ ਸਾਹਮਣੇ ਰੋਕ ਲਿਆ । ਇਕ ਪਲ ਲਈ ਦਿਮਾਗ ਨੂੰ ਟਿਕਾਣੇ ਕਰ ਕੇ ਕੁਝ ਸੋਚਿਆ ਤੇ ਫਿਰ ਆਪਣੇ ਆਪ ਹੀ ਆਪਣਾ ਸਿਰ ਹਾਂ 'ਚ ਹਿਲਾ ਕੇ ਮੈਂ ਇਕ ਸੁਰਖ਼ ਗੁਲਾਬ ਦਾ ਫੁੱਲ ਖ਼ਰੀਦ ਕੇ ਆਪਣੇ ਪਰਸ ਵਿੱਚ ਪਾ ਲਿਆ ।

ਘਰ ਪਹੁੰਚੀ ਤਾਂ ਰੁਟੀਨ ਵਾਂਗ ਵਿਕਾਸ ਸਰ ਪਹਿਲਾਂ ਹੀ ਘਰ ਆਏ ਬੈਠੇ ਸਨ। ਮੰਮੀ ਵਿਕਾਸ ਸਰ ਨੂੰ ਗਰਮ-ਗਰਮ ਫੁਲਕੇ ਬਣਾ ਕੇ ਖਿਲਾ ਰਹੀ ਸੀ।

ਇਕ ਦਮ ਖਿੜੀ-ਖਿੜੀ, ਟਹਿਕੀ-ਟਹਿਕੀ ਤੇ ਕੁਝ-ਕੁਝ ਮਹਿਕੀ ਮਹਿਕੀ ਮੇਰੀ ਖ਼ੂਬਸੂਰਤ ਮੰਮੀ । ਮੇਰੇ ਬੁੱਲਾਂ ਤੇ ਇਕ ਵਿਅੰਗਾਤਮਕ ਮੁਸਕਾਨ ਆਈ ਪਰ ਮੈਂ ਉਸ ਨੂੰ ਛੁਪਾ ਲਿਆ ਤੇ ਚੇਂਜ ਕਰਨ ਆਪਣੇ ਕਮਰੇ 'ਚ ਚਲੀ ਗਈ ।

ਵਾਪਸ ਆ ਕੇ ਮੈਂ ਵਿਕਾਸ ਸਰ ਕੋਲ ਪੜ੍ਹਨ ਬੈਠ ਗਈ । ਮੰਮੀ ਬਾਜ਼ਾਰੋਂ ਕੁਝ ਲਿਆਉਣ ਨੂੰ ਆਖ ਘਰੋਂ ਚਲੇ ਗਈ । ਮੈਂ ਨਜ਼ਰ ਭਰ ਕੇ ਵਿਕਾਸ ਸਰ ਵੱਲ ਵੇਖਿਆ ਤੇ ਹੌਲੇ ਜਿਹੇ ਮੁਸਕਰਾ ਪਈ । ਇਕ ਮੂਕ ਜਿਹੀ ਭਾਸ਼ਾ ਜਿਸ ਨੂੰ ਸ਼ਾਇਦ ਸ਼ਬਦਾਂ ਦੀ ਕਦੀ ਲੋੜ ਹੀ ਨਹੀਂ ਪੈਂਦੀ, ਉਸ ਭਾਸ਼ਾ ਵਿੱਚ ਮੈਂ ਵਿਕਾਸ ਸਰ ਨਾਲ ਬਹੁਤ ਦਿਨ ਤੋਂ ਗੱਲਾਂ ਕਰਦੀ ਆ ਰਹੀ ਸਾਂ, ਤੇ ਸਰ ਉਸ ਭਾਸ਼ਾ ਨੂੰ ਸਮਝ ਵੀ ਰਹੇ ਸਨ ।

ਮੈਂ ਪਰਸ 'ਚੋਂ ਕੱਢ ਕੇ ਸੁਰਖ ਗੁਲਾਬ ਦਾ ਫੁੱਲ ਸਰ ਵੱਲ ਵਧਾਇਆ। ਸਰ ਨੇ ਫੁੱਲ ਮੈਥੋਂ ਫੜਦਿਆਂ ਹੌਲੇ ਜਿਹੇ ਮੇਰੀਆਂ ਉਂਗਲੀਆਂ ਨੂੰ ਵੀ ਪਲੋਸ ਦਿੱਤਾ । ਇਕ ਬਿਜਲਈ ਲਹਿਰ ਜਿਹੀ ਮੇਰੇ ਸਾਰੇ ਵਜੂਦ ਵਿੱਚ ਫਿਰ ਗਈ।

"ਕਮਲੀ ਕੁੜੀ," ਸਰ ਨੇ ਫੁੱਲ ਮੇਰੀ ਗਲ੍ਹ ਤੇ ਮਾਰਦਿਆਂ ਪਿਆਰ ਨਾਲ ਆਖਿਆ । ਪਲ ਦੀ ਪਲ ਮੈਨੂੰ ਆਪਣਾ ਆਪ ਤੇ ਆਪਣਾ ਆਲਾ-ਦੁਆਲਾ ਸੋਹਣਾ ਸੋਹਣਾ ਲੱਗਣ ਲੱਗ ਪਿਆ ।

ਮੰਮੀ ਜਲਦੀ ਹੀ ਵਾਪਸ ਪਰਤ ਆਈ ਸੀ । ਸਰ ਨੇ ਗੁਲਾਬ ਦਾ ਫੁੱਲ ਜਲਦੀ ਨਾਲ ਆਪਣੀ ਪੈਂਟ ਦੀ ਜੇਬ 'ਚ ਪਾ ਲਿਆ ।

ਸਰ ਦੇ ਜਾਣ ਤੋਂ ਬਾਅਦ ਮੈਂ ਆਪਣੇ ਕਮਰੇ ਨੂੰ ਜਾਣ ਵਾਲੀਆਂ ਪੌੜੀਆਂ ਭੁਦਕ-ਭੁਦਕ ਕੇ ਚੜ੍ਹੀਆਂ ਸਨ । ਮੈਨੂੰ ਜਾਪਿਆ ਜਿਵੇਂ ਮੈਨੂੰ ਖੰਭ ਲੱਗ ਗਏ ਹੋਣ । ਆਪਣੇ ਕਮਰੇ ਦੇ ਬੈੱਡ ਤੇ ਲੇਟ ਕੇ ਮੈਂ ਆਪਣੀਆਂ ਉਂਗਲਾਂ ਤੇ ਪਤਾ ਨਹੀਂ ਕਿੰਨੀ ਵਾਰ ਹੱਥ ਫੇਰ-ਫੇਰ ਕੇ ਵਿਕਾਸ ਸਰ ਦੀ ਛੋਹ ਨੂੰ ਮਹਿਸੂਸ ਕੀਤਾ ਸੀ।

0 0 0



ਆਪਣੇ ਬੈੱਡ ਤੇ ਲੇਟੀ ਮੈਂ ਸਾਹਮਣੇ ਦੀਵਾਰ ਤੇ ਲੱਗੀ ਮੰਮੀ ਪਾਪਾ ਨਾਲ ਆਪਣੀ ਬਚਪਨ ਦੀ ਤਸਵੀਰ ਨੂੰ ਨਿਹਾਰ ਰਹੀ ਸਾਂ । ਪਾਪਾ ਇਸ ਵਕਤ ਮੈਨੂੰ ਪਤਾ ਨਹੀਂ ਕਿਉਂ ਵਿਚਾਰੇ ਜਿਹੇ ਲੱਗੇ । ਮੰਮੀ ਦੀ ਫੋਟੋ ਤੱਕ ਮੈਂ ਆਪਣੇ ਬੈੱਡ ਦੀ ਦੂਜੀ ਸਾਈਡ ਵੱਲ ਝਾਤੀ ਮਾਰੀ ਤਾਂ ਮੇਰੇ ਬੁੱਲਾਂ ਤੇ ਮੁਸਕਾਨ ਖੇਡਣ ਲੱਗੀ। ਆਪਣੀ ਫੋਟੋ ਤੱਕ ਮੈਨੂੰ ਲੱਗਾ ਕਿ ਮੇਰੇ ਵਰਗਾ ਤਾਂ ਇਸ ਦੁਨੀਆਂ ਵਿੱਚ ਇਸ ਵਕਤ ਕੋਈ ਹੈ ਹੀ ਨਹੀਂ ਹੈ ।

ਮੈਂ ਯਾਦ ਕੀਤਾ ਅੱਜ ਦੁਪਹਿਰੇ ਜਦੋਂ ਮੈਂ ਕਾਲਜ ਤੋਂ ਪਰਤੀ ਸਾਂ ਤਾਂ ਵੇਖਿਆ ਕਿ ਮੰਮੀ ਬਹੁਤ ਹੀ ਸਲੀਕੇ ਨਾਲ ਤਿਆਰ ਹੋਈ ਬੈਠੀ ਸੀ ਤੇ ਕੋਲ ਹੀ ਇਕ ਚਮਕੀਲੇ ਰੈਪਰ 'ਚ ਲਿਪਟਿਆਂ ਕੋਈ ਗਿਫ਼ਟ ਪਿਆ ਸੀ ।

"ਅੱਜ ਮੰਜੂ ਆਂਟੀ ਦਾ ਬਰਥਡੇ ਹੈ ਤੇ ਮੈਂ ਉਥੇ ਜਾ ਰਹੀ ਹਾਂ । ਵਿਕਾਸ ਸਰ ਨੇ ਵੀ ਅੱਜ ਨਹੀਂ ਆਉਣਾ । ਤੂੰ ਬਾਹਰਲਾ ਗੇਟ ਬੰਦ ਕਰ ਕੇ ਅੰਦਰੋਂ ਕੁੰਡੀ ਲਾ ਲੈ, ਮੈਂ ਸ਼ਾਮ ਤੱਕ ਵਾਪਸ ਆਊਂਗੀ।" ਮੈਂ ਆਗਿਆਕਾਰੀ ਬੱਚੀ ਵਾਂਗ ਸਿਰ ਹਿਲਾਇਆ।

ਮੰਮੀ ਦੇ ਸਫ਼ੈਦ ਝੂਠ ਤੇ ਮੈਂ ਮਨ-ਹੀ ਮਨ ਮੁਸਕਰਾਈ । ਮੈਂ ਜਾਣਦੀ ਸਾਂ ਕਿ ਮੰਜੂ ਆਂਟੀ ਦਾ ਸਾਰਾ ਪਰਿਵਾਰ ਸਿਵਾਏ ਵਿਕਾਸ ਸਰ ਤੋਂ ਬਾਹਰ ਗਿਆ ਹੋਇਆ ਸੀ । ਮੰਮੀ ਨੇ ਟੇਬਲ ਤੋਂ ਗਿਫ਼ਟ ਚੁੱਕਿਆ ਤੇ ਇਕ ਨਿੱਕਾ ਜਿਹਾ ਚਾਬੀਆਂ ਦਾ ਛੱਲਾ ਵੀ ! ਮੈਂ ਨਾ ਗਿਫ਼ਟ ਬਾਰੇ ਪੁੱਛਿਆ ਤੇ ਨਾ ਹੀ ਚਾਬੀਆਂ ਬਾਰੇ। ਕਿਉਂਕਿ ਮੈਂ ਜਾਣਦੀ ਸਾਂ ਕਿ ਅੱਜ ਕਿਸ ਦਾ ਜਨਮਦਿਨ ਹੈ ਤੇ ਕਿਸ ਦੀਆਂ ਚਾਬੀਆਂ ਹਨ ।

ਮੰਮੀ ਧਰਤੀ ਨੂੰ ਅਜ਼ਾ ਲੱਗਣ ਤੋਂ ਬਚਾਉਂਦੀ ਪੋਲੇ-ਪੋਲੇ ਪੱਬ ਧਰਦੀ ਗੇਟੋਂ ਬਾਹਰ ਹੋ ਗਈ ਸੀ ।

ਟਨ-ਟਨ-ਟਨ ................ ਦੀਵਾਰ ਘੜੀ ਨੇ ਸ਼ਾਮ ਦੇ ਚਾਰ ਵਜਾਏ ਤਾਂ ਮੈਂ ਫਿਰ ਆਪੇ ਵਿੱਚ ਪਰਤ ਆਈ । ਅਚਾਨਕ ਮੋਬਾਈਲ ਦੀ ਰਿੰਗ ਵੱਜੀ ਤਾਂ ਮੇਰੇ ਬੈੱਡ ਦੀ ਦੂਜੀ ਸਾਈਡ ਤੇ ਮੇਰੇ ਨਾਲ ਲੇਟੇ ਹੋਏ ਵਿਕਾਸ ਸਰ ਨੇ ਮੇਰੀ ਹਿੱਕ ਤੋਂ ਆਪਣੀ ਸੱਜੀ ਬਾਂਹ ਚੁੱਕ ਕੇ ਮੋਬਾਈਲ ਚੁੱਕਿਆ ਤੇ ਫਿਰ ਹੌਲੀ-ਹੌਲੀ ਆਪਣੀ ਖੱਬੀ ਬਾਂਹ ਮੇਰੇ ਸਿਰ ਥੱਲਿਓਂ ਕੱਢ ਕੇ ਬੈੱਡ ਨਾਲ ਢੋਅ ਲਾ ਕੇ ਬੈਠ ਗਏ ।

ਮੈਂ ਵੀ ਫਟਾਫਟ ਉੱਠ ਕੇ ਆਪਣੇ ਕੱਪੜੇ ਪਾਏ ਤੇ ਆਪਣੇ ਵਾਲ ਦਰੁਸਤ ਕੀਤੇ।

ਵਿਕਾਸ ਸਰ ਫੋਨ ਤੇ ਸਫਾਈਆਂ ਜਿਹੀਆਂ ਦੇ ਰਹੇ ਸਨ ਤੇ ਹੁਣੇ ਆਉਣ ਨੂੰ ਆਖ ਬੈੱਡ ਤੋਂ ਉੱਠ ਆਪਣੇ ਕੱਪੜੇ ਪਹਿਨਣ ਲੱਗੇ । ਮੈਂ ਜਾਣਦੀ ਸਾਂ ਫੋਨ ਕਿਸ ਦਾ ਸੀ, ਤੇ ਫੋਨ ਤੇ ਸਰ ਨੂੰ ਕੀ-ਕੀ ਕਿਹਾ ਜਾ ਰਿਹਾ ਸੀ, ਉਹ ਵੀ ਮੈਂ ਜਾਣਦੀ ਸਾਂ।

ਵਿਕਾਸ ਸਰ ਚਲੇ ਗਏ। ਉਨ੍ਹਾਂ ਦੇ ਜਾਣ ਤੋਂ ਥੋੜ੍ਹੀ ਦੇਰ ਮਗਰੋ ਮੰਮੀ ਵਾਪਸ ਪਰਤ ਆਈ ਸੀ । ਮੰਮੀ ਦਾ ਚਿਹਰਾ ਬੁਝਿਆ ਹੋਇਆ ਸੀ । ਮੰਮੀ ਦਾ ਉਹ ਬੁਝਿਆ ਚਿਹਰਾ ਵੇਖ ਮੇਰੇ ਮਨ ਦੇ ਕਿਸੇ ਕੋਨੇ 'ਚ ਖੁਸ਼ੀ ਦੀ ਲਹਿਰ ਦੌੜ ਗਈ ।

"ਜਾਹ ਨੀ ਮਾਂ....., ਤੂੰ ਵੀ ਕੀ ਯਾਦ ਕਰੇਂਗੀ । ਦੁਨੀਆਂ ਪੈਂਦੀ ਢੱਠੇ ਖੂਹ 'ਚ ਉਹਦੇ ਨਾਲ ਤਾਂ ਮੈਂ ਬਾਅਦ 'ਚ ਨਜਿੱਠ ਲਊ, ਪਰ ਤੇਰੇ ਤੋਂ ਤਾਂ ਅੱਜ ਮੈਂ ਜਿੱਤ ਹੀ ਗਈ ।"

ਮੋ: 98885-54837

## ਸ਼ਸ਼ੀ ਪਾਲ ਸਮੁੰਦਰਾ ਦੀਆਂ ਕੁਝ ਨਜ਼ਮਾਂ

### ਇਹ ਚਿੜੀ

ਹਾਏ ਰੱਬਾ ! ਨਹੀਂ ਕਰਨ ਦਿੰਦੀ ਇਹ ਚਿੜੀ
ਅੱਖਾਂ ਮੁੰਦ ਮੈਨੂੰ ਅੱਜ ਸਾਧਨਾ
ਮੈਂ ਜਿੰਨਾ ਉਹਦੇ ਤੋਂ ਧਿਆਨ ਹਟਾਉਂਦੀ ਹਾਂ
ਉਹ ਉਨਾ ਹੀ ਉੱਚੀ ਗਾਉਂਦੀ ਹੈ
ਤੇ ਆਪਣੀ ਹੋਂਦ ਜਤਾਉਂਦੀ ਹੈ।
ਅੱਕ ਕੇ, ਮੈਂ ਉਹਨੂੰ ਹੀ ਸੁਣਨ ਲੱਗ ਪਈ ਹਾਂ
ਤੇ ਸੁਣਦੀ ਹਵਾ 'ਚੋਂ ਉਡਣ ਲੱਗ ਪਈ ਹਾਂ
ਦੂਰ ਵਾਦੀਆਂ ਵਿਚ, ਪਹਾੜਾਂ 'ਤੇ
ਅਸਮਾਨ ਵਿਚ, ਰੁੱਖਾਂ 'ਤੇ
ਹਰ ਪਾਸੇ ਉਹ ਗਾ ਰਹੀ ਹੈ
ਹੁਣ ਏਨੀ ਉੱਚੀ ਕਿ
ਹਰ ਆਵਾਜ਼ ਤੇ ਸਾਰਾ ਸ਼ੋਰ
ਉਹਦੇ ਸੁਰ ਵਿਚ ਡੁੱਬ ਗਿਆ ਹੈ।
ਹੁਣ, ਮੈਂ, ਹਰ ਫ਼ਿਕਰੋਂ ਮੁਕਤ
ਹਵਾਵਾਂ ਸੰਗ ਉੱਡ ਰਹੀ ਹਾਂ
ਤੇ ਨਾਲ ਨਾਲ ਉੱਡ ਰਹੀ ਹੈ ਉਹ ਚਿੜੀ
ਤੇ ਉਹਦਾ ਗੀਤ।

### ਕਿੰਨਾ ਖ਼ੂਬਸੂਰਤ ਹੈ ਇਹ ਪਲ

ਮੈਨੂੰ ਪਤਾ ਹੈ ਜੋ ਸੱਚ ਹੈ
ਸੋਚ ਦੇ ਸ਼ੀਸ਼ੇ ਵਿਚ ਜੋ ਦਿਸ ਰਿਹਾ ਹੈ
ਉਸ ਤੋਂ ਵੀ ਅਗਾਂਹ ਦਾ ਸੱਚ...
ਪਰ ਤੂੰ ਕੁਝ ਨਾ ਆਖ
ਜੋ ਸੱਚ ਹੈ, ਸੋ ਹੈ
ਹੁਣ, ਇਕ ਭਰਮ ਹੀ ਬਣਿਆ ਰਹਿਣ ਦੇ।
ਤੇ ਏਸ ਭਰਮ ਵਿਚ, ਵਕਤ ਨੂੰ ਲੰਘਦਾ ਜਾਣ ਦੇ।
ਮੀਂਹ ਹੁਣੇ ਹੀ ਪੈ ਕੇ ਹਟਿਆ ਹੈ
ਆਕਾਸ਼ ਵਿਚ, ਕਿੰਨੇ ਹੀ ਰੰਗ ਬਿਖਰ ਗਏ ਨੇ



ਮੈਂ ਇਨ੍ਹਾਂ ਵਿਚ, ਤੇਰੇ ਨਕਸ਼ ਚਿਤਵਦੀ ਹਾਂ
ਤੇ ਮੁਸਕਰਾਉਂਦੀ ਹਾਂ
ਕਿੰਨਾ ਖ਼ੂਬਸੂਰਤ ਹੈ ਇਹ ਪਲ।

### ਮੱਕੜੀ ਦੀ ਤਾਰ ਜਿਹੀ ਉਮੀਦ

ਕਿੰਨੇ ਹੀ ਦਿਨਾਂ ਤੋਂ ਰੋਈ ਜਾਂਦੀ ਹੈ ਰੱਬ
ਨਦੀ-ਨਾਲਿਆਂ ਵਿਚ ਵਹਿੰਦੇ ਹੰਝੂ
ਰੁੱਖਾਂ 'ਤੇ ਡਿੱਗਦੇ ਹੰਝੂ।
ਸੁੱਜੀਆਂ ਅੱਖਾਂ
ਰੋ ਰੋ ਹੋਇਆ ਮੈਲਾ ਚਿਹਰਾ/ਸੋਗਿਆ ਚਿਹਰਾ
ਚੁੱਪ ਡਰੇ ਜਹੇ ਪੰਛੀ ਕਿਤੇ ਲੁਕ ਕੇ ਬੈਠੇ
ਸੂਰਜ ਕਿਧਰੇ ਤੁਰ ਗਿਆ ਹੈ।
ਉਦਾਸ ਸਾਂਵਲੀ ਨਾਰ ਨੇ ਦਿਨ
ਕਾਲਖ ਲਿੱਪੀ ਡੈਣ ਨੇ ਰਾਤਾਂ
ਪਗਡੰਡੀ 'ਤੇ ਡਿੱਗੇ ਪੱਤੇ,
ਖੌਰੇ ਕੀਹਦਾ ਨੇ ਮਾਤਮ ਕਰਦੇ ?
ਡੁੱਬਦੇ ਵੱਲ, ਕੋਈ ਪ੍ਰਛਾਵਾਂ ਹੈ ਤੁਰਿਆ ਜਾਂਦਾ
ਹੈ ਤੁਰਿਆ ਜਾਂਦਾ।
ਨਹੀਂ ਆਇਆ ਕੋਈ ਉਸ ਰਾਹੋਂ ਮੁੜ ਕੇ
ਇਹ ਵੀ ਨਹੀਂ ਆਏਗਾ
ਪਰ ਮੱਕੜੀ ਦੀ ਤਾਰ ਜਿਹੀ ਉਮੀਦ ਕਿਤੇ ਹੈ ਸਹਿਕਦੀ :
ਸ਼ਾਇਦ ਉਹਨੇ ਮੁੜ ਆਉਣਾ ਹੈ
ਸ਼ਾਇਦ ਉਹਨੇ ਮੁੜ ਆਉਣਾ ਹੈ।

### ਇਹ ਸਵੇਰ ਸਕੂਲ

ਪੂਰਬ ਵਿਚੋਂ ਚਾਨਣ ਦੇ ਚੜ੍ਹਨ ਤੋਂ ਪਹਿਲਾਂ
ਹਰ ਸਾਂਵਲਾ ਖੂੰਜਾ ਕਲੀ ਹੋਣ ਤੋਂ ਪਹਿਲਾਂ
ਚਿੜੀਆਂ ਨੇ ਤ੍ਰਿੰਜਣ ਛੂਹ ਲੀਤਾ
ਉਮੀਦਾਂ ਦਾ, ਖੁਸ਼ੀਆਂ ਦਾ, ਚਾਵਾਂ ਦਾ
ਤੇ ਮਿਲ ਕਿੰਨੇ ਜੋਸ਼ 'ਚ ਗੀਤ ਛੂਹ ਲਏ : ਚਿਰ ਚਿਰ, ਚਿਰ ਚਿਰ
ਚਿਰ ਰਰ ਚਿਰਰਰ ਚਿਰਰਰਰ ਚਿਰਰ ਚਿਰ ਚਿਰ, ਚਿਰ
ਵਿਚ ਰਲੇ ਨੇ ਮੇਰੇ ਵੀ ਸਾਹ
ਤੇ ਪਿਛੋਕੜ ਵਿਚੋਂ ਉੱਠੀ ਹੈ ਕਾਵਾਂ ਰੌਲੀ :

ਕਾਅ ! ਕਾਅ ! ਕਾਅ ! ਕਾਅ !
ਤੇ ਵਿਚੋਂ ਕੋਈ ਬਲਿਊ ਬਰਡ "ਟਾਂਕਾ, ਟਾਂਕਾ" ਗਾਉਂਦਾ ਹੈ
ਜੁਗਾਂ ਜੁਗਾਂ ਤੋਂ ਇਸ 'ਸਵੇਰ ਸਕੂਲ' ਦਾ ਇਹੋ ਪਾਠ ਤੇ ਇਹੋ ਗੀਤ।
ਟੋਲਿਆਂ ਵਿਚ ਨੰਗੇ ਪਿੰਡੇ/ਪੱਥਰਾਂ ਦੇ ਔਜਾਰ ਬਣਾਉਂਦੀ
"ਕੂ ਕੂ, ਕਾ ਕਾ" ਬੋਲਦੀ ਤੇ ਗਾਉਂਦੀ।
ਮੈਂ ਕਿੱਥੋਂ ਚੱਲੀ ਤੇ ਕਿੱਥੇ ਪਹੁੰਚੀ
ਅੱਜ ਮੇਰਾ ਉਹ ਊੜਾ ਐੜਾ ਬਦਲ ਗਿਆ ਹੈ,
ਗੁਆਚ ਗਿਆ ਹੈ।
ਪਰ ਯੁੱਗਾਂ ਯੁੱਗਾਂ ਤੋਂ ਹਰ ਸਵੇਰ ਚਿੜੀਆਂ ਦਾ ਉਹੀ ਤ੍ਰਿੰਜਣ
ਕਾਵਾਂ ਦੀ ਉਹੋ ਕਾਂਅ ਕਾਂਅ।
ਤੇ ਬਲਿਊ ਬਰਡ ਦੀ 'ਟਾਂਕਾ-ਟਾਂਕਾ'।
ਇਹ ਪੰਛੀ ਤਾਂ ਬਸ
ਇਕੋ ਧਰਤੀ ਦੇਸ਼ ਇਨ੍ਹਾਂ ਦਾ।
ਇਕੋ ਪੌਣ ਤੇ ਪਾਣੀ
ਪਰ ਮੈਂ, ਕਿੱਥੇ ਹਾਂ। ਕਿਹੜੇ ਦੇਸ਼ 'ਚ ਰਹਿੰਦੀ ਹਾਂ।
ਤੇ ਕੌਣ ਹਾਂ ? ਮੈਂ ਕੌਣ ਹਾਂ ?

## ਉਹਦੇ ਆਉਣ 'ਤੇ

ਨੀਲੇ ਆਕਾਸ਼ ਸਮੁੰਦਰ 'ਤੇ
ਆ ਸੂਰਜ ਤੈਰਨ ਲੱਗਾ ਹੈ
ਉਧਰ ਤੈਰੇ।
ਤੇ ਏਧਰ ਕਿਰਨਾਂ ਹੱਥ
ਚਾਹਤ ਦੇ ਸੁਨੇਹੇ ਘੱਲੇ
ਹਾਏ, ਏਨਾ ਨਿੱਘਾ, ਤੇ ਏਨਾ ਪਿਆਰਾ
ਉਹਦੇ ਆਉਣ 'ਤੇ ਸੁੱਤਾ ਜਿਹਾ ਦਿਨ
ਇਕ ਨਗੀਨੇ ਵਾਂਗੂੰ ਚਮਕਿਆ ਹੈ
ਤੇ ਗੇਂਦੇ ਵਾਂਗੂੰ ਮਹਿਕਿਆ ਹੈ।
ਖ਼ੁਸ਼ੀ 'ਚ ਉਹਨੂੰ ਵੇਂਹਦੀ ਨੇ
ਸੌ ਚਾਵਾਂ ਤੇ ਉਮੀਦਾਂ ਦੀ
ਮੈਂ ਹੱਥੀਂ ਚੁੱਕੀ ਚਿੜੀ ਉਡਾ ਦਿੱਤੀ।



## ਇਹ ਸ਼ੀਸ਼ੇ ਦੇ ਟੁਕੜੇ

ਹੱਕ ਨਾ ਸਹੀ/ਜ਼ੁਬਾਨ ਨਾ ਸਹੀ
ਪਰ ਸ਼ਬਦ ਨੇ ਜੋ ਜਜ਼ਬਾਤ, ਅਹਿਸਾਸ ਤੇ ਖਿਆਲ
ਬਿਆਨ ਕਰਨੋ ਨਹੀਂ ਹਟਦੇ।
ਮੈਂ ਕਦ ਚਾਹਿਆ ਸੀ ਮੈਂ ਇਹਨਾਂ ਦਾ ਇਜ਼ਹਾਰ ਕਰਾਂ
ਤੇ ਕਿਉਂ ਕਰਾਂ !
ਪਰ ਬਾਗੀ ਹੋਏ ਸ਼ਬਦਾਂ ਦਾ ਕੋਈ ਕੀ ਕਰੇ
ਹਾਲਾਤ ਦੇ ਸਹੇੜੇ ਸ਼ੀਸ਼ੇ ਦੇ ਟੁਕੜੇ ਨੇ
ਚੁਭੇ ਹੋਏ ਮੇਰੇ ਹੱਥਾਂ ਤੇ ਪੈਰਾਂ ਵਿਚ
ਦਿਨ ਤੇ ਰਾਤ ਤਸੀਹੇ ਦਿੰਦੇ
ਖ਼ੂਨ ਖ਼ੂਨ ਜ਼ੇਹਨ ਨੂੰ ਕਰਦੇ
ਪਰ ਮੈਂ ਇਤਰਾਜ਼ ਕਰਾਂ ਵੀ ਤਾਂ ਕੀ ?
ਤੇ ਕੀਹਦੇ ਕੋਲ ?
ਏਥੇ ਹਰ ਰਿਸ਼ਤਾ ਬੇਗਾਨਾ ਹੈ
ਹਰ ਅਪਣੱਤ ਬੇਗਾਨੀ ਹੈ
ਕੋਈ ਰੱਬ ਬਣ, ਇਨ੍ਹਾਂ ਸ਼ਬਦਾਂ ਨੂੰ ਮੈਥੋਂ ਦੂਰ ਕਰੇ !
ਤੇ ਮੈਨੂੰ ਇਸ ਸਭ ਕੁਝ ਤੋਂ ਆਜ਼ਾਦ ਕਰੇ !

## ਇਹ ਬਚਕਾਨਾ ਖ਼ਾਹਿਸ਼ਾਂ

ਗਾ ਰਿਹਾ ਹੈ ਰੱਬ ਰਫ਼ੀ :
"ਕਲ ਰਾਤ ਜ਼ਿੰਦਗੀ ਸੇ ਮੁਲਾਕਾਤ ਹੋ ਗਈ..."
ਅਚਾਨਕ, ਮਨ ਦੇ ਸ਼ੀਸ਼ੇ ਵਿਚ, ਤੇਰੀ ਤਸਵੀਰ ਉੱਭਰਦੀ ਹੈ
ਤੇ ਇਕ ਬੜੀ ਹੀ ਬਚਕਾਨਾ ਖਾਹਿਸ਼
ਜੋ ਸਮੁੰਦਰ ਵਿਚ ਤੂਫ਼ਾਨ ਜਿਉਂ ਦੂਰ ਤੱਕ ਉਛਲਦੀ ਹੈ
ਤੂੰ ਇਹ ਗਾਣਾ ਸੁਣਦਾ ਹੋਵੇਂ, ਤੇ ਮੇਰਾ ਸੋਚੇਂ...
ਹਾਏ ! ਕਿੰਨੀ ਬਾਰਿਸ਼ ਪੈਣ ਲੱਗੀ ਹੈ ਹੰਝੂਆਂ ਦੀ
ਥਮਦੀ ਹੈ ਤਾਂ ਖ਼ੁਦ ਤੇ ਹੀ ਮੁਸਕ੍ਰਾਉਂਦੀ ਹਾਂ :
ਓ ਸਮੂੰ ! ਤੂੰ ਤੇ ਤੇਰੀਆਂ ਬਚਕਾਨਾ ਖ਼ਾਹਿਸ਼ਾਂ !!

## ਕਿੰਨੀ ਨਾਸ਼ਵਾਨ ਹਾਂ ਮੈਂ

ਉਂਗਲ ਨੂੰ ਚੀਰਾ ਆ ਗਿਆ ਹੈ
ਭੱਜ ਭੱਜ ਓਹੜ-ਪੋਹੜ ਕਰਦੀ ਹਾਂ

ਪੱਟੀ ਕਰ, ਉਂਗਲ ਫੜ ਕੇ ਬਹਿ ਗਈ ਹਾਂ
ਮੈਂ ਜੋ ਪਰਬਤ, ਧਰਤੀ, ਸਾਗਰ ਨਦੀਆਂ,
ਬ੍ਰਹਿਮੰਡ ਬਾਰੇ ਸੋਚਦੀ ਹਾਂ
ਜੋਸ਼ 'ਚ ਗੱਲਾਂ ਕਰਦੀ ਹਾਂ
ਸੌ ਸੌ ਫਲਸਫੇ ਝਾੜਦੀ ਹਾਂ
ਹੱਸਦੀ, ਰੋਂਦੀ, ਮੰਨਦੀ, ਰੁੱਸਦੀ
ਕਦੇ ਕਦੇ, ਲਾਟੀ ਖਾਂ ਵੀ ਬਣ ਬਹਿੰਦੀ ਹਾਂ,
ਪਰ ਆਹ ਮਾਮੂਲੀ ਜਿਹਾ ਚੀਰਾ ਦੱਸਦਾ ਹੈ :
ਕਿੰਨੀ ਨਾਜ਼ੁਕ, ਕਿੰਨੀ ਨਾਸ਼ਵਾਨ ਹਾਂ ਮੈਂ।

## ਵਹਿਮ/ਸਰਬਜੀਤ ਕੌਰ ਜੱਸ

ਐਵੇਂ ਵਹਿਮ ਹੈ ਤੁਹਾਨੂੰ
ਕਿ ਮੱਛੀ ਪੱਥਰ ਚੱਟ ਕੇ
ਵਾਪਿਸ ਮੁੜ ਆਈ ਹੈ
ਖਾਲੀ ਹੱਥ...
ਤੁਸੀਂ ਸ਼ਾਇਦ ਦੇਖੇ ਨਹੀਂ
ਉਸਦੇ ਜ਼ਿਹਨ 'ਚ ਚਿਣੇ ਹੋਏ
ਅਨੁਭਵਾਂ ਦੇ ਮੋਤੀ
ਤੁਸੀਂ ਦੇਖੀ ਨਹੀਂ
ਉਸ ਦੀ ਜ਼ਖ਼ਮੀ ਹੋਈ
ਤਲਾਸ਼ ਦੀ ਸ਼ਿੱਦਤ
ਤੁਸੀਂ ਦੇਖਿਆ ਨਹੀਂ
ਉਸ ਦੀਆਂ ਅੱਖਾਂ 'ਚ ਤੈਰਦਾ
ਮ੍ਰਿਗ ਤ੍ਰਿਸ਼ਨਾ ਦੇ ਸੱਚ ਦਾ ਰਹੱਸ
ਐਵੇਂ ਵਹਿਮ ਹੈ ਤੁਹਾਨੂੰ
ਕਿ ਮੱਛੀ ਪੱਥਰ ਚੱਟ ਕੇ
ਵਾਪਿਸ ਮੁੜ ਆਈ ਹੈ...
ਭੁੱਲ ਰਹੇ ਹੋ ਤੁਸੀਂ
ਪੱਥਰਾਂ ਨਾਲ ਟਕਰਾਉਣ ਵਾਲੇ
ਕਦੇ ਜ਼ਖ਼ਮੀ ਨਹੀਂ ਹੁੰਦੇ
ਪੱਥਰ ਤਾਂ ਖ਼ੁਦ ਮੋਮ ਬਣ
ਪਿਘਲ ਜਾਂਦੇ ਨੇ
ਉਹਨਾਂ ਦੀ ਕਠੋਰਤਾ ਸਾਹਵੇਂ
ਆਪਣੇ ਜੀਵਿਤ ਹੋਣ ਦਾ
ਅਹਿਸਾਸ ਕਰਵਾਉਣ ਵਾਲੇ
ਖਾਲੀ ਹੱਥ ਵਾਪਿਸ ਨਹੀਂ ਮੁੜਦੇ
ਉਹ ਜਾਣਦੀ ਹੈ
ਸਮੁੰਦਰ ਤੱਕ ਦੀ ਡੂੰਘਾਈ ਦਾ ਨਾਪ
ਐਵੇਂ ਵਹਿਮ ਹੈ ਤੁਹਾਨੂੰ
ਕਿ ਮੱਛੀ ਪੱਥਰ ਚੱਟ ਕੇ
ਵਾਪਿਸ ਮੁੜ ਆਈ ਹੈ....।



## ਜਸਵਿੰਦਰ ਮਾਨ ਦੀਆਂ ਚਾਰ ਨਵੀਆਂ ਗ਼ਜ਼ਲਾਂ

1

ਦੂਰ ਘਰਾਂ ਤੋਂ ਜਾਂਦਾ ਹਾਂ, ਰਾਹ ਉਖੜੇ ਵੇਖਣ ਨੂੰ।
ਮੁੜ ਮੁੜ ਆ ਜਾਂਦਾ ਹਾਂ, ਆਪਣੇ ਟੁਕੜੇ ਵੇਖਣ ਨੂੰ।

ਡੁਲ੍ਹੇ ਖ਼ੂਨ ਨੇ ਲਿਖਿਆ ਸੀ, ਸਿਰਨਾਵਾਂ ਜੇਹਨਾਂ 'ਤੇ,
ਪੈਰ ਸਮੇਂ ਦੇ ਪਰਤ ਰਹੇ, ਉਹ ਵਰਕੇ ਵੇਖਣ ਨੂੰ।

ਜੁੱਗਾਂ-ਜੁੱਗਾਂ ਤੋਂ ਜਾਗ ਰਿਹਾਂ ਮੈਂ ਸਰਦਲ ਪੈਰਾਂ ਦੀ,
ਆਪਣੇ ਅੰਦਰ ਰਾਹ ਮੈਂ ਆਪਣੇ ਉਤਰੇ ਵੇਖਣ ਨੂੰ।

ਜਾਗਾਂ ਅੰਦਰ ਜਦ ਵੱਸਣ ਦੀ ਵਾਰੀ ਆਉਂਦੀ ਹੈ,
ਸੁਪਨੇ ਅੰਦਰ ਤੁਰ ਜਾਨਾਂ ਘਰ ਉਜੜੇ ਵੇਖਣ ਨੂੰ।

ਮੁੜ ਮੁੜ ਆਪਣੇ ਸ਼ੀਸ਼ੇ ਸਾਹਵੇਂ ਰੱਖਣ ਰੇਤ ਜਿਹੀ,
ਆਪਣੇ ਅੱਖ ਚੋਂ ਡੁਲ੍ਹੇ ਖ਼ੂਨ ਦੇ ਕਤਰੇ ਵੇਖਣ ਨੂੰ।

ਜੇਹਨਾਂ ਉਪਰੋਂ ਚੰਨ ਤੇ ਸੂਰਜ ਮਨਫੀ ਕਰਿਆ ਤੂੰ,
ਮੈਂ ਧਰਤੀ ਤੋਂ ਮੰਗ ਲਏ ਉਹ ਪਤਰੇ ਵੇਖਣ ਲਈ।

2

ਹੌਲੀ ਹੌਲੀ ਪੈੜ ਇਕ, ਗੁੰਮਦੀ ਨੂੰ ਵੇਖਦਾ ਮੈਂ।
ਪੈਰਾਂ ਥੱਲੇ ਧਰਤੀ ਤੇ, ਘੁੰਮਦੀ ਨੂੰ ਵੇਖਦਾ ਮੈਂ।

ਫੈਲਦੇ ਨੇ ਹੱਥ ਪਹਿਲਾਂ, ਵਿਛਦੇ ਨੇ ਫਿਰ ਪੱਲੇ,
ਮੇਰੇ ਕੋਲੋਂ ਕੁੱਖ ਮੇਰੀ, ਮੰਗਦੀ ਨੂੰ ਵੇਖਦਾ ਮੈਂ।

ਛੁਰੀ ਇਕ ਆਉਂਦੀ ਬਹਿੰਦੀ, ਆ ਕੇ ਨਿਤ ਕੋਲ਼ ਮੇਰੇ,
ਹੌਲੀ-ਹੌਲੀ ਜੀਭ ਮੇਰੀ ਕਟਦੀ ਨੂੰ ਵੇਖਦਾ ਮੈਂ।

ਫੈਲਦੀ ਦੁਆਲੇ ਮੇਰੇ, ਕਾਲੀ ਬੋਲੀ ਰਾਤ ਨਿਤ,
ਆਪਣੇ ਹਨੇਰੇ ਆਪੇ, ਚੁੰਮਦੀ ਨੂੰ ਵੇਖਦਾ ਮੈਂ।

ਆਪਣੇ ਹੀ ਹੱਥਾਂ ਵਿਚ ਆਪਣਾ ਹੀ ਸਾਇਆ ਚੁੱਕੀ,
ਧੁੱਪ ਤੇਰੀ, ਮੇਰੇ ਕੋਲੋਂ ਲੰਘਦੀ ਨੂੰ ਵੇਖਦਾ ਮੈਂ।

ਜੁਗਾਂ ਤੋਂ ਉਡੀਕਦਾ ਹਾਂ, ਖੜਾ ਹਾਂ ਕਿਨਾਰੇ ਇਹਦੇ,
ਕੰਧ ਪਥਰੀਲੀ ਏਹਨੂੰ, ਸਿੰਮਦੀ ਨੂੰ ਵੇਖਦਾ ਮੈਂ।

3

ਮੈਂ ਧਰਤੀ ਦੇ ਦੁੱਖ ਫਰੋਲਣ ਬੈਠ ਗਿਆ ਸਾਂ।
ਮੈਂ ਧਰਤੀ ਦੀ ਕੁੱਖ ਨਾ, ਬੋਲਣ ਬੈਠ ਗਿਆ ਸਾਂ।

ਮੇਰੇ ਢਿੱਡ ਅੰਦਰ ਜੋ ਉਮਰਾਂ ਤੋਂ ਜੀਂਦੀ ਸੀ,
ਮੈਂ ਉਸੇ ਹੀ ਗੰਢ ਨੂੰ ਫੋਲ੍ਹਣ ਬੈਠ ਗਿਆ ਸਾਂ।

ਮੇਰੀ ਹੀ ਮਿੱਟੀ ਦਾ ਕਣ ਸੀ ਗੁੰਮ ਗਿਆ ਜੋ,
ਮੈਂ ਉਸ ਨੂੰ ਰੇਤੇ ਚੋਂ ਟੋਲ੍ਹਣ ਬੈਠ ਗਿਆ ਸਾਂ।

ਪੈੜ ਮੇਰੀ ਹੀ ਸੀ ਮੇਰੇ ਵਲ ਆਉਂਦੀ ਸੀ ਜੋ,
ਆਪਣੇ ਪੈਰਾਂ ਵਿਚ ਮਧੋਲਣ ਬੈਠ ਗਿਆ ਸਾਂ।

ਉਮਰਾਂ ਤੋਂ ਚੁੱਕੀ ਫਿਰਦੀ ਸੀ ਅੱਖ ਮੇਰੀ ਜੋ,
ਮੈਂ ਉਸ ਪਾਣੀ ਨੂੰ ਹੁਣ ਡੋਲ੍ਹਣ ਬੈਠ ਗਿਆ ਸਾਂ।

ਇਕ ਪਲੜੇ ਵਿਚ ਪਾ ਕੇ ਤਨ ਤੇ ਦੂਜੇ ਅੰਦਰ,
ਮਨ ਦੀ ਮਿੱਟੀ ਨੂੰ ਤੋਲਣ ਬੈਠ ਗਿਆ ਸਾਂ।

ਜਿਹੜੀ ਧੁੱਪ ਤੁਰਦੀ ਸੀ ਮੇਰੇ, ਸਿਰ ਦੇ ਉਤੇ,
ਮੈਂ ਉਸ ਦਾ ਹੀ ਸਾਇਆ ਰੋਲਣ ਬੈਠ ਗਿਆ ਸਾਂ।



4

ਸਾਏ ਮੇਰੇ ਥੱਲੇ, ਮੇਰੀ ਜੜ੍ਹ ਮੁਰਝਾਣ ਲੱਗੀ।
ਫੇਰ ਉਹੀ ਹਵਾ ਮੇਰੇ, ਪੱਤਿਆਂ ਨੂੰ ਖਾਣ ਲੱਗੀ।

ਕੋਲ ਮੇਰੇ ਪੈਰ ਕੁਝ, ਕੁਝ ਰਾਹਾਂ ਛੱਡੀ ਚੱਲੀ,
ਹੌਲੀ-ਹੌਲੀ ਪੈੜ ਮੇਰੀ, ਮੇਰੇ ਕੋਲੋਂ ਜਾਣ ਲੱਗੀ।

ਬੁਣਤੀ ਮੈਂ ਬੁਣਦਾ ਸਾਂ, ਸਮਿਆਂ ਦੇ ਹੱਥਾਂ ਵਿਚ,
ਉਂਗਲਾਂ ਵਿਚ ਉਮਰਾਂ ਦੇ, ਧਾਗੇ ਉਲਝਾਣ ਲਈ।

ਪਹਿਲਾਂ ਮੇਰੀ ਕੰਧ ਉਤੋਂ, ਲਾਹ ਦਿਤਾ ਸਾਇਆ ਮੇਰਾ,
ਫੇਰ ਮੇਰੀ ਛਾਵੇਂ ਬਹਿ ਕੇ, ਧੁੱਪ ਸੁਸਤਾਣ ਲਗੀ।

ਬੁਝੀ ਪਹਿਲਾਂ ਹੌਲੀ-ਹੌਲੀ, ਚੁੱਲਿਆਂ ਦੀ ਅੱਗ ਫਿਰ,
ਮਰਦੀ ਹੈ ਭੁੱਖ ਕਿਦਾਂ, ਮੈਨੂੰ ਸਮਝਾਣ ਲਗੀ।

ਤੇਰੀ ਹੀ ਆਵਾਜ਼ ਸੀ ਇਹ, ਆਈ ਬੈਠੀ ਕੋਲ ਮੇਰੇ,
ਧਰਤੀ ਦੇ ਉਤੇ ਫਿਰ ਲੀਕਾਂ ਜਿਹੀਆਂ ਵਾਹਣ ਲਗੀ।

## ਗ਼ਜ਼ਲ/ਸੁਬੇਗ ਸੱਧਰ

ਏਥੇ ਸਮੁੰਦਰਾਂ ਦੀ ਅੱਜ ਕਿਸਨੂੰ ਹੋਸ਼ ਹੈ।
ਪਰ ਵਹਿ ਰਹੀ ਨਦੀ ਦੇ ਪਾਣੀ 'ਚ ਜੋਸ਼ ਹੈ।

ਜਾਣੇ ਨਹੀਂ ਮੁਹੱਬਤ ਬਸ ਖੁਆਬ ਦੇਖਦੈ,
ਟੁੱਟਣ ਜੋ ਦਿਲ ਦੇ ਸ਼ੀਸ਼ੇ ਉਸਦਾ ਕੀ ਦੋਸ਼ ਹੈ ?

ਜਦ ਜਦ ਵੀ ਖੋਲਦੇ ਹਾਂ ਮਾਅਨੇ ਨੇ ਬਦਲਦੇ,
ਬਦਲਾਂ 'ਚ ਹੀ ਰਹੇ, ਜੋ ਇਹ ਸ਼ਬਦ ਕੋਸ਼ ਹੈ।

ਇਕ ਉਡ ਰਹੀ ਚਿੜੀ ਕਿੰਝ ਤੜਪੀ ਜ਼ਮੀਨ ਤੇ,
ਹੁਣ ਦੇਖ ਤੀਰ ਸਾਹਵੇਂ ਕੀਕਣ ਖਾਮੋਸ਼ ਹੈ।

ਉਦੋਂ ਸੁਬੇਗ ਮੁੜਨਾ ਨਿਯਮ ਹੈ ਬਣ ਗਿਆ,
ਆਪਣੇ ਨਸੀਬ ਨ, ਮੰਜ਼ਲ ਦੀ ਆਗੋਸ਼ ਹੈ।

## ਵਣਜਾਰਨ/ਜਰਨੈਲ ਸਿੰਘ ਨਿਰਮਲ

ਵਣਜਾਰਨ ਵਿਚਾਰੀ ਕੀ ਕਰੇ
ਉਹ ਅੱਜ ਵੀ ਵਾਜਾਂ ਮਾਰਦੀ
ਅੱਜ ਵੀ ਉਹ ਸਿਫ਼ਤ ਕਰਦੀ
ਚੂੜੇ ਦੀ ਛਣਕਾਰ ਦੀ
ਕੋਮਲ-ਹੱਥ, ਕੋਮਲ-ਕਲਾਈਆਂ
ਦਹਿਲੀਜ਼ ਤੋਂ ਬਾਹਰ ਨਾ ਆਈਆਂ
ਉਹਦੇ ਕੋਲ ਬੈਠ ਕੇ
ਨਾ ਕਿਸੇ ਵੰਙਾਂ ਚੜ੍ਹਾਈਆਂ
ਉਹ ਤਾਂ ਵਿਚਾਰੀ ਸੋਚਦੀ
ਤੇ ਕੋਸਦੀ
ਚੂੜੀਆਂ ਦੀ ਰੁੱਤ ਹੈ
ਰੁੱਤ ਹੈ ਸੁਹਾਣੀ ਸਾਉਣ ਦੀ
ਮਾਹੀ ਦੇ ਅੱਜ ਘਰ ਆਉਣ ਦੀ
ਉਹ ਨਹੀਂ ਇਹ ਜਾਣਦੀ
ਨਾ ਭੇਤ ਨੂੰ ਪਹਿਚਾਣਦੀ
ਕੋਮਲ ਕਲਾਈਆਂ
ਚੂੜੀਆਂ ਜਿਨ੍ਹ ਪਾਉਣੀਆਂ
ਦਹਿਲੀਜ਼ ਟੱਪਕੇ
ਉਹ ਨਾ ਕਿਧਰੋਂ ਆਉਣੀਆਂ
ਅੱਜ ਉਹਨਾਂ ਨੂੰ ਮੁਕਾਇਆ ਜਾ ਰਿਹੈ
ਵਣਜਾਰਿਆਂ ਦੇ ਵਣਜ ਨੂੰ
ਇਹ ਖੋਰਾ ਲਾਇਆ ਜਾ ਰਿਹੈ
ਵਣਜਾਰਨ ਵਿਚਾਰੀ ਕੀ ਕਰੇ
ਉਹ ਤਾਂ ਹੈ ਵਾਜਾਂ ਮਾਰਦੀ
ਹਾਲਾਂ ਵੀ ਉਹ ਸਿਫ਼ਤ ਕਰਦੀ
ਚੂੜੇ ਦੀ ਛਣਕਾਰ ਦੀ।



## ਨਰਿੰਦਰਪਾਲ ਸਿੰਘ 'ਕੰਗ' ਦੀਆਂ ਦੋ ਗ਼ਜ਼ਲਾਂ

1.

ਬੱਚਿਆਂ ਨੂੰ ਨਈ ਚੰਗਾ ਲਗਦਾ, ਅੱਜ ਕਲ੍ਹ ਮੇਰਾ ਕੁਝ ਵੀ ਕਹਿਣਾ।
ਮੇਰਾ ਤੁਰਨਾ, ਮੇਰਾ ਫਿਰਨਾ, ਮੇਰਾ ਉੱਠਣਾ, ਮੇਰਾ ਬਹਿਣਾ।

ਖਾਣਾ ਖਾਂਦੇ ਮੂੰਹ ਜੇ ਖੁੱਲ੍ਹ ਜਾਏ, ਘੂਰੀ ਲੈ ਕੇ ਕਹਿ ਦਿੰਦੇ ਨੇ,
ਰੋਟੀ ਖਾਣੀ ਕਿੰਜ ਤੁਹਾਨੂੰ, ਕਿੰਨੀ ਵਾਰੀ ਦੱਸਣਾ ਪੈਣਾ।

ਆਪਣੇ ਸਮੇਂ ਦੀ ਗੱਲ ਜੇ ਦੱਸਾਂ ਕੰਨਾਂ ਤੇ ਹੱਥ ਰੱਖ ਲੈਂਦੇ ਨੇ,
ਲੋਹੇ ਲਾਖੇ ਹੋ ਕੇ ਕਹਿੰਦੇ ਆਪਾਂ ਕੀ ਇਸ ਗੱਲ 'ਚੋਂ ਲੈਣਾ।

ਕੋਈ ਵੀ ਚੀਜ਼ ਖਰਾਬ ਜੇ ਹੋ ਜਾਏ ਝੱਟ ਹੀ ਉਸ ਨੂੰ ਸੁੱਟ ਦਿੰਦੇ ਨੇ,
ਆਪਾਂ ਨੇ ਨਹੀਂ ਠੀਕ ਕਰਾਉਣੀ, ਕਹਿੰਦੇ, ਕਹਿ ਲਓ ਜੋ ਵੀ ਕਹਿਣਾ।

ਜਿਹਨਾਂ ਲਈ ਏਨੇ ਦੁੱਖ ਝੱਲੇ, ਹੁਣ ਉਹ ਸਾਡੀ ਗੱਲ ਨਈ ਸੁਣਦੇ,
ਕਹਿੰਦੇ 'ਨਿੰਦੀ' ਰੋਹਬ ਤੁਹਾਡਾ, ਹੁਣ ਆਪਾਂ ਨੇ ਹੋਰ ਨਈ ਸਹਿਣਾ।

2.

ਆਸਾਂ ਅਤੇ ਅਧੂਰੀਆਂ ਰੀਝਾਂ ਮਨ ਵਿਚ ਖੌਰੂ ਪਾਉਂਦੀਆਂ ਅੱਜਕਲ੍ਹ।
ਬੀਤੇ ਸਮੇਂ ਦੀਆਂ ਕੁਝ ਯਾਦਾਂ ਮੈਨੂੰ ਬਹੁਤ ਸਤਾਉਂਦੀਆਂ ਅੱਜਕਲ੍ਹ।

ਸਾਉਣ ਵੀ ਲੰਘ ਜਾਂਦਾ ਹੈ ਸੁੱਕਾ ਭਾਦੋਂ ਵਿਚ ਵੀ ਮੀਂਹ ਨਈਂ ਵਰਦਾ,
ਮੌਨਸੂਨ ਦੀਆਂ ਪੌਣਾਂ ਵੀ ਹੁਣ, ਘੱਟ ਹੀ ਮੀਂਹ ਵਰਸਾਉਂਦੀਆਂ ਅੱਜਕਲ੍ਹ।

ਬੱਚਿਆਂ ਦੀ ਸੰਭਾਲ 'ਚ ਪਤਨੀ ਰੁਝ ਗਈ ਹੈ ਜ਼ਿਆਦਾ ਜਦ ਤੋਂ,
ਨਾਲ ਪੜ੍ਹਦੀਆਂ ਸੀ ਜੋ ਕੁੜੀਆਂ ਮੈਨੂੰ ਚੇਤੇ ਆਉਂਦੀਆਂ ਅੱਜਕਲ੍ਹ।

ਘਰ ਦੀ ਕਲ੍ਹਾ ਮੁਕਾਉਣ ਦੀ ਖਾਤਰ, ਮਾਂ-ਬਾਪ ਤੋਂ ਅੱਡ ਹਾਂ ਜਦ ਤੋਂ,
ਉਸੇ ਦਿਨ ਦੀਆਂ ਮੇਰੀਆਂ ਭੈਣਾਂ ਮੇਰੇ ਘਰ ਨਈ ਆਉਂਦੀਆਂ ਅੱਜਕਲ੍ਹ।

ਜੇਕਰ ਸਿਹਤ ਨਾ ਚੰਗੀ ਹੋਵੇ ਜਾਂ ਮੈਂ ਕਿਤੇ ਉਦਾਸ ਵੀ ਹੋਵਾਂ,
ਮੇਰੀਆਂ ਧੀਆਂ ਝੱਟ ਹੀ ਆ ਕੇ ਮੇਰੇ ਕੋਲ ਖਲੋਂਦੀਆਂ ਅੱਜਕਲ੍ਹ।

# ਕੀ ਸੱਚੀਂ ਬਲਕਾਰ ਸਿੰਘ ਤੁਰ ਗਿਆ ?/ਜਿੰਦਰ

ਪਤਾ ਨਹੀਂ ਉਮਰ ਕਰਕੇ ਜਾਂ ਉਪਰੋਂ-ਥੱਲੀ ਵਾਪਰੇ ਦੁਖਾਂਤਾਂ ਕਰਕੇ ਮੇਰੀ ਯਾਦ-ਸ਼ਕਤੀ ਕੁਝ ਕੁ ਕਮਜ਼ੋਰ ਹੋ ਗਈ ਹੈ। ਮੈਂ ਵਥੇਰੀ ਯਾਦ ਕਰਨ ਦੀ ਕੋਸ਼ਿਸ਼ ਕੀਤੀ ਕਿ ਬਲਕਾਰ ਮੈਨੂੰ ਆਖਿਰੀ ਵਾਰ ਕਿੱਥੇ ਮਿਲਿਆ ਸੀ ਪਰ ਕੁਝ ਵੀ ਯਾਦ ਨਹੀਂ ਆਇਆ ਸੀ। ਗੁਰਪਾਲ ਦੀ ਚੰਡੀਗੜ੍ਹ ਸੈਕਟਰ ਅਠੱਤੀ 'ਸੀ' ਵਾਲੀ ਕੋਠੀ ? ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਕੋਈ ਫੰਕਸ਼ਨ ? ਲੁਧਿਆਣੇ ਦਾ ਪੰਜਾਬੀ ਭਵਨ ? ਪੰਜਾਬੀ ਯੂਨੀਵਰਸਿਟੀ ਪਟਿਆਲਾ ? ਮੈਂ ਇਸ ਸੰਬੰਧੀ ਕੁਝ ਵੀ ਦਾਅਵੇ ਨਾਲ ਨਹੀਂ ਯਾਦ ਕਰ ਸਕਿਆ। ਨਿਰਣੈ ਨਹੀਂ ਲੈ ਸਕਿਆ। ਸ਼ਾਇਦ ਅਜਿਹਾ ਇਸ ਕਰਕੇ ਵੀ ਹੈ ਕਿ ਮੈਨੂੰ ਇਤਬਾਰ ਹੀ ਨਹੀਂ ਆ ਰਿਹਾ ਕਿ ਕੀ ਬਲਕਾਰ ਸੱਚੀਂ ਤੁਰ ਗਿਆ। ਮਨ ਕਿਸੇ ਬਿੰਦੂ 'ਤੇ ਨਹੀਂ ਖੜ ਰਿਹਾ। ਹਾਂ, ਐਨਾ ਯਾਦ ਹੈ ਕਿ 18-9-2012 ਤੋਂ ਚਾਰ ਕੁ ਦਿਨ ਪਹਿਲਾਂ ਮੈਂ ਉਹਨੂੰ ਫੋਨ ਕਰਕੇ ਦੱਸਿਆ ਸੀ ਕਿ ਜੁਲਾਈ-ਸਤੰਬਰ ਦੇ 'ਸਮਕਾਲੀ ਸਾਹਿਤ' 'ਚ ਵੀ ਮੰਟੋ ਬਾਰੇ ਕੁਝ ਮੈਟਰ ਛਪਿਆ ਹੈ। ਮੈਂ ਪੁੱਛਿਆ ਸੀ ਕਿ ਕਿਥੇ ਹੈਂ ? ਤਾਂ ਉਸ ਦੱਸਿਆ ਸੀ ਕਿ ਉਹ ਵੋਟਾਂ ਦੇ ਚੱਕਰ 'ਚ ਫਿਰ ਰਿਹਾ ਸੀ। ਦਰਅਸਲ ਗੱਲ ਇਹ ਸੀ ਕਿ ਉਹਨੂੰ ਮੰਟੋ ਦੀਆਂ ਕਹਾਣੀਆਂ ਪੜ੍ਹਾਉਣ ਦੀ ਜ਼ੁੰਮੇਵਾਰੀ ਮਿਲੀ ਸੀ। ਮੰਟੋ ਬਾਰੇ ਉਸ ਪਹਿਲਾਂ ਕੁਝ ਨਹੀਂ ਪੜ੍ਹਿਆ ਸੀ ਤੇ ਉਹ ਚਾਹੁੰਦਾ ਸੀ ਕਿ ਉਸ ਨੂੰ ਕੁਝ ਮੈਟਰ ਮਿਲ ਜਾਵੇ। ਮੈਂ ਉਹਨੂੰ ਕਿਹਾ ਸੀ ਕਿ ਉਹ ਪਟਿਆਲੇ ਯੂਨੀਵਰਸਿਟੀ 'ਚ ਬੈਠਾ ਹੈ, ਮੰਟੋ ਬਾਰੇ ਕੁਝ ਵੀ ਲਭਿਆ ਜਾ ਸਕਦਾ ਹੈ। ਉਸ ਦਾ ਉਹੀ ਪੁਰਾਣਾ ਜੁਆਬ ਸੀ, "ਤੇਰੇ ਬਿਨਾਂ ਮੇਰੀ ਕੌਣ ਸੁਣਦਾ ?" ਮੈਨੂੰ, ਉਹਦੇ ਇਹੀ ਸ਼ਬਦ ਮੋਹ ਲੈਂਦੇ ਸਨ। ਮੈਂ ਉਹਨੂੰ ਕਿਹਾ ਸੀ ਕਿ ਉਹ ਪੰਜਾਬ ਬੁਕ ਸੈਂਟਰ, ਚੰਡੀਗੜ੍ਹ ਜਾਏ। ਉਥੋਂ ਉਸ ਨੂੰ ਮੰਟੋ ਬਾਰੇ ਬਹੁਤਾ ਸਾਰਾ ਮੈਟਰ ਮਿਲ ਜਾਏਗਾ। ਖਾਸ ਕਰਕੇ ਹਿੰਦੀ ਦੇ ਮੈਗਜ਼ੀਨਾਂ 'ਚੋਂ।

6 ਸਤੰਬਰ ਨੂੰ ਮੈਂ ਇੰਗਲੈਂਡ, ਅਮਰੀਕਾ ਤੇ ਕੈਨੇਡਾ ਤੋਂ ਵਾਪਸ ਮੁੜਿਆ ਤਾਂ ਉਸ ਦਾ ਦੋ ਕੁ ਦਿਨਾਂ ਬਾਅਦ ਫੋਨ ਆਇਆ ਸੀ, "ਪ੍ਰਧਾਨ ਜੀ, ਦੇਖ ਆਂਦੀਆਂ ਮੇਮਾਂ ?"

"ਡਾ. ਸਾਹਿਬ, ਦੋ ਲੱਖ 'ਚ ਪਈਆਂ।"

"ਮੈਂ ਤੇਰੇ ਲਈ ਡਾ. ਸਾਹਿਬ ਕਿਥੋਂ ਹੋ ਗਿਆਂ। ਤੁਸੀਂ ਦੁਆਬੀਏ ਬਾਝ ਨਹੀਂ ਆਉਂਦੇ। ਮੈਂ ਤਾਂ ਤੇਰਾ ਛੋਟਾ ਭਾਈ ਆਂ। ਜਦੋਂ ਤੂੰ ਮੈਨੂੰ ਡਾ. ਸਾਹਿਬ ਕਹਿਣੈਂ ਤਾਂ ਮੈਨੂੰ ਲੱਗਦੈ ਜਿਵੇਂ ਤੂੰ ਮੈਨੂੰ ਗਾਲ਼ ਕੱਢ ਰਿਹਾ ਹੋਵੇਂ।"

"ਤੂੰ ਡਾਕਟਰ ਨਹੀਂ ?"

"ਪਰ ਤੇਰੇ ਲਈ ਡਾਕਟਰ ਨਹੀਂ, ਬਲਕਾਰ ਆਂ। ਮੇਰਾ ਚਿਤ ਉਦਾਸ ਜਿਹਾ ਰਹਿੰਦਾ। ਚਲ, ਕਿਤੇ ਘੁੰਮ ਕੇ ਆਈਏ।"

"ਬਾਹਰ।"

"ਨਹੀਂ। ਬਾਹਰ ਤੁਸੀਂ ਮੈਨੂੰ ਕਿਥੇ ਲੈ ਜਾਂਦੇ ਓਂ। ਕਸ਼ਮੀਰ ਚਲੀਏ ?"

"ਹੁਣ ਕਸ਼ਮੀਰ ਜਾਣ ਦੀ ਰੁੱਤ ਨਹੀਂ ਰਹੀ।"

"ਕਿਤੇ ਦਾ ਪ੍ਰੋਗਰਾਮ ਬਣਾ ਲੈ।"

"ਅਕਤੂਬਰ 'ਚ ਹਰਮਹਿੰਦਰ ਚਹਿਲ ਆ ਰਿਹਾ। ਚਲ, ਤਿਆਰ ਰਹੀਂ।"

"ਦੇਖ ਲੈ-ਮੌਕਾ ਆਉਣ 'ਤੇ ਟਾਲ ਨਾ ਜਾਈਂ।"

"ਤੈਨੂੰ ਪਤਾ-ਮੈਂ ਤੈਨੂੰ ਕਿੰਨਾ ਪਿਆਰ ਕਰਦਾਂ।"

ਮੇਰੇ ਐਨਾ ਕਹਿਣ 'ਤੇ ਉਹਦੀ ਆਵਾਜ਼ ਭਾਰੀ ਜਿਹੀ ਹੋ ਗਈ ਸੀ ਤੇ ਫੇਰ ਉਸ ਦੀ ਆਵਾਜ਼ 'ਚ ਪਹਿਲਾਂ ਜਿਹਾ ਰੋਸਾ ਨਹੀਂ ਰਿਹਾ ਸੀ। ਪਹਿਲਾਂ ਜਿਹੀ ਉਦਾਸੀ ਦੀ ਸੁਰ ਨਹੀਂ ਰਹੀ ਸੀ।



***

2000 ਦਾ ਗਰਮੀਆਂ ਦਾ ਕੋਈ ਦਿਨ ਸੀ। ਗੁਰਪਾਲ ਸੰਧੂ ਦਾ ਐਕਸੀਡੈਂਟ ਹੋਇਆ ਸੀ। ਉਹ ਪਟਿਆਲਾ ਦੇ ਰਾਜਿੰਦਰਾ ਹਸਪਤਾਲ 'ਚ ਦਾਖਲ ਸੀ। ਮੈਂ ਉਹਦੀ ਖ਼ਬਰ ਸਾਰ ਲੈਣ ਗਿਆ ਸੀ। ਉਥੇ ਮੈਂ ਪਹਿਲੀ ਵਾਰ ਬਲਕਾਰ ਨੂੰ ਦੇਖਿਆ ਸੀ। ਮਨਜੀਤ ਕੌਰ ਨੇ ਉਸ ਨੂੰ ਕਿਹਾ ਸੀ, "ਬਲਕਾਰ, ਜਿੰਦਰ ਵੀਰੇ ਨੂੰ ਚਾਹ ਪਿਲਾਏ ਬਿਨਾਂ ਨ੍ਹੀਂ ਜਾਣ ਦੇਣਾ।" ਜਿਵੇਂ ਕੋਈ ਬੱਚਾ ਆਪਣੇ ਵੱਡੇ ਦੇ ਕਹੇ 'ਤੇ ਇਕਦਮ ਤੁਰ ਪੈਂਦਾ ਹੈ, ਠੀਕ ਉਵੇਂ ਹੀ ਬਲਕਾਰ ਮੈਨੂੰ ਲੈ ਕੇ ਕੰਟੀਨ 'ਤੇ ਆ ਗਿਆ ਸੀ। ਮੈਂ ਉਹਨੂੰ ਸੰਵਾਰ ਕੇ ਦੇਖਿਆ ਸੀ। ਮਧਰਾ ਕੱਦ ਪਰ ਗੱਠਵਾਂ ਜਿਸਮ। ਚੌੜਾ ਤੇ ਭਾਰਾ ਮੂੰਹ। ਨਜ਼ਰ ਵਾਲੀਆਂ ਐਨਕਾਂ। ਸਾਧਾਰਣ ਜਿਹੇ ਕੱਪੜੇ। ਲਗਦਾ ਹੀ ਨਹੀਂ ਸੀ ਕਿ ਉਹ ਪੰਜਾਬ ਯੂਨੀਵਰਸਿਟੀ ਦੇ ਰੀਜ਼ਨਲ ਸੈਂਟਰ, ਮੁਕਤਸਰ 'ਚ ਪੜ੍ਹਾਉਂਦਾ ਹੈ। ਗੱਲਬਾਤ ਕਰਨ 'ਚ ਕੋਈ ਕਾਹਲ ਨਹੀਂ। ਮੇਰੇ ਨਾਲ ਉਸ ਝਿਜਕ ਜਿਹੀ ਨਾਲ ਗੱਲ ਕੀਤੀ ਸੀ ਜਿਵੇਂ ਉਹ ਮੈਨੂੰ ਆਪਣੇ ਨਾਲੋਂ ਬਹੁਤਾ ਵੱਡਾ ਮੰਨ ਬੈਠਾ ਹੋਵੇ ਜਾਂ ਰਸਮੀ ਤੌਰ 'ਤੇ ਕੁਝ ਜ਼ਿਆਦਾ ਹੀ ਇੱਜ਼ਤਮਾਣ ਕਰ ਰਿਹਾ ਹੋਵੇ। ਮੈਂ ਉਸ ਦੇ ਪੱਟ 'ਤੇ ਹੱਥ ਮਾਰ ਕੇ ਕਿਹਾ ਸੀ, "ਯਾਰ, ਖੁੱਲ੍ਹ ਕੇ ਬੋਲ। ਮਲਵਈ ਤਾਂ ਗੱਲਾਂ ਕਰਦੇ ਰੁਕਦੇ ਨ੍ਹੀਂ ਹੁੰਦੇ।"

"ਮੈਂ ਉਨ੍ਹਾਂ 'ਚੋਂ ਨਹੀਂ ਹਾਂ।"

ਮੈਨੂੰ ਲੱਗਿਆ ਸੀ ਕਿ ਉਹ ਸਿਆਣਾ ਮੁੰਡਾ ਹੈ। ਛੇਤੀ ਕਿਤੇ ਮਨ ਦੀਆਂ ਗੰਢਾਂ ਨਹੀਂ ਖੋਲ੍ਹਦਾ। ਮੈਂ ਉਸ ਦੇ ਪਰਿਵਾਰ ਬਾਰੇ ਪੁੱਛਿਆ ਸੀ ਤਾਂ ਉਹ ਦੱਸਿਆ ਸੀ ਕਿ ਉਹ ਅਤ ਦੇ ਗਰੀਬ ਕਿਸਾਨ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਡੇਰਾ ਬਸੀ ਕੋਲ ਪੈਂਦੇ ਪਿੰਡ ਚੰਡੀਆਲੇ 'ਚ ਜੰਮਿਆ ਬਲਕਾਰ ਜਿਦਾਂ-ਕਿਦਾਂ ਪੰਜਾਬੀ ਯੂਨੀਵਰਸਿਟੀ ਪਟਿਆਲੇ ਤੋਂ ਪੜ੍ਹਿਆ ਸੀ। ਕੁਝ ਸਾਲ ਐਸ. ਡੀ. ਕਾਲਜ ਬਰਨਾਲੇ ਪੜ੍ਹਾਇਆ। 1998 ਵਿੱਚ ਬਲਜੀਤ ਕੌਰ ਬਲੀ ਨੇ ਵਿਚੋਲਣ ਬਣ ਕੇ ਉਸ ਦਾ ਵਿਆਹ ਕੀਤਾ ਸੀ। ਡਾ. ਜਸਵਿੰਦਰ ਸਿੰਘ ਨੇ ਪਿਉ ਦੀ ਥਾਂ 'ਤੇ ਮਿਲਣੀ ਕੀਤੀ ਸੀ। ਉਹ ਜਸਵਿੰਦਰ ਨੂੰ ਦੋਸਤ, ਗੁਰੂ ਤੇ ਪਿਉ ਦੀ ਥਾਂ 'ਤੇ ਮੰਨਦਾ ਸੀ। ਫੇਰ ਉਹ ਮੈਨੂੰ ਹਸਪਤਾਲ ਦੇ ਗੇਟ ਕੋਲ ਛੱਡਣ ਆਇਆ ਸੀ ਤੇ ਝਕਦਿਆਂ-ਝਕਦਿਆਂ ਪੁੱਛਿਆ ਸੀ, "ਜੇ ਮੈਂ 'ਸ਼ਬਦ' ਲਈ ਕੁਝ ਭੇਜਾਂ ਤਾਂ ਛਾਪ ਦਿਓਗੇ।"

"ਭੇਜ ਦਈ। ਦੇਖਲਾਂਗੇ।"

"ਮੈਨੂੰ ਕੋਈ ਛਾਪਦਾ ਨ੍ਹੀਂ।"

"ਜੇ ਛਾਪਣ ਵਾਲਾ ਹੋਇਆ ਤਾਂ ਤੈਨੂੰ ਅਸੀਂ ਛਾਪਾਂਗੇ। ਤੂੰ ਭੇਜ।"

ਉਸ ਤੋਂ ਬਾਅਦ ਅਸੀਂ ਦੋ ਕੁ ਸਾਲ ਨਹੀਂ ਮਿਲੇ। ਮਿਲਣ ਦਾ ਕੋਈ ਸਬਬ ਹੀ ਨਹੀਂ ਬਣਿਆ। ਮੈਨੂੰ ਇਸ ਗੱਲ ਦਾ ਪਤਾ ਲੱਗਾ ਸੀ ਕਿ ਉਹ ਗੁਰਪਾਲ ਸੰਧੂ ਦੀ ਬਹੁਤ ਇੱਜ਼ਤ ਕਰਦਾ ਸੀ। ਜਸਵਿੰਦਰ ਸਿੰਘ ਨੂੰ ਪਿਉ ਤੇ ਧਨਵੰਤ ਕੌਰ ਨੂੰ ਮਾਂ ਬਰੋਬਰ ਸਮਝਦਾ ਸੀ। ਮੈਂ 2002 ਨੂੰ ਪੰਜਾਬ ਰੋਡਵੇਜ਼ ਮੁਕਤਸਰ ਡਿਪੂ ਦੀ ਚੈਕਿੰਗ ਲਈ ਗਿਆ ਤਾਂ ਉਥੇ ਠਹਿਰੇ ਹੋਟਲ 'ਚ ਮੈਂ ਬਲਕਾਰ ਨੂੰ ਬੁਲਾਇਆ ਸੀ। ਉਹ ਸ਼ਾਮ ਨੂੰ ਸੱਤ ਕੁ ਵਜੇ ਆਇਆ ਸੀ। ਜੱਫੀ ਪਾ ਕੇ ਮਿਲਿਆ ਸੀ। 2000 ਵਾਲੇ ਬਲਕਾਰ 'ਚ ਹੁਣ ਕੁਝ ਜ਼ਿਆਦਾ ਹੀ ਆਤਮ-ਵਿਸ਼ਵਾਸ ਆ ਗਿਆ ਸੀ। ਉਹਨੇ ਕਾਹਲੇ ਪੈਂਦਿਆਂ ਕਿਹਾ ਸੀ, "ਤੂੰ ਸਾਡਾ ਗੈਸਟ ਆਂ। ਚਲ-ਅੱਜ ਦੀ ਸ਼ਾਮ ਮੇਰੇ ਵੱਲੋਂ।" ਮੈਨੂੰ ਬੜੀ ਹੈਰਾਨੀ ਹੋਈ ਸੀ ਕਿ ਉਹ ਇਕ ਦਮ ਕਿਵੇਂ 'ਤੁਸੀਂ' ਤੋਂ 'ਤੂੰ' ਤੱਕ ਆ ਗਿਆ ਸੀ। ਪਰ ਮੈਨੂੰ ਚੰਗਾ ਲੱਗਾ ਸੀ, ਰਸਮੀ ਜਿਹੇ ਬੰਦੇ ਨਾਲ ਵੀ ਕਾਹਦੀ ਬੈਠਕ।

ਇਹ ਸਾਡੀ ਦੋਸਤੀ ਦੀ ਨਵੀਂ ਸਾਂਝ ਸੀ।

ਉਨ੍ਹੀਂ ਦਿਨੀਂ ਉਹ ਇਕ ਕੋਠੀ 'ਚ ਕਿਰਾਏ 'ਤੇ ਰਹਿੰਦਾ ਸੀ। ਉਸ ਸਪੱਸ਼ਟ ਦੱਸਿਆ ਸੀ, "ਮੇਰਾ ਤਾਂ ਕੁਸ਼ ਨਹੀਂ ਸੀ। ਇਹ ਸਾਰਾ ਕੁਝ ਸਹੁਰਿਆਂ ਦਾ ਦਿੱਤੈ।"

ਦੋ ਕੁ ਸਾਲਾਂ ਫੇਰ ਬਾਅਦ ਮੇਰਾ ਗੇੜਾ ਮੁਕਤਸਰ ਲੱਗਾ ਸੀ ਤਾਂ ਮੈਨੂੰ ਉਹ ਆਪਣੀ ਨਵੀਂ ਕੋਠੀ ਦਿਖਾਉਣ ਲੈ ਗਿਆ ਸੀ। ਮੈਨੂੰ ਫੇਰ ਦੱਸਿਆ ਸੀ ਕਿ ਉਸ ਕੋਲ ਤਾਂ ਕੁਝ ਨਹੀਂ ਸੀ। ਇਹ ਤਾਂ ਸਾਰੀ ਮਿਹਰਬਾਨੀ ਉਸ ਦੇ ਸਹੁਰਿਆਂ ਜਾਂ ਮਿਸਿਜ਼ ਦੀ ਸੀ। ਆਪਣੀ ਬੱਚੀ ਅਮੀਤੋਜ ਨੂੰ ਮਿਲਾਇਆ ਸੀ ਤੇ ਗੁਰਬੰਸ ਕੌਰ ਨੂੰ ਦੱਸਿਆ ਸੀ, "ਇਹ ਭਾਈ ਸਾਹਿਬ 'ਤੁਸੀਂ ਨਹੀਂ ਸਮਝ ਸਕਦੇ' ਵਾਲੇ ਆ।"

ਬਲਕਾਰ ਮੋਹ ਲੈਣ ਵਾਲੀ ਸ਼ਖ਼ਸੀਅਤ ਦਾ ਮਾਲਕ ਸੀ। ਦਿਲੋਂ ਪਿਆਰ ਕਰਦਾ ਸੀ। ਮੇਰੇ ਨਾਲ ਕਈ ਨਿੱਕੀਆਂ-ਨਿੱਕੀਆਂ ਗੱਲਾਂ ਸਾਂਝੀਆਂ ਕਰ ਲੈਂਦਾ ਸੀ। ਅਸੀਂ ਉਮਰ ਦਾ ਗੈਪ ਭੁੱਲ ਕੇ ਗੱਲਾਂ ਕਰਦੇ ਸੀ ਤੇ ਉਹ ਮੈਨੂੰ ਸਪੱਸ਼ਟ ਕਹਿ ਦਿੰਦਾ ਸੀ ਕਿ ਆਹ ਕੰਮ ਨਹੀਂ ਕਰਨਾ। ਮੈਨੂੰ ਲੱਗਦਾ ਸੀ ਕਿ ਉਹ ਕਈ ਕੰਮਾਂ 'ਚ ਕਾਹਲਾ ਪੈਣ ਲੱਗਾ ਸੀ। ਉਹਨੂੰ ਅਚੋਤਾਈ ਜਿਹੀ ਲੱਗੀ ਰਹਿੰਦੀ ਸੀ ਕਿ ਕਿਹੜੀ ਘੜੀ ਉਹ ਕਿਸੇ ਯੂਨੀਵਰਸਿਟੀ 'ਚ ਜਾ ਅਡਜਸਟ ਹੋਏ। ਉਹਨੇ ਦਿੱਲੀ ਯੂਨੀਵਰਸਿਟੀ ਅਪਲਾਈ ਕਰਨਾ ਹੁੰਦਾ ਸੀ ਜਾਂ ਜਮੂੰ, ਚੰਡੀਗੜ੍ਹ ਕਰਨਾ ਹੁੰਦਾ ਸੀ ਜਾਂ ਪਟਿਆਲੇ, ਮੈਨੂੰ ਟੈਲੀਫੋਨ ਕਰਕੇ ਐਕਸਪਰਟਾਂ ਨੂੰ ਸਿਫਾਰਸ਼ ਕਰਨ ਲਈ ਜ਼ੋਰ ਪਾਉਂਦਾ ਸੀ। ਇਕ ਵਾਰ, ਬਲਜੀਤ ਕੌਰ ਬਲੀ ਨੇ ਉਹਨੂੰ ਭਰੋਸਾ ਦਿੱਤਾ ਸੀ ਪਰ ਉਸ ਦੀ ਗੱਲ ਨਹੀਂ ਬਣੀ ਸੀ। ਮੈਂ ਉਹਨੂੰ ਛੇੜਿਆ ਸੀ, "ਆਪਣੇ ਡੈਡੀ-ਮੰਮੀ ਨੂੰ ਕਹਿ।" ਤਾਂ ਉਸ ਦਾ ਜੁਆਬ ਸੀ, "ਉਹ ਤਾਂ ਵਿਚਾਰੇ ਵਥੇਰਾ ਜ਼ੋਰ ਲਾਉਂਦੇ ਆ। ਪਰ ਉਹਨਾਂ ਦੀ ਕੋਈ ਪੇਸ਼ ਨਹੀਂ ਜਾਂਦੀ।" ਮੈਂ ਉਹਨੂੰ ਵਥੇਰਾ ਸਮਝਾਇਆ ਕਿ ਉਹ ਚੁੱਪ-ਚਾਪ ਮੁਕਤਸਰ ਬੈਠ ਕੇ ਜੋਗਿੰਦਰ ਸਿੰਘ ਰਾਹੀ ਜਿਹਾ ਕੋਈ ਵੱਡਾ ਕੰਮ ਕਰੇ ਪਰ ਉਹ ਮੇਰੀਆਂ ਗੱਲਾਂ ਵੱਲ ਧਿਆਨ ਹੀ ਨਹੀਂ ਦਿੰਦਾ ਸੀ। ਇਹੀ ਕਹਿੰਦਾ ਸੀ, "ਤੈਨੂੰ ਯੂਨੀਵਰਸਿਟੀ ਦੇ ਸਟੇਟਸ ਦਾ ਪਤਾ ਨਹੀਂ।" ਫੇਰ ਜਦੋਂ ਜਸਵਿੰਦਰ ਸੈਣੀ ਦੀ ਪਟਿਆਲੇ ਸੀਲੈਕਸ਼ਨ ਹੋਈ ਸੀ ਤਾਂ ਉਹ ਬਹੁਤ ਔਖਾ ਸੀ ਤੇ ਉਸ ਮੈਨੂੰ ਕਿਹਾ ਸੀ, "ਮੈਨੂੰ ਪਟਿਆਲੇ ਜਾਣ ਦੀ ਲੋੜ ਸੀ ਪਰ ਆਪਣੇ ਘੈਂਟ ਸਾਹਿਬ ਨੇ ਸੈਣੀ ਨੂੰ ਪਹਿਲ ਦਿੱਤੀ। ਮੇਰੇ ਨਾਲ ਧੋਖਾ ਕਰ ਗਿਆ।" ਮੈਂ ਪੁੱਛਿਆ ਸੀ, "ਤੈਨੂੰ ਕਾਹਲ ਕਾਹਦੀ ਆ?" ਤਾਂ ਉਸ ਕਿਹਾ ਸੀ, "ਹੁਣ ਮੇਰਾ ਮੁਕਤਬਰ ਜੀਅ ਨਹੀਂ ਲੱਗਦਾ।"

ਉਸ ਦਾ ਮੁਕਤਬਰ ਤੋਂ ਮੋਹ ਭੰਗ ਹੋ ਗਿਆ ਸੀ। ਉਸ ਮੁਕਤਸਰ ਵਾਲੀ ਕੋਠੀ ਵੇਚ ਦਿੱਤੀ ਸੀ। ਬਠਿੰਡੇ ਕੋਠੀ ਬਣਾ ਲਈ ਸੀ। ਬਠਿੰਡੇ ਜਾਣ ਤੋਂ ਪਹਿਲਾਂ ਉਸ ਦਾ ਫੋਨ ਆਇਆ ਸੀ, "ਵੱਡੇ ਭਾਈ ਸਾਹਿਬ, ਮੈਂ ਇੰਡੀਆ ਨਹੀਂ ਰਹਿਣਾ। ਮੇਰਾ ਇਸ ਹਫਤੇ 'ਚ ਬਾਹਰ ਜਾਣ ਦਾ ਪ੍ਰੋਗਰਾਮ ਬਣਾ ਦਿਓ। ਮੈਂ ਤੁਹਾਡਾ ਕੋਈ ਬਹਾਨਾ ਨਹੀਂ ਸੁਣਨਾ।" ਮੈਂ ਇਸ ਬਾਰੇ ਕੋਈ ਅਹਿਮ ਫੈਸਲਾ ਕਰਦਾ ਇਸ ਤੋਂ ਪਹਿਲਾਂ ਮੈਂ ਵਾਰ-ਵਾਰ ਉਸ ਨੂੰ ਸਮਝਾਇਆ ਸੀ ਕਿ ਉਹ ਚੰਗੀ ਭਲੀ ਨੌਕਰੀ ਨੂੰ ਲੱਤ ਮਾਰ ਕੇ ਕਿਉਂ ਬਾਹਰ ਜਾਣ ਦੀ ਜਿੰਦ ਕਰ ਰਿਹਾ ਪਰ ਉਹ ਤਾਂ ਮੇਰੀ ਕੋਈ ਵੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਉਪਰੋਂ ਥਲੀ ਉਹਦੇ ਅਨੇਕਾਂ ਫੋਨ ਆਏ ਸਨ। ਉਹ ਆਪਣੀ ਜਿੱਦ 'ਤੇ ਅੜਿਆ ਬੈਠਾ ਸੀ। ਮੈਨੂੰ ਆਪਣਾ ਤਾਇਆ ਯਾਦ ਆਇਆ ਸੀ। ਇਕ ਵਾਰ ਉਹ ਘਰਦਿਆਂ ਨਾਲ ਲੜ ਪਿਆ ਸੀ ਤੇ ਉਸ ਸੁਆਹ ਨਾਲ ਭਰੀ ਚਿਲਮ ਆਪਣੇ ਸਿਰ 'ਤੇ ਮੂਧੀ ਮਾਰ ਕੇ ਕਿਹਾ ਸੀ ਕਿ ਹੁਣ ਉਸ ਸਾਧ ਹੋ ਜਾਣਾ ਹੈ। ਉਸ ਸੁਆਹ ਆਪਣੇ ਮੂੰਹ 'ਤੇ ਵੀ ਮਲ ਲਈ ਸੀ ਤੇ ਨਕੋਦਰ ਵੱਲ ਨੂੰ ਦੌੜ ਗਿਆ ਸੀ। ਉਸ ਦੇ ਹਾਣੀਆਂ ਨੇ ਉਹਨੂੰ ਟਿਬਿਆਂ 'ਚ ਜਾ ਫੜਿਆ ਸੀ ਤੇ ਸਮਝਾਇਆ ਸੀ ਕਿ ਜੇ ਉਹਨੇ ਸਾਧ ਹੀ ਬਣਨਾ ਸੀ ਤਾਂ ਫੇਰ ਵਿਆਹ ਕਿਉਂ ਕਰਵਾਇਆ। ਪੰਜ ਨਿਆਣੇ ਕਿਉਂ ਜੰਮਾਏ। ਪਰ ਮੈਂ ਇਹ ਗੱਲ ਬਲਕਾਰ ਨਾਲ ਸਾਂਝੀ ਨਹੀਂ ਕੀਤੀ ਸੀ ਕਿਉਂਕਿ ਉਹ ਤਾਂ ਮੇਰੀ ਕੋਈ ਗੱਲ ਸੁਣਨ/ਮੰਨਣ ਨੂੰ ਤਿਆਰ ਹੀ ਨਹੀਂ ਸੀ। ਖੈਰ, ਛੇਤੀ ਹੀ ਉਹਦਾ ਚਿਤ ਟਿਕਾਣੇ 'ਤੇ ਆ



ਗਿਆ ਸੀ। ਉਹਦੀ ਕਾਰ ਬਠਿੰਡੇ ਤੋਂ ਮੁਕਤਸਰ ਜਾਣ-ਆਉਣ ਲੱਗੀ ਸੀ। ਫੰਕਸ਼ਨਾਂ 'ਚ ਪੇਪਰ ਪੜ੍ਹਣ ਲੱਗਾ ਸੀ। ਇਕ-ਦੋ ਕਿਤਾਬਾਂ ਸੰਪਾਦਤ ਕਰ ਦਿੱਤੀਆਂ ਸਨ ਪਰ ਕਿਸੇ ਯੂਨੀਵਰਸਿਟੀ 'ਚ ਅਡਜਸਟ ਹੋਣ ਦੀ ਉਹਦੀ ਚਾਹਣਾ ਘਟੀ ਨਹੀਂ ਸੀ-ਵਧੀ ਸੀ। ਮੈਂ ਗੁਰਪਾਲ ਨੂੰ ਕਿਹਾ ਸੀ ਕਿ ਉਹ ਬਾਕੀਆਂ ਲਈ ਐਨਾ ਕੁਝ ਕਰ ਰਿਹਾ ਹੈ-ਉਸ ਲਈ ਕਿਉਂ ਨਹੀਂ ਕਰਦਾ ਤਾਂ ਗੁਰਪਾਲ ਨੇ ਕਿਹਾ ਸੀ, "ਉਹ ਜੁਆਕਾਂ ਵਾਲੀ ਜਿੱਦ ਕਰਦਾ। ਉਹਨੂੰ ਪੁੱਛ-ਉਹਨੂੰ ਕਾਸ ਦੀ ਕਾਹਲੀ ਐ। ਤੇਰੇ ਨਾਲ ਵਾਅਦਾ ਰਿਹਾ-ਉਹ ਕਿਸੇ ਨਾ ਕਿਸੇ ਯੂਨੀਵਰਸਿਟੀ 'ਚ ਸੈਟ ਹੋ ਜਾਊ।"

ਬਲਕਾਰ 'ਚ ਨਿਮਰਤਾ ਤਾਂ ਸੀ ਹੀ, ਹੁਣ ਉਸ 'ਚ ਆਤਮ-ਵਿਸ਼ਵਾਸ ਜ਼ਿਆਦਾ ਆ ਗਿਆ ਸੀ। ਮੈਂ ਉਹਨੂੰ ਹਰਜੀਤ ਅਟਵਾਲ ਦੇ ਨਾਵਲ 'ਸਾਊਥਾਲ' ਤੇ ਪੇਪਰ ਲਿਖਣ ਨੂੰ ਕਿਹਾ ਤਾਂ ਉਸ ਗੁੱਸੇ ਨਾਲ ਜੁਆਬ ਦਿੱਤਾ ਸੀ, "ਮੈਂ ਕੋਈ ਠੇਕਾ ਨਹੀਂ ਲਿਆ ਕਿ ਹਰਜੀਤ ਦੇ ਹਰੇਕ ਨਾਵਲ ਤੇ ਮੈਂ ਹੀ ਲਿਖਾਂ।" ਮੈਨੂੰ ਉਸ ਦੀ ਇਸ ਖਿਝ ਦਾ ਪਤਾ ਸੀ। ਉਸ ਮੈਨੂੰ ਸਿੱਧਾ ਤਾਂ ਨਹੀਂ ਕਿਹਾ ਸੀ ਪਰ ਗੱਲ ਘੁੰਮਾ-ਫਿਰਾ ਕੇ ਕਿਹਾ ਸੀ, "ਆਪਣੇ ਘੈਂਟ ਸਾਹਿਬ-ਮੈਥੋਂ ਪ੍ਰਵਾਸੀਆਂ ਬਾਰੇ ਤਾਂ ਪੇਪਰ ਲਿਖਵਾ ਲੈਂਦੇ ਐ ਪਰ ਜਦੋਂ ਬਾਹਰ ਜਾਣ ਦਾ ਪ੍ਰੋਗਰਾਮ ਬਣਾਉਂਦੇ ਆ-ਫੇਰ ਮੈਂ ਕਿੱਥੇ ਹੁਣਾਂ।" ਉਸ ਇਕ ਵਾਰ ਇੰਗਲੈਂਡ ਲਈ ਅਪਲਾਈ ਕੀਤਾ ਸੀ ਪਰ ਉਸਨੂੰ ਵੀਜਾ ਨਹੀਂ ਮਿਲਿਆ ਸੀ। ਉਸ ਨੂੰ ਗੁੱਸਾ ਚੜ੍ਹਿਆ ਸੀ ਕਿ ਹਰਜੀਤ ਨੇ ਠੀਕ ਢੰਗ ਨਾਲ ਕਾਗਜ਼ ਨਹੀਂ ਭੇਜੇ ਸਨ। ਮੈਂ ਉਹਨੂੰ ਜਾਣ ਲਈ ਕਹਿੰਦਾ ਤਾਂ ਉਹ ਮਸੋਸਿਆ ਜਿਹਾ ਕਹਿੰਦਾ, "ਪਤਾ ਨ੍ਹੀਂ ਗੋਰਿਆਂ ਨੇ ਵੀਜਾ ਦੇਣਾ ਕਿ ਨਹੀਂ।"

ਪੰਜਾਬੀ ਯੂਨੀਵਰਸਿਟੀ, ਪਟਿਆਲੇ ਜੁਆਇਨ ਕਰਨ ਪਿਛੋਂ ਮੈਂ ਉਹਨੂੰ ਪੁੱਛਿਆ ਸੀ, "ਆਲੋਚਕ ਸਾਹਿਬ, ਹੁਣ ਕੋਈ ਹੋਰ ਇੱਛਾ ਤਾਂ ਨਹੀਂ ਰਹਿ ਗਈ।"

"ਇੱਛਾਵਾਂ ਵੀ ਕਦੇ ਮਰਦੀਆਂ ਹੁੰਦੀਆਂ।"

"ਫੇਰ ਵੀ।"

"ਹੁਣ ਪੰਗਾ ਹੋਰ ਪੈ ਗਿਆ। ਮਿਸਿਜ਼ ਤੇ ਬੇਟੀ ਬਠਿੰਡੇ ਆ। ਪਹਿਲਾਂ ਮੁਕਤਸਰ ਕੋਠੀ ਬਣਾਈ। ਫੇਰ ਬਠਿੰਡੇ। ਹੁਣ ਪਟਿਆਲੇ ਬਣਾਉਣੀ ਪਾਊਗੀ। ਚਲੋ-ਇਹ ਵੀ ਕਰਨਾ ਹੀ ਪੈਣਾ।"

ਗੁਰਬੰਸ ਕੌਰ ਚਾਹੁੰਦੀ ਸੀ ਕਿ ਅਮੀਤੋਜ ਦੇ ਮੈਟ੍ਰਿਕ ਕਰਨ ਤੋਂ ਬਾਅਦ ਹੀ ਪਟਿਆਲੇ ਸਿਫਟ ਕੀਤਾ ਜਾਵੇ। ਇਸੇ ਲਈ ਹੁਣ ਉਸ ਦਾ ਸਫਰ ਪਟਿਆਲੇ ਤੋਂ ਬਠਿੰਡੇ ਤੇ ਬਠਿੰਡੇ ਤੋਂ ਪਟਿਆਲੇ ਤੱਕ ਸੀਮਤ ਹੋ ਕੇ ਰਹਿ ਗਿਆ ਸੀ। ਮੈਨੂੰ ਪਤਾ ਸੀ ਕਿ ਉਸ ਬਠਿੰਡੇ ਵਾਲੇ ਘਰ ਨੂੰ ਬੜੀ ਰੀਝ ਨਾਲ ਸਜਾਇਆ ਸੀ। ਪਤਾ ਨਹੀਂ ਕਿੱਥੋਂ-ਕਿੱਥੋਂ ਦਰਵਾਜ਼ਿਆਂ ਤੇ ਖਿੜਕੀਆਂ ਲਈ ਪਰਦੇ ਚੁਣੇ ਸਨ। ਘਰ ਦੀ ਇਕ-ਇਕ ਚੀਜ਼ ਬਦਲੀ ਸੀ। ਆਪਣੀ ਇਕਲੌਤੀ ਬੇਟੀ ਅਮੀਤੋਜ ਦੀ ਹਰੇਕ ਚਾਹਣਾ ਪੂਰੀ ਕੀਤੀ ਸੀ। ਗੁਰਬੰਸ ਕੌਰ ਦੀਆਂ ਇੱਛਾਵਾਂ 'ਤੇ ਫੁੱਲ ਚੜ੍ਹਾਏ ਸਨ। ਉਸ ਇਸ ਕੰਮ 'ਚ ਢੇਡ ਸਾਲ ਲਾਏ ਸਨ। ਘਰ ਪ੍ਰਤੀ ਉਹ ਭਾਵੁਕ ਹੋ ਜਾਂਦਾ ਸੀ। ਜਿਸ ਨੇ ਗਰੀਬ ਘਰ 'ਚ ਜਨਮ ਲਿਆ ਹੋਵੇ, ਉਹਨੂੰ ਹੀ ਵਸਤਾਂ ਦੀ ਅਹਿਮੀਅਤ ਦਾ ਪਤਾ ਹੁੰਦਾ। ਮੈਨੂੰ ਵਾਰ-ਵਾਰ ਆਉਣ ਲਈ ਕਿਹਾ ਸੀ। ਮੈਨੂੰ ਬਠਿੰਡਾ ਦੂਰ ਲੱਗਦਾ ਸੀ ਪਰ ਉਸ ਦੇ ਮੋਹ ਤੇ ਪਿਆਰ ਨੇ ਮੈਨੂੰ ਬੰਨ ਕੇ ਰੱਖਿਆ ਸੀ। ਉਹ ਹੌਲੀ-ਹੌਲੀ ਬੋਲਦਾ ਮੈਥੋਂ ਆਪਣੀ ਗੱਲ ਮੰਨਾ ਲੈਂਦਾ ਸੀ। ਉਸ ਦਾ ਆਖਿਰੀ ਹਥਿਆਰ 'ਭਾਈ ਸਾਹਿਬ' ਕਹਿਣਾ ਹੁੰਦਾ ਸੀ ਪਰ ਮੈਂ ਚੰਡੀਗੜ੍ਹ ਜੌਬ ਕਰਦਾ ਸੀ-ਇਸ ਲਈ ਮੈਥੋਂ ਉਸ ਦੀ ਬਠਿੰਡੇ ਵਾਲੀ ਕੋਠੀ ਦੇਖੀ ਹੀ ਨਹੀਂ ਗਈ ਸੀ। ਉਸ ਕੋਲ ਕਈ ਕਿਤਾਬਾਂ ਦਾ ਮੈਟਰ ਪਿਆ ਸੀ। ਮੈਂ ਉਹਨੂੰ ਘੂਰਦਾ ਸੀ ਕਿ ਉਹ ਨਿੱਠ ਕੇ ਕੰਮ ਕਿਉਂ ਨਹੀਂ ਕਰਦਾ। ਉਹ ਅੱਜ ਕਰਦਾਂ-ਕਲ੍ਹ ਕਰਦਾਂ-ਮੈਨੂੰ ਇਹੀ ਲਾਰੇ ਲਾਈ ਗਿਆ ਸੀ ਜਾਂ ਇਹੀ ਬਹਾਨਾ ਬਣਾਉਂਦਾ ਸੀ ਕਿ ਉਸ ਕੋਲ ਸਮਾਂ ਨਹੀਂ।

ਮੈਨੂੰ ਉਸ ਦੇ ਲਾਰਿਆਂ 'ਤੇ ਖਿਝ ਚੜ੍ਹਦੀ। ਮੈਂ ਉਹਨੂੰ ਸਮਝਾਉਂਦਾ ਕਿ ਇਹੀ ਉਮਰ ਕੰਮ ਕਰਨ ਵਾਲੀ ਹੈ। ਉਹ ਕਿਉਂ ਘੌਲੀ ਹੁੰਦਾ ਜਾ ਰਿਹਾ। ਉਹ ਹੌਲੀ-ਹੌਲੀ ਕਹਿੰਦਾ, "ਲੈ-ਤੈਨੂੰ ਲੱਗਦਾ ਕਿ ਮੈਂ ਕੋਈ ਕੰਮ ਨ੍ਹੀਂ ਕਰਦੈ। ਆਹ ਪਿਛਲੇ ਮਹੀਨੇ ਦਿੱਲੀ ਪੇਪਰ ਪੜ੍ਹ ਕੇ ਆਇਆਂ। ਦੋ ਹੋਰ ਸਾਈਆਂ ਆਈਆਂ।" ਮੈਂ ਉਹਨੂੰ ਖਿਝਾਉਂਦਾ, "ਇਕ ਤਾਂ ਸਰਕਾਰ ਨੇ ਤੁਹਾਡੀਆਂ ਤਨਖਾਹਾਂ ਬਹੁਤ ਕਰ ਦਿੱਤੀਆਂ। ਤੁਹਾਡੇ ਪੈਰ ਚੁੱਕ ਦਿੱਤੇ।" ਉਹ ਅਗੋਂ ਹੱਸ ਪੈਂਦਾ ਤੇ ਦੱਸਦਾ, "ਪੈਸਾ ਹੁਣ ਕੋਈ ਸਮੱਸਿਆ ਨਹੀਂ ਰਿਹਾ। ਆਹ ਦਿੱਲੀ ਪੇਪਰ ਪੜ੍ਹਨ ਗਏ ਸੀ ਤਾਂ ਸੁਰਜੀਤ ਕਹਿੰਦਾ ਕਿ ਉਹਦੇ ਕੋਈ ਪਾਉਣ ਲਈ ਕੋਈ ਕਮੀਜ਼ ਨਹੀਂ। ਮੈਂ ਉਹਨੂੰ ਕਿਹਾ ਕਿ ਆਹ ਲੈ ਢਾਈ ਹਜ਼ਾਰ ਦੀ ਕਮੀਜ਼....।" ਉਸ ਕੋਲ ਤੀਖਣ ਬੁੱਧੀ ਸੀ। ਕੋਈ ਕੰਮ ਕਰਨ ਲਗਿਆਂ ਕਾਹਲ ਨਹੀਂ ਕਰਦਾ ਸੀ। ਕੋਈ ਮੋਹ ਲਿਹਾਜ਼ ਨਹੀਂ ਰੱਖਦਾ ਸੀ। ਕਿਸੇ ਨਾਲ ਵੈਰ-ਵਿਰੋਧ ਨਹੀਂ ਪਾਲਿਆ ਸੀ ਤੇ ਮੇਰੇ ਵਰਗੇ ਦੋਸਤਾਂ ਨੂੰ ਨਾਂਹ ਕਰਨ ਲੱਗਾ ਇਕ ਸੈਕਿੰਡ ਨਹੀਂ ਲਾਉਂਦਾ ਸੀ।

ਇਕ ਵਾਰ ਕਿਸੇ ਪ੍ਰਕਾਸ਼ਕ ਦੇ ਕਹਿਣ 'ਤੇ ਮੈਂ ਉਹਨੂੰ ਨਵੇਂ ਕਹਾਣੀਕਾਰਾਂ ਦੀ ਕਿਤਾਬ ਸੰਪਾਦਤ ਕਰਨ ਲਈ ਕਿਹਾ। ਉਹ ਮੈਨੂੰ ਨਾਂਹ ਨਾ ਕਰ ਸਕਿਆ। ਅਸੀਂ ਕਹਾਣੀਆਂ ਦੀ ਲਿਸਟ ਬਣਾਈ। ਉਸ ਨੇ ਸਿਰਫ਼ ਪ੍ਰੋ. ਹਰਭਜਨ ਸਿੰਘ ਦੀ ਕਹਾਣੀ ਸ਼ਾਮਿਲ ਕਰਨ ਲਈ ਜ਼ੋਰ ਪਾਇਆ ਸੀ। ਫਿਰ ਕਹਾਣੀਆਂ ਕੰਪੋਜ਼ ਹੋ ਗਈਆਂ। ਬਲਕਾਰ ਨੇ ਇਕ ਵਾਰ ਪਰੂਫ ਪੜ੍ਹ ਲਏ। ਮੈਂ ਦੂਜੀ ਵਾਰ ਪਰੂਫ ਭੇਜਣੇ ਸਨ ਕਿ ਉਸ ਦਾ ਫੋਨ ਆ ਗਿਆ, "ਤੂੰ ਮੈਥੋਂ ਇਹ ਕੰਮ ਨਾ ਕਰਵਾਂ। ਮੇਰੀ ਲੋਕਗੀਤ ਵਾਲੇ ਇੱਜ਼ਤ ਕਰਦੇ ਐ। ਮੇਰੀਆਂ ਕਿਤਾਬਾਂ ਛਾਪਣ ਨੂੰ ਤਿਆਰ ਐ। ਫੇਰ ਇਕ ਕਿਤਾਬ ਕਰਕੇ ਮੈਂ ਉਨ੍ਹਾਂ ਨਾਲ ਵਿਗਾੜਨੀ ਨਹੀਂ ਚਾਹੁੰਦੈ....।" ਤੇ ਉਹਨੇ ਫੋਨ ਬੰਦ ਕਰ ਦਿੱਤਾ ਸੀ।

****

18 ਸਤੰਬਰ 2012 ਦੀ ਸਵੇਰ ਨੂੰ ਗੁਰਪਾਲ ਸੰਧੂ ਦਾ ਫੋਨ ਆਇਆ ਤਾਂ ਮੈਂ ਕਿਹਾ ਸੀ, "ਡਾਕਟਰ ਸਾਹਿਬ ਕੀ ਹਾਲ ਚਾਲ ਨੇ ?" ਗੁਰਪਾਲ ਨੇ ਕਿਹਾ ਸੀ, "ਕੁਸ਼ ਨਾ ਪੁੱਛੋ। ਆਪਣੇ ਨਾਲ ਬਹੁਤ ਮਾੜੀ ਹੋਈ। ਬਲਕਾਰ ਸਾਨੂੰ ਛੱਡ ਗਿਆ।" ਉਹ, ਉਥੇ ਚਲਾ ਗਿਆ ਸੀ ਜਿੱਥੋਂ ਕੋਈ ਕਦੇ ਵਾਪਸ ਨਹੀਂ ਮੁੜਿਆ। ਪਰਮਜੀਤ ਢੀਂਗਰੇ ਹੋਰਾਂ ਨੇ ਦੱਸਿਆ ਸੀ, "ਅਜੇ ਕਲ੍ਹ ਤਾਂ ਰੀਜਨਲ ਸੈਂਟਰ ਬੈਠਾ ਗਿਆ। ਆਪਣੀ ਛੁੱਟੀਆਂ ਦਾ ਕੰਮ ਨਬੇੜ ਕੇ ਗਿਆ।"

ਗੁਰਪਾਲ ਸੰਧੂ, ਪਰਮਜੀਤ ਢੀਂਗਰਾ, ਰਵੀ ਰਵਿੰਦਰ, ਹਰਜਿੰਦਰ ਸੂਰੇਵਾਲੀਆ, ਸੁਖਪਾਲ ਥਿੰਦ, ਸੁਖਵਿੰਦਰ ਰੰਧਾਵਾ, ਹਰਸਿਮਰਨ ਸਿੰਘ ਰੰਧਾਵਾ, ਜੇ. ਬੀ. ਸੇਖੋਂ, ਜੀਤ ਸਿੰਘ, ਹਰਜੀਤ ਅਟਵਾਲ ਤੇ ਕਈ ਹੋਰ ਦੋਸਤਾਂ ਦੇ ਫੋਨ ਆਏ ਪਰ ਮੈਂ ਭਾਵੁਕ ਨਹੀਂ ਹੋਇਆ ਸੀ। ਮੌਤ ਇਕ ਕੁਦਰਤੀ ਵਰਤਾਰਾ ਹੈ। ਇਸ ਅੱਗੇ ਕਿਸੇ ਦਾ ਜ਼ੋਰ ਨਹੀਂ ਚਲਦਾ। ਪਰ ਇਹ ਗੱਲਾਂ ਉਪਰੋਂ-ਉਪਰੋਂ ਕਹਿਣ ਵਾਲੀਆਂ ਹੁੰਦੀਆਂ ਹਨ ਪਰ ਅੰਦਰੋਂ ਮੈਨੂੰ ਬਲਕਾਰ ਦੀ ਮੌਤ ਨੇ ਹਿਲਾ ਦਿੱਤਾ ਸੀ। ਅੱਖਾਂ ਅੱਗੇ ਹਨੇਰਾ ਆ ਗਿਆ ਸੀ। ਜਦੋਂ ਮੈਂ ਮਿਸਿਜ਼ ਨੂੰ ਦੱਸਿਆ ਸੀ ਤਾਂ ਉਸ ਹਉਕਾ ਲੈ ਕੇ ਅੱਖਾਂ ਭਰ ਲਈਆਂ ਸਨ ਪਰ ਮੈਂ ਦੂਜੇ ਪਾਸੇ ਮੂੰਹ ਕਰ ਲਿਆ ਸੀ।

ਕਲ੍ਹ ਯਾਨੀਕਿ 19 ਸਤੰਬਰ ਨੂੰ ਰਚਨਾ ਮਹਿਰੋਕ ਦਾ ਫੋਨ ਆਇਆ ਸੀ। ਉਹ ਬਲਕਾਰ ਕੋਲ ਪੀ. ਐਚ. ਡੀ. ਕਰ ਰਹੀ ਸੀ। ਉਸ ਰੋਂਦਿਆਂ-ਰੋਂਦਿਆਂ ਕਿਹਾ ਸੀ, "ਤੁਹਾਡਾ ਯਾਰ-ਸਾਨੂੰ ਸਾਰਿਆਂ ਨੂੰ ਛੱਡ ਗਿਆ। ਅਜੇ ਤਿੰਨ ਕੁ ਦਿਨ ਪਹਿਲਾਂ ਉਨ੍ਹਾਂ ਦਾ ਫੋਨ ਆਇਆ ਸੀ ਕਿ ਮੈਂ ਆਪਣੇ ਥੀਸਿਸ 'ਤੇ ਉਨ੍ਹਾਂ ਕੋਲੋਂ ਸਾਈਨ ਕਰਵਾ ਲਵਾਂ। ਮੈਂ ਕਿਹਾ ਸੀ ਕਿ ਸ਼ਨੀਵਾਰ ਨੂੰ ਆਵਾਂ ਤਾਂ ਉਹਨਾਂ ਕਿਹਾ ਸੀ ਕਿ ਸ਼ਾਇਦ ਮੈਂ ਸ਼ਨੀਵਾਰ ਤੈਨੂੰ ਮਿਲਾ ਜਾਂ ਮਿਲਾਂ!"

ਮੈਂ ਭਰੇ ਮਨ ਨਾਲ ਰਚਨਾ ਨੂੰ ਦਿਲਾਸਾ ਦਿੱਤਾ ਸੀ ਤੇ ਭੂਬੀਂ ਰੋ ਪਿਆ ਸੀ ਤੇ ਆਪਣੇ ਆਪ ਨੂੰ ਪੁੱਛਣ ਲੱਗਾ ਸੀ, "ਕੀ ਸੱਚੀਂ ਬਲਕਾਰ ਤੁਰ ਗਿਆ।"



**ਗੱਲ ਇੱਕ ਕਹਾਣੀ ਦੀ**

## ਮਨਮੋਹਨ ਬਾਵਾ ਦੀ ਕਹਾਣੀ 'ਕਾਲਾ ਕਬੂਤਰ' : ਜਾਤੀਗਤ ਸੰਸਕਾਰਾਂ ਦਾ ਪ੍ਰਮਾਣਿਕ ਬਿਰਤਾਂਤ

**-ਡਾ. ਉਪਿੰਦਰਜੀਤ**

ਮਨਮੋਹਨ ਬਾਵਾ ਸਮਕਾਲੀ ਪੰਜਾਬੀ ਗਲਪ ਵਿਚ ਇਕ ਮਹੱਤਵਪੂਰਨ ਨਾਮ ਹੈ। ਉਹ ਇਕ ਅਜਿਹੀ ਖੋਜੀ ਬਿਰਤੀ ਵਾਲਾ ਗਲਪਕਾਰ ਹੈ ਜੋ ਆਪਣੇ ਸਮਕਾਲੀਆਂ ਦੇ ਨਾਲ ਖੜ੍ਹਾ ਹੋਇਆ ਵੀ ਉਨ੍ਹਾਂ ਤੋਂ ਅਲੱਗ ਹੀ ਨਜ਼ਰ ਆਉਂਦਾ ਹੈ। ਉਹ ਆਪਣੀਆਂ ਗਲਪ ਰਚਨਾਵਾਂ ਵਿਚ ਪੇਸ਼ ਦ੍ਰਿਸ਼ ਅਤੇ ਦ੍ਰਿਸ਼ਟੀ ਸਦਕਾ ਹੋਰਾਂ ਸਮਕਾਲੀ ਗਲਪਕਾਰਾਂ ਤੋਂ ਸਹਿਜੇ ਹੀ ਵਿੱਥ ਥਾਪ ਲੈਂਦਾ ਹੈ। ਇਤਿਹਾਸ ਅਤੇ ਪਰੰਪਰਾ ਨੂੰ ਪੁਨਰ ਵਿਚਾਰਨ ਲਈ ਉਹ ਅਜਿਹੀਆਂ ਘਟਨਾਵਾਂ ਅਤੇ ਪਾਤਰਾਂ ਨੂੰ ਆਪਣੀਆਂ ਗਲਪ-ਰਚਨਾਵਾਂ ਵਿਚ ਉਸਾਰਦਾ ਹੈ ਜਿਸ ਨੂੰ ਪੜ੍ਹ ਕੇ ਪਾਠਕ ਆਪਣੀ ਪਰੰਪਰਾ ਅਤੇ ਇਤਿਹਾਸ ਨੂੰ ਇਕ ਵਾਰ ਤਾਂ ਪੁਨਰ ਵਿਚਾਰਨ ਲਈ ਜ਼ਰੂਰ ਮਜਬੂਰ ਹੋ ਜਾਂਦਾ ਹੈ।

ਮਨਮੋਹਨ ਬਾਵਾ ਨੇ ਸਭਤੋਂ ਪਹਿਲਾਂ ਕਹਾਣੀ ਲਿਖਣੀ ਸ਼ੁਰੂ ਕੀਤੀ ਅਤੇ ਉਸ ਦਾ ਪਹਿਲਾ ਕਹਾਣੀ ਸੰਗ੍ਰਹਿ **ਇਕ ਰਾਤ** (1961) ਵਿਚ ਪ੍ਰਕਾਸ਼ਿਤ ਹੁੰਦਾ ਹੈ। ਇਸ ਤੋਂ ਬਾਅਦ ਉਸਦੇ ਚਾਰ ਹੋਰ ਕਹਾਣੀ ਸੰਗ੍ਰਹਿ **ਚਿੱਟੇ ਘੋੜੇ ਦਾ ਸਵਾਰ** (1983), **ਅਜਾਤ ਸੁੰਦਰੀ** (1996), **ਨਰਬਲੀ** (2000) ਅਤੇ **ਕਾਲਾ ਕਬੂਤਰ** (2003) ਮਿਲਦੇ ਹਨ। ਪੰਜਾਬੀ ਕਹਾਣੀ ਜਗਤ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਉਣ ਉਪਰੰਤ ਉਹ ਨਾਵਲ ਸਿਰਜਣਾ ਵਿਚ ਜੁੱਟਦਾ ਹੈ ਅਤੇ **ਯੁੱਧ-ਨਾਦ**(2004), **ਅਫਗਾਨਿਸਤਾਨ ਦੀ ਉਰਬਿਲਾ** (2008) ਤੇ **ਯੁੱਗ-ਅੰਤ**(2009) ਵਰਗੇ ਮਹੱਤਵ ਪੂਰਨ ਨਾਵਲ ਸਿਰਜ ਕੇ ਸਮਕਾਲੀ ਪੰਜਾਬੀ ਨਾਵਲ ਵਿਚ ਇਕ ਨਵੀਂ ਤਾਕਤ ਬਖਸ਼ਦਾ ਹੈ। ਅਜੇ ਪਿਛਲੇ ਸਾਲ ਹੀ ਮਨਮੋਹਨ ਬਾਵਾ ਦੀ **1857 ਦਿੱਲੀ, ਦਿੱਲੀ** (2011) ਅਜਿਹੀ ਰਚਨਾ ਆਈ ਹੈ ਜਿਸ ਵਿਚ ਨਾਵਲਿਟ, ਕਹਾਣੀ ਅਤੇ ਇਤਿਹਾਸ ਦਾ ਮਿਸ਼ਰਣ ਹੈ। ਇਸ ਤੋਂ ਇਲਾਵਾ ਉਸਦੇ **ਜੰਗਲ-ਜੰਗਲ ਪਰਬਤ-ਪਰਬਤ** (2002), **ਇੱਕ ਪਰਬਤ ਦੋ ਦਰਿਆ** (2002) ਅਤੇ **ਪੰਥ ਹੀ ਮੰਜ਼ਿਲ ਹੈ** (2007) ਨਾਮ ਦੇ ਮਹੱਤਵਪੂਰਨ ਯਾਤਰਾ ਸੰਸਮਰਣ ਵੀ ਮਿਲਦੇ ਹਨ। ਇਉਂ ਮਨਮੋਹਨ ਬਾਵਾ ਸਮਕਾਲੀ ਪੰਜਾਬੀ ਸਾਹਿਤ ਵਿਚ ਇਕ ਮਹੱਤਵ ਪੂਰਨ ਬਹੁ-ਵਿਧਾਈ ਲੇਖਕ ਹੈ। ਉਹ ਸਿਰਫ਼ ਬਹੁ-ਵਿਧਾਈ ਪੰਜਾਬੀ ਲੇਖਕ ਹੀ ਨਹੀਂ ਬਲਕਿ ਇਕ ਸੂਝਵਾਨ ਖੋਜੀ, ਵਧੀਆ ਚਿੱਤਰਕਾਰ, ਨਿੱਤ ਨਵੇਂ ਪਰਬਤਾਂ ਨੂੰ ਵੇਖਣ ਦਾ ਸ਼ੈਦਾਈ, ਘੋਖਵਾਂ ਯਾਤਰੀ ਅਤੇ ਪ੍ਰਮਾਣਿਕ ਨਕਸ਼ਾ-ਨਵੀਸ ਵੀ ਹੈ।

ਆਮ ਤੌਰ 'ਤੇ ਇਸ ਸਮੇਂ ਹਰ ਪੰਜਾਬੀ ਪਾਠਕ ਮਨਮੋਹਨ ਬਾਵਾ ਦੀ ਸ਼ਖ਼ਸੀਅਤ ਅਤੇ ਲਿਖਤ ਤੋਂ ਵਾਕਿਫ਼ ਹੈ। ਹਰ ਕੋਈ ਜਾਣਦਾ ਹੈ ਮਨਮੋਹਨ ਬਾਵਾ ਇਕ ਘੁਮੱਕੜ ਕਿਸਮ ਦਾ ਇਨਸਾਨ ਹੈ ਪਰ ਉਹ ਨਵੀਆਂ ਥਾਵਾਂ ਅਤੇ ਰਾਹਾਂ ਦਾ ਸਫ਼ਰ ਇਕ ਵਿਸ਼ੇਸ਼ ਉਦੇਸ਼ ਨਾਲ ਕਰਦਾ ਹੈ। ਉਹ ਨਵੀਆਂ ਥਾਵਾਂ ਅਤੇ ਰਾਹਾਂ ਵਿਚ ਮਿਲਣ ਵਾਲੀਆਂ ਪੁਰਾਤਨ ਇਮਾਰਤਾਂ, ਕਿਲ੍ਹਿਆਂ ਅਤੇ ਇਤਿਹਾਸਕ ਸਥਾਨਾਂ ਨੂੰ ਬੜੇ ਗਹੁ ਨਾਲ ਵਾਚਦਾ ਹੈ ਅਤੇ ਉਨ੍ਹਾਂ ਬਾਰੇ ਆਪਣੀ ਇਕ ਧਾਰਨਾ ਬਣਾਉਂਦਾ ਹੈ। ਉਨ੍ਹਾਂ ਸਮਿਆਂ ਨੂੰ ਸਮਝਦਾ ਹੋਇਆ ਉਹ ਉਥੋਂ ਦੇ ਜੀਵਨ ਨੂੰ ਪੜ੍ਹਣ ਅਤੇ ਫੜ੍ਹਣ ਦੀ ਕੋਸ਼ਿਸ਼ ਕਰਦਾ ਹੈ। ਇਉਂ ਉਸ ਦੀਆਂ ਰਚਨਾਵਾਂ ਵਿਚ ਉਨ੍ਹਾਂ ਹੀ ਥਾਵਾਂ ਅਤੇ ਰਾਹਾਂ ਦਾ ਜਿਕਰ ਹੈ ਜਿਨ੍ਹਾਂ ਨੂੰ ਉਸ ਨੇ ਗਾਹਿਆ ਹੋਇਆ ਹੈ।

ਇਥੇ ਸਾਡੇ ਅਧਿਐਨ ਦਾ ਵਿਸ਼ੇਸ਼ ਮਸਲਾ ਮਨਮੋਹਨ ਬਾਵਾ ਦੀ ਮਹੱਤਵ ਪੂਰਨ ਕਹਾਣੀ

'ਕਾਲਾ ਕਬੂਤਰ' ਬਾਰੇ ਵਿਚਾਰ ਪੇਸ਼ ਕਰਨਾ ਹੈ। ਇਹ ਕਹਾਣੀ ਉਸਦੇ ਕਹਾਣੀ ਸੰਗ੍ਰਹਿ **ਕਾਲਾ ਕਬੂਤਰ** ਦੀ ਸਿਰਲੇਖ ਕਹਾਣੀ ਹੈ। ਇਸ ਕਹਾਣੀ ਵਿਚ ਪੇਸ਼ ਕਥਾ ਦਾ ਸਬੰਧ ਸਿੱਧੇ ਤੌਰ 'ਤੇ ਕਿਸੇ ਪੂਰਵ ਕਾਲ ਨਾਲ ਨਹੀਂ ਬਲਕਿ ਵਰਤਮਾਨ ਨਾਲ ਹੈ ਪਰ ਇਕ ਲਿਹਾਜ ਨਾਲ ਇਹ ਪੂਰਵ ਕਾਲ ਦੀ ਵੀ ਕਥਾ ਹੈ। ਵੈਸੇ ਉਸ ਦੀਆਂ ਬਹੁਤੀਆਂ ਕਹਾਣੀਆਂ ਵਿਚ ਦ੍ਰਿਸ਼ ਕਿਸੇ ਪੂਰਵ ਕਾਲ ਦਾ ਹੀ ਹੁੰਦਾ ਹੈ। ਵਿਸ਼ੇਸ਼ ਤੌਰ 'ਤੇ **ਅਜਾਤ ਸੁੰਦਰੀ** ਅਤੇ **ਨਰਬਲੀ** ਕਹਾਣੀ ਸੰਗ੍ਰਹਾਂ ਵਿਚਲੀਆਂ ਸਮੂਹ ਕਹਾਣੀਆਂ ਇਸਦਾ ਪ੍ਰਮਾਣ ਹਨ। ਪਰ **ਕਾਲਾ ਕਬੂਤਰ** ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਹੀ ਕਹਾਣੀਆਂ ਵਿਚ ਵਰਤਮਾਨ ਕਾਲ ਹੀ ਪੇਸ਼ ਹੈ। ਹੋਰ ਪੰਜਾਬੀ ਕਹਾਣੀ ਨਾਲੋਂ ਮਨਮੋਹਨ ਬਾਵਾ ਦੇ ਇਸ ਸੰਗ੍ਰਹਿ ਵਿਚ ਪ੍ਰਾਪਤ ਕਹਾਣੀਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਪੇਸ਼ ਦ੍ਰਿਸ਼ ਪੰਜਾਬ ਜਾਂ ਪਰਵਾਸ ਨਾਲ ਨਾ ਹੋ ਕੇ ਬਲਕਿ ਯੂ-ਪੀ- ਦੇ ਤਰਾਈ, ਨਿਪਾਲ ਤੇ ਭੂਟਾਨ ਦੀ ਸਰਹੱਦ ਦੇ ਆਸ ਪਾਸ ਅਤੇ ਉੱਤਰ ਪੂਰਵੀ ਇਲਾਕੇ ਦਾ ਹੈ। ਇਨ੍ਹਾਂ ਕਹਾਣੀਆਂ ਵਿਚ ਜਿਆਦਾਤਰ ਆਦਿ ਵਾਸੀ ਕਬੀਲਾ ਅਤੇ ਪਹਾੜੀ ਸਮਾਜ ਦੇ ਜੀਵਨ ਦਾ ਦ੍ਰਿਸ਼ ਹੈ। ਇਉਂ ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਇਕ ਵਿਸ਼ੇਸ਼ ਤਰ੍ਹਾਂ ਦੇ ਉਦੇਸ਼ ਨਾਲ ਲਿਖੀਆਂ ਪਛਾਣੀਆਂ ਜਾ ਸਕਦੀਆਂ ਹਨ। ਦਰਅਸਲ ਮਨਮੋਹਨ ਬਾਵਾ ਭਾਰਤੀ ਮਨੁੱਖ ਦੇ ਅਵਚੇਤਨ ਦਾ ਚਿਤੇਰਾ ਹੈ। ਇਉਂ ਮਨਮੋਹਨ ਬਾਵਾ ਦੀ ਕਥਾ ਵਸਤੂ ਪੰਜਾਬੀ ਕਹਾਣੀ ਦੀ ਕਥਾ ਵਸਤੂ ਵਿਚ ਇਕ ਮਹੱਤਵ ਪੂਰਨ ਵਾਧਾ ਕਰਦੀ ਹੈ। ਇਸ ਨੂੰ ਇਸ ਰੂਪ ਵਿਚ ਵੀ ਪਛਾਨਿਆ ਜਾ ਸਕਦਾ ਹੈ ਕਿ ਮਨਮੋਹਨ ਬਾਵਾ ਆਧੁਨਿਕ ਭਾਰਤੀ ਜੀਵਨ-ਜਾਚ ਅਤੇ ਕਬੀਲਾਈ/ਆਦਿਮ ਭਾਰਤੀ ਸਮਾਜ ਦੀ ਜੀਵਨ-ਜਾਚ ਵਿਚਕਾਰ ਤੁਲਨਾ ਕਰਨ ਲਈ ਇਕ ਸੋਚ ਪੈਦਾ ਕਰਦਾ ਹੈ। 'ਕਾਲਾ ਕਬੂਤਰ' ਕਹਾਣੀ ਵੀ ਕੁਝ ਇਸੇ ਤਰ੍ਹਾਂ ਦੇ ਅਰਥਾਂ ਵਾਲੀ ਕਹਾਣੀ ਹੈ।

ਇਸ ਕਹਾਣੀ ਦੇ ਆਰੰਭਕ ਦ੍ਰਿਸ਼ ਵਿਚ ਚੰਦਨ ਜਦੋਂ ਚਾਚਾ ਦੇ ਘਰੋਂ ਜਾਣ ਲਗਦਾ ਹੈ ਤਾਂ ਉਸਦਾ ਬਿਆਨ ਕੁਝ ਇਸ ਤਰ੍ਹਾਂ ਹੈ:

*ਚੰਦਨ ਨੇ ਪੈਂਟ ਕਮੀਜ਼ ਉਤਾਰ ਕੇ ਪੂਰਬੀਆਂ ਵਾਲੇ ਕੱਪੜੇ ਪਾਏ, ਬਾਂਸ ਦੀ ਬੰਸੀ ਅਤੇ ਰੋਟੀਆਂ ਦੀ ਪੋਟਲੀ ਝੋਲੇ 'ਚ ਸੁੱਟੀ, ਆਪਣੇ ਦੁਆਲੇ ਭੂਰੇ ਰੰਗ ਦਾ ਕੰਬਲ ਲਪੇਟਿਆ ਅਤੇ ਆਪਣੇ ਚਾਚਾ ਚਾਚੀ ਨੂੰ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਆਖਿਆ, "ਚੰਗਾ! ਜੇ ਜਿਉਂਦੇ ਰਹੇ ਤਾਂ ਫਿਰ ਮਿਲਾਂਗੇ।"*

*ਚਾਚੇ ਨੇ ਫੇਰ ਦੁਹਰਾਇਆ, "ਬਸ ਉੱਤਰ ਵੱਲ ਤੁਰਦਾ ਜਾਵੀਂ। ਨ੍ਹੇਰਾ ਪੈਣ ਤਕ ਤਰਾਈ ਦੇ ਜੰਗਲ 'ਚ ਪਹੁੰਚ ਜਾਵੇਂਗਾ। ਉੱਥੇ ਪੁਲਸ ਦਾ ਕੋਈ ਡਰ ਨਹੀਂ। ਹਾਂ, ਜੰਗਲੀ ਜਾਨਵਰਾਂ ਤੋਂ ਹੁਸ਼ਿਆਰ ਰਹੀਂ...।" (**ਕਾਲਾ ਕਬੂਤਰ**, 2003, ਪੰਨਾ 41)*

ਇਸ ਸਥਿਤੀ ਤੋਂ ਸਪੱਸ਼ਟ ਹੈ ਕਿ ਕਥਾਕਾਰ ਨੇ ਉਪਰੋਕਤ ਸਥਿਤੀ ਨੂੰ ਪੇਸ਼ ਕਰਕੇ ਚੰਦਨ ਦੇ ਜੀਵਨ ਦੇ ਕੁਝ ਵੇਰਵਿਆਂ ਨੂੰ ਪਾਠਕ ਤੋਂ ਲੁਕਾ ਲਿਆ ਹੈ। ਚੰਦਨ ਦਾ 'ਪੈਂਟ ਕਮੀਜ਼ ਉਤਾਰ ਕੇ ਪੂਰਬੀਆਂ ਵਾਲੇ ਕੱਪੜੇ' ਪਾਉਣਾ, ਆਪਣੇ ਚਾਚਾ ਚਾਚੀ ਨੂੰ 'ਸਤਿ ਸ੍ਰੀ ਅਕਾਲ' ਬੁਲਾਉਣਾ ਅਤੇ ਇਹ ਕਹਿਣਾ 'ਚੰਗਾ! ਜੇ ਜਿਉਂਦੇ ਰਹੇ ਤਾਂ ਫਿਰ ਮਿਲਾਂਗੇ' ਅਤੇ ਚਾਚੇ ਦਾ ਚੰਦਨ ਨੂੰ ਦੁਹਰਾ ਕੇ ਇਹ ਕਹਿਣਾ ਕਿ 'ਬਸ ਉੱਤਰ ਵੱਲ ਤੁਰਦਾ ਜਾਵੀਂ। ਨ੍ਹੇਰਾ ਪੈਣ ਤਕ ਤਰਾਈ ਦੇ ਜੰਗਲ 'ਚ ਪਹੁੰਚ ਜਾਵੇਂਗਾ। ਉੱਥੇ ਪੁਲਸ ਦਾ ਕੋਈ ਡਰ ਨਹੀਂ' ਤੋਂ ਇਹ ਤਾਂ ਸਪੱਸ਼ਟ ਹੈ ਕਿ ਚੰਦਨ ਕਿਸੇ ਮੁਸੀਬਤ ਵਿਚ ਹੈ ਪਰ ਇਹ ਕੀ ਹੈ ? ਇਸ ਬਾਰੇ ਇਥੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਉਂ ਕਹਾਣੀ ਦੇ ਆਰੰਭ ਤੋਂ ਹੀ ਕਥਾਕਾਰ ਨੇ ਪਾਠਕ ਦੇ ਮਨ ਵਿਚ ਇਕ ਉਤਸੁਕਤਾ ਪੈਦਾ ਕਰ ਦਿੱਤੀ ਹੈ। ਇਹ ਉਤਸੁਕਤਾ ਚੰਦਨ ਦਾ ਸੱਚ ਜਾਣਨ ਨਾਲ ਆਰੰਭ ਹੁੰਦੀ ਹੈ।

ਕਹਾਣੀ ਦੇ ਅਗਲੇ ਵੇਰਵਿਆਂ ਵਿਚ ਚੰਦਨ ਹੀ ਕੇਂਦਰ ਵਿਚ ਰਹਿੰਦਾ ਹੈ। ਚੰਦਨ ਘਰੋਂ



ਨਿਕਲ ਕੇ ਖੇਤਾਂ 'ਚੋਂ ਹੁੰਦਾ ਹੋਇਆ, ਲੋਕਾਂ ਦੀਆਂ ਨਜ਼ਰਾਂ ਤੋਂ ਬਚਦਾ ਬਚਾਉਂਦਾ ਉਹ ਅਗਲੇ ਦਿਨ ਦੁਧੂਆ ਦੇ ਘਣੇ ਜੰਗਲ ਵਿਚ ਜਾ ਵੜਦਾ ਹੈ। ਜੰਗਲੀ ਜਾਨਵਰਾਂ ਤੋਂ ਬਚਦਾ ਹੋਇਆ ਅੱਗੇ ਵੱਧਦਾ ਹੈ। ਇਸ ਸਾਰੇ ਦ੍ਰਿਸ਼ ਵਿਚ ਚੰਦਨ ਦੀ ਪਛਾਣ ਸ਼ੱਕੀ ਬਣੀ ਰਹਿੰਦੀ ਹੈ ਕਿਉਂਕਿ ਕਥਾਕਾਰ ਵੱਲੋਂ ਅਜਿਹਾ ਕੋਈ ਵੀ ਸੰਕੇਤ ਨਹੀਂ ਦਿੱਤਾ ਜਾਂਦਾ ਕਿ ਚੰਦਨ ਨੇ ਕਿਉਂ ਭੇਸ ਬਦਲਿਆ ਹੋਇਆ ਹੈ ਅਤੇ ਏਡਾ ਕੀ ਗੁਨਾਹ ਜਾਂ ਜ਼ੁਰਮ ਕੀਤਾ ਹੈ ਕਿ ਉਸ ਨੂੰ ਆਪਣੀ ਸੁਰੱਖਿਆ ਦੀ ਬਹੁਤੀ ਆਸ ਨਹੀਂ, ਬੇਸ਼ੱਕ ਉਹ ਇਸ ਪ੍ਰਤਿ ਸੁਚੇਤ ਜ਼ਰੂਰ ਹੈ। ਚੰਦਨ ਦੀ ਇਕੋ ਇਕ ਆਸ ਥਾਰੂਆਂ ਦੀ ਬਸਤੀ ਵਿਚ ਰਹਿੰਦੇ ਸ਼ਿਵਚਰਨ ਨਾਮ ਦੇ ਆਦਮੀ 'ਤੇ ਹੀ ਹੈ ਪਰ 'ਜੇ ਉਹ ਨਾ ਮਿਲਿਆ-ਤਾਂ...?' ਜਦੋਂ ਉਸਨੂੰ ਥਾਰੂਆਂ ਦੀ ਬਸਤੀ ਦਾ ਪਤਾ ਜੰਗਲ ਵਿਚੋਂ ਲੰਘਦੇ ਨਾਲੇ ਵਿਚ ਵੜੀਆਂ ਕਪੜੇ ਧੋ ਰਹੀਆਂ ਤੀਵੀਆਂ ਤੋਂ ਮਿਲਦਾ ਹੈ ਤਾਂ ਉਹ 'ਸੁਖ ਦਾ ਸਾਹ' ਲੈਂਦਾ ਹੈ ਪਰ ਇਹ ਵਰਾਤਾਲਾਪ ਦਿਲਚਸਪ ਹੈ :

*"ਜੈ ਰਾਮ ਜੀ ਕੀ! ਇਹ ਥਾਰੂਆਂ ਦੀ ਬਸਤੀ ਕਿੱਧਰ ਏ?"*
*"ਇੱਧਰ ਸਾਰੀਆਂ ਬਸਤੀਆਂ ਥਾਰੂਆਂ ਦੀਆਂ ਹਨ। ਤੂੰ ਕਿਸ ਬਸਤੀ 'ਚ ਜਾਣੈ?" ਇਕ ਤੀਵੀਂ ਨੇ ਉਸ ਵੱਲ ਉਤਸੁਕਤਾ ਨਾ ਵੇਖਦਿਆਂ ਬੋਲੀ।*
*"ਮੈਂ ਸ਼ਿਵਚਰਨ ਵਾਲੀ ਬਸਤੀ 'ਚ ਜਾਣਾ ਏਂ।"*
*"ਉਹ ਰਤਨ ਕੁੰਵਰ ਵਾਲੀ?" ਦੂਜੀ ਨੇ ਪੁੱਛਿਆ।*
*"ਰਤਨ ਕੁੰਵਰ ਨਹੀਂ, ਸ਼ਿਵਚਰਨ?"*
*"ਇਕੋ ਗੱਲ ਏ। ਇਹ ਨਾਲਾ ਪਾਰ ਕਰਕੇ ਸੱਜੇ ਪਾਸੇ ਮੁੜ ਜਾਈਂ। ਥੋੜ੍ਹੀ ਦੇਰ ਬਾਅਦ ਪਹੁੰਚ ਜਾਵੇਂਗਾ।" (**ਕਾਲਾ ਕਬੂਤਰ**, 2003, ਪੰਨਾ 43)*

ਇਸ ਤੋਂ ਬਾਅਦ ਕਥਾਕਾਰ ਚੰਦਨ ਦੇ ਚੇਤਿਆਂ 'ਚੋਂ ਇਨ੍ਹਾਂ ਥਾਰੂ ਬਸਤੀਆਂ ਵਿਚ ਰਹਿੰਦੇ ਲੋਕਾਂ ਦਾ ਇਤਿਹਾਸ ਅਤੇ ਪਰੰਪਰਾ ਕੀ ਹੈ ?, ਨੂੰ ਇਉਂ ਬਿਆਨ ਕਰਦਾ ਹੈ, 'ਕਈ ਸਦੀਆਂ ਪਹਿਲਾਂ ਰਾਜਪੂਤਾਨੇ ਦੇ ਰਾਣਿਆਂ ਨੇ ਦਿੱਲੀ ਦੇ ਮੁਸਲਮਾਨ ਸ਼ਾਸਕਾਂ ਨਾਲ ਲੜਦਿਆਂ ਇਹ ਸੋਚਿਆ ਕਿ ਜਦ ਤੱਕ ਉਨ੍ਹਾਂ ਨੂੰ ਆਪਣੀਆਂ ਤੀਵੀਆਂ ਅਤੇ ਧੀਆਂ ਦੀ ਸੁਰੱਖਿਆ ਦੀ ਚਿੰਤਾ ਹੈ, ਤਦ ਤੱਕ ਉਹ ਬੇਫਿਕਰ ਹੋ ਕੇ ਵੈਰੀਆਂ ਨਾਲ ਨਹੀਂ ਲੜ ਸਕਦੇ। ਇਹ ਫੈਸਲਾ ਕਰਨ ਤੋਂ ਬਾਅਦ ਉਹ ਆਪਣੀਆਂ ਤੀਵੀਆਂ ਅਤੇ ਧੀਆਂ ਨੂੰ ਤਰਾਈ ਦੇ ਇਨ੍ਹਾਂ ਜੰਗਲਾਂ 'ਚ ਛੱਡ ਆਏ। ਨਾਲ ਛੱਡ ਆਏ ਆਪਣੇ ਨੌਕਰਾਂ ਅਤੇ ਅੰਗਰੱਖਿਅਕਾਂ ਨੂੰ। ਇਨ੍ਹਾਂ ਰਾਣਿਆਂ ਦਾ ਖ਼ਿਆਲ ਸੀ ਕਿ ਲੜਾਈ ਤੋਂ ਬਾਅਦ ਉਹ ਆਪਣੇ ਪਰਿਵਾਰਾਂ ਨੂੰ ਵਾਪਸ ਲੈ ਆਉਣਗੇ। ਪਰ ਇਨ੍ਹਾਂ ਨੂੰ ਕੋਈ ਵਾਪਸ ਲੈਣ ਨਹੀਂ ਆਇਆ। ਸਾਰੇ ਰਾਜਪੂਤ ਰਾਣੇ ਲੜਦੇ ਲੜਦੇ ਮਾਰੇ ਗਏ। ਇਤਿਹਾਸ ਨੇ ਵੀ ਇਨ੍ਹਾਂ ਨੂੰ ਵਿਸਾਰ ਦਿੱਤਾ। ਉਨ੍ਹਾਂ ਨੌਕਰਾਂ ਵਿਚ ਭੀਲ, ਗੋਂਡ, ਮੀਨਾ ਵਰਗੀਆਂ ਛੋਟੀਆਂ ਜਾਤਾਂ ਦੇ ਲੋਕ ਸਨ। ਰਾਜਪੂਤ ਇਕ ਵੀ ਨਹੀਂ। ਤੇ ਜਦ ਉਨ੍ਹਾਂ ਦੀਆਂ ਧੀਆਂ ਵੱਡੀਆਂ ਹੋ ਗਈਆਂ ਤਾਂ ਇਨ੍ਹਾਂ ਨੌਕਰਾਂ ਨਾਲ ਹੀ ਵਿਆਹ ਦਿੱਤੀਆਂ ਗਈਆਂ।'...ਚਾਹੇ ਥਾਰੂ ਮੁੰਡੇ ਕੁੜੀਆਂ, ਦੋਵੇਂ ਹੀ ਇਨ੍ਹਾਂ ਥਾਰੂ ਤੀਵੀਆਂ ਦੀ ਕੁਖੋਂ ਪੈਦਾ ਹੋਏ ਹਨ, ਪਰ ਫੇਰ ਵੀ ਮਨੋਵਿਗਿਆਨਕ ਤੌਰ 'ਤੇ ਤੀਵੀਆਂ ਆਪਣੇ ਆਪ ਨੂੰ ਰਾਜਪੂਤ ਸਮਝਦੀਆਂ ਹਨ ਅਤੇ ਆਦਮੀਆਂ ਨੂੰ ਆਪਣੇ ਆਪ ਤੋਂ ਹੀਣਾ।' (**ਕਾਲਾ ਕਬੂਤਰ**, 2003, ਪੰਨਾ 43)

ਇਸ ਉਪਰੋਕਤ ਬਿਰਤਾਂਤ ਤੋਂ ਸਪੱਸ਼ਟ ਹੈ ਕਿ ਇੱਥੇ ਕਥਾਕਾਰ ਸਿਰਫ ਥਾਰੂ ਬਸਤੀਆਂ ਦੇ ਇਤਿਹਾਸ ਨੂੰ ਹੀ ਬਿਆਨ ਨਹੀਂ ਕਰ ਰਿਹਾ ਬਲਕਿ ਭਾਰਤੀ ਪਰੰਪਰਾ ਵਿਚ ਵਿਆਪਤ ਜਾਤੀਗਤ ਸੰਸਕਾਰ ਕਿਵੇਂ ਕਾਰਜ ਕਰਦੇ ਹਨ, ਨੂੰ ਵੀ ਬਿਆਨ ਕਰ ਰਿਹਾ ਹੈ। ਇਸ ਦੇ ਵਿਹਾਰਕ ਰੂਪ ਨੂੰ ਕਥਾਕਾਰ ਨੇ ਇਸ ਕਹਾਣੀ ਦੇ ਅਗਲੇ ਵੇਰਵਿਆਂ ਵਿਚ ਉਸਾਰਿਆ ਹੈ। ਇਸ ਨੂੰ ਸਮਝਣ ਲਈ ਕਹਾਣੀ ਦੇ

ਅਗਲੇ ਵੇਰਵਿਆਂ ਨੂੰ ਪਛਾਣਨਾ ਹੋਵੇਗਾ। ਚੰਦਨ ਜਦੋਂ ਸ਼ਿਵਚਰਨ ਕੋਲੋਂ ਬੰਸਰੀ ਸਿੱਖਣ ਦੇ ਬਹਾਨੇ ਨਾਲ ਰਤਨ ਕੁੰਵਰ ਦੀ ਬਸਤੀ ਵਿਚ ਪਹੁੰਚਦਾ ਹੈ ਤਾਂ ਸ਼ਿਵਚਰਨ ਦੀ ਹਲੀਮੀ ਅਤੇ ਰਤਨ ਕੁੰਵਰ ਦਾ ਰੋਅਬ ਵੇਖ ਕੇ ਹੈਰਾਨ ਹੁੰਦਾ ਹੈ। ਬੇਸ਼ੱਕ ਸ਼ਿਵਚਰਨ ਰਿਸ਼ਤੇ ਵਿਚ ਰਤਨ ਕੁੰਵਰ ਦਾ ਪਤੀ ਹੈ ਪਰ ਚੰਦਨ ਉਸ ਬਸਤੀ ਵਿਚ ਰਹਿ ਸਕਦਾ ਹੈ ਕਿ ਨਹੀਂ ? ਇਸਦਾ ਫੈਸਲਾ ਰਤਨ ਕੁੰਵਰ ਹੀ ਕਰਦੀ ਹੈ।

ਚੰਦਨ ਜਦੋਂ ਰਤਨ ਕੁੰਵਰ ਦੀ ਥਾਰੂ ਬਸਤੀ ਵਿਚ ਰਹਿਣ ਲੱਗ ਪੈਂਦਾ ਹੈ ਤਾਂ ਪਹਿਲਾਂ ਰਤਨ ਕੁੰਵਰ ਦਾ ਉਸ ਪ੍ਰਤਿ ਵਤੀਰਾ ਬਹੁਤਾ ਹਮਦਰਦੀ ਵਾਲਾ ਨਹੀਂ ਹੁੰਦਾ ਪਰ ਜਦੋਂ ਚੰਦਨ ਮਨ ਨਾਲ ਬੰਸਰੀ ਵਜਾਉਣ ਦਾ ਰਿਆਜ਼ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਖੇਤਾਂ ਵਿਚ ਜੀ-ਤੋੜ ਮਿਹਨਤ ਕਰਦਾ ਹੈ, ਜਿਸ ਨਾਲ ਜ਼ਮੀਨ ਚੰਗੀ ਆਬਾਦ ਜਾਂਦੀ ਹੈ ਤਾਂ ਰਤਨ ਕੁੰਵਰ ਦਾ ਉਸ ਪ੍ਰਤਿ ਵਤੀਰਾ ਵੀ ਬਦਲ ਜਾਂਦਾ ਹੈ। ਵੈਸੇ ਬਸਤੀ ਦੇ ਘਰਾਂ ਵਿਚ ਇਸਤਰੀਆਂ ਹੀ ਪ੍ਰਧਾਨ ਸਨ। ਜੇਕਰ ਕਦੇ ਘਰੋਂ ਬਾਹਰ ਵੀ ਇਕੱਠਿਆਂ ਜਾਣਾ ਤਾਂ ਤੀਵੀਆਂ ਅੱਗੇ ਤੁਰਦੀਆਂ ਅਤੇ ਮਰਦ ਪਿੱਛੇ। ਇਥੋਂ ਤੱਕ ਕਿ ਘਰ ਵਿਚ ਰੱਖੇ ਹਥਿਆਰਾਂ ਦੀ ਸਾਫ਼-ਸਫਾਈ ਅਤੇ ਪੂਜਾ-ਪਾਠ ਆਦਿ ਵੀ ਤੀਵੀਆਂ ਹੀ ਕਰਦੀਆਂ ਹਨ। ਇਹ ਇਸ ਗੱਲ ਦਾ ਸਬੂਤ ਹੈ ਇਨ੍ਹਾਂ ਰਾਜਪੂਤਾਨਾਂ ਤੀਵੀਆਂ ਨੂੰ ਆਪਣੀ ਵਿਰਾਸਤ ਦਾ ਮਾਣ ਤਾਂ ਹੈ ਹੀ, ਇਨ੍ਹਾਂ ਨੇ ਇਸ ਨੂੰ ਸੰਭਾਲਿਆ ਵੀ ਹੋਇਆ ਹੈ। ਇਸਦੇ ਨਾਲ ਹੀ ਮਰਦ ਦੇ ਹੀਣ-ਭਾਵ ਹੋਣ ਦਾ ਵੀ ਸਬੂਤ ਮਿਲਦਾ ਹੈ। ਇਸਦਾ ਇਕ ਹੋਰ ਸਬੂਤ ਇਹ ਹੈ ਕਿ ਘਰ ਦੀ ਤੀਵੀਂ ਦੁਆਰਾ ਜਦੋਂ ਆਪਣੇ ਮਰਦ ਨੂੰ ਰੋਟੀ ਦਿੱਤੀ ਜਾਂਦੀ ਹੈ ਤਾਂ 'ਰਸੋਈ ਦੀ ਦਲੀਜ ਕੋਲ ਰੱਖ ਕੇ ਪੈਰ ਦੇ ਅੰਗੂਠੇ ਨਾਲ ਬਾਹਰ ਸਰਕਾ'(**ਕਾਲਾ ਕਬੂਤਰ**, 2003, ਪੰਨਾ 47) ਕੇ ਦਿੱਤੀ ਜਾਂਦੀ ਹੈ।

ਬਸਤੀ ਵਿਚ ਚੰਦਨ ਆਪਣੇ ਚਾਚੇ ਦੇ ਦੱਸੇ ਮੁਤਾਬਕ ਆਪਣੀ ਜਾਤ ਲੁਕਾਉਂਦਾ ਹੈ ਅਤੇ ਆਪਣੇ ਆਪ ਨੂੰ ਰਾਜਪੂਤ ਚੌਹਾਨ ਦੱਸਦਾ ਹੈ। ਜਦੋਂ ਇਕ ਦਿਨ ਪੁਲਿਸ ਬਸਤੀ ਵਿਚ ਉਸਦੀ ਤਲਾਸ਼ ਵਿਚ ਆਉਂਦੀ ਹੈ ਅਤੇ ਇਹ ਕਹਿੰਦੀ ਹੈ ਕਿ ਉਹ ਇਕ ਖਤਰਨਾਕ ਆਤੰਕਵਾਦੀ ਦੀ ਤਲਾਸ਼ ਵਿਚ ਆਏ ਹਨ। ਰਤਨ ਕੁੰਵਰ ਨੇ ਚੰਦਨ ਨੂੰ ਲੁਕਾ ਦਿੱਤਾ ਹੁੰਦਾ ਹੈ ਪਰ ਪੁਲਿਸ ਦੇ ਜਾਣ ਤੋਂ ਬਾਅਦ ਜਦੋਂ ਰਤਨ ਕੁੰਵਰ ਉਸ ਵੱਲੋਂ ਕੀਤੇ ਜ਼ੁਰਮ ਬਾਰੇ ਪੁੱਛਦੀ ਹੈ ਤਾਂ ਚੰਦਨ ਕਹਿੰਦਾ ਹੈ ਕਿ "ਮੇਰਾ ਕਸੂਰ ਇਹ ਕਿ ਮੇਰਾ ਇਕ ਜਾਣਕਾਰ ਪੁਲਿਸ ਦੁਆਰਾ ਫੜੇ ਜਾਣ ਤੋਂ ਇਕ ਦਿਨ ਪਹਿਲਾਂ ਮੇਰੇ ਨਾਲ ਬੈਠ ਕੇ ਪੀਂਦਾ ਰਿਹਾ ਸੀ।" (**ਕਾਲਾ ਕਬੂਤਰ**, 2003, ਪੰਨਾ 47) ਇਸ ਸਥਿਤੀ ਤੋਂ ਸਪੱਸ਼ਟ ਹੈ ਕਿ ਕਥਾਕਾਰ ਨੇ ਇਸ ਕਥਾ ਵਿਚਲੇ ਬਿਰਤਾਂਤ ਦਾ ਸਮਾਂ ਪੰਜਾਬ ਸੰਕਟ ਦਾ ਲਿਆ ਹੈ।

ਰਤਨ ਕੁੰਵਰ ਜਦੋਂ ਚੰਦਨ ਨੂੰ ਮਨ ਲਗਾ ਕੇ ਬੰਸਰੀ ਵਜਾਉਣ ਦਾ ਰਿਆਜ਼, ਖੇਤਾਂ ਵਿਚ ਸਖਤ ਮਿਹਨਤ ਅਤੇ ਬਸਤੀ ਦੇ ਲੋਕਾਂ ਦਾ ਦਵਾ-ਦਾਰੂ ਨਾਲ ਇਲਾਜ਼ ਕਰਦਾ ਵੇਖਦੀ ਹੈ ਤਾਂ ਉਸਦੇ ਮਨ ਵਿਚ ਚੰਦਨ ਪ੍ਰਤਿ ਮੋਹ ਜਾਗਣ ਲਗ ਪੈਂਦਾ ਹੈ ਅਤੇ ਨਾਲ ਹੀ ਮਨ ਵਿਚ 'ਆਪਣੇ ਲਈ ਅਤੇ ਆਪਣੇ ਕਬੀਲੇ ਲਈ ਇਕ ਪੁੱਤਰ ਦੀ ਮੰਗ' ਦੀ ਅਜਿਹੀ ਇੱਛਾ ਜਾਗਦੀ ਹੈ ਜੋ ਕਿ 'ਰਾਜਪੂਤ' ਹੋਵੇ। ਇਸ ਇੱਛਾ ਦੀ ਪੂਰਤੀ ਲਈ ਉਹ ਚੰਦਨ ਨੂੰ ਨਾਲ ਲੈ ਕੇ 'ਮੜ੍ਹਾ ਬਾਬਾ ਦੀ ਸਮਾਧੀ' 'ਤੇ ਜਾਂਦੀ ਹੈ। ਇਸ ਲਈ ਰਤਨ ਕੁੰਵਰ ਖੂਬ ਬਣ-ਫੱਬ ਕੇ ਅਤੇ ਸਿਰ 'ਤੇ 'ਤਾਰਿਆਂ ਜੜਿਆ ਕਾਲੇ ਰੰਗ ਦਾ ਦੁਪੱਟਾ' ਅਤੇ 'ਪੈਰਾਂ ਵਿਚ ਤਿੱਲੇਦਾਰ ਜੁੱਤੀ' ਪਾ ਕੇ ਨਿਕਲਦੀ ਹੈ। ਕਥਾਕਾਰ ਇਸ ਸਥਿਤੀ ਨੂੰ 'ਇਸ ਤਰ੍ਹਾਂ ਬਾਹਰ ਨਿਕਲੀ ਜਿਵੇਂ ਕੋਈ ਯੋਧਾ ਕਿਸੇ ਮੁਹਿੰਮ ਲਈ ਨਿਕਲਦਾ ਹੈ' ਸ਼ਬਦਾਂ ਵਿਚ ਬਿਆਨ ਕਰਦਾ ਹੈ।

'ਮੜ੍ਹਾ ਬਾਬਾ ਦੀ ਸਮਾਧੀ' 'ਤੇ ਪਹੁੰਚਣ ਤੋਂ ਪਹਿਲਾਂ ਕਥਾਕਾਰ ਨੇ ਚੰਦਨ ਅਤੇ ਰਤਨ ਕੁੰਵਰ ਦੇ ਮਨ ਵਿਚ ਜਾਗੀਆਂ ਕਾਮ-ਕਾਮਨਾਵਾਂ ਦਾ ਜ਼ਿਕਰ ਕੀਤਾ ਹੈ ਅਤੇ ਇਥੇ ਹੀ ਰਤਨ ਕੁੰਵਰ ਚੰਦਨ ਨੂੰ 'ਕਾਲਾ ਕਬੂਤਰ' ਦੀ ਮਿੱਥ ਵੀ ਦੱਸਦੀ ਹੈ 'ਉਹ ਬਾਦਸ਼ਾਹ ਹੁੰਦਾ ਏ ਕਬੂਤਰਾਂ ਦਾ, ਕਾਲਾ



ਸ਼ਾਹ, ਆਪ ਹੁਦਰਾ। ਉਸਦਾ ਮਾਸ ਖਾਣ ਨਾਲ ਕਹਿੰਦੇ ਹਨ, ਆਦਮੀ ਬੁੱਢਾ ਨਹੀਂ ਹੁੰਦਾ। ਇਕੋ ਰਹਿ ਗਿਆ ਲਗਦਾ ਏ ਇਸ ਜੰਗਲ ਵਿਚ। ਬਾਕੀ ਸਾਰੇ ਸ਼ਿਕਾਰੀਆਂ ਨੇ ਮਾਰ ਮੁਕਾਏ। ਹੁਣ ਕਦੀ ਕਦੀ ਹੀ ਦਿੱਸਦਾ ਏ ਨੀਲੇ ਆਕਾਸ਼ 'ਚ ਉਡਾਰੀਆਂ ਮਾਰਦਾ ਕਲਮ-ਕੱਲਾ, ਆਪਣੇ ਸਾਥੀਆਂ ਦੀ ਤਲਾਸ਼ ਵਿਚ।' ਦਰਅਸਲ ਇਹ ਕਬੂਤਰ ਕੋਈ ਹੋਰ ਨਹੀਂ ਬਲਕਿ ਰਤਨ ਕੁੰਵਰ ਦੇ ਮਨ ਦੇ ਖ਼ਿਆਲਾਂ ਵਿਚ ਪੈਦਾ ਹੋਏ ਭਾਵ ਦਾ ਹੀ ਪ੍ਰਗਟਾਵਾ ਹੈ। ਰਤਨ ਕੁੰਵਰ ਦਾ ਸਿਰ 'ਤੇ 'ਤਾਰਿਆਂ ਜੜਿਆ ਕਾਲੇ ਰੰਗ ਦਾ ਦੁਪੱਟਾ' ਇਸ ਗੱਲ ਦਾ ਪ੍ਰਤੀਕ ਹੈ ਕਿ ਆਪ ਕਾਲੀ ਕਬੂਤਰੀ ਵਾਂਗ ਬਣੀ-ਫ਼ੱਬੀ ਦੀ ਇੱਛਾ ਕਾਲਾ ਕਬੂਤਰ ਰੂਪੀ ਚੰਦਨ ਨਾਲ ਮਿਲਾਪ ਕਰਨ ਦੀ ਹੈ। ਉਹ ਚੰਦਨ ਦੇ ਮਿਲਾਪ ਵਿਚੋਂ ਪੈਦਾ ਹੋਣ ਵਾਲੇ ਪੁੱਤਰ ਤੋਂ ਆਪਣੀ ਵੰਸ਼ ਨੂੰ ਅੱਗੇ ਤੋਰਨਾ ਚਾਹੁੰਦੀ ਹੈ। ਕਿਉਂਕਿ ਰਤਨ ਕੁੰਵਰ ਦੀਆਂ ਨਜ਼ਰਾਂ ਵਿਚ ਚੰਦਨ ਰਾਜਪੂਤ ਹੈ।

ਇਸ ਲਈ ਉਹ 'ਮੜ੍ਹਾ ਬਾਬਾ ਦੀ ਸਮਾਧੀ' 'ਤੇ ਪਹੁੰਚ ਕੇ ਮੰਨਤ ਮੰਗਦੀ ਹੈ ਪਰ ਜਦੋਂ ਇਕ ਹੋਰ ਆਦਮੀ ਉਥੇ ਮੰਨਤ ਪੂਰੀ ਹੋਣ ਤੋਂ ਬਾਅਦ ਪ੍ਰਸ਼ਾਦ ਚੜ੍ਹਾਉਣ ਆਇਆ ਰਤਨ ਕੁੰਵਰ ਨੂੰ ਪਛਾਣ ਕੇ ਇਹ ਕਹਿੰਦਾ ਹੈ ਕਿ 'ਵਾਹ ! ਤੁਸੀਂ ਤੇ ਰਾਣੀ ਰਤਨ ਕੁੰਵਰ ਹੋ !' ਤਾਂ ਰਤਨ ਕੁੰਵਰ ਦੇ ਮਨ ਵਿਚ 'ਪੰਜ ਛੇ ਸੌ ਵਰ੍ਹੇ ਪੁਰਾਣੀ ਰਾਜਪੂਤ ਇਸਤ੍ਰੀ ਦੀਆਂ ਭਾਵਨਾਵਾਂ ਜੋ ਆਪਣੀ ਪਵਿੱਤਰਤਾ ਕਾਇਮ ਰੱਖਣ ਲਈ ਆਪਣੇ ਆਪ ਨੂੰ ਅਗਨੀ ਦੀਆਂ ਲਾਟਾਂ ਦੇ ਹਵਾਲੇ ਕਰ ਦਿੰਦੀ ਸੀ' ਦੇ ਖ਼ਿਆਲ ਜਾਗ ਪੈਂਦੇ ਹਨ। ਇਉਂ ਇਸ ਤੋਂ ਬਾਅਦ ਬੇਸ਼ੱਕ 'ਕਾਲਾ ਕਬੂਤਰ ਮੁੜ ਮੁੜ ਆਪਣੀ ਗਰਦਨ ਘੁਮਾਉਂਦਿਆਂ ਕਦੀ ਰਤਨ ਕੁੰਵਰ ਅਤੇ ਕਦੀ ਚੰਦਨ ਵੱਲ ਤੱਕ ਰਿਹਾ ਸੀ' ਪਰ ਰਤਨ ਕੁੰਵਰ ਸ਼ਾਂਤ ਹੋ ਜਾਂਦੀ ਹੈ ਅਤੇ ਚੰਦਨ ਨੂੰ ਕਹਿੰਦੀ ਹੈ ਕਿ 'ਤੂੰ ਪਦਮਾ (ਸ਼ਿਵਚਰਨ ਅਤੇ ਰਤਨ ਕੁੰਵਰ ਦੀ ਧੀ) ਨਾਲ ਵਿਆਹ ਕਰਵਾ ਲੈ। ਉਹ ਮਨ ਹੀ ਮਨ ਬਹੁਤ ਪਿਆਰ ਕਰਦੀ ਏ ਤੈਨੂੰ। ਜੇ ਤੂੰ ਗੱਲ ਮਨ ਜਾਵੇਂ ਤਾਂ ਸਮਝਾਂਗੀ ਕਿ ਮੇਰਾ ਮੜ੍ਹਾ ਬਾਬਾ ਦੀ ਸਮਾਧ 'ਤੇ ਆਉਣਾ ਸਫ਼ਲ ਹੋ ਗਿਆ...।' (**ਕਾਲਾ ਕਬੂਤਰ**, 2003, ਪੰਨਾ 47)

ਇਉਂ ਉਪਰੋਕਤ ਸਥਿਤੀ ਤੋਂ ਸਪੱਸ਼ਟ ਹੈ ਕਿ ਮਨਮੋਹਨ ਬਾਵਾ ਨੇ ਆਪਣੀ ਇਸ ਕਹਾਣੀ ਵਿਚ ਭਾਰਤੀ ਪਰੰਪਰਾ ਵਿਚ ਪਏ ਸੰਸਕਾਰਾਂ ਦੇ ਉਸ ਦ੍ਰਿਸ਼ ਨੂੰ ਉਸਾਰਿਆ ਹੈ ਜੋ ਸਦੀਆਂ ਬੀਤ ਜਾਣ ਦੇ ਬਾਵਜੂਦ ਵੀ ਮਨ ਦੇ ਕਿਸੇ ਕੋਨੇ ਵਿਚ ਘਰ ਕਰੀਂ ਬੈਠੇ ਹੁੰਦੇ ਹਨ ਅਤੇ ਇਹੀ ਸੰਸਕਾਰ ਸਾਡੀਆਂ ਅਮੋੜ ਅਕਾਂਖਿਆਵਾਂ 'ਤੇ ਵੀ ਅੰਕੁਸ਼ ਲਾਉਂਦੇ ਹਨ। ਇਸ ਕਹਾਣੀ ਰਾਹੀਂ ਮਨਮੋਹਨ ਬਾਵਾ ਜਾਤੀਗਤ ਸੰਸਕਾਰਾਂ ਦਾ ਇਕ ਅਜਿਹਾ ਪ੍ਰਮਾਣਿਕ ਬਿੰਬ ਉਸਾਰਦਾ ਹੈ ਜਿਸ ਨੂੰ ਅਸੀਂ ਵਰਤਮਾਨ ਸਮਾਜ ਵਿਚ ਵੀ ਬੜੇ ਭਰਵੇਂ ਰੂਪ ਵਿਚ ਪਛਾਣ ਸਕਦੇ ਹਾਂ। ਇਸ ਕਹਾਣੀ ਵਿਚ ਰਤਨ ਕੁੰਵਰ ਆਪਣੇ ਗਵਾਚੇ ਸਵੈਮਾਨ ਦੀ ਤਲਾਸ਼ ਵਿਚ ਲੱਗੀ ਜਾਪਦੀ ਹੈ। ਉਹ ਸਦੀਆਂ ਪਹਿਲਾਂ ਜੰਗਲਾਂ ਵਿਚ ਰਹਿ ਗਈਆਂ ਰਾਜਪੂਤ ਔਰਤਾਂ ਦੀ ਬੇਬਸੀ ਨੂੰ ਮਹਿਸੂਸ ਵੀ ਕਰਦੀ ਹੈ, ਉਨ੍ਹਾਂ ਨੇ ਜੋ ਕਦੀ ਗੁਆ ਦਿੱਤਾ ਸੀ ਉਹ ਸਵੈ-ਮਾਨ ਵੀ ਪਾਉਣਾ ਚਾਹੁੰਦੀ ਹੈ। ਇਸ ਲਈ ਉਹ ਇਕ ਪੂਰਾ ਰਾਜਪੂਤ ਪੁੱਤਰ ਪੈਦਾ ਕਰਨਾ ਚਾਹੁੰਦੀ ਹੈ ਜੋ ਬੇਸ਼ੱਕ ਉਸਦੀ ਬੇਟੀ ਦੀ ਕੁੱਖੋ ਹੀ ਪੈਦਾ ਹੋਵੇ। ਇਉਂ ਇਹ ਕਹਾਣੀ ਔਰਤ ਜਾਤ ਦੀ ਉਸ ਪਹਿਚਾਣ ਨੂੰ ਵੀ ਬਿਆਨ ਕਰਦੀ ਹੈ ਜੋ ਉਸ ਨੂੰ ਉਸਦੇ ਪਰਿਵਾਰ ਅਤੇ ਖਾਨਦਾਨ ਤੋਂ ਮਿਲਦੀ ਹੈ। ਭਾਰਤੀ ਸਮਾਜ ਵਿਚ ਬਰਾਬਰੀ ਦੇ ਖਾਨਦਾਨਾਂ ਵਿਚ ਵਿਆਹ ਦਿੱਤੀਆਂ ਜਾਂਦੀਆਂ ਔਰਤਾਂ ਨੂੰ ਇਸ ਤਰ੍ਹਾਂ ਦੀ ਸਥਿਤੀ ਵਿਚੋਂ ਮਾਨਸਿਕ ਤ੍ਰਿਪਤੀ ਹੁੰਦੀ ਹੈ ਅਤੇ ਇਸ ਤੋਂ ਵਿਰਵੀਆਂ ਰਹਿ ਜਾਣ ਵਾਲੀਆਂ ਔਰਤਾਂ ਕਿਸ ਤਰ੍ਹਾਂ ਦਾ ਝੋਰਾ ਸਹਿੰਦੀਆਂ ਹਨ ? ਇਸ ਕਹਾਣੀ ਵਿਚ ਇਸ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ। ਇਉਂ ਇਸ ਕਹਾਣੀ ਵਿਚ ਭਾਰਤੀ ਸਮਾਜ ਦੇ ਵਿਚ ਪ੍ਰਚਲਿਤ ਜਾਤੀਗਤ ਸੰਸਕਾਰਾਂ ਦਾ ਇਕ ਭਰਵਾਂ ਅਤੇ ਪ੍ਰਮਾਣਿਕ ਬਿਰਤਾਂਤ ਉਸਾਰਿਆ ਗਿਆ ਹੈ।

# ਅਜੋਕੀ ਪੰਜਾਬੀ ਕਹਾਣੀ ਵਿਚ ਦਲਿਤ ਚੇਤਨਾ ਦੇ ਨਵੇਂ ਪਾਸਾਰ

*(੨੭ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ ਵਿਚ ਪੇਸ਼ ਕੀਤਾ ਗਿਆ ਖੋਜ ਪੱਤਰ)*

**-ਡਾ. ਰਵੀ ਰਵਿੰਦਰ**

ਕਿਸੇ ਸਮਾਜ ਨੂੰ ਸਮਝਣ ਦੀਆਂ ਅਨੇਕ ਵਿਧੀਆਂ ਹੋ ਸਕਦੀਆਂ ਹਨ । ਇਕ ਵਿਆਖਿਆ ਉਹ ਹੈ, ਜੋ ਸਮਾਜ ਵਿਗਿਆਨੀ ਉਪਲਬਧ ਕਰਵਾਉਂਦੇ ਹਨ । ਇਕ ਤਸਵੀਰ ਜਨ ਸੰਚਾਰ ਦੇ ਮਾਧਿਅਮ ਦਿਖਾਉਂਦੇ ਹਨ । ਇਕ ਜਾਵੀਆ ਰਾਜਨੀਤੀ ਪੇਸ਼ ਕਰ ਰਹੀ ਹੁੰਦੀ ਹੈ ਪਰ ਇਨ੍ਹਾਂ ਸਭਨਾਂ ਤੋਂ ਵੱਖਰੀ ਵੀ ਇਕ ਪੇਸ਼ਕਾਰੀ ਹੁੰਦੀ ਹੈ । ਉਹ ਪੇਸ਼ਕਾਰੀ ਸਾਹਿਤ ਕਰ ਰਿਹਾ ਹੁੰਦਾ ਹੈ । ਪਰ ਸਥਿਤੀ ਦੀ ਵਿਡੰਬਨਾ ਇਹ ਰਹੀ ਹੈ ਕਿ ਸਾਹਿਤ ਦੁਆਰਾ ਸਿਰਜੀ ਗਈ ਤਸਵੀਰ ਨੂੰ ਸਮਾਜ ਦਾ ਇਕ ਵੱਡਾ ਹਿੱਸਾ ਗੰਭੀਰਤਾ ਨਾਲ ਨਹੀਂ ਲੈਂਦਾ । ਬਹੁਗਿਣਤੀ ਲਈ ਅੰਤਿਮ ਸੱਚ ਜਾਂ ਤਾਂ ਸਿਧਾਂਤਕਾਰ ਕੋਲ ਹੁੰਦਾ ਹੈ, ਜਾਂ ਰਾਜਨੀਤੀਵਾਨ ਕੋਲ, ਜਾਂ ਸਮਾਜਕ ਜਥੇਬੰਦੀਆਂ ਕੋਲ, ਜਾਂ ਫਿਰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਕੋਲ । ਪਰ ਇਹ ਵੀ ਸੱਚ ਹੈ ਕਿ ਸਮਾਜ ਦੀ ਪ੍ਰਮਾਣਿਕ ਪੇਸ਼ਕਾਰੀ ਸਾਹਿਤ ਰਾਹੀਂ ਵੀ ਸੰਭਵ ਹੁੰਦੀ ਹੈ । ਘੱਟੋ-ਘੱਟ ਦਲਿਤ ਸਰੋਕਾਰਾਂ ਦੀ ਅਜੋਕੀ ਪੰਜਾਬੀ ਕਹਾਣੀ ਨੂੰ ਪੜ੍ਹਦਿਆਂ ਤਾਂ ਇਹੀ ਅਹਿਸਾਸ ਹੁੰਦਾ ਹੈ ।

ਦਲਿਤ, ਦਲਿਤ ਵੇਦਨਾ ਅਤੇ ਦਲਿਤ ਚੇਤਨਾ ਦਾ ਸੰਕਲਪ ਉਦੋਂ ਉਲਝਾਅ ਪੈਦਾ ਕਰਦਾ ਹੈ, ਜਦੋਂ ਇਸ ਨੂੰ ਕਿਸੇ ਜਾਤੀ/ਜਾਤੀ ਸਮੂਹ ਨਾਲ ਜੋੜਿਆ ਜਾਂਦਾ ਹੈ ਅਤੇ ਇਹ ਵਾਰ-ਵਾਰ ਪ੍ਰਚਾਰਿਆ ਜਾਂਦਾ ਹੈ ਕਿ ਦਲਿਤ ਚੇਤਨਾ ਸਿਰਫ ਦਲਿਤ ਕੋਲ ਹੀ ਹੋ ਸਕਦੀ ਹੈ । ਅਜੋਕੀ ਪੰਜਾਬੀ ਕਹਾਣੀ ਅਜਿਹੇ ਵਿਚਾਰਾਂ ਨੂੰ ਆਪਣੀਆਂ ਵਿਸ਼ੇਗਤ, ਵਿਚਾਰਧਾਰਕ ਅਤੇ ਸੰਤੁਲਿਤ ਸਥਾਪਨਾਵਾਂ ਨਾਲ ਰੱਦ ਕਰਦੀ ਹੈ । ਇਸ ਕਹਾਣੀ ਲਈ ਦਲਿਤ ਚੇਤਨਾ ਇਕ ਵਿਚਾਰਧਾਰਾ ਹੈ, ਜਿਹੜੀ ਕਿਸੇ ਵੀ ਸਹੀ ਮਾਨਵੀ ਸੋਚ ਵਾਲੇ ਪ੍ਰਬੁੱਧ ਵਿਅਕਤੀ ਕੋਲ ਹੋ ਸਕਦੀ ਹੈ । ਇਹ ਉਹ ਚੇਤਨਾ ਹੈ ਜਿਸ ਨੂੰ ਵੱਖ-ਵੱਖ ਹਿੱਤਾਂ ਲਈ, ਵੱਖ-ਵੱਖ ਵਰਗਾਂ ਵੱਲੋਂ, ਵੱਖੋ-ਵੱਖਰੇ ਖੇਤਰਾਂ ਵਿਚ ਹੁਣ ਤੱਕ ਦਬਾ ਕੇ ਰੱਖਿਆ ਗਿਆ ਹੈ । ਬਹੁਤੀ ਵਾਰੀ ਇਹ ਹਿਤ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਧਾਰਮਿਕ ਹੀ ਹੁੰਦੇ ਹਨ ।

ਅਜੋਕੀ ਪੰਜਾਬੀ ਕਹਾਣੀ ਵਿਚ ਪੇਸ਼ ਹੋ ਰਹੀ ਦ੍ਰਿਸ਼ਟੀ ਕਈ ਵਾਰ ਦਲਿਤ ਸਿਧਾਂਤਕਾਰੀ ਅਤੇ ਦਲਿਤ ਰਾਜਨੀਤੀ ਨਾਲੋਂ ਵਧੇਰੇ ਵਿਹਾਰਕਤਾ ਅਤੇ ਸੂਖਮਤਾ ਨਾਲ ਜਾਤੀ/ਜਮਾਤੀ ਮਸਲਿਆਂ ਨੂੰ ਸਮਝਣ ਦੀ ਸਮਰਥਾ ਰੱਖਦੀ ਹੈ । ਅਜੋਕੀ ਕਹਾਣੀ ਲਈ ਮਸਲਾ ਹੁਣ ਸਿਰਫ ਦਲਿਤ ਅਤੇ ਸਮਰਿੱਧ ਸਵਰਨ ਜਾਤੀਆਂ ਵਿਚਲੇ ਦਵੇਸ਼ ਦਾ ਨਹੀਂ । ਇਸ ਲਈ ਮਸਲਾ ਇਹ ਵੀ ਨਹੀਂ ਕਿ ਸਰਪੰਚ, ਜੱਟ ਅਤੇ ਦਲਿਤ ਦੇ ਆਪਸੀ ਝਗੜੇ ਵਿਚੋਂ ਸਿਰਫ ਦਲਿਤ ਵੇਦਨਾ/ਦਲਿਤ ਚੇਤਨਾ ਦੀ ਪਛਾਣ ਹੀ ਕਰਨੀ ਹੈ, ਉਸ ਲਈ ਮਸਲਾ ਵਧੇਰੇ ਜਟਿਲ ਹੈ । ਵਰਣ ਵੰਡ ਤੇ ਆਧਾਰਿਤ ਸਾਡੀ ਸਮਾਜਕ ਬਣਤਰ ਵਿਚ ਕੇਵਲ ਉੱਚ ਅਤੇ ਨਿਮਨ ਜਾਤਾਂ ਦੇ ਅੰਤਰ ਵਿਰੋਧ ਹੀ ਦਿਖਾਈ ਨਹੀਂ ਦਿੰਦੇ, ਸਗੋਂ ਨਿਮਨ ਆਖੀਆਂ ਜਾਣ ਵਾਲੀਆਂ ਜਾਤਾਂ ਵਿਚ ਵੀ ਅੱਗੋਂ ਉਪਜਾਤੀਆਂ ਅਤੇ ਗੋਤਾਂ ਦੀ ਦਰਜੇਬੰਦੀ ਵੀ ਸਪਸ਼ਟ ਦਿਖਾਈ ਦਿੰਦੀ ਹੈ । ਦਲਿਤ ਸਿਧਾਂਤ ਅਤੇ ਦਲਿਤ ਰਾਜਨੀਤੀ ਬਹੁਤੀ ਵਾਰੀ ਇਸ ਦਰਜੇਬੰਦੀ ਨੂੰ ਜਾਂ ਤਾਂ ਦਰਕਿਨਾਰ ਕਰ ਜਾਂਦੀ ਹੈ ਜਾਂ ਫਿਰ ਇਸ ਦੀਆਂ ਜਟਿਲਤਾਵਾਂ ਵਿਚ ਪੈਣ ਤੋਂ ਗੁਰੇਜ਼ ਕਰਦੀ ਹੈ । ਪਰ ਅਜੋਕੀ ਪੰਜਾਬੀ ਕਹਾਣੀ ਇਸ ਦਰਜੇਬੰਦੀ ਨੂੰ ਬੜੀ ਹੀ ਸ਼ਿੱਦਤ ਨਾਲ ਪੇਸ਼ ਕਰਨ ਦੇ ਆਹਰ ਵਿਚ ਹੈ । ਇਸ ਸਬੰਧ ਵਿਚ ਸੁਖਜੀਤ ਦੀ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਦੇ ਨਿਮਨ ਵੇਰਵੇ ਗੌਲਣਯੋਗ ਹਨ:



*੧. "ਪਰ ਗਿੱਲ ਤਾਂ ਮੈਨੂੰ ਤੇ ਮਠਾੜੂ ਨੂੰ ਬੰਦੇ ਈ ਨਹੀਂ ਗਿਣਦਾ ਜਦੋਂ ਦੇਖੋ ਜੱਟਾਂ ਦੀ ਵਡਿਆਈ, ਗਿੱਲਾਂ ਦੀ ਮਹਿਮਾ, ਕੇ. ਪੀ. ਐਸ. ਗਿੱਲ ਦੀਆਂ ਕਹਾਣੀਆਂ ਸੁਣਾਊ, ਉਹਦੇ ਸੋਹਲੇ ਗਾਊ, ਸਾਨੂੰ ਉਹਦਾ ਨਾਂ ਲੈ ਕੇ ਜਰਕਾਊ । ਮੈਨੂੰ ਮਠਾੜੂ ਕਹਿੰਦੈ ਕਿ ਤੁਸੀਂ ਵੀ ਸੈਣੀ ਸਾਹਬ ਕਦੇ ਕਦੇ ਸੁਮੇਧ ਸੈਣੀ ਦਾ ਨਾਂ ਲੈ ਦਿਆ ਕਰੋ । ਮੈਂ ਕਹਿੰਨਾਂ, "ਮੈਂ ਉਹਨੂੰ ਜਾਣਦਾ ਈ ਨਹੀਂੜੜ.." ਤਾਂ ਉਹ ਕਹਿੰਦੈ, "ਇਹ ਕਿਹੜਾ ਕੇ. ਪੀ. ਐਸ, ਗਿੱਲ ਨੂੰ ਜਾਣਦੈ, ਇਹਨੇ ਵੀ ਅਖਬਾਰਾਂ 'ਚ ਈ ਪੜ੍ਹਿਐੜ.. ।" ਮੈਂ ਹੱਸ ਪੈਨਾਂ ਤੇ ਕਹਿੰਨਾਂ ਕਿ ਤੇਰਾ ਤਾਂ ਰਾਮਗੜ੍ਹੀਆ ਰਾਸ਼ਟਰਪਤੀ ਵੀ ਹੋ ਲਿਆ ਤੂੰ ਨਾਂ ਕਦੇ ਨਾਂ ਲਿਆ ।"੧*

*੨. ਤੰਗ ਤਾਂ ਗਿੱਲ ਵਿਚਲੇ ਜੱਟ ਤੋਂ ਸਾਰਾ ਦਫਤਰ ਈ ਐ, ਪਰ ਮੈਂ ਤੇ ਮਠਾੜੂ ਤਾਂ ਪੁੱਜ ਕੇ ਦੁਖੀ ਹਾਂ, ਉਹ ਸਾਨੂੰ ਟਕੋਰਾਂ ਵੀ ਬਹੁਤ ਲਾਉਂਦੈ, ਮਠਾੜੂ ਨੂੰ ਕਹੂ ਕਿ ਦੇਖ ਮਠਾੜੂ ਜੀਹਦਾ ਯਾਰ ਸੈਣੀ ਉਹ ਅੱਜ ਵੀ ਹੈਨੀ ਤੇ ਕੱਲ੍ਹ ਵੀ ਹੈਨੀ, ਮੈਨੂੰ ਕਹੂ, "ਬਚਕੇ ਸੈਣੀ, ਇਹ ਜਾਤ ਤਾਂ ਸੱਕ ਵੀ ਆਪਣੇ ਪਾਸੇ ਨੂੰ ਲਾਹੁੰਦੀ ਐ ੜੜੜੜ.. ।"*

*ਹੱਸ ਕੇ ਟਾਲ ਦਿੰਨੇ ਆਂ, ਕਈ ਵਾਰ ਵਿਚਾਰ ਕਰਦੇ ਹਾਂ ਅਸੀਂ ਕਿ ਜਾਤ ਨਾਲ ਬੰਦੇ 'ਚ ਕੋਈ ਫਰਕ ਨਹੀਂ ਪੈਂਦਾ ? ਤਾਂ ਮਠਾੜੂ ਹੱਸ ਕੇ ਕਹੂ, "ਫਰਕ ਤਾਂ ਪੈਂਦਾ ਈ ਆ ਸੈਣੀ ਸਾਹਿਬ, ਉਹ ਕਿੰਨਾ ਬਕਵਾਸ ਕਰਦੈ ਆਪਣੇ ਬਾਰੇ, ਆਪਾਂ ਕਿਉਂ ਨਹੀਂ ਕਰਦੇ ।"੨*

ਅਜੋਕੀ ਪੰਜਾਬੀ ਕਹਾਣੀ ਜੇ ਸਭ ਤੋਂ ਵੱਧ ਸ਼ਿੱਦਤ ਨਾਲ ਕਿਸੇ ਗੱਲ ਦਾ ਅਹਿਸਾਸ ਕਰਵਾ ਰਹੀ ਹੈ ਤਾਂ ਉਹ ਇਹ ਹੈ ਕਿ ਦਲਿਤ ਸਰੋਕਾਰਾਂ ਵਿਚੋਂ ਸਿਰਫ ਆਰਥਿਕਤਾ ਹੀ ਪ੍ਰਮੁੱਖ ਮਸਲਾ ਨਹੀਂ ਹੈ । ਪਹਿਲੇ ਦਲਿਤ ਪਾਤਰ ਦਾ ਸੰਤਾਪ ਗੁਰਬਤ, ਬੇਵਸੀ, ਲਾਚਾਰੀ, ਅਗਿਆਨਤਾ ਅਤੇ ਅਹਿਸਾਨਾਂ ਦੇ ਬੋਝ ਵਿਚੋਂ ਹੀ ਆਕਾਰ ਗ੍ਰਹਿਣ ਕਰਦਾ ਸੀ. ਜਦੋਂ ਕਿ ਅਜੋਕੀ ਕਹਾਣੀ ਦੇ ਦਲਿਤ ਪਾਤਰ ਦਾ ਸੰਤਾਪ ਉਸਦੀ ਵਰਤਮਾਨ ਸਥਿਤੀ ਅਤੇ ਭੂਤਕਾਲੀ ਸਥਿਤੀ ਦੇ ਦਵੰਦ ਵਿਚੋਂ ਵੀ ਪੈਦਾ ਹੁੰਦਾ ਹੈ । ਇਨ੍ਹਾਂ ਕਹਾਣੀਆਂ ਦੇ ਬਹੁਤੇ ਪਾਤਰ ਆਪਣੀ ਉੱਚ ਵਰਤਮਾਨ ਸਥਿਤੀ ਅਤੇ ਗਲੀਜ਼ਤਾ ਭਰੀ ਭੂਤਕਾਲੀ ਸਥਿਤੀ ਦੀ ਤੁਲਨਾਤਮਕਤਾ ਨਾਲ ਤਾਲਮੇਲ ਨਾ ਬਿਠਾ ਸਕਣ ਦੇ ਮਾਨਸਿਕ ਦਵੰਦ ਵਿਚੋਂ ਸੰਤਾਪ ਭੋਗਦੇ ਹਨ । ਇਹ ਪਾਤਰ ਆਪਣੀ ਪੁਰਾਣੀ ਦੁਖਦ ਸਥਿਤੀ ਤੋਂ ਟੁੱਟਣਾਂ ਚਾਹੁੰਦੇ ਹਨ ਅਤੇ ਨਵੀਂ ਸੁਖਦ ਸਥਿਤੀ ਨਾਲ ਜੁੜਨਾ ਚਾਹੁੰਦੇ ਹਨ, ਪਰੰਤੂ ਅਜਿਹਾ ਕਰਨ ਲਈ ਉਨ੍ਹਾਂ ਦੀ ਮਾਨਸਿਕਤਾ ਕੋਲ ਕੋਈ ਵੀ ਠੋਸ ਧਰਾਤਲ ਉਪਲਬਧ ਨਹੀਂ ਹੈ । ਇਸ ਲਈ ਅਤਰਜੀਤ ਦੀ ਕਹਾਣੀ 'ਨੂੰਹਾਂ' ਦਾ ਇੰਦਰਜੀਤ ਕਟਾਰੀਆ, ਪ੍ਰੇਮ ਗੋਰਖੀ ਦੀ 'ਵਿੱਥ' ਦਾ ਗੁਰਬਖਸ਼, ਲਾਲ ਸਿੰਘ ਦੀ 'ਅੱਧੇ-ਅਧੂਰੇ' ਦਾ ਰਾਮਪਾਲ, ਅਜਮੇਰ ਸਿੰਘ ਦੀ 'ਗੌਰਜਾਂ' ਦਾ ਜੀਤੂ ਬਾਵਾ, ਮੋਹਨ ਲਾਲ ਫਿਲੌਰੀਆ ਦੀ ਕਹਾਣੀ 'ਨਿੱਕੇ-ਨਿੱਕੇ ਹੱਥ', ਜੋਗਿੰਦਰ ਸਿੰਘ ਨਿਰਾਲਾ ਦੀ ਕਹਾਣੀ 'ਦਲਿਤ', ਗੁਰਮੀਤ ਕੜਿਆਲਵੀ ਦੀ ਕਹਾਣੀ 'ਹੱਡਾ ਰੋੜੀ ਤੇ ਰੇਹੜੀ', ਜਿੰਦਰ ਦੀ ਕਹਾਣੀ 'ਸੌਰੀ' ਅਤੇ ਤਲਵਿੰਦਰ ਸਿੰਘ ਦੀ 'ਪੈਂਡਾ' ਦੇ ਮੈਂ ਪਾਤਰ ਸੁਖਾਂਵੀਂ ਆਰਥਿਕਤਾ ਅਤੇ ਉੱਚੇ ਸਮਾਜਿਕ ਰੁਤਬੇ ਦੇ ਬਾਵਜੂਦ ਨੀਵੀਂ ਜਾਤ ਦੇ ਸੰਤਾਪ ਕਾਰਨ ਹੀਣ ਭਾਵਨਾ ਵਿਚ ਗਰੱਸੇ ਹੋਏ ਹਨ । ਜਾਤੀਗਤ ਮਸਲੇ ਸਿਰਫ ਆਰਥਿਕਤਾ ਮਜਬੂਤ ਹੋਣ ਨਾਲ ਹੀ ਨਜਿੱਠੇ ਨਹੀਂ ਜਾਣੇ, ਕੁਝ ਇਹੋ ਜਿਹੀ ਅੰਤਰ ਦ੍ਰਿਸ਼ਟੀ ਹਰਜਿੰਦਰ ਸੂਰੇਵਾਲੀਆ ਦੀ ਕਹਾਣੀ 'ਪਾਪਾ ਆਪਾਂ ਬਰਾੜ ਹੁੰਨੇ ਆਂ' ਵਿੱਚੋਂ ਵੀ ਪ੍ਰਾਪਤ ਹੁੰਦੀ ਹੈ । ਕਹਾਣੀ ਵਿਚਲੇ ਪਾਤਰ ਗੁਰਨਾਮ ਸਿੰਘ ਦਾ ਪਿਛੋਕੜ ਗਰੀਬ ਦਲਿਤ ਪਰਿਵਾਰ ਦਾ ਹੈ । ਪਰ ਵਰਤਮਾਨ ਸਥਿਤੀ ਵਿਚ ਉਹ ਤੇ ਉਸ ਦੀ ਪਤਨੀ ਦੋਵੇਂ ਸਰਕਾਰੀ ਸਕੂਲ ਵਿਚ ਅਧਿਆਪਕ ਹਨ । ਪਿੰਡ ਵਿਚ ਮਹਾਜਨਾਂ ਦੇ ਮੁਹੱਲੇ ਵਿਚ ਉਨ੍ਹਾਂ ਦਾ ਆਪਣਾ ਘਰ ਹੈ । ਆਏ ਗਏ ਮਹਿਮਾਨਾਂ ਦੀ ਚੰਗੀ ਸੇਵਾ ਪਾਣੀ ਕਰਨ ਦੀ ਸਮਰੱਥਾ ਅਤੇ ਹੌਂਸਲਾ ਰੱਖਦੇ ਹਨ । ਬੱਚੇ ਨੂੰ ਮਹਿੰਗੇ ਖਿਡੌਣੇ ਲੈ ਕੇ ਦਿੰਦੇ

ਹਨ ।ਪਰ ਕਹਾਣੀ ਦਾ ਇਕੋ ਵੇਰਵਾ ਹੀ ਸਾਰੀ ਆਰਥਿਕ ਸੌਖ ਨੂੰ ਦਰਕਿਨਾਰ ਕਰ ਦਿੰਦਾ ਹੈ ।ਵੇਰਵਾ ਇਸ ਪ੍ਰਕਾਰ ਹੈ:

*"ਪਾਪਾ, ਪਾਪਾ ਆਪਾਂ ਬਰਾੜ ਹੁੰਨੇ ਆਂ ?" ਉਸਨੇ ਨਜ਼ਰਾਂ ਗੁਰਨਾਮ ਦੇ ਚਿਹਰੇ 'ਤੇ ਗੱਡ ਦਿੱਤੀਆਂ ਤੇ 'ਹਾਂ' ਦੀ ਉਡੀਕ ਕਰਨ ਲੱਗਿਆ ।ਪਰ ਗੁਰਨਾਮ ਕਹਿ ਨਾ ਸਕਿਆ ।ਉਲਟਾ ਉਸਨੇ ਗੁੱਗੂ ਤੇ ਸਵਾਲ ਕਰ ਦਿੱਤਾ ।*

*"ਕਿਉਂ ਕੀ ਹੋਇਆ ?"*

*"ਪਾਪਾ ਮੈਂ ਰਿੰਕੂ ਨੂੰ ਸਾਈਕਲ ਨਹੀਂ ਦਿੱਤਾ ।ਉਹ ਕਹਿੰਦਾ ਜਾ ਨਾ ਦੇਹ ਸਾਈਕਲ, ਅਸੀਂ ਤੇਰੇ ਨਾਲ ਖੇਡਦੇ ਈ ਨਹੀਂ ।ਤੁਸੀਂ ਤਾਂ ਚਮਿਆਰ ਹੁੰਦੇ ਹੋ," ਕਹਿ ਕੇ ਬੱਚੇ ਨੇ ਨਜ਼ਰਾਂ ਫਿਰ ਆਪਣੇ ਪਾਪਾ ਦੇ ਚਿਹਰੇ 'ਤੇ ਗੱਡ ਦਿੱਤੀਆਂ ।*

*ਗੁਰਨਾਮ ਚੁੱਪ ਸੀ ।*

*"ਪਾਪਾ ਆਪਾਂ ਚਮਿਆਰ ਹੁੰਨੇ ਆਂ ?" ਉਸਦੀ ਅਵਾਜ਼ ਰੋਣਹਾਕੀ ਹੋ ਗਈ ਸੀ ।*

*ਉਸਨੇ ਫਿਰ ਭਰੜਾਈ ਅਵਾਜ਼ 'ਚ ਪੁੱਛਿਆ, "ਪਾਪਾ ਬੋਲੋ ਨਾ, ਆਪਾਂ ਚਮਿਆਰ ਹੁੰਨੇ ਆਂ ? ਤੇ ਫਿਰ ਉਹ ਉੱਚੀ-ਉੱਚੀ ਰੋਂਦਾ ਆਪਣੀ ਮਾਂ ਕੋਲ ਭੱਜ ਗਿਆ ।ਮੈਂ ਤੇ ਗੁਰਨਾਮ ਬੁੱਤ ਬਣੇ ਖੜ੍ਹੇ ਸਾਂ ।੩*

ਅਜੋਕੀ ਪੰਜਾਬੀ ਕਹਾਣੀ ਵਿਚ ਦਲਿਤ ਚੇਤਨਾ ਦਾ ਇਕ ਪਸਾਰ ਇਤਿਹਾਸਕ, ਮਿਥਿਹਾਸਕ ਅਤੇ ਸਾਂਸਕ੍ਰਿਤਕ ਵੇਰਵਿਆਂ ਵਿਚੋਂ ਦਲਿਤ ਮਨੁੱਖ ਦੀ ਸਥਿਤੀ ਦੀ ਪਹਿਚਾਣ ਦਾ ਹੈ ।ਅਜਿਹੀ ਕਹਾਣੀ ਨਾਂ ਕੇਵਲ ਇਨ੍ਹਾਂ ਮਨੁੱਖਾਂ ਦੇ ਦਲਿਤਾਂ ਵਿਚ ਵਟ ਜਾਣ ਨੂੰ, ਸਗੋਂ ਇਤਿਹਾਸ ਦੇ ਵੱਖ-ਵੱਖ ਕਾਲਾਂ ਵਿਚ ਦਲਿਤਾਂ ਦੀ ਸਥਿਤੀ ਨੂੰ ਵੀ ਉਜਾਗਰ ਕਰਦੀ ਹੈ ।ਇਨ੍ਹਾਂ ਕਹਾਣੀਆਂ ਦਾ ਮੂਲ ਪ੍ਰਯੋਜਨ ਦਲਿਤ ਇਤਿਹਾਸਕਤਾ ਦੇ ਸਹੀ ਸ੍ਰੋਤਾਂ ਦੀ ਤਲਾਸ਼ ਹੈ ।ਮਹੱਤਵਪੂਰਨ ਮੁੱਦਾ ਇਹ ਜਾਨਣ ਦਾ ਹੈ ਕਿ ਕਿਹੜੀਆਂ ਵਿਸ਼ੇਸ਼ ਇਤਿਹਾਸਕ ਪ੍ਰਸਥਿਤੀਆਂ ਵਿਚ ਸਮਾਜ ਦੇ ਇਸ ਵਰਗ ਨੂੰ ਹਾਸ਼ੀਏ ਤੱਕ ਧੱਕ ਦੇਣ ਦੀ ਸਾਜਿਸ਼ ਰਚੀ ਗਈ ।ਕਿਵੇਂ ਆਦਿ ਕਾਲ ਤੋਂ ਲੈ ਕੇ ਵਰਤਮਾਨ ਕਾਲ ਤੱਕ ਦਲਿਤ ਵੱਖ-ਵੱਖ ਆਧਾਰਾਂ 'ਤੇ ਵਿਤਕਰਾ ਸਹਿੰਦੇ ਹਨ ।ਕਿਵੇਂ ਸਮੇਂ ਦੀਆਂ ਸਰਕਾਰਾਂ ਤੇ ਸ਼ਾਸਕ ਵਰਗ ਦਲਿਤਾਂ ਨੂੰ ਆਪਣੇ ਹਿਤਾਂ ਲਈ ਵਰਤਦੇ ਰਹੇ ਹਨ ।ਇਹ ਕਹਾਣੀਆਂ ਚਿੰਤਨ ਅਤੇ ਚੇਤਨਾ ਦੀ ਵਿਧੀ ਵਰਤਦਿਆਂ ਦਰਸ਼ਨ ਅਤੇ ਇਤਿਹਾਸ ਬੋਧ ਰਾਹੀਂ ਦਮਿਤ ਚੇਤਨਾ ਦੇ ਅੱਗੋਂ ਦਲਿਤ ਚੇਤਨਾ ਤੱਕ ਵਟ ਜਾਣ ਦਾ ਸਫਰ ਤੈਅ ਕਰਦੀਆਂ ਹਨ ।ਮਨਿੰਦਰ ਕਾਂਗ ਦੀ 'ਕੁੱਤੀ ਵਿਹੜਾ', ਭਗਵੰਤ ਰਸੂਲਪੁਰੀ ਦੀ 'ਜੜ੍ਹਾਂ' ਅਤੇ 'ਆਦਿ ਡੰਕਾ', ਦੇਸ ਰਾਜ ਕਾਲੀ ਦੀ 'ਜ਼ਖਮਾਂ ਦੇ ਰਸਤਿਉਂ, ਸਰੂਪ ਸਿਆਲਵੀ ਦੀ 'ਕਾਲ ਕਲਾਂਤਰ' ਅਤੇ ਮਨਮੋਹਨ ਬਾਵਾ ਦੀਆਂ 'ਰਿਕਵ', 'ਰੂਪਾਂਤਰਣ' ਅਤੇ 'ਬੇਅਕਲਾਂ ਦਾ ਜਨਪਦ' ਆਦਿ ਇਸੇ ਵਿਧੀ ਦੀਆਂ ਕਹਾਣੀਆਂ ਹਨ ।

ਅਜਿਹਾ ਨਹੀਂ ਹੈ ਕਿ ਪਹਿਲੀ ਪੰਜਾਬੀ ਕਹਾਣੀ ਵਿਚ ਉੱਚ ਵਰਗ ਦੀ ਹੈਂਕੜ ਅਤੇ ਦਲਿਤ ਲੋਕਾਈ ਪ੍ਰਤੀ ਜਾਤੀਗਤ ਨਫਰਤ ਅਤੇ ਅਮਨੁੱਖੀ ਮਾਨਸਿਕਤਾ ਨਾਲ ਦਲਿਤ ਪਾਤਰਾਂ ਦਾ ਵਾਹ ਨਹੀਂ ਪਿਆ ।ਪਰ ਇਸ ਕਹਾਣੀ ਵਿਚ ਉਪਲਬਧ ਜਾਤੀ ਹਉਂ ਦਾ ਨਿਵੇਕਲਾ ਪਾਸਾਰ ਇਸ ਗੱਲ ਵਿਚ ਹੈ ਕਿ ਜਾਤੀ ਨਫਰਤ, ਵਿਕਾਗ੍ਰਸਤ ਸੋਚ ਅਤੇ ਅਨਿਆਂਕਾਰੀ ਮਾਨਸਿਕਤਾ ਵਿਕਸਤ ਅਤੇ ਪੜ੍ਹੇ ਲਿਖੇ ਸਮਾਜ ਵਿਚ ਵੀ ਉਨੇਂ ਹੀ ਘ੍ਰਿਣਤ ਰੂਪ ਵਿਚ ਹਾਜਰ ਹੈ, ਜਿੰਨੀ ਕਿ ਅਨਪੜ੍ਹ ਅਤੇ ਪਛੜੇ ਸਮਾਜ ਵਿਚ ਸੀ ।ਇਸ ਸੰਦਰਭ ਵਿਚ 'ਵਿੱਥ' 'ਲੋਹਾ', 'ਧਰਤੀ ਪੁੱਤਰ' (ਪ੍ਰੇਮ ਗੋਰਖੀ), 'ਹਾਰ ਜਿੱਤ' (ਨਛੱਤਰ), "ਅੱਧੇ ਅਧੂਰੇ', 'ਪੌੜੀ' (ਲਾਲ ਸਿੰਘ) ਅਤੇ 'ਜੈਲਦਾਰ ਦਾ ਪੋਤਾ' (ਜਸਵਿੰਦਰ ਸਿੰਘ) ਆਦਿ ਕਹਾਣੀਆਂ ਵਾਚੀਆਂ ਜਾ ਸਕਦੀਆਂ ਹਨ ।ਇਨ੍ਹਾਂ ਕਹਾਣੀਆਂ ਵਿਚ ੨੧ਵੀ ਸਦੀ



ਦੇ ਸਕੂਲ ਅਧਿਆਪਕਾਂ, ਕਾਲਜ ਪ੍ਰੋਫੈਸਰਾਂ ਅਤੇ ਰਈਸ ਜਾਦਿਆਂ ਵੱਲੋਂ ਜਾਹਰ ਕੀਤੀ ਹਈ ਜਾਤੀਗਤ ਨਫਰਤ ਦੇ ਕੁੱਝ ਵੇਰਵੇ ਇਸ ਪ੍ਰਕਾਰ ਹਨ:

*੧. "ਹੀਣ ਭਾਵਨਾ, ਕਾਦ੍ਹੀ ਹੀਣ ਭਾਵਨਾ ! ਜੇੜ੍ਹਾ ਹੈ ਈ ਤਖਾਣ ਉਨ੍ਹੇ ਤਖਾਣ ਈ ਰੈਣ੍ਹਾਂ੩੩ ।ਉਹ ਭਾਮਾਂ ਮੁੱਖ ਮੰਤਰੀ ਛੱਡ ਕੇ ਰਾਸ਼ਟਰਪਤੀ ਬਣ ਜੇਏ੩.. ।ਏਹ ਬੜੀ ਬਰੋਬਰੀ ਸਭ ਕੈਹਣ ਕਹਾਉਣ ਦੀਆਂ ਗੱਲਾਂ ਈ ਆ੩੩੩. ਏਹ ਕਤੀੜ ਸਾਲੀ ਹੈਈ ਏਸ ਲੈਕ੩.. ।"੪*

(ਸਕੂਲ ਪੀ. ਟੀ. ਆਈ ਵੱਲੋਂ ਬੋਲੇ ਸ਼ਬਦ, ਕਹਾਣੀ 'ਅੱਧੇ ਅਧੂਰੇ', ਲਾਲ ਸਿੰਘ)

*੨. "ਏਦ੍ਹੀ ਹਿੰਮਤ ਕਿੱਦਾਂ ਪਈ ਬ੍ਰਾਹਮਣਾ-ਬਾਣੀਆਂ ਵੱਲ ਉਂਗਲ ਚੁੱਕਣ ਦੀ ।ਇਹ ਆਪਣੀ ਔਕਾਤ ਭੁੱਲ ਕਿਵੇਂ ਗਿਆ ।ਅਜੇ ਬੀ. ਏ. ਟੂ 'ਚ ਆ ਏਹ ।ਅੱਗੇ ਪੁੱਜ ਕੇ ਤਾਂ ਸਾਡੀ ਪਿੱਠ 'ਤੇ ਨਹੀਂ, ਸਿਰ 'ਤੇ ਸਵਾਰ ਹੋ ਕੇ ਬੈਠੂ ਏਹ ।"੫*

(ਕਾਲਜ ਪ੍ਰੋਫੈਸਰ ਵੱਲੋਂ ਬੋਲੇ ਸ਼ਬਦ, ਕਹਾਣੀ 'ਪੌੜੀ', ਲਾਲ ਸਿੰਘ)

*੩. "ਉਹਨੂੰ ਚਮਾਰੜੇ ਨੂੰ ਤੂੰ ਘਰੇ ਦਾਅਵਤ 'ਤੇ ਬੁਲਾਇਐ੩ਜੀਹਨੂੰ ਅਸਾਂ ਕਦੇ ਪੁਆਂਦੀ ਨਾ ਬਹਿਣ ਦਿੱਤਾ੩੩...ਚੰਗਾ ਨਾ ਕਮਾਏਂਗਾ ਪੁੱਤਰ ਜੈਲਦਾਰੀ ਦਾ੩੩.. 'ਮਰੀਕਾ 'ਚ ।ਏਹੀ ਰਹਿ ਗਿਆ ਸੀ੩੩..ਚੰਦ ਚਾੜ੍ਹਨ ਨੂੰ੩੩੩੩.ਬਾਪੂ ਦਾਦੇ ਦੀ ਸੋਹਣੀ ਸੋਭਾ੩੩੩.ਮਾੜੂ ਕਿਆਂ ਦੀਆਂ ਸਪਾਰਸ਼ਾਂ ਨਾਲ ਪੱਕਾ ਹੋਏਂਗਾ੩੩.ਫਿਟ ਲਾਹਣਤ ।"੬*

(ਜੈਲਦਾਰ ਵੱਲੋਂ ਬੋਲੇ ਸ਼ਬਦ, ਕਹਾਣੀ 'ਜੈਲਦਾਰ ਦਾ ਪੋਤਾ', ਜਸਵਿੰਦਰ ਸਿੰਘ, )

ਅਜੋਕੀ ਕਹਾਣੀ ਵਿਚ ਦਲਿਤ ਚੇਤਨਾ ਦਾ ਇਕ ਮਹੱਤਵਪੂਰਨ ਪਾਸਾਰ ਇਹ ਵੀ ਉਪਲਬਧ ਹੁੰਦਾ ਹੈ ਕਿ ਦਲਿਤਾਂ ਦਾ ਸ਼ੋਸ਼ਣ ਜਰੂਰੀ ਨਹੀਂ ਸਰੀਰਕ ਯਾਤਨਾ ਅਤੇ ਆਰਥਿਕ ਲੁੱਟ ਦੀਆਂ ਵਿਧੀਆਂ ਨਾਲ ਹੀ ਕੀਤਾ ਜਾਵੇ ।ਇਹ ਵੀ ਜਰੂਰੀ ਨਹੀਂ ਕਿ ਜਬਰੀ ਵਗਾਰ ਦੇ ਰੂਪ ਵਿਚ ਹੋਵੇ ।ਇਹ ਭਾਵਨਾਤਮਕ ਵੀ ਹੋ ਸਕਦਾ ਹੈ ।ਇਹ ਸ਼ਬਦਾਂ ਦੀ ਰਾਜਨੀਤੀ ਵੀ ਹੋ ਸਕਦੀ ਹੈ । ਦਲਿਤਾਂ ਦੇ ਅਜਿਹੇ ਸ਼ੋਸ਼ਣ ਦੀਆਂ ਮਿਸਾਲਾਂ ਵੀ ਅਨੇਕ ਕਹਾਣੀਆਂ ਵਿਚ ਉਪਲਬਧ ਹਨ । ਅਤਰਜੀਤ ਦੀ ਕਹਾਣੀ 'ਬਠਲੂ ਚਮਿਆਰ' ਵਿਚ ਜਿਹੋ ਜਿਹਾ ਵਿਹਾਰ ਸਰਪੰਚ ਅਤੇ ਪੰਚਾਇਤ ਵੱਲੋਂ ਬਠਲੂ ਨਾਲ ਪਿਆਰ ਅਤੇ ਅਹਿਸਾਨ ਦੀ ਭਾਸ਼ਾ ਵਰਤ ਕੇ ਕੀਤਾ ਗਿਆ ਸੀ, ਉਹੋ ਜਿਹਾ ਵਿਹਾਰ ਜਸਵਿੰਦਰ ਸਿੰਘ ਦੀ ਕਹਾਣੀ 'ਘਰ ਦਾ ਜੀਅ' ਵਿਚ ਦਲਿਤ ਪਾਤਰ ਸਰਾਜ ਨਾਲ ਹੋ ਰਿਹਾ ਹੈ ।ਲਗਭਗ ਉਹੀ ਵਿਹਾਰ ਬਲਦੇਵ ਦੀ ਕਹਾਣੀ 'ਮਰ ਗਿਆ ਬਿਸ਼ਨੂੰ' ਦੇ ਪਰਵਾਸੀ ਮਜਦੂਰ ਦੇਉ ਨਾਲ ਹੁੰਦਾ ਹੈ ।ਪਹਿਲੀ ਸਥਿਤੀ ਵਿਚ ਪੁਚਕਾਰ ਕੇ ਵਗਾਰ ਕਰਵਾਉਣ ਵਾਲੇ ਪਿੰਡ ਦੇ ਜਿਮੀਂਦਾਰ ਹਨ, ਦੂਜੀ ਸਥਿਤੀ ਵਿਚ ਸ਼ਹਿਰੀ ਮੱਧ ਵਰਗ ਦੀ ਮਿਸਿਜ਼ ਸੇਠੀ ਅਤੇ ਉਸਦਾ ਪਰਿਵਾਰ ਹੈ ।ਪਰ ਜਿਸ ਪ੍ਰਕਾਰ ਦੀ ਪੁਚਕਾਰਨ ਦੀ ਰਾਜਨੀਤੀ ਉਹ ਕਰ ਰਹੇ ਹਨ ਨਾ ਤਾਂ ਉਸ ਵਿਚ ਕੋਈ ਅੰਤਰ ਹੈ ਅਤੇ ਜਿਸ ਪ੍ਰਕਾਰ ਦਾ ਤ੍ਰਿਸਕਾਰ ਸਰਾਜ ਅਤੇ ਬਿਸ਼ਨੂੰ ਹੰਢਾਉਂਦੇ ਹਨ, ਨਾ ਹੀ ਉਸ ਵਿਚ ਕੋਈ ਫਰਕ ਹੈ ।ਸੰਦੇਸ਼ ਸਪਸ਼ਟ ਹੈ ।ਤਮਾਮ ਵੱਖਰਤਾਵਾਂ ਦੇ ਬਾਵਜੂਦ ਲੁੱਟਣ ਵਾਲਿਆਂ ਦੀ 'ਜਾਤ ਅਤੇ ਜਮਾਤ' ਵੀ ਇਕੋ ਹੈ ਅਤੇ ਲੁੱਟੇ ਜਾਣ ਵਾਲੇ ਵੀ ਇਕੋ ਹੀ 'ਜਾਤ ਅਤੇ ਜਮਾਤ' ਦੇ ਹਨ ।

ਦਲਿਤ ਸੰਤਾਪ ਦੇ ਅਨੇਕਾ ਕਾਰਨਾਂ ਵਿਚੋਂ ਇਕ ਕਾਰਨ ਜਿਸਦੀ ਅਜੋਕੀ ਕਹਾਣੀ ਨਿਸ਼ਾਨਦੇਹੀ ਕਰਦੀ ਹੈ, ਉਹ ਇਹ ਹੈ ਕਿ ਆਰਥਿਕ ਅਤੇ ਰਾਜਨੀਤਕ ਪੱਖੋਂ ਸਮਰਿੱਧ ਹੋਣ ਤੋਂ ਬਾਅਦ ਦਲਿਤ ਪਾਤਰ ਮਨੁੱਖਤਾ ਵਿਰੋਧੀ, ਸ਼ੋਸ਼ਣਕਾਰੀ ਅਤੇ ਅਨਿਆਂਕਾਰੀ ਵਿਵਸਥਾ ਦਾ ਵਿਰੋਧੀ ਹੁੰਦਿਆਂ ਹੋਇਆਂ ਵੀ ਉਸੇ ਵਿਵਸਥਾ ਦੇ ਹੱਕ ਵਿਚ ਖੜ੍ਹਨ ਲਈ ਮਜਬੂਰ ਹੁੰਦਾ ਹੈ ।ਜਾਤੀ ਵਿਤਕਰਿਆਂ ਵਿਰੁੱਧ ਵਿੱਢੀ ਗਈ ਲੜਾਈ ਦੀ ਪਹਿਲੀ ਹਾਰ ਇਸੇ ਸਮੇਂ ਹੋ ਜਾਂਦੀ ਹੈ ।ਇਸ ਹਾਰ

ਵਿਚ ਵਿਸ਼ੇਸ਼ ਕਿਸਮ ਦੇ ਅਵਚੇਤਨ ਦੀ ਹਾਰ ਹੈ ਜੋ ਚਾਹੇ ਅਣਚਾਹੇ ਆਪਣੇ ਵਿਰੋਧੀਆਂ ਦੇ ਹੱਕ ਵਿਚ ਭੁਗਤ ਜਾਂਦਾ ਹੈ ।ਕੁਝ ਇਹੋ ਜਿਹਾ ਹੀ ਮੋਹਨ ਲਾਲ ਫਿਲੌਰੀਆਂ ਦੀ ਕਹਾਣੀ 'ਨਿੱਕੇ-ਨਿੱਕੇ ਹੱਥ' ਅਤੇ ਜਿੰਦਰ ਦੀ ਕਹਾਣੀ 'ਸੌਰੀ' ਦੇ ਪਾਤਰ ਨਾਲ ਵਾਪਰਦਾ ਹੈ, ਜੋ ਆਪਣੀ ਆਰਥਿਕ ਸਥਿਤੀ ਕਾਰਨ ਉੱਚ ਵਰਗ ਅਤੇ ਪੜ੍ਹੇ ਲਿਖੇ ਲੋਕਾਂ ਦੀ ਕਲੋਨੀ ਵਿਚ ਰਹਿੰਦਾ ਹੈ ।ਨਾਂ ਦੇ ਮਗਰ ਗੋਤ ਦੀ ਥਾਂ ਪਿੰਡ ਦਾ ਨਾਂ ਲਗਾਉਂਦਾ ਹੈ ।ਚਾਹੁੰਦਾ ਹੋਇਆ ਵੀ ਆਪਣੀ ਜਾਤ ਦੇ ਵਿਅਕਤੀ ਨਾਲ ਹੋ ਰਹੇ ਧੱਕੇ ਬਾਰੇ ਆਵਾਜ਼ ਨਹੀਂ ਉਠਾ ਸਕਦਾ ।ਜਾਤੀਗਤ ਹੀਣਤਾ ਉਸ ਦੇ ਮੂੰਹੋਂ ਇਨਸਾਫ ਦੇ ਸ਼ਬਦਾਂ ਦੀ ਥਾਂ ਚੀਕ ਹੀ ਕਢਵਾਉਂਦੀ ਹੈ ।

ਅਜੋਕੇ ਸਮਾਜ ਵਿਚ ਦਲਿਤਾਂ ਵੱਲੋਂ ਜਿਹੋ ਜਿਹੀ ਇਸਸਿਟਓਨਚਏ ਦੇ ਵੇਰਵੇ ਮਿਲ ਰਹੇ ਹਨ, ਉਦ੍ਹਾਂ ਦੀ ਇਸਸਿਟਓਨਚਏ ਅਜੋਕੀ ਪੰਜਾਬੀ ਕਹਾਣੀ ਵਿਚ ਉਸ ਮਾਤਰਾ ਵਿਚ ਉਪਲਬਧ ਨਹੀਂ ।ਅਜਿਹਾ ਨਹੀਂ ਹੈ ਕਿ ਅਜੋਕੀ ਕਹਾਣੀ ਦੇ ਦਲਿਤ ਪਾਤਰਾਂ ਵਿਚ ਆਕ੍ਰੋਸ਼ ਤਾਂ ਹੈ, ਪਰ ਇਹ ਆਕ੍ਰੋਸ਼ ਐਕਸ਼ਨ ਵਿਚ ਨਹੀਂ ਬਦਲਦਾ ।ਇਹ ਲਾਵਾ ਅੰਦਰੇ ਅੰਦਰ ਹੀ ਸੁਲਗਦਾ ਹੈ ।ਕ੍ਰਿਪਾਲ ਕਜਾਕ ਦੀ ਕਹਾਣੀ 'ਸੈਲਾਬ' ਦੇ ਮੈਂ ਪਾਤਰ ਦਾ ਇਹ ਕਥਨ ਕਿ *'ਮੇਰੀ ਬਦਕਿਸਮਤੀ ਇਹ ਹੈ, ਕਿ ਜਦੋਂ ਵੀ ਮੈਂ ਕੁਝ ਕਰ ਗੁਜ਼ਰਨ ਬਾਰੇ ਸੋਚਿਆ ਹੈ, ਮਿੱਟੀ ਵਾਂਗ ਭੁਰਿਆ ਅਤੇ ਚਿਖਾ ਵਾਂਗ ਬਲਿਆ ਹਾਂ ।'੭* ਸਮੁੱਚੇ ਦਲਿਤ ਆਕ੍ਰੋਸ਼ ਦੀ ਹੋਣੀ ਬਾਰੇ ਸੰਕੇਤ ਦਿੰਦਾ ਹੈ ।ਗੁਰਮੀਤ ਕੜਿਆਲਵੀ ਦੀ ਕਹਾਣੀ 'ਚੀਕ' ਦੀ ਗੈਰ ਦਲਿਤ ਪਾਤਰ ਦਾ ਗਿਲਾ ਵੀ ਇਹੋ ਹੈ ।ਉਹ ਕਹਿੰਦੀ ਹੈ, *"ਮੈਂ ਹੈਰਾਨ ਹੁੰਦੀ ਹਾਂ, "ਐਨਾਂ ਵਿਤਕਰਾ ਕਿਵੇਂ ਬਰਦਾਸ਼ਤ ਕਰ ਲੈਂਦੇ ਨੇ, ਇਹ ਲੋਕ ? ਚੀਕ ਕਿਉਂ ਨਹੀਂ ਮਾਰਦੇ ? ਸੋਚਦੀ ਹਾਂ ਜੇਕਰ ਹੈੱਡ ਸਾਹਿਬ, ਨਿਰਮਲ, ਗੁਰਦੀਸ਼, ਪ੍ਰਵੀਨ ਬਾਲਾ ਅਤੇ ਦਿਆਲ, ਗੁਰਨੇਕ ਵਰਗੇ ਹਿੰਮਤ ਕਰਨ ਤਾਂ ਮਾਂ ਵਾਂਗੂੰ, ਢੰਡ ਪਰਿਵਾਰ ਜੁੰਡਲੀ ਨੂੰ ਵੀ ਖਹਿੜਾ ਛੁਡਾਉਣਾ ਔਖਾ ਹੋ ਜੇ ।ਇਹ ਗੱਲ ਮੇਰੀ ਸਮਝੋਂ ਬਾਹਰ ਹੈ ਕਿ ਇਹ ਲੋਕ ਚੀਕ ਸੰਘ ਵਿਚ ਹੀ ਕਿਉਂ ਘੁੱਟੀ ਫਿਰਦੇ ਨੇ ?"੮* ਪਰ ਇਸ ਸਥਿਤੀ ਦੇ ਸਮਾਨਾਂਤਰ ਹੀ ਅਜੋਕੀ ਕਹਾਣੀ ਵਿਚੋਂ ਇਹ ਸਥਿਤੀ ਵੀ ਸਾਹਮਣੇ ਆਉਂਦੀ ਹੈ ਸਕਿ ਇਹ ਦਲਿਤ ਆਕ੍ਰੋਸ਼ ਹੁਣ ਅਰਧ ਪਾਗਲਪਣ ਦੀ ਅਵਸਥਾ ਵਿਚ ਵਿਚਰਦੇ ਪਾਤਰਾਂ ਵਿਚੋਂ ਆਪਣਾ ਰਾਹ ਅਖਤਿਆਰ ਕਰਦਾ ਨਜ਼ਰ ਆਉਂਦਾ ਹੈ ।ਅਰਧ ਪਾਗਲਪਣ ਦੀ ਅਵਸਥਾ ਵਿਚ ਵਿਚਰਦੇ ਦਲਿਤ ਪਾਤਰ ਹਰ ਪ੍ਰਕਾਰ ਦੇ ਜਬਰ ਜ਼ੁਲਮ ਦਾ ਵਿਰੋਧ ਸੁਪਨ ਸੰਸਾਰ ਵਿਚ ਕਰਕੇ ਸੰਤੁਸ਼ਟੀ ਦਾ ਅਨੁਭਵ ਕਰਦੇ ਹਨ ।ਵਰਿਆਮ ਸੰਧੂ ਦੀ ਕਹਾਣੀ 'ਨੌਂ ਬਾਰਾਂ ਦਸ' ਦਾ ਨਿੰਦਰ ਜੋ ਕੁਝ ਅਸਲ ਜੀਵਨ ਵਿਚ ਨਹੀਂ ਕਰ ਸਕਦਾ, ਉਹ ਸਭ ਕੁਝ ਸੁਪਨ ਸੰਸਾਰ ਸਿਰਜ ਕੇ ਕਰਦਾ ਹੈ ।ਮੋਹਨ ਲਾਲ ਫਿਲੌਰੀਆ ਦੀ ਕਹਾਣੀ 'ਸਾਈਕੈਟਰੀ ਵਾਰਡ' ਦਾ ਮੈਂ ਪਾਤਰ ਵੀ ਆਪਣਾ ਸਾਰਾ ਆਕ੍ਰੋਸ਼ ਪਾਗਲਪਣ ਦੀ ਅਵਸਥਾ ਵਿਚ ਬਾਹਰ ਕੱਢਦਾ ਹੈ ।

ਭਾਵੇਂ ਅਜੋਕੀ ਪੰਜਾਬੀ ਕਹਾਣੀ ਵਿਚ ਦਲਿਤ ਚੇਤਨਾ ਦੇ ਵੱਖ-ਵੱਖ ਪਾਸਾਰ ਵਾਰ-ਵਾਰ ਇਹ ਗੱਲ ਸਥਾਪਤ ਕਰਦੇ ਹਨ ਕਿ ਦਲਿਤ ਮੁਕਤੀ ਦਾ ਮਾਰਗ ਉੱਚ ਵਿਦਿਆ ਦੀ ਪ੍ਰਾਪਤੀ, ਮਜ਼ਬੂਤ ਆਰਥਿਕਤਾ, ਚੰਗੇ ਅਹੁਦਿਆਂ 'ਤੇ ਨਿਯੁਕਤੀ ਅਤੇ ਰਾਜਨੀਤਿਕ ਸੱਤਾ ਨੂੰ ਹਾਸਲ ਕਰਨ ਨਾਲ ਜੁੜਿਆ ਹੈ, ਪਰ ਇਨ੍ਹਾਂ ਤਮਾਮ ਧਾਰਨਾਵਾਂ ਦੇ ਸਮਾਂਨਾਂਤਰ ਜਿਹੜੇ ਬਿਰਤਾਂਤ ਉਪਲਬਧ ਹੁੰਦੇ ਹਨ, ਉਹ ਇਹ ਸਥਾਪਤ ਕਰਦੇ ਹਨ ਕਿ ਦਲਿਤ ਸ਼ਕਤੀਕਰਨ ਦੀਆਂ ਇਹ ਸਾਰੀਆਂ ਵਿਧੀਆਂ ਜਾਤੀਗਤ ਅਵਚੇਤਨ ਦੇ ਇਕੋ ਸੰਕਲਪ ਅੱਗੇ ਗੋਡੇ ਟੇਕ ਦਿੰਦੀਆਂ ਹਨ ।ਜਾਤੀਗਤ ਅਵਚੇਤਨ ਦੀ ਸਿਰਜਣਾ ਦੇ ਸਦੀਆਂ ਪੁਰਾਣੇ ਇਸ ਅਮਲ ਨੂੰ ਢਾਹ ਲਾਉਣ ਦੀਆਂ ਭਾਵੇਂ ਇਹੀ ਕਾਰਗਰ ਵਿਧੀਆਂ ਹਨ ਅਤੇ ਇਨ੍ਹਾਂ ਦੀ ਨਿਰੰਤਰਤਾ ਹੀ ਜਾਤੀ ਭੇਦ-ਭਾਵ ਨੂੰ ਢਾਹ ਲਾ ਸਕਦੀ ਹੈ ਪਰ ਇਨ੍ਹਾਂ ਸਭਨਾਂ ਤੋਂ ਵੱਧ ਜੇ ਕਿਸੇ ਹਾਂ ਪੱਖੀ ਯਤਨ ਦੀ ਲੋੜ ਹੈ ਤਾਂ ਉਹ ਪ੍ਰਬੁੱਧ ਗੈਰ ਦਲਿਤ ਬੁੱਧੀਜੀਵੀਆਂ, ਚਿੰਤਕਾਂ ਅਤੇ ਦਾਨਸ਼ਿਵਰਾਂ ਵੱਲੋਂ ਹੈ ।ਹਰ ਤਰਾਂ ਦੀਆਂ ਹੱਦਬੰਦੀਆਂ ਤੋੜਨ ਵਾਲੇ ਇਸ ਯੁੱਗ ਵਿਚ ਦਲਿਤ ਚੇਤਨਾ ਦੇ ਪ੍ਰਸ਼ਨ ਨੂੰ ਵੈਚਾਰਿਕ ਕਿਲੇ ਬਣਾ ਕੇ ਨਹੀਂ ਨਜਿੱਠਿਆ ਜਾ ਸਕਦਾ ।ਬਹਿਸ, ਸੰਵਾਦ ਅਤੇ ਪ੍ਰਤੀਕਿਰਿਆ ਵਰਗੀਆਂ ਵਿਧੀਆਂ ਵਧੇਰੇ ਕਾਰਗਰ ਹੋਣ ਦੀ ਸੰਭਾਵਨਾ ਹੈ ।



### *ਹਵਾਲੇ ਅਤੇ ਟਿੱਪਣੀਆਂ:*

*੧. ਸੁਖਜੀਤ, ਮੈਂ ਰੇਪ ਇੰਜੁਆਏ ਕਰਦੀ ਆਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ੨੦੦੮, ਪੰਨਾ ੧੩.*

*੨. ਉਹੀ, ਪੰਨਾ ੧੨-੧੩.*

*੩. ਹਰਜਿੰਦਰ ਸਿੰਘ ਸੂਰੇਵਾਲੀਆ, ਪਾਪਾ ਆਪਾਂ ਬਰਾੜ ਹੁੰਨੇ ਆਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ , ੨੦੦੯, ਪੰਨਾ ੯੧.*

*੪. ਲਾਲ ਸਿੰਘ, ਅੱਧੇ ਅਧੂਰੇ, ਕੁਕਨੁਸ ਪ੍ਰਕਾਸ਼ਨ, ਜਲੰਧਰ, ੨੦੦੨, ਪੰਨਾ ੧੪-੧੫.*

*੫. ਉਹੀ, ਪੰਨਾ ੩੦.*

*੬. ਜਸਵਿੰਦਰ ਸਿੰਘ, "ਜੈਲਦਾਰ ਦਾ ਪੋਤਾ", ਹਾਸ਼ੀਆ - ੧, ਜਨਵਰੀ-ਮਾਰਚ, ੨੦੦੮, ਪੰਨਾ ੧੩੦.*

*੭. ਕਿਰਪਾਲ ਕਜਾਕ, ਹੁੰਮਸ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ੨੦੦੪, ਪੰਨਾ ੩੮.*

*੮. ਗੁਰਮੀਤ ਕੜਿਆਲਵੀ, 'ਚੀਕ', ਹੁਣ, ਪੁਸਤਕ ਲੜੀ - ੧੬, ਸਤੰਬਰ-ਦਸੰਬਰ, ੨੦੧੦, ਪੰਨਾ ੯੯.*

**ਸੰਗਲੀ**

(ਹਿੰਦੀ ਕਹਾਣੀਕਾਰ ਅਖਿਲੇਸ਼ ਦੀਆਂ ਚੋਣਵੀਆਂ ਕਹਾਣੀਆਂ)

**ਸੰਪਾਦਕ : ਅਨੇਮਨ ਸਿੰਘ**

## ਰਿਜ਼ਕ, ਪਰਵਾਸ ਅਤੇ ਮਾਤ-ਭਾਸ਼ਾ ਦੀ ਬਲੀ : ਪ੍ਰਸੰਗ ਪਾਤਰ ਦੀਆਂ ਕਵਿਤਾਵਾਂ

**-ਆਤਮ ਸਿੰਘ ਰੰਧਾਵਾ**

ਸੁਰਜੀਤ ਪਾਤਰ ਦੀ ਕਵਿਤਾ ਸਮਕਾਲੀ ਸਮਿਆਂ ਦਾ ਅਰਕ ਹੈ। ਪੰਜਾਬ ਦੇ ਇਤਿਹਾਸ ਤੇ ਆਰਥਿਕ ਸਥਿਤੀ ਤੋਂ ਉਤਪੰਨ ਸਥਾਨਕ ਤੇ ਵਿਸ਼ਵੀ ਵਰਤਾਰਿਆਂ ਦੇ ਸੰਵਾਦ ਨੂੰ ਪਛਾਣ ਕੇ, ਉਨ੍ਹਾਂ 'ਚੋਂ ਪ੍ਰਮੁਖ ਮਸਲਿਆਂ ਨੂੰ ਆਪਣੇ ਕਾਵਿ ਦਾ ਹਿੱਸਾ ਬਣਾਉਣਾ ਪਾਤਰ ਦੀ ਵਿਸ਼ੇਸ਼ਤਾ ਰਹੀ ਹੈ। ਆਰੰਭ ਤੋਂ ਹੀ ਉਹ ਪੰਜਾਬੀ ਤਵਾਰੀਖ਼ ਤੇ ਪੰਜਾਬੀ ਸਭਿਆਚਾਰ ਦੇ ਮੂਲ ਸਰੋਕਾਰਾਂ ਨੂੰ ਨੀਝ ਨਾਲ ਗੌਲ਼ਦਾ ਤੇ ਉਨ੍ਹਾਂ ਨਾਲ ਭਰਪੂਰ ਸੰਵਾਦ ਰਚਾਉਂਦਾ ਰਿਹਾ ਹੈ। ਇਸ ਕਰਕੇ ਉਸਦੀ ਕਵਿਤਾ ਵਿਚ ਪਿਛਲੀ ਸਦੀ ਦੇ ਮਗਰਲੇ ਅੱਧ ਦੀ ਤਵਾਰੀਖ਼ ਦੇ ਅਹਿਮ ਘਟਨਾਕ੍ਰਮ ਨੂੰ ਨਿਚੋੜ ਰੂਪ ਵਿਚ ਵੇਖਿਆ ਜਾ ਸਕਦਾ ਹੈ। ਉਸਦੇ ਕਾਵਿ-ਪੈਰਾਡਾਈਮ ਵਿਚ ਆਰੰਭ ਤੋਂ ਪਰਵਾਸ ਤੇ ਰਿਜ਼ਕ ਦੇ ਚਿਹਨ ਪੰਜਾਬੀਆਂ ਦੀ ਭਟਕਣਾ ਤੇ ਸਰਾਪੇ ਵਰ ਨੂੰ ਚਿਹਨਤ ਕਰਦੇ ਰਹੇ ਹਨ :

1. ਜੋ **ਬਦੇਸਾਂ** 'ਚ ਰੁਲਦੇ ਨੇ **ਰੋਜ਼ੀ** ਲਈ
ਉਹ ਜਦੋਂ ਦੇਸ ਪਰਤਣਗੇ ਅਪਣੇ ਕਦੀ
ਕੁਛ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁਖ ਹੇਠ ਜਾ ਬਹਿਣਗੇ

2. ਕਿੱਥੋਂ ਦਿਆਂ **ਪੰਛੀਆਂ** ਨੂੰ ਕਿੱਥੋਂ **ਚੋਗਾ** ਲੱਭਿਆ
ਧੀਆਂ ਦੇ ਵਸੇਬੇ ਲਈ ਬਾਪੂ ਦੇਸ ਛੱਡਿਆ

'ਚੋਗਾ' ਚੁਗਣ ਲਈ ਦੇਸ ਛੱਡ ਬਦੇਸਾਂ ਵਿਚ 'ਰੁਲਣਾ' ਪੈਂਦਾ ਰਿਹਾ ਹੈ। ਇਹ ਰਿਜ਼ਕ ਤੇ ਪਰਵਾਸ ਦੇ ਜੋੜ ਸੰਬੰਧੀ ਥੀਮ ਜਾਂ ਚਿਹਨ ਪਾਤਰ-ਕਾਵਿ ਵਿਚ ਹੀ ਨਹੀਂ ਸਗੋਂ ਇਹ ਤਾਂ ਪੰਜਾਬੀ ਕਾਵਿ ਵਿਚ ਧੁਰੋਂ ਪੇਸ਼ ਹੁੰਦੇ ਰਹੇ ਹਨ। ਪਰਵਾਸ ਪੰਜਾਬੀ ਮਨੁੱਖ ਦੀ ਹੋਣੀ ਰਿਹਾ ਹੈ ਤੇ ਇਸੇ ਕਰਕੇ ਇਹ ਪੰਜਾਬੀ ਕਾਵਿ-ਅਵਚੇਤਨ ਦਾ ਅਨਿੱਖੜਵਾਂ ਹਿੱਸਾ ਹੈ। ਅਸਲ ਵਿਚ ਇਹ ਮਨੁੱਖੀ ਹੋਣੀ ਦੇ ਪੰਜਾਬੀ ਆਰਕੀਟਾਈਪਸ ਹਨ ਜੋ ਬਾਰ-ਬਾਰ ਪੰਜਾਬੀ ਕਾਵਿ ਵਿਚ ਆ ਸ਼ਾਮਲ ਹੁੰਦੇ ਹਨ। ਪੰਜਾਬੀ ਲੋਕ-ਕਾਵਿ (ਬੋਲੀਆਂ, ਟੱਪੇ, ਮਾਹੀਏ ਤੇ ਗੀਤ ਆਦਿ) ਵਿਚ ਵੀ ਅਜਿਹੇ ਥੀਮ/ਚਿਹਨ ਬੜੀ ਸ਼ਿਦਤ ਨਾਲ ਪੇਸ਼ ਹੋਏ ਹਨ ਜੋ ਪੰਜਾਬੀਆਂ ਦੀ ਇਸੇ ਹੋਣੀ ਦੀ ਗਵਾਹੀ ਹੈ :

ਮੋਰ ਪੁਛੀਂਦੇ ਕੂੰਜਾਂ ਕੋਲੋਂ
ਤੁਸਾਂ ਨਿੱਤ **ਪਰਦੇਸ** ਤਿਆਰੀ
ਜਾਂ ਤਾਂ ਥੋਡਾ ਵਤਨ ਕੁਚੱਜੜਾ
ਜਾਂ ਲੇਖੀਂ ਨਿੱਤ ਉਡਾਰੀ

'ਪਰਵਾਸ' ਪੰਜਾਬੀਆਂ ਦੇ ਜੀਵਨ-ਪੰਧ ਦਾ ਅਹਿਮ ਹਿੱਸਾ ਬਣ ਗਿਆ ਹੈ ਤੇ ਪੰਜਾਬੀ ਕਾਵਿ-ਅਵਚੇਤਨ ਦਾ ਅਨਿੱਖੜਵਾਂ ਅੰਗ। ਤਦ ਹੀ ਬਾਬਾ ਨਾਨਕ 'ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ' ਕਿਹਾ ਅਤੇ ਪੰਜਾਬੀ ਲੋਕ-ਮਨ ਉਪਰੋਕਤ ਗੀਤ ਵਰਗੇ ਸੈਂਕੜੇ ਗੀਤ ਸੁਣਾਉਂਦਾ ਹੈ। ਇਉਂ ਪਰਵਾਸ ਤੇ ਰਿਜ਼ਕ ਦੇ ਥੀਮ ਪੰਜਾਬੀ ਕਾਵਿ ਵਿਚ ਬਾਰ-ਬਾਰ ਆਪਣੀ ਹਾਜ਼ਰੀ ਲਵਾਉਂਦੇ ਰਹੇ ਹਨ ਪਰ ਰਿਜ਼ਕ ਤੇ ਅਕਾਂਖਿਆ ਖ਼ਾਤਰ ਧਾਰੇ 'ਪਰਵਾਸ' ਅਤੇ ਮਾਂ-ਬੋਲੀ ਦੀ ਬਲੀ ਦੀ ਨਿਸ਼ਾਨਦੇਹੀ ਕਰਨੀ ਪਹਿਲੀ ਵਾਰ ਪਾਤਰ ਦੇ ਹਿੱਸੇ ਹੀ ਆਈ ਹੈ:

ਪਿੱਛੇ ਪਿੱਛੇ **ਰਿਜ਼ਕ** ਦੇ



ਆਇਆ ਨੰਦ ਕਿਸ਼ੋਰ
ਚੱਲ ਕੇ ਦੂਰ ਬਿਹਾਰ ਤੋਂ
ਗੱਡੀ ਬੈਠ ਸਿਆਲ਼ਦਾ
ਨਾਲ਼ ਬਥੇਰੇ ਹੋਰ
ਰਾਮਕਲੀ ਵੀ ਨਾਲ਼ ਸੀ
ਸੁਘੜ ਲੁਗਾਈ ਓਸ ਦੀ
ਲੁਧਿਆਣੇ ਦੇ ਕੋਲ ਹੀ
ਇਕ ਪਿੰਡ ਬਾੜੇਵਾਲ ਵਿਚ
ਜੜ੍ਹ ਲੱਗੀ ਤੇ ਪੁੰਗਰੀ
ਰਾਮਕਲੀ ਦੀ ਕੁੱਖ ਚੋਂ
ਜਨਮੀ ਬੇਟੀ ਓਸ ਦੀ
ਨਾਂ ਧਰਿਆ ਸੀ ਮਾਧੁਰੀ
ਕੱਲ੍ਹ ਮੈਂ ਦੇਖੀ ਮਾਧੁਰੀ
ਉਸੇ ਪਿੰਡ ਸਕੂਲ ਵਿਚ
ਗੁੱਤਾਂ ਬੰਨ੍ਹ ਕੇ ਰਿਬਨ ਵਿਚ
ਸੁਹਣੀ ਪੱਟੀ ਪੋਚ ਕੇ
**ਊੜਾ ਐੜਾ** ਲਿਖ ਰਹੀ
ਊੜਾ ਐੜਾ ਲਿਖ ਰਹੀ
ਬੇਟੀ ਨੰਦ ਕਿਸ਼ੋਰ ਦੀ
ਕਿੰਨ੍ਹਾਂ **ਗੂੜਾ ਸਾਕ** ਹੈ
**ਅੱਖਰਾਂ ਦਾ ਤੇ ਰਿਜ਼ਕ ਦਾ**
ਏਸੇ ਪਿੰਡ ਦੇ ਲਾਡਲੇ
ਪੋਤੇ ਅੱਛਰ ਸਿੰਘ ਦੇ
ਆਪਣੇ ਪਿਉ ਦੀ ਕਾਰ ਵਿਚ
ਬਹਿ ਲੁਧਿਆਣੇ ਆਂਵਦੇ
ਕੌਨਵੈਂਟ ਵਿਚ ਪੜ੍ਹ ਰਹੇ
ਏ. ਬੀ. ਸੀ. ਡੀ. ਸਿੱਖਦੇ
**ਏ. ਬੀ. ਸੀ. ਡੀ.** ਸਿੱਖਦੇ
ਪੋਤੇ ਅੱਛਰ ਸਿੰਘ ਦੇ
ਕਿੰਨਾ **ਗੂੜ੍ਹਾ ਸਾਕ** ਹੈ
**ਅੱਖਰ ਅਤੇ ਅਕਾਂਖਿਆ**

ਕਵਿਤਾ ਦੇ ਪਹਿਲੇ ਹਿੱਸੇ ਵਿਚ ਪੂਰਬੀਆ ਨੰਦ ਕਿਸ਼ੋਰ, ਆਪਣੀ ਪਤਨੀ ਤੇ ਬਥੇਰੇ ਹੋਰਾਂ ਨਾਲ ਗੱਡੀ ਚੜ੍ਹਕੇ ਰਿਜ਼ਕ ਦੇ ਪਿੱਛੇ ਪਿੱਛੇ ਪੰਜਾਬ ਆਉਂਦਾ ਹੈ ਤੇ ਇਥੇ ਜੜ੍ਹਾਂ ਲਾਉਂਦਾ ਹੈ, ਉਵੇਂ ਹੀ ਜਿਵੇਂ ਪੰਜਾਬੀ ਰਿਜ਼ਕ ਦੇ ਪਿੱਛੇ ਪਿੱਛੇ ਪਰਾਈਆਂ ਧਰਤੀਆਂ 'ਤੇ ਜਾਂਦੇ ਹਨ ਤੇ ਹੌਲੀ-ਹੌਲੀ ਉਥੇ ਵਸਦੇ ਜਾਂਦੇ ਹਨ। ਪੰਜਾਬ ਵਿਚ ਭਈਆਂ ਦੀਆਂ ਜੜ੍ਹਾਂ ਪੰਜਾਬ ਦੀ ਹਰੀ ਕ੍ਰਾਂਤੀ (ਨਵੇਂ ਪੰਜਾਬ) ਵੇਲੇ ਲੱਗਣੀਆਂ ਸ਼ੁਰੂ ਹੋ ਜਾਂਦੀਆਂ ਹਨ। ਯੂਪੀ/ਬਿਹਾਰ ਦੀ ਹੱਦੋਂ ਵੱਧ ਮੰਦਹਾਲੀ ਉਨ੍ਹਾਂ ਨੂੰ ਏਧਰ ਧੱਕ

ਦਿੰਦੀ ਹੈ। ਇਥੇ 'ਆਇਆ ਨੰਦ ਕਿਸ਼ੋਰ' ਸਿਰਲੇਖ਼ ਇਕ ਤਮਸੀਲੀ ਭਾਵ ਨਾਲ ਪੁਰਾਣੇ ਮਿਥਹਾਸਕ ਵੇਰਵਿਆਂ ਦਾ ਅਗਾਂਹ ਸੂਖਮ ਤਨਜ਼ ਦਾ ਸੂਚਕ ਪ੍ਰਤੀਤ ਹੋਣ ਲੱਗਦਾ ਹੈ। ਯੂਪੀ/ਬਿਹਾਰ ਦੇ 'ਨੰਦਾਂ' ਦਾ ਜਾਇਆ ਵੱਡੇ 'ਯਾਦਵਾਂ' ਦੀ ਲੁੱਟ-ਖਸੁੱਟ ਉਪਰੰਤ ਮੰਦੇਹਾਲ ਰਾਜ ਨੂੰ ਛੱਡ ਕੇ ਰਿਜ਼ਕ ਦੇ ਪਿੱਛੇ ਪਿੱਛੇ ਥਾਂ-ਕੁਥਾਂ ਭਟਕਦਾ ਪੰਜਾਬ ਵੱਲ ਰੁਖ਼ ਕਰਦਾ ਹੈ। ਇਥੇ ਉਸਦੀਆਂ ਜੜ੍ਹਾਂ ਲੱਗਣ ਉਪਰੰਤ ਮਾਧੁਰੀ ਦੇ ਰੂਪ ਵਿਚ ਪੁੰਗਰਦੀਆਂ ਹਨ ਜੋ ਭਈਆਂ ਦੀ ਇਥੇ ਜੰਮੀ ਪੀੜ੍ਹੀ ਦੀ ਪ੍ਰਤਿਨਿਧਤਾ ਹੀ ਕਰਦੀ ਹੈ। ਰਿਜ਼ਕ ਖ਼ਾਤਰ ਪਰਵਾਸ ਭੋਗਦੀ ਇਹ ਪੀੜ੍ਹੀ ਗਰੀਬੀ ਵੇਸ ਵਿਚ (ਗੁੱਤਾਂ ਬੰਨ ਕੇ ਰਿਬਨ ਵਿਚ) ਪਿੰਡਾਂ ਤੇ ਸ਼ਹਿਰਾਂ ਦੇ ਸਰਕਾਰੀ/ਪੰਜਾਬੀ ਸਕੂਲਾਂ ਵਿਚ ਫੱਟੀਆਂ ਪੋਚ ਕੇ ਊੜਾ ਐੜਾ (ਗੁਰਮੁਖੀ) ਸਿਖਦੀ ਹੈ। ਕਵਿਤਾ ਦੇ ਇਸ ਹਿੱਸੇ ਵਿਚ ਅੱਖਰਾਂ ਤੇ ਰਿਜ਼ਕ ਦੇ ਇਸੇ ਗੂੜ੍ਹੇ ਸਾਕ ਦੀ ਗੱਲ ਕੀਤੀ ਗਈ ਹੈ ਪਰ ਪਾਠ ਦੀ ਤਹਿ ਦੇ ਥੱਲੇ-ਥੱਲੇ ਸਾਕਾਂ ਦੀਆਂ ਅਨੇਕਾਂ ਪਰਤਾਂ ਹਨ। ਗਰੀਬੀ ਦਾ ਪੰਜਾਬੀ ਭਾਸ਼ਾ, ਪੰਜਾਬੀ/ਸਰਕਾਰੀ ਸਕੂਲ, ਫੱਟੀ, ਰਿਬਨ 'ਚ ਬੰਨੀਆਂ ਗੁੱਤਾਂ ਤੇ ਧੀਆਂ ਨਾਲ ਵੀ ਸਾਕ ਜੁੜਦਾ ਹੈ। ਪੰਜਾਬ ਵਿਚ ਪੰਜਾਬੀ ਗਰੀਬਾਂ ਦੀ ਭਾਸ਼ਾ ਹੀ ਬਣ ਕੇ ਰਹਿ ਗਈ ਹੈ। ਪੰਜਾਬ ਵਿਚ 'ਮਾਧੁਰੀਆਂ' ਗਰੀਬ ਘਰਾਂ ਵਿਚ ਹੀ ਜੰਮਦੀਆਂ ਹਨ। ਇਨ੍ਹਾਂ ਦੀ ਵਿੱਤ ਵਿਚ ਕੋਈ ਕੌਨਵੈਂਟ ਨਹੀਂ, ਪੰਜਾਬੀ/ਸਰਕਾਰੀ ਸਕੂਲ ਹੀ ਹਨ। ਇਹ ਕਾਪੀਆਂ-ਕੰਪਿਊਟਰਾਂ ਦੀ ਥਾਂ ਫੱਟੀਆਂ 'ਤੇ ਆਪਣੀ ਮਾਂ-ਭਾਸ਼ਾ ਜਾਂ ਮਾਂ-ਲਿਪੀ ਦੀ ਥਾਂ ਪੰਜਾਬੀ ਜਾਂ ਗੁਰਮੁਖੀ (ਪਰਾਈ ਲਿਪੀ) ਲਿਖ ਰਹੀਆਂ ਹਨ। ਆਵਾਸੀ ਲਈ ਇਹ ਸੁਖਾਵਾਂ ਨਹੀਂ ਹੁੰਦਾ ਪਰ ਬੇਬੱਸੀ ਸਾਹਵੇਂ ਇਹ ਸਰਾਪ ਹੰਢਾਉਣਾ ਪੈਂਦਾ ਹੈ। ਪੂਰਬੀਆਂ ਦੇ ਪ੍ਰਸੰਗ ਵਿਚ ਤਾਂ ਇਹ ਵੀ ਗੱਲ ਸੋਚਣ ਵਾਲੀ ਹੈ ਕਿ ਅਸੀਂ ਪੰਜਾਬੀ, ਉਨ੍ਹਾਂ ਨੂੰ ਕਿਨ੍ਹਾਂ ਕੁ ਬੰਦੇ ਸਮਝਦੇ ਹਾਂ ! ਇਹੋ ਸਰਾਪ ਪਰਵਾਸੀ ਪੰਜਾਬੀਆਂ ਦਾ ਹੈ। ਪਰਦੇਸ ਵਸਦਿਆਂ ਪੰਜਾਬੀਆਂ ਦੀ ਉਥੇ ਜੰਮੀ-ਪਲ਼ੀ ਪੀੜ੍ਹੀ ਆਪਣੀ ਮਾਂ-ਭਾਸ਼ਾ ਜਾਂ ਮਾਂ-ਲਿਪੀ ਦੀ ਥਾਂ ਹੋਸਟ ਦੇਸ ਦੀ ਭਾਸ਼ਾ ਤੇ ਲਿਪੀ ਨਾਲ ਸਾਕ ਜੋੜਦੀ ਹੈ ਜੋ ਇਥੋਂ ਪਰਦੇਸ ਗਏ ਪੰਜਾਬੀਆਂ ਨੂੰ ਮਾਤ-ਭਾਸ਼ਾ ਦੇ ਨਾਲ ਨਾਲ ਪੰਜਾਬੀ ਸਭਿਆਚਾਰ ਦੀ ਬਲੀ ਚਾੜ੍ਹਨ ਸਮਾਨ ਲਗਦਾ ਹੈ ਪਰ ਉਹ ਪ੍ਰਸਥਿਤੀਆਂ ਵੱਸ ਬੇਚਾਰਗੀ ਭੋਗਦੇ ਰਹਿੰਦੇ ਹਨ। ਇਉਂ ਕਵਿਤਾ ਦੇ ਇਸ ਹਿੱਸੇ ਵਿਚ ਅੱਖਰਾਂ ਤੇ ਰਿਜ਼ਕ ਦੇ ਸਾਕ ਦੀ ਬਹੁਪਰਤੀ ਰਮਜ਼ ਪਈ ਹੈ।

ਕਵਿਤਾ ਦੇ ਮਗਰਲੇ ਹਿੱਸੇ ਵਿਚ ਪਾਤਰ ਨੇ ਪੰਜਾਬੀਆਂ ਦੇ ਅਕਾਂਖਿਆ ਤੇ ਅੱਖਰਾਂ ਦੇ 'ਗੂੜ੍ਹੇ ਸਾਕ' 'ਤੇ ਬੜੀ ਸੂਖਮ ਤਨਜ਼ ਕੀਤੀ ਹੈ। ਆਪਣੇ ਵਤਨ ਵਿਚ ਹੀ ਪੰਜਾਬੀਆਂ ਨੇ ਪੰਜਾਬੀ ਛੱਡ ਦਿੱਤੀ ਹੈ। ਪਾਤਰ ਦੀ ਕਵਿਤਾ 'ਤੇ ਥੋੜਾ ਪਿੱਛੇ ਧਿਆਨ ਮਾਰੀਏ ਤਾਂ 'ਬਿਰਖ ਅਰਜ਼ ਕਰੇ' ਵਿਚ ਕੌੜੀਆਂ ਮਿਰਚਾਂ ਤੇ ਪੰਜਾਬ ਨੂੰ ਲੱਗੀ ਨਜ਼ਰ ਦੇ ਪ੍ਰਸੰਗ ਵਿਚ ਉਸਨੇ ਉਨ੍ਹਾਂ ਪੰਜਾਬੀਆਂ 'ਤੇ ਤਨਜ਼ ਕੀਤੀ ਸੀ ਜਿਨ੍ਹਾਂ ਪੰਜਾਬੀ ਸੂਬੇ ਦੇ ਬਣਨ ਵੇਲੇ ਪੰਜਾਬੀ ਹੁੰਦਿਆਂ ਵੀ 'ਪੰਜਾਬੀ ਛੱਡੀ' ਸੀ। ਵਕਤ ਬਦਲਦਿਆਂ ਸਮੱਸਿਆਂਵਾਂ ਮੁੜ ਨਵੇਂ ਰੂਪ ਵਿਚ ਆ ਬਹੁੜਦੀਆਂ ਹਨ। ਇਸ ਕਵਿਤਾ ਵਿਚ ਜਿਹੜੇ ਪਿੰਡ ਦੇ ਸਕੂਲ ਵਿਚ ਪੂਰਬੀਏ ਨੰਦ ਕਿਸ਼ੋਰ ਦੀ ਬੇਟੀ ਗੁਰਮੁਖੀ ਸਿੱਖ ਰਹੀ ਹੈ ਉਸੇ ਪਿੰਡ ਦੇ 'ਲਾਡਲੇ' (ਲਾਡਲੀਆਂ ਤਾਂ ਪੰਜਾਬੀਆਂ ਨੇ ਕੁਖੋਂ ਹੀ ਜੰਮਣ ਨਹੀਂ ਦਿੱਤੀਆਂ ) ਸ਼ਹਿਰ ਦੇ ਕੌਨਵੈਂਟ ਸਕੂਲ ਵਿਚ ਅੰਗਰੇਜ਼ੀ ਪੜ੍ਹਨ ਜਾਂਦੇ ਹਨ। ਸਰਦੇ-ਪੁਜਦੇ ਘਰਾਂ ਤੇ ਕਾਰਾਂ ਵਾਲਿਆਂ ਅੱਛਰ ਸਿੰਘਾਂ ਦਾ ਰਿਸ਼ਤਾ ਅੰਗਰੇਜ਼ੀ ਭਾਸ਼ਾ, ਕੌਨਵੈਂਟ ਸਕੂਲ ਤੇ ਮੁੰਡਿਆਂ ਨਾਲ ਹੈ। ਕਵਿਤਾ ਦੇ ਪਹਿਲੇ ਹਿੱਸੇ ਵਿਚ ਨੰਦ ਕਿਸ਼ੋਰ ਗਰੀਬ ਤੇ ਉਸਦਾ ਰਿਸ਼ਤਾ ਪੰਜਾਬੀ ਭਾਸ਼ਾ, ਪਿੰਡ ਦੇ ਪੰਜਾਬੀ/ਸਰਕਾਰੀ ਸਕੂਲ, ਫੱਟੀ ਤੇ ਧੀਆਂ ਨਾਲ ਜੁੜਦਾ ਹੈ। ਦੋਹਾਂ ਹਿੱਸਿਆਂ ਵਿਚ ਵਿਰੋਧ ਸਿਰਜਣ ਦੀ ਇਹ ਕਾਵਿ-ਜੁਗਤ ਹੈ ਅਤੇ ਇਸ ਵਿਚ ਕਿਤੇ ਵੀ ਕੋਈ ਬੜਬੋਲਾ ਸ਼ਬਦ ਨਹੀਂ, ਸਗੋਂ ਨਿਰਉਚੇਚ ਭਾਸ਼ਾ 'ਚ ਦੋਹਰੇ ਤੇ ਕੁੰਡਲੀਏ ਛੰਦ ਦੀ ਰਵਾਨੀ ਹੈ ਜੋ ਕਾਵਿ ਨੂੰ ਵਧੇਰੇ ਗੰਭੀਰਤਾ ਪ੍ਰਦਾਨ ਕਰਦੀ ਹੈ ਅਤੇ ਇਸ ਕਵਿਤਾ ਦਾ ਇਕ ਇਕ ਵੇਰਵਾ ਸੂਖਮ ਵਿਅੰਗ ਨਾਲ ਮਿਲਕੇ ਮਨ ਨੂੰ ਝੰਜੋੜਦਾ ਤੇ ਹਲੂਣਦਾ ਹੈ। ਇਸ ਕਵਿਤਾ ਵਿਚ ਉਸਨੇ ਬਦਲਦੀਆਂ ਸਮਕਾਲੀ ਪ੍ਰਸਥਿਤੀਆਂ ਵਿਚ ਪੰਜਾਬੀ ਮਾਂ-ਭਾਸ਼ਾ, ਰਿਜ਼ਕ, ਅਕਾਂਖਿਆ ਤੇ ਪਰਵਾਸ ਦੀ ਬਹੁ-ਪਰਤੀ ਖੇਡ ਦੀ ਨਿਸ਼ਾਨਦੇਹੀ ਕੀਤੀ ਹੈ। ਇਸ ਵਿਚ ਇਕ ਤਾਂ ਉਸਨੇ ਰਿਜ਼ਕ ਲਈ ਕੀਤੇ ਪਰਵਾਸ ਕਾਰਨ, ਵਤਨ ਦੇ ਨਾਲ-ਨਾਲ ਮਾਤ-ਭਾਸ਼ਾ ਦੀ ਬਲੀ ਚੜ੍ਹਨ ਦੀ ਬੇਬੱਸੀ ਦੀ ਬਾਤ ਪਾਈ ਹੈ, ਦੂਜਾ ਅਕਾਂਖਿਆ ਖ਼ਾਤਰ ਪੰਜਾਬੀਆਂ ਦੀ ਮਾਤ-ਭਾਸ਼ਾ ਨੂੰ ਤਿਲਾਂਜਲੀ ਦੇਣ ਦੀ ਅਜੋਕੀ ਰੁਚੀ ਨੂੰ ਸੂਖਮ ਤਨਜ਼ੀਆ ਲਹਿਜੇ ਨਾਲ ਪੇਸ਼ ਕੀਤਾ ਹੈ।

ਅਸਲ ਵਿਚ ਇਹ ਵਰਤਾਰਾ ਮਾਤ-ਭਾਸ਼ਾ ਦੇ ਸੰਕਟ ਦਾ ਸੂਚਕ ਹੈ ਤੇ ਖੇਤਰੀ ਭਾਸ਼ਾਵਾਂ ਤੇ ਸਭਿਆਚਾਰਾਂ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ। ਵਿਸ਼ਵੀਕਰਨ, ਬਿਜਲਈ ਮੀਡੀਏ ਤੇ ਖਪਤਵਾਦ ਦੇ ਦੌਰ ਵਿਚ ਇਕ ਨਿੱਜੀ ਮੁਨਾਫ਼ੇ ਆਧਾਰਿਤ ਦੂਰੋਂ ਕੰਟਰੋਲ ਹੁੰਦਾ ਉਪਭੋਗੀ ਸਮਾਜ ਤੇ ਸਭਿਆਚਾਰ ਸਾਹਮਣੇ ਆ ਰਿਹਾ ਹੈ ਜਿਸ ਵਿਚ ਸਥਾਨਕ ਭਾਸ਼ਾਵਾਂ ਤੇ ਸਭਿਆਚਾਰਕ ਕੀਮਤਾਂ ਹਾਸ਼ੀਏ 'ਤੇ ਜਾ ਰਹੀਆਂ ਹਨ। ਮੰਡੀ, ਬਿਜਲਈ ਮੀਡੀਏ ਤੇ ਵਿਕਸਤ ਦੇਸਾਂ ਦੀ ਪ੍ਰਮੁਖ ਭਾਸ਼ਾ ਅੰਗਰੇਜ਼ੀ ਹੋਣ ਕਾਰਨ ਇਸਦਾ ਬਹੁਤ ਪਾਸਾਰਾ ਹੋਇਆ ਹੈ ਅਤੇ ਖੇਤਰੀ ਭਾਸ਼ਾਵਾਂ (ਮਾਤ-ਭਾਸ਼ਾਵਾਂ) ਬਾਰੇ ਬੇਇਤਬਾਰੀ ਵਧੀ ਹੈ। ਖੇਤਰੀ ਸਭਿਆਚਾਰਾਂ ਦੇ ਲੋਕ ਮਾਂ-ਬੋਲੀ ਨਾਲ ਬੇਪਰਤੀਤੀ ਦਾ ਰਿਸ਼ਤਾ ਅਖ਼ਤਿਆਰ ਕਰ ਰਹੇ ਹਨ। ਖੇਤਰੀ ਭਾਸ਼ਾਵਾਂ ਦੀ ਹੋਂਦ ਸੰਬੰਧੀ ਯੁਨੈਸਕੋ ਦੇ ਸਰਵੇਖਣ ਦੇ ਵਾਦ-ਵਿਵਾਦ ਤੋਂ ਬਾਅਦ ਇਸ ਸੰਬੰਧੀ ਚਿੰਤਾ ਹੋਰ ਵਧੀ ਹੈ। ਇਸ ਕਵਿਤਾ ਵਿਚ ਇਹ ਚਿੰਤਾ ਬਦਲ ਰਹੀ ਮਾਨਸਿਕਤਾ ਵਿਚ ਗੁਰਮੁਖੀ ਲਿਪੀ ਥਾਣੀਂ ਹੁੰਦੀ ਹੋਈ ਪੰਜਾਬੀ ਭਾਸ਼ਾ ਤੇ ਪੰਜਾਬੀ ਸਭਿਆਚਾਰਕ ਸੰਕਟ ਨੂੰ ਸਮਾਈ ਬੈਠੀ ਹੈ। ਇਹ ਸੰਕਟ ਨਵੇਂ ਪੰਜਾਬ ਦੇ ਇਤਿਹਾਸ ਵਿਚ 'ਆਵਾਸ-ਪਰਵਾਸ' ਦੀ ਵਿਰੋਧਾਭਾਸੀ ਸਥਿਤੀ/ਅਰਥਚਾਰੇ ਅਤੇ ਖਪਤਵਾਦ ਕਾਰਨ ਸਾਹਮਣੇ ਆ ਰਿਹਾ ਹੈ ਤੇ ਇਸ ਨਾਲ ਪੰਜਾਬੀ ਸਮਾਜ ਦੀ ਦਸ਼ਾ ਤੇ ਦਿਸ਼ਾ ਹੀ ਬਦਲਣ ਲੱਗੀ ਹੈ। ਇਉਂ ਇਹ ਕਵਿਤਾ ਵੱਡਾ ਸਮਕਾਲੀ ਸਰੋਕਾਰ ਸੰਭਾਲੀ ਬੈਠੀ ਹੈ, ਸਰੋਕਾਰ ਜੋ ਪੰਜਾਬੀ ਤਵਾਰੀਖ਼ ਦੀ ਭਾਸ਼ਾ ਤੇ ਸਭਿਆਚਾਰ ਦੇ ਸੰਕਟ ਨਾਲ ਜੁੜਿਆ ਹੋਇਆ ਹੈ। ਸਮਕਾਲੀ ਸਥਿਤੀ ਵਿਚ ਬਣੇ ਅਜਿਹੇ ਸਰੋਕਾਰ ਤੇ ਇਸ ਪਿੱਛੇ ਪਈ ਗਰਾਮਰ ਨੂੰ ਗਲੋਬਲ ਆਰਥਿਕ, ਰਾਜਸੀ ਤੇ ਸਭਿਆਚਾਰਕ ਸੰਦਰਭ 'ਚ ਪੇਸ਼ ਕਰਨਾ ਪੰਜਾਬੀ ਕਵਿਤਾ ਦਾ ਹਾਸਲ ਹੈ।

ਬੰਦਾ ਕਦੀ ਰੋਜ਼ੀ-ਰੋਟੀ ਲਈ, ਕਦੀ ਅਕਾਂਖਿਆ ਖ਼ਾਤਰ ਦਰ-ਬ-ਦਰ ਭਟਕਦਾ ਰਿਹਾ ਹੈ। ਰਿਜ਼ਕ ਤੇ ਅਕਾਂਖਿਆ ਦੀ ਬੇਚਾਰਗੀ ਸਾਹਵੇਂ ਕਈ ਵਾਰ ਬੰਦਾ ਨਿਵਾਣਾਂ ਵੱਲ ਗਿਰਦਾ ਜਾਂਦਾ ਹੈ ਤੇ ਇਹ ਕਵਿਤਾ ਅਸਲ ਵਿਚ ਉਸ ਬੇਚਾਰਗੀ ਵਿਰੁੱਧ ਛੁਪੀ ਜੰਗ ਲੜਦੀ ਪੰਜਾਬੀ ਅਵਚੇਤਨ ਦੀਆਂ ਉਨ੍ਹਾਂ ਗੁੰਝਲਾਂ ਨੂੰ ਖੋਲਦੀ ਹੈ ਜੋ ਪਿਛਲੇ 30-40 ਸਾਲਾਂ ਵਿਚ ਵਿਸ਼ਵ ਪੱਧਰ ਦੇ ਪੈਦਾ ਹੋਏ ਖਪਤਵਾਦ ਨੇ ਪੰਜਾਬੀ ਸਭਿਆਚਾਰਕ ਅਵਚੇਤਨ ਵਿਚ ਪਾ ਦਿੱਤੀਆਂ ਹਨ। ਅਕਾਂਖਿਆਵਾਂ ਤੇ ਰਿਜ਼ਕ ਦੀ ਪੂਰਤੀ ਦਾ ਰਾਹ ਅੰਗਰੇਜ਼ੀ 'ਚੋਂ ਨਿਕਲਦਾ ਪ੍ਰਤੀਤ ਹੋਣ ਲੱਗਾ ਹੈ ਤੇ ਆਪਣੀ ਮਾਂ-ਭਾਸ਼ਾ ਨਾਲ ਬੇਪਰਤੀਤੀ ਹੋ ਗਈ ਹੈ ਪਰ ਬੰਦੇ ਦੀ ਹੋਂਦ ਨਾਲ ਜੁੜਿਆ ਸੁਆਲ ਉਠਦਾ ਹੈ ਕਿ ਅੰਗਰੇਜ਼ੀ ਭਾਸ਼ਾ ਪੰਜਾਬੀ ਬੰਦੇ ਦੀਆਂ ਜੜ੍ਹਾਂ ਕਿਥੇ ਜੋੜੇਗੀ ਤੇ ਉਹ ਬੇਗਾਨੇ ਸਭਿਆਚਾਰ 'ਚ ਕਿਥੋਂ ਕੁ ਤਕ ਆਪਣੀ ਹੋਂਦ ਬਚਾ ਕਿ ਰੱਖ ਸਕਦਾ ਹੈ ? ਅਸਲ ਵਿਚ ਭਾਸ਼ਾ ਆਪਣੇ ਸਭਿਆਚਾਰ ਦੇ ਲੋਕਾਂ ਵਿਚਕਾਰ ਨਿਰਾ ਸੰਚਾਰ ਮਾਧਿਅਮ ਨਹੀਂ ਹੈ ਤੇ ਨਾ ਹੀ ਨਿਰਾ ਰਿਜ਼ਕ ਦਾ ਲਾਲਚੀ ਜ਼ਰੀਆ ਹੈ। ਇਹ ਇਕ ਸਰਬ-ਸਾਂਝੀ ਪਛਾਣ ਕਾਇਮ ਕਰਨ ਦਾ ਕੰਮ ਵੀ ਕਰਦੀ ਹੈ ਜੋ ਬਾਅਦ ਵਿਚ ਉਸਦੇ ਵਿਰਸੇ ਦਾ ਹਿੱਸਾ ਬਣ ਜਾਂਦੀ ਹੈ ਅਤੇ ਉਸਦੀ ਹੋਂਦ ਵੀ ਘੜ੍ਹਦੀ ਹੈ। ਮਾਂ-ਭਾਸ਼ਾ ਹੀ ਹੈ ਜੋ ਇਕ ਪਾਸੇ ਉਸ ਦੇ ਗੌਰਵਸ਼ੀਲ ਵਿਰਸੇ ਦੀ ਸ਼ਾਨ, ਵਿਲੱਖਣ ਸਭਿਆਚਾਰਕ ਪਛਾਣ ਤੇ ਕਦਰਾਂ-ਕੀਮਤਾਂ ਨੂੰ ਨਿਰੰਤਰ ਕਾਇਮ ਰੱਖਦੀ ਹੈ ਦੂਜੇ ਪਾਸੇ ਨਵੀਆਂ, ਜਟਿਲ ਜਾਂ ਮਾਰੂ ਸਥਿਤੀਆਂ ਸਾਹਮਣੇ ਇਨ੍ਹਾਂ ਦੀ

ਪੁਨਰ-ਸੁਰਜੀਤੀ ਵੀ ਕਰਦੀ ਹੈ। ਜਿਸ ਸਾਂਝੀ ਸਭਿਆਚਾਰਕ ਜ਼ਮੀਨ, ਪਿਛੋਕੜ, ਇਤਿਹਾਸ, ਸੰਸਕਾਰ, ਮਿਥਿਹਾਸ ਤੇ ਭਾਸ਼ਾ ਨੇ ਬੰਦੇ ਨੂੰ ਘੜਿਆ ਹੈ ਉਸ ਤੋਂ ਹੀ ਕਿਸੇ ਸਮੂਹ ਦੀ ਸਭਿਆਚਾਰਕ ਯੋਗਤਾ ਨਿਰਮਤ ਹੋਈ ਹੁੰਦੀ ਜੋ ਸਮੇਂ-ਸਮੇਂ ਵੱਖ-ਵੱਖ ਰੂਪਾਂ ਵਿਚ ਪ੍ਰਗਟ ਹੋ ਕੇ ਮਾਰੂ ਹਾਲਤਾਂ ਦਾ ਟਾਕਰਾ ਕਰਦੀ ਬੰਦੇ ਨੂੰ ਜਿਉਣ-ਜੋਗਾ ਕਰਦੀ ਹੈ :

ਇਹ ਵੀ ਹੋ ਸਕਦਾ
ਕਿ ਇਨ੍ਹਾਂ ਮਰਨਹਾਰ ਹਾਲਤਾਂ ਵਿਚ ਘਿਰ ਕੇ
ਇਨ੍ਹਾਂ ਮਾਰਨਹਾਰ ਹਾਲਤਾਂ ਦਾ ਟਾਕਰਾ ਕਰਨ ਲਈ
ਹੋਰ ਵੀ ਜਿਉਣਜੋਗੀ
ਹੋਰ ਵੀ ਜੀਵੰਤ ਹੋ ਉੱਠੇ ਮੇਰੀ ਭਾਸ਼ਾ।
– – –
ਤਦੇ ਮੈਂ ਸੋਚਦਾਂ
ਆਪਾਂ ਚੱਲੀਏ
ਆਪਣੇ ਪਿੰਡਾਂ ਨੂੰ , ਸ਼ਹਿਰਾਂ ਨੂੰ, ਘਰਾਂ ਨੂੰ
ਦੇਸਾਂ ਨੂੰ , ਪਰਦੇਸਾਂ ਨੂੰ
ਭਰ ਦੇਈਏ ਪੰਜਾਬੀ ਨੂੰ
ਰੋਹ ਨਾਲ , ਮੋਹ ਨਾਲ
ਆਪਣੇ ਦਿਲ ਦੀ ਰੱਤ ਨਾਲ
ਮੱਤ ਨਾਲ
ਹਰਿਆਵਲ ਨਾਲ , ਸ਼ਕਤੀ ਨਾਲ , ਲੋਕਤਾ ਨਾਲ
ਭਵਿੱਖ ਨਾਲ , ਰਸ ਨਾਲ
ਇਨਸਾਫ਼ ਤੇ ਸੰਘਰਸ਼ ਨਾਲ

ਇਹ ਮਾਂ-ਭਾਸ਼ਾ ਪ੍ਰਤਿ ਪ੍ਰਤਿਬੱਧਤਾ ਦਾ ਕਾਵਿਕ ਰੂਪਾਂਤਰਣ ਹੈ ਜੋ ਪੰਜਾਬ ਦੀ ਖਪਤਵਾਦੀ ਸਥਿਤੀ ਵਿਚ ਪੰਜਾਬੀ ਨੂੰ ਪਿਆਰ ਕਰਨ ਵਾਲੇ ਬੰਦੇ ਦੇ ਦਿਲ ਵਿਚ ਰਮਿਆਂ ਹੈ । ਪਾਤਰ-ਕਾਵਿ ਵਿਚ ਇਹ ਖਪਤਵਾਦੀ ਸਥਿਤੀ ਦੇ ਨਾਲ ਨਾਲ ਆਵਾਸ-ਪਰਵਾਸ ਦੀ ਵਿਰੋਧਾਭਾਸੀ ਸਥਿਤੀ ਵਿਚ ਵੀ ਇਹ ਬੜੇ ਸਹਿਜ ਭਾਅ ਈ, ਮਾਂ-ਭਾਸ਼ਾ ਦੇ ਸੰਕਟ ਤੇ ਪੰਜਾਬ ਵਿਚ ਬੈਠਿਆਂ ਦੇ ਪਰਦੇਸੀ ਹੋਏ ਅਵਚੇਤਨ ਦੀ ਉਥਲ-ਪੁਥਲ ਨੂੰ ਪ੍ਰਗਟ ਕਰਦਾ ਹੈ। ਪੰਜਾਬ ਦੀ ਸਮਕਾਲੀ ਆਰਥਿਕ ਸਥਿਤੀ, ਵਿਰੋਧਾਭਾਸੀ ਸਥਿਤੀ ਹੈ। ਸਾਡੇ ਨਵੇਂ ਪੰਜਾਬ ਦੇ ਇਤਿਹਾਸ ਵਿਚ ਇਕੋ ਕਿਸਮ ਦੇ ਦੋ ਵਿਰੋਧੀ ਵਰਤਾਰੇ ਬੜੇ ਧਿਆਨਯੋਗ ਹਨ। ਇਕ, ਪੰਜਾਬੀਆਂ ਦਾ ਪੰਜਾਬ ਤੋਂ ਵਹੀਰਾਂ ਘੱਤ ਕੇ ਬਾਹਰ ਜਾਣਾ ਤੇ ਹੌਲੀ-ਹੌਲੀ ਉਥੇ ਵੱਸਦੇ ਜਾਣਾ। ਦੂਜਾ, ਭਾਰਤ ਦੇ ਪੂਰਬੀ ਰਾਜਾਂ ਤੋਂ 'ਭਈਆਂ' (ਬੱਈਆਂ) ਦਾ ਵਹੀਰਾਂ ਘੱਤ ਕੇ ਪੰਜਾਬ ਆਉਣਾ ਤੇ ਹੌਲੀ-ਹੌਲੀ ਇਥੇ ਵੱਸਦੇ ਜਾਣਾ। ਰਿਜ਼ਕ ਕਰਕੇ 'ਪੂਰਬੀਏ' ਪੰਜਾਬ ਆ ਰਹੇ ਹਨ, ਰਿਜ਼ਕ ਕਰਕੇ ਪੰਜਾਬੀ ਬਾਹਰਲੇ ਮੁਲਕੀਂ ਜਾ ਰਹੇ ਹਨ। ਇਸ ਆਵਾਸ-ਪਰਵਾਸ ਦੇ ਵਰਤਾਰੇ ਨੂੰ ਪਾਤਰ ਇਉਂ ਫੜ੍ਹਦਾ ਹੈ :

ਰਾਮ ਦੁਲਾਰੀ ਸਾਡੇ ਘਰ ਵਿੱਚ ਝਾੜੂ ਪੋਚਾ ਲਾਵੇ
ਊਸ਼ਾ ਰਾਣੀ ਕੱਪੜੇ ਧੋਵਣ ਆਵੇ
ਰਾਮ ਦੁਲਾਰੀ ਸਦਾਨੰਦ ਦੀ ਬੇਟੀ
ਊਸ਼ਾ ਰਾਣੀ ਰਾਮ ਲਖਨ ਦੀ ਬੀਵੀ



ਸਦਾਨੰਦ ਨੇ ਸਾਡੇ ਘਰ ਦੀਆਂ ਕੰਧਾਂ ਚਿਣੀਆਂ
ਲੈਂਟਰ ਪਾਇਆ
ਰਾਮ ਲਖਨ ਨੇ ਫਰਸ਼ਾਂ ਪਾਈਆਂ
ਬਿਰਜੂ, ਰਾਮ ਖਿਲਾਵਨ, ਅੰਗਨੂ, ਦੇਵਕੀਨੰਦਨ
ਇੱਟਾਂ ਢੋਈਆਂ
ਰੇਤਾ ਤੇ ਸੀਮਿੰਟ ਰਲਾਇਆ

ਇਹ ਸੀਮਿੰਟ ਜੋ ਛੋਟੇ ਭਾਈ ਦੇਸਾ ਸਹੁੰ ਦੇ
ਕੈਨੇਡਾ ਤੋਂ ਘੱਲੇ ਪੈਸਿਆਂ ਨਾਲ ਸੀ ਬੁੱਕ ਕਰਾਇਆ
ਪਿਆ ਪਿਆ ਹੀ ਪੱਥਰ ਹੋ ਜਾਣਾ ਸੀ

ਰਾਜ ਮਿਸਤਰੀ ਤੇਜਾ ਸਿੰਘ ਤਾਂ
ਬੱਸ ਡੀ ਪੀ ਸੀ ਪਾ ਕੇ ਮਸਕਟ ਚਲਾ ਗਿਆ ਸੀ
ਰੁਲੀਆ ਸਿੰਘ ਮਜ਼ਦੂਰ ਵੀ ਇੱਕ ਦਿਨ ਆਇਆ
ਫਿਰ ਨਾ ਆਇਆ
ਕਹਿੰਦੇ ਉਸ ਨੇ ਆਟੋ ਪਾਇਆ

ਸੋਨੂੰ ਤੇ ਮੋਨੂੰ ਨੂੰ ਰਿਕਸ਼ੇ ਵਿੱਚ ਬਿਠਾ ਕੇ
ਰਾਮ ਭਰੋਸੇ ਰੋਜ਼ ਸਕੂਲ ਲਿਜਾਂਦਾ

ਅਤੇ ਬਥੇਰੇ ਹੋਰ
ਜਿਨ੍ਹਾਂ ਦੇ ਨਾਮ ਨ ਜਾਣਾਂ
ਫੈਕਟਰੀਆਂ ਵਿੱਚ ਕੰਮ ਕਰਦੇ ਨੇ
ਪੈਲੀਆਂ ਵਿਚ
ਪਨੀਰੀ ਲਾਉਂਦੇ
ਜ਼ੀਰੀ ਲਾਉਂਦੇ
ਫਸਲਾਂ ਵੱਢਦੇ
ਇਹ ਡਾਰਾਂ ਦੀਆਂ ਡਾਰਾਂ
––
ਸੱਤ ਸਮੁੰਦਰੋਂ ਏਧਰ
ਸਾਡੀ ਨਵੀਂ ਵਸੀ ਆਬਾਦੀ
ਸ਼ਾਮ ਪਈ ਭਈਆਂ ਦੇ ਬੱਚੇ
ਸਿਰ ਤੇ ਫਟੇ ਪਰੋਲੇ ਧਰ ਕੇ
ਗੁਰਦੁਆਰੇ ਵਿੱਚ ਆ ਬਹਿੰਦੇ ਨੇ
ਨਾਲ ਨਾਲ ਪੜ੍ਹਦੇ ਨੇ ਬਾਣੀ
ਸਤਿਗੁਰ ਸੱਜਣ ਮਿਲਿਆ

ਨਾਨਕ ਨਾਮ ਮਿਲੇ ਤਾਂ ਜੀਵਾਂ
ਤਨ ਮਨ ਥੀਵੇ ਹਰਿਆ
——
ਹੁੰਦੀ ਏ ਅਰਦਾਸ
ਖੁਆਰ ਹੋਏ ਸਭ ਮਿਲਹਿੰਗੇ
ਬਚੇ ਸ਼ਰਨ ਜੋ ਹੋਇ
ਖੁਆਰ ਹੋਇਆਂ ਤੇ ਸ਼ਰਨ ਪਿਆਂ ਦੇ ਬੱਚੇ
ਕਰਦੇ ਨੇ ਅਰਦਾਸ

ਪੰਜਾਬੀਆਂ ਦੇ ਪਰਵਾਸ ਨਾਲ ਤੇ ਬੱਈਆਂ ਦੀ ਆਮਦ ਤੇ ਵਸੇਬੇ ਨਾਲ ਪੰਜਾਬੀ ਸਮਾਜ ਦੀਆਂ ਸਮੀਕਰਨਾਂ ਵਿਚ ਬਦਲਾਅ ਆਇਆ ਹੈ ਤੇ ਭਾਰੀ ਬਦਲਾਅ ਦੀ ਸੰਭਾਵਨਾ ਬਣੀ ਹੋਈ ਹੈ। ਪੰਜਾਬੀਆਂ ਦੇ ਪਰਵਾਸ ਕਰਨ ਨਾਲ ਪੰਜਾਬ ਵਿਚ ਸਰੀਰਕ ਤੇ ਜ਼ਿਹਨੀ ਖ਼ਲਾਅ ਪੈਦਾ ਹੋ ਰਿਹਾ ਹੈ। ਲੰਬੇ ਸਮੇਂ ਤੋਂ ਬਰੇਨ-ਡਰੇਨ ਹੋ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਤੇ ਸਾਰੇ ਭਾਰਤ ਦੇ ਕੁਚੱਜੇ, ਭੈਅ-ਭਰੇ ਪ੍ਰਬੰਧ , ਭਰਿਸ਼ਟਾਚਾਰੀ ਨਿਜ਼ਾਮ ਤੇ ਲੱਤਾਂ-ਖਿੱਚੂ ਰਾਜਨੀਤੀ ਦੇ ਸਿੱਟੇ ਵਜੋਂ ਪੰਜਾਬ ਦੀ ਬਹੁਤ ਸਾਰੀ ਵੈਲਥ/ਦੌਲਤ ਵੀ ਡਰੇਨ ਹੋ ਰਹੀ ਹੈ। ਲੋਕ ਇਥੇ ਇਨਵੈਸਟ ਕਰਨ ਦੀ ਥਾਂ ਆਪਣੀ ਜ਼ਮੀਨ-ਜਾਇਦਾਦ ਕਾਰਪੋਰੇਟਸ ਜਾਂ ਧੰਨਾਢਾਂ ਨੂੰ ਵੇਚ ਵੱਟ ਵਿਦੇਸ਼ਾਂ 'ਚ ਲਿਜਾ ਰਹੇ ਹਨ। ਬਹੁਤ ਗੁੰਝਲਦਾਰ ਸਿਸਟਮ ਉਸਰ ਰਿਹਾ ਹੈ। ਕੀ ਚੰਗਾ ਕੀ ਬੁਰਾ ਕੁਝ ਸਮਝ ਨਹੀਂ ਆ ਰਿਹਾ, ਘੱਟ-ਗਿਣਤੀ ਬਹੁ-ਗਿਣਤੀ ਦੇ ਮਸਲੇ ਉਠ ਰਹੇ ਹਨ ਤੇ ਕਈ ਸ਼ੰਕੇ ਤੇ ਖ਼ੌਫ ਉਪਜ ਰਹੇ ਹਨ :

ਕਦੀ ਕਦੀ ਚੰਗਾ ਵੀ ਲੱਗਦਾ
ਦੇਸ਼ ਦੇਸ਼ਾਂਤਰ ਜਿੱਥੇ ਜਾਵੋ
ਦਿਸ ਹੀ ਪੈਂਦੀਆਂ ਨੇ ਦਸਤਾਰਾਂ
ਸੱਤ ਸਮੁੰਦਰ ਪਾਰ ਵੀ ਝੂਲਣ ਝੰਡੇ
——
ਕਦੀ ਕਦੀ ਤਾਂ ਡਰ ਲਗਦਾ ਹੈ
ਕਿੱਧਰ ਉਡਦੀਆਂ ਜਾਂਦੀਆਂ ਨੇ ਦਸਤਾਰਾਂ
——
ਖੁਆਰ ਹੋਇਆਂ ਤੇ ਸ਼ਰਨ ਪਿਆਂ ਦੇ ਬੱਚੇ
ਕਰਦੇ ਨੇ ਅਰਦਾਸ

ਫਿਰ ਵੀ ਮੈਨੂੰ ਡਰ ਲੱਗਦਾ ਹੈ
ਪਤਾ ਨਹੀਂ ਇਹ ਕਿਹੋ ਜਿਹੇ ਨਿਕਲਣਗੇ
ਵੱਡੇ ਹੋ ਕੇ
ਬਹੁਤੇ ਹੋ ਕੇ

ਪੰਜਾਬੀਆਂ ਦੇ ਪਰਵਾਸ ਕਰਨ ਨਾਲ ਅਤੇ ਪੰਜਾਬੀਆਂ ਦੇ ਪਰਵਾਸੀ ਹੋਏ ਮਨ ਦੁਆਰਾ ਪੈਦਾ ਹੋਏ ਖ਼ਲਾਅ ਨੂੰ ਭਰਨ ਲਈ ਜਾਂ ਤਾਂ ਬੱਈਏ ਆਉਂਦੇ ਹਨ ਜਾਂ ਕਾਰਪੋਰੇਟਸ, ਵੱਡੇ-ਵੱਡੇ ਤੇ ਵੰਨ-ਸੁਵੰਨੇ ਮਾਫ਼ੀਏ। ਬੱਈਆਂ ਦੀ ਆਮਦ ਤੇ ਵਸੇਬੇ ਨਾਲ ਲੇਬਰ ਤੋਂ ਲੈ ਕੇ ਕਾਰੀਗਰੀ, ਠੇਕੇਦਾਰੀ ਤੇ ਛੋਟੀ ਦੁਕਾਨਦਾਰੀ ਤੋਂ ਲੈ ਕੇ ਮੱਧਮ ਵਪਾਰੀ ਤਕ ਬੱਈਆਂ ਦਾ ਕਬਜ਼ਾ ਹੋ ਗਿਆ ਹੈ। ਇਥੇ ਤਕ



ਕਿ ਰਾਜਨੀਤਕ ਤੇ ਧਾਰਮਿਕ ਵਰਤਾਰਿਆਂ ਵਿਚ ਵੀ ਇਨ੍ਹਾਂ ਦੀ ਭਰਪੂਰ ਰੂਪ ਵਿਚ ਦਖ਼ਲ-ਅੰਦਾਜ਼ੀ ਜਾਂ ਮੌਜੂਦਗੀ ਦਿਸਦੀ ਹੈ। ਇਹ ਪੰਜਾਬ ਦੇ ਆਰਥਿਕ ਵਿਕਾਸ ਵਿਚ ਹਿੱਸਾ ਵੀ ਪਾਉਂਦੇ ਹਨ ਤੇ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਵਿਹਲ ਦੀ ਭੈੜੀ ਆਦਤ ਦੀ ਸੁਗਾਤ ਦੇ ਨਾਲ ਨਾਲ ਪੰਜਾਬੀ ਲੇਬਰ ਕਲਾਸ ਲਈ ਚੁਣੌਤੀ ਵੀ ਬਣਦੇ ਵੀ ਹਨ। ਕਾਰਪੋਰੇਟਸ ਤੇ ਵੰਨ-ਸੁਵੰਨੇ ਮਾਫ਼ੀਏ ਦੀ ਆਮਦ ਨਾਲ ਪੰਜਾਬੀਆਂ 'ਚ ਖ਼ਪਤੀ ਰੁਚੀ ਤੇ ਅਕਾਂਖਿਆਵਾਂ ਵੱਧਦੀਆਂ ਹਨ ਤੇ ਨਵੀਆਂ ਤਰਕੀਬਾਂ ਨਾਲ ਪੰਜਾਬ ਦੀ ਦੌਲਤ/ਜਾਇਦਾਦ ਲੋਕਾਂ ਕੋਲੋਂ ਖੋਹ ਖਿੰਝ ਕੇ ਨਵੀਂ ਤਰਾਂ ਦੇ ਸਾਮੰਤਵਾਦ ਤੇ ਨਵ-ਬਸਤੀਵਾਦ ਸਾਹਮਣੇ ਆ ਰਿਹਾ ਹੈ।

ਜਿਹੜਾ ਕੰਮ ਇਥੇ ਆ ਕੇ ਜਾਂ ਭਾਰਤ 'ਚ ਬੱਈਏ ਕਰਦੇ, ਉਹ ਕੰਮ ਪੰਜਾਬੀ ਨਹੀਂ ਕਰਨਾ ਚਾਹੁੰਦੇ। ਬੱਈਏ ਇਥੇ ਹਾਸ਼ੀਏ 'ਤੇ ਗੈਟੋ ਬਣਾ ਕੇ ਰਹਿ ਸਕਦੇ ਹਨ ਪਰ ਇਥੇ ਹਾਸ਼ੀਏ 'ਤੇ ਵਿਚਰਨਾ ਪੰਜਾਬੀਆਂ ਦੀ ਫ਼ਿਤਰਤ ਨਹੀਂ। ਰਿਜ਼ਕ ਦੇ ਨਾਲ-ਨਾਲ ਵਡੇਰੀ ਕਾਮਨਾ ਤੇ ਮੁਹਿਮੀ ਸੁਭਾਅ ਵੀ ਪੰਜਾਬੀਆਂ ਦੇ ਪ੍ਰਸੰਗ ਵਿਚ ਪਰਵਾਸ ਦਾ ਇਕ ਕਾਰਨ ਹੈ। ਇਸੇ ਕਾਮਨਾ ਕਰਕੇ 'ਖਾਂਦੇ-ਪੀਂਦੇ ਘਰਾਂ ਦੇ ਪੰਜਾਬੀ' ਵੀ ਪਰਵਾਸੀ ਹੋ ਗਏ ਹਨ ਅਤੇ ਇਥੇ ਰਹਿ ਗਇਆਂ ਦਾ ਮਨ ਵੀ ਪਰਦੇਸੀ ਹੋਇਆ ਪਿਆ ਹੈ। ਰਿਜ਼ਕ ਖ਼ਾਤਰ ਵਤਨ ਛੱਡ ਇਥੇ ਆਏ ਪੂਰਬੀਆਂ ਦੀਆਂ ਇਥੇ ਜੰਮੀਆਂ ਨਸਲਾਂ ਪੰਜਾਬੀ ਪੜ੍ਹ ਰਹੀਆਂ ਹਨ। ਰਿਜ਼ਕ ਤੋਂ ਅੱਗੇ ਅਕਾਂਖਿਆ ਖ਼ਾਤਰ ਆਪਣੇ ਵਤਨ 'ਚ ਹੀ ਪੰਜਾਬੀਆਂ ਨੇ ਆਪਣੀ ਮਾਂ-ਭਾਸ਼ਾ -ਜਿਸ ਰਾਹੀਂ ਉਨ੍ਹਾਂ ਆਪਣੀਆਂ ਜੜ੍ਹਾਂ, ਜ਼ਮੀਨ ਤੇ ਸਭਿਆਚਾਰ ਨਾਲ ਜੁੜਨਾ ਹੈ, ਨੂੰ ਤਿਆਗ ਕੇ ਅੰਗਰੇਜ਼ੀ ਨਾਲ ਸਕੀਰੀ ਗੰਢ ਲਈ ਹੈ। ਦਾਤੇ ਨੇ 'ਕਿਥੇ' 'ਕਿਥੇ' ਚੋਗ ਖਿਲਾਰੀ ਹੈ, ਪੰਜਾਬੀਆਂ ਲਈ ਇਹਦਾ ਪਤਾ ਹੁਣ 'ਅੰਗਰੇਜ਼ੀ' ਵਿਚ ਲਿਖਿਆ ਹੈ :

ਹੁਣ ਜਦੋਂ
ਦਾਣੇ ਦਾਣੇ ਉੱਪਰ
ਖਾਣ ਵਾਲੇ ਦਾ ਨਾਮ ਵੀ
ਤੁਹਾਡਾ ਰੱਬ ਅੰਗਰੇਜ਼ੀ ਵਿਚ ਹੀ ਲਿਖਦਾ ਹੈ
ਤਾਂ ਕੌਣ ਬੇਰਹਿਮ ਮਾਂ ਬਾਪ ਚਾਹੇਗਾ
ਕਿ ਉਸ ਦੇ ਬੱਚੇ
ਡੁਬ ਰਹੀ ਭਾਸ਼ਾ ਦੇ ਜਹਾਜ਼ ਵਿਚ ਬੈਠੇ ਰਹਿਣ ?

ਸਾਡੇ ਇਥੇ ਇਹ ਨਵੀਂ ਮਿਥ ਬਣ ਗਈ ਹੈ ਕਿ ਅੰਗਰੇਜ਼ੀ ਭਾਸ਼ਾ ਹੀ ਪੰਜਾਬੀ ਬੰਦੇ ਨੂੰ ਰਿਜ਼ਕ ਤੇ ਰੁਤਬੇ ਤਕ ਖੜ੍ਹੇਗੀ। ਪੰਜਾਬੀ ਭਾਸ਼ਾ ਤਾਂ ਗਰੀਬਾਂ ਦੀ ਭਾਸ਼ਾ ਰਹਿ ਗਈ ਹੈ। ਇਸ ਪ੍ਰਸੰਗ ਵਿਚ ਵੀਹਵੀਂ ਸਦੀ ਦੇ ਮਗਰਲੇ ਅੱਧ ਦੇ ਪੰਜਾਬ ਦੀ ਤਵਾਰੀਖ਼ ਤੇ ਉਪਰੋਕਤ ਸਥਿਤੀ ਨੇ ਸਮੁੱਚੇ ਪੰਜਾਬੀ ਭਾਈਚਾਰੇ ਦੇ ਅਵਚੇਤਨ ਵਿਚ ਇਕ ਡੂੰਘੀ ਚਿੰਤਾ ਦਾ ਬੀਅ ਬੀਜ ਦਿੱਤਾ ਹੈ ਤੇ ਇਸ ਗੰਭੀਰ ਮਸਲੇ ਪ੍ਰਤਿ ਪੰਜਾਬੀ ਸਭਿਆਚਾਰ ਨਾਲ ਜੁੜਿਆ ਹਰ ਬੰਦਾ ਅਚੇਤ-ਸੁਚੇਤ ਰੂਪ ਵਿਚ ਫ਼ਿਕਰਮੰਦ ਹੈ। ਚਿੰਤਾ ਦਾ ਬੀਜਿਆ ਇਹ ਬੀਅ, ਸੁਰਜੀਤ ਪਾਤਰ ਦੀਆਂ ਇਕ ਨਹੀਂ ਕਈ ਕਵਿਤਾਵਾਂ 'ਚ ਉਗਦਾ ਹੈ:

ਮਰ ਰਹੀ ਹੈ ਮੇਰੀ ਭਾਸ਼ਾ
ਕਿਉਂਕਿ ਜੀਉਂਦੇ ਰਹਿਣੇ ਚਾਹੁੰਦੇ ਨੇ
ਮੇਰੀ ਭਾਸ਼ਾ ਦੇ ਲੋਕ

ਜੀਉਂਦੇ ਰਹਿਣਾ ਚਾਹੁੰਦੇ ਨੇ

ਮੇਰੀ ਭਾਸ਼ਾ ਦੇ ਲੋਕ
ਇਸ ਸ਼ਰਤ ਤੇ ਵੀ
ਕਿ ਮਰਦੀ ਏ ਤਾਂ ਮਰ ਜਾਏ ਭਾਸ਼ਾ
——
ਸੱਤ ਸਮੁੰਦਰੋਂ ਏਧਰ
ਸਾਡੀ ਨਵੀਂ ਵਸੀ ਆਬਾਦੀ
ਸ਼ਾਮ ਪਈ ਭਈਆਂ ਦੇ ਬੱਚੇ
ਸਿਰ ਤੇ ਫਟੇ ਪਰੋਲੇ ਧਰ ਕੇ
ਗੁਰਦੁਆਰੇ ਵਿੱਚ ਆ ਬਹਿੰਦੇ ਨੇ
ਨਾਲ ਨਾਲ ਪੜ੍ਹਦੇ ਨੇ ਬਾਣੀ

ਕਾਰਨ ਰਿਜ਼ਕ ਹੋਵੇ ਭਾਵੇਂ ਅਕਾਂਖਿਆ ਜਾਂ ਕੁਝ ਹੋਰ, ਆਵਾਸ ਪਰਵਾਸ ਬੰਦੇ ਨੂੰ ਉਸਦੀ ਭਾਸ਼ਾ, ਜੜ੍ਹਾਂ, ਜ਼ਮੀਨ ਤੇ ਸਭਿਆਚਾਰ ਤੋਂ ਤੋੜ ਦਿੰਦਾ ਹੈ। ਦੋਨਾਂ ਵਰਤਾਰਿਆਂ ਵਿਚ ਪਰਵਾਸ ਕਰਨ ਵਾਲਿਆਂ ਦੀ ਮਾਂ-ਬੋਲੀ, ਸਵੈ-ਮਾਣ ਤੇ ਕਲਚਰ ਦੀ ਬਲੀ ਚੜ੍ਹਦੀ ਹੈ। ਇਸੇ ਨਾਲ ਬੰਦੇ ਦੀ ਹੋਂਦ ਹਸਤੀ ਜੁੜੀ ਹੁੰਦੀ ਹੈ ਜੋ ਸੰਕਟਗ੍ਰਸਤ ਹੋ ਜਾਂਦੀ ਹੈ, ਤਾਂ ਹੀ ਪਾਤਰ ਇਹ ਅਰਦਾਸ ਕਰਦਾ ਹੈ :

ਜੋ ਜਿਸ ਧਰਤੀ ਜੰਮੇ ਜਾਏ
ਉਸ ਨੂੰ ਓਥੇ ਈ ਰਿਜ਼ਕ ਥਿਆਏ
ਇਹ ਕਿਉਂ ਕਿਸੇ ਦੇ ਹਿੱਸੇ ਆਏ
ਬੈਸਣ ਬਾਰ ਪਰਾਏ
ਜਿੱਥੇ ਲੋਕੀਂ ਆਖਣ ਸਾਨੂੰ
ਇਹ ਕਿੱਥੋਂ ਦੇ ਜੰਮੇ ਜਾਏ
ਮੈਲ ਕੁਚੈਲੇ ਕਾਲੇ ਪੀਲੇ ਭੂਰੇ ਪਾਕੀ
ਏਥੇ ਆਏ

ਸਮੁੱਚੇ ਰੂਪ ਵਿਚ ਇਹ ਕਵਿਤਾਵਾਂ ਸਥਾਨਕ ਤੇ ਵਿਸ਼ਵ ਪੱਧਰ ਦੇ ਵਰਤਾਰਿਆਂ 'ਚੋਂ ਨਵੀਆਂ ਚੁਣੌਤੀਆਂ ਤੇ ਮੌਜੂਦਾ ਮੁੱਦਿਆਂ ਨੂੰ ਸਮਝ ਕੇ, ਪੰਜਾਬੀ ਬੰਦੇ ਦੀਆਂ ਜੜ੍ਹਾਂ 'ਚ ਤੇਲ ਦੇਣ ਵਾਲੀਆਂ ਸਥਿਤੀਆਂ ਦੀ ਪਛਾਣ ਕਰਦੀ ਹੈ ਅਤੇ ਵਿਸ਼ਵੀਕਰਨ ਦੀ ਪ੍ਰਕਿਰਿਆ 'ਚ ਪੰਜਾਬੀ ਬੰਦੇ, ਮਾਂ-ਬੋਲੀ/ਭਾਸ਼ਾ, ਸਭਿਆਚਾਰ, ਆਵਾਸ-ਪਰਵਾਸ, ਤੇ ਰੁਜ਼ਗਾਰ ਦੇ ਅੰਤਰ-ਸੰਬੰਧਾਂ ਨੂੰ ਅਗਰਭੂਮੀ 'ਤੇ ਲੈ ਕੇ ਆਉਂਦੀ ਹੈ। ਇਨ੍ਹਾਂ ਵਿਚ ਅਜੋਕੇ ਸਮੇਂ ਵਿਚ ਵਿਚਰਦੇ ਬੰਦੇ, ਆਵਾਸ-ਪਰਵਾਸ, ਮਾਂ-ਭਾਸ਼ਾ ਦੇ ਸੰਕਟ ਤੇ ਖ਼ੁਰਦੇ ਸਭਿਆਚਾਰ ਦੀ ਭਰਪੂਰ ਚਿੰਤਾ ਤੇ ਦੁੱਖ ਹੈ ਜੋ ਸੂਖਮ ਤਨਜ਼ੀਆ ਲਹਿਜੇ 'ਚ ਪੇਸ਼ ਹੋਇਆ ਹੈ। ਇਹ ਹੀ ਇਨ੍ਹਾਂ ਕਵਿਤਾਵਾਂ ਦੀ ਪ੍ਰਤਿਬੱਧਤਾ ਹੈ ਤੇ ਇਨ੍ਹਾਂ ਦੀ ਦੁਖਾਂਤਕ ਤਨਜ਼, ਕਾਵਿ-ਸੁਹਜ ਦੀ ਵਡਿਆਈ ਹੈ।

*ਪੋਸਟ-ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ,
ਖ਼ਾਲਸਾ ਕਾਲਜ, ਅੰਮ੍ਰਿਤਸਰ।



## ਆਧੁਨਿਕ ਪੰਜਾਬੀ ਕਹਾਣੀ ਵਿੱਚ ਔਰਤ ਦੀ ਖੁਦਮੁਖਤਾਰੀ ਦਾ ਮਸਲਾ

-ਰਚਨਾ ਕੁਮਾਰੀ

ਪੰਜਾਬੀ ਕਹਾਣੀ ਨੇ ਪਿਛਲੇ ਕੁੱਝ ਸਮੇਂ ਵਿੱਚ ਬਾਕੀ ਸਾਰੇ ਸਾਹਿਤ ਰੂਪਾਂ ਨਾਲੋਂ ਸਭ ਤੋਂ ਵੱਧ ਅਤੇ ਹੈਰਾਨੀਜਨਕ ਵਿਕਾਸ ਕੀਤਾ ਹੈ। ਅੱਜ ਜਿਸ ਨੂੰ ਅਸੀਂ ਆਧੁਨਿਕ ਕਹਾਣੀ ਦਾ ਦਰਜਾ ਦਿੰਦੇ ਹਾਂ ਨਿਰਸੰਦੇਹ ਇਹ ਪੁਰਾਤਨ ਮਿੱਥਾਂ, ਲੋਕ-ਕਥਾਵਾਂ, ਸਾਖੀਆਂ ਅਤੇ ਪੱਛਮੀ ਪ੍ਰਭਾਵ ਦਾ ਸਿੱਟਾ ਹੈ। ਪੱਛਮੀ ਪ੍ਰਭਾਵ ਅਧੀਨ ਇਸ ਨੇ ਆਪਣਾ ਮੁਹਾਂਦਰਾ ਜ਼ਰੂਰ ਨਿਖਾਰਿਆ ਹੈ, ਪਰ ਜੇ ਇਹ ਕਹਿ ਦਿੱਤਾ ਜਾਵੇ ਕਿ ਕਹਾਣੀ ਨਿਰੋਲ ਪੱਛਮ ਦੀ ਦੇਣ ਹੈ ਤਾਂ ਇਹ ਸਰਾਸਰ ਮਿੱਥ ਹੈ। ਪੰਜਾਬੀ ਕਹਾਣੀ ਮਿੱਥਾਂ, ਸਾਖੀਆਂ, ਲੋਕ ਕਥਾਵਾਂ ਆਦਿ ਤੋਂ ਚੱਲ ਕੇ ਸੁਧਾਰਵਾਦੀ, ਆਦਰਸ਼ਵਾਦੀ, ਪ੍ਰਗਤੀਵਾਦੀ ਜਿਹੇ ਦੌਰਾਂ ਵਿੱਚੋਂ ਵਿਕਸਤ ਹੁੰਦੀ ਹੋਈ ਅਜੋਕੇ ਆਧੁਨਿਕ ਮੁਹਾਂਦਰੇ ਤੱਕ ਪੁੱਜੀ ਹੈ। ਅਜੋਕੀ ਪੰਜਾਬੀ ਕਹਾਣੀ ਜਿਸ ਨੂੰ ਅੱਜ ਅਸੀਂ ਨਵੀਂ ਪੰਜਾਬੀ ਕਹਾਣੀ ਕਹਿੰਦੇ ਹਾਂ ਯਥਾਰਥ ਦੇ ਬਦਲਦੇ ਹੋਏ ਸੰਦਰਭਾਂ ਅਤੇ ਬਦਲਦੀ ਹੋਈ ਸੰਵੇਦਨਾ ਦੇ ਪਾਸਾਰਾਂ ਨੂੰ ਵਰਤਮਾਨ ਪ੍ਰਸਥਿਤੀਆਂ ਦੇ ਪ੍ਰਤੀਨਿਧ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਮਾਨਵੀ ਰਿਸ਼ਤਿਆਂ ਦੇ ਪ੍ਰਸੰਗ ਵਿੱਚ ਅਜੋਕੀ ਕਹਾਣੀ ਵਿੱਚ ਪੇਸ਼ ਯਥਾਰਥ ਵਧੇਰੇ ਕਰਕੇ ਮਨੋਵਿਗਿਆਨਕ ਢੰਗ ਨਾਲ ਵਿਕਸਿਤ ਹੁੰਦਾ ਨਜ਼ਰ ਆਉਂਦਾ ਹੈ। ਇਸ ਦੌਰ ਦੀ ਕਹਾਣੀ ਵਿੱਚ ਵਰਜਿਤ ਕਿਸਮ ਦੇ ਰਿਸ਼ਤੇ ਮਾਨਸਿਕ ਗੁੰਝਲਾਂ ਮਨੁੱਖੀ ਮਨ ਦੀ ਭਟਕਣ, ਬੇਗ਼ਾਨਗੀ ਅਤੇ ਅਤ੍ਰਿਪਤੀ ਜਿਹੇ ਵਿਸ਼ੇ ਕਥਾਕਾਰ ਦੀ ਰਚਨਾਤਮਕਤਾ ਦਾ ਧੁਰਾ ਬਣਦੇ ਹਨ। ਪਵਿੱਤਰਤਾ ਦੀ ਹੱਦ ਤੱਕ ਪੂਜੇ ਜਾਂਦੇ ਖ਼ੂਨ ਦੇ ਰਿਸ਼ਤਿਆਂ ਵਿੱਚ ਕਾਮ ਪ੍ਰਵਿਰਤੀ ਦੀ ਚੇਤਨਾ ਦਾ ਪ੍ਰਵਾਹ ਅਤੇ ਇਸ ਪਿੱਛੇ ਕਾਰਜਸ਼ੀਲ ਪ੍ਰੇਰਕਾਂ ਦੇ ਬੜੇ ਬੇ-ਬਾਕ, ਮਾਰਮਿਕ ਅਤੇ ਸਨਸਨੀਖੇਜ਼ ਬਿਆਨ ਆਧੁਨਿਕ ਕਹਾਣੀ ਵਿੱਚ ਆਮ ਮਿਲਦੇ ਹਨ।

ਜੇਕਰ ਵਿਚਾਰਿਆ ਜਾਵੇ ਤਾਂ ਮਨੁੱਖੀ ਰਿਸ਼ਤੇ ਵੀ ਉਹੀ ਸਦੀਆਂ ਪੁਰਾਣੇ ਹਨ ਅਤੇ ਮਨੁੱਖੀ ਜੀਵਨ ਵੀ ਉਸੇ ਸਾਮਾਜਿਕ ਪ੍ਰਬੰਧ ਦੇ ਆਧਾਰ 'ਤੇ ਚੱਲ ਰਿਹਾ ਹੈ। ਜੇਕਰ ਇਸ ਸਮੇਂ ਵਿੱਚ ਕੁੱਝ ਤਬਦੀਲ ਹੋਇਆ ਹੈ ਤਾਂ ਉਹ ਸਿਰਫ਼ ਜੀਵਨ ਨੂੰ ਜਿਉਣ ਦਾ ਢੰਗ ਹੈ। ਵਿਗਿਆਨ, ਤਕਨਾਲੋਜੀ ਅਤੇ ਮੀਡੀਆ ਦੇ ਪ੍ਰਚਾਰ ਅਤੇ ਪਾਸਾਰ ਚੇਤਨਾ ਅਤੇ ਚਿੰਤਨ ਦੇ ਜਾਣੇ-ਪਛਾਣੇ ਮਾਡਲਾਂ ਅੱਗੇ ਔਰਤ-ਮਰਦ ਦੇ ਸਮੁੱਚੇ ਚਰਿੱਤਰ ਬਾਰੇ ਅਜਿਹੇ ਕਈ ਨਵੇਂ ਤਰਕ ਸਿਰਜੇ ਹਨ, ਜਿੰਨ੍ਹਾਂ ਦੀ ਭਰਪੂਰ ਨਿਸ਼ਾਨਦੇਹੀ ਅਜੋਕੀ ਪੰਜਾਬੀ ਕਹਾਣੀ ਵਿੱਚ ਮਿਲਦੀ ਹੈ। ਪਰਿਵਰਤਨ ਕੁਦਰਤ ਦਾ ਨਿਯਮ ਹੈ ਅਤੇ ਸਮੇਂ ਅਨੁਸਾਰ ਹਰੇਕ ਵਰਤਾਰਾ ਅਤੇ ਜੀਵ ਆਪਣੇ ਆਪ ਤਬਦੀਲ ਹੋ ਜਾਂਦਾ ਹੈ। ਅੱਜ ਜਦੋਂ ਸਮੁੱਚਾ ਵਿਸ਼ਵ ਤਬਦੀਲੀ ਦੇ ਦੌਰ ਵਿੱਚੋਂ ਗੁਜਰ ਰਿਹਾ ਹੈ ਤਾਂ ਇਸ ਤਬਦੀਲੀ ਨੂੰ ਔਰਤ-ਮਰਦ ਨੇ ਵੀ ਸੁਭਾਵਿਕ ਰੂਪ ਵਿੱਚ ਸਵੀਕਾਰ ਕੀਤਾ ਹੈ। ਪੰਜਾਬੀ ਕਹਾਣੀ ਵਿੱਚ ਅਜਿਹੇ ਕਈ ਕਥਾਕਾਰ ਮੌਜੂਦ ਹਨ, ਜਿੰਨ੍ਹਾਂ ਨੇ ਔਰਤ-ਮਰਦ ਦੀ ਮਾਨਸਿਕਤਾ ਵਿੱਚ ਵਾਪਰੇ ਰੂਪਾਂਤਰਣ ਦੇ ਕਈ ਪਾਸਾਰ ਪਾਠਕਾਂ ਸਨਮੁੱਖ ਕੀਤੇ ਹਨ। ਪੁਰਾਤਨ ਸਮਿਆਂ ਵਿੱਚ ਜਿਸ ਨਾਰੀ ਨੂੰ ਕੋਮਲਤਾ ਅਤੇ ਸ਼ਹਿਣਸ਼ੀਲਤਾ ਦੀ ਦੇਵੀ ਕਹਿ ਕੇ ਨਿਵਾਜਿਆ ਜਾਂਦਾ ਸੀ, ਉਹ ਅਜੋਕੇ ਸਮੇਂ ਵਿੱਚ ਮਰਦ ਦੇ ਬਰਾਬਰ ਖੜ੍ਹੇ ਹੋਣ ਲਈ ਸਾਵਾਂ ਧਰਾਤਲ ਤਿਆਰ ਕਰਦੀ ਨਜ਼ਰ ਆਉਂਦੀ ਹੈ। ਪੱਛਮੀ ਪ੍ਰਭਾਵ ਅਤੇ ਜਾਗਰੂਕਤਾ ਸਦਕਾ ਅੱਜ ਔਰਤ ਲਈ ਪਤੀ ਦਾ ਘਰ ਮੁੱਢਲਾ ਜਾਂ ਆਖਰੀ ਠਿਕਾਣਾ ਨਹੀਂ ਰਿਹਾ। ਅੱਜ ਉਸ ਲਈ ਘਰ ਦੇ ਅਰਥ ਬਦਲ ਚੁੱਕੇ ਹਨ, ਰਿਵਾਇਤੀ ਅਰਥਾਂ ਵਾਲੇ ਘਰ ਦਾ ਸੁਪਨਾ ਉਸ ਲਈ ਕੋਈ ਮਹੱਤਵ ਨਹੀਂ ਰਖਦਾ। ਅਜੋਕੀ ਪੰਜਾਬੀ ਕਹਾਣੀ ਵਿੱਚ ਜੋ ਨਾਰੀ ਬਿੰਬ ਉਭਰ ਕੇ ਸਾਹਮਣੇ ਆ ਰਿਹਾ ਹੈ, ਉਹ ਪਰੰਪਰਾਗਤ ਭਾਰਤੀ ਨਾਰੀ ਦਾ ਨਹੀਂ ਹੈ ਅਤੇ ਨਾ ਹੀ ਸਥਾਪਤੀ ਦੇ ਪੱਖ ਵਿੱਚ ਭੁਗਤਦੀ ਸਤੀ-

ਸਵਿੱਤਰੀ ਨਾਰੀ ਦਾ ਹੈ। ਬਲਕਿ ਅਜੋਕੇ ਦੌਰ ਦੀਆਂ ਕਹਾਣੀਆਂ ਵਿੱਚ ਸਤੀ-ਸਵਿੱਤਰੀ ਚਿਹਨਾਂ ਵਿੱਚ ਵਾਪਰਿਆ ਰੂਪਾਂਤਰਣ ਦ੍ਰਿਸ਼ਟੀਗੋਚਰ ਹੁੰਦਾ ਹੈ।

ਜਰਨੈਲ ਸਿੰਘ ਰਚਿਤ 'ਦੋ ਟਾਪੂ' ਕਹਾਣੀ ਰਾਹੀਂ ਸੁਤੰਤਰ ਚਿੱਤ-ਚੇਤਨ ਵਾਲੀ ਔਰਤ ਸਾਡੇ ਰੂ-ਬ-ਰੂ ਹੁੰਦੀ ਹੈ। ਕਹਾਣੀ ਦੀ ਨਾਇਕਾ 'ਪਾਸ਼ੀ' ਵਿਦੇਸ਼ ਵਿੱਚ ਜਾ ਕੇ ਪਤੀ ਨਾਲ ਦਿਨ-ਰਾਤ ਮਿਹਨਤ ਕਰਕੇ ਆਰਥਿਕ ਸੁਖ-ਸਹੂਲਤਾਂ ਅਰਜਿਤ ਕਰਦੀ ਹੈ, ਪਰ ਨਿੱਤ-ਪ੍ਰਤੀਦਿਨ ਦੀਆਂ ਛੋਟੀਆਂ-ਛੋਟੀਆਂ ਲੜਾਈਆਂ ਤੋਂ ਤੰਗ ਆ ਕੇ ਇੱਕ ਦਿਨ ਉਹ 'ਹਾਅ, ਧੌਂਸ ਕਾਹਦੀ ਐ ?' ਕਹਿ ਕੇ ਪਤੀ ਦੀਆਂ ਵਧੀਕੀਆਂ ਵਿਰੁੱਧ ਆਵਾਜ਼ ਉਠਾਉਂਦੀ ਹੈ। ਪਾਸ਼ੀ ਨੂੰ ਵਿਦੇਸ਼ ਵਿੱਚ ਰਹਿ ਕੇ ਆਪਣੀ ਸਥਿਤੀ ਦਾ ਪੂਰਨ ਗਿਆਨ ਹੈ ਅਤੇ ਆਰਥਿਕ ਸੁਤੰਤਰਤਾ ਨੇ ਉਸ ਦੀ ਸਥਿਤੀ ਨੂੰ ਹੋਰ ਮਜ਼ਬੂਤ ਕੀਤਾ ਹੈ। ਜਦ ਕਿ ਪਾਸ਼ੀ ਦਾ ਪਤੀ ਪੁਰਖ਼ ਪ੍ਰਭੁਤਾ ਵਾਲੇ ਸਮਾਜ ਦਾ ਨੁਮਾਇੰਦਾ ਹੈ ਅਤੇ ਉਹ ਪਾਸ਼ੀ ਨੂੰ ਰੋਕਣ ਲਈ ਹਰ ਉਹ ਢੰਗ-ਤਰੀਕਾ ਵਰਤਦਾ ਹੈ, ਜੋ ਸ਼ਕਤੀ ਦੇ ਆਧਾਰਿਤ ਸੰਬੰਧਾਂ ਵਿੱਚ ਸਦੀਆਂ ਤੋਂ ਹੀ ਪੁਰਸ਼ ਵਰਤਦਾ ਆਇਆ ਹੈ। ਪਰੰਤੂ ਪਾਸ਼ੀ ਕਿਸੇ ਵੀ ਕੀਮਤ 'ਤੇ ਸਮਝੌਤਾ ਕਰਨ ਨੂੰ ਤਿਆਰ ਨਹੀਂ ਅਤੇ ਪਾਸੀ ਆਪਣੇ ਪਤੀ ਤੋਂ ਤਲਾਕ ਲੈ ਕੇ ਬੱਚਿਆਂ ਸਮੇਤ ਵੱਖ ਰਹਿਣ ਲਗਦੀ ਹੈ। ਇੰਜ ਇਸ ਕਹਾਣੀ ਵਿੱਚ ਇਸ ਦੀ ਨਾਇਕਾ ਨੇ ਸਭਿਆਚਾਰਕ ਕੋਡਾਂ ਦਾ ਵਿਖੰਡਨ ਹੀ ਨਹੀਂ ਕੀਤਾ ਸਗੋਂ ਨਾਰੀ ਦੀ ਨਕਾਰਾਤਮਕ ਹੋਂਦ ਦਾ ਵੀ ਡੀ-ਕੰਸਟਰਕਸ਼ਨ ਕੀਤਾ ਹੈ। ਇਸ ਕਹਾਣੀ ਦਾ ਸਾਰਾ ਘਟਨਾਵੀ ਕਾਰਜ ਪਰੰਪਰਾ ਭੰਜਕ ਤਾਂ ਨਹੀਂ ਬਲਕਿ ਪਰੰਪਰਾ ਵਿਚਲੀਆਂ ਗਲਤ ਕੀਮਤਾਂ ਨੂੰ ਨਕਾਰਨ ਅਤੇ ਨਰੋਈਆਂ ਕੀਮਤਾਂ ਬਰਕਰਾਰ ਰੱਖਣ ਦਾ ਹੈ।

ਪੰਜਾਬੀ ਸਭਿਆਚਾਰ ਵਿੱਚ ਔਰਤ-ਮਰਦ ਦੇ ਸੰਬੰਧਾਂ ਦੀ ਪਿੱਠਭੂਮੀ ਵਿੱਚ ਆਰਥਿਕਤਾ ਇੱਕ ਮਹੱਤਵਪੂਰਨ ਅਤੇ ਫੈਸਲਾਕੁੰਨ ਸਾਰੋਕਾਰ ਹੈ। ਆਰਥਿਕਤਾ ਅਤੇ ਪੂੰਜੀ ਉੱਪਰ ਮਰਦ ਦੀ ਸਰਦਾਰੀ ਹੋਣ ਕਾਰਨ ਔਰਤ ਉੱਪਰ ਵੀ ਮਰਦ ਦਾ ਗਲਬਾ ਬਣਿਆ ਹੋਇਆ ਹੈ। ਆਧੁਨਿਕ ਯੁੱਗ ਵਿੱਚ ਭਾਂਵੇ ਔਰਤ ਨੇ ਕਈ ਖੇਤਰਾਂ ਵਿੱਚ ਮੱਲਾਂ ਮਾਰੀਆਂ ਹਨ, ਪਰ ਅੱਜ ਵੀ ਔਰਤ ਪ੍ਰਤੀ ਮਰਦ ਦੀ ਸੋਚ ਪਰੰਪਰਾਗਤ ਹੀ ਹੈ। ਬਲਵਿੰਦਰ ਸਿੰਘ ਗਰੇਵਾਲ ਰਚਿਤ 'ਖੰਡੇ ਦੀ ਧਾਰ' ਕਹਾਣੀ ਰਾਹੀਂ ਕਹਾਣੀਕਾਰ ਨੇ 'ਸੁਰਤ' ਨਾਮੀ ਪਾਤਰ ਨੂੰ ਇੱਕ ਸੁਤੰਤਰ ਇਕਾਈ ਦੇ ਤੌਰ ਤੇ ਪੇਸ਼ ਕੀਤਾ ਹੈ। ਇਹ ਪਾਤਰ ਆਪਣੇ ਅਸਤਿਤਵ ਪ੍ਰਤੀ ਚੇਤਨ ਹੈ ਅਤੇ ਸਮਾਜ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਉਣ ਦੀ ਇੱਛਕ ਹੈ। ਵਿਆਹ ਵਰਗੇ ਜ਼ਿੰਦਗੀ ਦੇ ਅਹਿਮ ਫੈਸਲੇ ਨੂੰ ਉਹ ਮਾਂ-ਬਾਪ 'ਤੇ ਨਹੀਂ ਛੱਡਣਾ ਚਾਹੁੰਦੀ। ਉਹ ਨਾ ਤਾਂ ਆਨੰਦ ਕਾਰਜ ਕਰਵਾਉਣਾ ਚਾਹੁੰਦੀ ਹੈ ਅਤੇ ਨਾ ਹੀ ਧਾਰਮਿਕ ਮਰਿਆਦਾ ਅਨੁਸਾਰ ਪਤੀ ਦੇ ਪਿੱਛੇ ਲੱਗ ਕੇ ਤੁਰਨਾ ਲੋਚਦੀ ਹੈ। ਉਹ ਹਰ ਉਸ ਸੰਸਥਾ ਦਾ ਵਿਰੋਧ ਕਰਦੀ ਹੈ, ਜੋ ਉਸ ਦੀ ਹੋਂਦ ਨੂੰ ਛੁਟਿਆ ਕੇ ਵੇਖਦੀ ਹੈ। 'ਸੁਰਤ' ਵੱਲੋਂ ਕੀਤੀ ਨਾਰੀ ਗੌਰਵ ਅਤੇ ਬਰਾਬਰੀ ਦੀ ਮੰਗ ਇਸ ਪਰੰਪਰਾਗਤ ਰੂੜੀਵਾਦੀ ਕੀਮਤ-ਪ੍ਰਬੰਧ ਅਤੇ ਪੁਰਾਤਨ ਸਮੇਂ ਤੋਂ ਚੱਲੀਆਂ ਆ ਰਹੀਆਂ ਰਹੁ-ਰੀਤਾਂ ਦਾ ਵਿਰੋਧ ਹੀ ਨਹੀਂ ਕਰਦੀ ਸਗੋਂ ਸਗੋਂ ਇਸ ਦੇ ਨਾਲ-ਨਾਲ ਆਧੁਨਿਕ ਚੇਤਨਾ ਦਾ ਅਹਿਸਾਸ ਵੀ ਕਰਾਉਂਦੀ ਹੈ। 'ਮੈਂ ਕਿਸੇ ਮਰਦ ਨਾਲ ਵਸਣਾ ਨਹੀਂ ਚਾਹੁੰਦੀ, ਉਸ ਨਾਲ ਜਿਉਣਾ ਚਾਹੁੰਦੀ ਹਾਂ' ਕਹਿ ਕੇ ਸੁਰਤ ਦਾ ਸੰਘਰਸ਼ ਸਿਰਫ ਮਰਦ ਦੇ ਬਰਾਬਰ ਇੱਕ ਹੋਰ ਸਥਾਪਤੀ ਦਾ ਥੰਮ ਖੜ੍ਹਾ ਕਰਨ ਤੱਕ ਹੀ ਮਹਿਦੂਦ ਨਹੀਂ ਰਹਿ ਜਾਂਦਾ ਬਲਕਿ ਮਨੁੱਖੀ ਗੌਰਵ ਦੀ ਬਹਾਲੀ ਲਈ ਕ੍ਰਾਂਤੀਕਾਰੀ ਨਾਰੀ ਸੰਵੇਦਨਾ ਅਤੇ ਚੇਤਨਤਾ ਤੱਕ ਦਾ ਸਫ਼ਰ ਤਹਿ ਕਰ ਜਾਂਦਾ ਹੈ। ਇਸ ਕਹਾਣੀ ਰਾਹੀਂ ਜਿੱਥੇ ਨਾਰੀ ਪਿਤਾ ਪੁਰਖ਼ੀ ਫੈਸਲਿਆਂ ਦੇ ਵਿਰੋਧ ਵਿੱਚ ਖੜ੍ਹੀ ਹੁੰਦੀ ਹੈ ਉਥੇ ਦੱਬੂ ਕਿਸਮ ਦੇ ਨਾਰੀ ਬਿੰਬ ਨੂੰ ਖਾਰਜ ਵੀ ਕਰਦੀ ਹੈ।

ਮੂਲ ਮਾਨਵੀਂ ਹੋਂਦ ਦੇ ਮਸਲੇ ਦੇ ਅੰਤਰਗਤ ਔਰਤ ਦੇ ਸੁਤੰਤਰ ਵਿਅਕਤੀਤਵ ਦੇ ਪ੍ਰਸ਼ਨ ਨੂੰ ਖ਼ੁਦ ਔਰਤ ਦੇ ਹੀ ਦ੍ਰਿਸ਼ਟੀਕੋਣ ਤੋਂ ਪੰਜਾਬੀ ਕਹਾਣੀ ਵਿੱਚ ਪੇਸ਼ ਕਰਨ ਦੇ ਮਸਲੇ ਵਿੱਚ ਵੀਨਾ ਵਰਮਾ ਦਾ ਨਾਮ ਜ਼ਿਕਰਯੋਗ ਹੈ। ਉਹ ਨਾਰੀ ਦੀ ਖ਼ੁਦ ਮੁਖਤਾਰੀ ਦੇ ਮਸਲੇ ਨੂੰ ਭਾਵੁਕਤਾ ਜਾਂ ਉਲਾਰ ਪ੍ਰਵਿਰਤੀ ਅਧੀਨ ਪੇਸ਼ ਨਹੀਂ ਕਰਦੀ, ਸਗੋਂ ਔਰਤ ਦੇ ਉਕਤ ਮਸਲੇ ਨੂੰ ਵਸਤੂ ਧਰਾਤਲ ਦੀ ਹੇਠਲੀ ਤਹਿ ਵਿੱਚ ਕਾਰਜਸ਼ੀਲ ਪ੍ਰੇਰਕਾਂ ਅਤੇ ਪ੍ਰਕਾਰਜਸ਼ੀਲ ਵਸਤੂ ਵੇਰਵਿਆਂ ਦੇ ਸਹਾਰੇ ਇੱਕ ਨਿੱਗਰ ਕਲਾ ਬਿੰਬ ਦੇ ਰੂਪ ਵਿੱਚ ਢਾਲਦੀ ਹੈ। ਜਿਸ ਕਰਕੇ ਉਸਦੀਆਂ ਕਹਾਣੀਆਂ ਵਿੱਚ ਉਸ ਦੀ ਨਾਰੀ ਸੰਵੇਦਨਾ ਅਤੇ ਨਾਰੀ ਦੀ ਖ਼ੁਦਮੁਖਤਾਰੀ ਦਾ ਮਸਲਾ ਕਲਾਤਮਕ ਪੱਧਰ 'ਤੇ ਸਾਰਥਕ ਸੰਦਰਭ ਗ੍ਰਹਿਣ ਕਰਦਾ ਨਜ਼ਰ ਆਉਂਦਾ ਹੈ। ਉਸ ਦੀ ਕਹਾਣੀ 'ਛੁੱਟੜ' ਦੀ ਨਾਇਕਾ ਅਨੀਤਾ ਜਦ ਆਪਣੇ ਪਤੀ ਨੂੰ ਕਹਿੰਦੀ ਹੈ 'ਅੱਜ ਤੋਂ ਬਾਅਦ ਤੇਰਾ ਮੇਰਾ ਕੋਈ ਰਿਸ਼ਤਾ ਨਹੀਂ। ਡਾਈਵਰੋਸ ਦੇ ਪੇਪਰ ਤੈਨੂੰ ਛੇਤੀ ਹੀ ਮਿਲ ਜਾਣਗੇ' ਤਾਂ ਅਸਲ ਵਿੱਚ ਉਸ ਸਮੇਂ ਅਨੀਤਾ ਸਥਾਪਤ ਕੀਮਤ-ਪ੍ਰਬੰਧ ਵਿੱਚ ਸਿਰਜੇ ਔਰਤ ਦੇ ਉਸ ਬਿੰਬ ਨੂੰ ਡੀ-ਕੋਡ ਕਰ ਰਹੀ ਹੁੰਦੀ ਹੈ, ਜਿਸ ਅਧੀਨ ਔਰਤ ਦੀ ਪਛਾਣ ਨੂੰ ਮਰਦ ਨਾਲ ਜੋੜ ਕੇ ਵੇਖਿਆ ਜਾਂਦਾ ਰਿਹਾ ਹੈ। ਇੰਜ ਇਸ ਕਹਾਣੀ ਦੀ ਨਾਇਕਾ ਉਸ ਸਭ ਕੁਝ ਨੂੰ ਬੜੀ ਦਲੇਰੀ ਨਾਲ ਤਿਆਗਦੀ ਅਤੇ ਨਕਾਰਦੀ ਹੈ ਜੋ ਕੁਝ ਵੀ ਉਸ ਨੇ ਔਰਤ ਹੋਣ ਦੇ ਨਾਤੇ ਸਭਿਆਚਾਰਕ ਪਰੰਪਰਾ ਤੋਂ ਹਾਸਿਲ ਕੀਤਾ ਹੈ ਅਤੇ ਜਿਸ ਸਦਕਾ ਉਸ ਦੀ ਹੋਂਦ ਨੂੰ ਹਾਸ਼ੀਆਗਤ ਅਤੇ ਦਾਮਨਿਤ ਮੰਨਿਆ ਜਾਂਦਾ ਰਿਹਾ ਹੈ।

ਕ੍ਰਿਪਾਲ ਕਜਾਕ ਦੀ ਕਹਾਣੀ 'ਪਾਣੀ ਦੀ ਕੰਧ' ਗਰੀਬੀ ਨਾਲ ਭੰਨੇ ਮਿਹਨਤ ਕਰਕੇ ਗੁਜ਼ਾਰਾ ਕਰਨ ਵਾਲੇ ਪਤੀ-ਪਤਨੀ ਦੀ ਕਹਾਣੀ ਹੈ। ਕਹਾਣੀ ਦੇ ਬ੍ਰਿਤਾਂਤ ਵਿੱਚੋਂ ਜੋ ਤੱਥ ਉਭਰ ਕੇ ਸਾਹਮਣੇ ਆਇਆ ਹੈ, ਉਹ ਇਹੀ ਹੈ ਕਿ ਮਰਦ, ਔਰਤ ਨੂੰ ਮਹਿਜ ਭੋਗ ਦੀ ਵਸਤੂ ਹੀ ਸਮਝਦਾ ਹੈ। ਕਹਾਣੀ ਵਿਚਲਾ ਮਰਦ ਪਾਤਰ ਆਪਣੀ ਪਤਨੀ ਨੂੰ ਪਿੰਡ ਦੀਆਂ ਵੱਖ-ਵੱਖ ਤੀਵੀਆਂ ਦਾ ਰੂਪ ਧਾਰਨ ਕਰਨ ਲਈ ਮਜ਼ਬੂਰ ਕਰਦਾ ਹੈ। ਪਰ ਕਹਾਣੀ ਦਾ ਅੰਤ ਉਸ ਸਮੇਂ ਵਿਸਫੋਟਕ ਹੁੰਦਾ ਹੈ ਜਦ ਉਸ ਵੱਲੋਂ ਵਾਰ-ਵਾਰ ਉਕਸਾਏ ਜਾਣ 'ਤੇ ਪਤਨੀ ਆਪਣੀ ਇੱਛਾ ਅਨੁਸਾਰ ਪਿੰਡ ਦੇ ਹੀ ਪਟਵਾਰੀਆਂ ਦੇ ਗਿੰਦਰ ਦਾ ਨਾਮ ਲੈ ਦਿੰਦੀ ਹੈ। ਪਤੀ ਦੀ 'ਮੈਂ' ਨੂੰ ਇਹ ਗੱਲ ਨੂੰ ਇਹ ਗੱਲ ਬਰਦਾਸ਼ਤ ਨਹੀਂ ਹੁੰਦੀ ਅਤੇ ਉਹ ਪਤਨੀ ਨੂੰ ਕੁੱਟਣ ਲਈ ਉਸ ਉੱਪਰ ਹੱਥ ਚਕਦਾ ਹੈ। ਪਰ ਪਤਨੀ 'ਖਬਰਦਾਰ! ਜੇ ਹੱਥ ਲਾਇਆ ਤਾਂ' ਕਹਿ ਕੇ ਪਤੀ ਦੇ ਚੁੱਕੇ ਹੋਏ ਹੱਥ ਨੂੰ ਰੋਕਦੀ ਹੈ। ਅਜਿਹਾ ਕਹਿ ਕੇ ਅਸਲ ਵਿੱਚ ਉਹ ਉਸ ਕੀਮਤ ਪ੍ਰਬੰਧ ਦਾ ਵਿਰੋਧ ਕਰਦੀ ਹੈ, ਜੋ ਪੁਰਸ਼ ਨੂੰ ਨਾਰੀ 'ਤੇ ਜ਼ੁਲਮ ਕਰਨ ਦੇ ਹੱਕ ਦਿੰਦਾ ਹੈ। ਇਸ ਤਰ੍ਹਾਂ ਉਹ ਚੇਤਨਾ ਜਿਸ ਸਦਕਾ ਔਰਤ ਆਪਣੀ ਹੋਂਦ ਪ੍ਰਤੀ ਚੇਤਨ ਹੁੰਦੀ ਹੈ, ਇਸ ਕਹਾਣੀ ਦਾ ਆਧਾਰ ਬਿੰਦੂ ਹੈ। ਇੰਜ ਇਹੀ ਕਿਹਾ ਜਾ ਸਕਦਾ ਹੈ ਕਿ ਬਦਲ ਰਹੀ ਫਿਜ਼ਾ, ਬਦਲ ਰਹੀਆਂ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਹਾਲਤਾਂ ਅਤੇ ਨਵੀਂ ਯੁੱਗ ਚੇਤਨਾ ਨੇ ਔਰਤ ਨੂੰ ਬੋਲ ਪ੍ਰਦਾਨ ਕੀਤੇ ਹਨ। ਇਸ ਸਦਕਾ ਹੀ ਉਹ ਆਪਣੀ ਅੱਡਰੀ ਹੋਂਦ ਕਾਇਮ ਕਰਨ ਲਈ ਯਤਨਸ਼ੀਲ ਹੈ।


ਪਾਕਿਸਤਾਨੀ ਪੰਜਾਬੀ ਨਾਵਲ

**ਕਾਲਾ ਚਾਨਣ**

**ਮੀਰ ਤਨਹਾ ਯੂਸਫ਼ੀ**

**ਲਿਪੀਅੰਤਰ : ਤਲਵਿੰਦਰ ਸਿੰਘ + ਪਾਲ ਸਿੰਘ ਵੱਲਾ**

ਸੰਗਮ ਪ੍ਰਕਾਸ਼ਨ, ਸਮਾਣਾ ਮੁੱਲ : 500/-

## ਨਵੀਆਂ ਪੁਸਤਕਾਂ ਪੜ੍ਹਦਿਆਂ-ਪ੍ਰੋ. ਜੇ. ਬੀ. ਸੇਖੋਂ

### ਇਸਰੋ ਦੀ ਕਹਾਣੀ/ਵਸੰਤ ਗੋਵਾਰੀਕਰ-ਅਨੁਵਾਦ : ਡਾ. ਕੁਲਦੀਪ ਸਿੰਘ ਧੀਰ

ਇਹ ਪੁਸਤਕ ਭਾਰਤ ਦੇ ਪੁਲਾੜ ਵਿਗਿਆਨ ਤੇ ਐਟਾਮਿਕ ਊਰਜਾ ਦੇ ਖੇਤਰ ਵਿਚ ਪੁੱਟੀਆਂ ਪੁਲਾਘਾਂ ਨੂੰ ਇਤਿਹਾਸਕ ਕਾਲ ਕ੍ਰਮਤਾ ਤੇ ਰੌਚਿਕ ਕਥਾ-ਸ਼ੈਲੀ ਦੁਆਰਾ ਪੇਸ਼ ਕਰਦੀ ਹੈ। ਭਾਰਤ ਨੇ ਆਜ਼ਾਦੀ ਪਿੱਛੋਂ ਊਰਜਾ ਤੇ ਸਪੇਸ ਰਿਚਰਚ ਦੇ ਖੇਤਰ ਦੀਆਂ ਖੋਜਾਂ ਵਿਚ ਅਨੇਕਾਂ ਮੁਸ਼ਕਿਲਾਂ ਦੇ ਬਾਵਜੂਦ ਵਿਸ਼ਵ ਪੱਧਰ ਦੇ ਵਿਗਿਆਨ ਨੂੰ ਜਿਸ ਪੱਧਰ ਦਾ ਯੋਗਦਾਨ ਪਾਇਆ ਹੈ ਉਸ ਵਿਚ ਭਾਰਤ ਦੇ ਪ੍ਰਤੀਬੱਧ ਵਿਗਿਆਨਕਾਂ ਦਾ ਵੱਡਾ ਹੱਥ ਹੈ। ਇਹ ਕਿਤਾਬ ਉਹਨਾਂ ਵਿਗਿਆਨਕਾਂ ਦੇ ਸੰਘਰਸ਼ ਦੀ ਕਹਾਣੀ ਬਿਆਨ ਕਰਦੀ ਹੈ ਤੇ ਨਾਲ ਹੀ ਭਾਰਤ ਦੀ ਸਪੇਸ ਖੋਜ ਸਮਰੱਥਾ ਦੇ ਇਤਿਹਾਸ ਤੇ ਸਮਕਾਲ ਬਾਰੇ ਗਿਆਨਵਰਧਕ ਜਾਣਕਾਰੀ ਦਿੰਦੀ ਹੈ। ਪੁਸਤਕ ਦੇ ਲੇਖਕ ਵਸੰਤ ਗੋਵਾਰੀਕਰ ਖੁਦ ਵਿਗਿਆਨੀ ਹਨ ਜਿਹਨਾਂ ਨੇ ਹੋਮੀ ਭਾਬਾ ਤੇ ਵਿਕਰਮ ਸਾਰਾਬਾਈ ਵਰਗੇ ਵਿਗਿਆਨੀਆਂ ਨਾਲ ਕੰਮ ਕਰਕੇ ਭਾਰਤ ਨੂੰ ਵਿਗਿਆਨ ਤੇ ਖੋਜ ਦੇ ਖੇਤਰ ਵਿਚ ਨਵੀਆਂ ਦਿਸ਼ਾਵਾਂ ਦਿੱਤੀਆਂ। ਕਿਤਾਬ ਦਾ ਆਰੰਭ ਕੇਰਲਾ ਦੇ 'ਤੁੰਬਾ' ਨਾਮੀ ਸਥਾਨ ਤੋਂ 21 ਨਵੰਬਰ, 1963 ਨੂੰ ਕੀਤੇ ਅਮਰੀਕੀ ਰਾਕਟ ਦੇ ਪ੍ਰਯੋਗ ਨਾਲ ਹੁੰਦਾ ਹੈ। ਇਸ ਪਿਛੋਂ ਇਸਰੋ ਦੀ ਸਥਾਪਨਾ, ਵਿਗਿਆਨੀਆਂ ਦੀ ਮਿਹਨਤ, ਉਪਗ੍ਰਹਿਾਂ ਦੀ ਖੋਜ, ਸਪੇਸ ਰਿਚਰਚ ਸਮੇਤ ਭਾਰਤ ਦੇ ਵਿਗਿਆਨ ਤੇ ਊਰਜਾ ਦੇ ਖੇਤਰ ਵਿਚ ਪੂਰਨ ਸਮਰੱਥ ਹੋਣ ਦੀ ਕਹਾਣੀ ਪੇਸ਼ ਹੋਈ ਹੈ। ਭਾਰਤ ਵਿਚ ਐਟਾਮਿਕ ਐਨਰਜੀ ਤੇ ਸਪੇਸ ਖੋਜ ਦੀ ਨਵੀਂ ਕਰਵਟ ਕਿਵੇਂ ਆਪਣੀ ਹੋਂਦ ਧਾਰਦੀ ਹੈ ਤੇ ਮੁੱਢਲੇ ਵਿਗਿਆਨੀਆਂ ਨੂੰ ਕਿਹੋ ਜਿਹੇ ਸੰਘਰਸ਼ ਵਿਚੋਂ ਲੰਘਣਾ ਪੈਂਦਾ ਹੈ। ਇਹ ਜਾਣਕਾਰੀ ਹਰ ਭਾਰਤੀ ਨਾਗਰਿਕ ਤੱਕ ਪੁੱਜਣੀ ਚਾਹੀਦੀ ਹੈ। ਇਹ ਸਮਰੱਥ ਭਾਰਤ ਦੇ ਨਿਰਮਾਣ ਦੀ ਕਥਾ ਹੈ। ਉਦੋਂ ਵਿਗਿਆਨੀਆਂ ਦਾ ਇਹ ਨਾਅਰਾ ਪਾਠਕਾਂ ਨੂੰ ਪ੍ਰਭਾਵਿਤ ਕਰਦਾ ਹੈ: "ਟੂ ਸਰਵਾਈਵ, ਟੂ ਸਕੀ, ਟੂ ਫਾਈਂਡ ਐਂਡ ਨਾਟ ਟੂ ਯੀਲਡ" ਇਹ ਪੁਸਤਕ ਹਰ ਭਾਰਤੀ ਨਾਗਰਿਕ ਦੇ ਨਾਲ ਨਾਲ ਭਾਰਤ ਦੇ ਰਾਜਨੀਤਿਕ ਲੀਡਰਾਂ ਤੇ ਅਫਸਰਸ਼ਾਹੀ ਨੂੰ ਵੀ ਪੜ੍ਹਨੀ ਚਾਹੀਦੀ ਹੈ। ਕਿਤਾਬ ਦੀ ਸਚਿੱਤਰ ਪੇਸ਼ਕਾਰੀ ਇਸਨੂੰ ਹੋਰ ਆਕਰਸ਼ਿਕ ਬਣਾਉਂਦੀ ਹੈ। ਬੱਚਿਆਂ ਲਈ ਇਹ ਕਿਤਾਬ ਭਾਰਤੀ ਵਿਗਿਆਨ ਖੋਜ ਦੀ ਸਰਲ ਤੇ ਸੌਖੀ ਜਾਣਕਾਰੀ ਦੇਣ ਦੇ ਸਮਰੱਥ ਹੈ। ਡਾ. ਕੁਲਦੀਪ ਸਿੰਘ ਧੀਰ ਦੇ ਕੁਸ਼ਲ ਅਨੁਵਾਦ ਕਲਾ ਨਾਲ ਇਹ ਪੁਸਤਕ ਪੰਜਾਬੀ ਭਾਸ਼ਾ ਵਿਚ ਰਚੀ ਹੀ ਲੱਗਦੀ ਹੈ।

### ਰਾਜਕੁਮਾਰ ਤੇ ਮੂੰਗਿਆਂ ਦਾ ਸਮੁੰਦਰ/ਦਾਈਸਾਕੂ ਇਕੇਦਾ- ਅਨੁਵਾਦ : ਹਰਸ਼ਿੰਦਰ ਕੌਰ

ਐਨ. ਬੀ. ਟੀ. ਵੱਲੋਂ ਨਹਿਰੂ ਬਾਲ ਪੁਸਤਕਮਾਲਾ ਦੀ ਲੜੀ ਤਹਿਤ ਰਚੀ ਇਸ ਪੁਸਤਕ ਵਿਚ ਉਕੀਨਾਵਾ ਨਾਂ ਦੇ ਟਾਪੂ ਦੀ ਕੁਦਰਤੀ ਸੁੰਦਰਤਾ ਨੂੰ ਬਰਬਾਦ ਕਰਨ ਦੇ ਖਿਲਾਫ ਸਧਾਰਨ ਲੋਕਾਂ ਦੇ ਸੰਘਰਸ਼ ਨੂੰ ਰੌਚਿਕ ਕਥਾ-ਸ਼ੈਲੀ ਦੁਆਰਾ ਪੇਸ਼ ਕੀਤਾ ਗਿਆ ਹੈ। ਓਕੀਨਾਵਾ ਟਾਪੂ ਦੀ ਭੂਗੋਲਿਕ ਖੂਬਸੂਰਤੀ ਤੇ ਸ਼ਾਂਤ ਪਸੰਦ ਲੋਕਾਂ ਨੂੰ ਪਿਛਲੇ ਕਈ ਸਾਲਾਂ ਤੋਂ ਹਥਿਆਰਬੰਦ ਦੇਸ਼ਾਂ ਵੱਲੋਂ ਆਪਣੇ ਨਿੱਜੀ ਮੁਫਾਦਾਂ ਲਈ ਤਬਾਹੀ ਵੱਲ ਧੱਕਿਆ ਜਾ ਰਿਹਾ ਹੈ। ਇਹ ਪੁਸਤਕ ਬਾਲ ਮਨਾਂ ਅੰਦਰ ਅਜਿਹੇ ਗੰਭੀਰ ਮੁੱਦੇ ਸੰਬੰਧੀ ਕੋਈ ਦਹਿਸ਼ਤ ਭਰਿਆ ਬਿਰਤਾਂਤ ਪੇਸ਼ ਨਹੀਂ ਕਰਦੀ ਸਗੋਂ ਰਿਓ ਨਾਂ ਦੇ ਛੋਟੇ ਮੁੰਡੇ ਦੇ ਯਤਨਾਂ ਦੁਆਰਾ ਓਕੀਨਾਵਾ ਟਾਪੂ ਨੂੰ ਬਰਬਾਦੀ ਤੋਂ ਬਚਾਉਣ ਦੀ ਹਿੰਮਤ ਤੇ ਦਲੇਰੀ ਦਾ ਪਾਠ ਪੜ੍ਹਾਉਂਦੀ ਹੈ। ਪੁਸਤਕ ਵਿਚ ਰਿਓ ਤੇ ਉਸਦੇ ਪਰਿਵਾਰ ਦੀ ਸੰਘਰਸ਼ਸ਼ੀਲ ਜੀਵਨ-ਸ਼ੈਲੀ ਪਾਠਕਾਂ ਨੂੰ ਅਚੰਭਿਤ ਕਰਦੀ ਹੈ। ਰਿਓ ਕੁਦਰਤ ਪ੍ਰੇਮੀ ਹੈ। ਉਹ ਸਮੁੰਦਰ ਦੀਆਂ ਮੱਛੀਆਂ ਤੇ ਮੂੰਗਿਆਂ ਨੂੰ ਪਿਆਰ ਕਰਦਾ ਹੈ। ਸਮੁੰਦਰ ਦੀ ਜਲਪਰੀ ਉਸਦੀ ਮੱਦਦਗਾਰ ਹੈ। ਰਿਓ ਦੇ ਚਾਚਾ, ਚਾਚੀ ਤੇ ਭੈਣ ਯੁ ਵੀ ਉਸਦੇ ਚੰਗੇ ਕੰਮਾਂ ਦੀ ਪ੍ਰਸੰਸਾ ਕਰਦੇ ਹਨ। ਕੁਝ ਸਮੇਂ ਬਾਅਦ ਸਮੁਰਾਏ ਯੋਧਿਆਂ ਦੇ ਦਬਾਅ ਹੇਠ ਟਾਪੂ ਦਾ ਰਾਜਾ ਦਰੱਖਤ ਕਟਵਾ ਦਿੰਦਾ ਹੈ। ਮਿੱਟੀ ਦੀਆਂ ਪਰਤਾਂ ਖੁਰਦੀਆਂ ਹਨ। ਮੀਂਹ ਬੇਲੋੜਾ ਪੈਂਦਾ ਹੈ। ਚਿੱਕੜ ਸਮੁੰਦਰ ਨੂੰ ਗੰਦਾ ਕਰਦਾ ਹੈ। ਮੂੰਗੇ ਤੇ ਮੱਛੀਆਂ ਮਰ ਜਾਂਦੀਆਂ ਹਨ। ਰਿਓ ਚਿੰਤਤ ਹੈ। ਓਕੀਨਾਵਾ ਦੀ ਪੁਰਾਣੀ ਕਹਾਵਤ ਹਰ ਕਿਸੇ ਨੂੰ ਯਾਦ ਆਉਂਦੀ ਹੈ। "ਦਰੱਖਤਾਂ ਨੂੰ ਕੱਟੋ ਤਾਂ ਮੱਛੀਆਂ ਮਰ ਜਾਂਦੀਆਂ ਹਨ।" ਰਿਓ ਜਲਪਰੀ ਦੀ ਮੱਦਦ ਮੰਗਦਾ ਹੈ। ਉਹ ਹਿੰਮਤ ਨਾਲ ਲੋਕ ਭਲਾਈ ਦੇ ਕੰਮ ਕਰਦਾ ਹੈ। ਲੋਕਾਂ ਨੂੰ ਜਾਗਰੂਕ ਕਰਦਾ ਹੈ। ਆਖਿਰ ਰਾਜੇ ਨਾਲ ਉਹਦਾ ਸੰਪਰਕ ਹੁੰਦਾ ਹੈ। ਉਹ ਆਪਣੀ ਜ਼ਿੰਦਗੀ ਦੇ ਕੁਝ ਰਹੱਸ ਉਭਾਰਦਾ ਹੈ। ਰਾਜਾ ਹੈਰਾਨ ਹੈ। ਆਖਿਰ ਰਾਜਾ ਪਰਜਾ ਤੇ ਰਿਓ ਇਕਜੁੱਟ ਹੋ ਕੇ ਓਕੀਨਾਵਾ ਦਾ ਟਾਪੂ ਬਚਾਅ ਲੈਂਦੇ ਹਨ। ਪੁਸਤਕ ਰੌਚਿਕਤਾ ਭਰੀ ਹੈ। ਨਾਟਕੀ ਅੰਸ਼ਾਂ ਨਾਲ ਕਹਾਣੀ ਦਿਲਚਸਪ ਬਣਦੀ ਹੈ। ਵਾਤਾਵਰਣ ਦੀ ਸਾਂਭ ਪ੍ਰਤੀ ਅਜਿਹਾ ਸਾਹਿਤ ਵੱਖਰੀ ਭੂਮਿਕਾ ਸਿਰਜਦਾ ਹੈ। ਮੂਲ ਲੇਖਕ, ਅਨੁਵਾਦਕ ਤੇ ਚਿੱਤਰਕਾਰ ਵਧਾਈ ਦੇ ਹੱਕਦਾਰ ਹਨ।



### ਕਿਉਂ ਮੁਸਕਰਾਏ ਬੁੱਧ, 2500 ਸਾਲ ਬਾਅਦ/ਆਬਿਦ ਸੁਰਤੀ- ਅਨੁਵਾਦਕ : ਡਾ. ਬਲਦੇਵ ਸਿੰਘ 'ਬੱਦਨ'

ਨਹਿਰੂ ਬਾਲ ਪੁਸਤਕਮਾਲਾ ਅਧੀਨ ਨੈਸ਼ਨਲ ਬੁੱਕ ਟਰੱਸਟ ਵੱਲੋਂ ਬਾਲ ਮਾਨਸਿਕਤਾ ਦੀਆਂ ਹਾਣੀ ਅਨੇਕਾਂ ਪੁਸਤਕਾਂ ਦੀ ਸਿਰਜਣਾ ਤੇ ਅਨੁਵਾਦ ਕਾਰਜ ਕਰਾਏ ਗਏ ਹਨ। ਵਿਚਾਰ ਅਧੀਨ ਪੁਸਤਕ ਵੀ ਇਸੇ ਲੜੀ ਦਾ ਮਹੱਤਵਪੂਰਨ ਵਾਧਾ ਹੈ। ਇਹ ਪੁਸਤਕ ਆਪਣੇ ਸੰਖੇਪ ਆਕਾਰ ਵਿਚ ਹੀ ਬੱਚਿਆਂ ਲਈ ਗਿਆਨ ਦਤ ਸੁਹਜ ਦਾ ਵਿਲੱਖਣ ਸੁਮੇਲ ਪੇਸ਼ ਕਰਦੀ ਹੈ। ਕਿਤਾਬ ਵਿਚ ਭਾਰਤ ਦੇ ਬਹੁ-ਧਰਮੀ, ਰੰਗ-ਭੇਦ ਜਾਤਾਂ ਤੇ ਭੂਗੋਲਿਕ ਵਖਰੇਵਿਆਂ ਵਾਲੇ ਭੂ-ਖੰਡ ਦੀ ਸੰਸਕ੍ਰਿਤਕ ਵਿਲੱਖਣਤਾ ਨੂੰ ਉਜਾਗਰ ਕੀਤਾ ਗਿਆ ਹੈ। ਕਿਤਾਬ ਦੇ ਬਿਰਤਾਂਤ ਦਾ ਪਹਿਲਾਂ ਨਾਇਕ ਅਲੀ ਨਾਂ ਦਾ ਜਗਿਆਸੂ ਬੱਚਾ ਹੈ ਜਿਸਦੀ ਇਕ ਅੱਖ ਭਾਰਤ ਦੇ ਪ੍ਰਸਿੱਧ ਸ਼ਹਿਰਾਂ ਨੂੰ ਵੇਖਣ ਤੁਰ ਪੈਂਦੀ ਹੈ। ਦੂਜਾ ਨਾਇਕ ਜੱਸੀ, ਫਿਰ ਹੈਨਰੀ ਤੇ ਮਗਰੋਂ ਮੁਥੂ, ਜੋਗੀ ਤੇ ਪੁਜਾਰੀ ਆਦਿ ਆਉਂਦੇ ਹਨ ਜਿਹਨਾਂ ਦੇ ਕ੍ਰਮਵਾਰ ਅੱਖ, ਪੈਰ, ਹੱਥ, ਸਿਰ ਤੇ ਧੜ ਆਦਿ ਅੰਗ ਦੇਸ਼ ਦੇ ਵਿਭਿੰਨ ਥਾਵਾਂ ਦੀ ਯਾਤਰਾ ਕਰਦੇ ਪਾਠਕਾਂ ਨੂੰ ਜਾਣਕਾਰੀ ਤੇ ਮਨੋਰੰਜਨ ਪ੍ਰਦਾਨ ਕਰਦੇ ਹਨ। ਆਖਿਰ ਵਿੱਚ ਇਹਨਾਂ ਅੰਗਾਂ ਦੇ ਮਿਲਾਪ ਨਾਲ ਇਕ ਮਨੁੱਖ ਦਾ ਨਿਰਮਾਣ ਹੁੰਦਾ ਹੈ ਜਿਹੜਾ ਜਾਤਾਂ, ਰੰਗ, ਨਸਲ, ਕੌਮ ਤੇ ਧਰਮਾਂ ਦੇ ਵਿਤਕਰਿਆਂ ਤੋਂ ਰਹਿਤ ਹੁੰਦਾ ਹੈ। ਇਹ ਮਨੁੱਖ ਭਾਰਤੀ ਸਭਿਆਚਾਰ ਦੇ ਸਾਂਝੇ ਸੂਤਰ ਦੀ ਪ੍ਰੋੜਤਾ ਕਰਦਾ ਸਮੂਹ ਭਾਰਤੀਆਂ ਨੂੰ ਆਪਸੀ ਪਿਆਰ, ਸ਼ਹਿ ਹੋਂਦ ਤੇ ਮਿਲਵਰਤਨ ਨਾਲ ਰਹਿਣ ਦਾ ਸੰਦੇਸ਼ ਦਿੰਦਾ ਹੈ। ਇਸ ਮਨੁੱਖ ਦੀ ਸਿਰਜਣਾ ਮਹਾਤਮਾ ਬੁੱਧ ਦੀ ਮੂਰਤੀ 'ਤੇ ਮੁਸਕਾਨ ਲਿਆ ਦਿੰਦਾ ਹੈ। ਪੁਸਤਕ ਦੇ ਅੰਤਲੇ ਵਾਕ ਇਸਦਾ ਸਮਰੱਥਨ ਕਰਦੇ ਹਨ। "ਹੌਲੀ ਹੌਲੀ ਭਗਵਾਨ ਬੁੱਧ ਦੀ ਮੁਸਕਾਨ ਉਭਰ ਰਹੀ ਸੀ। ਨਵੇਂ ਮਨੁੱਖ ਦੇ ਬੁੱਤ ਦੇ ਚਿਹਰੇ ਵੱਲ ਧਿਆਨ ਨਾਲ ਦੇਖਿਆ-ਇਸ ਤਰ੍ਹਾਂ ਲੱਗਾ ਜਿਵੇਂ ਬੁੱਧ ਖੁਦ ਉਸ ਦੇ ਅੰਦਰ ਮੁਸਕਰਾ ਰਹੇ ਹੋਣ।" ਪੁਸਤਕ ਖੂਬਸੂਰਤ ਚਿੱਤਰਕਾਰੀ ਦੇ ਮਾਧਿਅਮ ਨਾਲ ਦੇਸ਼ ਦੀਆਂ ਇਤਿਹਾਸਕ ਥਾਵਾਂ ਦਾ ਰੌਚਿਕ ਵਰਨਣ ਕਰਦੀ ਹੈ। ਚੰਗੇ ਅਨੁਵਾਦ ਨਾਲ ਕਿਤਾਬ ਦੀ ਪੜ੍ਹਨਯੋਗਤਾ

ਹੋਰ ਵਧੀ ਹੈ।

## ਖੋਏ ਦਾ ਗੁੱਡਾ/ਅਵਨਿੰਦਰਨਾਥ ਠਾਕੁਰ-ਅਨੁਵਾਦਿਕਾ : ਡਾ. ਵਿਨੈਨੀਤ ਕੌਰ

ਇਹ ਪੁਸਤਕ ਰੌਚਿਕ ਕਥਾਕਾਰੀ ਨਾਲ ਬਾਲ ਮਨਾਂ ਦਾ ਮਨੋਰੰਜਨ ਹੀ ਨਹੀਂ ਕਰਦੀ ਬਲਕਿ ਉਹਨਾਂ ਨੂੰ ਚੰਗੇ ਮੰਦੇ ਵਿਵਹਾਰ ਤੇ ਇਹਨਾਂ ਤੋਂ ਨਿਕਲਦੇ ਸਿੱਟਿਆਂ ਬਾਰੇ ਜਾਗਰੂਕ ਵੀ ਕਰਦੀ ਹੈ। ਕਿਤਾਬ ਦੀ ਲੰਮੀ ਕਹਾਣੀ ਵਿਚ ਲੇਖਕ ਨੇ ਇਕ ਰਾਜਾ ਤੇ ਉਸਦੀਆਂ ਦੋ ਰਾਣੀਆਂ ਦੇ ਇਕ ਦੂਜੇ ਤੋਂ ਉਲਟ ਵਿਵਹਾਰ ਨੂੰ ਪੇਸ਼ ਕਰਕੇ ਮਨੁੱਖੀ ਸੁਭਾਅ ਤੇ ਜੀਵਨ-ਵਿਵਹਾਰ ਦੇ ਵੱਖਰੇ-ਵੱਖਰੇ ਰੰਗ ਪੇਸ਼ ਕੀਤੇ ਹਨ। ਕਹਾਣੀ ਵਿੱਚ ਰਾਜੇ ਨੂੰ ਪਰਜਾ ਪ੍ਰੇਮੀ, ਦਾਨੀ ਤੇ ਅਕਲਮੰਦ ਦੱਸਿਆ ਗਿਆ ਹੈ ਜਦ ਕਿ ਰਾਜੇ ਦੀ ਛੋਟੀ ਰਾਣੀ ਨੂੰ ਲੋਭੀ, ਸਵਾਰਥੀ ਤੇ ਈਰਖਾਲੂ ਕਿਸਮ ਦੀ ਔਰਤ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਰਾਜੇ ਦੀ ਵੱਡੀ ਰਾਣੀ ਰਾਜੇ ਪ੍ਰਤੀ ਸਮਰਪਤ ਭਾਵਨਾ ਵਾਲੀ ਸਬਰ-ਸੰਤੋਖ ਤੇ ਦਿਆਲੂ ਔਰਤ ਦੇ ਰੂਪ ਵਿਚ ਹੈ ਪਰ ਛੋਟੀ ਰਾਣੀ ਦੀ ਈਰਖਾ ਤੇ ਗੁੱਸੇ ਕਾਰਨ ਉਹ ਮਹਿਲਾਂ ਤੋਂ ਬਾਹਰ ਇਕ ਪੁਰਾਣੇ ਮਕਾਨ ਵਿਚ ਰਹਿੰਦੀ ਹੈ। ਰਾਜੇ ਦੇ ਦੂਰ-ਦੁਰਾਡੇ ਦੇਸ਼ਾਂ ਵੱਲ ਜਾਣ 'ਤੇ ਲਿਆਂਦੇ ਮਹਿੰਗੇ ਹੀਰੇ, ਗਹਿਣੇ ਤੇ ਕੱਪੜੇ ਛੋਟੀ ਰਾਣੀ ਵੱਲੋਂ ਨਾਪਸੰਦ ਕੀਤੇ ਜਾਂਦੇ ਹਨ ਜਦ ਕਿ ਵੱਡੀ ਰਾਣੀ ਆਪਣੀ ਮੰਗ ਅਨੁਸਾਰ ਰਾਜੇ ਤੋਂ ਇਕ ਬਾਂਦਰ ਲੈ ਲੈਂਦੀ ਤੇ ਇਹਨੂੰ ਪਾਲਦੀ ਹੈ। ਇਸ ਪਿੱਛੋਂ ਰਾਣੀ ਦੇ ਬਾਂਦਰ ਆਪਣੀ ਸੂਝ-ਬੂਝ ਅਕਲਮੰਦੀ ਤੇ ਦੂਰ ਦ੍ਰਿਸ਼ਟੀ ਨਾਲ ਰਾਜੇ ਨੂੰ ਜਾਗਰੂਕ ਕਰਦੇ ਹਨ ਤੇ ਰਾਜ ਭਾਗ ਪਰਜਾ ਆਦਿ ਦੀ ਸਹੀ ਦੇਖ-ਰੇਖ ਵਿਚ ਭੂਮਿਕਾ ਨਿਭਾਉਂਦੇ ਹਨ। ਕਹਾਣੀ ਦੇ ਰੌਚਿਕ ਘਟਨਾਕ੍ਰਮ ਵਿਚ ਹੌਲੀ-ਹੌਲੀ ਛੋਟੀ ਰਾਣੀ ਦੇ ਮੰਦੇ ਸੁਭਾਅ ਦੀਆਂ ਪਰਤਾਂ ਉਘੜਦੀਆਂ ਰਹਿੰਦੀਆਂ ਹਨ ਤੇ ਉਹ ਵੱਡੀ ਰਾਣੀ ਨੂੰ ਮਾਰਨ ਦੀ ਸਾਜ਼ਿਸ਼ ਰਚਦੀ ਖੁਦ ਹੀ ਖੁਦਕੁਸ਼ੀ ਦੇ ਰਾਹ ਪੈ ਜਾਂਦੀ ਹੈ। ਕਹਾਣੀ ਵਿੱਚ ਬਾਂਦਰ ਦੇ ਮਾਨਵੀਕਰਨ ਨਾਲ ਬਿਰਤਾਂਤ ਦੀ ਰੌਚਿਕਤਾ ਤੇ ਕਥਾ-ਰਸ ਬਰਕਰਾਰ ਰਹਿੰਦੀ ਹੈ। ਮੂਲ-ਲੇਖਕ ਨੇ ਆਪਣੇ ਸ਼ਹਿਰੀ ਅਨੁਭਵ ਤਿੱਖੀ ਕਲਪਨਾ ਸ਼ਕਤੀ ਤੇ ਗਲਪ-ਪ੍ਰਤਿਭਾ ਸਦਕਾ ਬੱਚਿਆਂ ਦੀ ਮਾਨਸਿਕਤਾ ਅਨੁਰੂਪ ਅਜਿਹੀ ਕਹਾਣੀ ਪੇਸ਼ ਕਰਕੇ ਉਹਨਾਂ ਦੀ ਦੇਖਣ-ਸਮਝਣ-ਬੁੱਝਣ ਦੀ ਜਾਗਿਆਸਾ ਨੂੰ ਸ਼ਾਂਤ ਕੀਤਾ ਹੈ। ਪੁਸਤਕ ਵਿਚਲੇ ਸਚਿੱਤਰ ਕਮਾਲ ਦੀ ਚਿੱਤਰਕਾਰੀ ਵਿਚੋਂ ਨਿਕਲੇ ਹਨ। ਕਹਾਣੀ ਦਾ ਨਿਭਾਅ ਸੌਖਾ, ਸਹਿਜ ਤੇ ਸਧਾਰਨ ਹੈ। ਅਨੁਵਾਦਿਕਾ ਡਾ. ਵਿਨੈਨੀਤ ਕੌਰ ਦੇ ਇਸ ਅਨੂਠੇ ਅਨੁਵਾਦ ਕਾਰਨ ਉਹ ਵਧਾਈ ਦੀ ਪਾਤਰ ਹੈ।

## ਦੇਵਕੀ ਵੀ ਯਸ਼ੋਧਾ ਵੀ (ਕਵਿਤਾ)/ਡਾ. ਮਨੋਰਮਾ ਵਿਸ਼ਵਾਲ ਮਹਾਪਾਤਰ ਅਨੁਵਾਦਕ : ਡਾ. ਬਲਦੇਵ ਸਿੰਘ 'ਬੱਦਨ'

ਵਿਚਾਰਅਧੀਨ ਕਿਤਾਬ ਪੜ੍ਹਦਿਆਂ ਸੂਖਮ ਸੰਵੇਦਨਾ ਵਾਲੀ ਸ਼ਾਇਰੀ ਪੜ੍ਹਨ ਨੂੰ ਮਿਲਦੀ ਹੈ। ਇਹ ਸ਼ਾਇਰੀ ਡਾ. ਮਨੋਰਮਾ ਦੇ ਵਿਸ਼ਾਲ ਜੀਵਨ-ਅਨੁਭਵ ਦਾ ਕਾਵਿਕ ਪ੍ਰਗਟਾਅ ਹੈ। ਡਾ. ਮਨੋਰਮਾ ਦੀ ਕਵਿਤਾ ਨਾਰੀ ਮਨ ਦੇ ਅਣਦਿਸਦੇ ਤੇ ਅਣਗੌਲ੍ਹੇ ਪਾਸਾਰਾਂ ਨੂੰ ਕਾਵਿ ਪ੍ਰਤਿਭਾ ਦੁਆਰਾ ਪਾਠਕਾਂ ਅੱਗੇ ਰੱਖਦੀ ਹੈ। ਉਸਦੀ ਕਵਿਤਾ ਮਾਨਵਵਾਦੀ ਕਾਵਿ-ਦ੍ਰਿਸ਼ਟੀ ਵਾਲੀ ਹੈ ਜਿਹੜੀ ਜ਼ਿੰਦਗੀ ਦੇ ਸੁਹਜ-ਪੂਰਨ ਤੇ ਸੇਧਪੂਰਨ ਰੂਪ ਨੂੰ ਕਾਵਿਕ-ਆਵੇਸ਼ ਦੁਆਰਾ ਰੂਪਮਾਨ ਕਰਦੀ ਹੈ। ਡਾ. ਮਨੋਰਮਾ ਦਾ ਕਾਵਿ-ਉਚਾਰਨ ਸੰਬੋਧਨਾਂ, ਬਿਰਤਾਂਤਕ ਤੇ ਸੰਵਾਦਨੁਮਾ ਹੈ। ਉਸਦੀ ਕਵਿਤਾ ਘਰ ਤੇ ਮਾਂ ਦੇ ਸਭਿਆਚਾਰਕ ਸੰਕਲਪਾਂ ਪ੍ਰਤੀ ਹੇਰਵਾ ਰੱਖਦੀ ਹੈ। ਪਿਆਰ-ਭਾਵਨਾ, ਕੁਦਰਤੀ ਦ੍ਰਿਸ਼ਕਾਰੀ, ਰਿਸ਼ਤਿਆਂ ਦੀ ਪਾਕੀਜ਼ਗੀ ਤੇ ਸਵੈ ਦੀ ਤਲਾਸ਼ ਨਾਲ ਜੁੜਿਆ ਕਾਵਿ ਪ੍ਰਵਚਨ ਉਸਦੀ ਕਵਿਤਾ ਦਾ ਅਭਿੰਨ ਅੰਗ ਹੈ। ਔਰਤ ਮਨ ਦੇ ਵੱਖੋ-



ਵੱਖਰੇ ਰੂਪਾਂ ਤੇ ਨਾਰੀ ਦੀ ਰਿਸ਼ਤਾਗਤ/ਸਮਾਜੀ ਸਥਿਤੀ ਦਾ ਯਥਾਰਥ ਇਸ ਪੁਸਤਕ ਵਿਚੋਂ ਝਲਕਦਾ ਹੈ।

ਲੜਕੀ ਪਰਾਈ ਹੋ ਜਾਣ 'ਤੇ
ਵਧੇਰੇ ਯਾਦ ਆਉਂਦੀ ਹੈ
ਪੇਕਾ ਪਿੰਡ।
ਸਾਰੀਆਂ ਕੁੜੀਆਂ ਦੇ ਪੇਕੇ
ਲੁਕੇ ਹੋਏ ਦੁੱਖਾਂ ਨੂੰ
ਛਾਤੀ ਦੀ ਪਟਾਰੀ ਵਿਚ
ਬੰਦ ਕਰ ਸਿਸਕਣ ਦਾ ਸਮਾਂ (ਪੰਨਾ 25)

ਇਸ ਪ੍ਰਸੰਗ ਵਿਚ 'ਘਰ', 'ਮਾਂ ਦੀ ਛਾਂ', 'ਕਦੇ-ਕਦੇ ਸੋਚਦੀ ਹਾਂ', 'ਮਾਂ ਹੁਣ ਅੱਸੀ ਸਾਲ ਦੀ' ਆਦਿ ਕਵਿਤਾਵਾਂ ਦੀ ਗੌਲ੍ਹਣਯੋਗ ਹਨ। ਲੇਖਿਕਾ ਜ਼ਿੰਦਗੀ ਪ੍ਰਤੀ ਆਸਵੰਦ ਹੈ। ਕਿਤਾਬ ਦੀ ਭੂਮਿਕਾ ਵਿਚ ਲੇਖਿਕਾ ਦਾ ਸਵੈ ਕਥਨ ਉਸਦੀ ਕਾਵਿ ਸਿਰਜਣ-ਪ੍ਰਕਿਰਿਆ ਬਾਰੇ ਦੱਸਦਾ ਹੈ। "ਮੇਰੇ ਅੰਦਰ ਮਨੁੱਖ, ਪਿੰਡ, ਪ੍ਰਕਿਰਤੀ ਤੇ ਜ਼ਿੰਦਗੀ ਪ੍ਰਤੀ ਅਥਾਰ ਸੁਨੇਹ ਪ੍ਰਮੁੱਖ ਰਿਹਾ ਹੈ। ਇਹੀ ਮੇਰੀ ਕਵਿਤਾ ਦੀ ਪ੍ਰਮੁੱਖ ਸੁਰ ਹੈ।" (ਪੰਨਾ 9) ਲੇਖਿਕਾ ਦੀ ਭਾਸ਼ਾ ਦਾ ਸੁਹਜ ਵੱਖਰਾ ਹੈ। ਸੰਬੋਧਨੀ ਸ਼ੈਲੀ ਸੰਵਾਦਨੁਮਾ ਹੈ। ਕਵਿਤਾ ਵਿਚ ਪੇਸ਼ ਅਲੰਕਾਰ ਤੇ ਬਿੰਬ ਮੌਲਿਕ ਹਨ। ਅਨੁਵਾਦਕ ਡਾ. ਬਲਦੇਵ ਸਿੰਘ 'ਬੱਦਨ' ਦੀ ਅਨੁਵਾਦਕਲਾ ਇਸ ਕਿਤਾਬ ਨੂੰ ਪੰਜਾਬੀ ਲੋਕ-ਚੇਤਨਾ ਦੀ ਮੁਹਾਵਰੇਦਾਰਤਾ ਦੇ ਨੇੜੇ ਲਿਆਉਂਦੀ ਹੈ। ਪੁਸਤਕ ਸੁੰਦਰ ਦਿੱਖ ਵਾਲੀ ਹੈ।

## ਮੱਧਕਾਲੀਨ ਭਾਰਤ (ਇਕ ਸਭਿਅਤਾ ਦਾ ਅਧਿਐਨ)
## ਮੂਲ : ਇਰਫਾਨ ਹਬੀਬ - ਅਨੁਵਾਦ : ਡਾ. ਨਵਤੇਜ ਸਿੰਘ

ਭਾਰਤ ਦੇ ਇਤਿਹਾਸਕਾਰਾਂ ਵਿਚ ਇਰਫਾਨ ਹਬੀਬ ਦਾ ਨਾਮ ਵਿਸ਼ੇਸ਼ ਹੈ। ਉਹਨਾਂ ਮੱਧਕਾਲੀਨ ਭਾਰਤ ਦੀ ਇਤਿਹਾਸਕਾਰੀ ਸੰਬੰਧੀ ਮਹੱਤਵਪੂਰਨ ਪੁਸਤਕਾਂ ਲਿਖੀਆਂ ਹਨ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਖੇ ਲੰਮਾ ਚਿਰ ਇਤਿਹਾਸ ਦੇ ਪ੍ਰੋਫੈਸਰ ਵਜੋਂ ਸੇਵਾ ਨਿਭਾ ਚੁੱਕੇ ਇਰਫਾਨ ਹਬੀਬ ਦੀਆਂ ਸ਼ਾਨਦਾਰ ਸੇਵਾਵਾਂ ਬਦਲੇ ਭਾਰਤ ਸਰਕਾਰ ਨੇ 2005 ਵਿਚ ਉਹਨਾਂ ਨੂੰ 'ਪਦਮ ਭੂਸ਼ਨ' ਵਰਗੇ ਵੱਕਾਰੀ ਪੁਰਸਕਾਰ ਨਾਲ ਨਿਵਾਜਿਆ ਹੈ। ਵਿਚਾਰ ਅਧੀਨ ਪੁਸਤਕ ਇਰਫਾਨ ਹਬੀਬ ਦੀ ਪ੍ਰਸਿੱਧ ਪੁਸਤਕ 'Medieval India : The Study of a Civilization' ਦਾ ਪੰਜਾਬੀ ਰੂਪ ਹੈ। ਇਸ ਕਿਤਾਬ ਨੂੰ ਇਤਿਹਾਸ ਦੇ ਪ੍ਰੋਫੈਸਰ ਤੇ ਲੇਖਕ ਡਾ. ਨਵਤੇਜ ਸਿੰਘ ਨੇ ਪੰਜਾਬੀ ਅਨੁਵਾਦ ਵਿੱਚ ਪੇਸ਼ ਕਰਕੇ ਪੰਜਾਬੀ ਪੜ੍ਹਨ ਵਾਲੇ ਪਾਠਕਾਂ ਲਈ ਸ਼ਲਾਘਾਯੋਗ ਉੱਦਮ ਕੀਤਾ ਹੈ। ਪੁਸਤਕ ਤਿੰਨ ਭਾਗਾਂ ਵਿਚ ਵੰਡੀ ਹੋਈ ਹੈ। ਪਹਿਲੇ ਭਾਗ ਵਿਚ ਮੁੱਢਲੇ ਮੱਧਕਾਲੀਨ ਭਾਰਤ ਦੇ 600 ਤੋਂ 1200 ਈ. ਤੱਕ ਦੇ ਕਾਲ-ਖੰਡ ਨੂੰ ਆਧਾਰ ਬਣਾਇਆ ਗਿਆ ਹੈ। ਇਹ ਭਾਗ ਭਾਰਤ ਦੇ ਸਾਮੰਤਵਾਦੀ ਪ੍ਰਬੰਧ ਤੋਂ ਇਲਾਵਾ ਤਤਕਾਲ ਦੇ ਧਰਮ, ਤਕਨਾਲੋਜੀ, ਵਿਗਿਆਨ, ਸਾਹਿਤ ਅਤੇ ਕਲਾ ਖੇਤਰ 'ਤੇ ਰੌਸ਼ਨੀ ਪਾਉਂਦੀ ਹੈ। ਦੂਜੇ ਭਾਗ ਵਿਚ ਸਲਤਨਤਾਂ ਹੇਠਲੇ ਭਾਰਤ (1200 ਤੋਂ 1500) ਦੀ ਰਾਜਸੀ ਅਵਸਥਾ, ਅਰਥਚਾਰਾ, ਧਰਮ ਤੇ ਕਲਾ ਬਾਰੇ ਵਿਦਵਤਾ ਭਰਪੂਰ ਸੰਵਾਦ ਰਚਾਇਆ ਮਿਲਦਾ ਹੈ। ਪੁਸਤਕ ਦਾ ਤੀਜਾ ਹਿੱਸਾ 1500 ਤੋਂ 1700ਈ. ਦੇ ਮੁਗਲ ਭਾਰਤ ਵਿਚਲੇ ਮੁਗਲ ਸਾਮਰਾਜ ਦੀ ਰਾਜਸੀ, ਆਰਥਿਕ, ਸਮਾਜਕ, ਧਾਰਮਿਕ ਸਥਿਤੀ ਨੂੰ ਉਜਾਗਰ ਕਰਦਾ ਹੈ। ਵਿਗਿਆਨ, ਤਕਨਾਲੋਜੀ, ਸਾਹਿਤ, ਕਲਾ, ਧਰਮ ਤੇ ਲੋਕ-ਜੀਵਨ ਦੀ ਇਤਿਹਾਸਕਾਰੀ ਦ੍ਰਿਸ਼ਟੀਕਾਰੀ ਕਰਦਿਆਂ ਡਾ. ਹਬੀਬ ਵੱਲੋਂ ਸੰਦਰਭ ਅਨੁਕੂਲ ਪੁਸਤਕਾਂ ਦੇ ਹਵਾਲੇ ਦਿੱਤੇ

ਮਿਲਦੇ ਹਨ। ਯਾਦਗਾਰੀ ਤਸਵੀਰਾਂ ਕਾਰਨ ਪੁਸਤਕ ਦੀ ਪੜ੍ਹਨਯੋਗਤਾ ਦਾ ਵਿਸਤਾਰ ਹੁੰਦਾ ਹੈ। ਡਾ. ਨਵਤੇਜ ਸਿੰਘ ਦੀ ਅਨੁਵਾਦ ਕਲਾ ਨਾਲ ਪੁਸਤਕ ਅਨੁਵਾਦ ਦੇ ਸਿਧਾਂਤਕ ਦੋਸ਼ਾਂ ਤੋਂ ਨਿਰਲੇਪ ਰਹਿੰਦਾ ਹੈ। ਇਤਿਹਾਸ ਵਿਚ ਰੁਚੀ ਰੱਖਣ ਵਾਲੇ ਪੰਜਾਬੀ ਭਾਸ਼ਾ ਦੇ ਪਾਠਕਾਂ ਨੂੰ ਇਹ ਪੁਸਤਕ ਲਾਜ਼ਮੀ ਪੜ੍ਹਨੀ ਚਾਹੀਦੀ ਹੈ।

### ਚਿੱਤਰਾ ਮੁਦਗਲ ਦੀਆਂ ਕਹਾਣੀਆਂ/
### ਅਨੁਵਾਦਿਕਾ : ਡਾ. ਜਸਵਿੰਦਰ ਕੌਰ ਬਿੰਦਰਾ

ਹਿੰਦੀ ਕਹਾਣੀ ਵਿਚ ਚਿਤਰਾ ਮੁਦਗਲ ਦੀ ਪਛਾਣ ਨਾਰੀ-ਚੇਤਨਾ ਦੀ ਕਥਾਕਾਰ ਵਜੋਂ ਹੈ। ਉਸਦੀ ਨਾਰੀ ਚੇਤਨਾ ਨਿਰੋਲ ਔਰਤਾਂ ਦੀ ਪਰਿਵਾਰਕ ਤੇ ਸਮਾਜਕ ਘੁਟਨ ਤੱਕ ਸੀਮਿਤ ਨਹੀਂ ਬਲਕਿ ਭਾਰਤੀ ਸਮਾਜ ਦੇ ਉਹਨਾਂ ਦਿਸਦੇ/ਅਣਦਿਸਦੇ ਪਹਿਲੂਆਂ ਨੂੰ ਉਭਾਰਨ ਵਾਲੀ ਹੈ ਜਿਹਨਾਂ ਨੂੰ ਸੰਚਾਲਤ ਕਰਨ ਵਾਲਾ ਸੱਤਾ-ਪ੍ਰਬੰਧ ਦੱਬੇ ਕੁਚਲੇ ਵਰਗਾਂ ਨੂੰ ਦਮਿਤ ਜੀਵਨ ਭੋਗਣ ਲਈ ਮਜ਼ਬੂਰ ਕਰਦਾ ਹੈ। ਮੁਦਗਲ ਦੀਆਂ ਕਹਾਣੀਆਂ ਔਰਤਾਂ ਦੇ ਸਮਾਜਿਕ ਦਮਨ, ਆਰਥਿਕ ਪਾੜ੍ਹੇ, ਭਾਰਤੀ ਸਮਾਜ ਦੇ ਅਰਥ ਸਾਮੰਤੀ ਚਿਹਰੇ, ਮਹਾਂਨਗਰੀ ਜੀਵਨ ਸ਼ੈਲੀ ਵਿਚ ਮਨੁੱਖ ਦੇ ਬੌਣੇਪਨ, ਰਿਸ਼ਤਿਆਂ ਦੀ ਟੁੱਟ-ਭੱਜ ਤੇ ਸਮਾਜਕ-ਯਥਾਰਥ ਦੇ ਗੁੰਝਲਦਾਰ ਵਰਤ-ਵਿਵਹਾਰ ਨੂੰ ਵੱਖ-ਵੱਖ ਵਰਗਾਂ ਤੋਂ ਆਏ ਪਾਤਰਾਂ ਦੇ ਜੀਵਨ-ਦ੍ਰਿਸ਼ਾਂ ਦੁਆਰਾ ਰੂਪਮਾਨ ਕਰਦੇ ਵਿਸ਼ੇਸ਼ ਕਥਾ ਬਿੰਬ ਹਨ। ਸਾਲ 2007 ਵਿਚ ਮੁਦਗਲ ਦੀਆਂ ਸਮੁੱਚੀਆਂ ਕਹਾਣੀਆਂ ਦਾ ਕਥਾ ਸੰਗ੍ਰਹਿ 'ਆਦਿ-ਅਨਾਦਿ' ਪਾਠਕਾਂ ਦਾ ਵਿਸ਼ੇਸ਼ ਧਿਆਨ ਖਿਚ ਚੁੱਕਾ ਹੈ। ਇਸ ਸੰਗ੍ਰਹਿ ਵਿਚੋਂ ਚਰਚਿਤ ਕਹਾਣੀਆਂ ਦੀ ਚੋਣ ਕਰਕੇ ਪੰਜਾਬੀ ਕਹਾਣੀ ਆਲੋਚਕਾ ਡਾ. ਜਸਵਿੰਦਰ ਕੌਰ ਬਿੰਦਰਾ ਨੇ ਪੰਜਾਬੀ ਪਾਠਕਾਂ ਲਈ ਅਨੁਵਾਦਕ ਰੂਪ ਵਿਚ ਪੇਸ਼ ਕੀਤੀਆਂ ਹਨ। ਇਸ ਪੁਸਤਕ ਵਿਚ ਮੁਦਗਲ ਦੀਆਂ 16 ਕਹਾਣੀਆਂ ਸ਼ਾਮਿਲ ਹਨ ਜਿਹਨਾਂ ਵਿਚੋਂ 'ਪ੍ਰੇਤ-ਜੂਨ', 'ਨੀਲੇ ਚੌਖਾਨੇ ਵਾਲਾ ਕੰਬਲ,', 'ਕੂੰਜ', 'ਲੱਕੜਬੱਘਾ', 'ਤ੍ਰਿਸ਼ੰਕੂ' ਤੇ 'ਹਥਿਆਰ' ਆਦਿ ਕਹਾਣੀਆਂ ਅਨੀਤਾ, ਕੱਕੀ, ਸਰਨਾ, ਸੀਤਾਬਾਈ, ਪਿਛਾਹਵਾਲੀ ਆਦਿ ਔਰਤ ਪਾਤਰਾਂ ਦੇ ਦਮਿਤ ਜੀਵਨ ਵਿਹਾਰ ਨੂੰ ਪੇਸ਼ ਕਰਦੀਆਂ ਉਹਨਾਂ ਦੇ ਕਰੜੇ ਸੰਘਰਸ਼ ਨੂੰ ਰੂਪਮਾਨ ਕਰਦੀਆਂ ਹਨ। ਇਹਨਾਂ ਪਾਤਰਾਂ ਦੀ ਦਵੰਦਮਈ ਮਨੋਸਥਿਤੀ ਪਾਠਕਾਂ ਨੂੰ ਬਿਰਤਾਂਤ ਦੇ ਵਿਭਿੰਨ ਪੱਖ ਦਿਖਾ ਜਾਂਦੀ ਹੈ। ਘਟਨਾਵਾਂ ਦੀ ਸਹਿਜਤਾ, ਖੂਬਸੂਰਤ ਭਾਸ਼ਾ ਤੇ ਡੂੰਘੇ ਸੰਵਾਦ ਦੁਆਰਾ ਲੇਖਿਕਾ ਆਪਣੀ ਕਥਾ-ਦ੍ਰਿਸ਼ਟੀ ਨੂੰ ਵਿਚਾਰਧਾਰਕ ਨਿਸ਼ਚੈਵਾਦ ਵਿਚ ਨਹੀਂ ਰੱਖਦੀ ਸਗੋਂ ਪਾਤਰਾਂ ਦੀ ਸਥਿਤੀ, ਸੰਘਰਸ਼ ਤੇ ਸੰਭਾਵਨਾ ਅਨੁਕੂਲ ਕਥਾ-ਵਿਵੇਕ ਨੂੰ ਕਾਇਮ ਰੱਖਦੀ ਹੈ। 'ਜਿਨਾਵਰ', 'ਭੁੱਖ', 'ਬੇਈਮਾਨ' ਆਦਿ ਕਹਾਣੀਆਂ ਵਿਚ ਭਾਰਤੀ ਸਮਾਜ ਦੇ ਆਰਥਿਕ ਪਾੜੇ ਤੋਂ ਉਪਜਦੇ ਸੰਕਟਾਂ ਦਾ ਚਿਤਰਣ ਹੈ। 'ਸ਼ਿਫਟ ਦਾ ਆਦਮੀ' ਕਹਾਣੀ ਮਹਾਂਨਗਰੀ ਜੀਵਨ ਸ਼ੈਲੀ ਵਿਚ ਮਨੁੱਖ ਦੇ ਬੌਣੇਪਣ ਦਾ ਮਾਰਮਿਕ ਬਿਰਤਾਂਤ ਹੈ। ਲੇਖਿਕਾ ਦੀ ਕਥਾ-ਪ੍ਰਤਿਭਾ ਕਮਾਲ ਦਰਜੇ ਦੀ ਹੈ। ਪਾਤਰਾਂ ਦੇ ਮਨੋ-ਵੇਰਵਿਆਂ, ਵਸਤੂ-ਯਥਾਰਥ ਦੀ ਦ੍ਰਿਸ਼ਕਾਰੀ, ਸੰਦਰਭ ਅਨੁਕੂਲ ਵਾਰਤਾਲਾਪ ਤੇ ਘਟਨਾ ਕ੍ਰਮ ਦੀ ਸੰਗਠਨਕਾਰੀ ਦੇ ਮਾਧਿਅਮ ਨਾਲ ਉਸਰਦੇ ਉਸਦੇ ਕਲਾ-ਬਿੰਬ ਪਾਠਕਾਂ ਨੂੰ ਆਨੰਦਤ ਕਰ ਦਿੰਦੇ ਹਨ। ਅਨੁਵਾਦਿਕਾ ਦੀ ਮਿਹਨਤ ਨਾਲ ਇਹ ਪੁਸਤਕ ਹੋਰ ਖੂਬਸੂਰਤ ਬਣ ਗਈ ਹੈ।

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।



## ਕਵਿਤਾ ਦੀਆਂ ਕਿਤਾਬਾਂ /ਗੁਰਪ੍ਰੀਤ

### ਅਮਲਤਾਸ , ਕਵੀ : ਜਗਤਾਰਜੀਤ , ਪ੍ਰਕਾਸ਼ਕ : ਸਿੰਘ ਬ੍ਰਦਰਜ਼ , ਅੰਮ੍ਰਿਤਸਰ , ਪੰਨੇ 103, ਮੁੱਲ 120/ ਰੁਪਏ

ਜਗਤਾਰਜੀਤ ਸੂਖਮ ਸ਼ਾਇਰ ਹੈ ਤੇ ਕਲਾ-ਪਾਰਖੂ ਵੀ । ਇਸੇ ਕਰਕੇ ਇਹਦੀ ਕਵਿਤਾ ਵਿਚ ਰੰਗ ਤੇ ਲਕੀਰਾਂ ਦਾ ਵਿਸ਼ੇਸ਼ ਥਾਂ ਹੈ । ਪ੍ਰਕਿਰਤੀ ਇਹਦੀ ਕਵਿਤਾ ਦਾ ਇਕ ਹੋਰ ਪਛਾਣ-ਚਿੰਨ ਹੈ ਜ਼ੰਗਲੀ ਸਫਰ ਨਾਲ ਇਹਨੇ ਆਪਣਾ ਕਾਵਿ-ਸਫਰ ਸ਼ੁਰੂ ਕੀਤਾ। ਫਿਰ 'ਰਬਾਬ' ਨਾਲ ਅੱਗੇ ਵਧਦਿਆਂ ਅੱਜ ਕੱਲ੍ਹ ਤੀਜੀ ਪੁਸਤਕ 'ਅਮਲਤਾਸ' ਨਾਲ ਚਰਚਾ 'ਚ ਹੈ। ਇਸ ਪੁਸਤਕ ਦਾ ਸਮਰਪਣ ਵੀ ਕਵਿਤਾ ਹੀ ਹੈ ਜਿਸ ਰਾਹੀਂ ਜਗਤਾਰਜੀਤ ਦੀ ਸੰਵੇਦਨਾ ਤੇ ਕਵਿਤਾ ਨੂੰ ਸਮਝਣ ਲਈ ਇਕ ਕੁੰਜੀ ਵਜੋਂ ਵਰਤਿਆ ਜਾ ਸਕਦਾ ਹੈ। ਸਮਰਪਣ ਹੈ : ਆਪਣੀ ਹੋਂਦ ਦੀ ਰਾਖੀ ਲਈ/ਆਦਿ-ਜੁਗਾਦ ਤੋਂ/ਪਰਵਾਸ ਕਰਦੇ ਆ ਰਹੇ/ਪੰਛੀਆਂ/ਦੇ/ਚਰਨੀਂ। ਇਹੋ ਕੰਮ ਮਨੁੱਖ ਵੀ ਸਦੀਆਂ ਤੋਂ ਕਰਦਾ ਆਉਂਦਾ ਹੈ। ਮਨੁੱਖ ਤੇ ਪੰਛੀਆਂ 'ਚ ਆਪਸੀ ਸਾਂਝ ਵੀ ਹੈ ਤੇ ਵਖਰੇਵਾਂ ਵੀ। ਇਸ ਕਿਤਾਬ ਵਿਚਲੀਆਂ ਕਵਿਤਾਵਾਂ ਇਹਨਾ ਸੰਬੰਧਾਂ ਨੂੰ ਰੁੱਖਾਂ , ਪੰਛੀਆਂ ,ਜਾਨਵਰਾਂ , ਦਰਿਆਵਾਂ ਤੇ ਪਹਾੜਾਂ ਰਾਹੀਂ ਦਰਸਾਇਆ ਗਿਆ ਹੈ। ਨਚਾਰ ਕਵਿਤਾ ਪੜ੍ਹਦਿਆਂ ਮੈਨੂੰ ਆਪਣੀ ਕਵਿਤਾ 'ਮਾਘੀ ਨੱਚੇ' ਯਾਦ ਆਈ। ਇਹ ਗੱਲ ਦੋ ਕਵੀਆਂ ਦੇ ਆਪਸੀ ਸੰਬੰਧਾਂ ਨੂੰ ਵੀ ਦਰਸਾਉਂਦੀ ਹੈ। ਜਗਤਾਰਜੀਤ ਦੀਆਂ ਕਵਿਤਾਵਾਂ ਬਾਰ ਬਾਰ ਪੜ੍ਹਨ ਵਾਲੀਆਂ ਕਵਿਤਾਵਾਂ ਹਨ। ਪਾਠਕ ਤੇ ਕਵੀ ਦੀ ਇਕਮਿਕਤਾ ਦੀਆਂ ਕਵਿਤਾਵਾਂ ਦਾ ਸਵਾਗਤ ਹੈ। ਇਹਨਾ ਕਵਿਤਾਵਾਂ ਨੂੰ ਪੜ੍ਹਦਿਆਂ ਬਾਹਰਲਾ ਸੰਸਾਰ ਬਾਹਰ ਹੀ ਰਹਿ ਜਾਂਦਾ ਹੈ ਤੇ ਜਗਣ ਲਗਦਾ ਹੈ ਅੰਦਰ ਵਸਦਾ ਸੰਸਾਰ। ਇਹ ਕਵਿਤਾ ਆਪਣੇ ਆਪ ਕੋਲ ਆਉਣ ਦੀ ਕਵਿਤਾ ਹੈ॥

### ਮੇਰੀ ਚੋਣਵੀਂ ਕਵਿਤਾ , ਕਵੀ : ਬਲਬੀਰ ਮਾਧੋਪੁਰੀ , ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼,ਨਵੀਂ ਦਿੱਲੀ , ਪੰਨੇ 96, ਮੁੱਲ : 150 ਰੁਪਏ

ਸਵੈ-ਜੀਵਨੀ 'ਛਾਂਗਿਆ ਰੁੱਖ' ਕਰਕੇ ਬਲਬੀਰ ਮਾਧੋਪੁਰੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਜਾਣਿਆ ਜਾਂਦਾ ਹੈ । ਇਹ ਪੁਸਤਕ ਅੰਗਰੇਜੀ ਤੋਂ ਇਲਾਵਾ ਅਨੇਕਾਂ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀ ਹੈ। ਮਾਧੋਪੁਰੀ ਮੂਲ ਰੂਪ ਵਿਚ ਇਕ ਕਵੀ ਹੈ ਜਿਸ ਦੀਆਂ ਕਵਿਤਾਵਾਂ ਦਲਿਤ ਸਮਾਜ ਦੇ ਲੋਕਾਂ ਦੀ ਵੇਦਨਾ ਨੂੰ ਰੂਪਮਾਨ ਕਰਦੀਆਂ ਹਨ। 'ਮੇਰੀ ਚੋਣਵੀਂ ਕਵਿਤਾ' ਵਿਚ ਕਵੀ ਨੇ ਵਿਵਸਥਾ ਦੇ ਸਤਾਏ ਲੋਕਾਂ ਦੇ ਦਰਦ ਨੂੰ ਕਵਿਤਾ, ਗੀਤ ਤੇ ਗਜ਼ਲ ਰਾਹੀਂ ਸਿੱਧੀ ਸਾਦੀ ਭਾਸ਼ਾ ਵਿਚ ਜ਼ਬਾਨ ਦਿੱਤੀ ਹੈ। ਮਾਧੋਪੁਰੀ ਆਪਣੀ ਕਵਿਤਾ ਨੂੰ ਵਿਰਸੇ ਦਾ ਵਿਸਤਾਰ ਮੰਨਦਾ ਹੈ। ਇਸ ਸਿਰਲੇਖ ਰਾਹੀਂ ਉਹ ਆਪਣੀ ਕਵਿਤਾ ਦੇ ਵੱਖ ਵੱਖ ਪੜਾਅ ਮਿਥਦਾ ਲਿਖਦਾ ਹੈ, "ਦਰਅਸਲ, ਜਿਸ ਪੜਾਅ ਉਤੇ ਹੁਣ ਮੇਰੀ ਕਵਿਤਾ ਹੈ, ਮੈਨੂੰ ਮਹਿਸੂਸ ਹੁੰਦਾ ਹੈ ਕਿ ਮੇਰੇ ਪੂਰਵਜਾਂ, ਮੇਰੇ ਬਜ਼ੁਰਗਾਂ ਦੀ ਸਮਾਜਿਕ ਚੇਤਨਾ ਨੂੰ ਵਿਸਤਾਰ ਦਿੰਦੀ ਹੈ। ਕਵਿਤਾ 'ਮਾਂ ਦਸਦੀ ਹੈ' ਅਤੇ 'ਮੇਰੇ ਬਜ਼ੁਰਗ' ਇਸਿ ਸੰਗ੍ਰਹਿ ਦੀਆਂ ਮਹੱਤਵਪੂਰਨ ਕਵਿਤਾਵਾਂ ਹਨ ਜਿਨ੍ਹਾਂ ਰਾਹੀਂ ਕਵੀ ਦੀ ਸਪੱਸ਼ਟ ਵਿਚਾਰਧਾਰਾ ਤੇ ਧਿਰ ਨੂੰ ਸਮਝਿਆ ਜਾ ਸਕਦਾ ਹੈ। ਇਹ ਕਵਿਤਾਵਾਂ ਦਲਿਤ ਸਮਾਜ ਦੇ ਦੁਖ ਦਰਦਾਂ ਦੀ ਬਾਤ ਦੇ ਨਾਲ ਇਹਨਾਂ ਅੰਦਰ ਜਿਉਣ ਦੀ ਪ੍ਰਬਲ ਇਛਾ ਨੂੰ ਪੇਸ਼ ਕੀਤਾ ਹੈ: ਮਾਂ/ਮੈਨੂੰ ਦਸਦੀ ਹੈ/ਨਾਲੇ ਹਸਦੀ ਹੈ/ਜਦ ਤੂੰ ਖੇਲ੍ਹਣ-ਮੇਲ੍ਹਣ ਲੱਗਾ/ਡਿਗ ਡਿਗ ਕੇ ਦੌੜਣ ਲੱਗਾ/ਤਾਂ ਉਹ ਦਰਿਆਵਾਂ 'ਤੇ ਪੁਲ ਬਣਿਆ/ਪਿਚਕੀ ਹਿਕ ਚਟਾਨੀ ਸੀਨਾ ਤਣਿਆ/ਤਾਂ ਕਿ ਘਟ ਸਕਣ ਫਾਸਲੇ/ਤਾਂ ਕਿ ਲੰਘ ਸਕਣ ਕਾਫਲੇ ! ਇਸੇ ਤਰ੍ਹਾਂ 'ਮੇਰਾ ਬਜ਼ੁਰਗ' ਕਵਿਤਾ ਵਿਚ ਮਾਧੋਪੁਰੀ ਲਿਖਦਾ ਹੈ, " ਕਦੇ ਕਦੇ ਉਹ ਸੋਚਦਾ ਹੈ/ਚਾਹੇ ਸਮੁੰਦਰ 'ਚ ਘੜਿਆਲ ਨੇ/ਪਰ ਮੱਛੀਆਂ ਖੂਬ ਤੈਰਦੀਆਂ ਨੇ/ਪਰਿੰਦਿਆਂ ਦੇ ਉਡਣ ਲਈ ਆਕਾਸ਼/ਰਹਿਣ ਲਈ ਘਰ ਹੈ। ਇਹਨਾ ਦੋ ਕਾਵਿ-ਨਮੂਨਿਆਂ ਰਾਹੀਂ ਮਾਧੋਪੁਰੀ ਦੀ ਵਿਲੱਖਣ ਕਾਵਿ-ਸ਼ੈਲੀ ਤੇ ਕਾਵਿ-ਵਿਧੀ ਨੂੰ ਪਛਾਣਿਆ ਜਾ ਸਕਦਾ ਹੈ। ਅਜਿਹੀ ਖੂਬਸੂਰਤ ਕਵਿਤਾ ਲਈ ਬਲਬੀਰ ਨੂੰ ਸਲਾਮ ਕਰਦਾ ਹਾਂ॥